ਬਾਬਾ ਸਾਹਿਬ

# ਡਾ. ਅੰਬੇਡਕਰ

## ਦਾ ਸੰਪੂਰਨ ਸਾਹਿਤ

ਸੈਂਚੀ 1



i

ਬਾਬਾ ਸਾਹਿਬ

# ਡਾ. ਅੰਬੇਡਕਰ

## ਦਾ ਸੰਪੂਰਨ ਸਾਹਿਤ

**ਸੈਂਚੀ 1**



ਸੱਚੀ ਪਹਿਲੀ, ਭਾਗ ਪਹਿਲਾ ਬੁੱਧੀਜੀਵੀ ਵਰਗ ਉਹ ਹੈ ਜੋ ਦੂਰਦਰਸ਼ੀ ਹੁੰਦਾ ਹੈ, ਸਲਾਹ ਦੇ ਸਕਦਾ ਹੈ ਅਤੇ ਸੇਧ ਪ੍ਰਦਾਨ ਕਰ ਸਕਦਾ ਹੈ। ਕਿਸੇ ਵੀ ਦੇਸ਼ ਦੀ ਬਹੁਤ ਜਨਤਾ ਵਿਚਾਰਸ਼ੀਲ ਜਾਂ ਕ੍ਰਿਆਸ਼ੀਲ ਜੀਵਨ ਬਤੀਤ ਨਹੀਂ ਕਰਦੀ॥ ਅਜਿਹੇ ਨੇਕ ਲੋਕ ਬੁੱਧੀਚੀਵੀ ਵਰਗ ਦਾ ਅਨੁਕਰਣ ਅਤੇ ਅਨੁਗਮਨ ਕਰਦੇ ਹਨ। ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੋਵੇਗੀ ਕਿ ਕਿਸੇ ਦੇਸ਼ ਦਾ ਸੰਪੂਰਣ ਭਵਿੱਖ ਉਸਦੇ ਬੁੱਧੀਜੀਵੀ ਵਰਗ ਤੇ ਨਿਰਭਰ ਹੁੰਦਾ ਹੈ। ਜੇ ਬੁੱਧੀਜੀਵੀ ਵਰਗ ਆਜ਼ਾਦ ਅਤੇ ਨਿਰਪੱਖੀ ਹੈ ਤਾਂ ਉਸ ਤੇ ਭਰੋਸਾ ਕੀਤਾ ਜਾ ਸਕਦਾ ਹੈ ਕਿ ਸੰਕਟ ਦੀ ਘੜੀ ਵਿਚ ਉਹ ਪਹਿਲ ਕਰੇਗਾ ਅਤੇ ਉਚਿਤ ਲੀਡਰੀ ਪ੍ਰਦਾਨ ਕਰੇਗਾ। ਇਹ ਠੀਕ ਹੈ ਕਿ ਵਿਦਵਤਾ ਦੇ ਕੋਈ ਆਪਣੇ ਗੁਣ ਨਹੀਂ ਹੁੰਦੇ॥ ਇਹ ਕੇਵਲ ਸਾਧਨ ਹੈ ਅਤੇ ਸਾਧਨ ਦਾ ਪ੍ਰਯੋਗ ਉਸ ਟੀਚੇ ਤੇ ਨਿਰਭਰ ਕਰਦਾ ਹੈ ਜਿਹੜਾ ਇਕ ਬੁੱਧੀਮਾਨ ਵਿਅਕਤੀ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਬੁੱਧੀਮਾਨ ਵਿਅਕਤੀ ਭਲਾ ਹੋ ਸਕਦਾ ਹੈ, ਲੇਕਿਨ ਨਾਲ ਹੀ ਦੁਸ਼ਟ ਵੀ ਹੋ ਸਕਦਾ ਹੈ। ਉਸੇ ਪ੍ਰਕਾਰ ਬੁੱਧੀਜੀਵੀ ਵਰਗ ਉਚੇ ਵਿਚਾਰਾਂ ਵਾਲੇ ਵਿਅਕਤੀਆਂ ਦਾ ਇਕ ਦਲ ਹੋ ਸਕਦਾ ਹੈ, ਜੋ ਮਦਦ ਕਰਨ ਲਈ ਤਿਆਰ ਰਹਿੰਦਾ ਹੈ ਅਤੇ ਕੁਰਾਹੇ ਪਏ ਲੋਕਾਂ ਨੂੰ ਸਿੱਧੇ ਰਾਹ ਤੇ ਲਿਆਉਣ ਲਈ ਤਿਆਰ ਰਹਿੰਦਾ ਹੈ।

**ਭੀਮ ਰਾਓ ਅੰਬੇਡਕਰ**

(ਜਾਤੀਪ੍ਰਥਾ ਅਨੁਮੂਲਨ ਵਿਚੋਂ)

ਚੇਤਰ ੧੯੧੬/ਅਪ੍ਰੈਲ, ੧੯੯੪

ਸਾਰੇ ਹੱਕ ਰਾਖਵੇ ਹਨ

ਮੁੱਲ :
ਸਾਧਾਰਨ 25/-
ਡੀਲਕਸ 85/-

ਪ੍ਰਕਾਸ਼ਕ:
ਡਾ: ਅੰਬੇਡਕਰ ਪ੍ਰਤਿਸ਼ਠਾਨ,
ਕਲਿਆਣ ਮੰਤ੍ਰਾਲਾ, ਭਾਰਤ ਸਰਕਾਰ,
ਨਵੀਂ ਦਿੱਲੀ-੧੧੦ ੦੦੧

ਵਿਕਰੀ ਕੇਂਦਰ:
ਡਾ: ਅੰਬੇਡਕਰ ਪ੍ਰਤਿਸ਼ਠਾਨ,
੨੫, ਅਸ਼ੋਕ ਰੋਡ,
ਨਵੀਂ ਦਿੱਲੀ ੧੧੦ ੦੦੧

ਮੁਦਰਕ: ਵੀਰੇਂਦਰਾ ਪ੍ਰਿੰਟਰਜ਼, ਨਵੀਂ ਦਿੱਲੀ

**ਸੰਦਾਪਕ ਮੰਡਲ**

**ਸਭਾਪਤੀ**

ਸ੍ਰੀ ਕੇ.ਐਸ.ਆਰ.ਮੂਰਤੀ, ਆਈ.ਏ.ਐਸ.

ਸਕੱਤਰ, ਕਲਿਅਆਣ ਮੰਤਰਾਲਾ,

ਭਾਰਤ ਸਰਕਾਰ

**ਮੈਂਬਰ ਸਕੱਤਰ**

ਸ੍ਰੀ ਗੰਗਾ ਦਾਸ, ਆਈ.ਏ.ਐਸ.

ਸੰਯੁਕਤ ਸਕੱਤਰ, ਕਲਿਆਣ ਮੰਤਰਾਲਾ,

ਭਾਰਤ ਸਰਕਾਰ

**ਪ੍ਰਬੰਧ ਸੰਪਾਦਕ**

ਡਾ. ਲੇਖ ਰਾਜ ਪਰਵਾਨਾ, ਪੀ.ਐਚ.ਡੀ.,

ਐਲ.ਐਲ.ਬੀ.

ਪ੍ਰਧਾਨ ਸੰਪਾਦਕ

ਡਾ. ਸ਼ਾਮ ਸਿੰਘ ਸ਼ਸ਼ੀ,

ਪੀ.ਐਚ.ਡੀ., ਡੀ.ਲਿੱਟ

ਸੰਕਲਨ
ਸ੍ਰੀ ਬਸੰਤ ਮੂਨ

ਅਨੁਵਾਦਕ ਅਤੇ ਪੁਨਰੀਖਕ

ਸਰਦਾਰ ਹਰਜੀਤ ਸਿੰਘ ਸੈਣੀ
ਸਰਦਾਰ ਨਵਤੇਜ ਸਿੰਘ
ਸਰਦਾਰ ਧ੍ਰੋਗ ਸਿੰਘ ਗਿਲ
ਸਰਦਾਰ ਜਰਨੈਲ ਸਿੰਘ
ਸਰਦਾਰ ਮਨਮੋਹਨ ਸਿੰਘ ਕੰਗ
ਸ੍ਰੀ ਭੂਪਿੰਦਰਜੀਤ ਰੰਧਾਵਾ
ਸ੍ਰੀਮਤੀ ਰਣਬੀਰ ਕੌਰ
ਸ੍ਰੀਮਤੀ ਹਰਬੰਸ ਕੌਰ
ਸ੍ਰੀਮਤੀ ਕਮਲਾ ਤਰਸੇਮ
ਸਰਦਾਰ ਰਾਜਿੰਦਰ ਸਿੰਘ
ਸਰਦਾਰ ਚੇਤੰਨ ਸਿੰਘ
ਸਰਦਾਰ ਮਨਜੀਤ ਸਿੰਘ
ਸ੍ਰੀ ਬਾਬੂ ਰਾਮ ਦੀਵਾਨਾ
ਡਾ. ਦਰਸ਼ਨ ਸਿੰਘ
ਡਾ. ਲੇਖਰਾਜ ਪਰਵਾਨਾ
ਸਰਦਾਰ ਅਜੀਤ ਸਿੰਘ ਕੱਕੜ
ਡਾ. ਸਰਨ ਸਿੰਘ

# ਮੁੱਢਲੇ ਸ਼ਬਦ

ਭਾਰਤ ਦੀ ਧਰਤੀ ਤੇ ਅਨੇਕ ਰਿਸ਼ੀਆਂ, ਮੁਨੀਆਂ, ਵਿਚਾਰਕਾਂ ਅਤੇ ਮਹਾਂਪੁਰਸ਼ਾਂ ਨੇ ਜਨਮ ਲਿਆ ਹੈ। ਇਥੋਂ ਦੀ ਸੰਸਕ੍ਰਿਤੀ ਵਿਚ ਇਕ ਪਾਸੇ ਜਿੱਥੇ ਵਿਚਾਰਾਂ ਦੀ ਵਿਵਿਧਤਾ ਰਹੀ ਹੈ, ਦੂਜੇ ਪਾਸੇ ਉਨ੍ਹਾਂ ਨੂੰ ਪ੍ਰਗਟ ਕਰਨ ਦੀ ਪੂਰੀ ਆਜ਼ਾਦੀ ਵੀ ਦਿਤੀ ਗਈ ਹੈ। ਡਾ. ਭੀਮ ਰਾਉ ਅੰਬੇਡਕਰ ਇਕ ਸਵਤੰਤਰ ਵਿਚਾਰਕ, ਅਦਭੁਤ ਵਿਦਵਾਨ ਅਤੇ ਭਾਰਤ ਦੀ ਇਕ ਮਹਾਨ ਹਸਤੀ ਸਨ। ਉਨ੍ਹਾਂ ਦੇ ਅਕਾਲ ਚਲਾਣੇ ਸਮੇਂ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਡਾ. ਬਾਬਾ ਸਾਹਿਬ ਅੰਬੇਡਕਰ, ਹਿੰਦੂ ਸਮਾਜ ਦੀ ਸਾਰੀ ਦਮਨਕਾਰੀ ਵਿਵਸਥਾ ਦੇ ਵਿਰੁੱਧ ਵਿਦ੍ਰੋਹ ਦੇ ਪ੍ਰਤੀਕ ਸਨ।

ਮਹਾਰਾਸ਼ਟਰ ਸਰਕਾਰ ਦੁਆਰਾ ਪ੍ਰਕਾਸ਼ਤ ਡਾ. ਬਾਬਾ ਸਾਹਿਬ ਅੰਬੇਡਕਰ ਸੰਪੂਰਣ ਸਾਹਿਤ ਦਾ ਅਨੁਵਾਦ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਤਜਰਬਾਕਾਰ ਅਨੁਵਾਦਕਾਂ ਅਤੇ ਪੁਨਰੀਖਕਾਂ ਪਾਸੋਂ ਜਿੰਨੀ ਛੇਤੀ ਹੋ ਸਕੇ ਪੂਰਾ ਕਰਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਮੈਂ ਸਾਰੇ ਸਹਿਯੋਗੀਆਂ ਅਤੇ ਵਿਸ਼ੇਸ਼ ਰੂਪ ਵਿਚ ਪ੍ਰਧਾਨ ਸੰਪਾਦਕ ਡਾ. ਸ਼ਾਮ ਸਿੰਘ ਸ਼ਸ਼ੀ ਦੀ ਅਤੇ ਸੰਪਾਦਕ ਮੰਡਲ ਦੇ ਸਾਰੇ ਮੈਂਬਰਾਂ ਨੂੰ ਵਧਾਈ ਦੇਣੀ ਚਾਹਾਂਗਾ, ਜਿਨ੍ਹਾਂ ਦੀ ਅਣਥੱਕ ਮਿਹਨਤ ਨਾਲ ਇਹ ਸੈਂਚੀ ਪ੍ਰਕਾਸ਼ਤ ਹੋਈ ਹੈ। ਮੈਨੂੰ ਆਸ ਹੈ ਕਿ ਬਾਕੀ ਦੀਆਂ ਸਾਰੀਆਂ ਸੈਂਚੀਆਂ ਇਸੇ ਤਰ੍ਹਾਂ ਪ੍ਰਕਾਸ਼ਤ ਹੋਣਗੀਆਂ।

ਨਵੀਂ ਦਿੱਲੀ :
੧੬ ਮਾਰਚ, ੧੯੯੩

ਦਸਤਖਤ/-
(ਸੀਤਾ ਰਾਮ ਕੇਸਰੀ),
ਕਲਿਆਣ ਮੰਤਰੀ, ਭਾਰਤ ਸਰਕਾਰ

# ਸਪਾਦਕੀ

ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਦੀਆਂ ਲਿਖਤਾਂ ਅਤੇ ਭਾਸ਼ਣ ਭਾਰਤੀ ਸਮਾਜਕ ਚਿੰਤਨ ਦੇ ਇਤਿਹਾਸ ਅਤੇ ਵਿਕਾਸ ਦੇ ਕਾਲਪੂਰਨ ਦਰਤਾਵੇਜ਼ ਹਨ। ਮਹਾਂਰਾਸ਼ਟਰ ਸਰਕਾਰ ਨੇ ਉਨ੍ਹਾਂ ਦੇ ਸੰਪੂਰਣ ਸਾਹਿਤ ਨੂੰ ਅੰਗ੍ਰੇਜ਼ੀ ਵਿਚ ਕਈ ਸੈਂਚੀਆਂ ਵਿਚ ਪ੍ਰਕਾਸ਼ਤ ਕੀਤਾ ਹੈ, ਜਿਸ ਨੂੰ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ ਜਾ ਰਿਹਾ ਹੈ।

ਅਸੀਂ ਪਾਠਕਾਂ ਦੀ ਸੁਵਿਧਾ ਦੀ ਦ੍ਰਿਸ਼ਟੀ ਤੋਂ ਪਹਿਲੀ ਸੈਂਚੀ (ਅੰਗ੍ਰੇਜ਼ੀ) ਨੂੰ ਦੋ ਹਿੱਸਿਆਂ ਵਿਚ ਪ੍ਰਕਾਸ਼ਤ ਕਰ ਰਹੇ ਹਾਂ। ਪਹਿਲੇ ਭਾਗ ਦੇ ਵਿਸ਼ੇ ਹਨ: ਭਾਰਤ ਵਿਚ ਜ਼ਾਤੀ ਪ੍ਰਥਾ ਦਾ ਖਾਤਮਾ, ਮਹਾਂਰਾਸ਼ਟਰ ਇਕ ਭਾਸ਼ੀ ਸੂਬੇ ਦੇ ਰੂਪ ਵਿਚ, ਨਿਗਰਾਨੀ ਅਤੇ ਸੰਤੁਲਨ ਦੇ ਉਪਾਵਾਂ ਦੀ ਲੋੜ, ਭਾਸ਼ਾਈ ਰਾਜਾਂ ਤੇ ਵਿਚਾਰ ਅਤੇ ਰਾਨਾਡੇ, ਗਾਂਧੀ ਅਤੇ ਜਿਨਾਹ॥

ਅਨੁਵਾਦ ਕਾਰਜ ਮੌਲਿਕ ਲਿਖਤਾਂ ਤੋਂ ਵੀ ਕਠਿਨ ਹੁੰਦਾ ਹੈ। ਇਹ ਇਕ ਪ੍ਰਕਾਰ ਦੇ ਨਵੇਂ ਰੂਪ ਵਿਚ ਪੇਸ਼ ਕਰਨ ਦੀ ਗੱਲ ਹੈ। ਅਨੁਵਾਦ ਨੂੰ ਨਾ ਸਿਰਫ਼ ਸਰੋਤ ਭਾਸ਼ਾ ਅਤੇ ਲਕਸ਼ ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ, ਬਲਕਿ ਉਸ ਲਈ ਵਿਸ਼ੇ ਦਾ ਗਿਆਨ ਹੋਣਾ ਵੀ ਉਤਨਾ ਹੀ ਜ਼ਰੂਰੀ ਹੈ। ਸਾਨੂੰ ਖੁਸ਼ੀ ਹੈ ਕਿ ਇਸ ਸੈਂਚੀ ਦੇ ਅਨੁਵਾਦ ਨੂੰ ਤਜਰਬਾਕਾਰ ਅਨੁਵਾਦਕਾਂ ਅਤੇ ਪੁਨਰੀਖਕਾਂ ਨੇ ਬਹੁਤ ਥੋੜ੍ਹੇ ਸਮੇਂ ਵਿਚ ਪੂਰਾ ਕੀਤਾ ਹੈ। ਅਸੀਂ ਸਭ ਦੇ ਆਭਾਰੀ ਹਾਂ॥

ਅਸੀਂ ਬਾਬਾ ਸਾਹਿਬ ਡਾ. ਅੰਬੇਡਕਰ ਸ਼ਤਾਬਦੀ ਸਮਾਰੋਹ ਸਮਿਤੀ, ਕਲਿਆਣ ਮੰਤਰਾਲਾ, ਭਾਰਤ ਸਰਕਾਰ, ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਅਤੇ ਪ੍ਰਕਾਸ਼ਨ ਵਿਭਾਗ ਦੇ ਸਾਰੇ ਸਬੰਧਤ ਸਹਿਯੋਗੀਆਂ ਨੂੰ ਧੰਨਵਾਦ ਦੇਣਾ ਚਾਹਾਂਗੇ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕਾਰਜ ਬਹੁਤ ਛੇਤੀ ਸਿਰੇ ਚੜ੍ਹ ਸਕਿਆ ਹੈ।

ਡਾ. ਸ਼ਾਮ ਸਿੰਘ ਸ਼ਸ਼ੀ
ਪ੍ਰਧਾਨ ਸੰਪਾਦਕ

# ਵਿਸ਼ਾ-ਸੂਚੀ


ਮੁੱਢਲੇ ਸ਼ਬਦ 7

ਸੰਪਾਦਕੀ 9

ਭਾਗ I

ਜ਼ਾਤ-ਪਾਤ ਪ੍ਰਥਾ

1. ਭਾਰਤ ਵਿੱਚ ਜ਼ਾਤੀ ਪ੍ਰਥਾ 15

2. ਜ਼ਾਤ-ਪਾਤ ਦਾ ਖ਼ਾਤਮਾ 43

ਭਾਗ II

ਭਾਸ਼ਾਈ ਰਾਜਾਂ ਬਾਰ

3. ਮਹਾਰਾਸ਼ਟਰ : ਇਕ ਭਾਸ਼ਾਈ ਪ੍ਰਾਂਤ 143

4. ਨਿਗਰਾਨੀ ਅਤੇ ਸੰਤੁਲਨ ਦੀ ਲੋੜ 179

5. ਭਾਸ਼ਾ 'ਤੇ ਆਧਾਰਤ ਪ੍ਰਾਂਤਾਂ 'ਤੇ ਵਿਚਾਰ 187

ਭਾਗ III

ਨਾਇਕ ਅਤੇ ਨਾਇਕ ਪੂਜਾ

6. ਰਾਨਾਡੇ, ਗਾਂਧੀ ਅਤੇ ਜਿੱਨਾਹ 269

# ਭਾਗ I
# ਜ਼ਾਤ-ਪਾਤ ਪੂਥਾ

# ੧

# ਭਾਰਤ ਵਿਚ ਜ਼ਾਤੀ ਪ੍ਰਥਾ

## ਬਣਤਰ, ਉਤਪੱਤੀ ਅਤੇ ਵਿਕਾਸ

9 ਮਈ, 1916 ਨੂੰ
ਕੋਲੰਬੀਆ ਯੂਨੀਵਰਸਿਟੀ, ਨਿਊਯਾਰਕ, ਸੰਯੁਕਤ ਰਾਜ ਅਮਰੀਕਾ
ਵਿਖੇ
ਡਾ. ਏ.ਏ. ਗੋਲਡਨਵਾਈਜ਼ਰ ਮਾਨਵ
ਵਿਗਿਆਨ ਬਾਰੇ ਵਿਚਾਰ ਗੋਸ਼ਟੀ ਅੱਗੇ
ਪੜ੍ਹਿਆ ਗਿਆ ਪੱਤਰ

ਇੰਡੀਅਨ ਐਂਟੀਕਵੇਰੀ (ਭਾਰਤੀ ਪੁਰਾਵਸ਼ੇਸ਼ ਸੰਕਲਨ)
ਮਈ, 1917, ਸੈਂਚੀ 41 ਵਿਚੋਂ

# ਭਾਰਤ ਵਿਚ ਜ਼ਾਤੀ ਪ੍ਰਥਾ

ਮੈਂ ਇਹ ਕਹਿਣ ਦੀ ਜੁਰੱਅਤ ਕਰਾਂਗਾ ਕਿ ਸਾਡੇ ਵਿਚੋਂ ਬਹੁਤ ਸਾਰਿਆਂ ਨੇ ਸੰਸਾਰਕ ਪਦਾਰਥਾਂ ਦੀਆਂ ਸਥਾਨਕ, ਕੌਮੀ ਅਤੇ ਅੰਤਰਰਾਸ਼ਟਰੀ ਪ੍ਰਦਰਸ਼ਨੀਆਂ ਦੇਖੀਆਂ ਹੋਣਗੀਆਂ ਜੋ ਇਨਸਾਨੀ ਸਭਿਅਤਾ ਦਾ ਨਿਚੋੜ ਹੁੰਦੀਆਂ ਹਨ। ਪ੍ਰੰਤੂ ਕੁਝ ਇਕ ਵਿਅਕਤੀਆਂ ਨੂੰ ਹੀ ਇਹ ਗੱਲ ਚੰਗੀ ਲੱਗੇਗੀ ਕਿ ਇਨਸਾਨੀ ਸੰਸਥਾਵਾਂ ਦੀ ਪ੍ਰਦਰਸ਼ਨੀ ਵਰਗੀ ਕੋਈ ਚੀਜ਼ ਵੀ ਹੋ ਸਕਦੀ ਹੈ। ਇਨਸਾਨੀ ਸੰਸਥਾਵਾਂ ਦੀ ਪ੍ਰਦਰਸ਼ਨੀ ਇਕ ਅਜੀਬ ਜਿਹਾ ਵਿਚਾਰ ਹੈ। ਹੋ ਸਕਦਾ ਹੈ ਕੁਝ ਵਿਅਕਤੀ ਇਸ ਨੂੰ ਜਾਂਗਲੀ ਜਾਂ ਅਸਭਿਆ ਵਿਚਾਰ ਵੀ ਆਖਣ। ਪ੍ਰੰਤੂ ਨਸਲ-ਵਿਗਿਆਨ ਦਾ ਵਿਦਿਆਰਥੀ ਹੋਣ ਦੇ ਨਾਤੇ, ਮੈਨੂੰ ਉਮੀਦ ਹੈ ਕਿ ਤੁਸੀਂ ਇਸ ਨਵੀਂ ਕਾਢ ਬਾਰੇ ਕਠੋਰ ਨਹੀਂ ਹੋਵੋਗੇ। ਕਿਉਂਕਿ ਇਹ ਇਸ ਤਰ੍ਹਾਂ ਨਹੀਂ ਹੈ, ਅਤੇ ਘੱਟ ਤੋਂ ਘੱਟ ਤੁਹਾਡੇ ਵਾਸਤੇ ਇਹ ਅਜੀਬ ਜਿਹੀ ਗੱਲ ਨਹੀਂ ਹੋਣੀ ਚਾਹੀਦੀ।

ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਸਾਰਿਆਂ ਨੇ ਕਿਸੇ ਇਤਿਹਾਸਕ ਥਾਂ, ਜਿਵੇਂ ਪੰਪੇਈ (Pompeii) ਦੇ ਖੰਡਰ ਜ਼ਰੂਰ ਦੇਖੇ ਹੋਣਗੇ ਅਤੇ ਇਸ ਦੇ ਖੰਡਰਾਤ ਦੇ ਇਤਿਹਾਸ ਬਾਰੇ ਗਾਈਡ ਪਾਸੋਂ ਬੜੀ ਉਤਸੁਕਤਾ ਨਾਲ ਸੁਣਿਆ ਹੋਵੇਗਾ ਕਿ ਕਿਵੇਂ ਰਵਾਨਗੀ ਨਾਲ ਉਸਦੀ ਜ਼ਬਾਨ ਵਿਚੋਂ ਗੱਲਾਂ ਨਿਕਲਦੀਆਂ ਸਨ। ਮੇਰੀ ਰਾਇ ਵਿਚ ਨਸਲ-ਵਿਗਿਆਨ ਦਾ ਵਿਦਿਆਰਥੀ ਘੱਟੋ ਘੱਟ ਇਕ ਤਰ੍ਹਾਂ ਨਾਲ ਗਾਈਡ ਵਾਂਗ ਹੀ ਹੁੰਦਾ ਹੈ। ਉਹ ਮੂਲ ਰੂਪ ਵਿਚ (ਸ਼ਾਇਦ ਸਵੈ-ਸਿਖਿਆ ਲਈ ਵਧੇਰੇ ਗੰਭੀਰਤਾ ਅਤੇ ਖਾਹਸ਼ ਨਾਲ) ਸਮਾਜਕ ਸੰਸਥਾਵਾਂ ਤੇ ਇਨਸਾਨਾ ਵਾਂਗ ਸੰਭਵ ਸਾਰੀ ਵਾਸਤਵਿਕਤਾ ਨਾਲ ਝਾਤ ਪਾਉਣ ਲਈ ਡਟਿਆ ਰਹਿੰਦਾ ਹੈ ਅਤੇ ਉਨ੍ਹਾਂ ਦੇ ਮੂਲ (ਮੁੱਢ) ਅਤੇ ਕੰਮਕਾਰ ਬਾਰੇ ਪੜਤਾਲ ਕਰਦਾ ਹੈ।

ਇਸ ਗੋਸ਼ਟੀ, ਜੋ ਪੁਰਾਤਨ ਬਨਾਮ ਆਧੁਨਿਕ ਸਮਾਜ ਨਾਲ ਸਬੰਧਤ ਹੈ, ਵਿਚ ਸਾਡੇ ਬਹੁਤ ਸਾਰੇ ਸਾਥੀ ਵਿਦਿਆਰਥੀ, ਵੱਖ ਵੱਖ ਸੰਸਥਾਵਾਂ, ਪੁਰਾਤਨ ਜਾਂ ਆਧੁਨਿਕ, ਜਿਨ੍ਹਾਂ ਵਿਚ ਉਨ੍ਹਾਂ ਨੂੰ ਦਿਲਚਸਪੀ ਹੈ, ਬਾਰੇ ਸਪਸ਼ਟਤਾ ਪੂਰਬਕ ਵਿਆਖਿਆ ਦੇ ਕੇ ਇਸ ਬਾਰੇ ਭਲੀ-ਭਾਂਤ ਜਾਣੂ ਹੋ ਗਏ ਹਨ।

ਅੱਜ ਸ਼ਾਮ "ਭਾਰਤ ਵਿਚ ਜ਼ਾਤਾਂ, ਉਨ੍ਹਾਂ ਦੀ ਬਣਤਰ ਅਤੇ ਵਿਕਾਸ" ਨਾਂ ਦੇ ਪੱਤਰ ਨਾਲ, ਜਿੰਨਾਂ ੜੀ ਸੰਭਵ ਹੋ ਸਕਿਆ, ਤੁਹਾਡਾ ਮਨਪ੍ਰਚਾਵਾ ਕਰਨ ਦੀ, ਹੁਣ ਮੇਰੀ ਵਾਰੀ ਹੈ।

ਇਸ ਵਿਸ਼ੇ ਨੂੰ ਮੈਂ ਛੁਹਣ ਦਾ ਇਰਾਦਾ ਰੱਖਦਾ ਹਾਂ, ਉਸ ਦੀ ਪੇਚੀਦਗੀ ਬਾਰੇ ਤੁਹਾਨੂੰ ਯਾਦ ਕਰਾਉਣ ਦੀ ਲੋੜ ਨਹੀਂ। ਮੈਥੋਂ ਵੀ ਵਧੇਰੇ ਹੁਸ਼ਿਆਰ ਦਿਮਾਗ਼ ਵਾਲਿਆਂ ਨੂੰ ਜ਼ਾਤ-ਪਾਤ ਦੇ ਭੇਦ ਦੀ ਗੁੰਝਲ ਨੂੰ ਸੁਲਝਾਉਣ ਲਈ ਲਿਆਂਦਾ ਗਿਆ ਹੈ, ਪ੍ਰੰਤੂ ਬਦ-ਕਿਸਮਤੀ ਨਾਲ ਇਹ ਅਜੇ ਵੀ ਉਨ੍ਹਾਂ ਹੱਦਾਂ ਵਿਚ ਹੈ ਕਿ ਜਿਨ੍ਹਾਂ ਬਾਰੇ ਇਹ ਤਾਂ ਕੀ ਕਹਿਣਾ ਕਿ ਉਸ ਨੂੰ

"ਸਮਝਿਆ ਨਹੀਂ ਗਿਆ" ਬਲਕਿ ਇਹ ਕਿਹਾ ਜਾ ਸਕਦਾ ਹੈ ਕਿ ਉਸ ਦੀ ਵਿਆਖਿਆ ਹੀ ਨਹੀਂ ਕੀਤੀ ਗਈ"। ਮੈਂ ਜ਼ਾਤ-ਪਾਤ ਵਰਗੀ ਪੁਰਾਤਨ ਸੰਸਥਾ ਦੀ ਜਟਿਲ ਪੇਚੀਦਗੀ ਬਾਰੇ ਚੰਗੀ ਤਰ੍ਹਾਂ ਜਾਗਰੂਕ ਹਾਂ, ਪ੍ਰੰਤੂ ਮੈਂ ਇੰਨਾ ਨਿਰਾਸ਼ਾਵਾਦੀ ਨਹੀਂ ਹਾਂ ਕਿ ਇਸ ਨੂੰ ਨਾ-ਜਾਨਣਯੋਗ ਖੇਤਰ ਵਿਚ ਸੁਟ ਦਿਆਂ। ਮੈਨੂੰ ਵਿਸ਼ਵਾਸ ਹੈ ਕਿ ਇਸ ਨੂੰ ਜਾਣਿਆ ਜਾ ਸਕਦਾ ਹੈ। ਜ਼ਾਤ-ਪਾਤ ਦੀ ਸਮੱਸਿਆ ਬੜੀ ਵਿਸ਼ਾਲ ਹੈ, ਸਿਧਾਂਤਕ ਤੌਰ ਤੇ ਵੀ ਅਤੇ ਅਮਲੀ ਤੌਰ ਤੇ ਵੀ। ਵਾਸਤਵ ਵਿਚ ਇਹ ਇਕ ਅਜਿਹੀ ਵਿਵਸਥਾ ਹੈ ਜੋ ਜ਼ਬਰਦਸਤ ਨਤੀਜਿਆਂ ਬਾਰੇ ਖ਼ਬਰਦਾਰ ਕਰਦੀ ਹੈ। ਇਹ ਇਕ ਸਥਾਨਕ ਸਮੱਸਿਆ ਹੈ, ਪ੍ਰੰਤੂ ਇਹ ਇਕ ਵਿਸ਼ਾਲ ਪੁਆੜਾ ਪਾਉਣ ਦੇ ਸਮਰੱਥ ਹੈ, ਕਿਉਂਕਿ ਭਾਰਤ ਵਿਚ ਜਿੰਨੀ ਦੇਰ ਤਕ ਜ਼ਾਤ-ਪਾਤ ਮੌਜੂਦ ਹੈ, ਹਿੰਦੂ ਕਦੇ ਵੀ ਅੰਤਰ-ਜ਼ਾਤੀ ਵਿਆਹ ਨਹੀਂ ਕਰਨਗੇ ਜਾਂ ਆਪਣੇ ਤੋਂ ਬਾਹਰਲਿਆਂ ਨਾਲ ਸਮਾਜਕ ਮਿਲਵਰਤਣ ਨਹੀਂ ਕਰਨਗੇ, ਅਤੇ ਜੇਕਰ ਹਿੰਦੂ ਧਰਤੀ ਉਤਲੇ ਕਿਸੇ ਹੋਰ ਖੇਤਰ ਵਿਚ ਪਰਵਾਸ ਕਰ ਲੈਂਦੇ ਹਨ, ਤਾਂ ਭਾਰਤੀ ਜ਼ਾਤ-ਪਾਤ ਸੰਸਾਰ ਦੀ ਸਮੱਸਿਆ ਬਣ ਜਾਵੇਗੀ"[੧]। ਸਿਧਾਂਤਕ ਤੌਰ ਤੇ ਕਈ ਮਹਾਨ ਵਿਦਵਾਨ, ਜਿਨ੍ਹਾਂ ਨੇ ਇਸ ਦੇ ਮੂਲ ਬਾਰੇ ਜਾਨਣ ਦੀ ਨਿਸ਼ਕਾਮ ਸੇਵਾ ਕਰਨ ਦਾ ਬੀੜਾ ਉਠਾਇਆ, ਕਾਮਯਾਬ ਨਹੀਂ ਹੋ ਸਕੇ। ਅਜਿਹੀ ਸੂਰਤ ਵਿਚ ਮੈਂ ਸੰਪੂਰਨ ਰੂਪ ਵਿਚ ਇਸ ਸਮੱਸਿਆ ਦਾ ਉਪਚਾਰ ਨਹੀਂ ਕਰ ਸਕਦਾ। ਮੈਨੂੰ ਡਰ ਹੈ ਕਿ ਜੇਕਰ ਮੈਂ ਆਪਣੇ ਆਪ ਨੂੰ ਇਸ ਸਮੱਸਿਆ ਨੂੰ ਹੋਰਵੇਂ ਛੂਹਣ ਦੀ ਥਾਂ ਇਸਦੇ ਇਕ ਪੱਖ ਤੱਕ ਹੀ, ਅਰਥਾਤ ਜ਼ਾਤ-ਪਾਤ ਦੀ ਪ੍ਰਥਾ ਦੀ ਉਤਪੱਤੀ, ਪ੍ਰਬੰਧ ਅਤੇ ਵਿਸਤਾਰ ਤੱਕ ਹੀ ਸੀਮਤ ਨਾ ਰੱਖਿਆ ਤਾਂ ਮੈਂ ਸਮੇਂ, ਅੰਤਰ ਅਤੇ ਲਿਆਕਤ ਇਨ੍ਹਾਂ ਸਾਰਿਆਂ ਅੱਗੇ ਅਸਫਲ ਹੋ ਜਾਵਾਂਗਾ। ਮੈਂ ਇਸ ਨਿਯਮ ਦੀ ਸਖ਼ਤੀ ਨਾਲ ਪਾਲਣਾ ਕਰਾਂਗਾ ਅਤੇ ਅਸੰਗਤ ਮਾਮਲਿਆਂ ਦਾ ਸਹਾਰਾ ਕੇਵਲ ਉਦੋਂ ਹੀ ਲਵਾਂਗਾ ਜਦੋਂ ਮੇਰੇ ਖੋਜ-ਪੱਤਰ ਵਿਚ ਇਨ੍ਹਾਂ ਰਾਹੀਂ ਕਿਸੇ ਨੁਕਤੇ ਦਾ ਸਪੱਸ਼ਟੀਕਰਨ ਜਾਂ ਸਮਰਥਨ ਕਰਨਾ ਜ਼ਰੂਰੀ ਹੋਇਆ।

ਇਸੇ ਵਿਸ਼ੇ ਨੂੰ ਜ਼ਾਰੀ ਰੱਖਦੇ ਹਾਂ, ਪ੍ਰਸਿੱਧ ਨਸਲ-ਵਿਗਿਆਨੀਆਂ ਅਨੁਸਾਰ, ਭਾਰਤ, ਭਾਰਤ ਦੀ ਆਬਾਦੀ, ਆਰੀਆ, ਦ੍ਰਾਵਿੜ, ਮੰਗੋਲ ਅਤੇ ਸ਼ਕ ਲੋਕਾਂ ਦਾ ਮਿਸ਼ਰਣ ਹੈ। ਇਨ੍ਹਾਂ ਨਸਲਾਂ ਦੇ ਲੋਕ ਸਦੀਆਂ ਪਹਿਲਾਂ ਜਦੋਂ ਉਹ ਕਬਾਇਲੀ ਰਿਆਸਤ ਵਿਚ ਸਨ, ਵੱਖ ਵੱਖ ਦਿਸ਼ਾਵਾਂ ਤੋਂ ਵੱਖ ਵੱਖ ਸਭਿਆਚਾਰਾਂ ਦੇ ਨਾਲ ਭਾਰਤ ਵਿਚ ਆਏ। ਉਹ ਆਪਣੇ ਪੂਰਵ ਵਾਸੀਆਂ ਨਾਲ ਲੜਦੇ ਹੋਏ ਦੇਸ਼ ਵਿਚ ਘੁੰਮ ਆਏ ਅਤੇ ਜਦੋਂ ਉਹ ਲੜਦੇ-ਲੜਦੇ ਰੱਜ ਗਏ ਤਾਂ ਸ਼ਾਂਤੀ ਪਸੰਦ ਗੁਆਂਢੀਆਂ ਦੀ ਤਰ੍ਹਾਂ ਆਰਾਮ ਨਾਲ ਆਬਾਦ ਹੋ ਗਏ। ਲਗਾਤਾਰ ਮਿਲਵਰਤੋਂ ਅਤੇ ਆਪਸੀ ਮੇਲ-ਜੋਲ ਕਾਰਣ ਉਨ੍ਹਾਂ ਨੇ ਇਕ ਸਾਂਝੇ ਸਭਿਆਚਾਰ ਨੂੰ ਵਿਕਸਿਤ ਕੀਤਾ ਜਿਸ ਨੇ ਉਨ੍ਹਾਂ ਦੇ ਨਵੇਕਲੇ ਸਭਿਆਚਾਰਾਂ ਦੀ ਥਾਂ ਲੈ ਲਈ। ਇਹ ਗੱਲ ਮੰਨਣੀ ਪਵੇਗੀ ਕਿ ਵੱਖ ਵੱਖ ਨਸਲਾਂ ਦੇ ਜੋ ਲੋਕ ਭਾਰਤ ਦੇ ਲੋਕ ਕਹਾਉਂਦੇ ਹਨ ਉਹ ਆਪਸ ਵਿਚ ਪੂਰੀ ਤਰ੍ਹਾਂ ਇਕਮਿਕ ਨਹੀਂ ਹੋਏ ਅਤੇ ਭਾਰਤ ਵਿਚਲੇ ਹੀ ਇਕ ਯਾਤਰੀ ਵਾਸਤੇ ਪੂਰਬ, ਪੱਛਮ ਨਾਲੋਂ ਡੀਲ ਡੌਲ ਵਿਚ ਅਤੇ ਰੰਗ ਰੂਪ ਵਿਚ ਵੀ ਵੱਖਰੀ ਹੀ ਝਲਕ ਦਿੰਦਾ ਹੈ। ਇਸੇ ਤਰ੍ਹਾਂ ਦੱਖਣ ਅਤੇ ਉਤਰ ਹਨ। ਪ੍ਰੰਤੂ ਆਪਸ ਵਿਚ ਘੁਲ-ਮਿਲ ਜਾਣਾ ਹੀ ਸੰਪੂਰਤਾ ਦੀ ਇਕੋ ਇਕ ਕਸੌਟੀ ਨਹੀਂ ਬਣ

---

੧. ਕੇਤਕਰ, ਕਾਸਟ (ਜ਼ਾਤ-ਪਾਤ) ਪੰਨਾ ੪

ਸਕਦਾ ਜਿਵੇਂ ਕਿ ਕਿਸੇ ਵੀ ਤਰ੍ਹਾਂ ਦੇ ਲੋਕਾਂ ਵਾਸਤੇ ਪੂਰਵ ਅਨੁਮਾਨ ਲਗਾਇਆ ਜਾਂਦਾ ਹੈ। ਨਸਲੀ ਤੌਰ ਤੇ ਸਾਰੇ ਲੋਕ ਅਸਮਾਨ ਤੱਤਾਂ ਵਾਲੇ ਹੁੰਦੇ ਹਨ। ਇਹ ਸਭਿਆਚਾਰ ਦੀ ਏਕਤਾ ਹੀ ਹੈ ਜੋ ਸਮਾਨਰੂਪਤਾ ਦਾ ਆਧਾਰ ਹੁੰਦੀ ਹੈ। ਮੈਂ ਇਹ ਕਹਿਣ ਦੀ ਜੁਰੱਅਤ ਕਰਦਾ ਹਾਂ ਕਿ ਇਹ ਗੱਲ ਪੱਕੀ ਹੈ ਕਿ ਕੋਈ ਵੀ ਦੇਸ਼ ਨਹੀਂ ਹੈ ਜੋ ਭਾਰਤੀ ਪ੍ਰਾਇਦੀਪ ਨਾਲ ਇਸ ਦੀ ਸਭਿਆਚਾਰਕ ਏਕਤਾ ਦੇ ਖੇਤਰ ਵਿਚ ਮੁਕਾਬਲਾ ਕਰ ਸਕੇ। ਇਸ ਦੀ ਕੇਵਲ ਭੂਗੋਲਿਕ ਏਕਤਾ ਹੀ ਨਹੀਂ ਹੈ, ਪ੍ਰੰਤੂ ਇਸ ਦੀ ਸਭ ਤੋਂ ਵੱਧ ਕੇ ਡੂੰਘੀ ਅਤੇ ਵਧੇਰੇ ਬੁਨਿਆਦੀ ਏਕਤਾ ਹੈ – ਸ਼ੰਕਾ-ਰਹਿਤ ਸਭਿਆਚਾਰ ਏਕਤਾ ਜਿਸ ਨੇ ਦੇਸ਼ ਨੂੰ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਢੱਕਿਆ ਹੋਇਆ ਹੈ। ਪ੍ਰੰਤੂ ਇਹ ਇਸ ਇਕਾਰਤਾ ਕਰਕੇ ਹੀ ਹੈ ਕਿ ਜ਼ਾਤ-ਪਾਤ ਇਕ ਅਜਿਹੀ ਸਮੱਸਿਆ ਬਣ ਜਾਂਦੀ ਹੈ ਜਿਸ ਨੂੰ ਬਿਆਨ ਕਰਨਾ ਬਹੁਤ ਔਖਾ ਹੈ। ਜੇਕਰ ਹਿੰਦੂ ਸਮਾਜ ਪਰਸਪਰ ਨਵੇਕਲੀਆਂ ਇਕਾਈਆਂ ਦਾ ਇਕ ਸੰਘ ਹੁੰਦਾ ਤਾਂ ਗੱਲ ਸੌਖੀ ਹੀ ਸੀ। ਪ੍ਰੰਤੂ ਜ਼ਾਤ-ਪਾਤ ਤਾਂ ਪਹਿਲਾਂ ਹੀ ਸਮਰੂਪ ਜਾਂ ਹਮਜਿਨਸੀ ਇਕਾਈ ਦੇ ਹਿੱਸੇ-ਵੰਡ ਹੈ, ਅਤੇ ਜ਼ਾਤ-ਪਾਤ ਦੀ ਉਤਪੱਤੀ ਦੀ ਵਿਆਖਿਆ ਇਸ ਹਿੱਸੇ-ਵੰਡ ਦੀ ਪ੍ਰਕ੍ਰਿਆ ਦਾ ਵਿਆਖਿਆ ਹੈ।

ਆਪਣੀ ਪੜਤਾਲ ਦੇ ਖੇਤਰ ਵਿਚ ਜਾਣ ਤੋਂ ਪਹਿਲਾਂ ਜ਼ਾਤ-ਪਾਤ ਦੀ ਵਿਸ਼ੇਸ਼ਤਾ ਬਾਰੇ ਆਪਣੇ ਆਪ ਨੂੰ ਸੁਚੇਤ ਕਰਨਾ ਚੰਗਾ ਹੈ। ਇਸ ਲਈ ਮੈਂ ਜ਼ਾਤ-ਪਾਤ ਦੇ ਸਭ ਤੋਂ ਚੰਗੇ ਵਿਦਿਆਰਥੀਆਂ ਵਿਚੋਂ ਕੁਝ ਇਕ ਨੂੰ ਇਸ ਦੀਆਂ ਪਰਿਭਾਸ਼ਾਵਾਂ ਵਾਸਤੇ ਬੁਲਾਵਾਂਗਾ :

(1) ਸ੍ਰੀ ਸੈਨਾਰਟ (Mr. Senart), ਇਕ ਫਰਾਂਸੀਸੀ ਵਿਦਵਾਨ, ਜ਼ਾਤ-ਪਾਤ ਦੀ ਪਰਿਭਾਸਾ ਦਿੰਦੇ ਹਨ ਕਿ:

"ਇਕ ਸੀਮਤ ਸੰਗਠਨ ਹੈ, ਜੋ ਸਿਧਾਂਤਕ ਤੌਰ ਤੇ ਹਰ ਹਾਲਤ ਵਿਚ ਸਖਤੀ ਨਾਲ ਪਿਤਾ ਪੁਰਖੀ ਹੈ, ਜੋ, ਕੁਝ ਰਵਾਇਤੀ ਅਤੇ ਸੁਤੰਤਰ ਸੰਗਠਨ ਨਾਲ ਲੈਸ ਹੈ, ਜਿਸ ਦਾ ਇਕ ਮੁਖੀ ਅਤੇ ਇਕ ਪਰਿਸ਼ਦ ਵੀ ਹੈ, ਜੋ ਖਾਸ ਮੌਕੇ ਤੇ ਅਧਿਕਾਰ ਅੱਗੇ ਲਗਭਗ ਸੰਮੇਲਨਾਂ ਦੇ ਰੂਪ ਵਿਚ ਇਕੱਠੇ ਹੁੰਦੇ ਹਨ ਅਤੇ ਕੁਝ ਤਿਉਹਾਰਾਂ ਵਿਚ ਰਲਮਿਲ ਕੇ ਸ਼ਾਮਲ ਹੁੰਦੇ ਹਨ, ਜੋ ਸਾਂਝੇ ਧੰਦਿਆਂ ਦੁਆਰਾ ਇਕੱਠੇ ਬੱਝੇ ਹੋਏ ਹਨ, ਜਿਨ੍ਹਾਂ ਦਾ ਸਬੰਧ ਖਾਸ ਕਰਕੇ ਰੋਟੀ ਬੇਟੀ ਦੀ ਸਾਂਝ ਅਤੇ ਸੰਸਕਾਰਾਂ ਦੀ ਮਲੀਨਤਾ ਦੇ ਪ੍ਰਸ਼ਨਾਂ ਨਾਲ, ਅਤੇ ਆਪਣੇ ਮੈਂਬਰਾਂ ਨੂੰ ਅਧਿਕਾਰ ਦੀ ਵਰਤੋਂ ਕਰਕੇ ਜਿਸਦਾ ਖੇਤਰ ਵੱਖ ਵੱਖ ਹੈ, ਕਾਬੂ ਵਿਚ ਰੱਖਦੇ ਹਨ, ਪ੍ਰਭੂ ਜੋ ਕੁਝ ਇਕ ਜੁਰਮਾਨਿਆਂ ਦੀ ਮਨਜ਼ੂਰੀ ਦੁਆਰਾ ਅਤੇ, ਸਭ ਤੋਂ ਵੱਧ ਜੁਟ ਵਿਚੋਂ ਅੰਤਮ ਤੌਰ ਤੇ ਛੇਕਣ ਦੇ ਅਟੱਲ ਫੈਸਲੇ ਦੁਆਰਾ ਬਰਾਦਰੀ ਦੇ ਅਧਿਕਾਰ ਦਾ ਵਧੇਰੇ ਅਹਿਸਾਸ ਕਰਾਉਂਦਾ ਹੈ"।

(2) ਸ੍ਰੀ ਨੇਸਫੀਲਡ (Mr. Nesfield) ਜ਼ਾਤੀ ਪ੍ਰਥਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ:

"ਇਕ ਬਰਾਦਰੀ ਦਾ ਉਹ ਵਰਗ ਜੋ ਕਿਸੇ ਵੀ ਦੂਜੇ ਵਰਗ ਨਾਲ ਕੋਈ ਸਬੰਧ ਨਹੀਂ ਰੱਖਦਾ ਅਤੇ ਅੰਤਰ-ਜ਼ਾਤੀ ਵਿਆਹ ਨਹੀਂ ਕਰ ਸਕਦਾ ਅਤੇ ਜੋ ਕੇਵਲ ਆਪਣੀ ਹੀ ਬਰਾਦਰੀ ਦੇ ਲੋਕਾਂ ਨਾਲ ਖਾ ਅਤੇ ਪੀ ਸਕਦਾ ਹੈ"।

(3) ਸਰ ਐਚ.ਰਿਸਲੇ (Sir.H. Risley), ਅਨੁਸਾਰ :

"ਜ਼ਾਤ ਦੀ, ਪਰਿਵਾਰਾਂ ਜਾਂ ਪਰਿਵਾਰਾਂ ਦੇ ਇਕ ਜੁਟ ਵਜੋਂ ਵਿਆਖਿਆ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਇਕ ਸਾਂਝਾ ਨਾਂ ਹੋਵੇ ਜੋ ਆਮ ਤੌਰ ਤੇ ਕੋਈ ਖਾਸ ਕਿਸਮ ਦਾ ਧੰਦਾ ਕਰਦੇ ਹੋਣ ਜਾਂ ਉਹ ਉਨ੍ਹਾਂ ਦਾ ਸੂਚਕ ਹੋਵੇ, ਜੋ ਇਸ ਗੱਲ ਦਾ ਦਾਅਵਾ ਕਰਦੇ ਹੋਣ ਕਿ ਉਹ ਇਨਸਾਨੀ ਜਾਂ ਰੱਬੀ, ਪੌਰਾਣਿਕ ਪੂਰਵਜ ਦੀ ਸਾਂਝੀ ਪੁਸ਼ਤ ਵਿਚੋਂ ਹਨ ਅਤੇ ਉਹੀ ਪੇਸ਼ਾਵਰਾਨਾ ਕਿੱਤਾ ਅਪਣਾਉਣ ਦਾ ਦਾਅਵਾ ਕਰਦੇ ਹੋਣ ਅਤੇ ਉਨ੍ਹਾਂ ਲੋਕਾਂ ਦੁਆਰਾ ਜੋ ਆਪਣੀ ਰਾਇ ਦੇਣ ਦੇ ਸਮਰੱਥ ਹੋਣ, ਇਹ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਇਕੋ ਸਮ-ਜ਼ਾਤੀ ਬਰਾਦਰੀ ਬਣਾਈ ਹੋਈ ਹੈ"।

(4) ਡਾ. ਕੇਤਕਰ ਜ਼ਾਤੀ ਪ੍ਰਥਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ :

"ਇਕ ਸਮਾਜਕ ਗ੍ਰੋਹ ਜਿਸ ਦੀਆਂ ਦੋ ਵਿਸ਼ੇਸ਼ਤਾਵਾਂ (1) ਇਸ ਦੀ ਮੈਂਬਰੀ ਉਨ੍ਹਾਂ ਤੱਕ ਹੀ ਸੀਮਤ ਹੈ ਜੋ ਇਸ ਦੇ ਮੈਂਬਰਾਂ ਤੋਂ ਹੀ ਪੈਦਾ ਹੋਏ ਹੋਣ ਅਤੇ ਇਸ ਵਿਚ ਇਸ ਤਰ੍ਹਾਂ ਪੈਦਾ ਹੋਏ ਸਾਰੇ ਵਿਅਕਤੀ ਸ਼ਾਮਲ ਹਨ, (2) ਮੈਂਬਰਾਂ ਨੂੰ ਗ੍ਰੋਹ ਤੋਂ ਬਾਹਰ ਸ਼ਾਦੀ ਕਰਨ ਲਈ ਇਕ ਅੜੀਅਲ ਸਮਾਜਕ ਕਾਨੂੰਨ ਦੁਆਰਾ ਮਨ੍ਹਾ ਕੀਤਾ ਗਿਆ ਹੈ"।

ਇਨ੍ਹਾਂ ਪਰਿਭਾਸ਼ਾਵਾਂ ਦੀ ਸਮੀਖਿਆ ਕਰਨੀ ਸਾਡੇ ਮਕਸਦ ਵਾਸਤੇ ਬਹੁਤ ਮਹੱਤਵਪੂਰਣ ਹੈ। ਇਹ ਦੇਖਿਆ ਜਾਵੇਗਾ ਕਿ ਜੇਕਰ ਇਕ ਇਕ ਕਰਕੇ ਘੋਖ ਕਰੀਏ ਤਾਂ ਤਿੰਨ ਲਿਖਾਰੀਆਂ ਦੀਆਂ ਪਰਿਭਾਸ਼ਾਵਾਂ ਵਿਚ ਜਾਂ ਤਾਂ ਬਹੁਤ ਜ਼ਿਆਦਾ ਸ਼ਾਮਲ ਕੀਤਾ ਗਿਆ ਹੈ ਜਾਂ ਬਹੁਤ ਘੱਟ ਸਾਮਲ ਕੀਤਾ ਗਿਆ ਹੈ : ਕੋਈ ਵੀ ਆਪਣੇ ਆਪ ਵਿਚ ਸਮਰੱਥ ਜਾਂ ਠੀਕ ਨਹੀਂ ਹੈ ਅਤੇ ਸਾਰੇ ਹੀ ਜ਼ਾਤ-ਪਾਤ ਦੀ ਪ੍ਰਥਾ ਦੇ ਪ੍ਰਬੰਧ (mechanism) ਬਾਰੇ ਕੇਂਦਰੀ ਨੁਕਤਾ ਛੱਡ ਗਏ ਹਨ। ਉਨ੍ਹਾਂ ਦੀ ਗਲਤੀ ਇਹ ਹੈ ਕਿ ਉਨ੍ਹਾਂ ਨੇ ਜ਼ਾਤ ਨੂੰ ਆਪਣੇ ਆਪ ਵਿਚ ਇਕ ਵੱਖਰੀ ਇਕਾਈ ਵਜੋਂ ਨਾ ਕਿ ਇਸ ਦੇ ਅੰਦਰ-ਅੰਦਰ ਇਕ ਜੁਟ ਵਜੋਂ ਅਤੇ ਸਮੁੱਚੀ ਜ਼ਾਤ-ਪਾਤ ਦੀ ਪ੍ਰਣਾਲੀ ਪ੍ਰਤੀ ਇਸਦੇ ਨਿਸਚਿਤ ਸਬੰਧਾਂ ਬਾਰੇ ਪਰਿਭਾਸ਼ਤ ਕੀਤਾ ਹੈ। ਫੇਰ ਵੀ ਸਮੂਹਕ ਤੌਰ ਤੇ ਹਰ ਇਕ, ਇਕ ਦੂਜੇ ਪ੍ਰਤੀ ਸਹਾਇਕ ਹੈ। ਇਸ ਲਈ, ਆਲੋਚਨਾ ਵਜੋਂ ਮੈਂ ਉਹੀ ਨੁਕਤੇ ਲਵਾਂਗਾ ਜੋ ਜ਼ਾਤ ਦੀ ਵਿਸ਼ੇਸ਼ਤਾ ਸਮਝਾ ਜਾਂਦੇ ਹਨ ਅਤੇ ਉਨ੍ਹਾਂ ਦਾ ਮੁਲਾਂਕਣ ਵੀ ਕਰਦੇ ਹਨ।

ਸ੍ਰੀ ਸੈਨਾਰ ਤੋਂ ਸ਼ੁਰੂ ਕਰਦੇ ਹਾਂ। ਉਹ ਜ਼ਾਤ ਦੇ ਇਕ ਵਿਸ਼ੇਸ਼ ਗੁਣ ਵਜੋਂ "ਮਲੀਨਤਾ ਦਾ ਵਿਚਾਰ" ਵੱਲ ਧਿਆਨ ਦਿਵਾਉਂਦੇ ਹਨ। ਇਸ ਨੁਕਤੇ ਦੇ ਸਬੰਧ ਵਿਚ ਇਹ ਬੜੇ ਆਰਾਮ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਆਪਣੇ ਆਪ ਵਿਚ ਕਿਸੇ ਤਰ੍ਹਾਂ ਵੀ ਜ਼ਾਤ ਦੀ ਵਿਸ਼ੇਸ਼ਤਾ ਨਹੀਂ ਹੈ। ਇਸ ਦਾ ਵਿਕਾਸ ਆਮ ਤੌਰ ਤੇ ਪੁਰੋਹਤੀ ਰੀਤਵਾਦ ਵਿਚ ਹੁੰਦਾ ਹੈ ਅਤੇ ਇਹ ਸ਼ੁੱਧਤਾ ਵਿਚ ਆਮ ਵਿਸ਼ਵਾਸ ਦਾ ਇਕ ਖਾਸ ਉਦਾਹਰਣ ਹੈ। ਸਿੱਟੇ ਵਜੋਂ ਜ਼ਾਤ ਨਾਲ ਇਸਦੇ ਲੋੜੀਂਦੇ ਸਬੰਧ ਤੋਂ, ਜ਼ਾਤ ਦੇ ਕੰਮ ਕਾਰ ਨੂੰ ਹਾਨੀ ਪੁਚਾਏ ਬਿਨਾਂ, ਪੂਰੀ ਤਰ੍ਹਾਂ ਇਨਕਾਰ ਕੀਤਾ ਜਾ ਸਕਦਾ ਹੈ। "ਮਲੀਨਤਾ ਦਾ ਵਿਚਾਰ" ਦਾ ਸਬੰਧ ਜ਼ਾਤ ਦੀ ਸੰਸਥਾ ਨਾਲ ਕੇਵਲ ਇਸ ਕਰਕੇ ਜੋੜਿਆ ਗਿਆ ਹੈ ਕਿ ਜਿਹੜਾ ਵੀ ਜ਼ਾਤ ਦਾ ਰੁਤਬਾ ਸਭ ਤੋਂ ਉਚਾ ਹੈ ਉਹ ਪਰੋਹਤਾਂ ਦੀ ਜ਼ਾਤ ਹੈ: ਜਦਕਿ ਸਾਨੂੰ ਪਤਾ ਹੈ ਕਿ ਪੁਰੋਹਤ ਅਤੇ ਸ਼ੁੱਧਤਾ ਪੁਰਾਣੇ ਸਾਥੀ ਹਨ। ਇਸ ਲਈ ਅਸੀਂ ਸਿੱਟਾ ਕੱਢ ਸਕਦੇ ਹਾਂ ਕਿ "ਮਲੀਨਤਾ ਦਾ ਵਿਚਾਰ" ਉਦੋਂ ਤੱਕ ਹੀ ਜ਼ਾਤ ਦਾ ਵਿਸ਼ੇਸ਼ ਗੁਣ ਹੈ ਜਦ ਤਕ ਜ਼ਾਤ ਵਿਚ ਧਾਰਮਕ ਸੁਗੰਧ ਹੈ। ਸ੍ਰੀ ਨੈਸਫ਼ੀਲਡ ਆਪਣੇ ਢੰਗ ਨਾਲ ਇਸ ਗੱਲ ਦਾ

ਆਸਾਰਾ ਲੈਂਦੇ ਹਨ ਕਿ ਜ਼ਾਤ ਤੋਂ ਬਾਹਰ ਬੰਦਿਆਂ ਨਾਲ ਨਾ ਰਲਣਾ ਮਿਲਣਾ ਹੀ ਇਸ ਦੇ ਵਿਸ਼ੇਸ਼ ਗੁਣਾਂ ਵਿਚੋਂ ਇਕ ਹੈ। ਇਸ ਨੁਕਤੇ ਦੇ ਸੱਜਰੇਪਣ ਦੇ ਬਾਵਜੂਦ ਸਾਨੂੰ ਇਹ ਜ਼ਰੂਰ ਕਹਿਣਾ ਚਾਹੀਦਾ ਹੈ ਕਿ ਸ੍ਰੀ ਨੈਸਫ਼ੀਲਡ ਨੂੰ ਗ਼ਲਤੀ ਲੱਗੀ ਹੈ। ਜ਼ਾਤ, ਆਪਣੇ ਆਪ ਵਿਚ ਡੱਕੀ ਹੋਈ ਇਕਾਈ ਹੋਣ ਦੇ ਬਾਵਜੂਦ ਸੁਭਾਵਕ ਤੌਰ ਤੇ ਸਮਾਜਕ ਮੇਲ-ਜੋਲ ਵਿਚ ਇਸ ਦੇ ਅੰਦਰਲੇ ਮੈਂਬਰਾਂ ਦੁਆਰਾ ਰਲਣਾ ਮਿਲਣਾ ਆਦਿ ਵੀ ਸ਼ਾਮਲ ਹੈ। ਨਤੀਜੇ ਵਜੋਂ ਬਾਹਰਲੇ ਵਿਅਕਤੀਆਂ ਨਾਲ ਮੇਲ-ਜੋਲ ਦੀ ਇਹ ਘਾਟ ਪ੍ਰਤੱਖ ਮਨਾਹੀ ਕਰਕੇ ਨਹੀਂ ਹੈ, ਪ੍ਰੰਤੂ ਜ਼ਾਤ ਦਾ ਇਕ ਸੁਭਾਵਕ ਸਿੱਟਾ ਹੈ ਅਰਥਾਤ ਨਵੇਕਲਾਪਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਲ-ਜੋਲ ਦੀ ਇਹ ਅਣਹੋਂਦ ਜੋ ਮੂਲ ਤੌਰ ਤੇ ਨਕੇਵਲੇਪਨ ਕਰਕੇ ਹੈ, ਨੇ ਕਿਸੇ ਧਾਰਮਕ ਹੁਕਮ ਕਰਕੇ ਮਨਾਹੀ-ਸੂਚਕ ਪ੍ਰਵਿਰਤੀ ਅਖ਼ਤਿਆਰ ਕੀਤੀ, ਪ੍ਰੰਤੂ ਇਸ ਨੂੰ ਬਾਅਦ ਦਾ ਵਿਕਾਸ ਸਮਝਿਆ ਜਾ ਸਕਦਾ ਹੈ। ਸਰ ਐਚ. ਰਿਸਲੇ ਨੇ ਕੋਈ ਨਵਾਂ ਨੁਕਤਾ ਨਹੀਂ ਦੱਸਿਆ ਜਿਸ ਵਿਚ ਵਿਸ਼ੇਸ਼ ਧਿਆਨ ਦਿਤਾ ਜਾ ਸਕੇ।

ਹੁਣ ਅਸੀਂ ਡਾ. ਕੇਤਕਰ ਦੀ ਪਰਿਭਾਸ਼ਾ ਲੈਂਦੇ ਹਾਂ। ਉਸ ਨੇ ਵਿਸ਼ੇ ਨੂੰ ਵਿਸਤਾਰ ਵਿਚ ਸਮਝਾਉਣ ਲਈ ਕਾਫ਼ੀ ਕੰਮ ਕੀਤਾ ਹੈ। ਕੇਵਲ ਇਹੀ ਗੱਲ ਨਹੀਂ ਕਿ ਉਹ ਕੇਵਲ ਭਾਰਤ ਦੇ ਮੂਲ ਨਿਵਾਸੀ ਹਨ, ਬਲਕਿ ਉਸ ਨੇ ਆਲੋਚਨਾਤਮਕ ਸਿਆਣੇ ਅਤੇ ਇਕ ਨਿਰਪੱਖ ਵਿਚਾਰਵਾਨ ਵਾਂਗ ਜ਼ਾਤ ਸਬੰਧੀ ਆਪਣੇ ਅਧਿਐਨ ਰਾਹੀਂ ਨਿਰਪੱਖ ਰਾਏ ਦਿਤੀ ਹੈ, ਉਸ ਦੀ ਪਰਿਭਾਸ਼ਾ ਜ਼ਾਤਾਂ ਦੀ ਇਕ ਪ੍ਰਣਾਲੀ ਦੇ ਸਬੰਧ ਵਿਚ ਕੀਤੀ ਗਈ ਹੈ, ਅਤੇ ਆਪਣਾ ਧਿਆਨ ਕੇਵਲ ਉਨ੍ਹਾਂ ਵਿਸ਼ੇਸ਼ ਭਾਵਾਂ ਤੇ ਹੀ ਕੇਂਦਰਿਤ ਕੀਤਾ ਹੈ ਜੋ ਇਕ ਪ੍ਰਣਾਲੀ ਦੇ ਅੰਦਰ-ਅੰਦਰ ਇਕ ਜ਼ਾਤ ਦੀ ਮੌਜੂਦਗੀ ਲਈ ਬਹੁਤ ਜ਼ਰੂਰੀ ਹਨ, ਅਤੇ ਬਾਕੀ ਦੀਆਂ ਚੀਜ਼ਾਂ ਫ਼ਾਲਤੂ ਸਮਝ ਕੇ ਛੱਡ ਦਿੱਤੀਆਂ ਹਨ। ਉਸ ਦੀ ਪਰਿਭਾਸ਼ਾ ਦੇ ਸਬੰਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਦੂਜੀ ਤਰ੍ਹਾਂ ਇਹ ਵਿਸਤਾਰ ਪੂਰਵਕ ਅਤੇ ਸਾਫ਼ ਹੈ ਪਰ ਇਸ ਵਿਚ ਵਿਚਾਰ ਦਾ ਥੋੜਾ ਜਿਹਾ ਭੁਲੇਖਾ ਹੈ। ਉਹ ਆਖਦਾ ਹੈ ਕਿ "ਅੰਤਰ-ਜ਼ਾਤੀ ਵਿਆਹ ਤੇ ਪਾਬੰਦੀ ਅਤੇ ਸਵੈ-ਜਣਨ ਦੁਆਰਾ ਮੈਂਬਰੀ" ਜ਼ਾਤ ਦੇ ਦੋ ਪੱਖ ਹਨ ਨਾ ਕਿ ਦੋ ਵੱਖ ਵੱਖ ਚੀਜ਼ਾਂ ਜਿਵੇਂ ਕਿ ਡਾ. ਕੇਤਕਰ ਉਨ੍ਹਾਂ ਨੂੰ ਮੰਨਦਾ ਹੈ। ਜੇਕਰ ਤੁਸੀਂ ਅੰਤਰ-ਜ਼ਾਤੀ ਵਿਆਹ ਤੇ ਪਾਬੰਦੀ ਲਗਾ ਦਿਉਗੇ ਤਾਂ ਉਸ ਦਾ ਸਿੱਟਾ ਹੋਵੇਗਾ ਕਿ ਤੁਸੀਂ ਉਨ੍ਹਾਂ ਵਾਸਤੇ ਜੋ ਉਸ ਗ੍ਰੋਹ ਦੇ ਅੰਦਰ ਪੈਦਾ ਹੁੰਦੇ ਹਨ ਮੈਂਬਰੀ ਸੀਮਤ ਕਰ ਦਿਤੀ ਹੈ। ਇਸ ਤਰ੍ਹਾਂ ਇਹ ਦੋਵੇਂ ਉਸੇ ਸਿੱਟੇ ਦਾ ਸਿੱਧਾ ਅਤੇ ਪੁਠਾ ਪਾਸਾ ਹਨ।

ਜ਼ਾਤ ਦੇ ਵੱਖ ਵੱਖ ਵਿਸ਼ੇਸ਼ ਗੁਣਾਂ ਦਾ ਆਲੋਚਨਾਤਮਕ ਮੁਲਾਂਕਣ ਕਰਨ ਨਾਲ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਸਜਾਤੀ ਵਿਆਹ ਦੀ ਮਨਾਹੀ ਜਾਂ ਅੰਤਰ-ਜ਼ਾਤੀ ਵਿਆਹ ਦੀ ਅਣਹੋਂਦ ਨੂੰ ਹੀ, ਜੇ ਕਰ ਇਸ ਨੂੰ ਠੀਕ ਤਰ੍ਹਾਂ ਨਾਲ ਸਮਝ ਲਿਆ ਜਾਵੇ, ਜ਼ਾਤ ਦਾ ਨਿਚੋੜ ਕਿਹਾ ਜਾ ਸਕਦਾ ਹੈ। ਪ੍ਰੰਤੂ ਕੁਝ ਵਿਅਕਤੀ ਗੂੜ੍ਹ ਮਾਨਵ-ਵਿਗਿਆਨੀ ਆਧਾਰਾਂ ਤੇ ਇਸ ਤੋਂ ਇਨਕਾਰ ਕਰ ਸਕਦੇ ਹਨ, ਕਿਉਂਕਿ ਜ਼ਾਤ ਦੀ ਸਮੱਸਿਆ ਵਿਚ ਵਾਧਾ ਕੀਤੇ ਬਿਨਾਂ ਸਜਾਤੀ-ਵਿਵਾਹੀ ਗ੍ਰੋਹ ਮੌਜੂਦ ਹਨ। ਸਾਧਾਰਣ ਰੂਪ ਵਿਚ ਇਹ ਸੱਚ ਹੋ ਸਕਦਾ ਹੈ, ਕਿਉਂਜੋ ਸਭਿਆਚਾਰਕ ਤੌਰ ਤੇ ਵੱਖਰੀਆਂ ਸਜਾਤੀ-ਵਿਵਾਹੀ ਬਿਰਾਦਰੀਆਂ ਜੋ ਉਨ੍ਹਾਂ ਥਾਵਾਂ ਤੇ

ਰਹਿੰਦੀਆਂ ਹਨ ਜੋ ਲਗਭਗ ਉਠਾ ਦਿੱਤੀਆਂ ਗਈਆਂ ਹਨ, ਅਤੇ ਜਿਨ੍ਹਾਂ ਦਾ ਆਪਸ ਵਿਚ ਕੋਈ ਤੁਅੱਲਕ ਨਹੀਂ ਹੈ ਇਕ ਭੌਤਿਕ ਸੱਚਾਈ ਹਨ। ਹਬਸ਼ੀ ਅਤੇ ਗੋਰੇ ਅਤੇ ਵੱਖ ਵੱਖ ਕਬਾਇਲੀ ਗ੍ਰੋਹ ਜਿਨ੍ਹਾਂ ਨੂੰ ਸੰਯੁਕਤ ਰਾਜਾਂ ਵਿਚ ਅਮਰੀਕਨ ਇੰਡੀਅਨ ਕਿਹਾ ਜਾਂਦਾ ਹੈ ਨੂੰ ਇਸ ਦ੍ਰਿਸ਼ਟੀਕੋਣ ਦੇ ਸਮਰਥਨ ਵਿਚ ਲਗਭਗ ਮੁਨਾਸਬ ਉਦਾਹਰਣ ਕਿਹਾ ਜਾ ਸਕਦਾ ਹੈ। ਜਿਵੇਂ ਪਹਿਲਾਂ ਸੰਕੇਤ ਕੀਤਾ ਜਾ ਚੁੱਕਾ ਹੈ ਭਾਰਤ ਦੇ ਲੋਕ ਇਕ ਮੁਕੰਮਲ ਸਮਜਾਤੀ ਇਕਾਈ ਬਣਾਉਂਦੇ ਹਨ। ਭਾਰਤ ਦੀਆਂ ਵੱਖ ਵੱਖ ਨਸਲਾਂ ਜਿਨ੍ਹਾਂ ਦਾ ਆਪਣਾ ਨਿਸ਼ਚਿਤ ਖੇਤਰ ਹੈ ਇਕ ਦੂਜੇ ਵਿਚ ਲਗਭਗ ਰਲ ਗਏ ਹਨ ਅਤੇ ਉਨ੍ਹਾਂ ਵਿਚ ਸਭਿਅਚਾਰਕ ਏਕਤਾ ਹੈ, ਜੋ ਸਮਜਾਤੀ ਆਬਾਦੀ ਦੀ ਇਕੋ ਇਕ ਕਸੌਟੀ ਹੈ। ਜੇਕਰ ਸਮਰੂਪਤਾ ਨੂੰ ਆਧਾਰ ਮੰਨ ਲਿਆ ਜਾਵੇ, ਤਾਂ ਅੰਤਰ-ਵਿਵਾਹੀ, ਸਮਾਜਕ ਜਾਂ ਕਬਾਇਲੀ ਗ੍ਰੋਹਾਂ ਦੀ ਕੇਵਲ ਸਮਾਨਤਾ ਤੋਂ ਹੀ ਪੈਦਾ ਹੋਈ ਸਥਿਤੀ ਨਾਲ ਜ਼ਾਤ ਇਕ ਨਵੀਂ ਖੂਬੀ ਵਾਲੀ ਅਤੇ ਪੂਰਣ ਰੂਪ ਵਿਚ ਬੇਧਿਆਨੀ ਸਮੱਸਿਆ ਬਣ ਜਾਂਦੀ ਹੈ। ਭਾਰਤ ਵਿਚ ਜ਼ਾਤ ਤੋਂ ਭਾਵ ਹੈ ਆਬਾਦੀ ਨੂੰ ਮਿਥੀਆਂ ਹੋਈਆਂ ਅਤੇ ਨਿਸ਼ਚਿਤ ਇਕਾਈਆਂ ਵਿਚ ਨਕਲੀ ਤੌਰ ਤੇ ਟੁਕੜੇ-ਟੁਕੜੇ ਕਰ ਦੇਣਾ, ਹਰ ਇਕ ਨੂੰ ਸਜਾਤੀ-ਵਿਆਹ ਦੇ ਰਿਵਾਜ ਦੁਆਰਾ ਇਕ ਦੂਜੇ ਵਿਚ ਰਲ-ਮਿਲ ਜਾਣ ਤੋਂ ਰੋਕਣਾ। ਇਸ ਤਰ੍ਹਾਂ ਸਿੱਟਾ ਅਟੱਲ ਹੈ ਕਿ ਸਜਾਤੀ-ਵਿਵਾਹ ਹੀ ਇਕ ਅਜਿਹਾ ਵਿਸ਼ੇਸ ਗੁਣ ਹੈ ਜੋ ਜ਼ਾਤ ਲਈ ਅਸਾਧਾਰਣ ਹੈ, ਅਤੇ ਜੇਕਰ ਅਸੀਂ ਇਹ ਦਿਖਾਉਣ ਵਿਚ ਸਫਲ ਹੋ ਜਾਈਏ ਕਿ ਸਜਾਤੀ ਵਿਵਾਹ ਨੂੰ ਕਾਇਮ ਕਿਵੇਂ ਰੱਖਿਆ ਜਾਂਦਾ ਹੈ, ਤਾਂ ਅਸੀਂ ਅਮਲੀ ਤੌਰ ਤੇ ਜ਼ਾਤ ਦੀ ਉਤਪੱਤੀ ਅਤੇ ਪ੍ਰਬੰਧ ਬਾਰੇ ਵੀ ਸਾਬਤ ਕਰ ਦਿਖਾਵਾਂਗੇ।

ਤੁਹਾਡੇ ਲਈ ਇਸ ਗੱਲ ਦਾ ਪੂਰਵ-ਅਨੁਮਾਨ ਲਗਾਉਣਾ ਇੰਨਾ ਸੌਖਾ ਨਹੀਂ ਹੋਵੇਗਾ ਕਿ ਮੈਂ ਸਜਾਤੀ-ਵਿਵਾਹ ਜ਼ਾਤ-ਪਾਤ ਦੇ ਰਹੱਸ ਦੀ ਚਾਬੀ ਕਿਉਂ ਸਮਝਦਾ ਹਾਂ। ਤੁਹਾਡੀ ਕਲਪਨਾ-ਸ਼ਕਤੀ ਉਤੇ ਵਧੇਰੇ ਬੋਝ ਨਾ ਪਾਉਂਦਾ ਹੋਇਆ ਮੈਂ ਇਸ ਲਈ ਆਪਣੇ ਕਾਰਣਾ ਬਾਰੇ ਦੱਸਦਾ ਹੋਇਆ ਅੱਗੇ ਵਧਦਾ ਹਾਂ।

ਇਸ ਵੇਲੇ ਇਥੇ ਇਸ ਗੱਲ ਤੇ ਜ਼ੋਰ ਦੇਣਾ ਵੀ ਅਣਉਚਿਤ ਨਹਾਂ ਹੋਵੇਗਾ ਕਿ ਅੱਜ ਦਾ ਕੋਈ ਵੀ ਤਹਿਜ਼ੀਬਯਾਫ਼ਤਾ ਸਮਾਜ ਪ੍ਰਾਚੀਨ ਸਮਿਆਂ ਦੇ ਵਧੇਰੇ ਉੱਤਰ-ਜੀਵਨ ਪੇਸ਼ ਨਹੀਂ ਕਰਦਾ ਜਿੰਨੇ ਕਿ ਭਾਰਤੀ ਸਮਾਜ ਪੇਸ਼ ਕਰਦਾ ਹੈ। ਇਸ ਦਾ ਧਰਮ ਮੂਲ ਰੂਪ ਵਿਚ ਪ੍ਰਾਚੀਨ ਹੈ ਅਤੇ ਇਸ ਦੇ ਪ੍ਰਾਚੀਨ ਸੰਕੇਤ ਇਸ ਆਧੁਨਿਕ ਯੁੱਗ ਵਿਚ ਵੀ ਪੂਰੇ ਜ਼ੋਰ ਸ਼ੋਰ ਨਾਲ ਇਸ ਤੇ ਹਾਵੀ ਹਨ। ਇਨ੍ਹਾਂ ਪ੍ਰਾਚੀਨ ਉੱਤਰ-ਜੀਵਨਾਂ ਵਿਚੋਂ ਮੈਂ ਜਿਸ ਇਕ ਵੱਲ ਆਪ ਦਾ ਧਿਆਨ ਵਿਸ਼ੇਸ਼ ਤੌਰ ਤੇ ਦਿਵਾਉਣਾ ਚਾਹੁੰਦਾ ਹਾਂ, ਉਹ ਹੈ ਅੰਤਰ-ਜ਼ਾਤੀ ਵਿਆਹ ਦਾ ਰਿਵਾਜ। ਪੁਰਾਤਨ ਸੰਸਾਰ ਵਿਚ ਅੰਤਰ-ਜ਼ਾਤੀ ਵਿਆਹ ਦੀ ਮੌਜੂਦਗੀ ਦਾ ਤੱਥ ਇੰਨਾ ਮੰਨਿਆਂ-ਪ੍ਰਮੰਨਿਆਂ ਹੈ ਕਿ ਇਸ ਦੀ ਵਿਆਖਿਆ ਦੀ ਲੋੜ ਨਹੀਂ। ਐਪਰ, ਇਤਿਹਾਸ ਦੇ ਵਿਕਾਸ ਦੇ ਨਾਲ-ਨਾਲ ਅੰਤਰ-ਜ਼ਾਤੀ ਵਿਆਹ ਦੀ ਸਾਰਥਕਤਾ ਖ਼ਤਮ ਹੋ ਗਈ ਹੈ; ਅਤੇ ਨੇੜੇ ਦੇ ਸਕੇ ਰਿਸ਼ਤੇਦਾਰਾਂ ਨੂੰ ਛੱਡ ਕੇ ਵਿਆਹ ਦੇ ਖੇਤਰ ਤੇ ਬੰਦਸ਼ ਲਾਉਣ ਵਾਲੀ ਕੋਈ ਸਮਾਜਕ ਰੋਕ ਨਹੀਂ ਹੈ। ਪ੍ਰੰਤੂ ਭਾਰਤ ਵਿਚ ਅੰਤਰ-ਜ਼ਾਤੀ ਵਿਆਹ ਦਾ ਕਾਨੂੰਨ ਅੱਜ ਵੀ ਪ੍ਰਚੱਲਤ ਹੈ। ਭਾਵੇਂ ਕਿ ਕੋਈ ਕਬੀਲੇ ਨਹੀਂ ਹਨ ਪ੍ਰੰਤੂ ਭਾਰਤੀ ਸਮਾਜ ਅਜੇ ਵੀ ਕਬੀਲਾ ਪ੍ਰਣਾਲੀ ਦੀ ਝਲਕ ਮਾਰਦਾ

ਹੈ ਅਤੇ ਇਹ ਚੀਜ਼ ਵਿਆਹ ਦੇ ਕਾਨੂੰਨ ਤੋਂ ਸਾਫ਼ ਤੌਰ ਤੇ ਦੇਖੀ ਜਾ ਸਕਦੀ ਹੈ ਜੋ ਅੰਤਰ-ਜ਼ਾਤੀ ਵਿਆਹ ਦੇ ਆਲੇ-ਦੁਆਲੇ ਕੇਂਦਰਿਤ ਹੈ। ਇਹ ਗੱਲ ਨਹੀਂ ਹੈ ਕਿ ਸਪਿੰਦਾ (ਸਕੇ-ਸਬੰਧੀ) ਵਿਆਹ ਨਹੀਂ ਕਰ ਸਕਦੇ, ਪ੍ਰੰਤੂ ਇਹ ਕਿ ਸਗੋਤਰਾਂ (ਉਸੇ ਗੋਤਰ ਦੇ) ਦਾ ਵਿਆਹ ਘੋਰ ਅਪਰਾਧ ਮੰਨਿਆ ਜਾਂਦਾ ਹੈ।

ਇਸ ਲਈ ਆਪ ਵਾਸਤੇ ਇਸ ਤੱਥ ਤੋਂ ਇਲਾਵਾ ਕਿ ਭਾਰਤੀ ਲੋਕਾਂ ਲਈ ਸਜਾਤੀ ਵਿਆਹ ਓਪਰਾ ਹੈ, ਕੋਈ ਵੀ ਗੱਲ ਯਾਦ ਰੱਖਣੀ ਮਹੱਤਵਪੂਰਣ ਨਹੀਂ ਹੈ। ਭਾਰਤ ਦੇ ਵੱਖ ਵੱਖ ਗੋਤ ਅੰਤਰ-ਜ਼ਾਤੀ ਵਿਆਹ ਕਰਦੇ ਹਨ ਅਤੇ ਕਰਦੇ ਰਹੇ ਹਨ, ਇਸੇ ਤਰ੍ਹਾਂ ਦੂਜੇ ਗ੍ਰੋਹ ਵੀ ਕਰਦੇ ਹਨ ਜੋ ਟੋਟਮ ਅਰਥਾਤ ਦੇਵਾ ਨੂੰ ਮੰਨਦੇ ਹਨ। ਇਹ ਕਹਿਣਾ ਅੱਤਕਥਨੀ ਨਹੀਂ ਹੋਵੇਗਾ ਕਿ ਭਾਰਤ ਦੇ ਲੋਕਾਂ ਲਈ ਅੰਤਰ-ਜ਼ਾਤੀ ਵਿਆਹ ਧਰਮ ਸੂਤਰ (ਧਰਮ ਸਿਧਾਂਤ) ਹੈ ਅਤੇ ਕੋਈ ਵੀ ਇਸ ਦੀ ਉਲੰਘਣਾ ਕਰਨ ਦਾ ਹੌਂਸਲਾ ਨਹੀਂ ਕਰ ਸਕਦਾ। ਇਥੋਂ ਤੱਕ ਕਿ ਜ਼ਾਤਾਂ ਦੁਆਰਾ ਆਪਸ ਵਿਚ ਸਜਾਤੀ ਵਿਆਹ ਦੇ ਬਾਵਜੂਦ, ਅੰਤਰ ਜ਼ਾਤੀ ਵਿਆਹ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਅੰਤਰਜ਼ਾਤੀ ਵਿਆਹ ਦੀ ਉਲੰਘਣਾ ਕਰਨ ਤੇ ਸਜਾਤੀ ਵਿਆਹ ਦੀ ਉਲੰਘਣਾ ਕਰਨ ਨਾਲੋਂ ਵਧੇਰੇ ਸਖ਼ਤ ਦੰਡ ਦਿਤਾ ਜਾਂਦਾ ਹੈ। ਇਸ ਲਈ, ਤੁਸੀਂ ਸਹਿਜੇ ਹੀ ਦੇਖੋਗੇ ਕਿ ਜੇਕਰ ਅੰਤਰ ਜ਼ਾਤੀ ਵਿਆਹ ਇਕ ਧਰਮ-ਮਰਿਆਦਾ ਹੈ ਤਾਂ ਕੋਈ ਜ਼ਾਤ ਨਹੀਂ ਹੋ ਸਕਦੀ, ਕਿਉਂਕਿ ਅੰਤਰ ਜ਼ਾਤੀ ਵਿਆਹ ਦਾ ਭਾਵ ਹੈ ਸੰਯੋਜਨ। ਪ੍ਰੰਤੂ ਸਾਡੀਆਂ ਜ਼ਾਤਾਂ ਹਨ। ਜਿਥੋਂ ਤੱਕ ਭਾਰਤ ਦਾ ਸਬੰਧ ਹੈ, ਅੰਤਮ ਵਿਸ਼ਲੇਸ਼ਣ ਵਿਚ, ਜ਼ਾਤਾਂ ਬਣਾਉਣ ਤੋਂ ਭਾਵ ਹੈ, ਸਜਾਤੀ ਵਿਆਹ ਨੂੰ ਅੰਤਰ ਜ਼ਾਤੀ ਵਿਆਹ ਦੇ ਉਤੇ ਠੋਸਣਾ। ਐਪਰ ਮੁੱਢ ਵਿਚਲੀ ਅੰਤਰ ਜ਼ਾਤੀ ਵਿਆਹ ਵਾਲੀ ਆਬਾਦੀ ਵਿਚ ਸਜਾਤੀ ਵਿਆਹ (ਜੋ ਜ਼ਾਤ ਦੀ ਸਿਰਜਣਾ ਕਰਨ ਦੇ ਬਰਾਬਰ ਹੈ) ਬਾਰੇ ਆਸਾਨੀ ਨਾਲ ਪਤਾ ਲਗਾਉਣਾ ਬੜੀ ਗੰਭੀਰ ਸਮੱਸਿਆ ਹੈ, ਅਤੇ ਇਹ ਅੰਤਰ ਜ਼ਾਤੀ ਵਿਆਹ ਦੇ ਵਿਰੁੱਧ ਸਜਾਤੀ ਵਿਆਹ ਦੀ ਸੁਰੱਖਿਆ ਲਈ ਇਸਤੇਮਾਲ ਕੀਤੇ ਗਏ ਸਾਧਨਾਂ ਦੇ ਕਾਰਣ ਹੀ ਹੈ ਕਿ ਸਾਨੂੰ ਆਪਣੀ ਸਮੱਸਿਆ ਦਾ ਹੱਲ ਲੱਭਣ ਦੀ ਆਸ ਹੋ ਸਕਦੀ ਹੈ। ਇਸ ਤਰ੍ਹਾਂ ਸਜਾਤੀ ਵਿਆਹ ਨੂੰ ਅੰਤਰ ਜ਼ਾਤੀ ਵਿਆਹ ਤੇ ਠੋਸਣ ਦਾ ਭਾਵ ਹੈ ਜ਼ਾਤ ਦੀ ਸਿਰਜਣਾ ਕਰਨਾ। ਪ੍ਰੰਤੂ ਇਹ ਇਕ ਸੌਖਾ ਕੰਮ ਨਹੀਂ ਹੈ। ਆਉ ਅਸੀਂ ਇਕ ਫਰਜ਼ੀ ਗ੍ਰੋਹ ਨੂੰ ਲਈਏ ਜੋ ਆਪਣੇ ਆਪ ਨੂੰ ਇਕ ਜ਼ਾਤ ਬਣਾਉਣਾ ਚਾਹੁੰਦਾ ਹੈ ਅਤੇ ਵਿਸ਼ਲੇਸ਼ਣ ਕਰੀਏ ਕਿ ਇਹ ਆਪਣੇ ਆਪ ਨੂੰ ਸਜਾਤੀ ਵਿਆਹ ਬਣਾਉਣ ਲਈ ਕਿਹੜੇ ਸਾਧਨ ਅਪਣਾਵੇਗਾ। ਜੇਕਰ ਕੋਈ ਗ੍ਰੋਹ ਸਜਾਤੀ ਵਿਆਹ ਪ੍ਰਥਾ ਨੂੰ ਛੱਡ ਕੇ ਅੰਤਰ ਜ਼ਾਤੀ ਵਿਆਹ ਬਾਰੇ ਮਨਾਹੀ ਦੀ ਉਲੰਘਣਾ ਕਰਦਾ ਹੈ ਅਤੇ ਆਪਣੇ ਗ੍ਰੋਹ ਦੇ ਬਾਹਰ ਵਿਆਹ ਕਰ ਲੈਂਦਾ ਹੈ ਤਾਂ ਉਹ ਵਿਅਰਥ ਹੈ। ਖਾਸ ਕਰਕੇ ਜੇਕਰ ਸਜਾਤੀ ਵਿਆਹ ਸ਼ੁਰੂ ਹੋਣ ਤੋਂ ਪਹਿਲਾਂ, ਸਾਡੇ ਵਿਵਾਹਰਕ ਸਬੰਧਾਂ ਵਿਚ ਅੰਤਰ ਜ਼ਾਤੀ ਵਿਆਹ ਇਕ ਨਿਯਮ ਰਿਹਾ ਸੀ। ਫਿਰ, ਇਕ ਦੂਜੇ ਨਾਲ ਗੂੜ੍ਹੇ ਸਬੰਧ ਰੱਖਣ ਵਾਲੇ ਸਾਰੇ ਗ੍ਰੋਹਾਂ ਦੀ ਇਹ ਪ੍ਰਵਿਰਤੀ ਹੁੰਦੀ ਹੈ ਕਿ ਆਪਸ ਵਿਚ ਰਲ-ਮਿਲ ਕੇ ਘੁਲ-ਮਿਲ ਜਾਣ ਅਤੇ ਇਸ ਤਰ੍ਹਾਂ ਇਕ ਹਮਜ਼ਾਤੀ ਸਮਾਜ ਬਣਾਉਣ। ਜੇਕਰ ਜ਼ਾਤ ਬਣਨ ਦੇ ਹਿਤ ਵਿਚ ਇਸ ਪ੍ਰਵਿਰਤੀ ਨੂੰ ਜ਼ੋਰਦਾਰ ਢੰਗ ਨਾਲ ਰੋਕਣਾ ਹੈ, ਤਾਂ ਇਕ ਘੇਰੇ ਵਿਚ ਸੀਮਤ ਕਰਨਾ ਬਹੁਤ ਲਾਜ਼ਮੀ ਹੈ ਜਿਸਦੇ ਬਾਹਰ ਲੋਕਾਂ ਨੂੰ ਵਿਆਹ ਨਹੀਂ ਕਰਨਾ ਚਾਹੀਦਾ।

ਫਿਰ ਵੀ ਘੇਰੇ ਤੋਂ ਬਾਹਰੋਂ ਲੋਕਾਂ ਨੂੰ ਵਿਆਹ ਕਰਾਉਣ ਤੋਂ ਰੋਕਣ ਨਾਲ ਅੰਦਰੂਨੀ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ ਜਿਨ੍ਹਾਂ ਦਾ ਹੱਲ ਲੱਭਣਾ ਇੰਨਾ ਆਸਾਨ ਨਹੀਂ ਹੈ। ਮੋਟੇ ਤੌਰ ਤੇ ਇਕ ਆਮ ਗ੍ਰੋਹ ਵਿਚ ਦੋਵੇਂ ਅਰਥਾਤ ਮਰਦ ਅਤੇ ਇਸਤਰੀਆਂ ਲ ਗਭਗ ਬਰਾਬਰ ਦੀ ਗਿਣਤੀ ਵਿਚ ਹੁੰਦੇ ਹਨ ਅਤੇ ਆਮ ਤੌਰ ਤੇ ਇਕੋ ਉਮਰ ਦੇ ਲੋਕਾਂ ਵਿਚ ਸਮਾਨਤਾ ਹੁੰਦੀ ਹੈ। ਐਪਰ ਸਮਾਜ ਉਨ੍ਹਾਂ ਨੂੰ ਬਰਾਬਰ ਨਹੀਂ ਮੰਨਦਾ। ਉਸੇ ਸਮੇਂ, ਉਸ ਗ੍ਰੋਹ ਵਾਸਤੇ, ਜੋ ਆਪਣੇ ਆਪ ਨੂੰ ਇਕ ਜ਼ਾਤ ਬਣਾਉਣਾ ਚਾਹੁੰਦਾ ਹੈ, ਇਸਤਰੀ ਅਤੇ ਮਰਦ ਵਿਚਕਾਰ ਸਮਾਨਤਾ ਬਣਾਈ ਰੱਖਣਾ ਅੰਤਮ ਨਿਸ਼ਾਨਾ ਬਣ ਜਾਂਦਾ ਹੈ ਕਿਉਂਕਿ ਇਸ ਤੋਂ ਬਿਨਾਂ ਸਮਜਾਤੀ ਵਿਆਹ ਪ੍ਰਥਾ ਸਫਲ ਨਹੀਂ ਹੋ ਸਕਦੀ। ਦੂਜੇ ਸ਼ਬਦਾਂ ਵਿਚ, ਜੇਕਰ ਸਮਜਾਤੀ ਵਿਆਹ ਨੂੰ ਸੁਰੱਖਿਅਤ ਰੱਖਣਾ ਹੈ ਤਾਂ ਅੰਦਰੋਂ ਹੀ ਵਿਹਾਰਕ ਅਧਿਕਾਰ ਦੇਣੇ ਪੈਣਗੇ, ਨਹੀਂ ਤਾਂ ਗ੍ਰੋਹ ਦੇ ਮੈਂਬਰਾਂ ਨੂੰ ਜਿਵੇਂ ਵੀ ਉਹ ਕਰ ਸਕਦੇ ਹਨ ਆਪਣਾ ਖਿਆਲ ਰੱਖਣ ਲਈ ਘੇਰੇ ਤੋਂ ਬਾਹਰ ਜਾਣਾ ਪਵੇਗਾ। ਪ੍ਰੰਤੂ ਇਸ ਵਾਸਤੇ ਕਿ ਅੰਦਰੋਂ ਹੀ ਵਿਹਾਰਕ ਅਧਿਕਾਰ ਦੇ ਦਿਤੇ ਜਾਣ, ਇਹ ਉਨ੍ਹਾਂ ਗ੍ਰੋਹਾਂ ਵਾਸਤੇ ਜੋ ਆਪਣੇ ਆਪ ਨੂੰ ਇਕ ਜ਼ਾਤ ਬਣਾਉਣ ਦੀ ਖਾਹਸ ਰੱਖਦੇ ਹਨ, ਬਹੁਤ ਹੀ ਜ਼ਰੂਰੀ ਹੈ ਕਿ ਉਹ ਗ੍ਰੋਹ ਦੇ ਅੰਦਰ ਹੀ ਅੰਦਰ ਦੋਹਾਂ ਲਿੰਗਾਂ ਦੀਆਂ ਵਿਆਹ ਯੋਗ ਇਕਾਈਆਂ ਦੇ ਦਰਮਿਆਨ ਸੰਖਿਆਤਮਕ ਸਮਾਨਤਾ ਬਣਾਈ ਰੱਖਣ। ਇਹ ਕੇਵਲ ਇਸੇ ਤਰ੍ਹਾਂ ਦੀ ਸਮਾਨਤਾ ਬਣਾਈ ਰੱਖਣ ਨਾਲ ਹੀ ਹੈ ਕਿ ਗ੍ਰੋਹ ਦੀ ਲੋੜੀਂਦੀ ਸਮਜਾਤੀ ਵਿਆਹ ਦੀ ਪ੍ਰਥਾ ਉਸੇ ਤਰ੍ਹਾਂ ਬਰਕਰਾਰ ਰੱਖੀ ਜਾ ਸਕਦੀ ਹੈ, ਅਤੇ ਇਕ ਵੱਡੇ ਫਰਕ ਨਾਲ ਇਸ ਦਾ ਟੁੱਟ ਜਾਣਾ ਯਕੀਨੀ ਹੈ।

ਆਖ਼ਰਕਾਰ ਜ਼ਾਤ ਦੀ ਸਮੱਸਿਆ ਘੇਰੇ ਦੇ ਅੰਦਰ-ਅੰਦਰ ਦੋਨਾਂ ਲਿੰਗਾਂ ਵਿਚਕਾਰ ਵਿਆਹ ਯੋਗ ਇਕਾਈਆਂ ਦੇ ਅੰਤਰ ਦੀ ਸੋਧ ਕਰਨ ਦਾ ਸਮਾਧਾਨ ਵੀ ਕਰਦੀ ਹੈ। ਜੇਕਰ ਕੁਦਰਤ ਤੇ ਛੱਡ ਦਿੱਤਾ ਜਾਵੇ ਤਾਂ ਇਕਾਈਆਂ ਵਿਚਕਾਰਲੀ ਇਕਸਾਰਤਾ, ਜਿਸ ਦੀ ਵੱਧ ਲੋੜ ਹੈ, ਕੇਵਲ ਉਦੋਂ ਹੀ ਮਹਿਸੂਸ ਕੀਤੀ ਜਾ ਸਕਦੀ ਹੈ ਜੇਕਰ ਦੰਪਤੀ ਇਕ ਸਮੇਂ ਮਰੇ। ਪ੍ਰੰਤੂ ਇਸ ਤਰ੍ਹਾਂ ਕਦੇ ਕਦਾਈਂ ਹੁੰਦਾ ਹੈ। ਪਤੀ, ਪਤਨੀ ਤੋਂ ਪਹਿਲਾਂ ਮਰ ਸਕਦਾ ਹੈ ਅਤੇ ਇਸ ਤਰ੍ਹਾਂ ਇਕ ਇਸਤਰੀ ਫਾਲਤੂ ਹੋ ਜਾਵੇਗੀ, ਜਿਸ ਦਾ ਨਿਪਟਾਰਾ ਕਰਨਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਅੰਤਰ ਜ਼ਾਤੀ ਵਿਆਹ ਕਰਕੇ ਉਹ ਗ੍ਰੋਹ ਦੇ ਸਮਜਾਤੀ ਵਿਆਹ ਦੀ ਪ੍ਰਥਾ ਦੀ ਉਲੰਘਣਾ ਕਰੇਗੀ। ਇਸੇ ਢੰਗ ਨਾਲ ਹੋ ਸਕਦਾ ਹੈ ਪਤੀ ਜਿਊਂਦਾ ਰਹੇ ਅਤੇ ਪਤਨੀ ਮਰ ਜਾਵੇ ਅਤੇ ਉਹ ਇਕ ਫਾਲਤੂ ਆਦਮੀ ਬਣ ਜਾਵੇ, ਜਿਸ ਦਾ ਉਸ ਗ੍ਰੋਹ, ਭਾਵੇਂ ਉਹ ਉਸ ਸੋਗਮਈ ਮਾਤਮ ਕਰਕੇ ਉਸ ਨਾਲ ਹਮਦਰਦੀ ਪ੍ਰਗਟ ਕਰੇ, ਦੁਆਰਾ ਨਿਪਟਾਰਾ ਕੀਤਾ ਜਾਣਾ ਹੈ, ਨਹੀਂ ਤਾਂ ਉਹ ਜ਼ਾਤ ਤੋਂ ਬਾਹਰ ਵਿਆਹ ਕਰੇਗਾ ਅਤੇ ਸਮਜਾਤੀ ਵਿਆਹ ਦੀ ਪ੍ਰਥਾ ਨੂੰ ਤੋੜੇਗਾ। ਇਸ ਤਰ੍ਹਾਂ ਫ਼ਾਲਤੂ ਆਦਮੀ ਅਤੇ ਫਾਲਤੂ ਇਸਤਰੀ ਜੇਕਰ ਉਨ੍ਹਾਂ ਦਾ ਧਿਆਨ ਰਖਿਆ ਜਾਵੇ, ਜ਼ਾਤ ਲਈ ਖਤਰਾ ਪੈਦਾ ਕਰਦੇ ਹਨ, ਕਿਉਂਕਿ ਆਪਣੇ ਨਿਸ਼ਚਿਤ ਘੇਰੇ ਵਿਚ ਯੋਗ ਸਾਥੀ ਨਾ ਮਿਲਣ ਕਰਕੇ (ਜੇਕਰ ਉਨ੍ਹਾਂ ਤੇ ਹੀ ਛੱਡ ਦਿਤਾ ਜਾਵੇ, ਤਾਂ) ਉਹ ਸਾਥੀ ਨਹੀਂ ਲੱਭ ਸਕਦੇ, ਕਿਉਂਕਿ ਜੇਕਰ ਮਾਮਲੇ ਨੂੰ ਨਿਯਮਿਤ ਨਾ ਕੀਤਾ ਜਾਵੇ ਤਾਂ ਮੁਸ਼ਕਲ ਨਾਲ ਥੋੜੇ ਹੀ ਜੋੜੇ ਪੂਰੇ ਕੀਤੇ ਜਾ ਸਕਣਗੇ। ਬਹੁਤ ਸੰਭਵ ਹੈ ਕਿ ਉਹ ਸੀਮਾਂ ਦੀ ਉਲੰਘਣਾ ਕਰਨਗੇ, ਬਾਹਰ ਵਿਆਹ ਕਰਨਗੇ ਅਤੇ ਅਜਿਹਾ ਬਚਾ (ਘੇਰੇ ਵਿਚ) ਲਿਆਉਣਗੇ ਜੋ ਜ਼ਾਤ ਲਈ ਓਪਰਾ ਹੈ।

ਆਓ ਅਸੀਂ ਦੇਖੀਏ ਕਿ ਸਾਡਾ ਫਰਜ਼ੀ ਗ੍ਰੋਹ ਇਸ ਫਾਲਤੂ ਆਦਮੀ ਅਤੇ ਫਾਲਤੂ ਇਸਤਰੀ ਨਾਲ ਕੀ ਕਰੇਗਾ। ਪਹਿਲਾਂ ਅਸੀਂ ਫਾਲਤੂ ਇਸਤਰੀ ਦਾ ਕੇਸ ਲੈਂਦੇ ਹਾਂ। ਉਸ ਦਾ ਨਿਪਟਾਰਾ ਦੋ ਵੱਖ ਵੱਖ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਤਾਂ ਜੋ ਜ਼ਾਤ ਦੀ ਸਮਜ਼ਾਤ ਵਿਆਹ ਦੀ ਪ੍ਰਥਾ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਪਹਿਲਾ : ਉਸ ਨੂੰ ਉਸ ਦੇ ਮਿਰਤਕ ਪਤੀ ਦੀ ਚਿਤਾ ਵਿਚ ਸਾੜ ਦਿਉ ਅਤੇ ਉਸ ਤੋਂ ਛੁਟਕਾਰਾ ਪਾ ਲਵੋ। ਐਪਰ, ਇਹ ਲਿੰਗ ਅੰਤਰ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਇਕ ਅਵਿਹਾਰ ਢੰਗ ਹੈ। ਇਹ ਢੰਗ ਕੁਝ ਕੇਸਾਂ ਵਿਚ ਕੰਮ ਆ ਸਕਦਾ ਹੈ ਕੁਝ ਵਿਚ ਨਹੀਂ। ਸਿੱਟੇ ਵਜੋਂ ਹਰ ਇਕ ਫਾਲਤੂ ਔਰਤ ਦਾ ਇਸ ਤਰ੍ਹਾਂ ਨਿਪਟਾਰਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਹੱਲ ਤਾਂ ਬੜਾ ਸੌਖਾ ਹੈ ਪਰ ਇਸ ਉਤੇ ਅਮਲ ਕਰਨਾ ਬਹੁਤ ਔਖਾ ਹੈ। ਅਤੇ ਇਸ ਤਰ੍ਹਾਂ ਇਕ ਫਾਲਤੂ ਔਰਤ (ਇਕ ਵਿਧਵਾ), ਜੇਕਰ ਉਸਦਾ ਨਿਪਟਾਰਾ ਨਾ ਕੀਤਾ ਜਾਵੇ, ਗ੍ਰੋਹ ਵਿਚ ਹੀ ਰਹਿੰਦੀ ਹੈ: ਪ੍ਰੰਤੂ ਉਸ ਦੀ ਮੌਜੂਦਗੀ ਵਿਚ ਹੀ ਦੂਹਰਾ ਖਤਰਾ ਹੈ। ਉਹ ਜ਼ਾਤ ਤੋਂ ਬਾਹਰ ਵਿਆਹ ਕਰ ਸਕਦੀ ਹੈ ਅਤੇ ਸਮਜ਼ਾਤੀ ਵਿਆਹ ਪ੍ਰਥਾ ਦੀ ਉਲੰਘਣਾ ਕਰ ਸਕਦੀ ਹੈ, ਜਾਂ ਉਹ ਜ਼ਾਤ ਦੇ ਅੰਦਰ-ਅੰਦਰ ਹੀ ਵਿਆਹ ਕਰ ਸਕਦੀ ਹੈ ਅਤੇ ਮੁਕਾਬਲੇ ਰਾਹੀਂ ਜ਼ਾਤ ਵਿਚਲੀਆਂ ਉਨ੍ਹਾਂ ਸੰਭਾਵੀ ਵਹੁਟੀਆਂ ਦੇ ਵਿਆਹ ਦੇ ਮੌਕਿਆਂ ਤੇ ਨਾਜਾਇਜ਼ ਕਬਜ਼ਾ ਕਰ ਸਕਦੀ ਹੈ ਜੋ ਉਨ੍ਹਾਂ ਲਈ ਰਾਖਵੇਂ ਰੱਖੇ ਗਏ ਹਨ। ਇਸ ਲਈ ਉਹ ਹਰ ਤਰ੍ਹਾਂ ਨਾਲ ਇਕ ਖ਼ਤਰਾ ਹੈ, ਅਤੇ ਜੇਕਰ ਉਸ ਨੂੰ ਉਸ ਦੇ ਮਿਰਤਕ ਪਤੀ ਦੇ ਨਾਲ ਸਾੜਿਆ ਨਹੀਂ ਜਾ ਸਕਦਾ ਤਾਂ ਉਸ ਦਾ ਕੁਝ ਨਾ ਕੁਝ ਜ਼ਰੂਰ ਕਰਨਾ ਚਾਹੀਦਾ ਹੈ।

ਦੂਜਾ ਇਲਾਜ ਹੈ ਉਸ ਦੇ ਬਾਕੀ ਜੀਵਨ ਵਾਸਤੇ ਉਸ ਉਤੇ ਰੰਡੇਪਾ ਠੋਸਣਾ। ਜਿਥੋਂ ਤੱਕ ਵਾਸਤਵਿਕ ਸਿੱਟਿਆਂ ਦਾ ਸਬੰਧ ਹੈ, ਰੰਡੇਪਾ ਠੋਸਣ ਨਾਲੋਂ ਸਾੜਨਾ ਇਕ ਚੰਗੇਰਾ ਹੱਲ। ਇਕ ਵਿਧਵਾ ਨੂੰ ਸਾੜਨ ਨਾਲ ਉਹ ਤਿੰਨੇ ਹੀ ਬੁਰਾਈਆਂ ਖਤਮ ਹੋ ਜਾਂਦੀਆਂ ਹਨ ਜਿਹੜੀਆਂ ਇਕ ਫਾਲਤੂ ਔਰਤ ਵਿਚ ਭਰੀਆਂ ਹੋਈਆਂ ਹਨ। ਮਰ ਮੁੱਕ ਜਾਣ ਨਾਲ ਉਹ ਜ਼ਾਤ ਦੇ ਅੰਦਰ ਜਾਂ ਬਾਹਰ ਦੁਬਾਰਾ ਵਿਆਹ ਕਰਾਉਣ ਦੀ ਕੋਈ ਵੀ ਸਮੱਸਿਆ ਪੈਦਾ ਨਹੀਂ ਕਰਦੀ। ਪ੍ਰੰਤੂ ਲਾਜ਼ਮੀ ਰੰਡੇਪਾ ਸਾੜਨ ਨਾਲੋਂ ਚੰਗਾ ਹੈ ਕਿਉਂਕਿ ਇਹ ਵਧੇਰੇ ਵਿਵਹਾਰਕ ਹੈ। ਤੁਲਨਾਤਮਕ ਰੂਪ ਵਿਚ ਹਿਤਕਾਰੀ ਹੋਣ ਕਰਕੇ ਇਹ ਦੁਬਾਰਾ ਵਿਆਹ ਕਰਾਉਣ ਦੀ ਬੁਰਾਈ ਤੋਂ ਵੀ ਬਚਾਉਂਦਾ ਹੈ ਜਿਵੇਂ ਕਿ ਸਾੜਨਾ ਬਚਾਉਂਦਾਹੈ, ਪ੍ਰੰਤੂ ਇਹ ਗ੍ਰੋਹ ਦੇ ਸਦਾਚਾਰ ਦੀ ਸੁਰੱਖਿਆ ਕਰਨ ਵਿਚ ਅਸਮਰਥ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਔਰਤ ਲਾਜ਼ਮੀ ਰੰਡੇਪਾ ਕੱਟਦੀ ਹੈ, ਅਤੇ ਕੇਵਲ ਇਸ ਕਰਕੇ ਕਿ ਉਸ ਨੂੰ ਭਵਿੱਖ ਵਿਚ ਇਕ ਜਾਇਜ਼ ਪਤਨੀ ਬਣਨ ਦੇ ਹੱਕ ਤੋਂ ਵਾਂਝਿਆ ਰੱਖਿਆ ਗਿਆ ਹੈ। ਅਨੈਤਿਕ ਵਰਤਾਉ ਲਈ ਉਤਸ਼ਾਹ ਵੱਧ ਜਾਂਦਾ ਹੈ। ਪ੍ਰੰਤੂ ਇਹ ਕਿਸੇ ਵੀ ਤਰ੍ਹਾਂ ਅਜਿਹੀ ਮੁਸ਼ਕਲ ਨਹੀਂ ਹੈ ਜਿਸ ਤੇ ਕਾਬੂ ਨਾ ਪਾਇਆ ਜਾ ਸਕੇ। ਉਸ ਦੀ ਉਸ ਹਾਲਤ ਤੱਕ ਮਾਨਹਾਨੀ ਕੀਤੀ ਜਾ ਸਕਦੀ ਹੈ ਕਿ ਉਹ ਜ਼ਿਆਦਾ ਦੇਰ ਤੱਕ ਭਰਮਾਉਣ ਦਾ ਸਾਧਨ ਨਾ ਰਹੇ।

ਉਸ ਗ੍ਰੋਹ (ਗਰੁੱਪ) ਵਿਚ, ਜੋ ਆਪਣੇ ਆਪ ਨੂੰ ਇਕ ਜ਼ਾਤ ਬਣਾਉਣ ਦੀ ਖਾਹਸ਼ ਰੱਖਦਾ ਹੈ, ਫਾਲਤੂ ਆਦਮੀ ਦੀ ਸਮੱਸਿਆ ਵਧੇਰੇ ਮਹੱਤਵਪੂਰਣ ਅਤੇ ਵਧੇਰੇ ਮੁਸ਼ਕਲ ਹੈ। ਬਹੁਤ

ਪੁਰਾਣੇ ਸਮਿਆਂ ਤੋਂ ਹੀ ਔਰਤ ਦੇ ਮੁਕਾਬਲੇ ਵਿਚ ਆਦਮੀ ਦਾ ਪੱਲੜਾ ਭਾਰੀ ਰਿਹਾ ਹੈ। ਉਹ ਹਰ ਦਿਨ ਜੁਟ ਵਿਚ ਹਾਵੀ ਹੈ ਅਤੇ ਦੋਨਾਂ ਲਿੰਗਾਂ ਵਿਚੋਂ ਉਸਦੀ ਇੱਜ਼ਤ ਵਧੇਰੇ ਹੁੰਦੀ ਹੈ। ਔਰਤ ਉਤੇ ਆਦਮੀ ਦੇ ਇਸ ਰਵਾਇਤੀ ਉਚੇਰੇਪਣ ਕਰਕੇ ਉਸ ਦੀ ਇੱਛਾ ਬਾਰੇ ਹਮੇਸ਼ਾਂ ਉਸ ਦੀ ਰਾਇ ਲਈ ਗਈ ਹੈ। ਦੂਜੇ ਪਾਸੇ ਔਰਤ ਧਾਰਮਕ, ਸਮਾਜਕ ਅਤੇ ਆਰਥਕ ਸਭ ਪ੍ਰਕਾਰ ਦੇ ਅਨਿਆਈ ਮਨਾਹੀ ਹੁਕਮਾਂ ਦਾ ਸ਼ਿਕਾਰ ਹੁੰਦੀ ਰਹੀ ਹੈ। ਪ੍ਰੰਤੂ ਆਦਮੀ ਇਨ੍ਹਾਂ ਮਨਾਹੀ ਹੁਕਮਾਂ ਦਾ ਨਿਰਮਾਤਾ ਹੋਣ ਵਜੋਂ ਵਧੇਰੇ ਕਰਕੇ ਸਭ ਤੋਂ ਉਤੇ ਰਿਹਾ ਹੈ। ਇਸ ਸੂਰਤ ਵਿਚ ਤੁਸੀਂ ਇਕ ਜ਼ਾਤ ਦੇ ਅੰਦਰ ਫਾਲਤੂ ਆਦਮੀ ਨਾਲ ਉਸੇ ਤਰ੍ਹਾਂ ਦਾ ਵਰਤਾਉ ਨਹੀਂ ਕਰ ਸਕਦੇ ਜਿਹੋ ਜਿਹਾ ਫਾਲਤੂ ਔਰਤ ਨਾਲ ਕਰੋਗੇ

ਉਸ ਨੂੰ ਉਸ ਦੀ ਮਿਰਤਕ ਪਤਨੀ ਦੇ ਨਾਲ ਸਾੜਨ ਦੀ ਸਕੀਮ ਦੋ ਤਰ੍ਹਾਂ ਨਾਲ ਸੰਕਟ-ਪੂਰਣ ਹੈ, ਸਭ ਤੋਂ ਪਹਿਲਾਂ ਇਹ ਕੇਵਲ ਇਸ ਕਰਕੇ ਨਹੀਂ ਕੀਤਾ ਜਾ ਸਕਦਾ ਕਿ ਉਹ ਆਦਮੀ ਹੈ। ਦੂਜੇ ਜੇਕਰ ਕੀਤਾ ਵੀ ਜਾਵੇ, ਤਾਂ ਜ਼ਾਤ ਨੂੰ ਇਕ ਰਿਸ਼ਟ-ਪੁਸ਼ਟ ਆਦਮੀ ਦਾ ਘਾਟਾ ਪੈਂਦਾ ਹੈ। ਫਿਰ ਕੇਵਲ ਦੋ ਹੱਲ ਬਾਕੀ ਰਹਿ ਜਾਂਦੇ ਹਨ ਜਿਨ੍ਹਾਂ ਦੁਆਰਾ ਬੜੀ ਸੁਵਿਧਾਪੂਰਬਕ ਉਸ ਦਾ ਨਿਪਟਾਰਾ ਹੋ ਜਾਂਦਾ ਹੈ। ਸੁਵਿਧਾਪੂਰਬਕ ਮੈਂ ਇਸ ਕਰਕੇ ਕਹਿੰਦਾ ਹਾਂ, ਕਿਉਂਕਿ ਉਹ ਗ੍ਰੋਹ ਵਾਸਤੇ ਇਕ ਗਹਿਣਾ ਹੈ।

ਜਿਵੇਂ ਉਹ ਜੁਟ ਵਾਸਤੇ ਮਹੱਤਵਪੂਰਣ ਹੈ, ਸਮਜ਼ਾਤੀ ਵਿਆਹ ਪ੍ਰਥਾ ਉਸ ਤੋਂ ਵੀ ਵਧੇਰੇ ਮਹੱਤਵਪੂਰਣ ਹੈ ਅਤੇ ਜੋ ਹੱਲ ਕੱਢਿਆ ਜਾਣਾ ਹੈ ਉਸ ਨਾਲ ਦੋਹਾਂ ਦੀ ਤਸੱਲੀ ਹੋਣੀ ਚਾਹੀਦੀ ਹੈ। ਇਨ੍ਹਾਂ ਹਾਲਾਤਾਂ ਅਧੀਨ ਇਕ ਵਿਧਵਾ ਔਰਤ ਵਾਂਗ ਜੀਵਨ ਦੇ ਬਾਕੀ ਹਿੱਸੇ ਲਈ ਰੰਡਾ ਰਹਿਣ ਲਈ ਮਜਬੂਰ ਕਰਨਾ ਚਾਹੀਦਾ ਹੈ ਜਾਂ ਮੈਂ ਤਾਂ ਕਹਾਂਗਾ ਕਿ ਪ੍ਰੇਰਿਤ ਕਰਨਾ ਚਾਹੀਦਾ ਹੈ। ਇਹ ਹੱਲ ਬਿਲਕੁਲ ਔਖਾ ਨਹੀਂ ਹੈ, ਕਿਉਂਕਿ ਬਿਨਾਂ ਕਿਸੇ ਮਜਬੂਰੀ ਦੇ ਕਈਆਂ ਦਾ ਨਿਪਟਾਰਾ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਉਹ ਆਪਣੇ ਆਪ ਤੇ ਠੋਸੇ ਬ੍ਰਹਮਚਰਜ ਦਾ ਆਨੰਦ ਮਾਣਨ, ਜਾਂ ਆਪਣੀ ਮਰਜ਼ੀ ਨਾਲ ਇਕ ਕਦਮ ਹੋਰ ਅੱਗੇ ਵਧਕੇ, ਦੁਨੀਆਂ ਤੋਂ ਅਤੇ ਇਸ ਦੇ ਸੁਖ ਸਾਧਨਾ ਤੋਂ ਸੰਨਿਆਸ ਲੈ ਲੈਣ। ਪ੍ਰੰਤੂ ਮਨੁੱਖੀ ਸੁਭਾਅ ਨੂੰ ਦੇਖਦੇ ਹੋਏ, ਇਸ ਹੱਲ ਨੂੰ ਵੀ ਅਮਲੀ ਰੂਪ ਦਿਤਾ ਜਾਣਾ ਨਜ਼ਰ ਨਹੀਂ ਆਉਂਦਾ। ਦੂਜੇ ਪਾਸੇ, ਜਿਵੇਂ ਕਿ ਅਜਿਹਾ ਹੋਣ ਦੀ ਕਾਫ਼ੀ ਸੰਭਾਵਨਾ ਹੈ, ਜੇਕਰ ਫ਼ਾਲਤੂ ਆਦਮੀ ਜੁਟ ਦੀਆਂ ਸਰਗਰਮੀਆਂ ਵਿਚ ਜੁਟ ਦੇ ਸਦਾਚਾਰ ਲਈ ਖ਼ਤਰਾ ਹੈ। ਇਸ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ, ਭਾਵੇਂ ਬ੍ਰਹਮਚਰਜ ਉਸ ਕੇਸ ਵਿਚ ਸੌਖਾ ਹੈ ਜਿਥੇ ਇਹ ਸਫਲ ਹੁੰਦਾ ਹੈ, ਫਿਰ ਵੀ ਇਹ ਜ਼ਾਤ ਦੀਆਂ ਪਦਾਰਥਕ ਸੰਭਾਵਨਾਵਾਂ ਲਈ ਉਤਨਾ ਲਾਭਦਾਇਕ ਨਹੀਂ ਹੈ। ਜੇਕਰ ਉਹ ਜਾਇਜ਼ ਬ੍ਰਹਮਚਰਜ ਅਪਣਾ ਲੈਂਦਾ ਹੈ ਅਤੇ ਸੰਸਾਰ ਤੋਂ ਸੰਨਿਆਸ ਲੈ ਲੈਂਦਾ ਹੈ, ਤਾਂ ਉਹ ਜ਼ਾਤ ਦੀ ਸਜਾਤੀ ਵਿਆਹ ਪ੍ਰਥਾ ਜਾਂ ਜ਼ਾਤ ਦੇ ਸਦਾਚਾਰ ਦੀ ਸੁਰੱਖਿਆ ਲਈ ਕੋਈ ਖ਼ਤਰਾ ਨਹੀਂ ਬਣੇਗਾ ਜਿਵੇਂ ਕਿ ਬਿਨਾਂ ਕਿਸੇ ਸ਼ੱਕ ਦੇ ਉਸ ਤੋਂ ਖਤਰਾ ਹੁੰਦਾ ਹੈ ਜੇਕਰ ਉਹ ਗ੍ਰਿਹਸਥੀ ਵਿਅਕਤੀ ਬਣਿਆ ਰਹਿੰਦਾ। ਪ੍ਰੰਤੂ ਇਕ ਵੈਰਾਗੀ ਅਣਵਿਆਹੇ ਵਜੋਂ, ਜਿਥੋਂ ਤੱਕ ਉਸ ਦੀ ਜ਼ਾਤ ਦੀ ਪਦਾਰਥਕ ਭਲਾਈ ਦਾ ਸਬੰਧ ਹੈ, ਉਹ ਸਾੜੇ ਹੋਏ ਆਦਮੀ ਵਰਗਾ ਹੀ ਹੈ। ਇਕ ਜ਼ਾਤ, ਇਸ ਲਈ ਇਹ ਇਤਨੀ ਕੁ ਵੱਡੀ ਹੋਵੇ ਤਾਂ ਜੋ ਇਹ ਉਤਸ਼ਾਹਜਨਕ ਢੰਗ ਨਾਲ ਸਮੁਦਾਇਕ ਜੀਵਨ

ਬਤੀਤ ਕਰ ਸਕੇ ਨੂੰ ਖਾਸ ਨਫ਼ਰੀ ਤਕ ਬਰਕਰਾਰ ਰੱਖਣਾ ਲਾਜ਼ਮੀ ਹੈ। ਪ੍ਰੰਤੂ ਇਸ ਗੱਲ ਦੀ ਉਮੀਦ ਰੱਖਣੀ ਅਤੇ ਬ੍ਰਹਮਚਰਜ ਦਾ ਐਲਾਨ ਕਰਨਾ ਉਸੇ ਤਰ੍ਹਾਂ ਹੈ ਜਿਵੇਂ ਲਹੂ ਕੱਢਣ ਨਾਲ ਕਮਜ਼ੋਰੀ ਦਾ ਇਲਾਜ ਕਰਨਾ।

ਇਸ ਲਈ ਗਰੁੱਪ ਵਿਚਲੇ ਫਾਲਤੂ ਆਦਮੀ ਤੇ ਬ੍ਰਹਮਚਰਜ ਮੜ੍ਹਨਾ, ਸਿਧਾਂਤਕ ਤੌਰ ਤੇ ਅਤੇ ਅਮਲੀ ਤੌਰ ਤੇ ਦੋਵੇਂ ਤਰ੍ਹਾਂ ਅਸਫਲ ਹੈ। ਇਹ ਗੱਲਬਾਤ ਜ਼ਾਤ ਦੇ ਹਿੱਤ ਵਿਚ ਹੋਵੇਗੀ ਕਿ ਉਹ ਉਸ ਨੂੰ ਸੰਸਕ੍ਰਿਤ ਭਾਸ਼ਾ ਦੇ ਇਕ ਤਕਨੀਕੀ ਸ਼ਬਦ, 'ਗ੍ਰਹਿਸਥ' (ਜੋ ਪਰਿਵਾਰ ਨੂੰ ਵਧਾਉਂਦਾ ਹੈ) ਵਜੋਂ ਰੱਖੇ। ਪ੍ਰੰਤੂ ਸਮੱਸਿਆ ਤਾਂ ਉਸ ਨੂੰ ਜ਼ਾਤ ਦੇ ਅੰਦਰੋਂ ਹੀ ਇਕ ਪਤਨੀ ਦੇਣ ਦੀ ਹੈ। ਸ਼ੁਰੂ ਵਿਚ ਇਹ ਬਿਲਕੁਲ ਵੀ ਸੰਭਵ ਨਹੀਂ ਹੈ, ਕਿਉਂਕਿ ਇਕ ਜ਼ਾਤ ਵਿਚ ਮਰਿਆਦਾ ਅਨੁਸਾਰ ਅਨੁਪਾਤ ਇਕ ਔਰਤ ਪਿਛੇ ਇਕ ਆਦਮੀ ਰੱਖਣਾ ਪੈਣਾ ਹੈ ਅਤੇ ਕੋਈ ਵੀ ਵਿਆਹ ਦੇ ਦੋ ਮੌਕੇ ਹਾਸਲ ਨਹੀਂ ਕਰ ਸਕਦਾ, ਕਿਉਂਕਿ ਇਕ ਜ਼ਾਤ ਵਿਚ ਜੋ ਪੂਰੀ ਤਰ੍ਹਾਂ ਆਪਣੇ ਆਪ ਵਿਚ ਡੱਕੀ ਹੋਈ ਹੈ, ਵਿਆਹ ਯੋਗ ਔਰਤਾਂ ਦੀ ਸ਼੍ਰੇਣੀ ਵਿਚੋਂ ਜੋ ਅਜੇ ਵਿਆਹ ਯੋਗ ਨਹੀਂ ਹਨ, ਪਤਨੀ ਦਿਤੀ ਜਾ ਸਕਦੀ ਹੈ। ਇਹ ਸੱਚਮੁੱਚ ਹੀ ਫ਼ਾਲਤੂ ਆਦਮੀ ਦੇ ਕੇਸ ਵਿਚ, ਸਾਰੇ ਸੰਭਾਵੀ ਸਮਾਧਾਨ ਵਿਚੋਂ ਵਧੀਆ ਸਮਾਧਾਨ ਹੈ। ਇਸ ਤਰ੍ਹਾਂ ਨਾਲ ਉਸ ਨੂੰ ਜ਼ਾਤ ਦੇ ਅੰਦਰ ਹੀ ਰੱਖ ਲਿਆ ਜਾਂਦਾ ਹੈ। ਇਹ ਰਸਤਾ ਅਪਨਾ ਕੇ ਬਾਹਰ ਵਾਲੇ ਪਾਸੇ ਦੇ ਲਗਾਤਾਰ ਵਹਾਓ ਨੂੰ ਰੋਕ ਕੇ ਗਿਣਤੀ ਘੱਟ ਹੋਣ ਤੋਂ ਰੋਕੀ ਜਾ ਸਕਦੀ ਹੈ ਅਤੇ ਇਸ ਤਰ੍ਹਾਂ ਨਾਲ ਸਜਾਤੀ ਵਿਆਹ ਪ੍ਰਥਾ ਦੇ ਸਦਾਚਾਰ ਦੀ ਵੀ ਸੁਰੱਖਿਆ ਹੁੰਦੀ ਹੈ।

ਹੁਣ ਇਹ ਦੇਖਿਆ ਜਾਵੇਗਾ ਕਿ ਉਹ ਚਾਰ ਸਾਧਨ ਜਿਨ੍ਹਾਂ ਦੁਆਰਾ ਦੋਹਾਂ ਲਿੰਗਾਂ ਦਰਮਿਆਨ ਸੰਖਿਆ ਬਾਰੇ ਅੰਤਰ ਬੜੀ ਸੁਵਿਧਾ ਨਾਲ ਕਾਇਮ ਰਖਿਆ ਜਾਂਦਾ ਹੈ ਇਹ ਹਨ: (1) ਵਿਧਵਾ ਨੂੰ ਉਸ ਦੇ ਮਿਰਤਕ ਪਤੀ ਦੇ ਨਾਲ ਸਾੜਨਾ (2) ਲਾਜ਼ਮੀ ਵਿਧਵਾਪੁਣਾ-ਸਾੜਨ ਦਾ ਨਰਮ ਰੂਪ (3) ਰੰਡੇ ਉਤੇ ਬ੍ਰਹਮਚਰਜ ਠੋਸਣਾ ਅਤੇ (4) ਉਸ ਦਾ ਵਿਆਹ ਅਜਿਹੀ ਲੜਕੀ ਨਾਲ ਕਰਨਾ ਜੋ ਅਜੇ ਵਿਆਹਯੋਗ ਨਹੀਂ ਹੈ। ਜਿਵੇਂ ਮੈਂ ਉਪਰ ਕਿਹਾ ਹੈ, ਭਾਵੇਂ ਵਿਧਵਾ ਨੂੰ ਸਾੜਨਾ ਅਤੇ ਰੰਡੇ ਉਤੇ ਬ੍ਰਹਮਚਰਜ ਠੋਸਣਾ, ਆਪਣੀ ਸਜਾਤੀ ਵਿਆਹ ਪ੍ਰਥਾ ਨੂੰ ਸੁਰੱਖਿਅਤ ਰੱਖਣ ਲਈ ਯਤਨਸ਼ੀਲ ਗਰੁੱਪ ਵਾਸਤੇ ਸੰਦੇਹਜਨਕ ਸੇਵਾ ਹੈ, ਉਹ ਸਾਰੇ ਸਾਧਨਾ ਵਜੋਂ ਕੰਮ ਕਰਦੇ ਹਨ। ਪ੍ਰੰਤੂ ਸਾਧਨ, ਫੌਜੀ ਤਾਕਤ ਵਾਂਗ, ਜਦੋਂ ਆਜ਼ਾਦ ਕਰ ਦਿਤੇ ਜਾਣ ਜਾਂ ਹਰਕਤ ਵਿਚ ਲੈ ਆਂਦੇ ਜਾਣ ਕੋਈ ਨਾ ਕੋਈ ਸਿੱਟਾ ਕੱਢ ਲੈਂਦੇ ਹਨ। ਫਿਰ ਉਹ ਸਿੱਟਾ ਕੀ ਹੈ ਜੋ ਇਹ ਸਾਧਨ ਕੱਢਦੇ ਹਨ? ਉਹ ਸਮਾਜੀ ਵਿਆਹ ਪ੍ਰਥਾ ਦੀ ਸਿਰਜਣਾ ਕਰਦੇ ਹਨ ਅਤੇ ਇਸ ਨੂੰ ਸਥਾਈ ਬਣਾਉਂਦੇ ਹਨ, ਜਦ ਕਿ ਜ਼ਾਤ ਅਤੇ ਸਜਾਤੀ ਵਿਆਹ ਪ੍ਰਥਾ, ਜ਼ਾਤ ਦੀਆਂ ਵੱਖ ਵੱਖ ਪਰਿਭਾਸ਼ਾਵਾਂ ਦੇ ਸਾਡੇ ਵਿਸ਼ਲੇਸ਼ਣ ਦੇ ਅਨੁਸਰ ਇਕੋ ਅਤੇ ਉਹੀ ਚੀਜ਼ ਹਨ। ਇਸ ਤਰ੍ਹਾਂ ਇਨ੍ਹਾਂ ਸਾਧਨਾਂ ਦੀ ਹੋਂਦ ਜ਼ਾਤ ਦੇ ਸਮਰੂਪ ਹੈ ਅਤੇ ਜ਼ਾਤ ਵਿਚ ਇਹ ਸਾਧਨ ਸ਼ਾਮਲ ਹਨ।

ਇਹ ਮੇਰੀ ਰਾਇ ਅਨੁਸਾਰ ਜ਼ਾਤ-ਪਾਤ ਦੀ ਪ੍ਰਣਾਲੀ ਵਿਚ ਜ਼ਾਤ ਦੀ ਇਕ ਆਮ ਬਣਤਰ ਹੈ। ਆਉ ਹੁਣ ਅਸੀਂ ਇਨ੍ਹਾਂ ਸਮਾਨਤਾਵਾਂ ਤੋਂ ਹਿੰਦੂ ਸਮਾਜ ਦੀਆਂ ਜ਼ਾਤਾਂ ਵੱਲ ਆਈਏ ਅਤੇ ਉਨ੍ਹਾਂ ਦੀ ਬਣਤਰ (ਪ੍ਰਬੰਧ) ਬਾਰੇ ਪੜਤਾਲ ਕਰੀਏ। ਮੈਨੂੰ ਭੂਮਿਕਾ ਵਜੋਂ ਇਹ ਕਹਿਣ ਦੀ ਲੋੜ ਨਹੀਂ ਕਿ ਉਨ੍ਹਾਂ ਲੋਕਾਂ, ਜੋ ਅਤੀਤ ਨੂੰ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ ਹਨ,

ਦੇ ਰਸਤੇ ਵਿਚ ਬਹੁਤ ਸਾਰੇ ਛੁਪੇ ਹੋਏ ਖ਼ਤਰੇ ਹਨ, ਅਤੇ ਭਾਰਤ ਵਿਚ ਜ਼ਾਤ-ਪਾਤ ਦੀ ਪ੍ਰਥਾ ਇਕ ਬਹੁਤ ਪ੍ਰਾਚੀਨ ਸੰਸਥਾ ਹੈ। ਇਹ ਗੱਲ ਉਸ ਥਾਂ ਖ਼ਾਸ ਤੌਰ ਤੇ ਸਹੀ ਹੈ ਜਿਥੇ ਕੋਈ ਪ੍ਰਮਾਣਕ ਜਾਂ ਲਿਖਤੀ ਰਿਕਾਰਡ ਮੌਜੂਦ ਨਾ ਹੋਵੇ ਜਾਂ ਜਿਥੇ ਹਿੰਦੂਆਂ ਵਰਗੇ ਲੋਕ ਇਸ ਤਰ੍ਹਾਂ ਦੇ ਬਣੇ ਹੋਏ ਹੋਣ ਕਿ ਇਤਿਹਾਸ ਲਿਖਣਾ ਉਨ੍ਹਾਂ ਵਾਸਤੇ ਇਕ ਮੂਰਖਤਾ ਹੋਵੇ, ਕਿਉਂਕਿ ਦੁਨੀਆਂ ਉਨ੍ਹਾਂ ਲਈ ਨਾਸ਼ਮਾਨ ਹੈ। ਪ੍ਰੰਤੂ ਸੰਸਥਾਵਾਂ ਜ਼ਿੰਦਾ ਰਹਿੰਦੀਆਂ ਹਨ, ਭਾਵੇਂ ਲੰਬੇ ਸਮੇਂ ਲਈ ਉਨ੍ਹਾਂ ਦਾ ਰਿਕਾਰਡ ਅਣਲਿਖਿਆ ਪਿਆ ਰਹੇ, ਅਤੇ ਬਹੁਤੀ ਵਾਰੀ ਰਿਵਾਜ ਅਤੇ ਸਦਾਚਾਰ ਜੀਵ-ਪੱਥਰਾਂ ਦਾ ਕੰਮ ਕਰਦੇ ਹਨ। ਇਹ ਆਪਣਾ ਇਤਿਹਾਸ ਆਪ ਦੱਸਦੇ ਹਨ। ਜੇਕਰ ਇਹ ਸੱਚ ਹੈ ਅਤੇ ਜੇਕਰ ਅਸੀਂ ਉਸ ਹੱਲ ਦੀ ਛਾਣ-ਬੀਣ ਕਰੀਏ ਜੋ ਹਿੰਦੂਆਂ ਨੇ ਫ਼ਾਲਤੂ ਆਦਮੀ ਅਤੇ ਫ਼ਾਲਤੂ ਔਰਤ ਦੀ ਸਮੱਸਿਆ ਦੂਰ ਕਰਨ ਵਾਸਤੇ ਲੱਭਿਆ, ਸਾਨੂੰ ਇਸ ਦਾ ਸਹੀ ਨਤੀਜਾ ਮਿਲ ਜਾਵੇਗਾ।

ਹਿੰਦੂਆਂ ਵਿਚ ਆਮ ਕਰਕੇ ਭਾਵੇਂ ਇਹ ਗੁੰਝਲਦਾਰ ਹੋਵੇ, ਪਰ ਓਪਰੀ ਦ੍ਰਿਸ਼ਟੀ ਨਾਲ ਦੇਖਣ ਵਾਲੇ ਲਈ ਵੀ ਹਿੰਦੂ ਸਮਾਜ ਔਰਤਾਂ ਸਬੰਧੀ ਤਿੰਨ ਅਜੀਬੋ-ਗ਼ਰੀਬ ਰਿਵਾਜ ਪੇਸ਼ ਕਰਦਾ ਹੈ ਅਰਥਾਤ :

(1) 'ਸਤੀ' ਭਾਵ ਵਿਧਵਾ ਨੂੰ ਉਸ ਦੇ ਮਿਰਤਕ ਪਤੀ ਦੀ ਚਿਤਾ ਵਿਚ ਸਾੜ ਦੇਣ।

(2) ਵਿਧਵਾਪੁਣਾ ਠੋਸਣਾ ਭਾਵ ਇਕ ਵਿਧਵਾ ਨੂੰ ਦੁਬਾਰਾ ਵਿਆਹ ਕਰਾਉਣ ਦੀ ਆਗਿਆ ਨਾ ਦੇਣੀ।

(3) ਛੋਟੀ ਉਮਰੇ ਲੜਕੀਆਂ ਦਾ ਵਿਆਹ।

ਇਸ ਤੋਂ ਇਲਾਵਾ ਇਹ ਗੱਲ ਵੀ ਦੇਖੀ ਜਾਂਦੀ ਹੈ ਕਿ ਰੰਡੇ ਲੋਕਾਂ ਵਿਚ ਸੰਨਿਆਸ (ਤਿਆਗ) ਦੀ ਲਾਲਸਾ ਵੀ ਹੈ ਪਰ ਕੁਝ ਕੇਸਾਂ ਵਿਚ ਇਹ ਸਿਰਫ ਮਨੋਵਿਰਤੀ ਕਾਰਨ ਵੀ ਹੋ ਸਕਦਾ ਹੈ।

ਜਿਥੋਂ ਤੱਕ ਮੈਂ ਜਾਣਦਾ ਹਾਂ, ਅੱਜ ਵੀ ਇਨ੍ਹਾਂ ਰਿਵਾਜਾਂ ਦੀ ਉਤਪੱਤੀ ਬਾਰੇ ਵਿਗਿਆਨਕ ਸਪੱਸ਼ਟੀਕਰਨ ਸਾਹਮਣੇ ਨਹੀਂ ਆ ਰਿਹਾ। ਸਾਨੂੰ ਇਹ ਦੱਸਣ ਲਈ, ਕਿ ਇਨ੍ਹਾਂ ਰਿਵਾਜਾਂ ਨੂੰ ਸਤਕਾਰਿਆ ਕਿਉਂ ਜਾਣਾ ਚਾਹੀਦਾ ਹੈ, ਕਾਫ਼ੀ ਫ਼ਲਸਫ਼ਾ ਹੈ ਪ੍ਰੰਤੂ ਇਹ ਦੱਸਣ ਲਈ ਕੁਝ ਨਹੀਂ ਕਿ ਇਨ੍ਹਾਂ ਦੀ ਉਤਪੱਤੀ ਅਤੇ ਮੌਜੂਦਗੀ ਦੇ ਕੀ ਕਾਰਨ ਸਨ। ਸਤੀ ਪ੍ਰਥਾ ਦਾ ਸਤਿਕਾਰ ਕੀਤਾ ਜਾਂਦਾ ਰਿਹਾ ਹੈ ਕਿਉਂਕਿ ਇਹ ਪਤੀ ਅਤੇ ਪਤਨੀ ਵਿਚਕਾਰ, "ਸਰੀਰ ਅਤੇ ਆਤਮਾ ਦਾ ਮੁਕੰਮਲ ਮਿਲਾਪ" ਅਤੇ "ਅੰਤਕਾਲ ਤੋਂ ਬਾਅਦ ਸਮਰਪਨ" ਦਾ ਸਬੂਤ ਹੈ। ਇਸ ਕਰਕੇ ਕਿ ਇਹ ਪਤਨੀਪਣ ਦੇ ਆਦਰਸ਼ ਨੂੰ ਸਾਕਾਰ ਕਰਦਾ ਹੈ। ਉਮਾ ਦੁਆਰਾ ਇਹ ਚੰਗੀ ਤਰ੍ਹਾਂ ਬਿਆਨ ਕੀਤਾ ਗਿਆ ਹੈ ਜਦੋਂ ਉਸ ਨੇ ਕਿਹਾ, "ਆਪਣੇ ਪਤੀ ਨੂੰ ਪੂਰਣ ਸਮਰਪਨ" ਹੀ ਪਤਨੀ ਦੀ ਇੱਜ਼ਤ ਹੈ, ਇਹ ਉਸਦਾ ਸਦੀਵੀ ਸਵਰਗ ਹੈ, ਅਤੇ ਇਹ ਉਹ ਇਕ ਦਿਲ ਨੂੰ ਛੂਹਣ ਵਾਲੀ ਮਨੁੱਖੀ ਫ਼ਰਿਆਦ ਵਿਚ ਕਹਿੰਦੀ ਹੈ "ਓ ਮਹੇਸ਼ਵਰਾ, ਜੇਕਰ ਮੇਰੇ ਨਾਲ ਤੁਹਾਡੀ ਤਸੱਲੀ ਨਹੀਂ ਹੁੰਦੀ ਤਾਂ ਮੈਨੂੰ ਬਹਿਸ਼ਤ ਦੀ ਵੀ ਲੋੜ ਨਹੀਂ"[੨]। ਮੈਨੂੰ ਇਹ ਨਹੀਂ ਪਤਾ ਕਿ ਲਾਜ਼ਮੀ ਵਿਧਵਾਪੁਣੇ ਨੂੰ ਸਤਕਾਰਿਆ ਕਿਉਂ ਜਾਂਦਾ ਹੈ, ਨਾ ਹੀ ਮੈਂ ਅਜੇ ਤੱਕ ਕਿਸੇ ਅਜਿਹੇ ਵਿਅਕਤੀ ਨੂੰ ਮਿਲਿਆ

੨. ਹਿਸਟਰੀ ਆਫ਼ ਕਾਸਟ ਇਨ ਇੰਡੀਆ, ੧੯੦੯ ਪੰਨਾ ੨-੩

ਹਾਂ ਜੋ ਇਸ ਦੇ ਸੋਹਲੇ ਗਾਉਂਦਾ ਹੋਵੇ, ਫਿਰ ਵੀ ਅਜਿਹੇ ਕਾਫ਼ੀ ਲੋਕ ਹਨ ਜੋ ਇਸ ਪ੍ਰਥਾ ਤੇ ਫਟੇ ਹੋਏ ਹਨ। ਲੜਕੀ ਵਿਆਹ (ਛੋਟੀ ਉਮਰੇ) ਦੇਣ ਬਾਰੇ ਕੀਤੀ ਗਈ ਉਸਤਤ ਬਾਰੇ ਡਾ. ਕੇਤਕਰ ਦੱਸਦੇ ਹਨ"ਸੱਚਮੁੱਚ ਵਫ਼ਾਦਾਰ ਆਦਮੀ ਜਾਂ ਔਰਤ ਨੂੰ, ਉਸ ਤੋਂ ਇਲਾਵਾ ਜਿਸ ਨਾਲ ਉਹ ਵਿਆਹਿਆ ਹੋਇਆ ਹੈ ਜਾਂ ਵਿਆਹੀ ਹੋਈ ਹੈ, ਕਿਸੇ ਦੂਜੀ ਔਰਤ ਜਾਂ ਆਦਮੀ ਪ੍ਰਤੀ ਵਿਆਹ ਤੋਂ ਬਾਅਦ ਹੀ ਨਹੀਂ ਪ੍ਰੰਤੂ ਵਿਆਹ ਤੋਂ ਪਹਿਲਾਂ ਵੀ ਲਾਜ਼ਮੀ ਹੈ, ਕਿਉਂਕਿ ਕੇਵਲ ਇਹੀ ਪਵਿੱਤਰਤਾ ਦਾ ਸਹੀ ਆਦਰਸ਼ ਹੈ। ਕਿਸੇ ਵੀ ਕੁਆਰੀ ਕੁੜੀ ਨੂੰ ਸ਼ੁੱਧ ਨਹੀਂ ਸਮਝਿਆ ਜਾ ਸਕਦਾ ਜੇਕਰ ਉਹ ਉਸ ਆਦਮੀ ਤੋਂ ਇਲਾਵਾ ਜਿਸ ਨਾਲ ਉਸ ਦਾ ਵਿਆਹ ਹੋਣਾ ਹੋਵੇ, ਕਿਸੇ ਹੋਰ ਆਦਮੀ ਨਾਲ ਪਿਆਰ ਕਰਦੀ ਹੋਵੇ। ਕਿਉਂਜੋ ਉਸ ਨੂੰ ਪਤਾ ਨਹੀਂ ਹੈ ਕਿ ਉਸ ਦਾ ਵਿਆਹ ਕਿਸ ਆਦਮੀ ਨਾਲ ਹੋਣਾ ਹੈ, ਇਸ ਲਈ ਉਸ ਨੂੰ ਵਿਆਹ ਤੋਂ ਪਹਿਲਾਂ ਕਿਸੇ ਵੀ ਆਦਮੀ ਪ੍ਰਤੀ ਮੋਹ ਦਾ ਅਨੁਭਵ ਨਹੀਂ ਕਰਨਾ ਚਾਹੀਦਾ। ਜੇਕਰ ਉਹ ਅਜਿਹਾ ਕਰਦੀ ਹੈ, ਤਾਂ ਇਹ ਪਾਪ ਹੈ। ਇਸ ਲਈ ਇਕ ਲੜਕੀ ਵਾਸਤੇ ਇਹ ਚੰਗਾ ਹੈ ਕਿ ਇਸ ਤੋਂ ਪਹਿਲਾਂ ਕਿ ਉਸ ਵਿਚ ਲਿੰਗ ਸਬੰਧੀ ਚੇਤਨਾ ਜਾਗੇ, ਉਹ ਇਹ ਜਾਣ ਜਾਵੇ ਕਿ ਉਸ ਨੇ ਕਿਸ ਨੂੰ ਪਿਆਰ ਕਰਨਾ ਹੈ"।[2] ਇਸ ਲਈ ਲੜਕੀ ਦੀ ਸ਼ਾਦੀ ਛੋਟੀ ਉਮਰੇ ਕੀਤੀ ਜਾਂਦੀ ਹੈ।

ਇਹ ਸ਼ਬਦ-ਆਡੰਬਰੀ ਅਤੇ ਜੁਗਤ ਪੂਰਣ ਝੂਠੀ ਦਲੀਲ ਇਹ ਦਰਸਾਉਂਦੀ ਹੈ ਕਿ ਇਨ੍ਹਾਂ ਸੰਸਥਾਵਾਂ ਦਾ ਸਤਿਕਾਰ ਕਿਉਂ ਕੀਤਾ ਜਾਂਦਾ ਰਿਹਾ ਹੈ। ਪ੍ਰੰਤੂ ਸਾਨੂੰ ਇਹ ਨਹੀਂ ਦੱਸਦੀ ਕਿ ਇਨ੍ਹਾਂ ਤੇ ਅਮਲ ਕਿਉਂ ਕੀਤਾ ਜਾਂਦਾ ਸੀ। ਮੇਰੀ ਆਪਣੀ ਵਿਆਖਿਆ ਇਹ ਹੈ ਕਿ ਇਨ੍ਹਾਂ ਦਾ ਸਤਿਕਾਰ ਇਸ ਕਰਕੇ ਕੀਤਾ ਜਾਂਦਾ ਸੀ ਕਿਉਂਕਿ ਇਨ੍ਹਾਂ ਤੇ ਅਮਲ ਕੀਤਾ ਜਾਂਦਾ ਸੀ। ਕੋਈ ਵੀ ਵਿਅਕਤੀ ਜੋ 18ਵੀਂ ਸਦੀ ਵਿਚ ਵਿਅਕਤੀਵਾਦ ਦੁਆਰਾ ਜ਼ੋਰ ਫੜੇ ਜਾਣ ਬਾਰੇ ਥੋੜਾ ਜਿਹਾ ਵੀ ਜਾਣਦਾ ਹੈ, ਮੇਰੀ ਟਿੱਪਣੀ ਦੀ ਪ੍ਰਸੰਸਾ ਕਰੇਗਾ। ਸਾਰੇ ਸਮਿਆਂ ਵਿਚ ਅੰਦੋਲਨ ਹੀ ਹੁੰਦਾ ਹੈ ਜੋ ਬਹੁਤ ਮਹੱਤਵਪੂਰਣ ਹੁੰਦਾ ਹੈ ਅਤੇ ਇਸ ਨੂੰ ਉਚਿਤ ਸਿੱਧ ਕਰਨ ਅਤੇ ਇਸ ਦਾ ਇਖ਼ਲਾਕੀ ਸਮਰਥਨ ਕਰਨ ਲਈ ਫਲਸਫੇ ਇਸ ਦੇ ਇਰਦ-ਗਿਰਦ ਕਾਫ਼ੀ ਦੇਰ ਬਾਅਦ ਵਿਕਸਿਤ ਹੁੰਦੇ ਹਨ। ਇਸੇ ਢੰਗ ਨਾਲ ਮੈਂ ਇਸ ਗੱਲ ਤੇ ਜ਼ੋਰ ਦਿੰਦਾ ਹਾਂ ਕਿ ਇਹ ਸੱਚਾਈ ਹੈ ਕਿ ਇਨ੍ਹਾਂ ਰਿਵਾਜਾਂ ਦਾ ਬਹੁਤ ਗੁਣ ਗਾਣ ਕੀਤਾ ਜਾਂਦਾ ਸੀ ਅਤੇ ਇਹੀ ਸਚਾਈ ਸਾਬਤ ਕਰਦੀ ਹੈ ਕਿ ਉਨ੍ਹਾਂ ਨੂੰ ਆਪਣੀ ਹੋਂਦ ਲਈ ਗੁਣ ਗਾਣ ਦੀ ਲੋੜ ਸੀ। ਇਸ ਪ੍ਰਸ਼ਨ ਸਬੰਧੀ ਕਿ ਰਿਵਾਜ ਪੈਦਾ ਕਿਵੇਂ ਹੋਏ? ਮੈਂ ਦੱਸਦਾ ਹਾਂ। ਇਹ ਜ਼ਾਤ-ਪਾਤ ਦਾ ਢਾਂਚਾ ਤਿਆਰ ਕਰਨ ਲਈ ਲੋੜੀਂਦੇ ਸਨ। ਇਨ੍ਹਾਂ ਦੇ ਸਤਿਕਾਰ ਵਿਚ ਫਲਸਫਿਆਂ ਦੀ ਵਿਉਂਤ ਉਨ੍ਹਾਂ ਨੂੰ ਸਰਵ-ਸਵੀਕ੍ਰਿਤ ਕਰਨ ਵਾਸਤੇ ਜਾਂ ਗੋਲੀ ਉਤੇ ਸੋਨੇ ਦਾ ਪਾਣੀ ਚੜ੍ਹਾਉਣ ਲਈ ਜ਼ਰੂਰੀ ਸੀ। ਅਸੀਂ ਕਹਿ ਸਕਦੇ ਹਾਂ ਕਿ ਹੋ ਸਕਦਾ ਹੈ ਕਿ ਉਹ ਭੋਲੇ ਭਾਲੇ ਲੋਕਾਂ ਦੀ ਨੈਤਿਕ ਸਮਝ ਬੂਝ ਲਈ ਇੰਨੇ ਘਟੀਆ ਅਤੇ ਸਦਮਾ-ਜਨਕ ਹੋਣ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਮਧੁਰ (ਮਿੱਠੇ) ਬਣਾਉਣ ਦੀ ਲੋੜ ਸੀ। ਇਹ ਰਿਵਾਜ ਲਾਜ਼ਮੀ ਤੌਰ ਤੇ ਸਾਧਨਾ ਵਰਗੇ ਹੀ ਹਨ, ਭਾਵੇਂ ਕਿ ਇਨ੍ਹਾਂ ਦੀ ਨੁਮਾਇੰਦਗੀ ਆਦਰਸ਼ਾਂ ਵਜੋਂ ਕੀਤੀ ਜਾਂਦੀ ਹੈ। ਪ੍ਰੰਤੂ ਇਸ ਨਾਲ, ਸਾਨੂੰ ਉਨਾਂ ਵਿਚੋਂ ਨਿਕਲਕੇ ਸਿਟਿਆਂ ਨੂੰ ਸਮਝਣ ਤੋਂ ਬੇਸਮਝ ਨਹੀਂ ਹੋਣਾ ਚਾਹੀਦਾ। ਇਹ ਗੱਲ ਆਸਾਨੀ ਨਾਲ ਆਖੀ ਜਾ ਸਕਦੀ ਹੈ ਕਿ ਸਾਧਨਾਂ ਨੂੰ ਵਧੇਰੇ ਪ੍ਰਭਾਵਕਤਾ ਨਾਲ ਸਮਰੱਥ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ ਸੀ। ਇਕ ਸਾਧਨ

ਨੂੰ ਉਦੇਸ਼ ਆਖਣ ਵਿਚ ਕੋਈ ਹਾਨੀ ਨਹੀਂ ਹੈ ਸਿਵਾਏ ਇਸਦੇ ਕਿ ਇਹ ਆਪਣਾ ਵਾਸਤਵਿਕ ਭੇਸ ਵਟਾ ਲੈਂਦਾ ਹੈ। ਇਸ ਨਾਲ ਇਹ ਆਪਣੀ ਅਸਲੀ, ਸਾਧਨ ਦੀ ਪ੍ਰਵਿਰਤੀ ਤੋਂ ਵਾਂਝਾ ਨਹੀਂ ਰਹਿੰਦਾ। ਤੁਸੀਂ ਇਹ ਕਾਨੂੰਨ ਪਾਸ ਕਰ ਸਕਦੇ ਹੋ ਕਿ ਇਹ ਸਭ ਬਿੱਲੀਆਂ, ਕੁੱਤੇ ਹਨ। ਉਸੇ ਤਰ੍ਹਾਂ ਜਿਵੇਂ ਤੁਸੀਂ ਕਿਸੇ ਸਾਧਨ ਨੂੰ ਉਦੇਸ਼ ਕਹਿੰਦੇ ਹੋ। ਪ੍ਰੰਤੂ ਤੁਸੀਂ ਇੰਜ ਕਰਨ ਨਾਲ ਸਾਧਨਾਂ ਦੀ ਪ੍ਰਵਿਰਤੀ ਨੂੰ ਹੋਰ ਨਹੀਂ ਬਦਲ ਸਕਦੇ, ਜਿਵੇਂ ਤੁਸੀਂ ਬਿੱਲੀਆਂ ਨੂੰ ਕੁੱਤਿਆਂ ਵਿਚ ਬਦਲ ਨਹੀਂ ਸਕਦੇ। ਇਸਦੇ ਸਿੱਟੇ ਵਜੋਂ ਮੇਰਾ ਇਹ ਕਹਿਣਾ ਵਾਜਬ ਹੈ ਕਿ ਭਾਵੇਂ ਇਨ੍ਹਾਂ ਨੂੰ ਉਦੇਸ਼ ਸਮਝਿਆ ਜਾਵੇ ਜਾਂ ਸਾਧਨ ਸਮਝਿਆ ਜਾਵੇ, ਸਤੀ, ਠੋਸਿਆ ਹੋਇਆ ਵਿਧਵਾਪੁਣਾ ਅਤੇ ਛੋਟੀ ਲੜਕੀ ਦੀ ਸ਼ਾਦੀ, ਉਹ ਰਿਵਾਜ ਹਨ ਜੋ ਇਕ ਜ਼ਾਤ ਵਿਚ ਫਾਲਤੂ ਆਦਮੀ ਅਤੇ ਫਾਲਤੂ ਔਰਤ ਦੀ ਸਮੱਸਿਆ ਨੂੰ ਹੱਲ ਕਰਨ ਅਤੇ ਇਸਦੀ ਸਮਜ਼ਾਤੀ ਵਿਆਹ ਪ੍ਰਥਾ ਨੂੰ ਬਰਕਰਾਰ ਰੱਖਣ ਲਈ ਬਣਾਏ ਗਏ ਸਨ। ਇਨ੍ਹਾਂ ਰਿਵਾਜਾਂ ਤੋਂ ਬਿਨਾਂ ਸੁਨਿਸ਼ਚਿਤ ਸਮਜ਼ਾਤੀ ਵਿਆਹ ਪ੍ਰਥਾ ਨੂੰ ਸੁਰੱਖਿਅਤ ਨਹੀਂ ਸੀ ਰੱਖਿਆ ਜਾ ਸਕਦਾ। ਸਮਜ਼ਾਤੀ ਵਿਆਹ ਤੋਂ ਬਿਨਾਂ ਜ਼ਾਤ ਨਕਲੀ ਚੀਜ਼ ਹੈ।

ਭਾਰਤ ਵਿਚ ਜ਼ਾਤ ਦੀ ਬਣਤਰ ਅਤੇ ਸੁਰੱਖਿਆ ਦੇ ਪ੍ਰਬੰਧ ਬਾਰੇ ਵਿਆਖਿਆ ਕਰਨ ਤੋਂ ਬਾਅਦ, ਇਸ ਦੀ ਉਤਪੱਤੀ ਬਾਰੇ ਅਗਲਾ ਪ੍ਰਸ਼ਨ ਸੁਭਾਵਕ ਤੌਰ ਤੇ ਪੈਦਾ ਹੁੰਦਾ ਹੈ। ਉਤਪਤੀ ਦਾ ਪ੍ਰਸ਼ਨ ਹਮੇਸ਼ਾਂ ਹੀ ਪਰੇਸ਼ਾਨ ਕਰਨ ਵਾਲਾ ਪ੍ਰਸ਼ਨ ਹੈ ਅਤੇ ਜ਼ਾਤ-ਪਾਤ ਦੇ ਅਧਿਐਨ ਬਾਰੇ ਇਸ ਨੂੰ ਬੁਰੀ ਤਰ੍ਹਾਂ ਅਣਡਿੱਠ ਕੀਤਾ ਗਿਆ ਹੈ। ਕੁਝ ਨੇ ਇਸ ਪ੍ਰਸ਼ਨ ਨੂੰ ਅਣਡਿੱਠ ਕੀਤਾ ਹੈ ਅਤੇ ਕੁਝ ਇਸ ਨੂੰ ਟਾਲ ਗਏ ਹਨ। ਕੁਝ ਤਾਂ ਇਸ ਗਲੋਂ ਬੌਂਦਲ ਗਏ ਹਨ ਕਿ ਜ਼ਾਤ ਦੀ ਉਤਪੱਤੀ ਵਰਗੀ ਵੀ ਕੋਈ ਚੀਜ਼ ਹੋ ਸਕਦੀ ਹੈ। ਉਹ ਸੁਝਾਉ ਦਿੰਦੇ ਹਨ, "ਜੇਕਰ ਅਸੀਂ ਸ਼ਬਦ 'ਉਤਪੱਤੀ' ਬਾਰੇ ਆਪਣੇ ਸ਼ੌਂਕ ਤੇ ਕਾਬੂ ਨਹੀਂ ਪਾ ਸਕਦੇ ਤਾਂ ਸਾਨੂੰ ਇਹ ਸ਼ਬਦ ਬਹੁਵਚਨ ਦੇ ਰੂਪ ਵਿਚ ਅਰਥਾਤ "ਜ਼ਾਤ ਦੀਆਂ ਉਤਪੱਤੀਆਂ" ਵਜੋਂ ਵਰਤਣਾ ਚਾਹੀਦਾ ਹੈ। ਜਿਥੋਂ ਤੱਕ ਮੇਰਾ ਸਬੰਧ ਹੈ, ਮੈਂ ਭਾਰਤ ਵਿਚ ਜ਼ਾਤ-ਪਾਤ ਦੀ ਉਤਪੱਤੀ ਦੁਆਰਾ ਬੌਂਦਲਿਆ ਹੋਇਆ ਮਹਿਸੂਸ ਨਹੀਂ ਕਰਦਾ, ਕਿਉਂਜੋਮੈਂ ਪਹਿਲਾਂ ਪ੍ਰਮਾਣਤ ਕਰ ਚੁੱਕਾ ਹਾਂ ਕਿ ਸਜਾਤੀ ਵਿਆਹ ਪ੍ਰਥਾ ਜ਼ਾਤ ਦਾ ਇਕੋ ਇਕ ਵਿਸ਼ੇਸ਼ ਗੁਣ ਹੈ ਅਤੇ ਜਦੋਂ ਮੈਂ ਜ਼ਾਤ ਦੀ ਉਤਪੱਤੀ ਬਾਰੇ ਕਹਿੰਦਾ ਹਾਂ ਤਾਂ ਮੇਰਾ ਭਾਵ 'ਸਮਜ਼ਾਤੀ ਵਿਆਹ ਲਈ ਪ੍ਰਬੰਧ ਦੀ ਉਤਪੱਤੀ'।

ਦਬਾ ਨਾਲ ਲੋਕਪ੍ਰਿਯ ਬਣਾਏ ਗਏ, ਮੱ ਕਹਿਣ ਹੀ ਵਾਲਾ ਸੀ ਕਿ ਗੰਵਾਰੂ ਬਣਾਏ ਗਏ ਸਮਾਜ ਵਿਚ ਵਿਅਕਤੀਆਂ ਦਾ ਐਟਮੀ ਸੰਕਲਪ, ਰਾਜਨੀਤਕ ਵਿਖਿਆਨਾ ਵਿਚ ਸਭ ਤੋਂ ਵੱਡੀ ਠੱਗੀ ਹੈ। ਇਹ ਕਹਿਣਾ ਕਿ ਵਿਅਕਤੀ ਸਮਾਜ ਨੂੰ ਬਣਾਉਂਦੇ ਹਨ, ਮਾਮੂਲੀ ਗੱਲ ਹੈ, ਸਮਾਜ ਹਮੇਸ਼ਾਂ ਹੀ ਤਬਕਿਆਂ ਨਾਲ ਬਣਦਾ ਹੈ। ਸ਼੍ਰੇਣੀ-ਸੰਘਰਸ਼ ਦੇ ਸਿਧਾਂਤ ਦਾ ਦਾਅਵਾ ਕਰਨਾ ਅੱਤਕਥਨੀ ਹੋ ਸਕਦੀ ਹੈ, ਪਰ ਇਕ ਸਮਾਜ ਵਿਚ ਨਿਸ਼ਚਿਤ ਸ਼੍ਰੇਣੀਆਂ ਦੀ ਮੌਜੂਦਗੀ ਇਕ ਸੱਚਾਈ ਹੈ। ਉਨ੍ਹਾਂ ਦੇ ਆਧਾਰ ਵੱਖਰੇ-ਵੱਖਰੇ ਹੋ ਸਕਦੇ ਹਨ। ਉਹ ਆਰਥਕ ਜਾਂ ਵਿਦਵਾਨ ਜਾਂ ਸਮਾਜਕ ਹੋ ਸਕਦੇ ਹਨ, ਪ੍ਰੰਤੂ ਇਕ ਸਮਾਜ ਵਿਚ ਇਕ ਵਿਅਕਤੀ ਸਦਾ ਇਕ ਸ਼੍ਰੇਣੀ ਦਾ ਮੈਂਬਰ ਹੁੰਦਾ ਹੈ। ਇਹ ਸਰਵਵਿਆਪੀ ਸੱਚਾਈ ਹੈ ਅਤੇ ਪ੍ਰਾਚੀਨ ਹਿੰਦੂ ਸਮਾਜ ਇਸ ਨਿਯਮ ਤੋਂ ਵੱਖਰਾ ਨਹੀਂ ਹੋ ਸਕਦਾ। ਸੱਚ ਤਾਂ ਇਹ ਹੈ ਕਿ ਸਾਨੂੰ ਪਤਾ ਹੈ ਉਹ ਵੱਖਰਾ ਨਹੀਂ ਸੀ। ਜੇਕਰ

ਅਸੀਂ ਇਸ ਸਾਧਾਰਣ ਅਨੁਮਾਨ ਨੂੰ ਯਾਦ ਰੱਖੀਏ ਤਾਂ, ਜ਼ਾਤ-ਪਾਤ ਦੀ ਉਤਪੱਤੀ ਬਾਰੇ ਸਾਡਾ ਅਧਿਐਨ ਕਾਫ਼ੀ ਸੁਖਾਲਾ ਹੋ ਜਾਵੇਗਾ, ਕਿਉਂਕਿ ਅਸੀਂ ਇਹ ਪਤਾ ਲਗਾਉਣਾ ਹੈ ਕਿ ਕਿਸ ਤਰੀਕੇ ਨੇ ਆਪਣੇ ਆਪ ਨੂੰ ਸਭ ਤੋਂ ਪਹਿਲਾਂ ਇਕ ਜ਼ਾਤ ਬਣਾਇਆ। ਤਬਕਾ ਅਤੇ ਜ਼ਾਤ ਆਂਢੀ-ਗੁਆਂਢੀ ਹਨ ਅਤੇ ਕੇਵਲ ਵਿਸਤਾਰ ਹੀ ਇਨ੍ਹਾਂ ਦੋਹਾਂ ਨੂੰ ਵੱਖ ਕਰਦਾ ਹੈ। ਇਕ ਜ਼ਾਤ ਇਕ ਡੱਕਿਆ ਹੋਇਆ ਤਬਕਾ ਹੈ।

ਜ਼ਾਤ ਦੀ ਉਤਪੱਤੀ ਬਾਰੇ ਅਧਿਐਨ ਕਰਨ ਨਾਲ ਸਾਨੂੰ ਇਸ ਪ੍ਰਸ਼ਨ ਦਾ ਉੱਤਰ ਜ਼ਰੂਰ ਮਿਲਣਾ ਚਾਹੀਦਾ ਹੈ ਕਿ ਉਹ ਕਿਹੜਾ ਤਬਕਾ ਹੈ ਜਿਸ ਨੇ ਆਪਣੇ ਆਲੇ-ਦੁਆਲੇ "ਵਲਗਣ" ਬਣਾਈ? ਪ੍ਰਸ਼ਨ ਵਧੇਰੇ ਘੋਖਵਾਂ ਲੱਗ ਸਕਦਾ ਹੈ, ਪਰ ਇਹ ਢੁੱਕਵਾਂ ਹੈ ਅਤੇ ਇਸ ਪ੍ਰਸ਼ਨ ਦਾ ਉੱਤਰ,ਸਾਡੇ ਭਾਰਤ ਵਿਚ ਜ਼ਾਤਾਂ ਦੀ ਪੈਦਾਇਸ਼ ਅਤੇ ਵਿਕਾਸ ਦੇ ਰਹੱਸ ਨੂੰ ਸਪਸ਼ਟ ਕਰਨ ਵਿਚ ਸਾਡੀ ਸਹਾਇਤਾ ਕਰੇਗਾ। ਬਦਕਿਸਮਤੀ ਨਾਲ ਇਸ ਪ੍ਰਸ਼ਨ ਦਾ ਸਿੱਧਾ ਉੱਤਰ ਦੇਣਾ ਮੇਰੀ ਸ਼ਕਤੀ ਤੋਂ ਬਾਹਰ ਹੈ। ਮੈਂ ਇਸ ਦਾ ਕੇਵਲ ਅਪ੍ਰਤੱਖ ਰੂਪ ਵਿਚ ਉਤਰ ਦੇ ਸਕਦਾ ਹਾਂ। ਹੁਣੇ ਜਿਹੇ ਮੈਂ ਉਪਰ ਕਿਹਾ ਹੈ ਕਿ ਉਹ ਰਿਵਾਜ ਜਿਨ੍ਹਾਂ ਬਾਰੇ ਅਸੀਂ ਵਿਚਾਰ ਕਰ ਰਹੇ ਹਾਂ, ਹਿੰਦੂ ਸਮਾਜ ਵਿਚ ਪ੍ਰਚੱਲਤ ਸਨ। ਤੱਥਾਂ ਦੇ ਪੱਖ ਤੋਂ ਸਹੀ ਹੋਣਲਈ ਇਸ ਬਿਆਨ ਦੀ ਸ਼ਰਤ ਪੂਰੀ ਕਰਨਾ ਜ਼ਰੂਰੀ ਹੈ, ਕਿਉਂ ਜੋ ਇਹ ਰਿਵਾਜਾਂ ਦੀ ਮੌਜੂਦਗੀ ਦੀ ਸੰਸਾਰ ਵਿਆਪਕਤਾ ਨੂੰ ਦਰਸਾਉਂਦੀ ਹੈ। ਭਾਰਤ ਦਾ ਕਾਨੂੰਨਸਾਜ਼, ਮਨੂੰ, ਜੇਕਰ ਉਹ ਹੋਇਆ ਵੀ ਹੈ, ਸੱਚਮੁੱਚ ਹੀ ਇਕ ਦਲੇਰ ਆਦਮੀ ਸੀ। ਜੇਕਰ ਇਸ ਕਹਾਣੀ ਤੇ ਭਰੋਸਾ ਕਰ ਲਿਆ ਜਾਵੇ ਕਿ ਉਸ ਨੇ ਜ਼ਾਤ-ਪਾਤ ਦਾ ਕਾਨੂੰਨ ਸਾਨੂੰ ਦਿਤਾ, ਤਾਂ ਮਨੂੰ ਜ਼ਰੂਰ ਹੀ ਇਕ ਦਲੇਰ ਆਦਮੀ ਹੋਇਆ ਹੋਵੇਗਾ, ਅਤੇ ਉਹ ਲੋਕ ਜਿਨ੍ਹਾਂ ਨੇ ਉਸ ਦੀ ਵਿਵਸਥਾ ਨੂੰ ਸਵੀਕਾਰ ਕੀਤਾ ਲਾਜ਼ਮੀ ਤੌਰ ਤੇ ਉਨ੍ਹਾਂ ਲੋਕਾਂ ਨਾਲੋਂ ਬਿਲਕੁਲ ਵੱਖਰੇ ਹੋਣਗੇ ਜਿਨ੍ਹਾਂ ਨਾਲ ਸਾਡਾ ਵਾਹ ਪੈਂਦਾ ਹੈ। ਇਸ ਗੱਲ ਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਜ਼ਾਤ-ਪਾਤ ਦਾ ਕਾਨੂੰਨ ਦਿੱਤਾ ਗਿਆ ਸੀ। ਇਹ ਕਹਿਣਾ ਅਤਿਕਥਨੀ ਨਹੀਂ ਹੈ ਕਿ ਮਨੂੰ ਆਪਣੇ ਕਾਨੂੰਨ ਨਾਲੋਂ ਵਧੇਰੇ ਉਮਰ ਨਹੀਂ ਸੀ ਭੋਗ ਸਕਦਾ, ਕਿਉਂਕਿ ਉਹ ਕਿਹੜਾ ਤਬਕਾ ਹੈ ਜੋ ਕਿਸੇ ਆਦਮੀ ਦੀ ਕਲਮ ਦੁਆਰਾ ਆਪਣੀ ਮਾਣਹਾਨੀ ਕਰਵਾ ਕੇ ਪਸ਼ੂਆਂ ਵਾਲੇ ਰੁਤਬੇ ਵਾਸਤੇ ਆਤਮ ਸਮਰਪਣ ਕਰ ਸਕਦਾ ਸੀ। ਉਹ ਉਸ ਨੂੰ ਇੰਨਾ ਬਰਦਾਸ਼ਤ ਕਰਦਾ ਕਿ ਉਹ ਇਕ ਹੋਰ ਤਬਕਾ ਖੜ੍ਹਾ ਕਰਦਾ ਜੋ ਸਿਖਰ (ਸਭ ਤੋਂ ਸ੍ਰੇਸ਼ਟ) ਸੀ? ਜਦੋਂ ਤੱਕ ਉਹ ਜ਼ਾਮਲ ਨਾ ਹੁੰਦਾ ਅਤੇ ਸਾਰੀ ਆਬਾਦੀ ਉਸ ਦੀ ਅਧੀਨਗੀ ਨਾ ਮੰਨਦੀ, ਇਹ ਗੱਲ ਮੰਨੀ ਨਹੀਂ ਜਾ ਸਕਦੀ ਕਿ ਉਸ ਨੂੰ ਇਸ ਭੱਦੇ ਅਤੇ ਨਾਵਾਜਬ ਢੰਗ ਨਾਲ ਆਪਣੀ ਸਰਪ੍ਰਸਤੀ ਦੇਣ ਦੀ ਆਗਿਆ ਦਿਤੀ ਜਾ ਸਕਦੀ। "ਸੰਸਥਾਵਾਂ" (ਇੰਸਟੀਚਿਊਟਸ) ਨਾਂ ਦੀ ਉਸ ਦੀ ਪੁਸਤਕ ਉਤੇ ਇਕ ਝਾਤੀ ਮਾਰ ਕੇ ਹੀ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਮੈਂ ਮਨੂੰ ਪ੍ਰਤੀ ਥੋੜ੍ਹਾ ਕਠੋਰ ਜ਼ਰੂਰ ਲਗਾਂਗਾ ਪ੍ਰੰਤੂ ਮੈਨੂੰ ਯਕੀਨ ਹੈ ਕਿ ਮੇਰੇ ਜ਼ੋਰ ਵਿਚ ਉਸ ਦੀ ਰੂਹ ਨੂੰ ਮਾਰ ਦੇਣ ਜਿੰਨੀ ਤਾਕਤ ਨਹੀਂ ਹੈ। ਉਹ ਇਕ ਨਿਰਾਕਾਰ ਆਤਮਾ ਵਜੋਂ ਜਿਊਂਦਾ ਹੈ ਅਤੇ ਚੰਗਾ ਲਗਦਾ ਹੈ ਅਤੇ ਮੈਨੂੰ ਡਰ ਹੈ ਕਿ ਉਹ ਅਜੇ ਹੋਰ ਕਾਫ਼ੀ ਦੇਰ ਤਕ ਜੀਵਤ ਰਹੇਗਾ। ਮੈਂ ਇਕ ਗੱਲ ਤੁਹਾਨੂੰ ਜ਼ੋਰ ਨਾਲ ਕਹਿਣੀ ਚਾਹੁੰਦਾ ਹਾਂ ਕਿ ਮਨੂੰ ਨੇ ਜ਼ਾਤ-ਪਾਤ ਦਾ ਕਾਨੂੰਨ ਨਹੀਂ ਬਣਾਇਆ ਅਤੇ ਉਹ ਇਸ ਤਰ੍ਹਾਂ ਕਰ ਨਹੀਂ ਸੀ ਸਕਦਾ। ਜ਼ਾਤ-ਪਾਤ ਤਾਂ ਮਨੂੰ ਤੋਂ ਵੀ ਪਹਿਲਾਂ ਮੌਜੂਦ ਸੀ। ਉਹ

ਤਾਂ ਇਸ ਨੂੰ ਸਹਾਰਾ ਦੇਣ ਵਾਲਾ ਸੀ ਅਤੇ ਇਸ ਲਈ ਉਸਨੇ ਇਸਨੂੰ ਸਿਧਾਂਤਕ ਰੂਪ ਦਿਤਾ, ਪ੍ਰੰਤੂ ਨਿਸ਼ਚਿਤ ਰੂਪ ਵਿਚ ਉਸ ਨੇ ਵਰਤਮਾਨ ਹਿੰਦੂ ਸਮਾਜ ਦੀ ਤਰਤੀਬ ਨੂੰ ਕਾਨੂੰਨੀ ਰੂਪ ਨਹੀਂ ਦਿੱਤਾ ਅਤੇ ਨਾ ਹੀ ਉਹ ਇਸ ਤਰ੍ਹਾਂ ਕਰ ਸਕਦਾ ਸੀ। ਜ਼ਾਤ-ਪਾਤ ਦੇ ਮੌਜੂਦਾ ਨਿਯਮਾਂ ਦੇ ਵਰਗੀਕਰਣ ਅਤੇ ਜ਼ਾਤ-ਪਾਤ ਦੇ ਧਰਮ ਬਾਰੇ ਪ੍ਰਚਾਰ ਨਾਲ ਉਸ ਦਾ ਕੰਮ ਖਤਮ ਹੋ ਗਿਆ। ਜ਼ਾਤ-ਪਾਤ ਦੀ ਪ੍ਰਥਾ ਦਾ ਫੈਲਾਉਣਾ ਅਤੇ ਵਿਕਾਸ ਇੰਨਾ ਵੱਡਾ ਕੰਮ ਹੈ ਕਿ ਇਕ ਵਿਅਕਤੀ ਜਾਂ ਵਰਗ ਦੀ ਤਾਕਤ ਜਾਂ ਚਤੁਰਾਈ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਸਿਧਾਂਤ ਦੀ ਦਲੀਲ ਵੀ ਇਹੋ ਜਿਹੀ ਹੀ ਹੈ ਕਿ ਬ੍ਰਾਹਮਣ ਜ਼ਾਤ-ਪਾਤ ਦੇ ਜਨਮ ਦਾਤਾ ਸਨ। ਮਨੂੰ ਬਾਰੇ ਮੈਂ ਜੋ ਕੁਝ ਕਿਹਾ ਹੈ ਉਸ ਤੋਂ ਬਾਅਦ ਮੈਨੂੰ ਇਸ ਤੋਂ ਵੱਧ ਹੋਰ ਕਹਿਣ ਦੀ ਲੋੜਨਹੀਂ ਕਿ ਇਹ ਸੋਚ-ਵਿਚਾਰ ਲਈ ਗ਼ਲਤ ਅਤੇ ਹੈ।ਆਪਣੀ ਪੂਰੀ ਕਠੋਰਤਾ ਨਾਲ ਇਹ ਰਿਵਾਜ ਕੇਵਲ ਇਕ ਜ਼ਾਤ ਅਰਥਾਤ, ਬ੍ਰਾਹਮਣਾ ਵਿਚ ਮਿਲਦੇ ਹਨ, ਜਿਨ੍ਹਾਂ ਨੂੰ ਹਿੰਦੂ ਸਮਾਜ ਦੇ ਸ਼੍ਰੇਣੀ-ਬੱਧ ਸਮਾਜ ਵਿਚ ਸਭ ਤੋਂ ਉਚਾ ਸਥਾਨ ਪ੍ਰਾਪਤ ਹੈ। ਕਿਉਂਜੋ ਗੈਰ-ਬ੍ਰਾਹਮਣ ਜ਼ਾਤਾਂ ਵਿਚ ਉਨ੍ਹਾਂ ਦੀ ਮੌਜੂਦਗੀ ਅਮੌਲਿਕ ਹੈ ਇਸ ਲਈ ਉਨ੍ਹਾਂ ਦੀ ਪਾਲਣਾ ਨਾ ਤਾਂ ਕਰੜਾਈ ਨਾਲ ਕੀਤੀ ਜਾਂਦੀ ਹੈ ਅਤੇ ਨਾ ਹੀ ਮੁਕੰਮਲ ਤੌਰ ਤੇ ਹੁੰਦੀ ਹੈ। ਇਹ ਮਹੱਤਵਪੂਰਣ ਤੱਥ ਇਕ ਮਹੱਤਵਪੂਰਣ ਨਿਰੀਖਣ ਦੇ ਆਧਾਰ ਵਜੋਂ ਕੰਮ ਕਰਦਾ ਹੈ। ਜੇਕਰ ਗ਼ੈਰ-ਬ੍ਰਾਹਮਣ ਜ਼ਾਤਾਂ ਵਿਚ ਇਨ੍ਹਾਂ ਰਿਵਾਜਾਂ ਦੀ ਮੌਜੂਦਗੀ ਅਮੌਲਿਕ ਹੈ, ਜਿਵੇਂ ਕਿ ਬੜੀ ਆਸਾਨੀ ਨਾਲ ਦਿਖਾਇਆ ਜਾ ਸਕਦਾ ਹੈ, ਤਾਂ ਇਹ ਸਾਬਤ ਕਰਨ ਲਈ ਕਿਸੇ ਦਲੀਲ ਦੀ ਲੋੜ ਨਹੀਂ ਕਿ ਜ਼ਾਤ-ਪਾਤ ਦੀ ਸੰਸਥਾ ਦਾ ਪਿਤਾਮਾ ਕਿਹੜੀ ਜ਼ਾਤ ਹੈ। ਬ੍ਰਾਮਹਣ ਵਰਗ ਨੇ ਆਪਣੇ ਆਪ ਨੂੰ ਇਕ ਜ਼ਾਤ ਵਜੋਂ ਡੱਕੀ ਕਿਉਂ ਰੱਖਿਆ, ਇਕ ਵੱਖਰਾ ਪ੍ਰਸ਼ਨ ਹੈ, ਜਿਸ ਨੂੰ ਇਕ ਰੁਝੇਵੇਂ ਵਜੋਂ ਕਿਸੇ ਦੂਜੇ ਮੌਕੇ ਵਾਸਤੇ ਛੱਡਿਆ ਜਾ ਸਕਦਾ ਹੈ। ਪ੍ਰੰਤੂ ਇਨ੍ਹਾਂ ਰਿਵਾਜਾਂ ਦੀ ਸਖ਼ਤੀ ਨਾਲ ਪਾਲਣਾ ਕਰਨਾ ਅਤੇ ਸਾਰੀਆਂ ਪ੍ਰਾਚੀਨ ਸਭਿਆਤਾਵਾਂ ਵਿਚ ਪੁਰੋਹਤ ਵਰਗ ਦੁਆਰਾ ਸਮਾਜਕ ਸ੍ਰੇਸ਼ਟਤਾ ਦਾ ਝੂਠਾ ਹੱਕ ਜਮਾਉਣਾ ਇਸ ਚੀਜ਼ ਨੂੰ ਸਾਬਤ ਕਰਨ ਲਈ ਕਾਫ਼ੀ ਹਨ ਕਿ ਉਹ ਹੀ ਇਸ "ਗ਼ੈਰ-ਕੁਦਰਤੀ ਸੰਸਥਾ" ਦੇ ਜਨਮ ਦਾਤਾ ਸਨ ਜਿਸ ਦੀ ਨੀਂਹ ਇਨ੍ਹਾਂ ਗ਼ੈਰ-ਕੁਦਰਤੀ ਸਾਧਨਾ ਰਾਹੀਂ ਰੱਖੀ ਗਈ ਸੀ ਅਤੇ ਇਨ੍ਹਾਂ ਰਾਹੀਂ ਹੀ ਇਸ ਨੂੰ ਬਰਕਰਾਰ ਰੱਖਿਆ ਗਿਆ ਸੀ।

ਹੁਣ ਮੈਂ ਸਮੁੱਚੇ ਭਾਰਤ ਵਿਚ ਜ਼ਾਤ-ਪਾਤ ਦੀ ਪ੍ਰਥਾ ਦੇ ਵਿਕਾਸ ਅਤੇ ਫੈਲਣ ਬਾਰੇ ਪ੍ਰਸ਼ਨ ਸਬੰਧੀ ਆਪਣੇ ਪਰਚੇ ਦੇ ਤੀਜੇ ਹਿੱਸੇ ਵੱਲ ਆਉਂਦਾ ਹਾਂ। ਜਿਸ ਪ੍ਰਸ਼ਨ ਦਾ ਮੈਂ ਉੱਤਰ ਦੇਣਾ ਹੈ ਉਹ ਹੈ : ਜ਼ਾਤ-ਪਾਤ ਦੀ ਸੰਸਥਾ ਭਾਰਤ ਵਿਚ ਬਾਕੀ ਦੀ ਗ਼ੈਰ-ਬ੍ਰਾਹਮਣ ਆਬਾਦੀ ਵਿਚ ਕਿਵੇਂ ਫੈਲੀ? ਸਮੁਚੇ ਭਾਰਤ ਵਿਚ ਜ਼ਾਤਾਂ ਦੇ ਫੈਲਣ ਦੇ ਪ੍ਰਸ਼ਨ ਦੀ, ਉਤਪੱਤੀ ਦੇ ਪ੍ਰਸ਼ਨ ਨਾਲੋਂ ਵੀ ਭੈੜੀ ਦੁਰਦਸ਼ਾ ਹੋਈ ਹੈ। ਇਸ ਦਾ ਮੁੱਖ ਕਾਰਣ, ਜਿਵੇਂ ਮੈਨੂੰ ਪਰਤੀਤ ਹੁੰਦਾ ਹੈ, ਇਹ ਹੈ ਕਿ ਇਸਦੇ ਫੈਲਾਉ ਅਤੇ ਉਤਪੱਤੀ ਦੇ ਦੋ ਪ੍ਰਸ਼ਨ ਵੱਖ ਵੱਖ ਨਹੀਂ ਕੀਤੇ ਜਾਂਦੇ। ਇਹ ਵਿਦਵਾਨਾਂ ਵਿਚ ਇਕ ਆਮ ਵਿਸ਼ਵਾਸ ਦੇ ਕਾਰਨ ਹੈ ਕਿ ਜਾਂ ਤਾਂ ਜ਼ਾਤ-ਪਾਤ ਦੀ ਪ੍ਰਥਾ ਨੂੰ ਆਪਣਾ ਹੁਕਮ ਮਨਵਾਉਣ ਵਾਲਿਆਂ ਵਲੋਂ ਦੈਵੀ ਵਿਵਸਥਾ ਵਜੋਂ ਭਾਰਤ ਦੀ ਸਾਊ ਆਬਾਦੀ ਤੇ ਠੋਸਿਆ ਗਿਆ ਹੈ ਜਾਂ ਇਹ ਕਿ ਸਮਾਜਕ ਵਿਕਾਸ ਦੇ ਕਾਨੂੰਨ ਵਾਂਗ ਜੋ ਭਾਰਤ ਦੇ ਲੋਕਾਂ ਲਈ ਅਸਾਧਾਰਣ ਸੀ, ਇਸ ਦਾ ਵਿਕਾਸ ਹੋਇਆ ਹੈ।

ਮੈਂ ਪਹਿਲਾਂ, ਭਾਰਤ ਵਿਚ ਕਾਨੂੰਨ (ਸਾਜ਼ ਆਪਣਾ ਹੁਕਮ ਮਨਾਉਣ ਵਾਲਿਆਂ) ਨੂੰ ਲੈਣ ਦਾ ਪ੍ਰਸਤਾਵ ਕਰਦਾ ਹਾਂ। ਹਰ ਮੁਲਕ ਵਿਚ ਆਪਣਾ ਆਪਣਾ ਕਾਨੂੰਨ ਸਾਜ਼ ਹੁੰਦਾ ਹੈ, ਜੋ ਸੰਕਟ ਵੇਲੇ ਆਪ ਕਰ ਰਹੀ ਮਨੁੱਖਤਾ ਦਾ ਕਲਿਆਣ ਕਰਨ ਲਈ ਅਤੇ ਇਸ ਨੂੰ ਨਿਆਂ ਅਤੇ ਨੈਤਿਕਤਾ ਦੇ ਕਾਨੂੰਨ ਦੇਣ ਲਈ ਇਕ ਅਵਤਾਰ ਵਜੋਂ ਅੱਗੇ ਆਉਂਦਾ ਮਨੋਰਥ ਲਈ ਭੇੜਾ ਹੈ। ਬ੍ਰਾਹਮਣ ਕਈ ਗੱਲਾਂ ਲਈ ਕਸੂਰਵਾਰ ਹੋ ਸਕਦੇ ਹਨ, ਅਤੇ ਮੈਂ ਇਹ ਕਹਿਣ ਦਾ ਹੀਆ ਕਰਦਾ ਹਾਂ ਕਿ ਉਹ ਕਸੂਰਵਾਰ ਸਨ, ਪ੍ਰੰਤੂ ਗ਼ੈਰ-ਬ੍ਰਾਹਮਣ ਆਬਾਦੀ ਉਤੇ ਜ਼ਾਤ-ਪਾਤ ਦੀ ਪ੍ਰਥਾ ਨੂੰ ਥੋਪਣਦਾ ਜਿਗਰ ਉਨ੍ਹਾਂ ਵਿਚ ਨਹੀਂ ਸੀ। ਉਨ੍ਹਾਂ ਨੇ ਆਪਣੇ ਚਿਕਨੇ ਚੋਪੜੇ ਫਲਸਫੇ ਨਾਲ ਇਸ ਕ੍ਰਿਆ (ਪਰੋਸੈਸ) ਦੀ ਸਹਾਇਤਾ ਜ਼ਰੂਰ ਕੀਤੀ ਹੋਵੇਗੀ। ਉਨ੍ਹਾਂ ਨੇ ਆਪਣੀਆਂ ਯੋਜਨਾਵਾਂ ਨੂੰ ਆਪਣੇ ਹੱਦ-ਬੰਨਿਆਂ ਤੋਂ! ਪਰੇ ਨਹੀਂ, ਨਿਸਚਿਤ ਤੌਰ ਤੇ ਨਹੀਂ, ਧੱਕਿਆ ਹੋਵੇਗਾ। ਕਿਸੇ ਸਮਾਜ ਨੂੰ ਆਪਣੇ ਨਮੂਨੇ ਦੇ ਰਿਵਾਜ ਦੇਣ, ਕਿੰਨਾ ਆਨੰਦਮਈ, ਕਿੰਨਾ ਕਠਨ ਹੈ, ਕੋਈ ਇਸ ਵਿਚੋਂ ਆਨੰਦ ਮਾਣ ਸਕਦਾ ਹੈ ਅਤੇ ਇਸ ਦੇ ਵਾਧੇ ਦਾ ਗੁਣਗਾਣ ਕਰ ਸਕਦਾ ਹੈ, ਪ੍ਰੰਤੂ ਇਹ ਵਾਧਾ ਬਹੁਤ ਦੂਰ ਤਕ ਨਹੀਂ ਚਲ ਸਕਦਾ। ਮੇਰੇ ਹਮਲੇ ਦੀ ਪ੍ਰਬਲਤਾ ਗ਼ੈਰ-ਜ਼ਰੂਰੀ ਲੱਗ ਸਕਦੀ ਹੈ, ਪ੍ਰੰਤੂ ਮੈਂ ਤੁਹਾਨੂੰ ਵਿਸ਼ਵਾਸ ਦਿਵਾ ਸਕਦਾ ਹਾਂ ਕਿ ਇਹ ਬੇਲੋੜਾ ਨਹੀਂ ਹੈ। ਕੱਟੜਪੰਥੀ ਹਿੰਦੂਆਂ ਦੇ ਮਨ ਵਿਚ ਇਹ ਪੱਕਾ ਵਿਸ਼ਵਾਸ ਹੈ ਕਿ ਹਿੰਦੂ ਸਮਾਜ ਨੂੰ ਕਿਸੇ ਨਾ ਕਿਸੇ ਤਰ੍ਹਾਂ ਜ਼ਾਤ-ਪਾਤ ਦੀ ਪ੍ਰਥਾ ਦੇ ਢਾਂਚੇ ਵਿਚ ਢਾਲਿਆ ਗਿਆ ਸੀ ਅਤੇ ਇਹ ਇਕ ਅਜਿਹਾ ਸੰਗਠਨ ਹੈ ਜਿਸ ਦੀ ਸਿਰਜਣਾ ਬੜੀ ਸੂਝਬੂਝ ਨਾਲ ਸ਼ਾਸਤਰਾਂ ਦੁਆਰਾ ਕੀਤੀ ਗਈ ਸੀ। ਇਹ ਵਿਸ਼ਵਾਸ ਮਜੂਦ ਹੀ ਨਹੀਂ ਹੈ ਬਲਕਿ ਇਸ ਨੂੰ ਇਸ ਆਧਾਰ ਤੇ ਉਚਿਤ ਠਹਿਰਾਇਆ ਜਾ ਰਿਹਾ ਹੈ ਕਿ ਇਸ ਤੋਂ ਬਿਨਾਂ ਕਲਿਆਣ ਨਹੀਂ ਹੋ ਸਕਦਾ ਕਿਉਂਕਿ ਇਸ ਨੂੰ ਸ਼ਾਸਤਰਾਂ ਦੁਆਰਾ ਕਾਨੂੰਨੀ ਰੂਪ ਵਿਚ ਦਿਤਾ ਗਿਆ ਹੈ ਅਤੇ 'ਸ਼ਾਸਤਰ' ਕਦੇ ਵੀ ਗ਼ਲਤ ਨਹੀਂ ਹੋ ਸਕਦੇ। ਮੈਂ ਇਸ ਰਵੱਈਏ ਦੇ ਉਲਟੇ ਪਾਸੇ ਉਤੇ ਬਹੁਤ ਜ਼ੋਰ ਦਿੱਤਾ ਹੈ। ਇਸ ਕਰਕੇ ਨਹੀਂ ਕਿ ਧਾਰਮਿਕ ਪਵਿੱਤਰਤਾ ਦੀ ਨੀਂਹ ਵਿਗਿਆਨਕ ਆਧਾਰ ਦੇ ਰੱਖੀ ਹੋਈ ਹੈ। ਨਾ ਹੀ ਉਨ੍ਹਾਂ ਸੁਧਾਰਕਾਂ ਦੀ ਸਹਾਇਤਾ ਕਰਨ ਲਈ ਜੋ ਇਸ ਦੇ ਵਿਰੁੱਧ ਪਰਚਾਰ ਕਰਦੇ ਹਨ। ਪਰਚਾਰ ਨੇ ਜ਼ਾਤ-ਪਾਤ ਦੀ ਪ੍ਰਥਾ ਨੂੰ ਨਹੀਂ ਬਣਾਇਆ ਨਾ ਹੀ ਇਹ ਇਸ ਦਾ ਨਾਸ਼ ਕਰੇਗੀ। ਮੇਰਾ ਨਿਸ਼ਾਨਾ ਪ੍ਰਵਿਰਤੀ ਦੇ ਉਸ ਝੂਠਪੁਣੇ ਨੂੰ ਦਰਸਾਉਂਦਾ ਹੈ ਜਿਸਨੇ ਧਾਰਮਿਕ ਹੁਕਮ ਦਾ ਰੁਤਬਾ ਵਿਗਿਆਨਕ ਸਪਸ਼ਟੀਕਰਨ ਦੇ ਅਹੁਦੇ ਤਕ ਬੁਲੰਦ ਕਰ ਦਿਤਾ ਹੈ।

ਇਸ ਤਰ੍ਹਾਂ ਪੁਰਖ ਪੂਜਾ ਵਾਲਾ ਸਿਧਾਂਤ, ਭਾਰਤ ਵਿਚ ਜ਼ਾਤ-ਪਾਤ ਦੇ ਫੈਲਾਉ ਬਾਰੇ ਪਤਾ ਲਗਾਉਣ ਵਿਚ ਸਾਡੀ ਵਧੇਰੇ ਸਹਾਇਤਾ ਨਹੀਂ ਕਰਦਾ। ਪੱਛਮੀ ਵਿਦਵਾਨਾਂ, ਜੋ ਸ਼ਾਇਦ ਨਾਇਕ-ਭਗਤੀ ਪ੍ਰਤੀ ਜ਼ਿਆਦਾ ਸਮਰਪਿਤ ਨਹੀਂ ਹਨ, ਨੇ ਕੁਝ ਹੋਰ ਵਿਆਖਿਆਵਾਂ ਲਈ ਵੀ ਹੰਭਲਾ ਮਾਰਿਆ ਹੈ। ਉਨ੍ਹਾਂ ਅਨੁਸਾਰ ਉਹ "ਧੁਰੇ" ਜਿਨ੍ਹਾਂ ਜਿਨ੍ਹਾਂ ਦੇ ਦੁਆਲੇ ਭਾਰਤ ਵਿਚ ਵੱਖ ਵੱਖ ਜ਼ਾਤਾਂ ਬਣੀਆਂ ਹਨ : (1) ਕਿੱਤਾ, (2) ਕਬਾਇਲੀ ਸੰਗਠਨਾਂ ਦਾ ਪ੍ਰਚਲਨ ਆਦਿ, (3) ਨਵੇਂ ਵਿਸ਼ਵਾਸ ਦਾ ਉਥਾਨ, (4) ਦੋਗਲੀਆਂ ਜ਼ਾਤਾਂ ਅਤੇ (5) ਪਰਵਾਸ।

ਇਹ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ ਕਿ ਕੀ ਮਾਨਤਾ ਦੂਜੇ ਸਮਾਜਾਂ ਵਿਚ ਮੌਜੂਦ ਨਹੀਂ ਅਤੇ ਕੀ ਇਨ੍ਹਾਂ ਦਾ ਅਧਿਕਾਰ ਖੇਤਰ ਭਾਰਤ ਹੀ ਹੈ। ਜੇਕਰ ਉਨ੍ਹਾਂ ਦਾ ਅਧਿਕਾਰ ਖੇਤਰ ਭਾਰਤ

ਨਹੀਂ ਅਤੇ ਉਹ ਸਾਰੀ ਦੁਨੀਆਂ ਲਈ ਸਾਂਝੀਆਂ ਹਨ, ਤਾਂ ਇਸ ਦੇ ਕੀ ਕਾਰਨ ਹਨ ਕਿ ਉਨ੍ਹਾਂ ਨੇ ਇਸ ਗ੍ਰਹਿ ਦੇ ਕਿਸੇ ਦੂਜੇ ਹਿੱਸੇ ਉਤੇ ਜ਼ਾਤ ਕਿਉਂ ਨਹੀਂ "ਬਣਾਈ"? ਇਹ ਇਸ ਕਰਕੇ ਤਾਂ ਨਹੀਂ ਕਿ ਉਹ ਧਰਤੀਆਂ, ਵੇਦਾਂ ਦੀ ਇਸ ਧਰਤੀ ਨਾਲੋਂ ਵੱਧ ਪਵਿੱਤਰ ਹਨ, ਜਾਂ ਪ੍ਰਸਫੈਸਰਾਂ ਨੂੰ ਗਲਤੀ ਲੱਗੀ ਹੈ? ਮੈਨੂੰ ਡਰ ਹੈ ਕਿ ਬਾਅਦ ਦੀ ਗੱਲ ਠੀਕ ਹੈ।

ਕੁਝ ਲਿਖਾਰੀਆਂ ਨੇ ਆਪਣੇ ਆਪਣੇ ਸਿਧਾਂਤਾਂ ਲਈ, ਜੋ ਉਪੋ੍ਕਤ ਇਕ ਜਾਂ ਦੂਜੀ ਮਾਨਤਾ ਤੇ ਆਧਾਰਤ ਹਨ, ਦਾਅਵਾ ਕੀਤਾ ਹੈ। ਜ਼ਿਆਦਾ ਸਿਧਾਂਤਕਾਰੀ ਦੀ ਉਪਯੋਗਤਾ ਦੇ ਬਾਵਜੂਦ ਇਕ ਵਿਅਕਤੀ ਨੂੰ ਇਸ ਬਾਰੇ ਇਹ ਆਖਦਿਆਂ ਖੇਦ ਹੁੰਦਾ ਹੈ ਕਿ ਇਨ੍ਹਾਂ ਦੀ ਨੇੜੇ ਤੋਂ ਜਾਂਚ ਕਰਨ ਤੇ ਪਤਾ ਲਗਦਾ ਹੈ ਕਿ ਇਹ ਵਿਆਖਿਆਵਾਂ ਦੀ ਭਰਾਈ ਕਰਨ ਤੋਂ ਵੱਧ ਕੁਝ ਵੀ ਨਹੀਂ ਹਨ। ਇਸਦਾ ਸਬੂਤ ਮੈਥਿਊ ਆਰਨਲਡ (Methew Arnold) ਦੀ ਇਸ ਦਲੀਲ "ਸ਼ਾਨਦਾਰ ਨਾਂ ਜਿਸ ਵਿਚ ਸ਼ਾਨ ਵਾਲੀ ਕੋਈ ਵੀ ਚੀਜ਼ ਨਾ ਹੋਵੇ" ਜ਼ਾਤ ਬਾਰੇ ਅਜਿਹੇ ਹੀ ਕੁਝ ਵੱਖ ਵੱਖ ਸਿਧਾਂਤ ਹਨ ਜੋ ਸਰ ਡੈਨਜ਼ਿਲ ਇਬਟਸਨ (Sir Dangil Ibsten) ਸ੍ਰੀ ਨੈਸਫੀਲਡ (Mr. Nasfield) ਅਤੇ ਸਰ ਐਚ. ਰਿਸਲੇ (Sir H.Risley) ਦੁਆਰਾ ਪੇਸ਼ ਕੀਤੇ ਗਏ ਹਨ। ਇਨ੍ਹਾਂ ਸਾਰਿਆਂ ਦੀ ਇਕੱਠਿਆਂ ਆਲੋਚਨਾ ਕਰਨਾ ਇਹ ਕਹਿਣਾ ਹੋਵੇਗਾ ਕਿ ਉਹ ਰਸਮੀ ਤਰਕ ਦੇ ਆਤਮ-ਆਸਰਾ ਦੋਸ਼ ਦਾ ਵਿਗੜਿਆ ਹੋਇਆ ਰੂਪ ਹਨ। ਮਿਸਾਲ ਲਈ : ਸ੍ਰੀ ਨੈਸਫੀਲਡ ਕਹਿੰਦੇ ਹਨ "ਕਰਤੱਵ ਪਾਲਣਾ ਅਤੇ ਕੇਵਲ ਪਾਲਣਾ----ਹੀ ਇਕ ਬੁਨਿਆਦ ਸੀ ਜਿਸ ਉਤੇ ਭਾਰਤ ਵਿਚਲੀ ਸਾਰੀ ਜ਼ਾਤ-ਪਾਤ ਦੀ ਪ੍ਰਥਾ ਉਸਾਰੀ ਗਈ ਸੀ। ਪਰ ਉਸ ਨੂੰ ਯਾਦ ਕਰਾਉਣਾ ਠੀਕ ਹੀ ਹੋਵੇਗਾ ਕਿ ਉਹ ਉਪੋ੍ਕਤ ਬਿਆਨ ਦੇਕੇ ਸਾਡੇ ਵਿਚਾਰ ਨੂੰ ਪੂਰੀ ਤਰ੍ਹਾਂ ਪੇਸ਼ ਨਹੀਂ ਕਰ ਰਿਹਾ, ਵਿਹਾਰਕ ਤੌਰ ਤੇ ਜਿਸ ਦਾ ਭਾਵ ਇਹ ਕਹਿਣਾ ਹੈ ਕਿ ਭਾਰਤ ਵਿਚ ਜ਼ਾਤਾਂ ਕ੍ਰਿਆਸ਼ੀਲ ਜਾਂ ਵਿਵਸਾਇਕ ਹਨ, ਜੋਕਿ ਬੜੀ ਘਟੀਆ ਖੋਜ ਹੈ। ਅਸੀਂ ਅਜੇ ਸ੍ਰੀ ਨੈਸਫੀਲਡ ਪਾਸੋਂ ਇਹ ਜਾਣਨਾ ਹੈ ਕਿ ਅਜਿਹਾ ਕਿਉਂ ਹੈ ਕਿ ਇਕ ਵਿਵਸਾਇਕ ਗਰੁਪ ਇਕ ਵਿਵਸਾਇਕ ਜ਼ਾਤ ਬਣ ਬੈਠਾ? ਜੇ ਸ੍ਰੀ ਨੈਸਫੀਲਡ ਦਾ ਸਿਧਾਂਤ ਅਨੋਖਾ ਨਾ ਹੁੰਦਾ ਤਾਂ ਮੈਂ ਦੂਜੇ ਨਸਲ ਵਿਗਿਆਨੀਆਂ ਦੇ ਸਿਧਾਂਤਾਂ ਉਤੇ ਵਿਚਾਰ ਕਰਨ ਦਾ ਕੰਮ ਬੜੀ ਖੁਸ਼ੀ ਨਾਲ ਸ਼ੁਰੂ ਕਰ ਸਕਦਾ ਸੀ।"

ਜ਼ਾਤ-ਪਾਤ ਦੀ ਪ੍ਰਥਾ ਇਕ ਕੁਦਰਤੀ ਵਰਤਾਰਾ ਹਰਬਰਟ ਸਪੈਂਸਰ ਦੁਆਰਾ ਦਿੱਤੇ ਵਿਖੰਡਨ ਦੇ ਕਾਨੂੰਨ ਦੀ ਤਾਬੇਦਾਰੀ ਵਿਚ ਵਾਪਰੇ ਉਤਪੱਤੀ ਦੇ ਫਾਰਮੂਲੇ ਵਿਚ ਬਿਆਨ ਕੀਤਾ ਗਿਆ ਹੈ। ਇਹ "ਇਕ ਸਜੀਵ ਇਕਾਈ ਦੇ ਅੰਦਰ ਅੰਦਰ ਬਣਤਰ ਸਬੰਧੀ ਨਿਖੇੜਾ" ਵਾਂਗ ਕੁਦਰਤੀ ਹੈ, -ਕੱਟੜਪੰਥੀ ਹਿਮਾਇਤੀਆਂ ਦੀ ਸ਼ੈਲੀ ਦੀ ਵਰਤੋਂ ਕਰਨ ਲਈ ਜਾਂ ਸੁਜਣਨ ਵਿਗਿਆਨ ਦੇ ਕਾਨੂੰਨ ਸਿੱਧ ਕਰਨ ਵਾਸਤੇ ਆਰੰਭਕ ਯਤਨ ਹੈ ਜਿਵੇਂ ਸਾਰੇ ਉਸੇ ਛਲ ਕਪਟ ਵਾਲੇ ਵਰਗ ਨਾਲ ਸਬੰਧਤ ਹਨ ਜੋ ਜ਼ਾਤ-ਪਾਤ ਦੀ ਪ੍ਰਥਾ ਨੂੰ ਅਟੱਲ ਜਾਂ ਇਨ੍ਹਾਂ ਕਾਨੂੰਨਾਂ ਦਾ ਪੂਰਵ ਅਨੁਮਾਨ ਲਾਕੇ ਬੇਵੱਸ ਅਤੇ ਨਿਮਾਣੀ ਆਬਾਦੀ ਤੇ ਸੋਚ ਸਮਝ ਕੇ ਠੋਸੀ ਗਈ ਸਮਝਦੇ ਹਨ। ਮੈਂ ਹੁਣ ਤੁਹਾਡੇ ਅੱਗੇ ਇਸ ਵਿਸ਼ੇ ਤੇ ਆਪਣੇ ਵਿਚਾਰ ਰੱਖਾਂਗਾ।

ਆਰੰਭ ਵਿਚ ਹੀ ਇਹ ਯਾਦ ਕਰਨਾ ਸਾਡੇ ਲਈ ਸਮਝਦਾਰੀ ਵਾਲੀ ਗੱਲ ਹੋਵੇਗੀ ਕਿ ਹਿੰਦੂ ਸਮਾਜ, ਜੋ ਕਿ ਇਕ ਦੂਜੇ ਸਮਾਜਾਂ ਨਾਲ ਸਾਂਝਾ ਸੀ ਵੱਖ ਵੱਖ ਵਰਗਾਂ ਤੋਂ ਬਣਿਆ ਹੋਇਆ

ਸੀ ਅਤੇ ਸਭ ਤੋਂ ਪੁਰਾਣੇ ਮੰਨੇ ਵਰਗਾਂ ਵਿਚ (1) ਬ੍ਰਾਹਮਣ ਜਾਂ ਪੁਰੋਹਤ ਵਰਗ, (2) ਖਤਰੀ ਜਾਂ ਸੈਨਿਕ ਵਰਗ, (3) ਵੈਸ਼ ਜਾਂ ਵਪਾਰੀ ਵਰਗ ਅਤੇ (4) ਸ਼ੂਦਰ, ਜਾਂ ਕਾਰੀਗਰ ਅਤੇ ਹੇਠਲੇ ਦਰਜੇ ਦਾ ਵਰਗ ਸੀ। ਇਸ ਤੱਥ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਇਹ ਲਾਜ਼ਮੀ ਤੌਰ ਤੇ ਵਰਗ ਪ੍ਰਥਾ ਸੀ ਜਿਸ ਵਿਚ ਉਹ ਵਿਅਕਤੀ ਜੋ ਪੜ੍ਹ ਲਿਖ ਜਾਂਦੇ ਸਨ, ਆਪਣਾ ਵਰਗ ਬਦਲ ਸਕਦੇ ਸਨ ਅਤੇ ਇਸ ਲਈ ਵਰਗ ਆਪਣਾ ਅਮਲ ਬਦਲਦੇ ਸਨ। ਹਿੰਦੂਆਂ ਦੇ ਇਤਿਹਾਸ ਵਿਚ ਕਿਸੇ ਸਮੇਂ ਪੁਰੋਹਤ ਵਰਗ ਨੇ ਬਾਕੀ ਦੇ ਲੋਕਾਂ ਨਾਲੋਂ ਸਮਾਜਕ ਤੌਰ ਤੇ ਆਪਣੇ ਆਪ ਨੂੰ ਵੱਖ ਕਰ ਲਿਆ ਅਤੇ ਇਕ ਬੰਦ ਦਰਵਾਜ਼ੇ ਦੀ ਨੀਤੀ ਰਾਹੀਂ ਆਪਣੇ ਆਪ ਵਿਚ ਇਕ ਜ਼ਾਤ ਬਣ ਗਏ। ਦੂਜੇ ਵਰਗ ਕਿਰਤ ਦੀ ਸਮਾਜਕ ਵੰਡ ਦੇ ਕਾਨੂੰਨ ਦੇ ਅਧੀਨ ਹੁੰਦੇ ਹੋਏ ਨਿਖੜਦੇ ਚਲੇ ਗਏ, ਕੁਝ ਵੱਡੇ ਅਤੇ ਕੁਝ ਬਹੁਤ ਛੋਟੇ ਵਰਗ ਬਣ ਗਏ। ਵੈਸ਼ ਅਤੇ ਸ਼ੂਦਰ ਵਰਗਾਂ ਨੇ ਸਭ ਤੋਂ ਪਹਿਲਾਂ ਇਸ ਦਾ ਮੁੱਢ ਬੰਨ੍ਹਿਆਂ, ਜੋ ਅੱਜ ਦੀਆਂ ਵੱਖ ਵੱਖ ਜ਼ਾਤਾਂ ਦਾ ਸੋਮਾ ਬਣੇ। ਜਿਵੇਂ ਫੌਜੀ ਕਿੱਤਾ ਇਕ ਬਹੁਤ ਛੋਟੀ ਵੰਡ ਦੇ ਅਨੁਕੂਲ ਨਹੀਂ ਹੈ, ਖਤਰੀ ਵਰਗ ਨੇ ਆਪਣੇ ਆਪ ਨੂੰ ਸੈਨਿਕਾਂ ਅਤੇ ਪ੍ਰਬੰਧਕਾਂ ਵਿਚ ਵਖਰਿਆ ਲਿਆ ਹੋਵੇਗਾ।

ਸਮਾਜ ਦੀ ਇਹ ਉਪ-ਵੰਡ ਸੁਭਾਵਕ ਹੀ ਹੈ। ਪ੍ਰੰਤੂ ਇਨ੍ਹਾਂ ਉਪ-ਵੰਡਾਂ ਦੀ ਗ਼ੈਰ-ਕੁਦਰਤੀ ਚੀਜ਼ ਇਹ ਹੈ ਕਿ ਉਨ੍ਹਾਂ ਨੇ ਵਰਗ ਪ੍ਰਥਾ ਵਾਲੀ ਆਮ ਖੁੱਲ੍ਹ ਦੀ ਪ੍ਰਵਿਰਤੀ ਗੁਆ ਦਿਤੀ ਹੈ ਅਤੇ ਆਪੂੰ ਡੱਕੀਆਂ ਇਕਾਈਆਂ, ਜਿਨ੍ਹਾਂ ਨੂੰ ਜ਼ਾਤਾਂ ਕਿਹਾ ਜਾਂਦਾ ਹੈ, ਬਣ ਬੈਠੀਆਂ ਹਨ। ਸਵਾਲ ਪੈਦਾ ਹੁੰਦਾ ਹੈ: ਕੀ ਉਨ੍ਹਾਂ ਨੂੰ ਆਪਣੇ ਦਰਵਾਜ਼ੇ ਬੰਦ ਕਰਨ ਅਤੇ ਅੰਤਰ-ਵਿਵਾਹੀ ਬਣਨ ਲਈ ਮਜਬੂਰ ਕੀਤਾ ਗਿਆ ਸੀ, ਜਾਂ ਉਨ੍ਹਾਂ ਨੇ ਆਪਣੇ ਦਰਵਾਜ਼ੇ ਆਪਣੀ ਮਰਜ਼ੀ ਨਾਲ ਬੰਦ ਕੀਤੇ ਸਨ? ਮੈਂ ਕਹਿੰਦਾ ਹਾਂ ਕਿ ਇਸ ਉਤਰ ਵਿਚ ਕੁਝ ਸ਼ੱਕ ਹੈ: ਕੁਝ ਨੇ ਦਰਵਾਜ਼ਾ ਬੰਦ ਕਰ ਦਿਤਾ, ਦੂਜਿਆਂ ਨੂੰ ਆਪਣੇ ਵਿਰੁਧ ਦਰਵਾਜ਼ਾ ਬੰਦ ਮਿਲਿਆ। ਇਕ ਤਾਂ ਮਨੋਵਿਗਿਆਨਕ ਵਿਆਖਿਆ ਹੈ ਅਤੇ ਦੂਜੀ ਹੁਸ਼ਿਆਰੀ ਵਾਲੀ ਹੈ, ਪ੍ਰੰਤੂ ਉਹ ਪ੍ਰਸੰਸਾਤਮਕ ਹਨ ਅਤੇ ਦੋਵੇਂ ਹੀ ਸੰਪੂਰਨ ਰੂਪ ਵਿਚ ਜ਼ਾਤ ਬਣਨ ਦੇ ਘਟਨਾ ਕ੍ਰਮ ਨੂੰ ਬਿਆਨ ਕਰਨ ਲਈ ਜ਼ਰੂਰੀ ਹਨ।

ਪਹਿਲਾਂ ਮੈਂ ਮਨੋਵਿਗਿਆਨਕ ਵਿਆਖਿਆ ਲੈਂਦਾ ਹਾਂ। ਇਸ ਸਬੰਧ ਵਿਚ ਅਸੀਂ ਇਸ ਪ੍ਰਸ਼ਨ ਦਾ ਉੱਤਰ ਦੇਣਾ ਹੈ: ਇਹ ਉਪ ਵੰਡਾਂ ਜਾਂ ਵਰਗ, ਉਦਯੋਗਕ, ਧਾਰਮਕ ਜਾਂ ਹੋਰਵੇਂ ਆਪਣੇ ਆਪ ਵਿਚ ਡੱਕੇ ਜਾਂ ਅੰਤਰ-ਵਿਵਾਹੀ ਕਿਉਂ ਬਣੇ? ਮੇਰਾ ਉਤਰ ਹੈ ਕਿਉਂਕਿ ਬ੍ਰਾਹਮਣ ਅਜਿਹੇ ਸਨ। ਸਜਾਤੀ-ਵਿਵਾਹ ਜਾਂ ਪਰਦੇ ਵਿਚ ਰਹਿਣ ਦੀ ਪ੍ਰਥਾ ਹਿੰਦੂ ਸਮਾਜ ਵਿਚ ਇਕ ਫੈਸ਼ਨ ਸੀ ਅਤੇ ਕਿਉਂਜੋ ਇਸ ਦਾ ਮੁੱਢ ਬ੍ਰਾਹਮਣ ਜ਼ਾਤ ਤੋਂ ਸ਼ੁਰੂ ਹੋਇਆ, ਇਸ ਦੀ ਨਕਲ ਤਨੋਂ ਮਨੋਂ ਸਾਰੀਆਂ ਗ਼ੈਰ-ਬ੍ਰਾਹਮਣ ਉਪ-ਵੰਡਾਂ ਜਾਂ ਵਰਗਾਂ ਦੁਆਰਾ ਕੀਤੀ ਗਈ ਜੋ ਆਪਣੇ ਪ੍ਰੀਵਰਤਣ ਸਮੇਂ ਅੰਤਰ-ਵਿਆਹੀ ਜ਼ਾਤਾਂ ਬਣ ਗਏ ਹਨ। ਇਹ "ਨਕਲ ਦੀ ਹੀ ਛੂਤ" ਸੀ ਜਿਸ ਨੇ ਇਨ੍ਹਾਂ ਸਾਰੀਆਂ ਉਪ-ਵੰਡਾਂ ਨੂੰ ਜਕੜ ਲਿਆ ਅਤੇ ਉਨ੍ਹਾਂ ਨੂੰ ਨਿਖੇੜ ਕੇ ਜ਼ਾਤਾਂ ਦਾ ਰੂਪ ਦੇ ਦਿੱਤਾ। ਮਨੁੱਖੀ ਮਨ ਵਿਚ ਨਕਲ ਕਰਨ ਦੀ ਰੁਚੀ ਬਹੁਤ ਦ੍ਰਿੜ੍ਹ ਹੁੰਦੀ ਹੈ ਅਤੇ ਇਸ ਨੂੰ ਭਾਰਤ ਵਿਚ ਵੱਖ ਵੱਖ ਜ਼ਾਤਾਂ ਦੇ ਨਿਰਮਾਣ ਲਈ ਥੋੜੀ ਵਿਆਖਿਆ ਸਮਝਣ ਦੀ ਜ਼ਰੂਰਤ ਨਹੀਂ। ਇਹ ਇੰਨੀ ਦ੍ਰਿੜ੍ਹ ਹੁੰਦੀ ਹੈ ਕਿ ਵਾਲਟਰ ਬੇਜ-ਹੌਟ (Walte Bagihot) ਦਲੀਲ ਦਿੰਦੇ ਹਨ "ਸਾਨੂੰ ਨਕਲ ਨੂੰ ਸਵੈ-ਇਛਕ ਜਾਂ ਸੂਝ-ਬੂਝ ਵਾਲੀ ਭਾਵਨਾ ਵਜੋਂ ਵੀ ਨਹੀਂ ਸੋਚਣਾ

ਚਾਹੀਦਾ"। ਇਸਦੇ ਉਲਟ ਇਹ ਮਨ ਦੇ ਬੜੇ ਅਸਪਸ਼ਟ ਹਿਸਿਆਂ ਵਿਚ ਛੁਪੀ ਹੁੰਦੀ ਹੈ ਜਿਸ ਦਾ ਸੰਕਲਪ ਸੁਚੇਤ ਹੋ ਕੇ ਉਪਜਣ ਤੋਂ ਇੰਨਾਂ ਦੂਰ ਹੁੰਦਾ ਹੈ ਕਿ ਇਸ ਦੀ ਮੌਜੂਦਗੀ ਵੀ ਮਹਿਸੂਸ ਨਹੀਂ ਕੀਤੀ ਜਾ ਸਕਦੀ।ਇਹ ਸਦੀ ਅਗੇਤਰੇ ਹੀ ਕਲਪਨਾ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ, ਇਹ ਸਮੇਂ ਤੇ ਵੀ ਮਹਿਸੂਸ ਨਹੀਂ ਹੁੰਦੀ। ਸਾਡੀ ਪ੍ਰਵਿਰਤੀ ਦੇ, ਨਕਲ ਕਰਨ ਵਾਲੇ ਹਿਸੇ ਦੀ ਮੁੱਖ ਥਾਂ ਸਾਡਾ ਵਿਸ਼ਵਾਸ ਹੁੰਦਾ ਹੈ ਅਤੇ ਉਹ ਕਾਰਨ ਜਿਨ੍ਹਾਂ ਕਰਕੇ ਅਸੀਂ ਕਿਸੇ ਚੀਜ਼ ਤੇ ਵਿਸ਼ਵਾਸ ਕਰਨ ਲਈ ਪਹਿਲਾਂ ਹੀ ਆਪਣਾ ਸੁਝਾਅ ਬਣਾਉਂਦੇ ਹਾਂ ਕਿਸੇ ਚੀਜ਼ ਵਿਚ ਆਪਣੀ ਉਪਰਾਮਤਾ ਦਰਸਾਉਂਦੇ ਹਾਂ।ਇਹ ਸਾਡੀ ਪ੍ਰਵਿਰਤੀ ਦਾ ਸਭ ਤੋਂ ਅਸਪਸ਼ਟ (ਜਾਂ ਧੁੰਦਲਾ ਹਿਸਾ) ਹਨ। ਪ੍ਰੰਤੂ ਲਾਈ ਲੱਗ ਪੁਣੇ ਦੀ ਪ੍ਰਵਿਰਤੀ ਬਾਰੇ ਕੋਈ ਸ਼ੱਕ ਨਹੀਂ ਹੈ[੩]। ਨਕਲ ਕਰਨ ਦੀ ਇਸ ਰੁਚੀ ਨੂੰ ਗੈਬਰੀਅਲ ਟਾਰਡ (gabriel Tarde) ਦੁਆਰਾ ਵਿਗਿਆਨਕ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਜੋ ਨਕਲ ਕਰਨ ਦੇ ਤਿੰਨ ਕਾਨੂੰਨ ਨਿਰਧਾਰਤ ਕਰਦੇ ਹਨ। ਉਨ੍ਹਾਂ ਦੇ ਤਿੰਨਾਂ ਕਾਨੂੰਨਾਂ ਵਿਚੋਂ ਇਕ ਹੈ ਕਿ ਨਕਲ ਉਪਰਲੇ ਪਾਸੇ ਤੋਂ ਹੇਠਲੇ ਪਾਸੇ ਵੱਲ ਨੂੰ ਆਉਂਦੀ ਹੈ, ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ "ਜੇਕਰ ਮੌਕਾ ਦਿਤਾ ਜਾਵੇ ਤਾਂ ਸ੍ਰੇਸ਼ਟ ਵਰਗ ਹਮੇਸ਼ਾਂ ਅਤੇ ਹਰ ਥਾਂ ਆਪਣੇ ਆਗੂਆਂ, ਰਾਜਿਆਂ ਜਾਂ ਪ੍ਰਭੁਤਾ ਸੰਪੰਨ ਵਿਅਕਤੀਆਂ ਦੀ ਨਕਲ ਕਰੇਗਾ, ਅਤੇ ਇਸੇ ਤਰ੍ਹਾਂ, ਜੇਕਰ ਮੌਕਾ ਦਿਤਾ ਜਾਵੇ, ਤਾਂ ਲੋਕ ਆਪਣੇ ਸ੍ਰੇਸ਼ਟ ਵਰਗ ਦੀ ਨਕਲ ਕਰਨਗੇ"[੪] ਟਾਰਡ ਦੇ ਨਕਲ ਦੇ ਕਾਨੂੰਨਾਂ ਵਿਚੋਂ ਦੂਜਾ ਹੈ: ਨਕਲ ਦੀ ਮਾਤਰਾ ਜਾਂ ਤੀਬਰਤਾ ਫਾਸਲੇ ਦੇ ਅਨੁਪਾਤ ਵਿਚ ਉਲਟੇ ਤੌਰ ਤੇ ਵੱਖ ਵੱਖ ਹੁੰਦੀ ਹੈ, ਜਾਂ ਉਨ੍ਹਾਂ ਦੇ ਆਪਣੇ ਹੀ ਸ਼ਬਦਾਂ ਵਿਚ "ਉਹ ਚੀਜ਼ ਜਿਸ ਦੀ ਸਭ ਤੋਂ ਵੱਧ ਨਕਲ ਕੀਤੀ ਜਾਂਦੀ ਹੈ ਸਭ ਤੋਂ ਨੇੜੇ ਦੀਆਂ ਚੀਜ਼ਾਂ ਵਿਚੋਂ ਸਭ ਤੋਂ ਵਰਿਸ਼ਠ ਹੁੰਦੀ ਹੈ।ਦਰਅਸਲ, ਮਾਡਲ ਦੀ ਉਦਾਹਰਣ ਦਾ ਅਸਰ ਇਸਦੇ ਫਾਸਲੇ ਤੇ ਉਲਟੇ ਤੌਰ ਤੇ ਅਤੇ ਵਰਿਸ਼ਠਤਾ ਤੇ ਸਿੱਧੇ ਤੌਰ ਤੇ ਪ੍ਰਭਾਵਕਾਰੀ ਹੈ। ਇਸ ਫਾਸਲੇ ਨੂੰ ਇਸ ਦੇ ਸਮਾਜ-ਵਿਗਿਆਨਕ ਅਰਥਾਂ ਵਿਚ ਜਾਣਿਆ ਜਾਂਦਾ ਹੈ।ਪੁਲਾੜ ਵਿਚ ਕੋਈ ਵੀ ਓਪਰਾ ਆਦਮੀ ਕਿੰਨੀ ਵੀ ਦੂਰੀ ਤੇ ਕਿਉਂ ਨਾ ਹੋਵੇ, ਜੇਕਰ ਉਸ ਨਾਲ ਸਾਡੇ ਅਨੇਕ ਅਤੇ ਰੋਜ਼ਾਨਾ ਦੇ ਸਬੰਧ ਹਨ ਅਤੇ ਜੇਕਰ ਸਾਡੇ ਪਾਸ ਉਸ ਦੀ ਨਕਲ ਕਰਕੇ ਆਪਣੀਆਂ ਖਾਹਿਸ਼ਾਂ ਦੀ ਪੂਰਤੀ ਕਰਨ ਲਈ ਸਾਰੀਆਂ ਸਹੂਲਤਾਂ ਹਨ, ਤਾਂ ਉਹ ਇਸ ਨੁਕਤਾ ਨਿਗਾਹ ਤੋਂ ਸਾਡੇ ਨੇੜੇ ਹੀ ਹੈ। ਸਭ ਤੋਂ ਨੇੜੇ ਅਤੇ ਘੱਟ ਤੋਂ ਘੱਟ ਦੂਰੀ ਵਾਲੇ ਦੀ ਨਕਲ ਦਾ ਇਹ ਕਾਨੂੰਨ, ਉਸ ਉਦਾਹਰਣ ਦੀ ਕ੍ਰਮਵਾਰ ਅਤੇ ਨਿਰੰਤਰ ਪ੍ਰਵਿਰਤੀ ਬਾਰੇ ਦੱਸਦਾ ਹੈ ਜੋ ਸਮਾਜ ਦੇ ਉਚੇ ਵਰਗਾਂ ਦੁਆਰਾ ਕਾਇਮ ਕੀਤੀ ਗਈ ਹੈ"।[੫]

ਆਪਣੇ ਮਤ, ਕਿ ਕੁਝ ਜ਼ਾਤਾਂ ਨਕਲ ਦੁਆਰਾ ਬਣੀਆਂ ਸਨ, ਨੂੰ ਸਿਧ ਕਰਨ ਲਈ ਕਿਸੇ ਸਬੂਤ ਦੀ ਲੋੜ ਨਹੀਂ ਹੈ। ਮੈਨੂੰ ਲਗਦਾ ਹੈ ਕਿ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਇਸ ਗੱਲ ਦਾ ਪਤਾ ਲਗਾਇਆ ਜਾਵੇ ਕਿ ਕੀ ਨਕਲ ਦੁਆਰਾ ਜ਼ਾਤਾਂ ਬਣਾਉਣ ਲਈ ਅਤਿ

੩. ਫਿਜ਼ੀਕਸ ਐਂਡ ਪਾਲਿਟਿਕਸ (ਭੌਤਕੀ ਅਤੇ ਰਾਜਨੀਤੀ ਸ਼ਾਸ੍ਤਰ), ੧੯੧੫, ਪੰਨਾ ੬੦

੪. ਲਾਜ਼ ਆਫ਼ ਇਮੀਟੇਸ਼ਨ (ਨਕਲ ਕਰਨ ਦੇ ਸਿਧਾਂਤ) ਅਨੁਵਾਦ ਸ੍ਰੀ ਈ ਸੀ ਪਾਰਸਨਜ਼, ਪੰਨਾ ੨੧੭

੫. ਉਹੀ-ਪੰਨਾ ੨੨੪

ਮਹੱਤਵਪੂਰਣ ਹਾਲਾਤ ਹਿੰਦੂ ਸਮਾਜ ਵਿਚ ਮੌਜੂਦ ਹਨ ਜਾਂ ਨਹੀਂ। ਇਸ ਉਚ ਕੋਟੀ ਦੇ ਵਿਦਵਾਨ ਅਨੁਸਾਰ ਨਕਲ ਦੇ ਹਾਲਤ ਇਹ ਹਨ : (1) ਜਿਸ ਦੀ ਨਕਲ ਕੀਤੀ ਜਾਣੀ ਹੈ ਬਰਾਦਰੀ ਵਿਚ ਉਸ ਦੀ ਇਜ਼ਤ ਹੋਣੀ ਚਾਹੀਦੀ ਹੈ ਅਤੇ (2) ਬਰਾਦਰੀ ਦੇ ਮੈਂਬਰਾਂ ਵਿਚਕਾਰ "ਅਨੇਕ ਅਤੇ ਰੋਜ਼ਾਨਾ ਦੇ" ਸਬੰਧ ਹੋਣੇ ਲਾਜ਼ਮੀ ਹਨ। ਇਹ ਹਾਲਾਤ ਭਾਰਤ ਵਿਚ ਮੌਜੂਦ ਸਨ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਬ੍ਰਾਹਮਣ ਅਰਧ-ਪਰਮਾਤਮਾ ਹੈ ਅਤੇ ਲਗਭਗ ਅਪੂਰਣ-ਪਰਮਾਤਮਾ। ਉਹ ਇਕ ਪ੍ਰਥਾ ਕਾਇਮ ਕਰਦਾ ਹੈ ਅਤੇ ਦੂਜਿਆਂ ਨੂੰ ਉਸ ਵਿਚ ਢਾਲਦਾ ਹੈ। ਉਸ ਦੇ ਇਜ਼ਤ ਮਾਣ ਬਾਰੇ ਕਿੰਤੂ ਨਹੀਂ ਕੀਤਾ ਜਾ ਸਕਦਾ। ਉਹ ਪਰਮ ਸੁਖ ਅਤੇ ਚੰਗਿਆਈ ਦਾ ਸੋਮਾ ਹੈ। ਕੀ ਅਜਿਹਾ ਵਿਅਕਤੀ, ਜਿਸ ਨੂੰ ਗ੍ਰੰਥਾਂ ਨੇ ਰੱਬ ਦਾ ਰੂਪ ਦੇ ਦਿਤਾ ਹੋਵੇ ਅਤੇ ਪੁਰੋਹਤਾਂ ਨਾਲ ਭਰਪੂਰ ਜਨ-ਸਮੂਹ, ਜਿਸ ਦੀ ਪੂਜਾ ਕਰਦਾ ਹੋਵੇ, ਦਇਆ ਦੀ ਜਾਚਕ ਮਨੁੱਖਤਾ ਤੇ ਆਪਣੀ ਸ਼ਖਸੀਅਤ ਦਾ ਪ੍ਰਭਾਵ ਪਾਉਣ ਵਿਚ ਅਸਫਲ ਰਹਿ ਸਕਦਾ ਹੈ? ਜੇਕਰ ਇਹ ਕਹਾਣੀ ਸੱਚੀ ਹੈ ਤਾਂ ਉਸ ਨੂੰ ਸ੍ਰਿਸ਼ਟੀ ਦਾ ਅੰਤ ਕਿਉਂ ਸਮਝਿਆ ਜਾਂਦਾ ਹੈ? ਅਜਿਹੇ ਵਿਅਕਤੀ ਦੀ ਕੇਵਲ ਨਕਲ ਕਰਨਾ ਹੀ ਕਾਫ਼ੀ ਹੀਂ ਹੈ। ਪ੍ਰੰਤੂ ਘੱਟੋ ਘੱਟ ਉਸ ਦੀ ਨਕਲ ਤਾਂ ਕੀਤੀ ਜਾਵੇ। ਜੇ ਉਹ ਸਜਾਤੀ-ਵਿਆਹ ਪ੍ਰਥਾ ਦੀ ਵਲਗਣ ਵਿਚ ਰਹਿੰਦਾ ਹੈ ਤਾਂ ਕੀ ਦੂਜਿਆਂ ਨੂੰ ਉਸ ਦੇ ਪੂਰਨਿਆਂ ਤੇ ਨਹੀਂ ਚੱਲਣਾ ਚਾਹੀਦਾ। ਕਮਜ਼ੋਰ ਮਾਨਵਤਾ, ਭਾਵੇਂ ਇਹ ਮਹਾਨ ਵਿਦਵਾਨ ਜਾਂ ਛਿਛੋਹਰੀ ਨੌਕਰਾਣੀ ਵਿਚ ਰੂਪਮਾਨ ਹੋਵੇ, ਦਬ ਜਾਂਦੀ ਹੈ। ਹੋਰਵੇਂ ਇਸ ਤਰ੍ਹਾਂ ਕਦੇ ਵੀ ਨਹੀਂ ਹੋ ਸਕਦਾ। ਨਕਲ ਕਰਨਾ ਸੌਖਾ ਹੈ ਅਤੇ ਆਵਿਸ਼ਕਾਰ ਕਰਨਾ ਔਖਾ ਹੈ।

ਜ਼ਾਤਾਂ ਦੇ ਬਣਨ ਵਿਚ ਨਕਲ ਕੀਤੇ ਜਾਣ ਨੂੰ ਦਰਸਾਉਣ ਦਾ ਇਕ ਹੋਰ ਢੰਗ ਇਹ ਵੀ ਹੈ। ਉਨ੍ਹਾਂ ਰਿਵਾਜਾਂ ਬਾਰੇ ਜੋ ਜ਼ਾਤ ਦੇ ਵਿਕਸਿਤ ਹੋਣ ਦੇ ਦਿਨਾਂ ਵਿਚ ਇਸ ਢਾਂਚੇ ਦਾ ਸਮਰਥਨ ਕਰਦੇ ਸਨ, ਉਨ੍ਹਾਂ ਗ਼ੈਰ-ਬ੍ਰਾਹਮਣ ਵਰਗਾਂ ਦੇ ਵਤੀਰੇ ਨੂੰ ਸਮਝਿਆ ਜਾਵੇ, ਇਤਿਹਾਸ ਦੇ ਨਾਲ ਨਾਲ ਇਹ ਹਿੰਦੂਆਂ ਦੇ ਮਨਾਂ ਵਿਚ ਘਰ ਨਹੀਂ ਕਰ ਗਈ ਹੈ। ਅੱਜ ਤਕ ਇਹ ਬਿਨਾਂ ਕਿਸੇ ਸਹਾਰੇ ਤੋਂ ਚਿਪਕੀ ਹੋਈ ਹੈ। ਹੁਣ ਇਸ ਨੂੰ ਕਿਸੇ ਥੰਮ੍ਹੀ ਦੀ ਲੋੜ ਨਹੀਂ ਬਲਕਿ ਸਿਰਫ ਇਕ ਵਿਸ਼ਵਾਸ ਦੀ ਲੋੜ ਹੈ। ਇਹ ਕਿਸੇ ਤਲਾਬ ਦੀ ਸਤਹ ਉਤੇ ਜੜੀ ਬੂਟੀ ਵਾਂਗ ਜੰਮੀ ਹੋਈ ਹੈ। ਇਕ ਤਰ੍ਹਾਂ ਨਾਲ, ਪ੍ਰੰਤੂ ਕੇਵਲ ਇਕੋ ਤਰ੍ਹਾਂ ਨਾਲ ਹੀ ਹਿੰਦੂ ਸਮਾਜ ਵਿਚ ਜ਼ਾਤ-ਪਾਤ ਦਾ ਦਰਜਾ ਇਸ ਕਰਕੇ ਵੱਖ ਵੱਖ ਹੁੰਦਾ ਹੈ ਕਿ ਉਸ ਸਮਾਜ ਵਿਚ ਸਤੀ, ਠੋਸਿਆ ਹੋਇਆ ਵਿਧਵਾਪਣ ਅਤੇ ਛੋਟੀ ਉਮਰ ਦੀ ਲੜਕੀ ਦੇ ਵਿਆਹ ਬਾਰੇ ਰਿਵਾਜਾਂ ਦੀ ਪਾਲਣਾ ਕਿਸ ਹੱਦ ਤਕ ਕੀਤੀ ਜਾਂਦੀ ਹੈ। ਪ੍ਰੰਤੂ ਇਨ੍ਹਾਂ ਰਿਵਾਜਾਂ ਦੀ ਪਾਲਣਾ ਸਿਧੇ ਤੌਰ ਤੇ ਉਸ ਫਾਸਲੇ (ਮੈਂ ਇਹ ਸ਼ਬਦ ਟਾਰਡ ਦੇ ਭਾਵ ਅਨੁਸਾਰ ਵਰਤ ਰਿਹਾ ਹਾਂ) ਨਾਲ ਵੀ ਵੱਖ ਵੱਖ ਰੂਪ ਵਿਚ ਹੁੰਦੀ ਹੈ ਜੋ ਜੋ ਜ਼ਾਤਾਂ ਨੂੰ ਵੱਖ ਕਰਦਾ ਹੈ। ਉਨ੍ਹਾਂ ਜ਼ਾਤਾਂ ਨੇ, ਜੋ ਬ੍ਰਾਹਮਣਾਂ ਦੇ ਸਭ ਤੋਂ ਵੱਧ ਨੇੜੇ ਹਨ ਸਾਰੇ ਦੇ ਸਾਰੇ ਤਿੰਨਾਂ ਰਿਵਾਜਾਂ ਦੀ ਨਕਲ ਕੀਤੀ ਹੈ ਅਤੇ ਉਨ੍ਹਾਂ ਤੇ ਸਖ਼ਤੀ ਨਾਲ ਅਮਲ ਕਰਨ ਤੇ ਜ਼ੋਰ ਦਿੰਦੀਆਂ ਹਨ। ਜੋ ਘੱਟ ਨੇੜੇ ਹਨ ਉਨ੍ਹਾਂ ਨੇ ਵਿਧਵਾਪੁਣਾ ਠੋਸਣ ਤੇ ਛੋਟੀ ਉਮਰ ਦੀ ਲੜਕੀ ਦੇ ਵਿਆਹ ਦੀ ਨਕਲ ਕੀਤੀ ਹੈ। ਦੂਜੇ ਜੋ ਥੋੜ੍ਹਾ ਹੋਰ ਦੂਰ ਹਨ ਉਹ ਕੇਵਲ ਛੋਟੀ ਉਮਰ ਦੀ ਲੜਕੀ ਦੀ ਸ਼ਾਦੀ ਤਕ ਹੀ ਸੀਮਤ ਹਨ ਅਤੇ ਜੋ ਸਭ ਤੋਂ ਵੱਧ ਦੂਰ ਹਨ ਉਨ੍ਹਾਂ ਨੇ ਕੇਵਲ ਜ਼ਾਤ-ਪਾਤ ਦੇ ਸਿਧਾਂਤ ਵਿਚ ਵਿਸ਼ਵਾਸ ਕਰਨ ਦੀ ਹੀ ਨਕਲ ਕੀਤੀ ਹੈ। ਮੈਂ ਇਹ ਕਹਿਣ ਦੀ ਜੁਰੱਅਤ ਕਰਦਾ

ਹਾਂ, ਕਿ ਇਹ ਨਾ-ਮੁਕੰਮਲ ਨਕਲ ਕੁਝ ਹੱਦ ਤਕ ਤਾਂ ਟਾਰਡ ਦੇ ਆਪਣੇ ਅਨੁਸਾਰ "ਫ਼ਾਸਲੇ" ਦੇ ਕਾਰਨ ਹੈ ਅਤੇ ਕੁਝ ਇਨ੍ਹਾਂ ਰਿਵਾਜਾਂ ਦੀ ਕਰੂਰ ਪ੍ਰਵਿਰਤੀ ਦੇ ਕਾਰਨ ਹੈ। ਇਹ ਸਾਰਾ ਘਟਨਾ ਚੱਕਰ ਟਾਰਡ ਦੇ ਕਾਨੂੰਨ ਦੀ ਮੁਕੰਮਲ ਤਸਵੀਰ ਹੈ ਅਤੇ ਇਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਭਾਰਤ ਵਿਚ ਜ਼ਾਤਾਂ ਦੇ ਬਣਨ ਦੀ ਸਾਰੀ ਕ੍ਰਿਆ ਛੋਟੇ ਲੋਕਾਂ ਦੁਆਰਾ ਵੱਡੇ ਲੋਕਾਂ ਦੀ ਨਕਲ ਕਰਨ ਦੀ ਇਕ ਕ੍ਰਿਆ ਹੈ। ਇਸ ਪੜਾਅ ਤੇ ਮੈਂ ਆਪਣੇ ਹੀ ਇਕ ਪਹਿਲੇ ਨਤੀਜੇ ਦਾ ਸਮਰਥਨ ਕਰਨ ਲਈ ਪਿਛੇ ਪਰਤਦਾ ਹਾਂ, ਜੋ ਤੁਹਾਨੂੰ ਵੀ ਵਧੇਰੇ ਅਚਨਚੇਤ ਜਾਂ ਅਸਮਰਥਿਤ ਲੱਗਾ ਹੋਵੇਗਾ। ਮੈਂ ਕਿਹਾ ਸੀ ਕਿ ਬ੍ਰਾਹਮਣ ਵਰਗ ਨੇ ਪਹਿਲਾਂ ਵਿਚਾਰ ਅਧੀਨ ਤਿੰਨਾਂ ਰਿਵਾਜਾਂ ਦੀ ਮੌਜੂਦਗੀ ਵਿਉਤਪੱਤੀ ਸੀ। ਜਿਸ ਤੋਂ ਬਾਅਦ ਮੈਂ ਗ਼ੈਰ-ਬ੍ਰਾਹਮਣ ਜ਼ਾਤਾਂ ਵਿਚਕਾਰ ਇਨ੍ਹਾਂ ਰਿਵਾਜਾਂ ਦੇ ਫੈਲਣ ਵਿਚ ਨਕਲ ਦੀ ਭੂਮਿਕਾ ਸਬੰਧੀ ਕਿਹਾ ਹੈ, ਕਿ ਇਹ ਸਾਧਨ ਸਨ ਜਾਂ ਆਦਰਸ਼ ਸਨ, ਭਾਵੇਂ ਕਿ ਨਕਲ ਕਰਨ ਵਾਲਿਆਂ ਨੂੰ ਇਸ ਚੀਜ਼ ਬਾਰੇ ਪਤਾ ਨਹੀਂ ਸੀ, ਪਰ ਇਹ ਰਿਵਾਜ ਉਨ੍ਹਾਂ ਵਿਚ ਵਿਉਂਤਪੱਤੀ ਵਜੋਂ ਮੌਜੂਦ ਹਨ, ਅਤੇ ਜੇਕਰ ਇਹ ਧਾਰਨ ਕਰ ਲਏ ਜਾਂਦੇ ਹਨ, ਤਾਂ ਇਕ ਮੂਲ ਜ਼ਾਤ ਜ਼ਰੂਰ ਮੌਜੂਦ ਹੁੰਦੀ ਅਤੇ ਉਹ ਇੰਨੀ ਉਚੀ ਹੋਣੀ ਸੀ ਜੋ ਬਾਕੀਆਂ ਲਈ ਨਮੂਨੇ ਦਾ ਕੰਮ ਕਰਦੀ। ਪ੍ਰੰਤੂ ਧਰਮ ਤੰਤਰੀ ਸਮਾਜ ਵਿਚ, ਪਰਮਤਾਮਾਂ ਦਾ ਨੌਕਰ ਹੋਣ ਕਰਕੇ ਨਮੂਨਾ ਕੌਣ ਬਣਿਆ।

ਇਸ ਨਾਲ ਉਨ੍ਹਾਂ ਦੀ ਕਹਾਣੀ ਮੁਕੰਮਲ ਹੋ ਜਾਂਦੀ ਹੈ ਜੋ ਆਪਣੇ ਦਰਵਾਜ਼ੇ ਬੰਦ ਕਰਨ ਲਈ ਕਾਫ਼ੀ ਕਮਜ਼ੋਰ ਸਨ। ਆਉਂ ਅਸੀਂ ਹੁਣ ਇਹ ਦੇਖੀਏ ਕਿ ਦੂਜੇ ਬਾਹਰ ਬੰਦ ਕੀਤੇ ਜਾਣ ਦੇ ਸਿੱਟੇ ਵਜੋਂ ਅੰਦਰ ਕਿਵੇਂ ਬੰਦ ਹੋ ਗਏ। ਮੈਂ ਇਸ ਨੂੰ ਜ਼ਾਤ ਦੇ ਬਣਨ ਦੀ ਮਕਾਨਕੀ ਕ੍ਰਿਆ ਆਖਾਂਗਾ। ਇਹ ਮਕਾਨਕੀ ਇਸ ਕਰਕੇ ਹੈ ਕਿ ਇਹ ਅਟੱਲ ਹੈ। ਵਿਸ਼ੇ ਦੀ ਵਿਆਖਿਆ ਬਾਰੇ ਇਸ ਤਰ੍ਹਾਂ ਦੀ ਸੋਚ ਸ਼ਕਤੀ ਅਤੇ ਮਨੋਵਿਗਿਆਨਕ ਸੋਚਣ ਸ਼ਕਤੀ ਮੇਰੇ ਪੂਰਵਜਾਂ ਤੋਂ ਬਚ ਨਿਕਲੀ ਹੈ। ਇਹ ਸਮੁੱਚੇ ਤੌਰ ਤੇ ਇਸ ਸੱਚਾਈ ਕਰਕੇ ਹੈ ਕਿ ਉਨ੍ਹਾਂ ਨੇ ਜ਼ਾਤਾਂ ਨੂੰ ਆਪਣੇ ਆਪ ਵਿਚ ਇਕ ਇਕਾਈ ਮੰਨਿਆ ਹੈ ਅਤੇ ਜ਼ਾਤ-ਪਾਤ ਦੀ ਸਾਰੀ ਪ੍ਰਣਾਲੀ ਵਿਚ ਇਕ ਜ਼ਾਤ ਵਜੋਂ ਨਹੀਂ ਮੰਨਿਆ। ਜਿਸ ਅਣਗਹਿਲੀ ਜਾਂ ਨਜ਼ਰ ਦੀ ਘਾਟ ਦਾ ਸਿੱਟਾ ਵਿਸ਼ੇ ਵਸਤੂ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਅਤੇ ਇਸ ਦੀ ਠੀਕ ਤਰ੍ਹਾਂ ਨਾਲ ਵਿਆਖਿਆ ਕਰਨ ਵਿਚ ਬਹੁਤ ਹਾਨੀਕਾਰਕ ਰਿਹਾ ਹੈ। ਇਕ ਟਿਪਣੀ ਕਰਕੇ ਹੋਇਆ ਮੈਂ ਖੁਦ ਆਪਣੀ ਵਿਆਖਿਆ ਪੇਸ਼ ਕਰਦਾ ਹਾਂ। ਇਸ ਬਾਰੇ ਮੈਂ ਆਪ ਉਤੇ ਜ਼ੋਰ ਦੇਵਾਂਗਾ ਕਿ ਆਪ ਇਸ ਨੂੰ ਹਮੇਸ਼ਾਂ ਯਾਦ ਰਖਣਾ। ਇਹ ਇਸ ਤਰ੍ਹਾਂ ਹੈ: ਗਿਣਤੀ ਵਿਚ ਇਕੱਲੀ ਜ਼ਾਤ ਵਾਸਤਵਿਕਤਾ ਨਹੀਂ ਹੈ। ਜ਼ਾਤਾਂ ਕੇਵਲ ਬਹੁ-ਗਿਣਤੀ ਵਿਚ ਹੀ ਮੌਜੂਦ ਰਹਿੰਦੀਆਂ ਹਨ। ਜ਼ਾਤ ਵਰਗੀ ਕੋਈ ਵੀ ਚੀਜ਼ ਨਹੀਂ ਹੈ: ਹਮੇਸ਼ਾਂ ਜ਼ਾਤਾਂ ਹੁੰਦੀਆਂ ਹਨ। ਆਪਣੇ ਅਰਥ ਸਪਸ਼ਟ ਕਰਨ ਲਈ: ਆਪਣੇ ਆਪ ਨੂੰ ਇਕ ਜ਼ਾਤ ਬਣਾਉਣ ਲਈ ਬ੍ਰਾਹਮਣਾ ਨੇ ਗ਼ੈਰ-ਬ੍ਰਾਹਮਣ ਜ਼ਾਤ ਬਣਾਈ ਸੀ, ਇਸ ਨੂੰ ਆਪਣੇ ਢੰਗ ਨਾਲ ਸਪਸ਼ਟ ਕਰਨ ਲਈ, ਆਪਣੇ ਆਪ ਨੂੰ ਅੰਦਰ ਬੰਦ ਕਰਦੇ ਸਮੇਂ ਉਨ੍ਹਾਂ ਨੇ ਦੂਜਿਆਂ ਨੂੰ ਬਾਹਰੋਂ ਬੰਦ ਕਰ ਦਿਤਾ। ਮੈਂ ਆਪਣਾ ਨੁਕਤਾ ਇਕ ਹੋਰ ਉਦਾਹਰਣ ਦੇਕੇ ਸਪੱਸ਼ਟ ਕਰਦਾ ਹਾਂ। ਸਮੁੱਚੇ ਭਾਰਤ ਨੂੰ ਲੈ ਲਉ। ਇਸ ਅੰਦਰ ਵੱਖ ਵੱਖ ਫਿਰਕੇ ਹਨ ਜੋ ਵੱਖ ਵੱਖ ਧਰਮਾਂ ਜਿਵੇਂ ਹਿੰਦੂ, ਮੁਸਲਮਾਨ, ਯਹੂਦੀ, ਈਸਾਈ ਅਤੇ ਪਾਰਸੀ ਧਰਮਾਂ ਦੇ ਹੰਨ ਅਤੇ ਆਪਣੇ ਧਰਮਾਂ ਪ੍ਰਤੀ ਉਹ ਵਫਾਦਾਰ ਹਨ।

ਹੁਣ, ਹਿੰਦੂਆਂ ਨੂੰ ਛੱਡ ਕੇ ਬਾਕੀ ਦੇ ਆਪਣੇ ਆਪ ਵਿਚ ਜ਼ਾਤ-ਰਹਿਤ ਫਿਰਕੇ ਹਨ। ਪ੍ਰੰਤੂ ਇਕ ਦੂਜੇ ਦੇ ਸਬੰਧ ਵਿਚ ਉਹ ਜ਼ਾਤਾਂ ਹਨ। ਫਿਰ, ਜੇਕਰ ਪਹਿਲੇ ਚਾਰ ਆਪਣੇ ਆਪ ਨੂੰ ਡੱਕ ਲੈਣ, ਤਾਂ ਪਾਰਸੀ ਸਿਧੇ ਤੌਰ ਤੇ ਬਾਹਰ ਰਹਿ ਜਾਂਦੇ ਹਨ, ਪਰ ਅਸਿਧੇ ਤੌਰ ਤੇ ਅੰਦਰ ਬੰਦ ਹੋ ਜਾਂਦੇ ਹਨ (ਆਪਣੇ ਆਪ ਵਿਚ)। ਸੰਕੇਤਕ ਤੌਰ ਤੇ, ਜੇਕਰ ਜੁਟ 'ੳ' ਸਜਾਤੀ-ਵਿਆਹੀ ਬਣਨਾ ਚਾਹੁੰਦਾ ਹੈ ਤਾਂ ਜੁਟ 'ਅ' ਨੂੰ ਕੇਵਲ ਹਾਲਾਤ ਦੇ ਜ਼ੋਰ ਤੇ ਹੀ ਇਸ ਤਰ੍ਹਾਂ ਦਾ ਬਣਨਾ ਪਵੇਗਾ।

ਹੁਣ ਇਹੀ ਤਰਕ ਹਿੰਦੂ ਸਮਾਜ ਤੇ ਲਾਗੂ ਕਰੋ। ਇੰਜ ਤੁਹਾਨੂੰ ਨਿੱਤ ਦਵੈਤਵਾਦ ਦੀ ਵਿਸ਼ਸ਼ੇਤਾ ਜੋ ਇਸ ਵਿਚ ਜਨਮ-ਜ਼ਾਤ ਹੈ ਦੇ ਸਿਟੇ ਵਜੋਂ ਜ਼ਾਤ ਦੀ "ਵਿਖੰਨਸ਼ੀਲ" ਪ੍ਰਵਿਰਤੀ ਵਾਲੀ ਇਕ ਦੂਜੀ ਵਿਆਖਿਆ ਮਿਲ ਜਾਵੇਗੀ। ਕਿਸੇ ਵੀ ਤਬਦੀਲੀ, ਜੋ ਜ਼ਾਤ ਦੇ ਨਸਲੀ, ਧਾਰਮਿਕ ਅਤੇ ਸਮਾਜਕ ਜ਼ਾਬਤੇ ਨੂੰ ਗੰਭੀਰਤਾ ਨਾਲ ਆਪਣਾ ਵੈਰੀ ਬਣਾਉਂਦੀ ਹੈ, ਨੂੰ ਕਿਸੇ ਵੀ ਜ਼ਾਤ ਦੁਆਰਾ ਬਰਦਾਸ਼ਤ ਕਰਨ ਦੀ ਸੰਭਾਵਨਾ ਨਹੀਂ ਹੈ। ਜ਼ਾਤ ਦੇ ਅੜਬ ਮੈਂਬਰਾਂ ਨੂੰ ਜ਼ਾਤ ਵਿਚੋਂ ਬਾਹਰ ਕੱਢ ਦਿਤੇ ਜਾਣ ਅਤੇ ਦੂਜੀਆਂ ਜ਼ਾਤਾਂ ਦੁਆਰਾ ਆਪਣੇ ਵਿਚ ਦਾਖਲ ਕਰ ਲੈਣ ਜਾਂ ਮਿਲਾ ਲੈਣ ਤੋਂ ਬਿਨਾਂ ਆਪਣੀ ਹੀ ਕਿਸਮਤ ਤੇ ਛੱਡ ਦਿੱਤੇ ਜਾਣ ਦਾ ਖਤਰਾ ਹੁੰਦਾ ਹੈ। ਜ਼ਾਤ ਦੇ ਨਿਯਮਾਂ ਨੂੰ ਮੋੜਿਆ ਨਹੀਂ ਜਾ ਸਕਦਾ ਅਤੇ ਉਹ ਅਪਰਾਧ ਦੀਆਂ ਕਿਸਮਾਂ ਵਿਚਕਾਰ ਚੰਗੀ ਤਰ੍ਹਾਂ ਨਾਲ ਅੰਤਰ ਕਰਨ ਦਾ ਇੰਤਜ਼ਾਰ ਨਹੀਂ ਕਰਦੇ। ਤਬਦੀਲੀ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ, ਪ੍ਰੰਤੂ ਹਰ ਤਰ੍ਹਾਂ ਦੀ ਤਬਦੀਲੀ ਨੂੰ ਉਹੀ ਦੰਡ ਮਿਲੇਗਾ। ਨਵੇਂ ਤਰੀਕੇ ਨਾਲ ਵਿਚਾਰ ਕਰਨ ਤੇ ਇਕ ਨਵੀਂ ਜ਼ਾਤ ਦੀ ਸਿਰਜਣਾ ਹੋਵੇਗੀ ਕਿਉਂਕਿ ਪੁਰਾਣੀਆਂ ਜ਼ਾਤਾਂ ਇਸ ਨੂੰ ਸਹਿਣ ਨਹੀਂ ਕਰਨਗੀਆਂ। ਵਿਲੱਖਣ ਵਿਚਾਰਵਾਨ, ਜਿਸਨੂੰ ਆਦਰ ਨਾਲ ਗੁਰੂ (ਪੈਗੰਬਰ) ਕਿਹਾ ਜਾਂਦਾ ਹੈ, ਦਾ ਵੀ ਉਹੀ ਹਸ਼ਰ ਹੁੰਦਾ ਹੈ ਜੋ ਨਾਜਾਇਜ਼ ਪਿਆਰ ਕਰਨ ਵਾਲੇ ਪਾਪੀਆਂ ਦਾ। ਪਹਿਲਾ, ਧਾਰਮਿਕ ਸੰਪਰਦਾਇ ਦੇ ਰੁਝਾਨ ਵਾਲੀ ਇਕ ਜ਼ਾਤ ਦੀ ਸਿਰਜਣਾ ਕਰਦਾ ਹੈ ਅਤੇ ਬਾਅਦ ਵਾਲਾ ਰਲੀ ਮਿਲੀ ਜ਼ਾਤ ਦੀ ਸਿਰਜਣਾ ਕਰਦਾ ਹੈ। ਜ਼ਾਤਾਂ ਲਈ ਉਸ ਪਾਪੀ ਵਾਸਤੇ ਕੋਈ ਰਹਿਮ ਨਹੀਂ ਹੈ ਜੋ ਇਨ੍ਹਾਂ ਦੇ ਜ਼ਾਬਤੇ ਦੀ ਉਲੰਘਣਾ ਕਰਨ ਦਾ ਹੌਂਸਲਾ ਕਰਦਾ ਹੈ। ਉਸਦਾ ਦੰਡ ਹੁੰਦਾ ਹੈ: ਬਰਾਦਰੀ ਵਿਚੋਂ ਛੇਕ ਦੇਣਾ ਅਤੇ ਇਸ ਦਾ ਸਿਟਾ ਹੁੰਦਾ ਹੈ ਇਕ ਨਵੀਂ ਜ਼ਾਤ ਦਾ ਬਣਨਾ। ਹਿੰਦੂ ਮਨੋਵਿਗਿਆਨ ਵਿਚ ਇਹ ਵਿਸ਼ੇਸ਼ ਗੁਣ ਨਹੀਂ ਹੈ ਜੋ ਬਰਾਦਰੀ ਵਿਚੋਂ ਛੇਕੇ ਹੋਏ ਵਿਅਕਤੀਆਂ ਨੂੰ ਬਰਾਦਰੀ ਤੋਂ ਦੂਰ ਆਪਣੀ ਇਕ ਜ਼ਾਤ ਬਣਾਉਣ ਦੀ ਪ੍ਰੇਰਨਾ ਦੇਵੇ। ਇਸ ਤੋਂ ਉਲਟ ਉਹ ਅਕਸਰ ਕਿਸੇ ਦੂਜੀ ਜ਼ਾਤ (ਜੋ ਤਰਜੀਹੀ ਪਖੋਂ ਉਚੀ ਹੋਵੇ) ਵਿਚ ਜਾਣਾ ਪਸੰਦ ਕਰਦੇ ਰਹੇ ਹਨ। ਜੇਕਰ ਉਨ੍ਹਾਂ ਨੂੰ ਉਸ ਵਿਚ ਮਿਲਾ ਲਿਆ ਜਾਵੇ। ਪ੍ਰੰਤੂ ਜ਼ਾਤਾਂ ਤਾਂ ਡੱਕੀਆਂ ਹੋਈਆਂ ਇਕਾਈਆਂ ਹਨ ਅਤੇ ਬੜੇ ਅਸਪਸ਼ਟ ਰੂਪ ਵਿਚ ਈਮਾਨਦਾਰੀ ਨਾਲ ਉਨ੍ਹਾਂ ਨੇ ਗੰਢ-ਤੁਪ ਕੀਤੀ ਹੋਈ ਹੈ ਜੋ ਛੇਕੇ ਹੋਏ ਵਿਅਕਤੀਆਂ ਨੂੰ ਆਪਣੇ ਆਪ ਵਿਚ ਇਕ ਜ਼ਾਤ ਬਣਾਉਣ ਤੇ ਮਜਬੂਰ ਕਰਦੀ ਹੈ। ਇਸ ਸਖ਼ਤ ਦਸ਼ਾ ਦਾ ਤਰਕ ਬੇਰਹਿਮ ਹੈ, ਅਤੇ ਇਹ ਇਸ ਦੀ ਸ਼ਕਤੀ ਦੀ ਫਰਮਾਬਰਦਾਰੀ ਕਰਕੇ ਹੈ ਕਿ ਕੁਝ ਅਭਾਗੇ ਜੁਟ ਆਪਣੇ ਆਪ ਨੂੰ ਡੱਕਿਆ ਹੋਇਆ ਪਾਉਂਦੇ ਹਨ, ਕਿਉਂਕਿ ਦੂਜਿਆਂ ਨੂੰ ਡੱਕਦਿਆਂ ਹੋਇਆ ਆਪਣੇ ਆਪ ਉਨ੍ਹਾਂ ਨੂੰ ਬਾਹਰ ਕੱਢ ਦਿਤਾ ਹੈ, ਜਿਸ ਦੇ ਨਤੀਜੇ ਵਜੋਂ ਮਕਾਨਕੀ ਕਾਨੂੰਨ ਰਾਹੀਂ ਨਵੇਂ ਜੁਟ, ਜ਼ਾਤ-ਪਾਤ ਦੇ ਨਿਯਮਾਂ ਲਈ ਹਾਨੀਕਾਰਕ ਕਿਸੇ ਵੀ ਆਧਾਰ ਤੇ ਬਣੇ ਹੋਏ ਨਿਰੰਤਰ ਰੂਪ ਵਿਚ ਜ਼ਾਤਾਂ

ਵਿਚ ਤਬਦੀਲ ਹੁੰਦੇ ਜਾ ਰਹੇ ਹਨ ਜਿਨ੍ਹਾਂ ਦੀ ਬਹੁਤਾਤ ਗੁਮਰਾਹ ਕਰਨ ਵਾਲੀ ਹੈ। ਭਾਰਤ ਵਿਚ ਜ਼ਾਤਾਂ ਦੇ ਬਣਨ ਦੀ ਕ੍ਰਿਆ ਬਾਰੇ ਦੂਜੀ ਕਹਾਣੀ ਇਸ ਤਰ੍ਹਾਂ ਦੱਸੀ ਜਾਂਦੀ ਹੈ।

ਹੁਣ ਮੇਰੇ ਖੋਜ-ਪੱਤਰ ਦੇ ਮੁੱਖ ਨੁਕਤਿਆਂ ਨੂੰ ਸੰਖੇਪ ਵਿਚ ਪੇਸ਼ ਕਰਦੇ ਹਾਂ। ਮੇਰੀ ਰਾਇ ਵਿਚ ਜ਼ਾਤ-ਪਾਤ ਦੇ ਵਿਦਿਆਰਥੀਆਂ ਦੁਆਰਾ ਕਈ ਗ਼ਲਤੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਜਾਂਚ-ਪੜਤਾਲ ਦੇ ਕੰਮ ਵਿਚ ਗੁਮਰਾਹ ਕੀਤਾ ਹੈ। ਜ਼ਾਤ-ਪਾਤ ਦੇ ਯੂਰਪ ਦੇ ਵਿਦਿਆਰਥੀਆਂ ਨੇ ਜ਼ਾਤ-ਪਾਤ ਦੀ ਪ੍ਰਥਾ ਬਾਰੇ ਰੰਗ ਦੀ ਭੂਮਿਕਾ ਤੇ ਬੇਲੋੜਾ ਜ਼ੋਰ ਪਾਇਆ ਹੈ। ਖ਼ੁਦ ਆਪ ਰੰਗ ਦੇ ਪੱਖ-ਪਾਤ ਵਿਚ ਖੁਭੇ ਹੋਏ ਹੋਣ ਕਰਕੇ ਉਨ੍ਹਾਂ ਨੇ ਇਹ ਅੰਦਾਜ਼ਾ ਆਸਾਨੀ ਨਾਲ ਲਗਾ ਲਿਆ ਕਿ ਜ਼ਾਤ-ਪਾਤ ਦੀ ਸਮੱਸਿਆ ਲਈ ਵੀ ਇਹੀ ਮੁੱਖ ਤੱਤ ਹੈ। ਪ੍ਰੰਤੂ ਸੱਚਾਈ ਇਸਦੇ ਬਿਲਕੁਲ ਉਲਟ ਹੈ, ਅਤੇ ਡਾ. ਕੈਤਕਰ ਠੀਕ ਹੈ ਜਦੋਂ ਉਹ ਇਹ ਕਹਿੰਦਾ ਹੈ "ਸਾਰੇ ਰਾਜ ਕੁਮਾਰ ਭਾਵੇਂ ਉਹ ਤਥਾ-ਕਥਿਤ ਆਰੀਆ ਜ਼ਾਤੀ ਨਾਲ ਸਬੰਧਿਤ ਸਨ, ਭਾਵੇਂ ਉਨ੍ਹਾਂ ਦਾ ਸਬੰਧ ਤਥਾ-ਕਥਿਤ ਦ੍ਰਾਵਿੜ ਜ਼ਾਤੀ ਨਾਲ ਸੀ, ਸਾਰੇ ਆਰੀਆ ਹੀ ਸਨ। ਕੀ ਇਕ ਕਬੀਲਾ ਜਾ ਪਰਿਵਾਰ ਨਸਲੀ ਤੌਰ ਤੇ ਆਰੀਆ ਸੀ ਜਾਂ ਦ੍ਰਾਵਿੜ ਸੀ? ਇਹ ਇਕ ਅਜਿਹਾ ਪ੍ਰਸ਼ਨ ਹੈ ਜਿਸ ਬਾਰੇ ਭਾਰਤ ਦੇ ਲੋਕਾਂ ਨੇ ਕਦੇ ਵੀ ਵਿਚਾਰ ਨਹੀਂ ਸੀ ਕੀਤਾ ਜਦ ਤਕ ਕਿ ਵਿਦੇਸ਼ੀ ਵਿਦਵਾਨਾਂ ਨੇ ਆਕੇ ਇਕ ਲਕੀਰ ਖਿਚਣੀ ਸ਼ੁਰੂ ਨਹੀਂ ਕਰ ਦਿਤੀ। ਚਮੜੀ ਦਾ ਰੰਗ ਕਾਫ਼ੀ ਦੇਰ ਤੋਂ ਮਹੱਤਤਾ ਵਾਲੀ ਗੱਲ ਨਹੀਂ ਸੀ ਰਹਿ ਗਈ"।[੬] ਫਿਰ, ਉਨ੍ਹਾਂ ਨੇ ਮਾਤਰ ਬਿਰਤਾਂਤਾਂ ਨੂੰ ਹੀ ਗਲਤੀ ਨਾਲ ਵਿਆਖਿਆ ਸਮਝ ਲਿਆ ਅਤੇ ਉਨ੍ਹਾਂ ਬਾਰੇ ਇੰਜ ਲੜਦੇ ਝਗੜਦੇ ਰਹੇ ਜਿਵੇਂ ਕਿਤੇ ਉਹ ਉਤਪੱਤੀ ਦੇ ਸਿਧਾਂਤ ਹੋਣ। ਇਹ ਠੀਕ ਹੈ ਕਿ ਕਾਰੋਬਾਰੀ, ਧਾਰਮਿਕ ਆਦਿ ਜ਼ਾਤਾਂ ਹਨ ਪ੍ਰੰਤੂ ਇਹ ਕਿਸੇ ਤਰ੍ਹਾਂ ਵੀ ਜ਼ਾਤ ਦੀ ਉਤਪੱਤੀ ਦੀ ਵਿਆਖਿਆ ਨਹੀਂ ਹੈ। ਇਸ ਗੱਲ ਦਾ ਅਸੀਂ ਅਜੇ ਪਤਾ ਲਗਾਉਣਾ ਹੈ ਕਿ ਕਾਰੋਬਾਰੀ ਜੁਟ ਜ਼ਾਤਾਂ ਕਿਉਂ ਹਨ, ਪ੍ਰੰਤੂ ਇਹ ਪ੍ਰਸ਼ਨ ਤਾਂ ਕਦੇ ਉਠਾਇਆ ਵੀ ਨਹੀਂ ਗਿਆ ਹੈ। ਅੰਤ ਵਿਚ ਉਨ੍ਹਾਂ ਨੇ ਜ਼ਾਤ ਨੂੰ ਸਰਸਰੀ ਤੌਰ ਤੇ ਲਿਆ ਹੈ ਜਿਵੇਂ ਕਿਤੇ ਇਹ ਇਕ ਪਲ ਵਿਚ ਹੀ ਬਣ ਗਈ ਹੋਵੇ। ਇਸ ਦੇ ਉਲਟ, ਜ਼ਾਤ, ਜਿਵੇਂ ਮੈਂ ਇਸ ਦੀ ਵਿਆਖਿਆ ਕੀਤੀ ਹੈ, ਨੂੰ ਬਚਾਈ ਰੱਖਣਾ ਲਗਭਗ ਅਸੰਭਵ ਹੈ, ਕਿਉਂਕਿ ਇਸ ਵਿਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਹੀ ਹੈ ਕਿ ਜ਼ਾਤ ਵਿਸ਼ਵਾਸ ਤੇ ਨਿਰਭਰ ਕਰਦੀ ਹੈ, ਪ੍ਰੰਤੂ ਵਿਸ਼ਵਾਸ ਦੇ ਇਕ ਸੰਸਥਾ ਦੀ ਨੀਂਹ ਬਣਨ ਤੋਂ ਪਹਿਲਾਂ, ਸੰਸਥਾ ਨੂੰ ਖ਼ੁਦ ਨੂੰ ਸਥਾਈ ਬਣਨ ਅਤੇ ਮਜ਼ਬੂਤ ਹੋਣ ਦੀ ਲੋੜ ਹੁੰਦੀ ਹੈ। ਜ਼ਾਤ-ਪਾਤ ਦੀ ਸਮੱਸਿਆ ਬਾਰੇ ਮੇਰੇ ਅਧਿਐਨ ਵਿਚ ਚਾਰ ਮੁੱਖ ਨੁਕਤੇ ਸ਼ਾਮਲ ਹਨ : (1) ਕਿ ਹਿੰਦੂ ਆਬਾਦੀ ਦੀ ਸੰਯੁਕਤ ਬਣਤਰ ਹੋਣ ਦੇ ਬਾਵਜੂਦ, ਉਨ੍ਹਾਂ ਵਿਚ ਗੂੜ੍ਹੀ ਸਭਿਆਚਾਰਕ ਏਕਤਾ ਹੈ; (2) ਕਿ ਜ਼ਾਤ, ਇਕ ਵੱਡੀ ਸਭਿਆਚਾਰਕ ਇਕਾਈ ਦੀ ਛੋਟੇ ਛੋਟੇ ਟੁਕੜਿਆਂ ਵਿਚ ਹਿੱਸੇਵੰਡ ਹੈ, (3) ਕਿ ਸ਼ੁਰੂ ਸ਼ੁਰੂ ਵਿਚ ਇਕ ਜ਼ਾਤ ਸੀ ਅਤੇ (4) ਕਿ ਵਰਗ ਨਕਲ ਕਰਕੇ ਅਤੇ ਬਰਾਦਰੀ ਵਿਚੋਂ ਛੇਕੇ ਜਾਣ ਕਰਕੇ ਜ਼ਾਤਾਂ ਬਣ ਗਏ ਹਨ।

ਅੱਜ ਭਾਰਤ ਵਿਚ ਜ਼ਾਤ-ਪਾਤ ਦੀ ਸਮੱਸਿਆ ਵੱਲ ਵਿਸ਼ੇਸ਼ ਦਿਲਚਸਪੀ ਦਿਖਾਈ ਜਾ ਰਹੀ ਹੈ, ਕਿਉਂਕਿ ਇਸ ਗ਼ੈਰ-ਕੁਦਰਤੀ ਸੰਸਥਾ ਨੂੰ ਖ਼ਤਮ ਕਰਨ ਲਈ ਸਥਾਈ ਯਤਨ ਕੀਤੇ

੬. ਹਿਸਟਰੀ ਆਫ਼ ਕਾਸਟ (ਜ਼ਾਤ ਦਾ ਇਤਿਹਾਸ), ਪੰਨਾ ੮੨

ਜਾ ਰਹੇ ਹਨ। ਸੁਧਾਰਾਂ ਵਜੋਂ ਕੀਤੇ ਜਾ ਰਹੇ ਇਨ੍ਹਾਂ ਯਤਨਾਂ ਕਰਕੇ, ਇਸ ਦੀ ਉਤਪੱਤੀ ਬਾਰੇ ਕਾਫ਼ੀ ਵਾਦ-ਵਿਵਾਦ ਉਠ ਖੜ੍ਹਾ ਹੋਇਆ ਹੈ। ਇਹ ਸਮਝਣ ਦਾ ਯਤਨ ਹੈ ਕਿ ਕੀ ਇਹ ਕਿਸੇ ਸਰਵ ਉਚ ਅਧਿਕਾਰੀ ਦੇ ਸੁਚੇਤ ਹੁਕਮ ਦੇ ਕਾਰਨ ਹੈ ਜਾਂ ਵਿਸ਼ੇਸ਼ ਹਾਲਤ ਵਿਚ ਕਿਸੇ ਮਾਨਵ ਸਮਾਜ ਦੇ ਜੀਵਨ ਵਿਚਲੇ ਅਚੇਤ ਵਿਕਾਸ ਦੇ ਕਾਰਨ ਹੈ। ਜੋ ਬਾਅਦ ਦੇ ਨਜ਼ਰੀਏ ਨਾਲ ਸਹਿਮਤ ਹਨ, ਮੈਨੂੰ ਆਸ ਹੈ, ਉਨ੍ਹਾਂ ਨੂੰ ਇਸ ਖੋਜ-ਪੱਤਰ ਵਿਚ ਅਪਣਾਏ ਗਏ ਦ੍ਰਿਸ਼ਟੀਕੋਣ ਤੋਂ ਵਿਚਾਰ ਲਈ ਕੁਝ ਖੁਰਾਕ ਜ਼ਰੂਰ ਮਿਲੇਗੀ। ਇਸ ਦੀ ਵਿਹਾਰਕ ਮਹੱਤਤਾ ਤੋਂ ਇਲਾਵਾ ਜ਼ਾਤ-ਪਾਤ ਦਾ ਵਿਸ਼ਾ ਇਕ ਦਿਲਚਸਪ ਸਮੱਸਿਆ ਦਾ ਵਿਸ਼ਾ ਹੈ ਅਤੇ ਇਸ ਦੀਆਂ ਸਿਧਾਂਤਕ ਬੁਨਿਆਦਾਂ ਸਬੰਧੀ ਮੇਰੇ ਵਿਚ ਪੈਦਾ ਹੋਈ ਦਿਲਚਸਪੀ ਨੇ ਮੈਨੂੰ ਇਹ ਨਤੀਜੇ ਠੀਕ ਤੱਥਾਂ ਤੇ ਆਧਾਰਤ ਉਹ ਬੁਨਿਆਦ ਜਿਸ ਤੇ ਇਹ ਟਿਕੇ ਹੋਏ ਹੋਣਗੇ, ਠੀਕ ਜਾਪਦੀ ਹੈ। ਐਪਰ ਮੈਂ ਇੰਨਾ ਗੁਸਤਾਖ਼ ਨਹੀਂ ਹਾਂ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਅੰਤਮ, ਜਾਂ ਇਸ ਵਿਸ਼ੇ ਉਤੇ ਇਕ ਚਰਚਾ ਦੇ ਇਕ ਅੰਸ਼ਦਾਨ ਤੋਂ ਵੱਧ ਮੰਨ ਲਵਾਂ। ਮੈਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਕਾਰ ਨੂੰ ਗਲਤ ਰਸਤੇ ਤੇ ਪਾ ਦਿਤਾ ਗਿਆ ਹੈ, ਅਤੇ ਖੋਜ-ਪੱਤਰ ਦਾ ਬੁਨਿਆਦੀ ਉਦੇਸ਼ ਇਹ ਦਰਸਾਉਣਾ ਹੈ ਕਿ, ਇਕ ਲਾਹੇਵੰਦ ਸੱਚਾਈ ਦਾ ਪਤਾ ਲਗਾਉਣ ਨੂੰ ਮੁੱਖ ਰਖਦਿਆਂ ਹੋਇਆਂ, ਜਾਂਚ-ਪੜਤਾਲ ਦੇ ਸਹੀ ਰਸਤੇ ਤੋਂ ਮੇਰਾ ਕੀ ਭਾਵ ਹੈ। ਸਾਨੂੰ ਇਸ ਵਿਸ਼ੇ ਬਾਰੇ ਪੱਖ-ਪਾਤੀ ਰਵੱਈਆ ਅਖ਼ਤਿਆਰ ਨਹੀਂ ਕਰਨਾ ਚਾਹੀਦਾ। ਜਜ਼ਬਾਤ ਨੂੰ ਵਿਗਿਆਨ ਦੇ ਖੇਤਰ ਵਿਚ ਕੋਈ ਥਾਂ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਚੀਜ਼ਾਂ ਨੂੰ ਨਿਰਪੱਖ ਨਜ਼ਰੀਏ ਤੋਂ ਦੇਖਿਆ ਜਾਣਾ ਚਾਹੀਦਾ ਹੈ। ਜਿਥੋਂ ਤੱਕ ਮੇਰਾ ਸਬੰਧ ਹੈ ਮੈਂ ਖੁਦ ਆਪਣੀ ਵਿਚਾਰਧਾਰਾ ਨੂੰ ਬਦਲਣ ਵਿਚ ਉਤਨੀ ਹੀ ਖੁਸ਼ੀ ਮਹਿਸੂਸ ਕਰਾਂਗਾ ਜਿੰਨੀ ਕਿ ਕਿਸੇ ਵਿਸ਼ੇ ਤੇ ਤਰਕਪੂਰਣ ਅਸਹਿਮਤੀ ਵਿਚ ਜਿਸਦੀ ਕਿ ਕਈ ਇਕ ਸਿਆਣਪ ਭਰਪੂਰ ਖੋਜ-ਪੱਤਰ ਦੇ ਹੁੰਦੇ ਹੋਏ ਵੀ ਸਦਾ ਇਕ ਵਿਵਾਦ ਦਾ ਵਿਸ਼ਾ ਬਣੇ ਰਹਿਣ ਦੀ ਸੰਭਾਵਨਾ ਹੈ। ਅੰਤ ਵਿਚ, ਇਹ ਠੀਕ ਹੈ ਕਿ ਮੈਂ ਜ਼ਾਤ-ਪਾਤ ਦੇ ਸਬੰਧ ਵਿਚ ਇਕ ਸਿਧਾਂਤ ਪੇਸ਼ ਕਰਨ ਦਾ ਇਛੁੱਕ ਹਾਂ, ਪਰ ਜੇਕਰ ਮੈਨੂੰ ਇਹ ਦਿਖਾਇਆ ਜਾਵੇ ਕਿ ਇਹ ਸਿਧਾਂਤ ਧਾਰਣ ਦੇ ਯੋਗ ਨਹੀਂ ਤਾਂ ਮੈਂ ਖੁਸ਼ੀ ਨਾਲ ਉਸ ਦਾ ਤਿਆਗ ਕਰ ਦੇਵਾਂਗਾ।

# 2

# ਜ਼ਾਤ-ਪਾਤ ਦਾ ਖ਼ਾਤਮਾ

## ਅਤੇ

## ਮਹਾਤਮਾ ਗਾਂਧੀ ਨੂੰ ਦਿੱਤਾ ਗਿਆ ਉੱਤਰ

"ਸੱਚ ਨੂੰ ਸੱਚ ਜਾਣੋ ਤੇ ਝੂਠ ਨੂੰ ਝੂਠ"

– ਮਹਾਤਮਾ ਬੁੱਧ

"ਉਹ ਵਿਅਕਤੀ ਜੋ ਤਰਕ ਨਹੀਂ ਕਰਦਾ, ਕੱਟੜ ਹੁੰਦਾ ਹੈ
ਉਹ ਵਿਅਕਤੀ ਜੋ ਤਰਕ ਨਹੀਂ ਕਰਦਾ, ਬੇਵਕੂਫ ਹੁੰਦਾ ਹੈ
ਉਹ ਵਿਅਕਤੀ ਜੋ ਤਰਕ ਕਰਨ ਦਾ ਹੀਆ ਨਹੀਂ ਰਖਦਾ, ਦਾਸ ਹੁੰਦਾ ਹੈ।"

– ਐਚ. ਡ੍ਰਮਾਂਡ

1944 ਦੇ ਤੀਜੇ ਐਡੀਸ਼ਨ ਤੋਂ ਛਪਵਾਇਆ ਗਿਆ

# ਜ਼ਾਤ-ਪਾਤ ਦਾ ਖ਼ਤਾਮਾ

## ਦੂਜੇ ਪ੍ਰਕਾਸ਼ਨ ਦਾ ਮੁੱਖਬੰਧ

ਲਾਹੌਰ ਦੇ ਜ਼ਾਤ-ਪਾਤ-ਤੋੜਕ ਮੰਡਲ ਲਈ ਮੇਰੇ ਆਪਣੇ ਤਿਆਰ ਕੀਤੇ ਭਾਸ਼ਣ ਨੂੰ ਹਿੰਦੂ ਜਨਤਾ, ਜਿਨ੍ਹਾਂ ਲਈ ਇਹ ਮੁੱਢਲੇ ਤੌਰ ਤੇ ਲਿਖਿਆ ਗਿਆ ਸੀ, ਪਾਸੋਂ ਹੈਰਾਨੀਕੁਨ ਨਿੱਘਾ ਸੁਆਗਤ ਪ੍ਰਾਪਤ ਹੋਇਆ ਹੈ। ਅੰਗ੍ਰਜ਼ੀ ਐਡੀਸ਼ਨ ਦੀਆਂ ਪੰਦਰ੍ਹਾਂ ਸੌ ਕਾਪੀਆਂ ਇਸਦੇ ਪ੍ਰਕਾਸ਼ਨ ਤੋਂ ਦੋ ਮਹੀਨੇ ਦੇ ਅੰਦਰ ਅੰਦਰ ਮੁੱਕ ਗਈਆਂ। ਇਸਦਾ ਗੁਜਰਾਤੀ ਅਤੇ ਤਮਿਲ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ। ਇਹ ਮਰਾਠੀ, ਹਿੰਦੀ, ਪੰਜਾਬੀ ਅਤੇ ਮਲਿਯਾਲਮ ਵਿਚ ਅਨੁਵਾਦ ਕੀਤਾ ਜਾ ਰਿਹਾ ਹੈ। ਅੰਗ੍ਰੇਜ਼ੀ ਐਡੀਸ਼ਨ ਲਈ ਮੰਗ ਨਿਰੰਤਰ ਜ਼ਾਰੀ ਹੈ। ਇਸ ਮੰਗ ਨੂੰ ਪੂਰਾ ਕਰਨ ਲਈ ਇਕ ਦੂਜਾ ਐਡੀਸ਼ਨ ਜ਼ਾਰੀ ਕਰਨਾ ਲਾਜ਼ਮੀ ਹੋ ਗਿਆ ਹੈ। ਇਤਿਹਾਸਕ ਪੱਖ ਅਤੇ ਇਸਦੀ ਅਪੀਲ ਦੇ ਪ੍ਰਭਾਵ ਨੇ ਮੈਨੂੰ ਪ੍ਰੇਰਿਆ ਹੈ ਕਿ ਇਸ ਲੇਖ ਦਾ ਮੌਲਕਿ ਰੂਪ ਉਂਜ ਹੀ ਕਾਇਮ ਰੱਖਾਂ ਹਾਲਾਂਕਿ ਇਸ ਭਾਸ਼ਣ ਰੂਪ ਨੂੰ ਸਿੱਧੇ ਕਥਾਨਕ ਰੂਪ ਵਿਚ ਮੈਨੂੰ ਦੁਬਾਰਾ ਲਿਖਣ ਲਈ ਕਿਹਾ ਗਿਆ ਸੀ। ਇਸ ਪ੍ਰਕਾਸ਼ਨ ਵਿਚ ਮੈਂ ਦੋ ਅਤਿੰਕੇ ਸ਼ਾਮਲ ਕੀਤੇ ਹਨ ਅੰਤਿਕਾ 1 ਵਿਚ ਸ੍ਰੀ ਗਾਂਧੀ ਦੇ ਮੇਰੇ ਭਾਸ਼ਣ ਦੀ ਸਮੀਖਿਆ ਵਜੋਂ "ਹਰੀਜਨ" ਵਿਚ ਲਿਖੇ ਗਏ ਦੋ ਲੇਖ ਅਤੇ ਉਨ੍ਹਾਂ ਦਾ ਹੀ ਸ੍ਰੀ ਸੰਤ ਰਾਮ, ਜ਼ਾਤ-ਪਾਤ-ਤੋੜਕ ਮੰਡਲ ਦੇ ਇਕ ਮੈਂਬਰ, ਨੂੰ ਲਿਖਿਆ ਇਕ ਪੱਤਰ ਮੈਂ ਸ਼ਾਮਲ ਕੀਤਾ ਹੈ। ਅੰਤਿਕਾ 2 ਵਿਚ ਸ੍ਰੀ ਗਾਂਧੀ ਦੇ ਲੇਖਾਂ ਦੇ ਉੱਤਰਾਂ ਵਿਚ ਮੈਂ ਆਪਣੇ ਵਿਚਾਰ ਪ੍ਰਕਾਸ਼ਤ ਕੀਤੇ ਹਨ। ਸ੍ਰੀ ਗਾਂਧੀ ਤੋਂ ਇਲਾਵਾ ਕਈ ਹੋਰ ਲੋਕਾਂ ਨੇ ਵੀ ਮੇਰੇ ਭਾਸ਼ਣ ਵਿਚ ਪ੍ਰਗਟਾਏ ਗਏ ਮੇਰੇ ਖ਼ਿਆਲਾਂ ਦੀ ਪ੍ਰਤਿਵਾਦੀ ਆਲੋਚਨਾ ਕੀਤੀ ਹੈ। ਪਰ ਮੈਂ ਮਹਿਸੂਸ ਕੀਤਾ ਹੈ ਕਿ ਅਜਿਹੀਆਂ ਪ੍ਰਤਿਵਾਦੀ ਟਿੱਪਣੀਆਂ ਤੇ ਵਿਚਾਰ ਕਰਨ ਲਈ ਮੈਨੂੰ ਕੇਵਲ ਸ੍ਰੀ ਗਾਂਧੀ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ। ਇਹ ਮੈਂ ਇਸ ਲਈ ਨਹੀਂ ਕੀਤਾ ਕਿ ਜੋ ਕੁਝ ਉਨ੍ਹਾਂ ਨੇ ਕਿਹਾ ਹੈ ਉਹ ਇਤਨਾ ਵਜ਼ਨੀ ਹੈ ਕਿ ਉਸਦਾ ਉੱਤਰ ਦਿੱਤਾ ਜਾਣਾ ਲਾਜ਼ਮੀ ਹੈ ਪਰੰਤੂ ਇਸ ਲਈ ਕਿ ਉਹ ਕਈ ਹਿੰਦੂਆਂ ਲਈ ਇਕ ਕਦਰਯੋਗ ਵਿਅਕਤੀ ਹਨ, ਇਤਨੇ ਮਹਾਨ ਕਿ ਜਦੋਂ ਉਹ ਬੋਲਣ ਲਈ ਮੂੰਹ ਖੋਲ੍ਹਦੇ ਹਨ ਤਾਂ ਇਹ ਆਸ ਕੀਤੀ ਜਾਂਦੀ ਹੈ ਕਿ ਕੋਈ ਵੀ ਬਹਿਸ ਉਥੇ ਹੀ ਖ਼ਤਮ ਕਰ ਦਿੱਤੀ ਜਾਵੇ ਅਤੇ ਕਿਸੇ ਐਰੇ-ਗੈਰੇ ਦੀ ਹਿੰਮਤ ਨਾ ਹੋਵੇ ਕਿ ਉਹ ਬੋਲੇ। ਪਰ ਸੰਸਾਰ ਅਜਿਹੇ ਵਿਦਰੋਹੀਆਂ ਦਾ ਦੇਣਦਾਰ ਹੈ ਜੋ ਕਿ ਮੁੱਖ ਪਾਦਰੀ ਦੇ ਸਨਮੁਖ ਬਹਿਸ ਕਰਨ ਦਾ ਹੀਆ ਰਖਦੇ ਹਨ ਅਤੇ ਇਸ ਗੱਲ ਤੇ ਜ਼ੋਰ ਦੇ ਸਕਦੇ ਹਨ ਕਿ ਉਹ ਵੀ ਗ਼ਲਤੀ ਕਰ ਸਕਦਾ ਹੈ। ਮੈਨੂੰ ਉਸ ਦੀ ਵਡਿਆਈ ਦੀ ਪਰਵਾਹ ਨਹੀਂ ਜੋ ਹਰ ਇਕ ਪ੍ਰਗਤੀਸ਼ੀਲ ਸਮਾਜ

ਆਪਣੇ ਬਾਗ਼ੀਆਂ ਨੂੰ ਦਿੰਦਾ ਹੈ। ਮੈਨੂੰ ਇਸੇ ਗੱਲ ਨਾਲ ਤਸੱਲੀ ਹੋ ਜਾਵੇਗੀ ਜੇਕਰ ਮੈਂ ਹਿੰਦੂਆਂ ਨੂੰ ਇਹ ਅਹਿਸਾਸ ਕਰਵਾ ਦੇਵਾਂ ਕਿ ਉਹ ਭਾਰਤ ਦੇ ਬਿਮਾਰ ਵਿਅਕਤੀ ਹਨ ਅਤੇ ਉਨ੍ਹਾਂ ਦੀ ਬਿਮਾਰੀ ਹੋਰਨਾਂ ਭਾਰਤੀਆਂ ਦੀ ਸਿਹਤ ਅਤੇ ਖ਼ੁਸ਼ਹਾਲੀ ਨੂੰ ਖ਼ਤਰਾ ਪੈਦਾ ਕਰ ਰਹੀ ਹੈ।

ਭੀਮ ਰਾਉ ਅੰਬੇਡਕਰ

## ਤੀਜੇ ਪ੍ਰਕਾਸ਼ਨ ਦਾ ਮੁੱਖਬੰਧ

ਇਸ ਲੇਖ ਦਾ ਦੂਜਾ ਐਡੀਸ਼ਨ 1937 ਵਿਚ ਪ੍ਰਕਾਸ਼ਤ ਹੋਇਆ, ਅਤੇ ਉਸ ਦੀਆਂ ਕਾਪੀਆਂ ਬਹੁਤ ਥੋੜ੍ਹੇ ਸਮੇਂ ਵਿਚ ਹੀ ਖ਼ਤਮ ਹੋ ਗਈਆਂ। ਕਾਫ਼ੀ ਦੇਰ ਤੋਂ ਇਕ ਨਵੇਂ ਐਡੀਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਮੇਰੀ ਰੀਝ ਸੀ ਕਿ ਇਸ ਲੇਖ ਨੂੰ ਨਵਾਂ ਰੂਪ ਦੇ ਕੇ, "ਭਾਰਤ ਵਿਚ ਜ਼ਾਤਾਂ, ਉਨ੍ਹਾਂ ਦਾ ਮੂਲ ਅਤੇ ਉਨ੍ਹਾਂ ਦੀ ਰਚਨਾ" ਨਾਮੀ ਆਪਣਾ ਇਕ ਹੋਰ ਲੇਖ ਜੋ ਕਿ ਇੰਡੀਅਨ ਐਂਟੀਕੁਏਰੀ ਜਰਨਲ ਦੇ ਮਈ, 1977 ਦੇ ਸੰਸਕਰਣ ਵਿਚ ਛਪਿਆ ਸੀ, ਨੂੰ ਵੀ ਇਸ ਵਿਚ ਸ਼ਾਮਲ ਕਰਾਂ। ਪਰ ਕਿਉਂਕਿ ਮੈਨੂੰ ਸਮਾਂ ਨਹੀਂ ਮਿਲਿਆ, ਅਜਿਹਾ ਕਰ ਸਕਣ ਦੀ ਆਸ ਵੀ ਮੈਨੂੰ ਬਹੁਤ ਘੱਟ ਹੈ ਅਤੇ ਹੋਰ ਇਹ ਕਿ ਜਨਤਾ ਵਲੋਂ ਇਸ ਦੀ ਮੰਗ ਬਹੁਤ ਜ਼ਿਆਦਾ ਹੈ, ਇਸ ਲਈ, ਮੈਂ ਇਸ ਦੇ ਦੂਜੇ ਸੰਸਕਰਣ ਦੇ ਪੁਨਰ-ਪ੍ਰਕਾਸ਼ਨ ਵਿਚ ਹੀ ਸੰਤੁਸ਼ਟ ਹਾਂ।

ਮੈਨੂੰ ਖੁਸ਼ੀ ਹੈ ਕਿ ਇਹ ਲੇਖ ਇਤਨਾ ਵੱਧ ਲੋਕ-ਪ੍ਰਸਿੱਧ ਹੋਇਆ ਹੈ, ਅਤੇ ਮੈਨੂੰ ਆਸ ਹੈ ਕਿ ਜਿਸ ਮਨੋਰਥ ਲਈ ਮੈਂ ਇਹ ਲਿਖਿਆ ਸੀ, ਉਹ ਪ੍ਰਾਪਤ ਹੋ ਗਿਆ ਹੈ।

ਭੀਮ ਰਾਉ ਅੰਬੇਡਕਰ

22, ਪ੍ਰਿਥਵੀਰਾਜ ਰੋਡ,
ਨਵੀਂ ਦਿੱਲੀ।
1 ਦਸੰਬਰ, 1944

## ਪੂਰਵ-ਕਥਨ

12 ਦਸੰਬਰ, 1935 ਨੂੰ ਮੈਨੂੰ ਸ੍ਰੀ ਸੰਤ ਰਾਮ, ਸਕੱਤਰ, ਜ਼ਾਤ-ਪਾਤ-ਤੋੜਕ ਮੰਡਲ ਪਾਸੋਂ ਹੇਠ ਲਿਖਿਆ ਖ਼ਤ ਪ੍ਰਾਪਤ ਹੋਇਆ :

ਮੇਰੇ ਪਿਆਰੇ ਡਾਕਟਰ ਸਾਹਿਬ,

ਆਪ ਜੀ ਦੇ 5 ਦਸੰਬਰ ਦੇ ਪੱਤਰ ਲਈ ਬਹੁਤ ਬਹੁਤ ਧੰਨਵਾਦ। ਮੈਂ ਬਿਨਾਂ ਆਪ ਜੀ ਦੀ ਆਗਿਆ ਉਸ ਨੂੰ ਅਖਬਾਰ ਵਿਚ ਪ੍ਰਕਾਸ਼ਨ ਹਿੱਤ ਭੇਜ ਦਿੱਤਾ ਹੈ ਜਿਸ ਲਈ ਮੈਂ ਖਿਮਾਂ ਦਾ ਜਾਚਕ ਹਾਂ, ਕਿਉਂ ਜੋ ਮੈਨੂੰ ਉਸ ਨੂੰ ਪ੍ਰਚਾਰਨ ਵਿਚ ਕੋਈ ਹਾਨੀ ਨਹੀਂ ਜਾਪੀ। ਆਪ ਜੀ ਇਕ ਮਹਾਨ ਚਿੰਤਕ ਹੋ, ਅਤੇ ਮੇਰੀ ਇਹ ਪ੍ਰਪੱਕ ਰਾਇ ਹੈ ਕਿ ਕਿਸੇ ਹੋਰ ਵਿਅਕਤੀ ਨੇ ਜ਼ਾਤ-ਪਾਤ ਦੀ ਸਮੱਸਿਆ ਦਾ ਐਨਾ ਡੂੰਘਾ ਅਧਿਐਨ ਨਹੀਂ ਕੀਤਾ ਜਿਨਾ ਕਿ ਤੁਸੀਂ ਕੀਤਾ ਹੈ। ਮੈਂ ਆਪ ਅਤੇ ਸਾਡੇ ਮੰਡਲ ਨੇ ਸਦਾ ਹੀ ਆਪ ਜੀ ਦੇ ਵਿਚਾਰਾਂ ਤੋਂ ਲਾਭ ਉਠਾਇਆ ਹੈ। ਮੈਂ ਇਨ੍ਹਾਂ ਦਾ ਉਲੇਖ ਕਈ ਵਾਰੀ ਕ੍ਰਾਂਤੀ ਵਿਚ ਕੀਤਾ ਹੈ ਅਤੇ ਪ੍ਰਚਾਰ ਕੀਤਾ ਹੈ ਅਤੇ ਕਈ ਇਕ ਸੰਮੇਲਨਾਂ ਵਿਚ ਇਨ੍ਹਾਂ ਤੇ ਭਾਸ਼ਣ ਵੀ ਦਿੱਤਾ ਹੈ। ਹੁਣ ਮੈਂ ਬੜੀ ਉਤਸੁਕਤਾ ਨਾਲ ਤੁਹਾਡੇ ਨਵੇਂ ਫਾਰਮੂਲੇ ਦੀ ਚਰਚਾ ਪੜ੍ਹਨਾ ਚਾਹੁੰਦਾ ਹਾਂ "ਜ਼ਾਤ-ਪਾਤ ਨੂੰ ਤੋੜਨਾ, ਉਦੋਂ ਤੱਕ ਸੰਭਵ ਨਹੀਂ ਹੈ ਜਦੋਂ ਤਕ ਉਨ੍ਹਾਂ ਧਾਰਮਕ ਖ਼ਿਆਲਾਂ ਦਾ ਖ਼ਾਤਮਾ ਨਹੀਂ ਹੋ ਜਾਂਦਾ ਜਿਨ੍ਹਾਂ ਤੇ ਜ਼ਾਤ-ਪਾਤ ਦੀ ਬੁਨਿਆਦ ਖੜ੍ਹੀ ਹੈ।" ਕਿਰਪਾ ਕਰਕੇ ਆਪ ਜਿੰਨੀ ਛੇਤੀ ਸੰਭਵ ਹੋਵੇ, ਇਨ੍ਹਾਂ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੇਚਲ ਕਰੋ, ਤਾਂ ਜੋ ਅਸੀਂ ਵੀ ਉਨ੍ਹਾਂ ਵਿਚਾਰਾਂ ਨੂੰ ਸਮਝ ਸਕੀਏ ਅਤੇ ਪ੍ਰੈਸ ਅਤੇ ਸਟੇਜ ਤੋਂ ਉਨ੍ਹਾਂ ਦਾ ਪ੍ਰਚਾਰ ਕਰ ਸਕੀਏ। ਇਸ ਵੇਲੇ ਮੈਂ ਇਨ੍ਹਾਂ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹਾਂ।

** ** **

ਸਾਡੀ ਕਾਰਜਕਾਰੀ ਕਮੇਟੀ ਦੀ ਪੁਰਜ਼ੋਰ ਮੰਗ ਹੈ ਕਿ ਸਾਡੀ ਸਾਲਾਨਾ ਕਾਨਫ਼ਰੰਸ ਦੀ ਪ੍ਰਧਾਨਗੀ ਆਪ ਜੀ ਕਰੋ। ਅਸੀਂ ਇਸ ਦੀਆਂ ਤਰੀਕਾਂ ਆਪ ਜੀ ਦੀ ਸਹੂਲਤ ਮੁਤਾਬਕ ਬਦਲ ਸਕਦੇ ਹਾਂ। ਪੰਜਾਬ ਦੇ ਆਜ਼ਾਦ ਹਰੀਜਨ ਆਪ ਜੀ ਨੂੰ ਮਿਲਣ ਅਤੇ ਆਪਣੀਆਂ ਯੋਜਨਾਵਾਂ ਸਬੰਧੀ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਨ ਲਈ ਬਹੁਤ ਇਛੁੱਕ ਹਨ। ਇਸ ਲਈ, ਜੇਕਰ ਤੁਸੀਂ ਸਾਡੀ ਬੇਨਤੀ ਪਰਵਾਨ ਕਰਕੇ ਪਧਾਰੋ ਤਾਂ ਇਸ ਨਾਲ ਦੂਹਰਾ ਮੰਤਵ ਪੂਰਾ ਹੋਵੇਗਾ। ਅਸੀਂ ਹਰ ਪ੍ਰਕਾਰ ਦੀਆਂ ਰਾਵਾਂ ਵਾਲੇ ਹਰੀਜਨ ਨੇਤਾਵਾਂ ਨੂੰ ਸੱਦਾ ਘੱਲਾਂਗੇ ਅਤੇ ਤੁਸੀਂ ਉਨ੍ਹਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਲੈ ਸਕੋਗੇ

ਮੰਡਲ ਨੇ ਸਾਡੇ ਸਹਾਇਕ ਸਕੱਤਰ, ਸ੍ਰੀ ਇੰਦਰ ਸਿੰਘ, ਨੂੰ ਆਪ ਜੀ ਨੂੰ ਕ੍ਰਿਸਮਿਸ ਵਾਲੇ ਦਿਨ ਬੰਬਈ ਵਿਖੇ ਮਿਲਣ ਅਤੇ ਆਪ ਜੀ ਨੂੰ ਸਾਡੀ ਬੇਨਤੀ ਪ੍ਰਵਾਨ ਕਰਨ ਲਈ ਮਨਾਉਣ

ਹਿੱਤ ਸਾਡੀ ਸਥਿਤੀ ਬਿਆਨ ਕਰਨ ਦਾ ਕੰਮ ਸੌਂਪਿਆ ਹੈ।

** ** **

ਮੈਨੂੰ ਦੱਸਿਆ ਗਿਆ ਕਿ ਜ਼ਾਤ-ਪਾਤ-ਤੋੜਕ ਮੰਡਲ ਉੱਚੀ ਜ਼ਾਤ ਦੇ ਹਿੰਦੂ ਸਮਾਜ ਸੁਧਾਰਕਾਂ ਦੀ ਸੰਸਥਾ ਹੈ, ਜਿਸ ਦਾ ਕੇਵਲ ਇਕੋ ਉਦੇਸ਼ ਹਿੰਦੂਆਂ ਵਿਚੋਂ ਜ਼ਾਤਪਾਤ ਪ੍ਰਣਾਲੀ ਨੂੰ ਖ਼ਤਮ ਕਰਨਾ ਹੈ। ਆਮ ਤੌਰ ਤੇ, ਮੈਂ ਅਜਿਹੇ ਕਿਸੇ ਅੰਦੋਲਨ ਵਿਚ ਕੋਈ ਹਿੱਸਾ ਲੈਣਾ ਪਸੰਦ ਨਹੀਂ ਕਰਦਾ ਜੋ ਕਿ ਉੱਚੀ ਜ਼ਾਤ ਦੇ ਹਿੰਦੂਆਂ ਦੁਆਰਾ ਚਲਾਏ ਜਾ ਰਹੇ ਹੋਣ। ਉਨ੍ਹਾਂ ਦਾ ਸਮਾਜ ਸੁਧਾਰ ਸਬੰਧੀ ਰਵੱਈਆ ਮੇਰੇ ਨਾਲੋਂ ਇੰਨਾ ਜ਼ਿਆਦਾ ਵੱਖਰਾ ਹੈ ਕਿ ਮੈਂ ਉਨ੍ਹਾਂ ਦੀ ਸੰਗਤ ਵਿਚ ਰਹਿਣਾ ਸੁਹਾਵਣਾ ਮਹਿਸੂਸ ਨਹੀਂ ਕਰਦਾ। ਦਰਅਸਲ, ਮੈਨੂੰ ਉਨ੍ਹਾਂ ਦੀ ਸੁਹਬਤ ਕਰਨੀ ਇਸ ਕਰਕੇ ਚੰਗੀ ਨਹੀਂ ਲਗਦੀ, ਕਿਉਂ ਜੋ ਸਾਡੀ ਰਾਇ ਅਤੇ ਵਿਚਾਰਧਾਰਾ ਵਿਚ ਫਰਕ ਰਹਿੰਦਾ ਹੈ। ਇਸੇ ਕਰਕੇ ਮੰਡਲ ਨੇ ਪਹਿਲਾਂ ਜਦੋਂ ਮੇਰੇ ਨਾਲ ਸੰਪਰਕ ਕੀਤਾ ਤਾਂ ਮੈਂ ਪ੍ਰਧਾਨਗੀ ਕਰਨ ਤੋਂ ਨਾਂਹ ਕਰ ਦਿਤੀ। ਐਪਰ, ਮੰਡਲ ਨੇ ਮੇਰਾ ਇਨਕਾਰ ਕਬੂਲ ਨਾ ਕੀਤਾ ਅਤੇ ਮੇਰੇ ਤੇ, ਸੱਦਾ ਪ੍ਰਵਾਨ ਕਰਨ ਹਿੱਤ ਜ਼ੋਰ ਪਾਉਣ ਲਈ ਇਕ ਮੈਂਬਰ ਨੂੰ ਬੰਬਈ ਭੇਜ ਦਿੱਤਾ। ਅੰਤ ਵਿਚ ਮੈਂ ਪ੍ਰਧਾਨਗੀ ਕਰਨਾ ਕਬੂਲ ਕਰ ਲਿਆ। ਸਾਲਾਨਾ ਕਾਨਫ਼ਰੰਸ ਮੰਡਲ ਦੇ ਸਦਰ ਮੁਕਾਮ, ਲਾਹੌਰ ਵਿਖੇ ਹੋਣੀ ਸੀ। ਕਾਨਫ਼ਰੰਸ ਈਸਟਰ ਵਿਚ ਹੋਣੀ ਸੀ, ਪਰ ਬਾਅਦ ਵਿਚ ਮਈ, 1936 ਦੇ ਮੱਧ ਤੱਕ ਅੱਗੇ ਪਾ ਦਿੱਤੀ ਗਈ। ਮੰਡਲ ਦੀ ਸੁਆਗਤ ਕਮੇਟੀ ਨੇ ਕਾਨਫਰੰਸ ਕੈਂਸਲ ਕਰ ਦਿੱਤੀ ਹੈ। ਕੈਂਸਲ ਕੀਤੇ ਜਾਣ ਦਾ ਨੋਟਿਸ ਮੇਰੇ ਪ੍ਰਧਾਨਗੀ ਭਾਸ਼ਣ ਦੇ ਛਪਣ ਤੋਂ ਕਾਫੀ ਚਿਰ ਬਾਅਦ ਮਿਲਿਆ। ਭਾਸ਼ਣ ਦੀਆਂ ਕਾਪੀਆਂ ਹੁਣ ਮੇਰੇ ਕੋਲ ਪਈਆਂ ਹਨ। ਕਿਉਂ ਜੋ ਮੈਨੂੰ ਪ੍ਰਧਾਨਗੀ ਕੁਰਸੀ ਤੋਂ ਭਾਸ਼ਣ ਦੇਣ ਦਾ ਅਵਸਰ ਨਹੀਂ ਮਿਲਿਆ ਇਸ ਲਈ ਜਨਤਾ ਨੂੰ ਜ਼ਾਤ-ਪਾਤ ਪ੍ਰਣਾਲੀ ਤੋਂ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਮੇਰੇ ਵਿਚਾਰ ਜਾਣਨ ਦਾ ਮੌਕਾ ਨਹੀਂ ਮਿਲਿਆ। ਜਨਤਾ ਨੂੰ ਇਨ੍ਹਾਂ ਵਿਚਾਰਾਂ ਤੋਂ ਜਾਣੂੰ ਕਰਵਾਉਣ ਲਈ ਅਤੇ ਮੇਰੇ ਪਾਸ ਪਈਆਂ ਛਪੀਆਂ ਕਾਪੀਆਂ ਖਪਾਉਣ ਲਈ ਮੈਂ ਫੈਸਲਾ ਕੀਤਾ ਹੈ ਕਿ ਭਾਸ਼ਣ ਦੀਆਂ ਛਪੀਆਂ ਕਾਪੀਆਂ ਬਾਜ਼ਾਰ ਵਿਚ ਵੇਚ ਦੇਵਾਂ। ਇਸ ਨਾਲਨੱਥੀ ਸਫਿਆਂ ਤੇ ਭਾਸ਼ਣ ਦਿਤਾ ਗਿਆ ਹੈ।

ਜਨਤਾ ਇਹ ਜਾਣਨ ਲਈ ਉਤਸੁਕ ਹੋਵੇਗੀ ਕਿ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਮੇਰੀ ਨਿਯੁਕਤੀ ਕੈਂਸਲ ਕੀਤੇ ਜਾਣ ਦੇ ਕੀ ਕਾਰਣ ਸਨ। ਸ਼ੁਰੂ ਵਿਚ ਭਾਸ਼ਣ ਦੀ ਛਪਾਈ ਸਬੰਧੀ ਵਿਵਾਦ ਖੜ੍ਹਾ ਹੋ ਗਿਆ। ਮੈਂ ਚਾਹੁੰਦਾ ਸਾਂ ਕਿ ਭਾਸ਼ਣ ਬੰਬਈ ਤੋਂ ਹੀ ਛਪਵਾਇਆ ਜਾਵੇ। ਮੰਡਲ ਚਾਹੁੰਦਾ ਸੀ ਕਿ ਆਰਥਕ ਕਾਰਣਾਂ ਕਰਕੇ ਇਹ ਲਾਹੌਰੋਂ ਛਪਵਾਇਆ ਜਾਵੇ। ਮੈਂ ਇਸ ਗੱਲ ਤੇ ਰਾਜ਼ੀ ਨਾ ਹੋਇਆ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਹ ਬੰਬਈ ਤੋਂ ਹੀ ਛਪਵਾਇਆ ਜਾਵੇ। ਮੇਰੀ ਗੱਲ ਮੰਨਣ ਦੀ ਬਜਾਏ ਮੈਨੂੰ ਇਕ ਪੱਤਰ ਪ੍ਰਾਪਤ ਹੋਇਆ ਜੋ ਕਿ ਮੰਡਲ ਦੇ ਕਈ ਮੈਂਬਰਾਂ ਦੁਆਰਾ ਹਸਤਾਖ਼ਰਿਤ ਸੀ, ਜਿਸ ਦਾ ਸਾਰ ਮੈਂ ਹੇਠ ਦਿੰਦਾ ਹਾਂ:

27.3.36

ਮਾਨਯੋਗ ਡਾਕਟਰ ਜੀ,

ਸ੍ਰੀ ਸੰਤ ਰਾਮ ਨੂੰ ਸੰਬੋਧਤ ਆਪ ਜੀ ਦਾ ਪੱਤਰ ਮਿਤੀ 24 ਮਾਰਚ ਸਾਨੂੰ ਵਿਖਾਇਆ ਗਿਆ ਹੈ। ਸਾਨੂੰ ਉਹ ਪੜ੍ਹਕੇ ਕੁਝ ਨਿਰਾਸ਼ਾ ਹੋਈ। ਸ਼ਾਇਦ ਤੁਹਾਨੂੰ ਉਸ ਸਥਿਤੀ, ਜੋ ਇਥੇ ਪੈਦਾ

ਹੋ ਗਈ ਹੈ, ਦਾ ਪੂਰੀ ਤਰ੍ਹਾਂ ਗਿਆਨ ਨਹੀਂ ਹੈ । ਪੰਜਾਬ ਵਿਚ ਤਕਰੀਬਨ ਸਾਰੇ ਹਿੰਦੂ ਤੁਹਾਡੇ ਇਸ ਪ੍ਰਾਂਤ ਵਿਚ ਸੱਦੇ ਜਾਣ ਦੇ ਖ਼ਿਲਾਫ਼ ਹਨ। ਜ਼ਾਤ-ਪਾਤ-ਤੋੜਕ ਮੰਡਲ ਦੀ ਬਹੁਤ ਸਖ਼ਤ ਆਲੋਚਨਾ ਕੀਤੀ ਗਈ ਹੈ ਅਤੇ ਸਾਰੇ ਪਾਸਿਉਂ ਇਸ ਨੂੰ ਫਟਕਾਰਾਂ ਪਾਈਆਂ ਗਈਆਂ ਹਨ। ਸਾਰੇ ਹਿੰਦੂ ਨੇਤਾਵਾਂ, ਜਿਨ੍ਹਾਂ ਵਿਚ ਭਾਈ ਪਰਮਾਨੰਦ, ਐਮ.ਐਲ.ਏ., (ਸਾਬਕਾ ਪ੍ਰਧਾਨ, ਹਿੰਦੂ ਮਹਾਂ ਸਭਾ), ਮਹਾਤਮਾ ਹੰਸ ਰਾਜ, ਡਾ. ਗੋਕਲ ਚੰਦ ਨਾਰੰਗ, ਸਥਾਨਕ ਸਵੈਸ਼ਾਸਨ ਮੰਤਰੀ, ਰਾਜਾ ਨਰਿੰਦਰ ਨਾਥ, ਐਮ.ਐਲ.ਸੀ, ਆਦਿ ਸ਼ਾਮਲ ਹਨ, ਨੇ ਮੰਡਲ ਦੀ ਇਸ ਕਾਰਵਾਈ ਤੋਂ ਆਪਣੇ ਆਪ ਨੂੰ ਅਸਬੰਧਿਤ ਕਰ ਲਿਆ ਹੈ।

ਇਸ ਸਭ ਕੁਝ ਦੇ ਬਾਵਜੂਦ ਜ਼ਾਤ-ਪਾਤ-ਤੋੜਕ ਮੰਡਲ ਦੇ ਸੰਚਾਲਕਾਂ ਨੇ (ਜਿਨ੍ਹਾਂ 'ਚੋਂ ਮੋਢੀ ਸਨ ਸਾਰਜੈਂਟ ਸੰਤ ਰਾਮ) ਹਰ ਔਕੜ ਦਾ ਸਾਹਮਣਾ ਕਰਨ ਦਾ ਨਿਸ਼ਚਾ ਕੀਤਾ ਹੈ ਪਰ ਉਹ ਤੁਹਾਡੀ ਪ੍ਰਧਾਨਗੀ ਤੋਂ ਪਿੱਛੇ ਨਹੀਂ ਹਟਣਗੇ। ਮੰਡਲ ਦਾ ਨਾਂ ਕਾਫੀ ਬਦਨਾਮ ਹੋਇਆ ਹੈ।

** ** **

ਇਨ੍ਹਾਂ ਹਾਲਾਤ ਵਿਚ, ਇਹ ਤੁਹਾਡਾ ਫਰਜ਼ ਬਣ ਜਾਂਦਾ ਹੈ ਕਿ ਤੁਸੀਂ ਮੰਡਲ ਨੂੰ ਸਹਿਯੋਗ ਦਿਉ। ਇਕ ਪਾਸੇ ਉਨ੍ਹਾਂ ਨੂੰ ਹਿੰਦੂਆਂ ਦੁਆਰਾ ਐਨਾ ਔਖਾ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਤੁਸੀਂ ਵੀ ਜੇ ਉਨ੍ਹਾਂ ਦੀਆਂ ਔਕੜਾਂ ਵਿਚ ਵਾਧਾ ਕਰੋ ਤਾਂ ਇਹ ਉਨ੍ਹਾਂ ਲਈ ਬਹੁਤ ਹੀ ਮੰਦਭਾਗਾ ਸਾਬਤ ਹੋਵੇਗਾ।

ਅਸੀਂ ਆਸ ਕਰਦੇ ਹਾਂ ਕਿ ਤੁਸੀਂ ਇਸ ਤੇ ਮੁੜਵਿਚਾਰ ਕਰੋਗੇ ਅਤੇ ਉਹੀ ਕਰੋਗੇ ਜੋ ਸਾਡੇ ਸਭਨਾਂ ਲਈ ਉੱਤਮ ਹੈ।

** ** **

**ਇਸ ਪੱਤਰ ਨਾਲ ਮੈਨੂੰ ਬੜਾ ਅਚੰਭਾ ਹੋਇਆ । ਮੈਨੂੰ ਇਸ ਗੱਲ ਦੀ ਸਮਝ ਨਾ ਆਈ ਕਿ ਭਾਸ਼ਣ ਦੀ ਛਪਾਈ ਦੇ ਮਾਮਲੇ ਵਿਚ ਕੁਝ ਰੁਪਇਆਂ ਦੀ ਖ਼ਾਤਰ ਮੰਡਲ ਮੈਨੂੰ ਨਾਖੁਸ਼ ਕਿਉਂ ਕਰ ਰਿਹਾ ਹੈ। ਦੂਸਰਾ, ਮੈਂ ਇਸ ਗੱਲ ਦਾ ਯਕੀਨ ਨਹੀਂ ਕਰ ਸਕਿਆ ਕਿ ਸਰ ਗੋਕਲ ਚੰਦ ਨਾਰੰਗ ਨੇ ਅਸਲ ਵਿਚ ਪ੍ਰਧਾਨ ਵਜੋਂ ਮੇਰੀ ਚੋਣ ਦੇ ਵਿਰੋਧ ਵਿਚ ਅਸਤੀਫ਼ਾ ਕਿਉਂ ਦਿੱਤਾ ਸੀ ਜਦ ਕਿ ਮੈਨੂੰ ਖੁਦ ਸਰ ਗੋਕਲ ਚੰਦ ਵਲੋਂ ਨਿਮਨ-ਲਿਖਤ ਪੱਤਰ ਪ੍ਰਾਪਤ ਹੋਇਆ ਸੀ:**

5 ਮਿੰਟਗੁਮਰੀ ਰੋਡ,
ਲਾਹੌਰ, 7.2.36

ਪਿਆਰੇ ਡਾਕਟਰ ਅੰਬੇਡਕਰ,

ਮੈਨੂੰ ਜ਼ਾਤ-ਪਾਤ-ਤੋੜਕ ਮੰਡਲ ਦੇ ਵਰਕਰਾਂ ਪਾਸੋਂ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਤੁਸੀਂ ਈਸਟਰ ਦੀਆਂ ਛੁੱਟੀਆਂ ਦੌਰਾਨ ਲਾਹੌਰ ਵਿਖੇ ਹੋਣ ਵਾਲੀ ਉਨ੍ਹਾਂ ਦੀ ਅਗਲੀ ਸਾਲਾਨਾ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਮੰਨ ਗਏ ਹੋ। ਮੈਨੂੰ ਬੜੀ ਪ੍ਰਸੰਨਤਾ ਹੋਵੇਗੀ ਜੇਕਰ ਤੁਸੀਂ ਲਾਹੌਰ ਆਉਣ ਤੇ ਮੇਰੇ ਪਾਸ ਠਹਿਰੋ। ਹੋਰ ਮਿਲਣ ਤੇ।

ਆਪਦਾ ਹਿਤੈਸ਼ੀ,
ਗੋਕਲ ਚੰਦ ਨਾਰੰਗ।

ਸੱਚ ਭਾਵੇਂ ਕੁਝ ਵੀ ਹੋਵੇ, ਮੈਂ ਇਸ ਦਬਾਅ ਹੇਠ ਨਾ ਆਇਆ। ਪਰ ਜਦੋਂ ਮੰਡਲ ਨੂੰ ਇਹ ਪਤਾ ਲੱਗ ਵੀ ਗਿਆ ਕਿ ਮੈਂ ਇਸ ਗੱਲ ਤੇ ਜ਼ੋਰ ਦੇ ਰਿਹਾ ਹਾਂ ਕਿ ਮੇਰਾ ਭਾਸ਼ਣ ਬੰਬਈ ਤੋਂ ਛਪਵਾਇਆ ਜਾਵੇ, ਮੰਡਲ ਨੇ ਮੇਰਾ ਪ੍ਰਸਤਾਵ ਮੰਨਣ ਦੀ ਬਜਾਏ ਮੈਨੂੰ ਇਕ ਤਾਰ ਭੇਜੀ ਕਿ ਉਹ ਸ੍ਰੀ ਹਰ ਭਗਵਾਨ ਨੂੰ "ਮੇਰੇ ਨਾਲ ਜ਼ਾਤੀ ਤੌਰ ਤੇ ਗੱਲਬਾਤ ਕਰਨ ਲਈ" ਬੰਬਈ ਭੇਜ ਰਹੇ ਹਨ। ਸ੍ਰੀ ਹਰ ਭਗਵਾਨ 9 ਅਪ੍ਰੈਲ ਨੂੰ ਬੰਬਈ ਆਏ। ਜਦੋਂ ਮੈਂ ਸ੍ਰੀ ਹਰ ਭਗਵਾਨ ਨੂੰ ਮਿਲਿਆ ਤਾਂ ਮੈਨੂੰ ਪਤਾ ਲੱਗਿਆ ਕਿ ਉਨ੍ਹਾਂ ਪਾਸ ਇਸ ਮਸਲੇ ਤੇ ਕੁਝ ਕਹਿਣ ਲਈ ਨਹੀਂ ਹੈ। ਦਰਅਸਲ, ਉਨ੍ਹਾਂ ਦੀ ਭਾਸ਼ਣ ਦੀ ਛਪਾਈ ਸਬੰਧੀ ਉੱਕਾ ਕੋਈ ਦਿਲਚਸਪੀ ਨਹੀਂ ਸੀ, ਕਿ ਉਹ ਬੰਬਈ ਤੋਂ ਛਪਵਾਇਆ ਜਾਵੇ ਜਾਂ ਲਾਹੌਰ ਤੋਂ। ਉਨ੍ਹਾਂ ਨੇ ਆਪਣੀ ਗੱਲਬਾਤ ਦੇ ਦੌਰਾਨ ਇਸ ਗੱਲ ਦਾ ਜ਼ਿਕਰ ਵੀ ਨਾ ਕੀਤਾ। ਇਸ ਗੱਲ ਨਾਲ ਮੈਨੂੰ ਯਕੀਨ ਹੋ ਗਿਆ ਕਿ ਭਾਸ਼ਣ ਲਾਹੌਰ ਵਿਖੇ ਛਪਵਾਉਣ ਵਿਚ ਮੰਡਲ ਦਾ ਮਕਸਦ ਪੈਸੇ ਬਚਾਉਣਾ ਨਹੀਂ ਸੀ, ਬਲਕਿ ਮੇਰੇ ਭਾਸ਼ਣ ਦਾ ਵਿਸ਼ਾ ਪ੍ਰਾਪਤ ਕਰਨਾ ਸੀ। ਮੈਂ ਉਨ੍ਹਾਂ ਨੂੰ ਭਾਸ਼ਣ ਦੀ ਇਕ ਕਾਪੀ ਦਿੱਤੀ। ਉਹ ਉਸਦੇ ਕੁਝ ਹਿੱਸਿਆਂ ਤੋਂ ਖੁਸ਼ ਨਹੀਂ ਸਨ। ਉਹ ਲਾਹੌਰ ਵਾਪਸ ਚਲੇ ਗਏ। ਲਾਹੌਰ ਤੋਂ, ਉਨ੍ਹਾਂ ਨੇ ਮੈਨੂੰ ਨਿਮਨ-ਲਿਖਤ ਪੱਤਰ ਲਿਖਿਆ:

ਲਾਹੌਰ,

ਮਿਤੀ 14 ਅਪ੍ਰੈਲ, 1936

ਮੇਰੇ ਪਿਆਰੇ ਡਾਕਟਰ ਸਾਹਿਬ,

ਬੰਬਈ ਤੋਂ 12 ਤਰੀਕ ਨੂੰ ਵਾਪਸ ਪਰਤਣ ਤੋਂ ਬਾਅਦ, ਲਗਾਤਾਰ 5-6 ਰਾਤਾਂ ਗੱਡੀ ਵਿਚ ਸਫਰ ਕਰਨ ਕਾਰਨ ਸੌਂ ਨਾ ਸਕਣ ਕਰਕੇ ਮੈਂ ਬਿਮਾਰ ਰਿਹਾ ਹਾਂ। ਇਥੇ ਆਉਣ ਤੋਂ ਬਾਅਦ ਮੈਨੂੰ ਪਤਾ ਲੱਗਾ ਕਿ ਤੁਸੀਂ ਅੰਮ੍ਰਿਤਸਰ ਆਏ ਸੀ। ਮੈਂ ਜੇਕਰ ਠੀਕ ਹੁੰਦਾ ਤਾਂ ਜ਼ਰੂਰ ਤੁਹਾਨੂੰ ਉਥੇ ਮਿਲਦਾ। ਮੈਂ ਤੁਹਾਡਾ ਭਾਸ਼ਣ ਸ੍ਰੀ ਸੰਤ ਰਾਮ ਨੂੰ ਅਨੁਵਾਦ ਹਿੱਤ ਦੇ ਦਿੱਤਾ ਹੈ ਅਤੇ ਉਨ੍ਹਾਂ ਨੂੰ ਉਹ ਬਹੁਤ ਪਸੰਦ ਆਇਆ ਹੈ। ਪਰ ਉਨ੍ਹਾਂ ਨੂੰ ਇਸ ਦਾ ਭਰੋਸਾ ਨਹੀਂ ਕਿ ਉਹ ਉਸਨੂੰ 25 ਤਰੀਕ ਤੋਂ ਪਹਿਲਾਂ ਉਸਦੀ ਛਪਾਈ ਹਿੱਤ ਅਨੁਵਾਦ ਕਰ ਸਕਣਗੇ ਕਿ ਨਹੀਂ। ਬਹਿਰ ਹਾਲ, ਇਸ ਨੂੰ ਵੱਡੇ ਪੈਮਾਨੇ ਤੇ ਪ੍ਰਸਾਰਨ ਪ੍ਰਾਪਤ ਹੋਵੇਗਾ ਅਤੇ ਸਾਨੂੰ ਯਕੀਨ ਹੈ ਕਿ ਇਹ ਹਿੰਦੂਆਂ ਨੂੰ ਗਹਿਰੀ ਨੀਂਦਰੋਂ ਜਗਾਏਗਾ।

ਜਿਸ ਹਿੱਸੇ ਦਾ ਮੈਂ ਤੁਹਾਨੂੰ ਬੰਬਈ ਵਿਖੇ ਜ਼ਿਕਰ ਕੀਤਾ ਸੀ ਉਸਨੂੰ ਪੜ੍ਹ ਕੇ ਸਾਡੇ ਕੁਝ ਮਿੱਤਰਾਂ ਨੇ ਕੁਝ ਸੰਕੋਚ ਪ੍ਰਗਟ ਕੀਤਾ ਹੈ ਅਤੇ ਸਾਡੇ ਵਿਚੋਂ ਜੋ ਲੋਕ ਇਹ ਚਾਹੁੰਦੇ ਹਨ ਕਿ ਕਾਨਫਰੰਸ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਸਮਾਪਤ ਹੋਵੇ, ਉਹ ਚਾਹੁਣਗੇ ਕਿ ਘੱਟੋ-ਘੱਟ "ਵੇਦ" ਸ਼ਬਦ ਹਾਲ ਦੀ ਘੜੀ ਉਸ ਵਿਚੋਂ ਕੱਟ ਦਿਤਾ ਜਾਵੇ। ਮੈਂ ਇਸਨੂੰ ਆਪ ਜੀ ਦੇ ਵਿਵੇਕ ਅਤੇ ਸੂਝ ਤੇ ਛੱਡਦਾ ਹਾਂ। ਐਪਰ, ਮੈਂ ਆਸ ਕਰਦਾ ਹਾਂ ਕਿ ਤੁਸੀਂ ਆਪਣੇ ਭਾਸ਼ਣ ਦੇ ਅੰਤਲੇ ਪੈਰਿਆਂ ਵਿਚ ਇਹ ਸਪੱਸ਼ਟ ਕਰ ਦਿਉਗੇ ਕਿ ਭਾਸ਼ਣ ਵਿਚ ਪ੍ਰਗਟਾਏ ਗਏ ਵਿਚਾਰ ਤੁਹਾਡੇ ਆਪਣੇ ਹਨ ਅਤੇ ਮੰਡਲ ਕਿਸੇ ਤਰ੍ਹਾਂ ਲਈ ਜ਼ਿੰਮੇਵਾਰ ਨਹੀਂ ਹੈ। ਮੈਂ ਆਸ ਕਰਦਾ ਹਾਂ ਕਿ ਤੁਸੀਂ ਮੇਰੀ ਇਸ ਗੱਲ ਦਾ ਬੁਰਾ ਨਹੀਂ ਮੰਨੋਗੇ ਅਤੇ ਸਾਨੂੰ ਭਾਸ਼ਣ ਦੀਆਂ 1000 ਕਾਪੀਆਂ ਭੇਜ ਦਿਉਗੇ, ਜਿਨ੍ਹਾਂ ਲਈ ਅਸੀਂ ਅਦਾਇਗੀ ਕਰਾਂਗੇ। ਇਸ ਸਬੰਧੀ ਮੈਂ ਅੱਜ ਹੀ ਤੁਹਾਨੂੰ ਇਕ ਤਾਰ ਵੀ ਭੇਜੀ ਹੈ। ਇਕ ਸੌ ਰੁਪਏ ਦੇ ਚੈੱਕ ਨਾਲ ਨੱਥੀ ਹੈ ਜਿਸਦੀ ਰਸੀਦ ਤੁਸੀਂ ਕਿਰਪਾ ਕਰਕੇ

ਭੇਜ ਦੇਣਾ ਅਤੇ ਬਾਅਦ ਵਿਚ ਆਪਣਾ ਬਿੱਲ ਵੀ ਭੇਜ ਦੇਣਾ।

ਮੈਂ ਸੁਆਗਤ ਕਮੇਟੀ ਦੀ ਇਕ ਮੀਟਿੰਗ ਬੁਲਾਈ ਹੈ ਅਤੇ ਉਨ੍ਹਾਂ ਦੇ ਫੈਸਲੇ ਤੋਂ ਤੁਹਾਨੂੰ ਤੁਰੰਤ ਜਾਣੂੰ ਕਰਵਾਵਾਂਗਾ। ਮੈਂ ਆਪ ਜੀ ਦਾ ਦਿਲੋਂ ਧੰਨਵਾਦੀ ਹਾਂ ਕਿ ਤੁਸਾਂ ਨੇ ਮੈਨੂੰ ਇਤਨਾ ਸਨਮਾਨ ਦਿੱਤਾ ਅਤੇ ਇਤਨੀ ਮਿਹਨਤ ਨਾਲ ਆਪਣਾ ਭਾਸ਼ਣ ਤਿਆਰ ਕੀਤਾ ਹੈ। ਅਸੀਂ ਸੱਚੇ ਦਿਲੋਂ ਤੁਹਾਡੇ ਰਿਣੀ ਹਾਂ।

ਤੁਹਾਡਾ ਹਿਤੈਸ਼ੀ,
ਹਰ ਭਗਵਾਨ।

ਪ.ਸ:, ਕਿਰਪਾ ਕਰਕੇ ਭਾਸ਼ਣ ਦੀਆਂ ਕਾਪੀਆਂ ਛਪਦਿਆਂ ਸਾਰ ਹੀ ਮੁਸਾਫਰ ਗੱਡੀ ਰਾਹੀਂ ਭੇਜ ਦਿਓ ਤਾਂ ਜੋ ਇਨ੍ਹਾਂ ਨੂੰ ਅਖਬਾਰਾਂ ਵਿਚ ਛਪਣ ਹਿੱਤ ਭੇਜ ਦਿੱਤਾ ਜਾਵੇ।

**ਇਸ ਅਨੁਸਾਰ ਮੈਂ ਆਪਣੇ ਭਾਸ਼ਣ ਦਾ ਖਰੜਾ ਇਕ ਹਜ਼ਾਰ ਕਾਪੀਆਂ ਛਾਪਣ ਲਈ ਪ੍ਰਿੰਟਰ ਨੂੰ ਸੌਂਪ ਦਿਤਾ। ਅੱਠ ਦਿਨਾਂ ਬਾਅਦ, ਮੈਨੂੰ ਸ੍ਰੀ ਹਰ ਭਗਵਾਨ ਪਾਸੋਂ ਇਕ ਹੋਰ ਪੱਤਰ ਪ੍ਰਾਪਤ ਹੋਇਆ ਜੋ ਮੈਂ ਹੇਠ, ਲਿਖੇ ਅਨੁਸਾਰ ਦੇ ਰਿਹਾ ਹਾਂ:**

ਲਾਹੌਰ,
22.4.36

ਪਿਆਰੇ ਡਾਕਟਰ ਅੰਬੇਡਕਰ,

ਸਾਨੂੰ ਤੁਹਾਡੀ ਤਾਰ ਅਤੇ ਚਿੱਠੀ ਪ੍ਰਾਪਤ ਹੋਈ ਹੈ, ਜਿਸ ਦੇ ਲਈ ਅਸੀਂ ਤੁਹਾਡੇ ਧੰਨਵਾਦੀ ਹਾਂ। ਤੁਹਾਡੀ ਇੱਛਾ ਦੇ ਮੁਤਾਬਕ, ਅਸੀਂ ਆਪਦੀ ਕਾਨਫਰੰਸ ਮੁੜ ਅੱਗੇ ਪਾ ਦਿੱਤੀ ਹੈ, ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਬਿਹਤਰ ਹੁੰਦਾ ਜੇਕਰ ਇਹ 25 ਅਤੇ 26 ਤਰੀਕ ਨੂੰ ਹੀ ਕਰਵਾਈ ਜਾਂਦੀ, ਕਿਉਂਕਿ ਪੰਜਾਬ ਵਿਚ ਗਰਮੀ ਦੀ ਰੁੱਤ ਆਉਂਦੀ ਜਾ ਰਹੀ ਹੈ। ਮਈ ਦੇ ਅੱਧ ਵਿਚ ਤਾਂ ਕਾਫੀ ਜ਼ਿਆਦਾ ਗਰਮੀ ਹੋਵੇਗੀ ਅਤੇ ਦਿਨ ਦੀ ਬੈਠਕ ਐਨੀ ਮਜ਼ੇਦਾਰ ਜਾਂ ਸੁਖਦਾਈ ਨਹੀਂ ਹੋਣ ਲਗੀ। ਫਿਰ ਵੀ, ਅਸੀਂ ਜਿਥੋਂ ਤੱਕ ਸੰਭਵ ਹੋਇਆ, ਲੋਕਾਂ ਦੀ ਸਹੂਲਤ ਦਾ ਹਰ ਪੱਖੋਂ ਧਿਆਨ ਰੱਖਾਂਗੇ ਜੇਕਰ ਇਹ ਮਈ ਦੇ ਮੱਧ ਵਿਚ ਵੀ ਹੁੰਦੀ ਹੈ।

ਐਪਰ, ਇਕ ਚੀਜ਼ ਹੈ ਜੋ ਤੁਹਾਡੇ ਧਿਆਨ ਵਿਚ ਲਿਆਉਣ ਲਈ ਅਸੀਂ ਮਜ਼ਬੂਰ ਹਾਂ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਮੈਂ ਧਰਮ ਬਦਲਣ ਦੇ ਵਿਸ਼ੇ ਤੇ ਤੁਹਾਡੇ ਐਲਾਨ ਸੰਬੰਧੀ ਸਾਡੇ ਲੋਕਾਂ ਵਿਚੋਂ ਕੁਝ ਦੇ ਤੌਖਲੇ ਭਰੇ ਵਿਚਾਰਾਂ ਬਾਰੇ ਦੱਸਿਆ ਸੀ, ਤਾਂ ਤੁਸੀਂ ਮੈਨੂੰ ਕਿਹਾ ਸੀ ਕਿ ਭਾਵੇਂ ਇਹ ਮੰਡਲ ਦੇ ਖੇਤਰ ਤੋਂ ਬਾਹਰ ਦੀ ਗੱਲ ਹੈ ਅਤੇ ਤੁਹਾਡਾ ਇਸ ਸਬੰਧ ਵਿਚ ਸਾਡੇ ਪਲੇਟ ਫਾਰਮ ਤੋਂ ਕੁਝ ਵੀ ਕਹਿਣ ਦਾ ਇਰਾਦਾ ਨਹੀਂ ਹੈ। ਉਸੇ ਸੰਬੰਧ ਵਿਚ ਜਦੋਂ ਤੁਸੀਂ ਮੈਨੂੰ ਆਪਣਾ ਖਰੜਾ ਸੌਂਪਿਆ ਸੀ ਤਾਂ ਤੁਸੀਂ ਮੈਨੂੰ ਯਕੀਨ ਦੁਆਇਆ ਸੀ ਕਿ ਉਹ ਤੁਹਾਡੇ ਭਾਸ਼ਣ ਦਾ ਮੁੱਖ ਹਿੱਸਾ ਹੈ ਅਤੇ ਤੁਸੀਂ ਉਸਦੇ ਅੰਤ ਵਿਚ ਕੇਵਲ ਦੋ ਜਾਂ ਤਿੰਨ ਅੰਤਲੇ ਪੈਰੇ ਪਾਉਣਾ ਚਾਹੁੰਦੇ ਹੋ। ਤੁਹਾਡੇ ਭਾਸ਼ਣ ਦੀ ਦੂਜੀ ਕਿਸ਼ਤ ਪ੍ਰਾਪਤ ਹੋਣ ਤੇ ਸਾਨੂੰ ਹੈਰਾਨੀ ਹੋਈ ਹੈ। ਇਸ ਨਾਲ ਉਹ ਬਹੁਤ ਲੰਬਾ ਹੋ ਜਾਵੇਗਾ। ਸਾਨੂੰ ਡਰ ਹੈ ਕਿ ਬਹੁਤ ਥੋੜ੍ਹੇ ਲੋਕ ਇਸਨੂੰ ਪੂਰੀ ਤਰ੍ਹਾਂ ਪੜ੍ਹ ਸਕਣਗੇ। ਇਸ ਤੋਂ ਇਲਾਵਾ ਤੁਸੀਂ ਆਪਣੇ ਭਾਸ਼ਣ ਵਿਚ ਕਈ ਥਾਈਂ ਇਹ ਕਿਹਾ ਹੈ ਕਿ ਤੁਸੀਂ ਹਿੰਦੂਆਂ

ਦੇ ਸਮੁਦਾਇ ਵਿਚੋਂ ਨਿਕਲ ਜਾਣ ਦਾ ਨਿਸ਼ਚਾ ਕੀਤਾ ਹੈ ਅਤੇ ਇਹ ਭਾਸ਼ਣ ਇਕ ਹਿੰਦੂ ਦੇ ਤੌਰ ਤੇ ਤੁਹਾਡਾ ਆਖਰੀ ਭਾਸ਼ਣ ਹੋਵੇਗਾ। ਤੁਸੀਂ ਵੇਦ ਅਤੇ ਹਿੰਦੂਆਂ ਦੀਆਂ ਹੋਰ ਧਾਰਮਕ ਪੁਸਤਕਾਂ ਦੀ ਨੈਤਿਕਤਾ ਅਤੇ ਉਚਿਤਤਾ ਤੇ ਵੀ ਬਿਨਾਂ ਵਜ੍ਹਾ ਨੁਕਤਾਚੀਨੀ ਕੀਤੀ ਹੈ ਅਤੇ ਹਿੰਦੂ ਧਰਮ ਦੇ ਤਕਨੀਕੀ ਪੱਖ ਤੇ ਵੀ ਲੰਬਾ-ਚੌੜਾ ਵਿਚਾਰ ਕੀਤਾ ਹੈ, ਜਿਸਦਾ ਮੌਜੂਦਾ ਸਮੱਸਿਆ ਨਾਲ ਉੱਕਾ ਹੀ ਕੋਈ ਸਬੰਧ ਨਹੀਂ ਹੈ। ਇਥੋਂ ਤੱਕ ਕਿ ਕੁਝ ਹਿੱਸੇ ਤਾਂ ਅਸਲੀਅਤ ਅਤੇ ਅਸਲ ਨੁਕਤੇ ਤੋਂ ਹਟ ਕੇ ਰਹਿ ਗਏ ਹਨ। ਸਾਨੂੰ ਬੜੀ ਖੁਸ਼ੀ ਹੁੰਦੀ ਜੇਕਰ ਤੁਸੀਂ ਆਪਣਾ ਭਾਸ਼ਣ ਮੈਨੂੰ ਸੌਂਪੇ ਗਏ ਹਿੱਸੇ ਤੱਕ ਹੀ ਸੀਮਤ ਰਖਦੇ ਜਾਂ ਜੇਕਰ ਕੋਈ ਵਾਧਾ ਲੋੜੀਂਦਾ ਸੀ ਤਾਂ ਤੁਸੀਂ ਉਸਨੂੰ ਬ੍ਰਾਹਮਣਵਾਦ ਆਦਿ ਤਕ ਹੀ ਆਪਣੀ ਲਿਖਤ ਸੀਮਤ ਰਖਦੇ। ਅੰਤਲਾ ਹਿੱਸਾ ਜੋ ਕਿ ਹਿੰਦੂ ਧਰਮ ਦੇ ਮੁਕੰਮਲ ਖਾਤਮੇ ਨਾਲ ਸਬੰਧਤ ਹੈ ਅਤੇ ਹਿੰਦੂਆਂ ਦੀਆਂ ਪਵਿੱਤਰ ਪੁਸਤਕਾਂ ਦੀ ਨੈਤਿਕਤਾ ਤੇ ਕਿੰਤੂ ਕਰਦਾ ਹੈ ਅਤੇ ਹਿੰਦੂ ਸਮੁਦਾਇ ਵਿਚੋਂ ਨਿਕਲ ਜਾਣ ਦੇ ਤੁਹਾਡੇ ਇਰਾਦੇ ਬਾਰੇ ਇਸ਼ਾਰਾ ਕਰਦਾ ਹੈ, ਮੈਨੂੰ ਸਬੰਧਤ ਨਹੀਂ ਜਾਪਦਾ।

ਇਸ ਲਈ, ਕਾਨਫਰੰਸ ਕਰਵਾਉਣ ਵਾਲੇ ਲੋਕਾਂ ਵੱਲੋਂ ਮੈਂ ਤੁਹਾਨੂੰ ਨਿਮ੍ਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਉੱਪਰ ਹਵਾਲਾ ਦਿੱਤੇ ਹਿੱਸੇ ਤੁਸੀਂ ਕੱਟ ਦਿਉ ਅਤੇ ਆਪਣਾ ਭਾਸ਼ਣ ਮੈਨੂੰ ਸੌਂਪੇ ਗਏ ਹਿੱਸੇ ਨਾਲ ਸਮਾਪਤ ਕਰ ਦਿਉ ਜਾਂ ਬ੍ਰਾਹਮਣਵਾਦ ਸਬੰਧੀ ਕੁਝ ਪੈਰੇ ਜੋੜ ਲਵੋ। ਅਸੀਂ ਭਾਸ਼ਣ ਨੂੰ ਬਿਨਾ ਵਜ੍ਹਾ ਭੜਕਾਊ ਅਤੇ ਚੋਭ-ਪੂਰਣ ਬਣਾਉਣ ਵਿਚ ਕੋਈ ਚੰਗੀ ਸੂਝ ਨਹੀਂ ਸਮਝਦੇ। ਸਾਡੇ ਵਿਚੋਂ ਕਈ ਹਨ ਜੋ ਤੁਹਾਡੀਆਂ ਭਾਵਨਾਵਾਂ ਨਾਲ ਮੇਲ ਰਖਦੇ ਹਨ ਅਤੇ ਹਿੰਦੂ ਧਰਮ 'ਚ ਬਦਲਾਵ ਲਿਆਉਣ ਵਿਚ ਤੁਹਾਡੇ ਝੰਡੇ ਹੇਠ ਆਉਣ ਲਈ ਉਤਸੁਕ ਹਨ। ਜੇਕਰ ਤੁਸੀਂ ਆਪਣੇ ਹਮ-ਖਿਆਲ ਵਿਅਕਤੀਆਂ ਦਾ ਸਮੁਦਾਇ ਬਣਾਉਣ ਦਾ ਵਿਚਾਰ ਰੱਖਦੇ ਹੋ ਤਾਂ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਪੰਜਾਬ ਤੋਂ ਵੱਡੀ ਗਿਣਤੀ ਵਿਚ ਲੋਕ ਤੁਹਾਡੀ ਸੁਧਾਰਕਾਂ ਦੀ ਸੈਨਾਂ ਵਿਚ ਸ਼ਾਮਲ ਹੋ ਜਾਣਗੇ।

ਅਸਲ ਵਿਚ, ਅਸੀਂ ਸੋਚਿਆ ਸੀ ਕਿ ਤੁਸੀਂ ਜ਼ਾਤ-ਪਾਤ ਪ੍ਰਣਾਲੀ ਦੀ ਬੁਰਾਈ ਦਾ ਖ਼ਾਤਮਾ ਕਰਨ ਵਿਚ ਸਾਡੀ ਰਹਿਨੁਮਾਈ ਕਰੋਗੇ, ਖਾਸ ਕਰਕੇ ਜਦ ਕਿ ਤੁਸੀਂ ਇਸ ਵਿਸ਼ੇ ਦਾ ਐਨਾ ਡੂੰਘਾ ਅਧਿਐਨ ਕੀਤਾ ਹੋਇਆ ਹੈ, ਅਤੇ ਇਕ ਇਨਕਲਾਬ ਲਿਆਉਣ ਵਿਚ ਸਾਡੇ ਹੱਥ ਮਜ਼ਬੂਤ ਕਰੋਗੇ ਅਤੇ ਇਸ ਮਹਾਨ ਕਾਰਜ ਵਿਚ ਇਕ ਧੁਰੇ ਦੀ ਨਿਆਈਂ ਸਾਬਤ ਹੋਵੋਗੇ। ਪਰ ਆਪ ਦੁਆਰਾ ਕੀਤੇ ਗਏ ਐਲਾਨ ਇਸ ਪ੍ਰਕਾਰ ਦੇ ਹਨ ਕਿ ਬਾਰ ਬਾਰ ਕਹਿਣ ਨਾਲ ਉਨ੍ਹਾਂ ਦੀ ਆਪਣੀ ਤਾਕਤ ਖਤਮ ਹੁੰਦੀ ਹੈ ਅਤੇ ਇਹ ਇਕ ਬਹੁ-ਵਰਤੀ ਆਮ ਜਿਹੀ ਗੱਲ ਬਣ ਗਏ ਹਨ। ਇਨ੍ਹਾਂ ਹਾਲਾਤ ਵਿਚ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਸਾਰੇ ਮਾਮਲੇ ਨੂੰ ਵਿਚਾਰੋ ਅਤੇ ਆਪਣੇ ਭਾਸ਼ਣ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉ। ਇਹ ਕਹਿਕੇ ਕਿ ਤੁਸੀਂ ਜ਼ਾਤ-ਪਾਤ ਪ੍ਰਣਾਲੀ ਦੇ ਖਾਤਮੇ ਲਈ ਮੋਹਰੀ ਹੋ ਕੇ ਹਿੱਸਾ ਲਵੋਗੇ, ਜੇਕਰ ਇਸ ਕੰਮ ਲਈ ਹਿੰਦੂ ਸੱਚੇ ਮਨੋਂ ਤਿਆਰ ਹੋਣ। ਭਾਵੇਂ ਇਸ ਲਈ ਉਨ੍ਹਾਂ ਨੂੰ ਆਪਣੇ ਸਕੇ-ਸਬੰਧੀਆਂ ਤੋਂ ਵੀ ਨਿਖੜਨਾਂ ਕਿਉਂ ਨਾ ਪਵੇ ਅਤੇ ਆਪਣੀ ਧਾਰਮਕ ਵਿਚਾਰਧਾਰਾ ਵੀ ਤਿਆਗਣੀ ਪਵੇ। ਜੇਕਰ ਤੁਸੀਂ ਅਜਿਹਾ ਕਰੋ, ਤਾਂ ਮੈਨੂੰ ਪੂਰਾ ਯਕੀਨ ਹੈ ਕਿ ਤੁਹਾਨੂੰ ਅਜਿਹੇ ਮੰਤਵ ਲਈ ਪੰਜਾਬ ਤੋਂ ਭਰਵਾਂ ਹੁੰਗਾਰਾ ਮਿਲੇਗਾ।

ਮੈਂ ਆਪ ਜੀ ਦਾ ਬੜਾ ਸ਼ੁਕਰ ਗੁਜ਼ਾਰ ਹੋਵਾਂਗਾ ਜੇਕਰ ਤੁਸੀਂ ਇਸ ਮੌਕੇ ਤੇ ਸਾਡੀ ਮਦਦ ਕਰੋ ਕਿਉਂਕਿ ਅਸੀਂ ਪਹਿਲਾਂ ਹੀ ਬਹੁਤ ਖਰਚਾ ਕਰ ਚੁੱਕੇ ਹਾਂ ਅਤੇ ਸਾਨੂੰ ਕਾਫੀ ਚਿੰਤਾ ਹੈ, ਇਸ ਕਰਕੇ ਤੁਸੀਂ ਸਾਨੂੰ ਵਾਪਸੀ ਡਾਕ ਉਤਰ ਦਿਉ ਕਿ ਤੁਸੀਂ ਆਪਣੇ ਭਾਸ਼ਣ ਨੂੰ ਉਪਰ ਦੱਸੀਆਂ ਲੀਹਾਂ ਅਨੁਸਾਰ ਸੀਮਤ ਕਰਨ ਲਈ ਰਜ਼ਾਮੰਦ ਹੋ। ਜੇਕਰ ਤੁਸੀਂ ਫਿਰ ਵੀ ਆਪਣਾ ਭਾਸ਼ਣ ਉਸੇ ਸੰਪੂਰਣ ਰੂਪ ਵਿਚ ਛਪਵਾਉਣ ਤੇ ਜ਼ੋਰ ਦਿਉਗੇ, ਤਾਂ ਸਾਨੂੰ ਅਫਸੋਸ ਹੈ ਕਿ ਕਾਨਫਰੰਸ ਕੀਤੀ ਜਾਣੀ ਸੰਭਵ ਨਹੀਂ ਹੋ ਸਕੇਗੀ ਅਤੇ ਅਸੀਂ ਇਸਨੂੰ ਅਨਿਸ਼ਚਿਤ ਸਮੇਂ ਲਈ ਅੱਗੇ ਪਾਉਣਾ ਮੁਨਾਸਬ ਸਮਝਾਂਗੇ, ਭਾਵੇਂ ਅਜਿਹਾ ਕਰਨ ਨਾਲ ਅਸੀਂ ਲੋਕਾਂ ਦੀ ਸਦਭਾਵਨਾ ਗੁਵਾ ਬੈਠਾਂਗੇ, ਕਿਉਂਕਿ ਪਹਿਲਾਂ ਵੀ ਅਸੀਂ ਕਈ ਵਾਰ ਤਰੀਕਾਂ ਅੱਗੇ ਪਾ ਚੁੱਕੇ ਹਾਂ। ਅਸੀਂ ਇਹ ਦੱਸਣਾ ਵੀ ਉਚਿਤ ਸਮਝਦੇ ਹਾਂ ਕਿ ਜ਼ਾਤ ਪ੍ਰਣਾਲੀ ਤੇ ਜਿਹੜਾ ਅਸਚਰਜਪੂਰਨ ਲੇਖ ਤੁਸੀਂ ਲਿਖਿਆ ਹੈ ਜਿਸ ਨੇ ਪਹਿਲਾਂ ਲਿਖੇ ਸਾਰੇ ਲੇਖਾਂ ਨੂੰ ਮਾਤ ਪਾ ਦਿੱਤਾ ਹੈ ਅਤੇ ਜੋ ਇਕ ਕੀਮਤੀ ਵਿਰਸਾ ਸਾਬਤ ਹੋਵੇਗਾ, ਉਸ ਲੇਖ ਨੇ ਸਾਡੇ ਦਿਲਾਂ ਵਿਚ ਇਕ ਢੁਕਵੀਂ ਥਾਂ ਬਣਾ ਲਈ ਹੈ, ਇਹ ਅਸੀਂ ਕਹਿ ਸਕਦੇ ਹਾਂ। ਅਸੀਂ ਆਪ ਜੀ ਦੇ ਸਦਾ ਰਿਣੀ ਰਹਾਂਗੇ ਕਿ ਆਪ ਜੀ ਨੇ ਇਸ ਨੂੰ ਤਿਆਰ ਕਰਨ ਵਿਚ ਰੱਜਵੀਂ ਮਿਹਨਤ ਕੀਤੀ ਹੈ।

ਆਪ ਜੀ ਦੀ ਮਿਹਰਬਾਨੀ ਲਈ ਬਹੁਤ ਧੰਨਵਾਦ ਅਤੇ ਸ਼ੁਭ ਇੱਛਾਵਾਂ ਸਹਿਤ।

ਮੈਂ ਹਾਂ ਆਪ ਜੀ ਦਾ ਹਿਤੈਸ਼ੀ,
ਹਰ ਭਗਵਾਨ

ਇਸ ਪੱਤਰ ਦਾ ਮੈਂ ਨਿਮਨ-ਲਿਖਤ ਉੱਤਰ ਦਿੱਤਾ:

27 ਅਪ੍ਰੈਲ, 1936

ਪਿਆਰੇ ਸ੍ਰੀ ਹਰ ਭਗਵਾਨ ਜੀ,

ਮੈਨੂੰ ਆਪ ਜੀ ਦਾ 22 ਅਪ੍ਰੈਲ ਦਾ ਪੱਤਰ ਮਿਲਿਆ। ਮੈਨੂੰ ਇਹ ਜਾਣਕੇ ਅਫ਼ਸੋਸ ਹੋਇਆ ਹੈ ਕਿ ਜ਼ਾਤ-ਪਾਤ-ਤੋੜਕ ਮੰਡਲ ਦੀ ਸੁਆਗਤ ਕਮੇਟੀ, ਜੇਕਰ ਮੈਂ ਭਾਸ਼ਣ ਨੂੰ ਸੰਪੂਰਣ ਰੂਪ ਵਿਚ ਛਾਪੇ ਜਾਣ ਤੇ ਜ਼ੋਰ ਦਿੰਦਾ ਹਾਂ, ਤਾਂ ਕਾਨਫਰੰਸ ਨੂੰ ਅਨਿਸ਼ਚਿਤ ਸਮੇਂ ਲਈ ਅੱਗੇ ਪਾਉਣਾ ਮੁਨਾਸਬ ਸਮਝੇਗੀ। ਉੱਤਰ ਵਿਚ ਮੈਂ ਤੁਹਾਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਮੈਂ ਵੀ ਚਾਹਵਾਂਗਾ ਕਿ ਕਾਨਫਰੰਸ ਕੈਂਸਲ ਹੀ ਕਰ ਦਿਤੀ ਜਾਵੇ। ਮੈਂ ਅਸਪੱਸ਼ਟ ਸ਼ਬਦ ਇਸਤੇਮਾਲ ਕਰਨਾ ਚੰਗਾ ਨਹੀਂ ਸਮਝਦਾ, ਜੇਕਰ ਮੰਡਲ ਆਪਣੇ ਮੁਤਾਬਕ ਮੇਰੇ ਭਾਸ਼ਣ ਦੀ ਕਾਂਟ-ਛਾਂਟ ਕਰਨ ਤੇ ਜ਼ੋਰ ਦੇਂਦਾ ਹਾਂ। ਹੋ ਸਕਦਾ ਹੈ ਤੁਹਾਨੂੰ ਮੇਰਾ ਨਿਰਣਾ ਪਸੰਦ ਨਾ ਆਵੇ। ਪਰ ਮੈਂ ਉਹ ਆਜ਼ਾਦੀ ਜੋ ਹਰ ਇਕ ਪ੍ਰਧਾਨ ਨੂੰ ਆਪਣਾ ਭਾਸ਼ਣ ਤਿਆਰ ਕਰਨ ਲਈ ਹਾਸਲ ਹੁੰਦੀ ਹੈ, ਕਾਨਫਰੰਸ ਦੀ ਪ੍ਰਧਾਨਗੀ ਕਰਨ ਦੇ ਮਾਣ ਸਦਕੇ, ਤਿਆਗ ਨਹੀਂ ਸਕਦਾ। ਮੈਂ ਮੰਡਲ ਨੂੰ ਖ਼ੁਸ਼ ਕਰਨ ਦੀ ਖਾਤਰ, ਉਹ ਫਰਜ਼, ਜੋ ਹਰੇਕ ਪ੍ਰਧਾਨ ਦਾ ਉਸ ਕਾਨਫਰੰਸ, ਜਿਸ ਦੀ ਉਹ ਪ੍ਰਧਾਨਗੀ ਕਰਦਾ ਹੈ, ਨੂੰ ਸਹੀ ਅਤੇ ਉਚਿਤ ਸੇਧ ਦੇਣ ਦਾ ਹੁੰਦਾ ਹੈ, ਦੀ ਕੋਤਾਹੀ ਨਹੀਂ ਕਰ ਸਕਦਾ। ਮਾਮਲਾ ਅਸੂਲ ਦਾ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਅਜਿਹਾ ਕੁਝ ਨਾ ਕਰਾਂ, ਜਿਸ ਨਾਲ ਮੈਂ ਆਪਣੇ ਅਸੂਲ ਤੋਂ ਪਿੱਛੇ ਹਟਾਂ।

ਮੈਂ ਸੁਆਗਤ ਕਮੇਟੀ ਦੁਆਰਾ ਲਏ ਗਏ ਫੈਸਲੇ ਦੀ ਉਚਿਤਤਾ ਸਬੰਧੀ ਕਿਸੇ ਵਿਵਾਦ ਵਿਚ ਨਹੀਂ ਪੈਣਾ। ਪਰ ਕਿਉਂਜੋ ਤੁਸੀਂ ਕੁਝ ਅਜਿਹੇ ਕਾਰਣ ਵਿਅੱਕਤ ਕੀਤੇ ਹਨ ਜੋ ਕਸੂਰ ਮੇਰੇ ਤੇ ਪਾਉਂਦੇ ਹਨ, ਤਾਂ ਮੈਨੂੰ ਉਨ੍ਹਾਂ ਦਾ ਉਤਰ ਦੇਣਾ ਹੀ ਪੈਣਾ ਹੈ। ਪਹਿਲਾਂ ਤਾਂ, ਮੈਂ ਇਹ ਖਿਆਲ ਛੱਡ ਦਿਆਂ ਕਿ ਭਾਸ਼ਣ ਦਾ ਉਹ ਹਿੱਸਾ ਜਿਸ ਤੇ ਕਮੇਟੀ ਨੂੰ ਇਤਰਾਜ਼ ਹੈ, ਸਬੰਧੀ ਮੰਡਲ ਨੂੰ ਪਤਾ ਨਹੀਂ ਸੀ ਤੇ ਉਸ ਨੂੰ ਅਸਚਰਜ ਹੋਇਆ ਹੈ। ਸ੍ਰੀ ਸੰਤ ਰਾਮ, ਮੈਨੂੰ ਭਰੋਸਾ ਹੈ, ਮੇਰੀ ਗੱਲ ਦੀ ਤਾਈਦ ਕਰਨਗੇ ਕਿ ਉਨ੍ਹਾਂ ਦੇ ਇਸ ਪੱਤਰ ਦੇ ਉਤਰ ਵਿਚ ਮੈਂ ਕਿਹਾ ਸੀ ਕਿ ਜ਼ਾਤ-ਪਾਤ ਪ੍ਰਥਾ ਤੋੜਨ ਦਾ ਅਸਲੀ ਢੰਗ ਅੰਤਰ-ਜ਼ਾਤੀ ਭੋਜਨ ਜਾਂ ਅੰਤਰ-ਜ਼ਾਤੀ ਵਿਆਹ ਕਰਾਉਣਾ ਨਹੀਂ, ਸਗੋਂ ਉਹ ਧਾਰਮਕ ਵਿਚਾਰ ਨਸ਼ਟ ਕਰਨਾ ਹੈ, ਜਿਨ੍ਹਾਂ ਤੇ ਜ਼ਾਤ-ਪਾਤ ਆਧਾਰਿਤ ਹੈ। ਸ੍ਰੀ ਸੰਤ ਰਾਮ ਨੇ, ਉਤਰ ਵਿਚ, ਉਨ੍ਹਾਂ ਮੁਤਾਬਕ, ਨਵੀਂ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਲਈ ਕਿਹਾ ਸੀ। ਇਹ ਸ੍ਰੀ ਸੰਤ ਰਾਮ ਦੇ ਇਸ ਸੱਦੇ ਦੇ ਉੱਤਰ ਵਿਚ ਸੀ ਕਿ ਮੈਂ ਸੋਚਿਆ ਕਿ ਮੈਂ ਉਨ੍ਹਾਂ ਨੂੰ ਆਪਣੇ ਪੱਤਰ ਦੇ ਇਕ ਵਾਕ ਵਿਚ ਜੋ ਕਿਹਾ ਸੀ, ਨੂੰ ਆਪਣੇ ਭਾਸ਼ਣ ਵਿਚ ਵਿਸਥਾਰ-ਪੂਰਬਕ ਲਿਖਾਂ। ਇਸ ਲਈ, ਤੁਸੀਂ ਇਹ ਨਹੀਂ ਕਹਿ ਸਕਦੇ ਕਿ ਮੇਰੇ ਵਲੋਂ ਪ੍ਰਗਟ ਕੀਤੇ ਗਏ ਵਿਚਾਰ ਨਵੇਂ ਹਨ। ਕੁਝ ਵੀ ਹੋਵੇ, ਉਹ ਸ੍ਰੀ ਸੰਤ ਰਾਮ ਲਈ ਤਾਂ ਨਵੇਂ ਨਹੀਂ ਹਨ, ਜੋ ਕਿ ਤੁਹਾਡੇ ਮੰਡਲ ਦੀ ਰੂਹ ਹਨ ਤੇ ਚਾਨਣ ਮੁਨਾਰੇ ਹਨ। ਪਰ ਮੈਂ ਇਹ ਕਹਿੰਦਾ ਹਾਂ ਕਿ ਮੈਂ ਆਪਣੇ ਭਾਸ਼ਣ ਦਾ ਇਹ ਹਿੱਸਾ ਸਿਰਫ ਇਸ ਲਈ ਲਿਖਿਆ ਸੀ ਕਿਉਂਕਿ ਮੈਂ ਸੋਚਿਆ ਕਿ ਇਹ ਮੇਰੀ ਤਰਕ ਨੂੰ ਪੂਰਾ ਕਰਨ ਹਿੱਤ ਅਤਿ ਅਵੱਸ਼ਕ ਸੀ। ਮੈਨੂੰ ਇਹ ਪੜ੍ਹਕੇ ਅਸਚਰਜ ਹੋਇਆ ਹੈ ਕਿ ਭਾਸ਼ਣ ਦੇ ਉਸ ਹਿੱਸੇ, ਜਿਸ ਸਬੰਧੀ ਤੁਹਾਡੀ ਕੋਮਟੀ ਨੂੰ ਇਤਰਾਜ਼ ਹੈ, ਨੂੰ ਤਸੀਂ "ਅਸੰਗਤ ਅਤੇ ਨੁਕਤੇ ਤੋਂ ਹੱਟ ਕੇ" ਕਰਾਰ ਦਿੱਤਾ ਹੈ। ਤੁਸੀਂ ਮੈਨੂੰ ਇਹ ਕਹਿਣ ਦੀ ਆਗਿਆ ਦਿਉਗੇ ਕਿ ਮੈਂ ਇਕ ਵਕੀਲ ਹਾਂ ਅਤੇ ਸੰਗਤੀ ਦੇ ਨਿਯਮ ਤੁਹਾਡੀ ਕਮੇਟੀ ਦੇ ਮੈਂਬਰਾਂ ਨਾਲੋਂ ਬਹੁਤੇ ਨਹੀਂ ਤਾਂ ਉਤਨੇ ਨੂੰ ਜ਼ਰੂਰ ਜਾਣਦਾ ਹਾਂ। ਮੈਂ ਇਹ ਦ੍ਰਿੜ੍ਹਤਾ ਪੂਰਵਕ ਕਹਿੰਦਾ ਹਾਂ ਕਿ ਜਿਸ ਹਿੱਸੇ ਸਬੰਧੀ ਇਤਰਾਜ਼ ਉਠਾਇਆ ਗਿਆ ਹੈ ਉਹ ਨਾ ਕੇਵਲ ਸੰਗਤ ਹੀ ਹੈ ਪਰ ਮਹੱਤਵਪੂਰਣ ਵੀ ਹੈ। ਭਾਸ਼ਣ ਦੇ ਇਸੇ ਹਿੱਸੇ ਵਿਚ ਮੈਂ ਜ਼ਾਤ-ਪਾਤ ਪ੍ਰਥਾ ਤੋੜਨ ਦੇ ਢੰਗ ਅਤੇ ਤਰੀਕਿਆਂ ਬਾਰੇ ਕਿਹਾ ਹੈ। ਇਹ ਹੋ ਸਕਦਾ ਹੈ ਕਿ ਮੇਰੇ ਵਲੋਂ ਜ਼ਾਤ-ਪਾਤ ਦੇ ਖਾਤਮੇ ਲਈ ਸਰਬੋਤਮ ਢੰਗ ਸਬੰਧੀ ਕੱਢਿਆ ਗਿਆ ਸਿੱਟਾ ਹੈਰਾਨਕੁਨ ਅਤੇ ਪੀੜਾਦਾਇਕ ਹੋਵੇ। ਤੁਹਾਨੂੰ ਇਹ ਕਹਿਣ ਦਾ ਅਖ਼ਤਿਆਰ ਹੈ ਕਿ ਮੇਰਾ ਵਿਸ਼ਲੇਸ਼ਣ ਗ਼ਲਤ ਹੈ। ਪਰ ਤੁਸੀਂ ਇਹ ਕਹਿ ਸਕਦੇ ਹੋ ਕਿ ਭਾਸ਼ਣ ਜ਼ਾਤ-ਪਾਤ ਦੀ ਸਮੱਸਿਆ ਦੇ ਸਬੰਧ ਵਿਚ ਹੋਵੇ, ਉਸ ਵਿਚ ਇਸ ਗੱਲ ਦਾ ਜ਼ਿਕਰ ਹੀ ਨਾ ਕੀਤਾ ਜਾਵੇ ਕਿ ਜ਼ਾਤ-ਪਾਤ ਕਿਵੇਂ ਖਤਮ ਕੀਤੀ ਜਾਵੇ।

ਤੁਹਾਡੀ ਇਕ ਹੋਰ ਸ਼ਿਕਾਇਤ ਭਾਸ਼ਣ ਲੰਬੇ ਹੋਣ ਬਾਰੇ ਹੈ। ਇਸ ਸਬੰਧੀ ਤਾਂ ਮੈਂ ਭਾਸ਼ਣ ਦੇ ਵਿਚ ਹੀ ਖਿਮਾ ਮੰਗੀ ਹੈ। ਪਰ, ਅਸਲ ਵਿਚ ਇਸ ਲਈ ਜ਼ਿੰਮੇਵਾਰ ਕੌਣ ਹੈ? ਮੈਨੂੰ ਇਹ ਕਹਿਣਾ ਪੈਂਦਾ ਹੈ ਕਿ ਤੁਸੀਂ ਇਸ ਮਾਮਲੇ ਵਿਚ ਕਾਫੀ ਦੇਰ ਮਗਰੋਂ ਸੰਪਰਕ ਵਿਚ ਆਏ ਹੋ। ਨਹੀਂ ਤਾਂ ਤੁਹਾਨੂੰ ਗਿਆਤ ਹੁੰਦਾ ਕਿ ਮੁੱਢ ਵਿਚ ਮੈਂ ਆਪਣੀ ਸਹੂਲਤ ਲਈ ਭਾਸ਼ਣ ਛੋਟਾ ਹੀ ਰੱਖਣ ਦਾ ਇਰਾਦਾ ਰਖਦਾ ਸਾਂ ਕਿਉਂ ਜੋ ਵਿਸਥਾਰਪੂਰਵਕ ਵਿਚਾਰ ਲਿਖਣ ਦਾ ਨਾਂ ਤਾਂ ਮੇਰੇ ਕੋਲ ਸਮਾਂ ਸੀ ਅਤੇ ਨਾ ਹੀ ਸੱਤਿਆ। ਇਹ ਮੰਡਲ ਹੀ ਸੀ ਜਿਸ ਨੇ ਮੈਨੂੰ ਇਸ ਵਿਸ਼ੇ ਸੰਬੰਧੀ

ਵਿਸਥਾਰ ਨਾਲ ਲਿਖਣ ਲਈ ਕਿਹਾ ਸੀ ਅਤੇ ਇਹ ਮੰਡਲ ਹੀ ਸੀ ਜਿਸ ਨੇ ਮੈਨੂੰ ਜ਼ਾਤ-ਪਾਤ ਪ੍ਰਥਾ ਸਬੰਧੀ ਪ੍ਰਸ਼ਨਾਂ ਦੀ ਇਕ ਸੂਚੀ ਭੇਜੀ ਅਤੇ ਉਨ੍ਹਾਂ ਸਬੰਧੀ ਆਪਣੇ ਭਾਸ਼ਣ ਵਿਚ ਉਤਰ ਦੇਣ ਲਈ ਕਿਹਾ ਸੀ। ਕਿਉਂ ਜੋ ਇਹ ਅਜਿਹੇ ਪ੍ਰਸ਼ਨ ਸਨ ਜਿਨ੍ਹਾਂ ਸਬੰਧੀ ਅਤੇ ਇਸਦੇ ਵਿਰੋਧੀਆਂ ਵਿਚਕਾਰ ਆਮ ਤੌਰ ਤੇ ਵਿਵਾਦ ਉਠ ਖੜ੍ਹਾ ਹੁੰਦਾ ਸੀ ਅਤੇ ਮੰਡਲ ਨੂੰ ਉਨ੍ਹਾਂ ਦਾ ਤਸੱਲੀਬਖਸ਼ ਉਤਰ ਦੇਣ ਵਿਚ ਮੁਸ਼ਕਲ ਪੇਸ਼ ਆਉਂਦੀ ਸੀ। ਇਸ ਸਬੰਧ ਵਿਚ ਮੰਡਲ ਦੀ ਇੱਛਾ ਨੂੰ ਪੂਰਾ ਕਰਨ ਦੀ ਕੋਸ਼ਿਸ਼ ਵਿਚ ਹੀ ਭਾਸ਼ਣ ਇਤਨਾ ਲੰਬਾ ਹੋ ਗਿਆ ਹੈ। ਜੋ ਮੈਂ ਕਿਹਾ ਹੈ ਇਸ ਦੇ ਮੱਦੇ-ਨਜ਼ਰ, ਮੈਨੂੰ ਯਕੀਨ ਹੈ ਕਿ ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਭਾਸ਼ਣ ਦੇ ਲੰਬੇ ਹੋ ਜਾਣ ਲਈ ਮੈਂ ਕਸੂਰਵਾਰ ਨਹੀਂ ਹਾਂ।

ਮੈਨੂੰ ਇਹ ਖਿਆਲ ਨਹੀਂ ਸੀ ਕਿ ਮੰਡਲ ਇਤਨਾ ਜ਼ਿਆਦਾ ਪਰੇਸ਼ਾਨ ਹੋ ਜਾਵੇਗਾ ਕਿਉਂਕਿ ਮੈਂ ਹਿੰਦੂ ਧਰਮ ਦੇ ਤਹਿਸ-ਨਹਿਸ ਬਾਰੇ ਕਿਹਾ ਹੈ। ਮੇਰਾ ਖਿਆਲ ਸੀ ਕਿ ਸਿਰਫ ਮੂਰਖ ਹੀ ਲਫਜ਼ਾਂ ਤੋਂ ਡਰਦੇ ਹਨ। ਪਰ ਅਜਿਹਾ ਨਾ ਹੋਵੇ ਕਿ ਲੋਕਾਂ ਦੇ ਮਨਾਂ ਵਿਚ ਕਿਸੇ ਕਿਸਮ ਦਾ ਕੋਈ ਭਰਮ ਹੋਵੇ। ਮੈਂ ਬੜੇ ਯਤਨ ਨਾਲ ਇਹ ਗੱਲ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮੈਂ ਧਰਮ ਅਤੇ ਧਰਮ ਦੇ ਖੰਡਨ ਤੋਂ ਕੀ ਭਾਵ ਰਖਦਾ ਹਾਂ। ਮੈਨੂੰ ਇਹ ਯਕੀਨ ਹੈ ਕਿ ਕੋਈ ਵੀ ਵਿਅਕਤੀ ਮੇਰਾ ਭਾਸ਼ਣ ਪੜ੍ਹਨ ਤੋਂ ਬਾਅਦ ਮੈਨੂੰ ਗਲਤ ਨਹੀਂ ਸਮਝੇਗਾ। ਤੁਹਾਡੇ ਮੰਡਲ ਦੁਆਰਾ ਸਿਰਫ ਅਜਿਹੇ ਸ਼ਬਦਾਂ, "ਧਰਮ ਦਾ ਨਾਸ਼ ਆਦਿ" ਸਬੰਧੀ ਬਿਨਾਂ ਉਨ੍ਹਾਂ ਦੇ ਨਾਲ ਦਿੱਤੀ ਗਈ ਵਿਆਖਿਆ ਨੂੰ ਘੋਖਿਆਂ, ਸੰਦੇਹ ਪ੍ਰਗਟ ਕਰਨ ਤੇ ਮੇਰੀਆਂ ਨਜ਼ਰਾਂ ਵਿਚ ਮੰਡਲ ਦਾ ਮਾਣ ਵਧਿਆ ਨਹੀਂ ਹੈ। ਕੋਈ ਵੀ ਅਜਿਹੇ ਵਿਅਕਤੀਆਂ ਦਾ ਇੱਜ਼ਤ-ਮਾਣ ਕਰਨ ਲਈ ਤਿਆਰ ਨਹੀਂ ਹੋਵੇਗਾ, ਜੋ ਵਿਅਕਤੀ ਸੁਧਾਰਕ ਬਣਨ ਦਾ ਦਾਅਵਾ ਤਾਂ ਕਰਦੇ ਹਨ, ਪਰ ਅਜਿਹੀ ਸਥਿਤੀ ਤੋਂ ਪੈਦਾ ਹੋਣ ਵਾਲੇ ਤਾਰਕਿਕ ਨਤੀਜਿਆਂ ਨੂੰ ਦੇਖਣ ਲਈ ਤਿਆਰ ਨਹੀਂ ਹਨ। ਅਜਿਹੇ ਵਿਅਕਤੀਆਂ ਨੂੰ ਇਕੱਲੇ ਹੀ ਕੰਮ ਕਰਦੇ ਰਹਿਣਾ ਚਾਹੀਦਾ ਹੈ।

ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਮੈਂ ਆਪਣਾ ਭਾਸ਼ਣ ਤਿਆਰ ਕਰਨ ਵਿਚ ਕਿਸੇ ਵੀ ਤਰ੍ਹਾਂ ਸੀਮਤ ਹੋਣਾ ਸਵੀਕਾਰ ਨਹੀਂ ਕੀਤਾ ਅਤੇ ਮੇਰੇ ਭਾਸ਼ਣ ਵਿਚ ਕੀ ਚੀਜ਼ ਸ਼ਾਮਲ ਕੀਤੀ ਜਾਵੇ ਅਤੇ ਕੀ ਚੀਜ਼ ਸ਼ਾਮਲ ਨਾ ਕੀਤੀ ਜਾਵੇ, ਬਾਰੇ ਮੇਰੇ ਅਤੇ ਮੰਡਲ ਦਰਮਿਆਨ ਕਦੇ ਵੀ ਕੋਈ ਗੱਲਬਾਤ ਨਹੀਂ ਹੋਈ। ਮੈਂ ਸਦਾ ਇਹ ਸਮਝਿਆ ਕਿ ਮੈਨੂੰ ਆਪਣੇ ਭਾਸ਼ਣ ਵਿਚ ਉਹ ਵਿਚਾਰ, ਜੋ ਇਸ ਵਿਸ਼ੇ ਤੇ ਮੈਂ ਸਦਾ ਰੱਖਦਾ ਆਇਆ ਹਾਂ, ਨੂੰ ਪ੍ਰਗਟ ਕਰਨ ਦੀ ਖੁੱਲ੍ਹ ਹੈ। ਦਰਅਸਲ, ਜਦੋਂ 9 ਅਪ੍ਰੈਲ ਨੂੰ ਤੁਸੀਂ ਬੰਬਈ ਆਏ, ਉਸ ਤੋਂ ਪਹਿਲਾਂ ਮੰਡਲ ਨੂੰ ਪਤਾ ਨਹੀਂ ਸੀ ਕਿ ਮੈਂ ਕਿਸ ਤਰ੍ਹਾਂ ਦਾ ਭਾਸ਼ਣ ਤਿਆਰ ਕਰ ਰਿਹਾ ਹਾਂ। ਇਹ ਤੁਹਾਡੇ ਬੰਬਈ ਆਉਣ ਤੇ ਹੀ ਸੀ ਕਿ ਜਦੋਂ ਮੈਂ ਆਪਣੇ ਤੌਰ ਤੇ ਤੁਹਾਨੂੰ ਦੱਸਿਆ ਕਿ ਮੈਨੂੰ ਤੁਹਾਡੇ ਪਲੇਟ ਫਾਰਮ ਤੋਂ ਦਲਿਤ ਸ਼੍ਰੇਣੀਆਂ ਦੁਆਰਾ ਧਰਮ ਬਦਲਾਵ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਨ ਦੀ ਕੋਈ ਇੱਛਾ ਨਹੀਂ ਹੈ। ਮੈਂ ਸੋਚਦਾ ਹਾਂ ਕਿ ਮੈਂ ਭਾਸ਼ਣ ਤਿਆਰ ਕਰਦਿਆਂ ਆਪਣਾ ਇਹ ਦਾਅਵਾ ਪੂਰਾ ਕੀਤਾ ਹੈ। ਸਿਵਾਇ ਇਕ ਅਪ੍ਰਤੱਖ ਤਰ੍ਹਾਂ ਦੇ ਹਵਾਲੇ ਦੇ ਜਿੱਥੇ ਮੈਂ ਕਿਹਾ ਹੈ ਕਿ "ਮੈਨੂੰ ਅਫਸੋਸ ਹੈ ਕਿ ਮੈਂ ਇਥੇ ਨਹੀਂ ਹੋਵਾਂਗਾ..... ਆਦਿ" ਤੋਂ ਇਲਾਵਾ ਮੈਂ ਆਪਣੇ ਭਾਸ਼ਣ ਵਿਚ ਇਸ ਵਿਸ਼ੇ ਤੇ ਕੁਝ ਵੀ ਨਹੀਂ ਕਿਹਾ। ਜਦੋਂ ਮੈਂ ਦੇਖਦਾ ਹਾਂ ਕਿ ਤੁਸੀਂ ਅਜਿਹੇ ਅਪ੍ਰਤੱਖ ਅਤੇ ਛੋਟੇ ਜਿਹੇ ਹਵਾਲੇ

ਤੇ ਵੀ ਇਤਰਾਜ਼ ਕਰਦੇ ਹੋ ਤਾਂ ਮੈਨੂੰ ਮਜਬੂਰ ਹੋ ਕੇ ਪੁੱਛਣਾ ਪੈਂਦਾ ਹੈ ਕਿ ਕੀ ਤੁਸੀਂ ਸੋਚਿਆ ਸੀ ਕਿ ਤੁਹਾਡੀ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਸਹਿਮਤ ਹੋਣ ਲੱਗਿਆਂ ਮੈਂ ਦਲਿੱਤ ਸ਼੍ਰੇਣੀਆਂ ਦੁਆਰਾ ਧਰਮ ਬਦਲਣ ਸਬੰਧੀ ਆਪਣੇ ਵਿਚਾਰ ਮੁਲਤਵੀ ਕਰਨ ਜਾਂ ਛੱਡ ਦੇਣ ਲਈ ਸਹਿਮਤ ਹੋ ਜਾਵਾਂਗਾ? ਜੇਕਰ ਤੁਸੀਂ ਅਜਿਹਾ ਹੀ ਸੋਚਿਆ ਸੀ ਤਾਂ ਮੈਂ ਇਹ ਦੱਸ ਦੇਵਾਂ ਕਿ ਮੈਂ ਤੁਹਾਡੀ ਗ਼ਲਤੀ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਸਾਂ। ਜੇਕਰ ਤੁਹਾਡੇ ਵਿਚੋਂ ਕਿਸੇ ਨੇ ਮੈਨੂੰ ਇਸ਼ਾਰਾ ਵੀ ਕੀਤਾ ਹੁੰਦਾ ਕਿ ਮੈਨੂੰ ਪ੍ਰਧਾਨ ਦੇ ਤੌਰ ਤੇ ਚੁਣ ਕੇ ਸਨਮਾਨ ਦੇਣ ਦੇ ਬਦਲੇ ਵਿਚ, ਮੈਨੂੰ ਧਰਮ ਬਦਲਣ ਦੇ ਆਪਣੇ ਪ੍ਰੋਗਰਾਮ ਨੂੰ ਤਿਆਗਣਾ ਪਵੇਗਾ, ਤਾਂ ਮੈਂ ਤੁਹਾਨੂੰ ਸਪਸ਼ਟ ਸ਼ਬਦਾਂ ਵਿਚ ਦੱਸ ਦਿੰਦਾ ਕਿ ਮੈਨੂੰ ਤੁਹਾਡੇ ਸਨਮਾਨ ਨਾਲੋਂ ਵੱਧ ਆਪਣੀ ਆਸਥਾ ਦੀ ਪਰਵਾਹ ਹੈ।

14 ਤਰੀਕ ਦੇ ਤੁਹਾਡੇ ਪੱਤਰ ਤੋਂ ਬਾਅਦ, ਤੁਹਾਡੇ ਇਸ ਪੱਤਰ ਨਾਲ ਮੈਨੂੰ ਬੜੀ ਹੈਰਾਨੀ ਹੋਈ ਹੈ। ਮੈਨੂੰ ਯਕੀਨ ਹੈ ਕਿ ਜੋ ਕੋਈ ਵੀ ਉਨ੍ਹਾਂ ਨੂੰ ਪੜ੍ਹੇਗਾ ਉਹ ਵੀ ਅਜਿਹਾ ਹੀ ਮਹਿਸੂਸ ਕਰੇਗਾ। ਮੈਨੂੰ ਸੁਆਗਤ ਕਮੇਟੀ ਦੇ ਇਸ ਵਤੀਰੇ ਵਿਚ ਤੁਰਤ ਪਰਿਵਰਤਨ ਦੀ ਸਮਝ ਨਹੀਂ ਆਈ। ਕੱਚੇ ਖਰੜੇ, ਜੋ ਉਸ ਸਮੇਂ ਕਮੇਟੀ ਸਾਹਮਣੇ ਸਨ, ਜਦੋਂ ਤੁਸੀਂ 14 ਤਰੀਕ ਦਾ ਪੱਤਰ ਮੈਨੂੰ ਲਿਖਿਆ ਸੀ ਅਤੇ ਅੰਤਮ ਖਰੜੇ ਜਿਸ ਉਤੇ ਕਮੇਟੀ ਨੇ ਨਿਰਣਾ ਲਿਆ ਸੀ, ਉਨ੍ਹਾਂ ਬਾਰੇ ਜੋ ਉਤਰ ਪੱਤਰ ਰਾਹੀਂ ਮੈਨੂੰ ਮਿਲਿਆ ਹੈ, ਉਸਦੇ ਵਿਸ਼ਾ-ਵਸਤੂ ਵਿਚ ਕੋਈ ਅੰਤਰ ਨਹੀਂ ਹੈ। ਅੰਤਮ ਖਰੜੇ ਵਿਚ ਤੁਸੀਂ ਅਜਿਹਾ ਕੋਈ ਵੀ ਪੈਰਾ ਨਹੀਂ ਦੱਸ ਸਕਦੇ ਜਿਸ ਵਿਚ ਕੋਈ ਅਜਿਹੀ ਗੱਲ ਕੀਤੀ ਗਈ ਹੋਵੇ ਜੋ ਕੱਚੇ ਖਰੜੇ ਵਿਚ ਨਹੀਂ ਸੀ। ਵਿਚਾਰ ਉਹੀ ਹਨ। ਫਰਕ ਸਿਰਫ ਇਤਨਾ ਹੈ ਕਿ ਅੰਤਮ ਖਰੜੇ ਵਿਚ ਉਨ੍ਹਾਂ ਤੇ ਵਿਸਥਾਰਪੂਰਵਕ ਵਿਚਾਰ ਕੀਤਾ ਜਾਣਾ ਚਾਹੀਦਾ ਸੀ। ਪਰ ਤੁਸੀਂ ਅਜਿਹਾ ਨਹੀਂ ਕੀਤਾ। ਇਸਦੇ ਉਲਟ ਤੁਸੀਂ ਮੈਨੂੰ ਉਸ ਦੀਆਂ 1000 ਕਾਪੀਆਂ ਛਪਵਾਉਣ ਲਈ ਕਿਹਾ ਅਤੇ ਇਹ ਮੇਰੇ ਤੇ ਛੱਡ ਦਿੱਤਾ ਕਿ ਮੈਂ ਤੁਹਾਡੀਆਂ ਜ਼ਬਾਨੀ ਸੁਝਾਈਆਂ ਗਈਆਂ ਤਰਮੀਮਾਂ ਮੰਨਾਂ ਜਾਂ ਨਾ। ਇਸ ਅਨੁਸਾਰ, ਮੈਂ 1000 ਕਾਪੀਆਂ ਛਪਵਾ ਲਈਆਂ ਜੋ ਕਿ ਹੁਣ ਮੇਰੇ ਪਾਸ ਪਈਆਂ ਹਨ। ਅੱਠ ਦਿਨ ਬਾਅਦ ਤੁਸੀਂ ਲਿਖਦੇ ਹੋ ਕਿ ਤੁਹਾਨੂੰ ਭਾਸ਼ਣ ਤੇ ਇਤਰਾਜ਼ ਹੈ ਅਤੇ ਜੇਕਰ ਉਸ ਦੀ ਸੋਧ ਨਾ ਕੀਤੀ ਗਈ ਤਾਂ ਕਾਨਫਰੰਸ ਰੱਦ ਕਰ ਦਿੱਤੀ ਜਾਵੇਗੀ। ਤੁਹਾਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਸੀ ਕਿ ਭਾਸ਼ਣ ਵਿਚ ਕਿਸੇ ਕਿਸਮ ਦੀ ਵੀ ਤਬਦੀਲੀ ਕੀਤੇ ਜਾਣ ਦੀ ਕੋਈ ਵੀ ਉਮੀਦ ਜਾਂ ਗੁੰਜਾਇਜ਼ ਨਹੀਂ ਸੀ। ਮੈਂ ਤੁਹਾਨੂੰ ਜਦੋਂ ਤੁਸੀਂ ਬੰਬਈ ਆਏ ਸੀ ਦੱਸਿਆ ਸੀ ਕਿ ਮੈਂ ਕੋਈ ਲਗ-ਮਾਤਰ ਵੀ ਨਹੀਂ ਬਦਲਾਂਗਾ। ਮੈਂ ਆਪਣੇ ਭਾਸ਼ਣ ਤੇ ਕੋਈ ਸੈਂਸਰਸ਼ਿਪ ਨਹੀਂ ਹੋਣ ਦਿਆਂਗਾ ਅਤੇ ਤੁਹਾਨੂੰ ਮੇਰਾ ਭਾਸ਼ਣ ਉਸੇ ਰੂਪ ਵਿਚ ਸਵੀਕਾਰ ਕਰਨਾ ਪਵੇਗਾ ਜਿਸ ਰੂਪ ਵਿਚ ਮੈਂ ਉਹ ਦਿਆਂਗਾ। ਮੈਂ ਤੁਹਾਨੂੰ ਇਹ ਵੀ ਕਿਹਾ ਸੀ ਕਿ ਭਾਸ਼ਣ ਵਿਚ ਪ੍ਰਗਟਾਏ ਗਏ ਵਿਚਾਰਾਂ ਲਈ ਜ਼ਿੰਮੇਵਾਰੀ ਮੇਰੀ ਆਪਣੀ ਹੋਵੇਗੀ ਅਤੇ ਜੇਕਰ ਉਹ ਕਾਨਫਰੰਸ ਦੁਆਰਾ ਪਸੰਦ ਨਹੀਂ ਕੀਤੇ ਜਾਂਦੇ ਤਾਂ ਮੈਂ ਉਕਾ ਬੁਰਾ ਨਹੀਂ ਮੰਨਾਂਗਾ ਜੇਕਰ ਕਾਨਫਰੰਸ ਉਨ੍ਹਾਂ ਦੀ ਨਿਖੇਧੀ ਕਰਨ ਦਾ ਮਤਾ ਪਾਸ ਕਰਦੀ ਹੈ ਤਾਂ ਕਰੇ। ਮੈਨੂੰ ਇਸ ਗੱਲ ਦੀ ਇਤਨੀ ਚਿੰਤਾ ਸੀ ਕਿ ਮੇਰੇ ਵਿਚਾਰਾਂ ਲਈ ਜ਼ਿੰਮੇਵਾਰੀ ਤੋਂ ਤੁਹਾਡੇ ਮੰਡਲ ਨੂੰ ਮੁਕਤ ਕਰਾਂ ਅਤੇ ਇਹ ਵੀ ਕਿ ਤੁਹਾਡੀ ਕਾਨਫਰੰਸ ਨਾਲ ਬਹੁਤ ਜ਼ਿਆਦਾ ਆਪਣੀ ਨੇੜਤਾ ਨਾ

ਦਰਸਾਉਣ ਦੇ ਉਦੇਸ਼ ਨਾਲ, ਮੈਂ ਤੁਹਾਨੂੰ ਰਾਇ ਦਿੱਤੀ ਸੀ ਕਿ ਮੇਰੇ ਭਾਸ਼ਣ ਨੂੰ ਉਦਘਾਟਨੀ ਭਾਸ਼ਣ ਵਜੋਂ ਲਿਆ ਜਾਵੇ ਨਾ ਕਿ ਪ੍ਰਧਾਨਗੀ ਭਾਸ਼ਣ ਅਤੇ ਇਹ ਮੰਡਲ ਨੂੰ ਚਾਹੀਦਾ ਹੈ ਕਿ ਉਹ ਕਾਨਫਰੰਸ ਦੀ ਪ੍ਰਧਾਨਗੀ ਅਤੇ ਮਤਿਆਂ ਦੇ ਨਿਪਟਾਰੇ ਲਈ ਕਿਸੇ ਹੋਰ ਵਿਅਕਤੀ ਨੂੰ ਸੱਦ ਲਵੇ। ਤੁਹਾਡੀ ਕਮੇਟੀ ਨਾਲੋਂ ਹੋਰ ਵਧੇਰੇ ਉਚਿਤ ਕੋਈ ਵਿਅਕਤੀ ਨਹੀਂ ਸੀ ਜੋ 14 ਤਰੀਕ ਨੂੰ ਨਿਰਣਾ ਲੈਂਦਾ। ਪਰ ਕਮੇਟੀ ਅਜਿਹਾ ਕਰਨ ਵਿਚ ਅਸਫਲ ਰਹੀ ਅਤੇ ਇਸੇ ਦੌਰਾਨ ਛਪਾਈ ਉਤੇ ਖ਼ਰਚ ਕੀਤਾ ਜਾ ਚੁੱਕਾ ਸੀ ਜੋ ਕਿ ਮੈਨੂੰ ਯਕੀਨ ਹੈ, ਤੁਹਾਡੀ ਕਮੇਟੀ, ਜੇਕਰ ਕੁਝ ਵਧੇਰੇ ਸਖ਼ਤਾਈ ਵਰਤਦੀ, ਤਾਂ ਖ਼ਰਚ ਬਚਾਇਆ ਜਾ ਸਕਦਾ ਸੀ।

ਮੈਨੂੰ ਪੂਰਾ ਯਕੀਨ ਹੈ ਕਿ ਮੇਰੇ ਭਾਸ਼ਣ ਵਿਚ ਪ੍ਰਗਟਾਏ ਗਏ ਵਿਚਾਰਾਂ ਦਾ ਤੁਹਾਡੀ ਕਮੇਟੀ ਦੇ ਨਿਰਣੇ ਨਾਲ ਕੋਈ ਸਬੰਧ ਨਹੀਂ ਹੈ। ਮੈਂ ਇਹ ਸਮਝਦਾ ਹਾਂ ਕਿ ਅੰਮ੍ਰਿਤਸਰ ਵਿਖੇ ਹੋਈ ਸਿੱਖ ਪ੍ਰਚਾਰ ਕਾਨਫਰੰਸ ਵਿਚ ਮੇਰੀ ਮੌਜੂਦਗੀ ਦਾ ਤੁਹਾਡੀ ਕਮੇਟੀ ਦੇ ਫੈਸਲੇ ਨਾਲ ਕਾਫੀ ਸਬੰਧ ਹੈ। ਹੋਰ ਕੋਈ ਗੱਲ 14 ਤੋਂ 22 ਅਪ੍ਰੈਲ ਤੱਕ ਦੇ ਦਰਮਿਆਨ ਕਮੇਟੀ ਦੁਆਰਾ ਅਚਨਚੇਤ ਬਦਲਾਵ ਨੂੰ ਸਹੀ ਤੌਰ ਤੇ ਸਪੱਸ਼ਟ ਨਹੀਂ ਕਰਦੀ। ਮੈਨੂੰ ਇਸ ਵਿਵਾਦ ਨੂੰ ਹੋਰ ਵਧਾਉਣਾ ਨਹੀਂ ਚਾਹੀਦਾ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਤੁਰਤ ਐਲਾਨ ਕਰ ਦਿਉ ਕਿ ਕਾਨਫਰੰਸ ਦੀ ਜਿਹੜੀ ਬੈਠਕ ਮੇਰੀ ਪ੍ਰਧਾਨਗੀ ਵਿਚ ਹੋਣੀ ਸੀ, ਉਹ ਰੱਦ ਕਰ ਦਿੱਤੀ ਗਈ ਹੈ। ਹੁਣ ਇਸ ਗੱਲ ਵਿਚ ਕੋਈ ਸੁਹਜ ਨਹੀਂ ਰਹਿ ਗਿਆ। ਜੇਕਰ ਕਮੇਟੀ ਮੇਰਾ ਭਾਸ਼ਣ ਪੂਰੇ ਰੂਪ ਵਿਚ ਪ੍ਰਵਾਨ ਕਰ ਵੀ ਲਵੇ ਤਾਂ ਵੀ ਮੈਂ ਪ੍ਰਧਾਨਗੀ ਕਰਨਾ ਨਹੀਂ ਮੰਨਾਂਗਾ। ਮੈਂ ਭਾਸ਼ਣ ਤਿਆਰ ਕਰਨ ਵਿਚ ਕੀਤੇ ਗਏ ਯਤਨਾਂ ਲਈ ਤੁਹਾਡੀ ਸ਼ਲਾਘਾ ਲਈ ਧੰਨਵਾਦੀ ਹਾਂ। ਮੈਂ ਇਸ ਸਭ ਕੁਝ ਤੋਂ ਕਾਫੀ ਲਾਭ ਉਠਾਇਆ ਹੈ। ਹੋਰ ਭਾਵੇਂ ਕਿਸੇ ਨੂੰ ਇਸ ਦਾ ਲਾਭ ਨਾ ਵੀ ਪੁੱਜੇ। ਮੈਨੂੰ ਸਿਰਫ ਅਫਸੋਸ ਇਸ ਗੱਲ ਦਾ ਹੈ ਕਿ ਮੈਨੂੰ ਅਜਿਹੇ ਮੌਕੇ ਤੇ ਐਨੀ ਸਖ਼ਤ ਮਿਹਨਤ ਕਰਨੀ ਪਈ ਸੀ ਜਦੋਂ ਮੇਰੀ ਸਿਹਤ ਅਜਿਹੇ ਯਤਨਾਂ ਦੇ ਅਨੁਕੂਲ ਨਹੀਂ ਸੀ।

ਆਪ ਦਾ ਹਿਤੈਸ਼ੀ,
**ਭੀਮ ਰਾਉ ਅੰਬੇਡਕਰ**

ਇਸ ਪੱਤਰ-ਵਿਹਾਰ ਤੋਂ ਉਨ੍ਹਾਂ ਕਾਰਣਾਂ ਦਾ ਪਤਾ ਲੱਗ ਜਾਵੇਗਾ ਜਿਨ੍ਹਾਂ ਕਰਕੇ ਮੰਡਲ ਦੁਆਰਾ ਪ੍ਰਧਾਨ ਦੇ ਤੌਰ ਤੇ ਮੇਰੀ ਨਿਯੁਕਤੀ ਰੱਦ ਕੀਤੀ ਗਈ। ਪਾਠਕ ਇਸ ਸਥਿਤੀ ਵਿਚ ਹੋਵੇਗਾ ਕਿ ਉਹ ਉਸੇ ਬੰਦੇ ਨੂੰ ਕਸੂਰਵਾਰ ਠਹਿਰਾਏ ਜੋ ਅਸਲ ਵਿਚ ਉਸਦਾ ਹੱਕਦਾਰ ਹੈ। ਮੇਰੇ ਖਿਆਲ ਵਿਚ ਅਜਿਹਾ ਪਹਿਲੀ ਵਾਰ ਹੀ ਹੋਇਆ ਹੈ ਜਦੋਂ ਸੁਆਗਤ ਕਮੇਟੀ ਦੁਆਰਾ ਇਸ ਕਰਕੇ ਕਿਸੇ ਪ੍ਰਧਾਨ ਦੀ ਨਿਯੁਕਤੀ ਰੱਦ ਕੀਤੀ ਗਈ ਹੋਵੇ ਕਿ ਉਹ ਉਸ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੈ। ਭਾਵੇਂ ਅਜਿਹਾ ਪਹਿਲਾਂ ਹੋਇਆ ਹੋਵੇ ਜਾਂ ਨਾ, ਪਰ ਮੇਰੀ ਜ਼ਿੰਦਗੀ ਵਿਚ ਇਹ ਪਹਿਲਾ ਮੌਕਾ ਹੈ ਜਦ ਮੈਨੂੰ ਹਿੰਦੂ ਜ਼ਾਤੀ ਦੀ ਕਿਸੇ ਕਾਨਫਰੰਸ ਦੀ ਪ੍ਰਧਾਨਗੀ ਲਈ ਸੱਦਾ ਦਿੱਤਾ ਗਿਆ। ਮੈਨੂੰ ਅਫਸੋਸ ਹੈ ਕਿ ਇਸ ਦਾ ਅੰਤ ਦੁਖਾਂਤ ਵਿਚ ਹੋਇਆ ਹੈ। ਪਰ ਅਜਿਹੇ ਦੁੱਖ ਵਾਲੇ ਸਬੰਧ ਤੋਂ ਹੋਰ ਕਿਸ ਤਰ੍ਹਾਂ ਦੀ ਆਸ ਕੀਤੀ ਜਾ ਸਕਦੀ ਹੈ ਜਿਥੇ ਅਜਿਹਾ ਸਬੰਧ

ਹਿੰਦੂ ਜ਼ਾਤੀ ਦੇ ਸੁਧਾਰਕ ਫਿਰਕੇ ਅਤੇ ਅਛੂਤਾਂ ਦੇ ਕਿਸੇ ਸਵੈਮਾਨ ਵਾਲੇ ਫਿਰਕੇ ਵਿਚਕਾਰ ਹੋਇਆ ਹੋਵੇ ਅਤੇ ਪਹਿਲੇ ਵਾਲਿਆਂ ਨੂੰ ਆਪਣੇ ਕੱਟੜਪੰਥੀ ਸਾਥੀਆਂ ਨੂੰ ਛੱਡਣ ਦੀ ਕੋਈ ਇੱਛਾ ਨਾ ਹੋਵੇ ਅਤੇ ਦੂਜਿਆਂ ਪਾਸ ਸੁਧਾਰ ਕੀਤੇ ਜਾਣ ਤੇ ਜ਼ੋਰ ਪਾਉਣ ਤੋਂ ਇਲਾਵਾ ਹੋਰ ਕੋਈ ਰਾਸਤਾ ਨਾ ਹੋਵੇ।

**ਭੀ ਰਾਉ ਅੰਬੇਡਕਰ**

ਰਾਜ ਗ੍ਰਹਿ, ਦਾਦਰ, ਬੰਬਈ 14
15 ਮਈ, 1936

ਡਾ. ਭੀਮ ਰਾਉ ਅੰਬੇਡਕਰ

ਦੁਆਰਾ

# ਲਾਹੌਰ ਦੇ ਜ਼ਾਤ-ਪਾਤ-ਤੋੜਕ ਮੰਡਲ ਦੀ

# 1936 ਦੀ ਸਾਲਾਨਾ ਕਾਨਫਰੰਸ

ਲਈ

ਤਿਆਰ ਕੀਤਾ ਗਿਆ ਭਾਸ਼ਣ

ਸਵਾਗਤ ਕਮੇਟੀ ਦੁਆਰਾ ਸੰਮੇਲਨ ਨੂੰ ਇਸ ਆਧਾਰ ਤੇ ਰੱਦ ਕੀਤੇ ਜਾਣ ਦੇ ਫਲਰੂਪ ਨਹੀਂ ਪੜ੍ਹਿਆ ਗਿਆ ਕਿਉਂਕਿ ਭਾਸ਼ਣ ਵਿਚ ਪ੍ਰਗਟਾਏ ਗਏ ਵਿਚਾਰ ਸੰਮੇਲਨ ਲਈ ਅਸਹਿ ਹੋਣਗੇ।

ਦੋਸਤੋ,

ਮੈਨੂੰ ਜ਼ਾਤ-ਪਾਤ-ਤੋੜਕ ਮੰਡਲ ਦੇ ਮੈਂਬਰਾਂ ਪ੍ਰਤੀ ਬਹੁਤ ਅਫਸੋਸ ਹੈ ਜਿਨ੍ਹਾਂ ਨੇ ਮੈਨੂੰ ਇਸ ਕਾਨਫ਼ਰੰਸ ਦੀ ਪ੍ਰਧਾਨਗੀ ਕਰਨ ਲਈ ਸੱਦਾ ਭੇਜਣ ਦੀ ਕਿਰਪਾ ਕੀਤੀ। ਮੈਨੂੰ ਯਕੀਨ ਹੈ ਕਿ ਮੈਨੂੰ ਪ੍ਰਧਾਨ ਵਜੋਂ ਚੁਣਨ ਸਬੰਧੀ ਉਨ੍ਹਾਂ ਨੂੰ ਕਈ ਪ੍ਰਸ਼ਨ ਪੁੱਛੇ ਜਾਣਗੇ। ਮੰਡਲ ਨੂੰ ਪੁੱਛਿਆ ਜਾਏਗਾ ਕਿ ਉਹ ਇਹ ਸਪਸ਼ਟੀਕਰਨ ਦੇਵੇ ਕਿ ਉਸਨੇ ਲਾਹੌਰ ਵਿਖੇ ਹੋਣ ਵਾਲੇ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਬੰਬਈ ਤੋਂ ਬੰਦਾ ਕਿਉਂ ਮੰਗਵਾਇਆ। ਮੈਨੂੰ ਯਕੀਨ ਹੈ ਕਿ ਮੰਡਲ ਬੜੀ ਆਸਾਨੀ ਨਾਲ ਮੇਰੇ ਤੋਂ ਵੱਧ ਯੋਗਤਾ ਵਾਲਾ ਵਿਅਕਤੀ ਇਸ ਅਵਸਰ ਦੀ ਪ੍ਰਧਾਨਗੀ ਲਈ ਲੱਭ ਸਕਦਾ ਸੀ। ਮੈਂ ਹਿੰਦੂਆਂ ਦੀ ਆਲੋਚਨਾ ਕੀਤੀ ਹੈ। ਮੈਂ ਉਸ ਮਹਾਤਮਾ ਜਿਸ ਨੂੰ ਉਹ ਪੂਜਦੇ ਹਨ ਦੀ ਪ੍ਰਭੁਤਾ ਤੇ ਪ੍ਰਸ਼ਨ ਕੀਤਾ ਹੈ। ਉਹ ਮੈਨੂੰ ਘ੍ਰਿਣਾ ਕਰਦੇ ਹਨ। ਉਨ੍ਹਾਂ ਵਾਸਤੇ ਮੈਂ ਉਨ੍ਹਾਂ ਦੇ ਬਗ਼ੀਚੇ ਵਿਚ ਇਕ ਸੱਪ ਵਾਂਗ ਹਾਂ। ਬਿਨਾਂ ਸ਼ੱਕ ਮੰਡਲ ਨੂੰ ਰਾਜਨੀਤਕ-ਵਿਚਾਰਧਾਰਾ ਵਾਲੇ ਹਿੰਦੂਆਂ ਦੁਆਰਾ ਪੁੱਛਿਆ ਜਾਏਗਾ ਕਿ ਉਹ ਸਪੱਸ਼ਟੀਕਰਨ ਦੇਵੇ ਕਿ ਇਸ ਸਨਮਾਨ ਦੇ ਅਹੁਦੇ ਲਈ ਮੈਨੂੰ ਬੁਲਾਉਣ ਦੀ ਕੀ ਲੋੜ ਸੀ। ਇਹ ਬੜੇ ਜੋਖਮ ਵਾਲਾ ਕੰਮ ਹੈ। ਮੈਨੂੰ ਇਸ ਵਿਚ ਕੋਈ ਵੀ ਹੈਰਾਨੀ ਨਹੀਂ ਹੋਵੇਗੀ ਜੇਕਰ ਕੁਝ ਰਾਜਨੀਤਕ ਹਿੰਦੂ ਇਸਨੂੰ ਬੇਇੱਜ਼ਤੀ ਸਮਝਣ। ਹੋ ਸਕਦਾ ਹੈ ਮੰਡਲ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਜਾਵੇ ਕਿ ਉਸਨੇ ਪ੍ਰਧਾਨ ਦੀ ਚੋਣ ਵਿਚ ਸ਼ਾਸਤਰਾਂ ਦੇ ਆਦੇਸ਼ਾਂ ਦੀ ਉਲੰਘਣਾ ਕਿਉਂ ਕੀਤੀ। ਸ਼ਾਸਤਰਾਂ ਅਨੁਸਾਰ ਬ੍ਰਾਹਮਣ ਨੂੰ ਤਿੰਨ ਵਰਣਾਂ ਦਾ ਗੁਰੂ ਥਾਪਿਆ ਗਿਆ ਹੈ, ਵਰਣਾਨਾਮ ਬ੍ਰਾਹਮਣੋ ਗੁਰੂ, ਸ਼ਾਸਤਰਾਂ ਦਾ ਇਕ ਆਦੇਸ਼ ਹੈ। ਮੰਡਲ ਨੂੰ ਇਸ ਲਈ ਪਤਾ ਹੈ ਕਿ ਉਸਨੇ ਕਿਸ ਪਾਸੋਂ ਉਪਦੇਸ਼ ਪ੍ਰਾਪਤ ਕਰਨਾ ਹੈ ਅਤੇ ਕਿਸ ਪਾਸੋਂ ਨਹੀਂ। ਸ਼ਾਸਤਰ ਕਿਸੇ ਹਿੰਦੂ ਨੂੰ ਇਸ ਗੱਲ ਦੀ ਆਗਿਆ ਨਹੀਂ ਦਿੰਦੇ ਕਿ ਉਹ ਕਿਸੇ ਨੂੰ ਵੀ ਆਪਣਾ ਗੁਰੂ ਮੰਨ ਲਵੇ ਸਿਰਫ਼ ਇਸ ਕਾਰਨ ਕਿ ਉਹ ਬੜਾ ਵਿਦਵਾਨ ਹੈ। ਇਹ ਗੱਲ ਰਾਮਦਾਸ, ਮਹਾਰਾਸ਼ਟਰ ਦੇ ਇਕ ਬ੍ਰਾਹਮਣ ਸੰਤ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਸ਼ਿਵਾ ਜੀ ਨੂੰ ਇਕ ਹਿੰਦੂ ਰਾਜ ਸਥਾਪਤ ਕਰਨ ਲਈ ਪ੍ਰੇਰਿਤ ਕੀਤਾ ਸੀ, ਨੇ ਬਹੁਤ ਸਪੱਸ਼ਟ ਕੀਤੀ ਸੀ। ਉਨ੍ਹਾਂ ਦੇ "ਦਸਬੋਧ", ਜੋ ਕਿ ਮਰਾਠੀ ਕਾਵਿ ਵਿਚ ਸਮਾਜਕ-ਰਾਜਨੀਤਕ-ਧਾਰਮਕ ਨਿਬੰਧ ਹੈ, ਵਿਚ ਰਾਮਦਾਸ, ਹਿੰਦੂਆਂ ਨੂੰ ਸੰਬੋਧਨ ਕਰਕੇ ਪੁੱਛਦੇ ਹਨ, ਕੀ ਅਸੀਂ ਇਕ ਅੰਤਯਾਜਾ ਨੂੰ ਆਪਣਾ ਗੁਰੂ ਸਵੀਕਾਰ ਕਰ ਸਕਦੇ ਹਾਂ ਕਿਉਂਕਿ ਉਹ ਇਕ ਪੰਡਿਤ ਹੈ। (ਭਾਵ ਵਿਦਵਾਨ ਹੈ), ਉਤਰ ਨਾਂਹ ਵਿਚ ਦਿੰਦੇ ਹਨ। ਇਨ੍ਹਾਂ ਪ੍ਰਸ਼ਨਾਂ ਦਾ ਕੀ ਉੱਤਰ ਦਿੰਦਾ ਹੈ, ਇਹ ਮੈਂ ਮੰਡਲ ਤੇ ਛੱਡਦਾ ਹਾਂ। ਮੰਡਲ ਹੀ ਉਨ੍ਹਾਂ ਕਾਰਨਾਂ ਨੂੰ ਸਭ ਤੋਂ ਚੰਗੀ ਤਰ੍ਹਾਂ ਜਾਣਦਾ ਹੈ ਜਿਨ੍ਹਾਂ ਲਈ ਉਹ ਪ੍ਰਧਾਨ ਦੀ ਚੋਣ ਲਈ ਯਾਤਰਾ ਕਰਕੇ ਬੰਬਈ ਗਿਆ ਅਤੇ ਉਸਨੇ ਅਜਿਹਾ ਵਿਅਕਤੀ ਚੁਣਿਆ ਜੋ ਕਿ ਹਿੰਦੂਆਂ ਲਈ ਘ੍ਰਿਣਾ ਦਾ ਪਾਤਰ ਹੈ ਅਤੇ ਉਹ ਆਪਣੀ ਚੋਣ ਵਿਚ ਇੰਨੀ ਨੀਵੇਂ ਚਲੇ ਗਏ ਕਿ ਇਕ ਅੰਤਯਾਜਾ - ਇਕ ਅਛੂਤ - ਨੂੰ ਸਵਰਨਾਂ ਦੇ ਸਮਾਗਮ ਵਿਚ ਭਾਸ਼ਣ ਦੇਣ ਲਈ ਚੁਣਿਆ। ਆਪਣੇ ਸਬੰਧ ਵਿਚ ਤਾਂ ਮੈਂ ਐਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸਦਾ ਨਿਮੰਤ੍ਰਣ ਆਪਣੀ ਇੱਛਾ ਅਤੇ ਆਪਣੇ ਇਕ ਇਕ ਸਾਥੀ ਅਛੂਤਾਂ ਦੀ ਇੱਛਾ ਦੇ ਵਿਰੁੱਧ ਸਵੀਕਾਰ ਕੀਤਾ। ਮੈਂ ਜਾਣਦਾ ਹਾਂ ਕਿ ਹਿੰਦੂ ਮੇਰੇ ਤੋਂ ਬੜੇ ਅਵਾਜ਼ਾਰ ਹਨ। ਮੈਂ ਜਾਣਦਾ ਹਾਂ ਕਿ ਉਨ੍ਹਾਂ ਲਈ ਮੈਂ ਕੋਈ ਅਹਿਮੀਅਤ ਨਹੀਂ ਰਖਦਾ। ਇਹ ਸਭ ਕੁਝ ਜਾਣਨ ਦੇ ਬਾਵਜੂਦ ਮੈਂ

ਜਾਣਬੁਝ ਕੇ ਆਪਣੇ ਆਪ ਨੂੰ ਉਨ੍ਹਾਂ ਤੋਂ ਅੱਡ ਰਖਿਆ ਹੈ। ਮੈਨੂੰ ਆਪਣੇ ਆਪ ਨੂੰ ਉਨ੍ਹਾਂ ਤੇ ਥੋਪਣ ਦੀ ਕੋਈ ਲਾਲਸਾ ਨਹੀਂ ਹੈ। ਮੈਂ ਆਪਣੇ ਵਿਚਾਰਾਂ ਨੂੰ ਆਪਣੇ ਪਲੈਟਫਾਰਮ ਤੋਂ ਪ੍ਰਗਟਾਉਂਦਾ ਰਿਹਾ ਹਾਂ। ਇਸ ਨਾਲ ਪਹਿਲਾਂ ਹੀ ਬਹੁਤ ਦਵੈਸ਼ ਅਤੇ ਜਲਨ ਪੈਦਾ ਹੋ ਚੁੱਕੀ ਹੈ। ਮੈਨੂੰ ਉਹ ਕੁਝ ਉਨ੍ਹਾਂ ਦੀਆਂ ਨਜ਼ਰਾਂ ਸਾਹਮਣੇ ਕਰਨ ਲਈ ਹਿੰਦੂਆਂ ਦੇ ਪਲੈਟ ਫਾਰਮ ਤੇ ਚੜ੍ਹਣ ਦੀ ਕੋਈ ਇੱਛਾ ਨਹੀਂ ਹੈਜੋ ਕੁਝ ਮੈਂ ਉਨ੍ਹਾਂ ਦੇ ਸੁਣਨ 'ਚ ਕਹਿ ਸਕਦਾ ਹਾਂ। ਜੇਕਰ ਮੈਂ ਇਥੇ ਹਾਂ ਤਾਂ ਇਹ ਤੁਹਾਡੀ ਇੱਛਾ ਅਨੁਸਾਰ ਹੈ ਨਾ ਕਿ ਮੇਰੀ ਇੱਛਾ ਅਨੁਸਾਰ। ਤੁਹਾਡਾ ਮਕਸਦ ਹੈ ਸਮਾਜ ਨੂੰ ਸੁਧਾਰਨਾ। ਇਸ ਮਕਸਦ ਨੇ ਸਦਾ ਮੈਨੂੰ ਆਕਰਸ਼ਿਤ ਕੀਤਾ ਹੈ ਅਤੇ ਇਸੇ ਕਰਕੇ ਹੀ ਮੈਂ ਮਹਿਸੂਸ ਕੀਤਾ ਹੈ ਕਿ ਮੈਨੂੰ ਤੁਹਾਨੂੰ ਇਨਕਾਰ ਨਹੀਂ ਕਰਨਾ ਚਾਹੀਦਾ ਕਿ ਇਸ ਮਕਸਦ ਵਿਚ ਤੁਹਾਡੀ ਮਦਦ ਕਰਾਂ, ਖਾਸ ਕਰਕੇ ਜਦ ਕਿ ਤੁਸੀਂ ਸੋਚਦੇ ਹੋ ਕਿ ਮੈਂ ਇਸ ਵਿਚ ਮਦਦ ਕਰ ਸਕਦਾ ਹਾਂ। ਭਾਵੇਂ ਮੈਂ ਜੋ ਕੁਝ ਅੱਜ ਇਥੇ ਕਹਿਣ ਜਾ ਰਿਹਾ ਹਾਂ ਉਹ ਜਿਸ ਸਮੱਸਿਆ ਨੂੰ ਤੁਸੀਂ ਸੁਲਝਾਉਣਾ ਚਾਹੁੰਦੇ ਹੋ, ਵਿਚ ਮਦਦ ਕਰੇਗਾ ਜਾਂ ਨਹੀਂ ਇਸਦਾ ਨਿਰਣਾ ਤੁਸੀਂ ਆਪ ਕਰਨਾ ਹੈ। ਮੈਂ ਤਾਂ ਸਿਰਫ ਇਸ ਮਸਲੇ ਤੇ ਆਪਣੇ ਵਿਚਾਰ ਹੀ ਤੁਹਾਡੇ ਸਾਹਮਣੇ ਰੱਖ ਸਕਦਾ ਹਾਂ।

## 2

ਸਮਾਜ ਸੁਧਾਰ ਦਾ ਮਾਰਗ ਸਵਰਗ ਦੇ ਪੰਥ ਵਾਂਗ ਹੈ, ਘੱਟੋ ਘੱਟ ਭਾਰਤ ਵਿਚ ਤਾਂ ਬਹੁਤ ਹੀ ਔਕੜਾਂ ਭਰਿਆ ਹੈ। ਸਮਾਜ ਸੁਧਾਰ ਦੇ ਭਾਰਤ ਵਿਚ ਮਿੱਤਰ ਥੋੜ੍ਹੇ ਹਨ ਅਤੇ ਆਲੋਚਕ ਬਹੁਤੇ। ਆਲੋਚਕ ਦੋ ਵਿਲੱਖਣਤਾ ਵਾਲੀਆਂ ਸ਼੍ਰੇਣੀਆਂ 'ਚ ਆਉਂਦੇ ਹਨ। ਇਕ ਸ਼੍ਰੇਣੀ ਵਿਚ ਰਾਜਨੀਤਕ ਸੁਧਾਰਕ ਆਉਂਦੇ ਹਨ ਅਤੇ ਦੂਜੀ ਵਿਚ ਸਮਾਜ ਸੁਧਾਰਕ।

ਇਕ ਸਮੇਂ ਤੇ ਇਹ ਧਾਰਨਾ ਸੀ ਕਿ ਸਮਾਜਕ ਨਿਪੁੰਨਤਾ ਤੋਂ ਬਿਨਾਂ ਕੰਮਕਾਜ ਦੇ ਹੋਰਨਾਂ ਖੇਤਰਾਂ ਵਿਚ ਕੋਈ ਸਥਾਈ ਪ੍ਰਗਤੀ ਸੰਭਵ ਨਹੀਂ ਸੀ, ਕਈ ਕੁਰੀਤੀਆਂ ਦੇ ਭੈੜ ਕਾਰਨ, ਹਿੰਦੂ ਰਾਜ ਵਿਚ ਨਿਪੁੰਨਤਾ ਨਹੀਂ ਸੀ ਅਤੇ ਇਨ੍ਹਾਂ ਬੁਰਾਈਆਂ ਨੂੰ ਮਿਟਾਉਣ ਲਈ ਅਣਥੱਕ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਤੱਥ ਨੂੰ ਮੰਨੇ ਜਾਣ ਕਾਰਨ ਹੀ ਰਾਸ਼ਟਰੀ ਕਾਂਗਰਸ ਦੇ ਜਨਮ ਦੇ ਨਾਲ ਸਮਾਜਕ ਕਾਨਫ਼ਰੰਸ ਦੀ ਵੀ ਨੀਂਹ ਰੱਖੀ ਗਈ। ਜਦ ਕਿ ਕਾਂਗਰਸ ਦੇਸ਼ ਦੇ ਰਾਜਨੀਤਕ ਸੰਗਠਨ ਵਿਚ ਕਮਜ਼ੋਰੀਆਂ ਵੱਲ ਸੰਕੇਤ ਕਰਨ ਦਾ ਕੰਮ ਕਰਦੀ ਸੀ, ਸਮਾਜਕ ਕਾਨਫ਼ਰੰਸ ਹਿੰਦੂ ਸਮਾਜ ਦੇ ਸਮਾਜਕ ਸੰਗਠਨ ਵਿਚਲੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਵਿਚ ਜੁੱਟੀ ਹੋਈ ਸੀ। ਕੁਝ ਸਮੇਂ ਲਈ ਕਾਂਗਰਸ ਅਤੇ ਕਾਨਫ਼ਰੰਸ ਨੇ ਇਕੋ ਸਾਂਝੇ ਮਨੋਰਥ ਲਈ ਦੋ ਭਾਗਾਂ ਵਜੋਂ ਕੰਮ ਕੀਤਾ ਅਤੇ ਉਨ੍ਹਾਂ ਨੇ ਇਕੋ ਪੰਡਾਲ ਵਿਚ ਆਪਣੇ ਸਾਲਾਨਾ ਸਮਾਗਮ ਕੀਤੇ। ਪਰ ਛੇਤੀ ਹੀ ਇਹ ਦੋ ਭਾਗ ਦੋ ਪਾਰਟੀਆਂ ਵਿਚ ਬਦਲ ਗਏ, ਇਕ ਰਾਜਨੀਤਕ ਸੁਧਾਰ ਪਾਰਟੀ ਅਤੇ ਦੂਜੀ ਸਮਾਜ ਸੁਧਾਰ ਪਾਰਟੀ, ਜਿਨ੍ਹਾਂ ਦੇ ਦਰਮਿਆਨ ਘਮਾਸਾਨ ਵਿਵਾਦ ਉਠ ਖੜ੍ਹਾ ਹੋਇਆ। ਰਾਜਨੀਤਕ ਸੁਧਾਰ ਪਾਰਟੀ ਨੈਸ਼ਨਲ ਕਾਂਗਰਸ ਦਾ ਸਮਰਥਨ ਕਰਦੀ ਸੀ ਅਤੇ ਸਮਾਜ ਸੁਧਾਰ ਪਾਰਟੀ ਸੋਸ਼ਲ ਕਾਨਫਰੰਸ ਦਾ ਸਮਰਥਨ ਕਰਦੀ ਸੀ। ਇਸ ਤਰ੍ਹਾਂ ਇਹ ਦੋਵੇਂ ਸੰਸਥਾਵਾਂ ਦੋ ਵਿਰੋਧੀ ਧੜੇ ਬਣ ਗਈਆਂ। ਵਿਵਾਦ ਦਾ ਮੁੱਦਾ ਇਹ ਸੀ ਕਿ ਕੀ ਸਮਾਜ ਸੁਧਾਰ ਨੂੰ ਰਾਜਨੀਤਕ ਸੁਧਾਰ ਤੋਂ ਪਹਿਲ ਮਿਲਣੀ ਚਾਹੀਦੀ ਹੈ ਜਾਂ ਨਹੀਂ। ਇਕ ਦਹਾਕੇ ਤੱਕ ਜੱਦੋਜਹਿਦ ਬਰਾਬਰ

ਰਹੀ ਅਤੇ ਕਿਸੇ ਵੀ ਧੜੇ ਨੂੰ ਲੜਾਈ ਵਿਚ ਜਿੱਤ ਪ੍ਰਾਪਤ ਨਹੀਂ ਹੋਈ। ਐਪਰ ਇਹ ਸਪੱਸ਼ਟ ਹੋ ਗਿਆ ਕਿ ਸੋਸ਼ਲ ਕਾਨਫਰੰਸ ਦੀ ਕਿਸਮਤ ਦਾ ਸਿਤਾਰਾ ਛੇਤੀ ਨਾਲ ਡੁਬਦਾ ਜਾ ਰਿਹਾ ਹੈ। ਉਨ੍ਹਾਂ ਵਿਅਕਤੀਆਂ ਨੂੰ, ਜੋ ਸੋਸ਼ਲ ਕਾਨਫਰੰਸ ਦੇ ਸਮਾਗਮਾਂ ਦੀ ਪ੍ਰਧਾਨਗੀ ਕਰਦੇ ਸਨ ਇਸ ਗੱਲ ਦਾ ਰੋਣਾ ਸੀ ਕਿ ਪੜ੍ਹੇ ਲਿਖੇ ਹਿੰਦੂਆਂ ਵਿਚੋਂ ਵਧੇਰੇ ਗਿਣਤੀ ਰਾਜਨੀਤਕ ਪ੍ਰਗਤੀ ਦੀ ਹਾਮੀ ਸੀ ਅਤੇ ਸਮਾਜ ਸੁਧਾਰ ਵਲੋਂ ਬੇਮੁਖ ਸੀ ਅਤੇ ਇਹ ਕਿ ਜਦ ਕਾਂਗਰਸ 'ਚ ਹਾਜ਼ਰ ਹੋਣ ਵਾਲਿਆਂ ਦੀ ਗਿਣਤੀ ਬਹੁਤ ਵੱਡੀ ਸੀ ਅਤੇ ਉਨ੍ਹਾਂ ਦੀ ਗਿਣਤੀ, ਜੋ ਹਾਜ਼ਰ ਨਹੀਂ ਸੀ ਹੁੰਦੇ ਪਰ ਇਸਦੇ ਸਮਰਥਕ ਸਨ, ਹੋਰ ਵੀ ਜ਼ਿਆਦਾ ਸੀ। ਇਸਦੇ ਉਲਟ ਸੋਸ਼ਲ ਕਾਨਫਰੰਸ ਵਿਚ ਹਾਜ਼ਰ ਹੋਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ। ਇਸ ਬੇਮੁਖੀ, ਇਸਦੇ ਸਮਰਥਕਾਂ ਦੀ ਘਟਦੀ ਗਿਣਤੀ ਤੋਂ ਬਾਅਦ ਛੇਤੀ ਹੀ ਰਾਜਨੀਤਕਾਂ ਵਲੋਂ ਸਰਗਰਮ ਵਿਰੋਧੀ ਕਾਰਵਾਈਆਂ ਸ਼ੁਰੂ ਹੋ ਗਈਆਂ। ਸਵਰਗਵਾਸੀ ਸ੍ਰੀ ਤਿਲਕ ਦੀ ਰਹਿਨੁਮਾਈ ਵਿਚ, ਕਾਂਗਰਸ ਨੇ ਜੋ ਆਗਿਆ ਸੋਸ਼ਲ ਕਾਨਫਰੰਸ ਨੂੰ ਆਪਣੇ ਪੰਡਾਲ ਇਸਤੇਮਾਲ ਕਰਨ ਲਈ ਦਿੱਤੀ ਸੀ ਉਹ ਵਾਪਸ ਲੈ ਲਈ ਗਈ ਸੀ ਅਤੇ ਦੁਸ਼ਮਣੀ ਦੀ ਭਾਵਨਾ ਅਜਿਹੀ ਵੱਧ ਗਈ ਕਿ ਜਦੋਂ ਸੋਸ਼ਲ ਕਾਨਫਰੰਸ ਨੇ ਆਪਣਾ ਪੰਡਾਲ ਲਗਾਉਣਾ ਚਾਹਿਆ ਤਾਂ ਉਸਦੇ ਵਿਰੋਧੀਆਂ ਨੇ ਪੰਡਾਲ ਜਲਾ ਦੇਣ ਦੀ ਧਮਕੀ ਦਿੱਤੀ। ਇਸ ਤਰ੍ਹਾਂ ਸਮਾਂ ਪਾ ਕੇ ਰਾਜਨੀਤਕ ਸੁਧਾਰਾਂ ਦੀ ਹਿਮਾਇਤ ਵਾਲੀ ਪਾਰਟੀ ਜਿੱਤ ਗਈ ਅਤੇ ਸੋਸ਼ਨ ਕਾਨਫਰੰਸ ਲੋਪ ਹੋ ਗਈ ਅਤੇ ਭੁਲਾ ਦਿੱਤੀ ਗਈ। ਸ੍ਰੀ ਡਬਲਿਊ .ਸੀ . ਬੈਨਰਜੀ ਦਾ ਕਾਂਗਰਸ ਦੇ ਅਠਵੇਂ ਸਮਾਗਮ ਦੇ ਪ੍ਰਧਾਨ ਵਜੋਂ 1892 ਵਿਚ ਇਲਾਹਾਬਾਦ ਵਿਖੇ ਦਿੱਤਾ ਗਿਆ ਭਾਸ਼ਣ ਸੋਸ਼ਲ ਕਾਨਫਰੰਸ ਦੇ ਮੌਕੇ ਤੇ ਮਾਤਮੀ ਧੁਨ ਵਾਂਗੂੰ ਜਾਪਦਾ ਹੈ ਅਤੇ ਕਾਂਗਰਸ ਦੇ ਰਵੱਈਏ ਨੂੰ ਐਨਾ ਉਜਾਗਰ ਕਰਦਾ ਹੈ ਕਿ ਮੈਂ ਉਸ ਵਿਚੋਂ ਨਿਮਨ ਟੂਕ ਇਥੇ ਦਿੰਦਾ ਹਾਂ। ਸ੍ਰੀ ਬੈਨਰਜੀ ਨੇ ਕਿਹਾ :

"ਮੈਨੂੰ ਉਨ੍ਹਾਂ ਲੋਕਾਂ ਦੀ ਗੱਲ ਸੁਣਨ ਦੀ ਲੋੜ ਨਹੀਂ ਜੋ ਕਹਿੰਦੇ ਹਨ ਕਿ ਅਸੀਂ ਸਮਾਜ ਸੁਧਾਰ ਤੋਂ ਬਿਨਾਂ ਰਾਜਨੀਤਕ ਸੁਧਾਰ ਕਰਨ ਦੇ ਯੋਗ ਨਹੀਂ ਹੋਵਾਂਗੇ। ਮੈਂ ਇਨ੍ਹਾਂ ਦੋਹਾਂ ਵਿਚ ਕੋਈ ਮੇਲ ਨਹੀਂ ਦੇਖਦਾ...................ਕੀ ਅਸੀਂ ਰਾਜਨੀਤਕ ਸੁਧਾਰ ਦੇ ਯੋਗ ਨਹੀਂ ਹਾਂ ਕਿਉਂਕਿ ਸਾਡੀਆਂ ਵਿਧਵਾਵਾਂ ਮੁੜ-ਵਿਆਹ ਨਹੀਂ ਕਰਵਾਉਂਦੀਆਂ ਅਤੇ ਸਾਡੀਆਂ ਕੁੜੀਆਂ ਨੂੰ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਜਲਦੀ ਵਿਆਹ ਦਿੱਤਾ ਜਾਂਦਾ ਹੈ? ਕਿਉਂਕਿ ਸਾਡੀਆਂ ਸੁਆਣੀਆਂ ਅਤੇ ਧੀਆਂ ਸਾਡੇ ਨਾਲ ਗੱਡੀਆਂ ਵਿਚ ਬੈਠ ਕੇ ਸਾਡੇ ਦੋਸਤਾਂ ਦੇ ਘਰਾਂ ਵਿਚ ਮਿਲਣ ਨਹੀਂ ਜਾਂਦੀਆਂ? ਕਿਉਂਕਿ ਅਸੀਂ ਆਪਣੀਆਂ ਧੀਆਂ ਨੂੰ ਆਕਸਫੋਰਡ ਅਤੇ ਕੈਂਬ੍ਰਿਜ ਨਹੀਂ ਭੇਜਦੇ?"

(ਤਾੜੀਆਂ)

ਮੈਂ ਸ੍ਰੀ ਬੈਨਰਜੀ ਦੁਆਰਾ ਰਾਜਨੀਤਕ ਸੁਧਾਰ ਲਈ ਪੇਸ਼ ਕੀਤਾ ਗਿਆ ਤਰਕ ਬਿਆਨ ਕੀਤਾ ਹੈ। ਬਹੁਤ ਸਾਰੇ ਸਨ ਜੋ ਖੁਸ਼ ਸਨ ਕਿ ਜਿੱਤ ਕਾਂਗਰਸ ਦੀ ਹੋਈ। ਪਰ ਜਿਹੜੇ ਸਮਾਜ ਸੁਧਾਰ ਦੀ ਮਹੱਤਤਾ ਵਿਚ ਵਿਸ਼ਵਾਸ ਰਖਦੇ ਹਨ, ਪੁੱਛ ਸਕਦੇ ਹਨ ਕਿ ਕੀ ਸ੍ਰੀ ਬੈਨਰਜੀ ਦੁਆਰਾ ਦਿੱਤੀ ਗਈ ਦਲੀਲ ਵਰਗੀ ਦਲੀਲ ਅੰਤਮ ਹੈ? ਕੀ ਇਸ ਤੋਂ ਸਿੱਧ ਹੁੰਦਾ ਹੈ ਕਿ ਜਿੱਤ ਉਨ੍ਹਾਂ ਦੀ ਹੋਈ ਜੋ ਸਹੀ ਸਨ? ਕੀ ਇਸ ਨਾਲ ਅੰਤਮ ਤੌਰ ਤੇ ਇਹ ਸਿੱਧ ਹੋ ਜਾਂਦਾ ਹੈ ਕਿ ਸਮਾਜ

ਸੁਧਾਰ ਦਾ ਰਾਜਨੀਤਕ ਸੁਧਾਰ ਨਾਲ ਕੋਈ ਤੁਅੱਲਕ ਨਹੀਂ ਹੈ? ਸਾਨੂੰ ਮਾਮਲੇ ਨੂੰ ਸਮਝਣ ਵਿਚ ਮਦਦ ਮਿਲੇਗੀ ਜੇਕਰ ਮੈਂ ਇਸ ਮਸਲੇ ਦਾ ਦੂਜਾ ਪੱਖ ਵੀ ਪੇਸ਼ ਕਰਾਂ। ਮੈਂ ਆਪਣੇ ਤੱਥ ਪੇਸ਼ ਕਰਨ ਲਈ ਅਛੂਤਾਂ ਨਾਲ ਕੀਤੇ ਜਾਂਦੇ ਵਿਵਹਾਰ ਤੁਹਾਡੇ ਸਾਹਮਣੇ ਰੱਖਾਂਗਾ।

ਮਰਾਠਾ ਦੇਸ਼ ਪੇਸ਼ਵਾਵਾਂ ਦੇ ਰਾਜ ਵਿਚ ਕਿਸੇ ਅਛੂਤ ਨੂੰ ਜਨਤਕ ਸੜਕ ਦਾ ਪ੍ਰਯੋਗ ਕਰਨ ਦੀ ਆਗਿਆ ਨਹੀਂ ਸੀ ਹੁੰਦੀ। ਇਸ ਕਰਕੇ ਕਿ ਕੋਈ ਹਿੰਦੂ ਜੋ ਦੂਜੇ ਪਾਸਿਉਂ ਆ ਰਿਹਾ ਹੋਵੇ ਤਾਂ ਉਸਦੀ ਪਰਛਾਈ ਨਾਲ ਹਿੰਦੂ ਭਿੱਟ ਨਾ ਜਾਏ। ਅਛੂਤ ਲਈ ਇਹ ਜ਼ਰੂਰੀ ਸੀ ਕਿ ਚਿੰਨ੍ਹ ਜਾਂ ਨਿਸ਼ਾਨ ਦੇ ਤੌਰ ਤੇ ਆਪਣੀ ਕਲਾਈ ਜਾਂ ਗਲੇ ਦੁਆਲੇ ਕਾਲਾ ਧਾਗਾ ਬੰਨ੍ਹ ਕੇ ਰੱਖੇ ਤਾਂ ਕਿ ਕੋਈ ਹਿੰਦੂ ਉਸ ਨੂੰ ਗਲਤੀ ਨਾਲ ਛੂਹ ਕੇ ਭਿੱਟ ਨਾ ਜਾਵੇ। ਪੂਨਾ ਵਿਚ, ਜੋ ਪੇਸ਼ਵਾ ਦੀ ਰਾਜਧਾਨੀ ਸੀ, ਅਛੂਤ ਲਈ ਇਹ ਜ਼ਰੂਰੀ ਸੀ ਕਿ ਜਿਥੇ ਵੀ ਜਾਵੇ ਆਪਣੇ ਲੱਕ ਦੁਆਲੇ ਇਕ ਝਾੜੂ ਲਟਕਾ ਕੇ ਰੱਖੇ, ਤਾਂ ਜੋ ਉਹ ਉਸ ਮਿੱਟੀ ਨੂੰ ਸਾਫ ਕਰਦਾ ਆਵੇ, ਜਿਸਤੇ ਉਹ ਤੁਰਦਾ ਆ ਰਿਹਾ ਹੋਵੇ ਤਾਂਜੋ ਉਸ ਉਤੇ ਤੁਰਨ ਵਾਲਾ ਕੋਈ ਹਿੰਦੂ ਭਿੱਟ ਨਾ ਜਾਵੇ। ਪੂਨਾ ਵਿਚ ਕਿਸੇ ਅਛੂਤ ਲਈ ਇਹ ਜ਼ਰੂਰੀ ਸੀ, ਕਿ ਉਹ ਜਿਥੇ ਵੀ ਜਾਵੇ, ਆਪਣੇ ਗਲੇ ਦੁਆਲੇ ਇਕ ਮਿੱਟੀ ਦੀ ਕੁੱਜੀ ਬੰਨ੍ਹ ਕੇ ਰੱਖੇ ਜਿਸ ਵਿਚ ਉਹ ਆਪਣੀ ਥੁੱਕ ਸੁੱਟ ਸਕੇ ਤਾਂ ਜੋ ਜ਼ਮੀਨ ਤੇ ਡਿੱਗਣ ਵਾਲੀ ਥੁੱਕ ਨਾਲ ਉਸ ਤੇ ਅਣਜਾਣੇ ਕਿਸੇ ਹਿੰਦੂ ਦਾ ਪੈਰ ਆ ਜਾਣ ਨਾਲ ਉਹ ਭਿੱਟ ਨਾ ਜਾਏ। ਹਿੰਦੂਆਂ ਦੁਆਰਾ ਕੇਂਦਰੀ ਭਾਰਤ ਦੀ ਇਕ ਅਛੂਤ ਜ਼ਾਤੀ, ਬਲਾਈਆਂ ਉਪਰ ਢਾਏ ਗਏ ਜ਼ੁਲਮ ਮੇਰੀ ਗੱਲ ਨੂੰ ਹੋਰ ਸਪੱਸ਼ਟ ਕਰਨਗੇ। ਤੁਹਾਨੂੰ 4 ਜਨਵਰੀ, 1928 ਦੀ ਟਾਈਮਜ਼ ਆਫ਼ ਇੰਡੀਆ ਦੀ ਇਕ ਰਿਪੋਰਟ ਵਿਚ ਇਸ ਬਾਰੇ ਪਤਾ ਚਲੇਗਾ। ਟਾਈਮਜ਼ ਆਫ਼ ਇੰਡੀਆ ਦੇ ਪੱਤਰਪ੍ਰੇਰਕ ਨੇ ਰਿਪੋਰਟ ਕੀਤੀ ਕਿ ਇੰਦੌਰ ਪ੍ਰਾਂਤ (ਇੰਦੌਰ-ਰਾਜ) ਦੇ ਪਿੰਡਾਂ ਕਨਾਰੀਆਂ, ਬਿਚੋਲੀ-ਹਾਫਸੀ, ਬਿਚੋਲੀ-ਮਰਦਾਨਾ ਅਤੇ ਤਕਰੀਬਨ 15 ਹੋਰਨਾਂ ਪਿੰਡਾਂ ਦੇ ਉੱਚੀ ਜ਼ਾਤ ਦੇ ਹਿੰਦੂਆਂ ਜਿਵੇਂ ਕਿ ਕਲੋਟਾ, ਰਾਜਪੂਤ ਅਤੇ ਬ੍ਰਾਹਮਣ, ਜਿਨ੍ਹਾਂ ਵਿਚ ਪਿੰਡਾਂ ਦੇ ਪਟੇਲ ਅਤੇ ਪਟਵਾਰੀ ਵੀ ਸ਼ਾਮਲ ਸਨ, ਨੇ ਇਨ੍ਹਾਂ ਪਿੰਡਾਂ ਦੇ ਬਲਾਈਆਂ ਨੂੰ ਸੂਚਿਤ ਕੀਤਾ ਕਿ ਜੇਕਰ ਉਹ ਉਨ੍ਹਾਂ ਦੇ ਵਿਚ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਨਿਮਨ-ਨਿਯਮਾਂ ਦੀ ਪਾਲਣਾ ਕਰਨੀ ਪਵੇਗੀ :

(1) ਬਲਾਈ ਸੁਨਹਿਰੀ ਕਿਨਾਰੀ ਵਾਲੀ ਕੰਨੀ ਦੀ ਪੱਗੜੀ ਨਹੀਂ ਬੰਨ੍ਹਣਗੇ।

(2) ਉਹ ਰੰਗਦਾਰ ਜਾਂ ਸਜਾਵਟੀ ਬਾਰਡਰ ਵਾਲੀ ਧੋਤੀ ਨਹੀਂ ਪਹਿਨਣਗੇ।

(3) ਉਹ ਕਿਸੇ ਹਿੰਦੂ ਦੀ ਮੌਤ ਦੀ ਖ਼ਬਰ ਹਰ ਹਾਲਤ ਵਿਚ ਮ੍ਰਿਤਕ ਦੇ ਰਿਸ਼ਤੇਦਾਰਾਂ ਨੂੰ ਪਹੁੰਚਾਉਣਗੇ - ਭਾਵੇਂ ਇਹ ਰਿਸ਼ਤੇਦਾਰ ਕਿੰਨੀ ਵੀ ਦੂਰ ਕਿਉਂ ਨਾ ਰਹਿੰਦੇ ਹੋਣ।

(4) ਹਿੰਦੂ ਸ਼ਾਦੀਆਂ ਦੇ ਮੌਕਿਆਂ ਤੇ, ਬਲਾਈ ਜੰਞ ਦੇ ਮੂਹਰੇ ਅਤੇ ਵਿਆਹ ਦੇ ਦੌਰਾਨ ਸਾਜ਼ ਵਜਾਉਣਗੇ।

(5) ਬਲਾਈ ਔਰਤਾਂ ਸੋਨੇ ਅਤੇ ਚਾਂਦੀ ਦੇ ਗਹਿਣੇ ਨਹੀਂ ਪਹਿਨਣਗੀਆਂ। ਉਹ ਸਜਾਵਟੀ ਚੋਗੇ ਜਾਂ ਜੈਕਟਾਂ ਨਹੀਂ ਪਾਉਣਗੀਆਂ।

(6) ਬਲਾਈ ਔਰਤਾਂ ਹਿੰਦੂ ਔਰਤਾਂ ਦੇ ਵਿਯਾਮ ਸਮੇਂ ਹਰ ਕੇਸ ਤੇ ਦਾਈ ਦਾ ਕੰਮ ਕਰਨਗੀਆਂ।

(7) ਬਲਾਈ ਬਿਨਾਂ ਕੋਈ ਉਜਰਤ ਮੰਗੇ ਸੇਵਾ ਕਰਨਗੇ ਅਤੇ ਜੋ ਕੁਝ ਵੀ ਹਿੰਦੂ ਆਪਣੀ ਖੁਸ਼ੀ ਨਾਲ ਦੇਵੇ ਉਸ ਨੂੰ ਕਬੂਲ ਕਰਨਗੇ।

(8) ਜੇਕਰ ਬਲਾਈਆਂ ਨੂੰ ਇਹ ਸ਼ਰਤਾਂ ਮਨਜ਼ੂਰ ਨਹੀਂ ਹਨ ਤਾਂ ਉਹ ਪਿੰਡ ਛੱਡਕੇ ਚਲੇ ਜਾਣ।।।

ਬਲਾਈਆਂ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ, ਅਤੇ ਹਿੰਦੂਆਂ ਨੇ ਉਨ੍ਹਾਂ ਵਿਰੁੱਧ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਬਲਾਈਆਂ ਨੂੰ ਪਿੰਡ ਦੇ ਖੂਹਾਂ ਤੋਂ ਪਾਣੀ ਭਰਨ ਦੀ ਆਗਿਆ ਨਹੀਂ ਸੀ। ਉਨ੍ਹਾਂ ਨੂੰ ਆਪਣੇ ਡੰਗਰ ਚਰਾਉਣ ਨਹੀਂ ਸੀ ਦਿੱਤੇ ਜਾਂਦੇ। ਬਲਾਈਆਂ ਨੂੰ ਹਿੰਦੂਆਂ ਦੀ ਜ਼ਮੀਨ ਤੋਂ ਲੰਘਣ ਦੀ ਆਗਿਆ ਨਹੀਂ ਸੀ, ਤਾਂ ਜੋ ਜੇਕਰ ਕਿਸੇ ਬਲਾਈ ਦਾ ਖੇਤ ਹਿੰਦੂਆਂ ਦੇ ਖੇਤਾਂ ਵਿਚ ਘਿਰਿਆ ਹੋਇਆ ਹੋਵੇ, ਤਾਂ ਉਸਨੂੰ ਆਪਣੇ ਖੇਤ ਨੂੰ ਜਾਣ ਦਾ ਰਾਹ ਨਹੀਂ ਸੀ ਮਿਲਦਾ। ਹਿੰਦੂ ਆਪਣੇ ਡੰਗਰ ਵੀ ਬਲਾਈਆਂ ਦੇ ਖੇਤਾਂ ਵਿਚ ਚਰਨ ਲਈ ਛੱਡ ਦੇਂਦੇ। ਬਲਾਈਆਂ ਨੇ ਇਨ੍ਹਾਂ ਜ਼ੁਲਮਾਂ ਦੇ ਵਿਰੋਧ ਵਿਚ ਵੀ ਅਰਜ਼ੀਆਂ ਦਿੱਤੀਆਂ : ਪਰ ਕਿਉਂ ਜੋ ਉਨ੍ਹਾਂ ਨੂੰ ਸਮੇਂ ਸਿਰ ਨਿਆਂ ਨਾ ਮਿਲ ਸਕਿਆ ਅਤੇ ਜ਼ੁਲਮ ਜ਼ਾਰੀ ਰਿਹਾ; ਤਾਂ ਸੈਂਕੜੇ ਬਲਾਈ ਆਪਣੀਆਂ ਔਰਤਾਂ ਅਤੇ ਬੱਚਿਆਂ ਨੂੰ ਨਾਲ ਲੈ ਆਪਣੇ ਘਰ ਜਿਨ੍ਹਾਂ ਵਿਚ ਉਨ੍ਹਾਂ ਦੇ ਪੂਰਵਜ ਪੀੜ੍ਹੀਆਂ ਤੋਂ ਰਹਿੰਦੇ ਆ ਰਹੇ ਸਨ, ਛੱਡ ਕੇ ਗਵਾਂਢੀ ਰਾਜਾਂ ਅਰਥਾਤ ਧਾਰ, ਦਿਵਸ, ਬਾਗਲੀ, ਭੂਪਾਲ, ਗਵਾਲੀਅਰ ਅਤੇ ਹੋਰਨਾਂ ਰਾਜਾਂ ਦੇ ਪਿੰਡਾਂ ਵਿਚ ਪ੍ਰਵਾਸ ਕਰ ਜਾਣ ਲਈ ਮਜਬੂਰ ਹੋ ਗਏ। ਨਵੀਆਂ ਥਾਵਾਂ ਤੇ ਉਨ੍ਹਾਂ ਨਾਲ ਕੀ ਬੀਤਿਆ ਬਾਰੇ ਅਸੀਂ ਇਥੇ ਵਿਚਾਰ ਨਹੀਂ ਕਰਾਂਗੇ। ਗੁਜਰਾਤ ਵਿਚ ਕਵਿਥਾ ਵਿਖੇ ਵਾਪਰੀ ਘਟਨਾ ਪਿਛਲੇ ਸਾਲ ਦੀ ਹੀ ਹੈ। ਕਵਿਥਾ ਦੇ ਹਿੰਦੂਆਂ ਨੇ ਅਛੂਤਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰ ਦੁਆਰਾ ਚਲਾਏ ਜਾ ਰਹੇ ਸਾਂਝੇ ਪਿੰਡ ਦੇ ਸਕੂਲ ਵਿਚ ਦਾਖਲ ਕਰਵਾਉਣ ਤੇ ਜ਼ੋਰ ਨਾ ਦੇਣ। ਕਵਿਥਾ ਦੇ ਅਛੂਤਾਂ ਨੂੰ ਹਿੰਦੂਆਂ ਦੀ ਮਰਜ਼ੀ ਦੇ ਖਿਲਾਫ਼ ਇਕ ਸ਼ਹਿਰੀ ਹੱਕ ਲੈਣ ਦੀ ਜੁਰੱਅਤ ਕਰਨ ਤੇ ਕੀ ਕੀ ਜ਼ੁਲਮ ਸਹਿਣੇ ਪਏ, ਇਹ ਸਭਨਾਂ ਨੂੰ ਪਤਾ ਹੀ ਹੈ ਅਤੇ ਇਥੇ ਉਨ੍ਹਾਂ ਨੂੰ ਬਿਆਨ ਕਰਨ ਦੀ ਲੋੜ ਨਹੀਂ ਹੈ। ਇਕ ਹੋਰ ਘਟਨਾ ਗੁਜਰਾਤ ਦੇ ਅਹਿਮਦਾਬਾਦ ਜ਼ਿਲ੍ਹੇ ਵਿਚ ਜ਼ਾਨੂੰ ਪਿੰਡ ਵਿਚ ਵਾਪਰੀ। ਨਵੰਬਰ, 1935 ਵਿਚ ਰੱਜੇ-ਪੁਜੇ ਪਰਿਵਾਰਾਂ ਦੀਆਂ ਅਛੂਤ ਔਰਤਾਂ ਨੇ ਧਾਤੂ ਦੇ ਬਰਤਨਾਂ ਵਿਚ ਪਾਣੀ ਲਿਆਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਨੇ ਅਛੂਤਾਂ ਦੁਆਰਾ ਧਾਤੂ ਦੇ ਬਰਤਨਾਂ ਦਾ ਇਸਤੇਮਾਲ ਆਪਣੀ ਅਣਖ ਨੂੰ ਵੰਗਾਰ ਸਮਝਿਆ ਅਤੇ ਉਨ੍ਹਾਂ ਨੇ ਇਸ ਗੁਸਤਾਖੀ ਲਈ ਅਛੂਤ ਔਰਤਾਂ ਤੇ ਹਮਲਾ ਕਰ ਦਿੱਤਾ। ਬਹੁਤ ਹੀ ਹਾਲ ਹੀ ਦਾ ਇਕ ਵਾਕਿਆ ਜੈਪੁਰ ਰਾਜ ਦੇ ਚਕਵਾੜਾ ਪਿੰਡ ਦਾ ਦੱਸਿਆ ਗਿਆ ਹੈ। ਅਖ਼ਬਾਰਾਂ ਵਿਚ ਆਈਆਂ ਖ਼ਬਰਾਂ ਤੋਂ ਇਹ ਪਤਾ ਲੱਗਦਾ ਹੈ ਕਿ ਚਕਵਾੜਾ ਦੇ ਇਕ ਅਛੂਤ ਨੇ ਜੋ ਕਿ ਤੀਬਰ ਯਾਤਰਾ ਤੋਂ ਪਰਤਿਆ ਸੀ, ਨੇ ਧਾਰਮਕ ਪੁੰਨ ਦੇ ਕਾਰਜ ਦੇ ਤੌਰ ਤੇ ਪਿੰਡ ਦੇ ਹੋਰ ਅਛੂਤਾਂ ਲਈ ਖਾਣੇ ਦਾ ਪ੍ਰਬੰਧ ਕੀਤਾ। ਮੇਜ਼ਬਾਨ ਚਾਹੁੰਦਾ ਸੀ ਕਿ ਮਹਿਮਾਨਾਂ ਨੂੰ ਚੰਗਾ ਖਾਣਾ ਖੁਆਇਆ ਜਾਵੇ ਅਤੇ ਖਾਣੇ ਵਿਚ ਘਿਉ ਵੀ ਸ਼ਾਮਲ ਸੀ। ਪਰ ਜਦੋਂ ਅਛੂਤ ਖਾਣਾ ਖਾ ਰਹੇ ਸਨ ਤਾਂ ਸੈਂਕੜੇ ਹਿੰਦੂ ਲਾਠੀਆਂ ਚੁੱਕੀ, ਉਸ ਥਾਂ ਤੇ ਆ ਗਏ ਅਤੇ ਉਨ੍ਹਾਂ ਨੇ ਖਾਣਾ ਉਲਟਾ ਦਿੱਤਾ ਅਤੇ ਅਛੂਤਾਂ ਦੀ ਮਾਰ-ਕੁੱਟ ਕੀਤੀ ਜੋ ਕਿ ਉਨ੍ਹਾਂ ਨੂੰ ਪਰੋਸਿਆ ਗਿਆ ਭੋਜਨ ਵਿਚੇ ਛੱਡਕੇ ਆਪਣੀਆਂ ਜਾਨਾਂ ਬਚਾਉਣ ਲਈ

ਦੌੜ ਗਏ। ਨਿਹੱਥੇ ਅਛੂਤਾਂ ਤੇ ਇਹ ਕਾਤਲਾਨਾ ਹਮਲਾ ਕਿਉਂ ਕੀਤਾ ਗਿਆ? ਕਾਰਣ ਇਹ ਦੱਸਿਆ ਗਿਆ ਕਿ ਅਛੂਤ ਮੇਜ਼ਬਾਨ ਨੇ ਘਿਉ ਵਰਤਾਉਣ ਦੀ ਹਿਮਾਕਤ ਕੀਤੀ ਅਤੇ ਉਸਦੇ ਅਛੂਤ ਮਹਿਮਾਨਾਂ ਨੇ ਉਸਨੂੰ ਚੱਖਣ ਦੀ ਬੇਵਕੂਫੀ ਕੀਤੀ। ਘਿਉ ਤਾਂ ਬੇਸ਼ੱਕ ਅਮੀਰਾਂ ਦੀ ਸੌਗਾਤ ਹੈ। ਪਰ ਕੋਈ ਇਹ ਨਹੀਂ ਸੀ ਸੋਚ ਸਕਦਾ ਕਿ ਘਿਉ ਖਾਣਾ ਉੱਚੇ ਸਮਾਜਕ ਅਹੁਦੇ ਦਾ ਚਿੰਨ੍ਹ ਮੰਨਿਆਂ ਜਾਂਦਾ ਹੈ। ਚਕਵਾੜਾ ਦੇ ਹਿੰਦੂਆਂ ਨੇ ਇਸਦੇ ਉਲਟ ਸੋਚਿਆ ਅਤੇ ਆਪਣੇ ਰੋਹ ਵਿਚ ਅਛੂਤਾਂ ਦੁਆਰਾ ਕੀਤੀ ਗਈ ਗਲਤੀ ਲਈ ਆਪਣਾ ਬਦਲਾ ਲਿਆ, ਜਿਨ੍ਹਾਂ ਨੇ ਆਪਣੇ ਖਾਣੇ ਨਾਲ ਘਿਉ ਦੇ ਕੇ ਉਨ੍ਹਾਂ ਦਾ ਨਿਰਾਦਰ ਕੀਤਾ ਸੀ ਜਿਸ ਸਬੰਧੀ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਇਹ ਹਿੰਦੂਆਂ ਲਈ ਖਾਣ ਦਾ ਚਿੰਨ੍ਹ ਹੋਣ ਕਰਕੇ ਉਨ੍ਹਾਂ ਦਾ ਨਹੀਂ ਸੀ ਹੋ ਸਕਦਾ। ਇਸਦਾ ਮਤਲਬ ਹੈ ਕਿ ਕੋਈ ਅਛੂਤ ਭਾਵੇਂ ਉਹ ਤੌਫੀਕ ਵੀ ਰਖਦਾ ਹੋਵੇ, ਘਿਉ ਇਸਤੇਮਾਲ ਨਾ ਕਰੇ, ਕਿਉਂ ਜੋ ਇਹ ਹਿੰਦੂਆਂ ਦੇ ਨਿਰਾਦਰ ਦੀ ਗੱਲ ਹੋਵੇਗੀ। ਇਹ ਪਹਿਲੀ ਅਪ੍ਰੈਲ 1936 ਨੂੰ ਜਾਂ ਉਸਦੇ ਆਸਪਾਸ ਹੋਇਆ।

ਇਹ ਤੱਥ ਬਿਆਨ ਕਰਨ ਤੋਂ ਬਾਅਦ ਹੁਣ ਮੈਂ ਸਮਾਜ ਸੁਧਾਰ ਸਬੰਧੀ ਆਪਣੇ ਵਿਚਾਰ ਰੱਖਦਾ ਹਾਂ। ਅਜਿਹਾ ਕਰਦਿਆਂ, ਮੈਂ ਸ੍ਰੀ ਬੈਨਰਜੀ ਦਾ, ਜਿੱਥੋਂ ਤੱਕ ਸੰਭਵ ਹੋ ਸਕੇ ਅਨੁਸਰਣ ਕਰਾਂਗਾ ਅਤੇ ਰਾਜਨੀਤਕ-ਵਿਚਾਰਧਾਰਾ ਵਾਲੇ ਹਿੰਦੂਆਂ ਨੂੰ ਪੁੱਛਾਂਗਾ ਕਿ "ਕੀ ਤੁਸੀਂ ਰਾਜਨੀਤਕ ਤਾਕਤ ਲਈ ਯੋਗ ਹੋ ਜਦ ਕਿ ਤੁਸੀਂ ਆਪਣੇ ਹੀ ਦੇਸ਼ਵਾਸੀਆਂ ਦੀ ਇਕ ਵੱਡੀ ਸ਼੍ਰੇਣੀ ਜਿਵੇਂ ਕਿ ਅਛੂਤਾਂ ਨੂੰ ਸਰਕਾਰੀ ਸਕੂਲ ਵਿਚ ਦਾਖਲੇ ਦੀ ਆਗਿਆ ਨਹੀਂ ਦਿੰਦੇ? ਕੀ ਤੁਸੀਂ ਰਾਜਨੀਤਕ ਤਾਕਤ ਦੇ ਯੋਗ ਹੋ ਜਦ ਕਿ ਤੁਸੀਂ ਉਨ੍ਹਾਂ ਨੂੰ ਜਨਤਕ ਖੂਹਾਂ ਤੋਂ ਪਾਣੀ ਵੀ ਨਹੀਂ ਭਰਨ ਦਿੰਦੇ? ਕੀ ਤੁਸੀਂ ਰਾਜਨੀਤਕ ਤਾਕਤ ਦੇ ਪਾਤਰ ਹੋ ਜਦ ਕਿ ਤੁਸੀਂ ਉਨ੍ਹਾਂ ਨੂੰ ਜਨਤਕ ਸੜਕਾਂ ਦਾ ਇਸਤੇਮਾਲ ਕਰਨ ਦੀ ਆਗਿਆ ਵੀ ਨਹੀਂ ਦਿੰਦੇ? ਕੀ ਤੁਸੀਂ ਰਾਜਨੀਤਕ ਤਾਕਤ ਦਾ ਦਾਅਵਾ ਕਰ ਸਕਦੇ ਹੋ ਜਦ ਕਿ ਤੁਸੀਂ ਉਨ੍ਹਾਂ ਨੂੰ ਆਪਣੀ ਮਰਜ਼ੀ ਦੇ ਕੱਪੜੇ ਅਤੇ ਗਹਿਣੇ ਪਾਉਣ ਦੀ ਆਗਿਆ ਵੀ ਨਹੀਂ ਦਿੰਦੇ? ਕੀ ਤੁਸੀਂ ਰਾਜਨੀਤਕ ਤਾਕਤ ਦੇ ਯੋਗ ਹੋ ਕਿ ਤੁਸੀਂ ਉਨ੍ਹਾਂ ਨੂੰ ਉਨ੍ਹਾਂ ਦਾ ਮਨਪਸੰਦ ਖਾਣਾ ਵੀ ਖਾਣ ਦੀ ਆਗਿਆ ਨਹੀਂ ਦਿੰਦੇ?" ਮੈਂ ਇਹੋ ਜਿਹੇ ਨਿਰੰਤਰ ਪ੍ਰਸ਼ਨ ਪੁੱਛ ਸਕਦਾ ਹਾਂ। ਪਰ ਐਨੇ ਹੀ ਕਾਫੀ ਹਨ। ਮੈਂ ਜਾਣਨਾ ਚਾਹਵਾਂਗਾ ਕਿ ਸ੍ਰੀ ਬੈਨਰਜੀ ਦਾ ਕੀ ਉੱਤਰ ਹੁੰਦਾ। ਮੈਨੂੰ ਯਕੀਨ ਹੈ ਕਿ ਕੋਈ ਵੀ ਸਹੀ ਸੋਚ ਵਾਲਾ ਵਿਅਕਤੀ ਇਸਦਾ ਉਤਰ ਹਾਂ ਵਿਚ ਦੇਣ ਦਾ ਹੀਆ ਨਹੀਂ ਕਰੇਗਾ। ਹਰੇਕ ਕਾਂਗਰਸੀ ਜੋ ਮਿੱਲ ਦਾ ਇਹ ਸਿਧਾਂਤ ਦੁਹਰਾਉਂਦਾ ਹੈ ਕਿ ਕੋਈ ਇਕ ਦੇਸ਼ ਦੂਸਰੇ ਦੇਸ਼ ਤੇ ਰਾਜ ਕਰਨ ਦੇ ਕਾਬਲ ਨਹੀਂ ਹੈ, ਉਸ ਨੂੰ ਇਹ ਵੀ ਮੰਨਣਾ ਪਵੇਗਾ ਕਿ ਕਿਸੇ ਇਕ ਸ਼੍ਰੇਣੀ ਨੂੰ ਕਿਸੇ ਦੂਸਰੀ ਸ਼੍ਰੇਣੀ ਤੇ ਰਾਜ ਕਰਨ ਦਾ ਵੀ ਹੱਕ ਨਹੀਂ ਹੈ।

ਇਹ ਫਿਰ ਕਿਵੇਂ ਹੋ ਗਿਆ ਕਿ ਸਮਾਜ ਸੁਧਾਰ ਪਾਰਟੀ ਲੜਾਈ ਹਾਰ ਗਈ? ਇਸ ਨੂੰ ਸਹੀ ਢੰਗ ਨਾਲ ਸਮਝਣ ਲਈ ਇਹ ਜ਼ਰੂਰੀ ਹੈ ਕਿ ਸੁਧਾਰਕ ਕਿਸ ਕਿਸਮ ਦੇ ਸਮਾਜ ਸੁਧਾਰ ਲਈ ਅੰਦੋਲਨ ਕਰ ਰਹੇ ਸਨ। ਇਸ ਸਬੰਧ ਵਿਚ ਇਹ ਜ਼ਰੂਰੀ ਹੈ ਕਿ ਹਿੰਦੂ ਪਰਿਵਾਰ ਦੇ ਸੁਧਾਰ ਦੇ ਪੱਖੋਂ ਸਮਾਜ ਸੁਧਾਰ ਅਤੇ ਹਿੰਦੂ ਸਮਾਜ ਦੇ ਪੁਨਰ-ਗਠਨ ਅਤੇ ਪੁਨਰ-ਨਿਰਮਾਣ ਦੇ ਪੱਖੋਂ ਸਮਾਜ ਸੁਧਾਰ ਦੇ ਅੰਤਰ ਨੂੰ ਸਮਝਿਆ ਤੇ ਵਖਰਾਇਆ ਜਾਵੇ। ਪਹਿਲੇ ਪੱਖ ਦਾ ਸਬੰਧ ਵਿਧਵਾ

ਪੁਨਰ-ਵਿਵਾਹ ਅਤੇ ਬਾਲ-ਵਿਵਾਹ ਆਦਿ ਨਾਲ ਹੈ, ਜਦ ਕਿ ਦੂਸਰੇ ਦਾ ਸਬੰਧ ਜ਼ਾਤ-ਪਾਤ ਹਟਾਉਣ ਨਾਲ ਹੈ। ਸੋਸ਼ਲ ਕਾਨਫਰੰਸ ਇਕ ਅਜਿਹੀ ਸੰਸਥਾ ਸੀ ਜਿਸ ਦਾ ਮੁੱਖ ਕਾਰਜ ਉੱਚੀ ਜ਼ਾਤੀ ਦੇ ਹਿੰਦੂ ਪਰਿਵਾਰ ਦੇ ਸੁਧਾਰ ਨਾਲ ਸਬੰਧਤ ਸੀ। ਇਸ ਵਿਚ ਵਧੇਰੇ ਤੌਰ ਤੇ ਉੱਚੀ ਜ਼ਾਤੀ ਦੇ ਵਿਦਵਾਨ ਹਿੰਦੂ ਸਨ ਜਿਨ੍ਹਾਂ ਨੇ ਜ਼ਾਤ-ਪਾਤ ਦੇ ਖਾਤਮੇ ਲਈ ਸੰਘਰਸ਼ ਕਰਨਾ ਜ਼ਰੂਰੀ ਨਹੀਂ ਸਮਝਿਆ ਜਾਂ ਇਸ ਦੇ ਲਈ ਅੰਦੋਲਨ ਕਰਨ ਦਾ ਸਾਹਸ ਨਹੀਂ ਸੀ। ਉਨ੍ਹਾਂ ਦੀ ਕੁਦਰਤੀ ਤੌਰ ਤੇ ਜ਼ਬਰਦਸਤੀ ਵਿਧਵਾ-ਪ੍ਰਥਾ, ਬਾਲ-ਵਿਵਾਹ ਆਦਿ ਕੁਰੀਤੀਆਂ ਜੋ ਕਿ ਉਨ੍ਹਾਂ ਵਿਚ ਪ੍ਰਚਲਿਤ ਸਨ ਅਤੇ ਉਨ੍ਹਾਂ ਦੁਆਰਾ ਜ਼ਾਤੀ ਤੌਰ ਤੇ ਮਹਿਸੂਸ ਕੀਤੀਆਂ ਜਾਂਦੀਆਂ ਸਨ, ਨੂੰ ਹਟਾਉਣ ਲਈ ਵਧੇਰੇ ਚੇਸ਼ਟਾ ਰਹੀ। ਉਹ ਹਿੰਦੂ ਸਮਾਜ ਦੇ ਸੁਧਾਰ ਲਈ ਕਦੀ ਨਾ ਖੜ੍ਹੇ ਹੋਏ। ਜੋ ਲੜਾਈ ਲੜੀ ਗਈ ਉਹ ਪਰਿਵਾਰ ਦੇ ਸੁਧਾਰ ਦੇ ਮੁੱਦੇ ਤੱਕ ਹੀ ਸੀਮਿਤ ਸੀ। ਉਹ ਜ਼ਾਤ-ਪਾਤ ਪ੍ਰਥਾ ਦੇ ਤੋੜੇ ਜਾਣ ਸਬੰਧੀ ਸਮਾਜ ਸੁਧਾਰ ਨਾਲ ਸਬੰਧਤ ਨਹੀਂ ਸੀ। ਸੁਧਾਰਕਾਂ ਨੇ ਇਸ ਨੂੰ ਕਦੇ ਆਪਣੇ ਵਿਚਾਰ ਦਾ ਵਿਸ਼ਾ ਨਾ ਬਣਾਇਆ। ਇਹੀ ਕਾਰਣ ਹੈ ਜਿਸ ਕਰਕੇ ਸਮਾਜ ਸੁਧਾਰ ਪਾਰਟੀ ਦੀ ਹਾਰ ਹੋਈ।

ਮੈਂ ਇਸ ਗੱਲ ਤੋਂ ਵਾਕਫ ਹਾਂ ਕਿ ਇਸ ਤਰਕ ਨਾਲ ਇਸ ਤੱਥ ਤੇ ਕੋਈ ਅਸਰ ਨਹੀਂ ਪੈਂਦਾ ਕਿ ਰਾਜਨੀਤਕ ਸੁਧਾਰ ਨੇ ਸਮਾਜ ਸੁਧਾਰ ਤੋਂ ਵਧੇਰੇ ਪਹਿਲ ਪ੍ਰਾਪਤ ਕੀਤੀ। ਇਸ ਤਰਕ ਦਾ ਐਨਾ ਮੁੱਲ ਤਾਂ ਜ਼ਰੂਰ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਮਾਜ ਸੁਧਾਰਕਾਂ ਨੂੰ ਲੜਾਈ ਵਿਚ ਹਾਰ ਕਿਉਂ ਮਿਲੀ। ਇਸ ਨਾਲ ਸਾਨੂੰ ਇਹ ਵੀ ਸਮਝਣ ਵਿਚ ਮਦਦ ਮਿਲਦੀ ਹੈ ਕਿ ਰਾਜਨੀਤਕ ਸੁਧਾਰ ਪਾਰਟੀ ਦੁਆਰਾ ਸਮਾਜ ਸੁਧਾਰ ਪਾਰਟੀ ਵਿਰੁੱਧ ਪ੍ਰਾਪਤ ਕੀਤੀ ਜਿੱਤ ਕਿੰਨੀ ਸੀਮਤ ਸੀ ਅਤੇ ਇਹ ਕਿ ਇਹ ਵਿਚਾਰਧਾਰਾ ਕਿ ਸਮਾਜ ਸੁਧਾਰ ਨੂੰ ਰਾਜਨੀਤਕ ਸੁਧਾਰ ਉਤੇ ਪਹਿਲ ਨਹੀਂ ਮਿਲਣੀ ਚਾਹੀਦੀ, ਇਕ ਅਜਿਹੀ ਵਿਚਾਰਧਾਰਾ ਹੈ, ਜੋ ਤਦੋਂ ਹੀ ਸਹੀ ਸਮਝੀ ਜਾ ਸਕਦੀ ਹੈ ਜੇਕਰ ਸਮਾਜ ਸੁਧਾਰ ਤੋਂ ਭਾਵ ਲਿਆ ਜਾਵੇ ਪਰਿਵਾਰ ਦਾ ਸੁਧਾਰ। ਕਿ ਰਾਜਨੀਤਕ ਸੁਧਾਰ ਨੂੰ ਸਹੀ ਅਰਥਾਂ ਵਿਚ ਸਮਾਜ ਦੇ ਪੁਨਰ-ਨਿਰਮਾਣ ਦੇ ਪੱਖੋਂ ਸਮਾਜ ਸੁਧਾਰ ਉਤੇ ਪਹਿਲ ਨਹੀਂ ਮਿਲ ਸਕਦੀ, ਇਕ ਅਜਿਹੀ ਵਿਚਾਰਧਾਰਾ ਹੈ, ਜੋ ਕਿ, ਮੈਨੂੰ ਯਕੀਨ ਹੈ, ਝੁਠਲਾਈ ਨਹੀਂ ਜਾ ਸਕਦੀ। ਕਿ ਰਾਜਨੀਤਕ ਸੰਵਿਧਾਨਾਂ ਦੇ ਰਚਨਹਾਰਿਆਂ ਲਈ ਇਹ ਜ਼ਰੂਰੀ ਹੈ ਕਿ ਉਹ ਸਮਾਜਕ ਸ਼ਕਤੀਆਂ ਨੂੰ ਅਵੱਸ਼ ਧਿਆਨ ਵਿਚ ਰੱਖਣ, ਇਕ ਅਜਿਹਾ ਤੱਥ ਹੈ ਜਿਸਨੂੰ ਕਾਰਲ ਮਾਰਕਸ ਦੇ ਮਿੱਤਰ ਅਤੇ ਸਹਿਯੋਗੀ, ਫਰਡੀਨਾਂਡ ਲੱਸਾਲੇ ਵਰਗੀ ਸ਼ਖਸੀਅਤ ਨੇ ਵੀ ਮਾਣ ਦਿੱਤਾ। 1862 ਵਿਚ ਪ੍ਰਸ਼ੀਆ ਵਿਚ ਇਕ ਜਨ-ਸਮੂਹ ਨੂੰ ਸੰਬੋਧਨ ਕਰਦਿਆਂ ਲੱਸਾਲੇ ਨੇ ਕਿਹਾ :

"ਸੰਵਿਧਾਨਕ ਪ੍ਰਸ਼ਨ ਪਹਿਲਾਂ ਤਾਂ ਹੱਕ ਦੇ ਪ੍ਰਸ਼ਨ ਨਹੀਂ ਤਾਕਤ ਦੇ ਪ੍ਰਸ਼ਨ ਹਨ। ਕਿਸੇ ਦੇਸ਼ ਦੇ ਅਸਲ ਸੰਵਿਧਾਨ ਦੀ ਹੋਂਦ ਸਿਰਫ਼ ਉਸ ਦੇਸ਼ ਵਿਚ ਵਿਆਪਕ ਤਾਕਤ ਦੀ ਅਸਲ ਹਾਲਤ ਵਿਚ ਹੁੰਦੀ ਹੈ। ਇਸ ਲਈ ਰਾਜਨੀਤਕ ਸੰਵਿਧਾਨਾਂ ਦਾ ਮੁੱਖ ਅਤੇ ਸਥਾਈਪਨ ਸਿਰਫ ਉਦੋਂ ਹੁੰਦਾ ਹੈ ਜਦੋਂ ਉਹ ਸਹੀ ਤਰ੍ਹਾਂ ਉਨ੍ਹਾਂ ਤਾਕਤਾਂ ਦੇ ਹਾਲਾਤ ਜੋ ਅਸਲ ਵਿਚ ਕਿਸੇ ਸਮਾਜ ਵਿਚ ਵਿਆਪਕ ਹੋਣ, ਨੂੰ ਦਰਸਾਏ।"

ਪਰ ਇਸ ਦੇ ਲਈ ਸਾਨੂੰ ਪ੍ਰਸ਼ੀਆ ਜਾਣ ਦੀ ਲੋੜ ਨਹੀਂ ਹੈ। ਸਾਨੂੰ ਆਪਣੇ ਘਰ ਵਿਚ ਹੀ ਇਸਦਾ ਸਬੂਤ ਮਿਲ ਸਕਦਾਹੈ। ਭਿੰਨ-ਭਿੰਨ ਸ਼੍ਰੇਣੀਆਂ ਅਤੇ ਸਮੁਦਾਇਆਂ ਦੇ ਸਪੱਸ਼ਟ

ਅਨੁਪਾਤ ਵਿਚ ਰਾਜਨੀਤਕ ਤਾਕਤ ਦੀ ਵੰਡ ਨਾਲ 'ਕਮਿਊਨਲ ਐਵਾਰਡ' ਦਾ ਕੀ ਮਹੱਤਵ ਹੈ? ਮੇਰੇ ਵਿਚਾਰ ਅਨੁਸਾਰ, ਇਸਦਾ ਮਹੱਤਵ ਇਸ ਵਿਚ ਹੈ ਕਿ ਰਾਜਨੀਤਕ ਸੰਵਿਧਾਨ ਲਈ ਜ਼ਰੂਰੀ ਹੈ ਕਿ ਉਹ ਸਮਾਜਕ ਸੰਗਠਨ ਨੂੰ ਧਿਆਨ ਵਿਚ ਰੱਖੇ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਰਾਜਨੀਤਕ ਵਿਅਕਤੀ ਜੋ ਇਸ ਗੱਲ ਤੋਂ ਇਨਕਾਰ ਕਰਦੇ ਸਨ ਕਿ ਭਾਰਤ ਵਿਚ ਸਮਾਜਕ ਸਮੱਸਿਆ ਦਾ ਰਾਜਨੀਤਕ ਸਮੱਸਿਆ ਤੇ ਕੋਈ ਅਸਰ ਨਹੀਂ, ਨੂੰ ਸੰਵਿਧਾਨ ਬਣਾਉਣ ਲੱਗਿਆਂ ਸਮਾਜਕ ਸਮੱਸਿਆ ਨੂੰ ਧਿਆਨ ਵਿਚ ਰੱਖਣਾ ਪਿਆ। 'ਕਮਿਊਨਲ ਐਵਾਰਡ' ਇਕ ਤਰ੍ਹਾਂ ਨਾਲ ਇੰਜ ਕਹਿ ਲਵੋ ਕਿ ਸਮਾਜ ਸੁਧਾਰ ਵੱਲ ਬੇਮੁਖੀ ਦੇ, ਬੇਧਿਆਨੀ ਦੇ ਸਿੱਟੇ ਵਜੋਂ ਇੰਤਕਾਮ ਹੈ। ਇਹ ਸਮਾਜ ਸੁਧਾਰ ਪਾਰਟੀ ਲਈ ਇਕ ਜਿੱਤ ਸੀ ਜੋ ਕਿ ਇਹ ਦਰਸਾਉਂਦੀ ਹੈ ਕਿ ਭਾਵੇਂ ਉਹ ਹਾਰ ਗਏ ਪਰ ਉਹ ਸਮਾਜ ਸੁਧਾਰ ਦੇ ਮਹੱਤਵ ਤੇ ਜ਼ੋਰ ਪਾਉਣ ਵਿਚ ਉਚਿੱਤ ਸਨ। ਬਹੁਤ ਸਾਰੇ ਵਿਅਕਤੀ, ਮੈਨੂੰ ਪਤਾ ਹੈ, ਇਸ ਗੱਲ ਨਾਲ ਸਹਿਮਤ ਨਹੀਂ ਹੋਣਗੇ। ਇਹ ਵਿਚਾਰਧਾਰਾ ਪ੍ਰਚੱਲਤ ਹੈ, ਅਤੇ ਇਸ ਵਿਚ ਵਿਸ਼ਵਾਸ ਕਰਨ 'ਚ ਖੁਸ਼ੀ ਹਾਸਲ ਹੁੰਦੀ ਹੈ ਕਿ, 'ਕਮਿਊਨਲ ਐਵਾਰਡ' ਗ਼ੈਰ-ਕੁਦਰਤੀ ਹੈ ਅਤੇ ਇਹ ਘੱਟ-ਗਿਣਤੀ ਅਤੇ ਅਫਸਰਸ਼ਾਹੀ ਦੇ ਦਰਮਿਆਨ ਅਪਵਿੱਤਰ ਬੰਧਨ ਦਾ ਸਿੱਟਾ ਹੈ। ਮੈਂ ਆਪਣੀ ਰਾਇ ਦੇ ਇਕ ਸਬੂਤ ਵਜੋਂ 'ਕਮਿਊਨਲ ਐਵਾਰਡ' ਦਾ ਹਵਾਲਾ ਨਹੀਂ ਦੇਣਾ ਚਾਹੁੰਦਾ ਜੇਕਰ ਇਹ ਸਮਝਿਆ ਜਾਂਦਾ ਹੈ ਕਿ ਇਹ ਕੋਈ ਚੰਗਾ ਸਬੂਤ ਨਹੀਂ ਹੈ। ਅਸੀਂ ਆਇਰਲੈਂਡ ਦੀ ਗੱਲ ਕਰਦੇ ਹਾਂ। ਆਇਰਿਸ਼ ਹੋਮ ਰੂਲ ਦਾ ਇਤਿਹਾਸ ਕੀ ਦਿਖਾਉਂਦਾ ਹੈ? ਇਹ ਚੰਗੀ ਤਰ੍ਹਾਂ ਪਤਾ ਹੈ ਕਿ ਅਲਸਟਰ ਅਤੇ ਦੱਖਣੀ ਆਇਰਲੈਂਡ ਦੇ ਨੁਮਾਇੰਦਿਆਂ ਦਰਮਿਆਨ ਗੱਲਬਾਤ ਦੇ ਦੌਰਾਨ, ਦੱਖਣੀ ਆਇਰਲੈਂਡ ਦੇ ਨੁਮਾਇੰਦੇ, ਸ੍ਰੀ ਰੈਡਮੌਂਡ ਨੇ, ਅਲਸਟਰ ਨੂੰ ਸਾਰੇ ਆਇਰਲੈਂਡ ਵਿਚ ਵਿਆਪਕ ਸਾਂਝੇ ਹੋਮ ਰੂਲ ਕਾਂਸਟੀਚਿਊਸ਼ਨ ਹੇਠ ਲਿਆਉਣ ਲਈ, ਅਲਸਟਰ ਦੇ ਨੁਮਾਇੰਦਿਆਂ ਨੂੰ ਕਿਹਾ: "ਤੁਸੀਂ ਕੋਈ ਵੀ ਰਾਜਨੀਤਕ ਸੁਰੱਖਿਆ ਸਾਧਨ ਮੰਗੋ ਤੇ ਤੁਹਾਨੂੰ ਉਹ ਦਿੱਤੇ ਜਾਣਗੇ।" ਉਹ ਕੀ ਉੱਤਰ ਸੀ ਜੋ ਅਲਸਟਰ ਦੇ ਨੁਮਾਇੰਦਿਆਂ ਨੇ ਦਿੱਤਾ? ਉਨ੍ਹਾਂ ਨੇ ਕਿਹਾ, "ਤੁਹਾਡੇ ਸੁਰੱਖਿਆ ਸਾਧਨ ਪੈਣ ਢੱਠੇ ਖੂਹ ਵਿਚ, ਅਸੀਂ ਕਿਸੇ ਵੀ ਸ਼ਰਤਾਂ ਤੇ ਤੁਹਾਡੇ ਦੁਆਰਾ ਰਾਜ ਨਹੀਂ ਚਾਹੁੰਦੇ।" ਜੋ ਲੋਕੀਂ ਭਾਰਤ ਵਿਚ ਘੱਟ-ਗਿਣਤੀ ਵਾਲਿਆਂ ਨੂੰ ਦੋਸ਼ ਦਿੰਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਸ ਗੱਲ ਤੇ ਗ਼ੌਰ ਕਰਨ ਕਿ ਬਹੁ-ਗਿਣਤੀ ਦੇ ਰਾਜਨੀਤਕ ਸਿਧਾਂਤ ਦਾ ਕੀ ਬਣਦਾ ਜੇਕਰ ਘੱਟ-ਗਿਣਤੀ ਵਾਲਿਆਂ ਨੇ ਵੀ ਉਹੀ ਰਵੱਈਆ ਅਖ਼ਤਿਆਰ ਕੀਤਾ ਹੁੰਦਾ ਜੋ ਅਲਸਟਰ ਨੇ ਧਾਰਨ ਕੀਤਾ ਸੀ। ਅਲਸਟਰ ਦੁਆਰਾ ਆਈਰਿਸ਼ ਹੋਮ ਰੂਲ ਸਬੰਧੀ ਅਪਣਾਏ ਗਏ ਰਵੱਈਏ ਨੂੰ ਤੋਲਦਿਆਂ, ਕੀ ਇਹ ਕੁਝ ਵੀ ਗੱਲ ਨਹੀਂ ਕਿ ਇਥੇ ਘੱਟ ਗਿਣਤੀ ਵਾਲਿਆਂ ਨੇ ਬਹੁ-ਗਿਣਤੀ ਦੁਆਰਾ ਰਾਜ ਕੀਤਾ ਜਾਣਾ ਮੰਨ ਲਿਆ – ਜਿਨ੍ਹਾਂ ਨੇ ਕਿ ਕੋਈ ਬਹੁਤ ਸਿਆਸਤਦਾਨੀ ਨਹੀਂ ਵਿਖਾਈ – ਬਸ਼ਰਤੇ ਕਿ ਉਨ੍ਹਾਂ ਨੂੰ ਕੁਝ ਸੁਰੱਖਿਆ ਸਾਧਨ ਮੁਹੱਈਆ ਕੀਤੇ ਜਾਣ। ਪਰ ਇਹ ਕੇਵਲ ਇਤਫ਼ਾਕੀਆ ਹੈ। ਮੁੱਖ ਪ੍ਰਸ਼ਨ ਇਹ ਹੈ ਕਿ ਅਲਸਟਰ ਨੇ ਇਹ ਰਵੱਈਆ ਕਿਉਂ ਅਪਣਾਇਆ? ਇਸਦਾ ਸਿਰਫ਼ ਮੈਂ ਇਹੀ ਉਤਰ ਦੇ ਸਕਦਾ ਹਾਂ ਕਿ ਅਲਸਟਰ ਅਤੇ ਦੱਖਣੀ ਆਇਰਲੈਂਡ ਦੇ ਦਰਮਿਆਨ ਇਕ ਸਮਾਜਕ ਸਮੱਸਿਆ ਸੀ : ਕੈਥੋਲਿਕ ਅਤੇ ਪ੍ਰੋਟੈਸਟੈਂਟ ਅਨੁਯਾਈਆਂ ਦੀ ਸਮੱਸਿਆ, ਜੋ ਕਿ ਮੁੱਖ ਤੌਰ ਤੇ ਜ਼ਾਤ-ਪਾਤ ਦੀ ਸਮੱਸਿਆ ਸੀ।

ਆਇਰਲੈਂਡ ਦਾ ਹੋਮ ਰੂਲ ਹੋਮ ਰੂਲ ਵਾਂਗ ਹੋਵੇਗਾ-, ਇੰਜ ਸੋਚਦੇ ਸਨ ਅਲਸਟਰ ਵਾਸੀ ਤੇ ਅਜਿਹਾ ਹੀ ਉਤਰ ਉਨ੍ਹਾਂ ਨੇ ਦਿੱਤਾ। ਪਰ ਇਹ ਤਾਂ ਅਜਿਹਾ ਕਹਿਣ ਦਾ ਇਕ ਹੋਰ ਢੰਗ ਹੈ ਕਿ ਇਹ ਕੈਥੋਲਿਕ ਅਤੇ ਪ੍ਰੋਟੈਸਟੈਂਟ ਅਨੁਯਾਈਆਂ ਦਰਮਿਆਨ ਜ਼ਾਤ-ਪਾਤ ਦੀ ਸਮਾਜਕ ਸਮੱਸਿਆ ਸੀ, ਜਿਸ ਨੇ ਰਾਜਨੀਤਕ ਸਮੱਸਿਆ ਦੇ ਸਮਾਧਾਨ ਵਿਚ ਰੁਕਾਵਟ ਪਾਈ। ਇਸ ਸਬੂਤ ਨੂੰ ਵੀ ਅਵੱਸ਼ ਚੈਲੰਜ ਕੀਤਾ ਜਾਵੇਗਾ। ਇਸ ਗੱਲ ਤੇ ਜ਼ੋਰ ਪਾਇਆ ਜਾਵੇਗਾ ਕਿ ਇਥੇ ਵੀ ਸਾਮਰਾਜਵਾਦੀ (ਇੰਪਰੀਅਲਿਸਟ) ਤਾਕਤਾਂ ਦਾ ਹੱਥ ਸੀ। ਪਰ ਮੇਰੇ ਪਾਸ ਸਾਧਨ ਮੁੱਕ ਨਹੀਂ ਗਏ। ਮੈਂ ਰੋਮ ਦੇ ਇਤਿਹਾਸ ਵਿਚੋਂ ਉਦਾਹਰਣ ਦੇਵਾਂਗਾ। ਇਥੇ ਕੋਈ ਇਹ ਨਹੀਂ ਕਹਿ ਸਕਦਾ ਕਿ ਕੋਈ ਭੈੜੀ ਆਤਮਾ ਕੰਮ ਕਰ ਰਹੀ ਸੀ। ਕੋਈ ਵੀ ਵਿਅਕਤੀ, ਜਿਸ ਨੇ ਰੋਮ ਦੇ ਇਤਿਹਾਸ ਦਾ ਅਧਿਐਨ ਕੀਤਾ ਹੈ, ਜਾਣਦਾ ਹੈ ਕਿ ਰੋਮ ਦੇ ਗਣਤੰਤਰੀ ਸੰਵਿਧਾਨ ਵਿਚ 'ਕਮਿਊਨਲ ਐਵਾਰਡ' ਨਾਲ ਡੂੰਘੇ ਮੇਲ ਖਾਂਦੇ ਚਿੰਨ੍ਹ ਹਨ। ਜਦੋਂ ਰੋਮ ਵਿਚ ਰਾਜਤੰਤਰ ਖ਼ਤਮ ਕੀਤਾ ਗਿਆ, ਤਾਂ ਰਾਜਸੀ ਸ਼ਕਤੀਆਂ ਜਾਂ 'ਇੰਪੀਰੀਅਮ' ਕੌਂਸਲਜ਼ ਅਤੇ ਪੌਂਟੀਫੈਕਸ ਮੈਕਸੀਮਸ ਵਿਚ ਵੰਡ ਦਿੱਤੀਆਂ ਗਈਆਂ। ਕੌਂਸਲਜ਼ ਨੂੰ ਰਾਜੇ ਦਾ ਧਰਮ-ਨਿਰਪੇਖ ਅਧਿਕਾਰ ਸੌਂਪਿਆ ਗਿਆ ਜਦ ਕਿ ਦੂਸਰੇ ਨੂੰ ਰਾਜ ਦਾ ਧਾਰਮਕ ਅਧਿਕਾਰ ਪ੍ਰਾਪਤ ਹੋਇਆ। ਇਸ ਗਣਤੰਤਰੀ ਸੰਵਿਧਾਨ ਵਿਚ ਇਹ ਉਪਬੰਧ ਕੀਤਾ ਗਿਆ ਸੀ ਕਿ ਦੋ ਕੌਂਸਲਜ਼ ਵਿਚੋਂ ਇਕ ਪੈਟ੍ਰੀਸ਼ਿਅਨ ਹੋਵੇਗਾ ਅਤੇ ਦੂਜਾ ਪਲੈਬਿਅਨ। ਉਸੇ ਸੰਵਿਧਾਨ ਵਿਚ ਇਹ ਵੀ ਉਪਬੰਧ ਸੀ ਕਿ, ਪੌਂਟੀਫੈਕਸ ਮੈਕਸੀਮਸ ਦੇ ਅਧੀਨ ਪਾਦਰੀਆਂ ਵਿਚੋਂ ਅੱਧੇ ਪਲੈਬਿਅਨ ਅਤੇ ਬਾਕੀ ਅੱਧੇ ਪੈਟ੍ਰੀਸ਼ਿਅਨਜ਼ ਹੋਣਗੇ। ਰੋਮ ਦੇ ਗਣਤੰਤਰੀ ਸੰਵਿਧਾਨ ਵਿਚ ਇਹ ਉਪਬੰਧ ਕਿਉਂ ਕੀਤੇ ਗਏ ਸਨ, ਜੋ ਕਿ, ਜਿਵੇਂ ਮੈਂ ਕਿਹਾ ਹੈ, 'ਕਮਿਊਨਲ ਐਵਾਰਡ' ਦੇ ਉਪਬੰਧਾਂ ਨਾਲ ਐਨਾ ਮੇਲ ਖਾਂਦੇ ਹਨ? ਇਸਦਾ ਇਹੀ ਉਤਰ ਮਿਲ ਸਕਦਾ ਹੈ ਕਿ ਗਣਤੰਤਰੀ ਰੋਮ ਦੇ ਸੰਵਿਧਾਨ ਨੂੰ ਪੈਟ੍ਰੀਸ਼ਿਅਨਜ਼ ਅਤੇ ਪਲੈਬਿਅਨਜ਼ ਜੋ ਕਿ ਦੋ ਅੱਡੋ-ਅੱਡ ਜ਼ਾਤਾਂ ਸਨ, ਦੀ ਸਮਾਜਕ ਵੰਡ ਨੂੰ ਧਿਆਨ ਵਿਚ ਰੱਖਣਾ ਪਿਆ ਸੀ। ਸੋ ਇਸ ਤਰ੍ਹਾਂ ਮੁੱਕਦੀ ਗੱਲ ਇਹ ਕਿ ਰਾਜਨੀਤਕ ਸੁਧਾਰਕ ਭਾਵੇਂ ਕਿਸੇ ਵੀ ਦਿਸ਼ਾ ਵੱਲ ਮੁੜਨ, ਉਨ੍ਹਾਂ ਨੂੰ ਇਹੀ ਪਤਾ ਲੱਗੇਗਾ ਕਿ ਸੰਵਿਧਾਨ ਦੇ ਬਣਾਉਣ ਵਿਚ ਉਹ ਮੌਜੂਦਾ ਸਮਾਜਕ ਵਿਵਸਥਾ ਤੋਂ ਉਪਜਣ ਵਾਲੀਆਂ ਸਮੱਸਿਆਵਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ।

ਇਸ ਬਿਆਨ ਦੇ ਸਮਰਥਨ ਵਿਚ, ਕਿ ਸਮਾਜਕ ਅਤੇ ਧਾਰਮਕ ਸਮੱਸਿਆਵਾਂ ਦਾ ਰਾਜਨੀਤਕ ਸੰਵਿਧਾਨਾਂ ਨਾਲ ਸਬੰਧ ਹੈ, ਜਿਹੜੀਆਂ ਉਦਾਹਰਣਾਂ ਮੈਂ ਦਿੱਤੀਆਂ ਹਨ, ਬਹੁਤ ਅਸਾਧਾਰਣ ਜਾਪਦੀਆਂ ਹਨ। ਸ਼ਾਇਦ ਉਹ ਹਨ ਵੀ। ਪਰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਕ ਦਾ ਦੂਜੇ ਨਾਲ ਸਬੰਧ ਸੀਮਤ ਹੈ। ਦੂਜੇ ਪਾਸੇ ਇਹ ਕਿਹਾ ਜਾ ਸਕਦਾ ਹੈ ਕਿ ਆਮ ਤੌਰ ਤੇ ਇਤਿਹਾਸ ਵਿਚ ਅਜਿਹੀਆਂ ਘਟਨਾਵਾਂ ਹਨ ਜੋ ਇਸ ਕਥਨ ਨੂੰ ਸਾਬਤ ਕਰਦੀਆਂ ਹਨ ਕਿ ਰਾਜਨੀਤਕ ਕ੍ਰਾਂਤੀਆਂ ਤੋਂ ਪਹਿਲਾਂ ਸਦਾ ਸਮਾਜਕ ਅਤੇ ਧਾਰਮਕ ਕ੍ਰਾਂਤੀਆਂ ਆਈਆਂ। ਲੂਥਰ ਦੁਆਰਾ ਆਰੰਭ ਕੀਤਾ ਗਿਆ ਧਾਰਮਕ ਸੁਧਾਰ ਯੂਰਪ ਦੇ ਲੋਕਾਂ ਦੀ ਰਾਜਨੀਤਕ ਮੁਕਤੀ ਦਾ ਅਗਰਦੂਤ ਸੀ। ਇੰਗਲੈਂਡ ਵਿਚ ਪਿਉਰਿਟਨਵਾਦ ਤੋਂ ਰਾਜਨੀਤਕ ਆਜ਼ਾਦੀ ਦੀ ਸਥਾਪਨਾ ਹੋਈ। ਪਿਉਰਿਟਨਵਾਦ ਤੋਂ ਨਵੀਂ ਦੁਨੀਆਂ ਦੀ ਸ਼ੁਰੂਆਤ ਹੋਈ। ਪਿਉਰਿਟਨਵਾਦ ਇਕ ਧਾਰਮਕ ਅੰਦੋਲਨ ਸੀ। ਇਹੀ ਮੁਸਲਿਮ ਸਾਮਰਾਜ ਵਿਚ ਵੀ ਹੋਇਆ।

ਇਸ ਤੋਂ ਪਹਿਲਾਂ ਕਿ ਅਰਬ ਦੇ ਲੋਕ ਇਕ ਰਾਜਨੀਤਕ ਤਾਕਤ ਹੋ ਕੇ ਉਭਰੇ, ਉਹ ਪੈਗ਼ੰਬਰ ਮੁਹੰਮਦ ਦੁਆਰਾ ਚਲਾਏ ਗਏ ਸੰਪੂਰਨ ਧਾਰਮਕ ਅੰਦੋਲਨ ਵਿਚੋਂ ਲੰਘ ਚੁੱਕੇ ਸਨ। ਭਾਰਤ ਦਾ ਇਤਿਹਾਸ ਵੀ ਇਸ ਗੱਲ ਦੀ ਸਾਖੀ ਭਰਦਾ ਹੈ। ਚੰਦਰ ਗੁਪਤ ਦੁਆਰਾ ਚਲਾਏ ਗਏ ਰਾਜਨੀਤਕ ਅੰਦੋਲਨ ਤੋਂ ਪਹਿਲਾਂ ਮਹਾਤਮਾ ਬੁੱਧ ਦਾ ਧਾਰਮਕ ਅਤੇ ਸਮਾਜਕ ਅੰਦੋਲਨ ਆਇਆ। ਸ਼ਿਵਾ ਜੀ ਦੇ ਰਾਜਨੀਤਕ ਅੰਦੋਲਨ ਤੋਂ ਪਹਿਲਾਂ ਮਹਾਰਾਸ਼ਟਰ ਦੇ ਸੰਤਾਂ ਦੁਆਰਾ ਚਲਾਈ ਗਈ ਧਾਰਮਕ ਅਤੇ ਸਮਾਜਕ ਸੁਧਾਰ ਦੀ ਲਹਿਰ ਆਈ। ਸਿੱਖਾਂ ਦੇ ਰਾਜਨੀਤਕ ਅੰਦੋਲਨ ਤੋਂ ਪਹਿਲਾਂ, ਗੁਰੂ ਨਾਨਕ ਦੁਆਰਾ ਚਲਾਇਆ ਗਿਆ ਧਾਰਮਕ ਅਤੇ ਸਮਾਜਕ ਅੰਦੋਲਨ ਆਇਆ। ਇਹ ਉਦਾਹਰਣਾਂ ਇਹ ਦਰਸਾਉਣ ਲਈ ਕਾਫ਼ੀ ਹੋਣਗੀਆਂ ਕਿ ਮਨ ਅਤੇ ਆਤਮਾ ਦੀ ਮੁਕਤੀ ਲੋਕਾਂ ਦੇ ਰਾਜਨੀਤਕ ਪਸਾਰ ਲਈ ਇਕ ਲੋੜੀਂਦੀ ਮੁੱਢਲੀ ਤਿਆਰੀ ਹੈ।

## 3

ਹੁਣ ਮੈਂ ਸਮਾਜਵਾਦੀਆਂ ਵੱਲ ਆਉਂਦਾ ਹਾਂ। ਕੀ ਸਮਾਜਵਾਦੀ ਸਮਾਜਕ ਵਿਵਸਥਾ ਤੋਂ ਉਪਜਣ ਵਾਲੀਆਂ ਸਮੱਸਿਆਵਾਂ ਨੂੰ ਅੱਖੋਂ-ਪਰੋਖੇ ਕਰ ਸਕਦੇ ਹਨ? ਭਾਰਤ ਦੇ ਸਮਾਜਵਾਦੀ ਯੂਰਪ ਵਿਚ ਆਪਣੇ ਸਾਥੀਆਂ ਦਾ ਅਨੁਸਰਣ ਕਰਦਿਆਂ ਇਤਿਹਾਸ ਦੀ ਆਰਥਕ ਵਿਆਖਿਆ ਨੂੰ ਭਾਰਤ ਦੇ ਤੱਥਾਂ ਤੇ ਢੁਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਇਕ ਆਰਥਕ ਪ੍ਰਾਣੀ ਹੈ। ਉਸਦਾ ਕਾਰਜ-ਖੇਤਰ ਅਤੇ ਉਸ ਦੀਆਂ ਅਭਿਲਾਸ਼ਾਵਾਂ ਆਰਥਕ ਤੱਥਾਂ ਦੁਆਰਾ ਸੀਮਤ ਹਨ। ਉਸਦੀ ਸੰਪਤੀ ਹੀ ਉਸਦ ਦੀ ਸ਼ਕਤੀ ਦਾ ਇਕੋ ਇਕ ਸੋਮਾ ਹੈ। ਉਹ, ਇਸ ਲਈ, ਉਪਦੇਸ਼ ਦਿੰਦੇ ਹਨ ਕਿ ਰਾਜਨੀਤਕ ਅਤੇ ਸਮਾਜਕ ਸੁਧਾਰ ਕੇਵਲ ਵਿਰਾਟ ਭੁਲਾਵੇ ਹਨ ਅਤੇ ਸੰਪਤੀ ਦੀ ਬਰਾਬਰ-ਵੰਡ ਦੁਆਰਾ ਆਰਥਕ ਸੁਧਾਰ ਨੂੰ ਕਿਸੇ ਵੀ ਹੋਰ ਤਰ੍ਹਾਂ ਦੇ ਸੁਧਾਰ ਤੋਂ ਉਪਰ ਪਹਿਲ ਮਿਲਣੀ ਚਾਹੀਦੀ ਹੈ। ਇਨ੍ਹਾਂ ਮੁੱਦਿਆਂ 'ਚ ਹਰੇਕ ਉਪਰ, ਜਿਨ੍ਹਾਂ ਤੇ ਸਮਾਜਵਾਦੀ ਹੋਰ ਕਿਸੇ ਕਿਸਮ ਦੇ ਹਰੇਕ ਸੁਧਾਰ ਤੋਂ ਉਪਰ ਆਰਥਕ ਸੁਧਾਰ ਨੂੰ ਪਹਿਲ ਦੇਣ ਦੀ ਗੱਲ ਕਰਦੇ ਹਨ, ਅਸੀਂ ਬਹਿਸ ਕਰ ਸਕਦੇ ਹਾਂ। ਅਸੀਂ ਕਹਿ ਸਕਦੇ ਹਾਂ ਕਿ ਆਰਥਕ ਮਕਸਦ ਹੀ ਕੇਵਲ ਅਜਿਹਾ ਮਕਸਦ ਨਹੀਂ ਹੈ, ਜਿਸ ਨਾਲ ਕੋਈ ਵਿਅਕਤੀ ਪ੍ਰੇਰਿਤ ਹੁੰਦਾ ਹੈ। ਆਰਥਕ ਤਾਕਤ ਹੀ ਕੇਵਲ ਇਕੋ ਇਕ ਤਾਕਤ ਹੈ, ਇਸ ਨੂੰ ਮਨੁੱਖੀ ਸਮਾਜ ਦਾ ਕੋਈ ਵੀ ਵਿਦਿਆਰਥੀ ਮੰਨ ਨਹੀਂ ਸਕਦਾ। ਕਿਸੇ ਵਿਅਕਤੀ ਦਾ ਸਮਾਜਕ ਰੁਤਬਾ ਆਪਣੇ ਤੌਰ ਤੇ ਕਈ ਵਾਰ ਸ਼ਕਤੀ ਅਤੇ ਅਧਿਕਾਰ ਦਾ ਸੋਮਾ ਬਣ ਜਾਂਦਾ ਹੈ ਜਿਸ ਦੀ ਮਿਸਾਲ ਹਨ ਉਹ ਮਹਾਤਮਾ ਜਿਨ੍ਹਾਂ ਦਾ ਆਮ ਜਨਤਾ ਉਪਰ ਕਿੰਨਾ ਜ਼ਿਆਦਾ ਪ੍ਰਭਾਵ ਹੁੰਦਾ ਸੀ। ਭਾਰਤ ਵਿਚ ਕਰੋੜਪਤੀ ਵਿਅਕਤੀ ਕੰਗਾਲ ਸਾਧੂਆਂ ਅਤੇ ਫਕੀਰਾਂ ਦੇ ਕਹੇ ਤੇ ਕਿਉਂ ਚਲਦੇ ਹਨ? ਕਿਉਂ ਭਾਰਤ ਵਿਚ ਲੱਖਾਂ ਭਿਖਾਰੀ ਆਪਣੀ ਨਿੱਕ-ਸੁੱਕ ਜੋ ਉਨ੍ਹਾਂ ਦੀ ਸੰਪੂਰਨ ਪੂੰਜੀ ਹੁੰਦੀ ਹੈ, ਵੇਚ ਦਿੰਦੇ ਹਨ ਅਤੇ ਆਪ ਬਨਾਰਸ ਅਤੇ ਮੱਕੇ ਚਲੇ ਜਾਂਦੇ ਹਨ? ਧਰਮ ਸ਼ਕਤੀ ਦਾ ਸੋਮਾ ਹੈ ਜੋ ਭਾਰਤ ਦੇ ਇਤਿਹਾਸ ਦੁਆਰਾ ਦਰਸਾਇਆ ਗਿਆ ਹੈ ਜਿਥੇ ਪੁਜਾਰੀ ਆਮ ਵਿਅਕਤੀ ਉਪਰ ਇਕ ਮੈਜਿਸਟ੍ਰੇਟ ਤੋਂ ਵੀ ਵੱਧ ਪ੍ਰਭਾਵ ਰੱਖਦਾ ਹੈ ਅਤੇ ਜਿਥੇ ਹਰੇਕ ਚੀਜ਼, ਹੜਤਾਲਾਂ ਅਤੇ ਚੋਣਾਂ ਵਰਗੀਆਂ ਗੱਲਾਂ ਵੀ, ਬੜੀ ਆਸਾਨੀ ਨਾਲ ਧਾਰਮਕ ਰੁੱਖ ਅਖ਼ਤਿਆਰ ਕਰ

ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਬੜੀ ਆਸਾਨੀ ਨਾਲ ਧਾਰਮਕ ਰੁੱਖ ਦਿੱਤਾ ਜਾ ਸਕਦਾ ਹੈ। ਮਨੁੱਖ ਧਰਮ ਦੀ ਤਾਕਤ ਦੀ ਇਕ ਹੋਰ ਉਦਾਹਰਣ ਰੋਮ ਦੇ ਪਲੈਬਿਅਨਜ਼ ਦਾ ਕੇਸ ਹੈ। ਪਲੈਬਜ਼ ਨੇ ਰੋਮ ਦੇ ਗਣਤੰਤਰ ਸਰਵ-ਉਚ ਕਾਰਜਕਾਰਣੀ ਵਿਚ ਇਕ ਹਿੱਸੇ ਦੀ ਖ਼ਾਤਰ ਜੱਦੋਜਹਿਦ ਕੀਤੀ ਅਤੇ ਉਹ 'ਕੋਮਿਟੀਆ ਸੈਂਚੂਰਿਆਟਾ' ਜੋ ਕਿ ਪਲੈਬਿਅਨਜ਼ ਕੌਂਸਲ ਦੀ ਇਕ ਸਭਾ ਸੀ, ਦੁਆਰਾ ਚੁਣੇ ਗਏ ਇਕ ਪਲੈਬਿਅਨ ਕੌਂਸਲ ਦੀ ਨਿਯੁਕਤੀ ਹਾਸਲ ਕਰਨ ਵਿਚ ਸਫਲ ਹੋ ਗਏ। ਉਹ ਆਪਣਾ ਇਕ ਕੌਂਸਲ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਪੈਟਰੀਸ਼ਿਅਨ ਕੌਂਸਲ ਪ੍ਰਸ਼ਾਸਨ ਵਿਚ ਪਲੈਬਿਅਨਜ਼ ਨਾਲ ਵਿਤਕਰਾ ਕਰਿਆ ਕਰਦੇ ਸਨ। ਉਨ੍ਹਾਂ ਨੇ ਜ਼ਾਹਿਰਾ ਤੌਰ ਤੇ ਇਕ ਬਹੁਤ ਵੱਡੀ ਉਪਲਬਧੀ ਹਾਸਲ ਕਰ ਲਈ ਸੀ ਕਿਉਂਜੋ ਰੋਮ ਦੇ ਗਣਤੰਤਰੀ ਸੰਵਿਧਾਨ ਅਧੀਨ ਇਕ ਕੌਂਸਲ ਨੂੰ ਦੂਜੇ ਕੌਂਸਲ ਦੀ ਕਾਰਵਾਈ ਨੂੰ ਰੱਦ ਕਰਨ ਦਾ ਅਖ਼ਤਿਆਰ ਸੀ। ਪਰ ਕੀ ਉਨ੍ਹਾਂ ਨੇ ਦਰਅਸਲ ਕੋਈ ਚੀਜ਼ ਹਾਸਲ ਕੀਤੀ? ਇਸ ਪ੍ਰਸ਼ਨ ਦਾ ਉਤਰ ਲਾਜ਼ਮੀ ਤੌਰ ਤੇ ਨਾਂਹ ਵਿਚ ਹੋਵੇਗਾ। ਪਲੈਬਿਅਨਜ਼ ਨੂੰ ਕਦੇ ਵੀ ਇਕ ਅਜਿਹਾ ਪਲੈਬਿਅਨ ਕੌਂਸਲ ਨਹੀਂ ਮਿਲਿਆ, ਜੋ ਇਕ ਮਜ਼ਬੂਤ ਵਿਅਕਤੀ ਹੋਵੇ ਅਤੇ ਪੈਟਰੀਸ਼ਿਅਨ ਕੌਂਸਲ ਤੋਂ ਅੱਡ ਤੌਰ ਤੇ ਕਾਰਵਾਈ ਕਰ ਸਕਦਾ। ਆਮ ਹਾਲਤ ਵਿਚ ਪਲੈਬਿਅਨਜ਼ ਨੂੰ ਇਸ ਗੱਲ ਦੇ ਮੱਦੇਨਜ਼ਰ, ਕਿ ਪਲੈਬਿਅਨ ਕੌਂਸਲ ਦੀ ਚੋਣ ਪਲੈਬਿਅਨਜ਼ ਦੇ ਅੱਡ ਚੋਣਕਾਰਾਂ ਦੁਆਰਾ ਕੀਤੀ ਜਾਣੀ ਹੁੰਦੀ ਸੀ, ਇਕ ਮਜ਼ਬੂਤ ਵਿਅਕਤੀ ਮਿਲ ਜਾਣਾ ਚਾਹੀਦਾ ਸੀ। ਪ੍ਰਸ਼ਨ ਇਹ ਹੈ ਕਿ ਉਹ ਆਪਣੇ ਕੌਂਸਲ ਦੇ ਤੌਰ ਤੇ ਕਾਰਜ ਕਰਨ ਲਈ ਇਕ ਮਜ਼ਬੂਤ ਪਲੈਬਿਅਨ ਦੀ ਚੋਣ ਵਿਚ ਅਸਫਲ ਕਿਉਂ ਰਹੇ? ਇਸ ਪ੍ਰਸ਼ਨ ਦਾ ਉੱਤਰ ਬੰਦਿਆਂ ਦੇ ਮਨਾਂ ਉਤੇ ਧਰਮ ਦੀ ਪ੍ਰਭੁਤਾ ਨੂੰ ਦਰਸਾਉਂਦਾ ਹੈ। ਇਹ ਸਾਰੀ ਰੋਮਨ ਖ਼ਲਕਤ ਵਿਚ ਮੰਨੀ ਹੋਈ ਗੱਲ ਸੀ ਕਿ ਕੋਈ ਵੀ ਅਧਿਕਾਰੀ ਆਪਣੇ ਅਹੁਦੇ ਦੇ ਫਰਜ਼ ਨਿਭਾਉਣ ਲਈ ਬਿਰਾਜਮਾਨ ਨਹੀਂ ਹੋ ਸਕਦਾ ਜਦ ਤੱਕ ਕਿ ਡੈਲਫ਼ੀ ਦਾ ਆਰੇਕਲ ਇਹ ਐਲਾਨ ਨਾ ਕਰ ਦੇਵੇ ਕਿ ਉਹ ਦੇਵੀ ਨੂੰ ਮਨਜ਼ੂਰ ਹੈ। ਡੈਲਫੀ ਦੀ ਦੇਵੀ ਦੇ ਮੰਦਰ ਦੇ ਪ੍ਰਬੰਧਕ ਪੁਜਾਰੀ ਸਾਰੇ ਪੈਟਰੀਸ਼ਿਅਨਜ਼ ਸਨ। ਇਸ ਲਈ ਜਦ ਕਦੇ ਵੀ ਪਲੈਬਿਅਨਜ਼ ਨੇ ਕਿਸੇ ਅਜਿਹੇ ਕੌਂਸਲਰ ਨੂੰ ਚੁਣਿਆਂ, ਜਿਸ ਬਾਰੇ ਪਤਾ ਸੀ ਕਿ ਉਹ ਮਜ਼ਬੂਤ ਵਿਅਕਤੀ ਹੈ, ਪੈਟਰੀਸ਼ਿਅਨਜ਼ ਦਾ ਵਿਰੋਧੀ ਹੈ ਜਾਂ - ਭਾਰਤ ਵਿਚ ਪ੍ਰਚਲਤ ਸ਼ਬਦ ਦਾ ਇਸਤੇਮਾਲ ਕਰਦਿਆਂ - "ਫਿਰਕੂ" ਹੈ, ਤਾਂ ਆਰੇਕਲ ਸਦਾ ਲਈ ਇਹ ਐਲਾਨ ਕਰ ਦਿੰਦਾ ਕਿ ਉਹ ਦੇਵੀ ਨੂੰ ਮਨਜ਼ੂਰ ਨਹੀਂ ਹੈ। ਇਸ ਤਰ੍ਹਾਂ ਨਾਲ ਪਲੈਬਿਅਨਜ਼ ਨੂੰ ਆਪਣੇ ਹੱਕ ਲੈਣ ਵਿਚ ਸਦਾ ਧੋਖਾ ਹੁੰਦਾ ਰਿਹਾ। ਪਰ ਨੋਟ ਕਰਨ ਵਾਲੀ ਗੱਲ ਕੀ ਹੈ? ਉਹ ਹੈ ਕਿ ਪਲੈਬਿਅਨਜ਼ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਧੋਖਾ ਦਿੱਤੇ ਜਾਣ ਦੀ ਆਗਿਆ ਦਿੱਤੀ ਰਖੀ ਕਿਉਂਕਿ ਉਹ ਵੀ ਪੈਟਰੀਸ਼ਿਅਨਜ਼ ਵਾਂਗ ਇਸ ਵਿਸ਼ਵਾਸ ਦੇ ਪੱਕੇ ਧਾਰਨੀ ਸਨ ਕਿ ਕਿਸੇ ਅਧਿਕਾਰੀ ਦੁਆਰਾ ਆਪਣੇ ਕਾਰਜ ਦਾ ਪ੍ਰਬੰਧ-ਭਾਰ ਲੈਣ ਤੋਂ ਪਹਿਲਾਂ ਦੇਵੀ ਦੀ ਮਨਜ਼ੂਰੀ ਇਕ ਲੋੜੀਂਦੀ ਸ਼ਰਤ ਹੈ ਅਤੇ ਲੋਕਾਂ ਦੁਆਰਾ ਚੋਣ ਕਾਫੀ ਨਹੀਂ ਹੈ। ਜੇਕਰ ਪਲੈਬਿਅਨਜ਼ ਇਸ ਗੱਲ ਤੇ ਜ਼ੋਰ ਦਿੰਦੇ ਕਿ ਚੋਣ ਕਾਫੀ ਹੈ ਅਤੇ ਇਸ ਲਈ ਦੇਵੀ ਦੀ ਮਨਜ਼ੂਰੀ ਲੋੜੀਂਦੀ ਨਹੀਂ ਹੈ ਤਾਂ ਉਹ ਉਸ ਰਾਜਨੀਤਕ ਤੱਕ ਦਾ ਪੂਰਾ ਲਾਭ ਉਠਾ ਸਕਦੇ ਸਨ ਜੋ ਉਨ੍ਹਾਂ ਨੇ ਪ੍ਰਾਪਤ ਕੀਤਾ ਸੀ। ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਹ ਕਿਸੇ ਹੋਰ ਨੂੰ ਚੁਣਨਾ ਮੰਨ ਗਏ ਜੋ ਕਿ ਉਨ੍ਹਾਂ ਲਈ ਘੱਟ ਯੋਗ ਸੀ ਪਰ ਦੇਵੀ ਨੂੰ ਜ਼ਿਆਦਾ ਯੋਗ

ਸੀ, ਜਿਸਦਾ ਅਸਲ ਮਤਲਬ ਸੀ ਕਿ ਉਹ ਪੈਟਰੀਸ਼ਿਅਨਜ਼ ਦੀ ਗੱਲ ਵਧੇਰੇ ਮੰਨਣ ਵਾਲਾ ਸੀ। ਧਰਮ ਛੱਡ ਦੇਣ ਦੀ ਬਜਾਏ, ਪਲੈਬਿਅਨਜ਼ ਨੇ ਉਸ ਪਦਾਰਥੀ ਲਾਭ ਨੂੰ ਛੱਡ ਦੇਣਾ ਮਨਜ਼ੂਰ ਕੀਤਾ, ਜਿਸ ਲਈ ਉਨ੍ਹਾਂ ਨੇ ਇੰਨੀ ਜੱਦੋਜਹਿਦ ਕੀਤੀ ਸੀ। ਕੀ ਇਸ ਗੱਲ ਨੂੰ ਸਾਬਤ ਨਹੀਂ ਕਰਦਾ ਕਿ ਧਰਮ ਪੈਸੇ ਜਿੱਡੀ ਹੀ ਨਹੀਂ ਉਸ ਤੋਂ ਵੱਡੀ ਤਾਕਤ ਦਾ ਸੋਮਾ ਹੋ ਸਕਦਾ ਹੈ? ਸਮਾਜਵਾਦੀਆਂ ਦੀ ਗ਼ਲਤੀ ਇਹ ਮੰਨਣ ਵਿਚ ਹੈ ਕਿ ਕਿਉਂਕਿ ਯੂਰਪੀ ਸਮਾਜ ਦੇ ਮੌਜੂਦਾ ਹਾਲਾਤ ਵਿਚ ਸੰਪਤੀ ਤਾਕਤ ਦੇ ਸੋਮੇ ਵਜੋਂ ਸਭ ਤੋਂ ਵੱਧ ਕੇ ਮਹੱਤਵਪੂਰਣ ਹੈ, ਇਹੀ ਗੱਲ ਭਾਰਤ ਲਈ ਵੀ ਸਹੀ ਹੈ ਜਾਂ ਇਹ ਕਿ ਇਹ ਚੀਜ਼ ਭੂਤ ਕਾਲ ਵਿਚ ਯੂਰਪ ਲਈ ਸਹੀ ਸੀ। ਧਰਮ, ਸਮਾਜਕ ਅਹੁਦਾ ਅਤੇ ਸੰਪਤੀ, ਬਾਰੇ ਤਾਕਤ ਅਤੇ ਅਧਿਕਾਰ ਦੇ ਸੋਮੇ ਹਨ, ਜਿਸ ਨਾਲ ਇਕ ਮਨੁੱਖ ਦੂਜੇ ਮਨੁੱਖ ਦੀ ਆਜ਼ਾਦੀ ਨੂੰ ਨਿਯੰਤ੍ਰਣ ਕਰਦਾ ਹੈ, ਜੇਕਰ ਆਜ਼ਾਦੀ ਦਾ ਅਰਥ ਹੈ ਉਸ ਬੰਧਨ ਦਾ ਨਾਸ਼, ਜੋ ਇਕ ਵਿਅਕਤੀ ਕਿਸੇ ਦੂਜੇ ਵਿਅਕਤੀ ਤੇ ਰੱਖਦਾ ਹੈ, ਤਾਂ ਵਾਕਿਆ ਹੀ ਇਸ ਗੱਲ ਤੇ ਜ਼ੋਰ ਨਹੀਂ ਦਿਤਾ ਜਾ ਸਕਦਾ ਕਿ ਆਰਥਕ ਸੁਧਾਰ ਅਜਿਹੇ ਕਿਸਮ ਦਾ ਸੁਧਾਰ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਯਤਨ ਕਰਨਾ ਠੀਕ ਹੈ। ਜੇਕਰ ਕਿਸੇ ਵੀ ਸਮੇਂ ਜਾਂ ਕਿਸੇ ਵੀ ਸਮਾਜ ਵਿਚ ਤਾਕਤ ਅਤੇ ਪ੍ਰਭੂਤਾ ਦਾ ਸੋਮਾ ਸਮਾਜਕ ਅਤੇ ਧਾਰਮਕ ਹੈ ਤਾਂ ਸਮਾਜ ਸੁਧਾਰ ਅਤੇ ਧਾਰਮਕ ਸੁਧਾਰ ਨੂੰ ਲੋੜੀਂਦੀ ਕਿਸਮ ਦੇ ਸੁਧਾਰ ਦੇ ਤੌਰ ਤੇ ਮੰਨਣਾ ਜ਼ਰੂਰੀ ਹੈ।

ਇਸ ਤਰ੍ਹਾਂ ਕੋਈ ਭਾਰਤ ਦੇ ਸਮਾਜਵਾਦੀਆਂ ਦੁਆਰਾ ਇਤਿਹਾਸ ਦੀ ਆਰਥਕ ਵਿਆਖਿਆ ਸਬੰਧੀ ਅਪਣਾਏ ਗਏ ਸਿਧਾਂਤ ਨੂੰ ਝੁਠਲਾ ਸਕਦਾ ਹੈ। ਪਰ ਮੈਂ ਇਹ ਮੰਨਦਾ ਹਾਂ ਕਿ ਇਤਿਹਾਸ ਦੀ ਆਰਥਕ ਵਿਆਖਿਆ, ਇਸ ਸਮਾਜਵਾਦੀ ਪਹਿਲੂ ਕਿ ਸੰਪਤੀ ਦਾ ਬਰਾਬਰੀਕਰਣ ਹੀ ਅਸਲ ਸੁਧਾਰ ਹੈ ਅਤੇ ਇਸਨੂੰ ਹਰ ਕਿਸੇ ਹੋਰ ਚੀਜ਼ ਤੋਂ ਉਪਰ ਪਹਿਲ ਮਿਲਣੀ ਚਾਹੀਦੀ ਹੈ, ਲਈ ਲੋੜੀਂਦੀ ਨਹੀਂ ਹੈ। ਐਪਰ, ਜੋ ਮੈਂ ਸਮਾਜਵਾਦੀਆਂ ਨੂੰ ਪੁੱਛਣਾ ਚਾਹਾਂਗਾ, ਉਹ ਇਹ ਹੈ : ਕੀ ਤੁਸੀਂ ਸਮਾਜਕ ਵਿਵਸਥਾ ਵਿਚ ਸੁਧਾਰ ਲਿਆਏ ਬਿਨਾਂ ਆਰਥਕ ਸੁਧਾਰ ਲਿਆ ਸਕਦੇ ਹੋ? ਭਾਰਤ ਦੇ ਸਮਾਜਵਾਦੀਆਂ ਨੇ, ਪ੍ਰਤੀਤ ਹੁੰਦਾ ਹੈ ਇਸ ਪ੍ਰਸ਼ਨ ਤੇ ਗਹੁ ਨਹੀਂ ਕੀਤਾ। ਮੈਂ ਉਨ੍ਹਾਂ ਨਾਲ ਬੇਇਨਸਾਫੀ ਨਹੀਂ ਕਰਨਾ ਚਾਹੁੰਦਾ। ਮੈਂ ਇਥੇ ਇਕ ਉਘੇ ਸਮਾਜਵਾਦੀ ਦੁਆਰਾ ਮੇਰੇ ਇਕ ਮਿੱਤਰ ਨੂੰ ਕੁਝ ਦਿਨ ਪਹਿਲਾਂ ਲਿਖੇ ਗਏ ਇਕ ਪੱਤਰ ਦੀ ਇਕ ਟੂਕ ਪੇਸ਼ ਕਰਦਾ ਹਾਂ ਜਿਸ ਵਿਚ ਉਨ੍ਹਾਂ ਨੇ ਲਿਖਿਆ, "ਮੈਂ ਵਿਸ਼ਵਾਸ ਨਹੀਂ ਕਰਦਾ, ਜਦ ਤਕ ਕਿ ਇਥੇ ਇਕ ਸ਼੍ਰੇਣੀ ਦੁਆਰਾ ਦੂਸਰੀ ਸ਼੍ਰੇਣੀ ਵੱਲ ਇਹ ਭੈੜਾ-ਵਤੀਰਾ ਅਤੇ ਦਬਾਇਆ ਜਾਣਾ ਜਾਰੀ ਹੈ। ਇਕ ਸਮਾਜਵਾਦੀ ਆਦਰਸ਼ ਵਿਚ ਵਿਸ਼ਵਾਸ ਰੱਖਦਿਆਂ, ਮੈਂ ਲਾਜ਼ਮੀ ਤੌਰ ਤੇ ਵੱਖ ਵੱਖ ਸ਼੍ਰੇਣੀਆਂ ਅਤੇ ਗੁੱਟਾਂ ਨਾਲ ਵਿਹਾਰ ਵਿਚ ਬਿਲਕੁਲ ਸਹੀ ਬਰਾਬਰੀ ਵਿਚ ਵਿਸ਼ਵਾਸ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਸਮਾਜਵਾਦ ਇਸ ਅਤੇ ਹੋਰਨਾਂ ਸਮੱਸਿਆਵਾਂ ਦਾ ਕੇਵਲ ਅਤੇ ਸਹੀ ਹੱਲ ਪੇਸ਼ ਕਰਦਾ ਹੈ।" ਹੁਣ ਜੋ ਪ੍ਰਸ਼ਨ ਮੈਂ ਪੁੱਛਣਾ ਚਾਹੁੰਦਾ ਹਾਂ : ਕੀ ਕਿਸੇ ਸਮਾਜਵਾਦੀ ਲਈ ਇਹ ਕਹਿਣਾ ਕਾਫੀ ਹੈ ਕਿ "ਮੈਂ ਵੱਖ ਵੱਖ ਸ਼੍ਰੇਣੀਆਂ ਨਾਲ ਵਿਹਾਰ ਵਿਚ ਬਿਲਕੁਲ ਸਹੀ ਬਰਾਬਰੀ ਵਿਚ ਵਿਸ਼ਵਾਸ ਰੱਖਦਾ ਹਾਂ?" ਇਹ ਕਹਿਣਾ ਕਿ ਇਹ ਵਿਸ਼ਵਾਸ ਕਰਨਾ ਕਾਫ਼ੀ ਹੈ, ਸਮਾਜਵਾਦ ਕੀ ਹੈ ਸਬੰਧੀ ਪੂਰਣ ਤੌਰ ਤੇ ਨਾਵਾਕਫ਼ੀ ਦਰਸਾਉਣਾ ਹੈ। ਜੇਕਰ ਸਮਾਜਵਾਦ ਇਕ ਪ੍ਰੈਥਗਾਤਮਕ ਪ੍ਰੋਗਰਾਮ ਹੈ ਅਤੇ ਸਿਰਫ ਇਕ ਆਦਰਸ਼ ਨਹੀਂ ਹੈ, ਦੂਰ ਅਤੇ ਪਰ੍ਹੇ ਹੱਟ ਕੇ, ਤਾਂ

ਕਿਸੇ ਸਮਾਜਵਾਦੀ ਲਈ ਪ੍ਰਸ਼ਨ ਇਹ ਨਹੀਂ ਕਿ ਆਇਆ ਉਹ ਬਰਾਬਰੀ ਵਿਚ ਵਿਸ਼ਵਾਸ ਕਰਦਾ ਹੈ ਜਾਂ ਨਹੀਂ। ਉਸਦੇ ਲਈ ਪ੍ਰਸ਼ਨ ਹੈ ਕਿ ਕੀ ਉਹ ਇਕ ਸ਼੍ਰੇਣੀ ਦੁਆਰਾ ਕਿਸੇ ਹੋਰ ਸ਼੍ਰੇਣੀ ਨਾਲ ਦੁਰ-ਵਿਹਾਰ ਕੀਤੇ ਜਾਣ ਦਾ ਅਤੇ ਉਸਨੂੰ ਦਬਾਏ ਜਾਣ ਦਾ, ਇਕ ਪ੍ਰਥਾ ਦੇ ਤੌਰ ਤੇ, ਇਕ ਸਿਧਾਂਤ ਦੇ ਤੌਰ ਤੇ ਬੁਰਾ ਮੰਨਦਾ ਹੈ ਅਤੇ ਇਸ ਤਰ੍ਹਾਂ ਇਕ ਸ਼੍ਰੇਣੀ ਨੂੰ ਦੂਸਰੀ ਤੋਂ ਜ਼ੁਲਮ ਅਤੇ ਦਮਨ ਦੁਆਰਾ ਵੰਡੇ ਜਾਣਾ ਸਵੀਕਾਰ ਕਰਦਾ ਹੈ। ਮੈਨੂੰ ਆਪਣਾ ਨੁਕਤਾ ਪੂਰੀ ਤਰ੍ਹਾਂ ਸਪੱਸ਼ਟ ਕਰਨ ਲਈ ਉਨ੍ਹਾਂ ਤੱਤਾਂ ਦਾ ਵਿਸ਼ਲੇਸ਼ਣ ਕਰਨ ਦਿਉ, ਜੋ ਸਮਾਜਵਾਦ ਦੀ ਪ੍ਰਾਪਤੀ ਲਈ ਲੋੜੀਂਦੇ ਹਨ। ਹੁਣ, ਇਹ ਤਾਂ ਸਪੱਸ਼ਟ ਹੈ ਕਿ ਸਮਾਜਵਾਦੀਆਂ ਦੁਆਰਾ ਸੋਚਿਆ ਗਿਆ ਆਰਥਕ ਸੁਧਾਰ ਉਦੋਂ ਤੱਕ ਨਹੀਂ ਆ ਸਕਦਾ ਜਦੋਂ ਤੱਕ ਕਿ ਸੱਤਾ ਪ੍ਰਾਪਤ ਕਰਨ ਲਈ ਕ੍ਰਾਂਤੀ ਨਹੀਂ ਹੁੰਦੀ। ਸੱਤਾ ਦੀ ਪ੍ਰਾਪਤੀ ਆਮ ਜਨਤਾ ਦੁਆਰਾ ਕੀਤੀ ਜਾਣੀ ਜ਼ਰੂਰੀ ਹੈ। ਪਹਿਲਾ ਪ੍ਰਸ਼ਨ ਜੋ ਮੈਂ ਪੁੱਛਦਾ ਹਾਂ, ਉਹ ਹੈ : ਕੀ ਭਾਰਤ ਦੀ ਆਮ ਜਨਤਾ ਇਹ ਕ੍ਰਾਂਤੀ ਲਿਆਉਣ ਲਈ ਇਕਮੁੱਠ ਹੋ ਜਾਵੇਗੀ? ਅਜਿਹੇ ਕਾਰਜ ਲਈ ਲੋਕਾਂ ਨੂੰ ਕੀ ਚੀਜ਼ ਪ੍ਰੇਰੇਗੀ? ਮੈਨੂੰ ਇਹ ਜਾਪਦਾ ਹੈ ਕਿ ਬਾਕੀ ਸਾਰੀਆਂ ਚੀਜ਼ਾਂ ਜੇਕਰ ਬਰਾਬਰ ਹੋਣ ਤਾਂ ਇਕੋ ਹੀ ਚੀਜ਼ ਜਿਹੜੀ ਕਿਸੇ ਵਿਅਕਤੀ ਨੂੰ ਅਜਿਹੀ ਕਾਰਵਾਈ ਕਰਨ ਲਈ ਪ੍ਰੇਰੇਗੀ ਉਹ ਹੈ ਇਹ ਅਹਿਸਾਸ ਕਿ ਉਹ ਵਿਅਕਤੀ, ਜਿਨ੍ਹਾਂ ਲਈ ਉਹ ਕੰਮ ਕਰ ਰਿਹਾ ਹੈ, ਬਰਾਬਰੀ ਅਤੇ ਭਾਈਚਾਰੇ ਅਤੇ ਸਭ ਤੋਂ ਵੱਧ ਇਨਸਾਫ ਦੇ ਅਹਿਸਾਸ ਨਾਲ ਪ੍ਰੇਰਤ ਹੋਏ ਹਨ। ਜਨਤਾ ਤਦ ਤੱਕ ਸੰਪਤੀ ਦੀ ਬਰਾਬਰੀ ਲਈ ਕਿਸੇ ਕ੍ਰਾਂਤੀ ਵਿਚ ਸ਼ਾਮਲ ਨਹੀਂ ਹੋਏਗੀ ਜਦ ਤੱਕ ਕਿ ਉਨ੍ਹਾਂ ਨੂੰ ਇਹ ਪਤਾ ਨਾ ਹੋਵੇ ਕਿ ਕ੍ਰਾਂਤੀ ਦੀ ਸਫਲਤਾ ਤੋਂ ਬਾਅਦ ਉਨ੍ਹਾਂ ਨੂੰ ਬਰਾਬਰੀ ਦਾ ਵਿਹਾਰ ਮਿਲੇਗਾ ਅਤੇ ਜ਼ਾਤੀ ਜਾਂ ਫਿਰਕੇ ਦਾ ਕੋਈ ਭੇਦ-ਭਾਵ ਨਹੀਂ ਹੋਵੇਗਾ। ਕ੍ਰਾਂਤੀ ਦਾ ਨੇਤ੍ਰਤਵ ਕਰ ਰਹੇ ਕਿਸੇ ਸਮਾਜਵਾਦੀ ਦਾ ਇਹ ਆਸ਼ਵਾਸਨ ਕਿ ਉਹ ਜ਼ਾਤ-ਪਾਤ ਵਿਚ ਯਕੀਨ ਨਹੀਂ ਕਰਦਾ, ਮੈਨੂੰ ਵਿਸ਼ਵਾਸ ਹੈ, ਕਾਫੀ ਨਹੀਂ ਹੋਵੇਗਾ। ਆਸ਼ਵਾਸਨ ਇਕ ਅਜਿਹਾ ਆਸ਼ਵਾਸਨ ਹੋਣਾ ਚਾਹੀਦਾ ਹੈ ਜੋ ਡੂੰਘੀਆਂ ਨੀਂਹਾਂ 'ਚੋਂ ਉਗਮੇ, ਭਾਵ, ਦੇਸ਼ਵਾਸੀਆਂ ਦਾ ਇਕ ਦੂਜੇ ਪ੍ਰਤੀ ਜ਼ਾਤੀ ਬਰਾਬਰੀ ਅਤੇ ਭਾਈਚਾਰੇ ਦੇ ਅਹਿਸਾਸ ਵਿਚ ਉਨ੍ਹਾਂ ਦਾ ਮਾਨਸਿਕ ਰਵੱਈਆ। ਕੀ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਆਮ ਜਨਤਾ, ਜੋ ਕਿ ਗ਼ਰੀਬ ਹੈ, ਅਮੀਰ ਅਤੇ ਗਰੀਬ ਤੋਂ ਇਲਾਵਾ ਕੋਈ ਹੋਰ ਫ਼ਰਕ ਨਹੀਂ ਪਛਾਣਦੀ? ਕੀ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦਾ ਕਾਮਾ-ਸਮਾਜ ਜ਼ਾਤ-ਪਾਤ ਜਾਂ ਵਰਣ, ਉਚ ਅਤੇ ਨੀਚ ਜਿਹੇ ਕੋਈ ਭੇਦ ਨਹੀਂ ਪਛਾਣਦਾ। ਜੇਕਰ ਤੱਥ ਇਹ ਹੈ ਕਿ ਉਹ ਪਛਾਣਦਾ ਹੈ, ਤਾਂ ਅਜਿਹੀ ਨਿਮਨ ਸ਼੍ਰੇਣੀ ਪਾਸੋਂ ਅਮੀਰਾਂ ਦੇ ਖਿਲਾਫ਼ ਇਸਦੀ ਕਾਰਵਾਈ ਵਿਚ ਇਕਮੁੱਠਤਾ ਦੀ ਆਸ ਕੀਤੀ ਜਾ ਸਕਦੀ ਹੈ? ਕਿਸ ਤਰ੍ਹਾਂ ਕੋਈ ਕ੍ਰਾਂਤੀ ਆ ਸਕਦੀ ਹੈ ਜੇਕਰ ਨਿਮਨ ਸ਼੍ਰੇਣੀ ਸਾਂਝਾ ਮੋਰਚਾ ਨਹੀਂ ਬਣਾਉਂਦੀ? ਤਰਕ ਦੇ ਤੌਰ ਤੇ ਸਮਝ ਲਵੋ ਕਿ ਕਿਸਮਤ ਦੇ ਕਿਸੇ ਫੇਰ ਨਾਲ ਕੋਈ ਕ੍ਰਾਂਤੀ ਹੋ ਜਾਂਦੀ ਹੈ ਅਤੇ ਸਮਾਜਵਾਦੀ ਸੱਤਾ ਵਿਚ ਆ ਜਾਂਦੇ ਹਨ, ਤਾਂ ਕੀ ਉਹ ਉਨ੍ਹਾਂ ਸਮੱਸਿਆਵਾਂ ਨੂੰ ਸੁਲਝਾ ਸਕਣਗੇ ਜੋ ਕਿ ਭਾਰਤ ਵਿਚਲੀ ਸਮਾਜਕ ਵਿਵਸਥਾ ਤੋਂ ਉਤਪੰਨ ਹੋਈਆਂ ਹਨ? ਮੈਨੂੰ ਇਹ ਨਜ਼ਰ ਨਹੀਂ ਆਉਂਦਾ ਕਿ ਭਾਰਤ ਵਿਚ ਸਮਾਜਵਾਦੀ ਰਾਜ ਇਕ ਸਕਿੰਟ ਲਈ ਵੀ ਕਿਵੇਂ ਕੰਮ ਕਰ ਸਕਦਾ ਹੈ ਬਿਨਾਂ ਉਨ੍ਹਾਂ ਸਮੱਸਿਆਵਾਂ ਨਾਲ ਜੂਝੇ ਜੋ ਕਿ ਪੱਖਪਾਤ ਦੁਆਰਾ ਪੈਦਾ ਕੀਤੀਆਂ ਗਈਆਂ ਹਨ, ਜੋ ਭਾਰਤ ਦੇ ਲੋਕਾਂ ਨੂੰ ਉਚ ਅਤੇ ਨੀਚ,

ਸਾਫ ਅਤੇ ਮਲੀਨ ਵਰਗੇ ਭੇਦ-ਭਾਵ ਰੱਖਣ ਤੇ ਮਜਬੂਰ ਕਰਦੀਆਂ ਹਨ। ਜੇਕਰ ਸਮਾਜਵਾਦੀ ਸੁਹਣੀ ਸ਼ਬਦਾਵਲੀ ਬੋਲ ਕੇ ਹੀ ਸੰਤੋਖ ਨਹੀਂ ਕਰਦੇ, ਜੇਕਰ ਸਮਾਜਵਾਦੀ ਸਮਾਜਵਾਦ ਨੂੰ ਇਕ ਨਿਸ਼ਚਿਤ ਯਥਾਰਥ ਬਣਾਉਣਾ ਚਾਹੁੰਦੇ ਹੋਣ, ਤਾਂ ਉਨ੍ਹਾਂ ਨੂੰ ਇਹ ਗੱਲ ਪਛਾਣਨੀ ਪਵੇਗੀ ਕਿ ਸਮਾਜ ਸੁਧਾਰ ਦੀ ਸਮੱਸਿਆ ਸਭ ਤੋਂ ਮੁੱਢਲੀ ਹੈ ਅਤੇ ਇਹ ਕਿ ਉਹ ਉਸ ਤੋਂ ਬੱਚ ਨਹੀਂ ਸਕਦੇ। ਭਾਰਤ ਵਿਚ ਵਿਆਪਕ ਸਮਾਜਕ ਵਿਵਸਥਾ ਇਕ ਅਜਿਹਾ ਮਸਲਾ ਹੈ ਜਿਸ ਨਾਲ ਕਿਸੇ ਸਮਾਜਵਾਦੀ ਨੂੰ ਨਜਿੱਠਣਾ ਜ਼ਰੂਰੀ ਹੁੰਦਾ ਹੈ। ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਹ ਆਪਣੀ ਕ੍ਰਾਂਤੀ ਹਾਸਲ ਨਹੀਂ ਕਰ ਸਕਦਾ ਅਤੇ ਜੇਕਰ ਉਹ ਚੰਗੇ ਭਾਗਾਂ ਨੂੰ ਕਿਸੇ ਹੀਲੇ ਉਸਨੂੰ ਹਾਸਲ ਕਰ ਵੀ ਲੈਂਦਾ ਹੈ ਤਾਂ ਉਸਨੂੰ ਇਸ ਮਸਲੇ ਨਾਲ ਜੂਝਣਾ ਪਵੇਗਾ ਹੀ। ਜੇਕਰ ਉਹ ਆਪਣਾ ਆਦਰਸ਼ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਇਹ ਇਕ ਅਜਿਹੀ ਸੱਚਾਈ ਹੈ ਜੋ ਮੇਰੇ ਵਿਚਾਰ ਵਿਚ, ਝੁਠਲਾਈ ਨਹੀਂ ਜਾ ਸਕਦੀ। ਉਸਨੂੰ ਜ਼ਾਤ-ਪਾਤ ਦੀ ਸਮੱਸਿਆ ਦਾ ਧਿਆਨ ਕ੍ਰਾਂਤੀ ਤੋਂ ਮਗਰੋਂ ਕਰਨਾ ਹੀ ਪਵੇਗਾ, ਜੇਕਰ ਉਹ ਇਸਦਾ ਧਿਆਨ ਕ੍ਰਾਂਤੀ ਤੋਂ ਪਹਿਲਾਂ ਨਹੀਂ ਕਰਦਾ। ਇਸ ਨੂੰ ਅਜਿਹਾ ਕਹਿਣ ਦਾ ਇਕ ਹੋਰ ਵੀ ਢੰਗ ਹੈ। ਤੁਸੀਂ ਜਿਸ ਦਿਸ਼ਾ ਵਿਚ ਮਰਜ਼ੀ ਘੁੰਮ ਜਾਉ, ਜ਼ਾਤ-ਪਾਤ ਇਕ ਅਜਿਹਾ ਦੈਂਤ ਹੈ ਜੋ ਤੁਹਾਡੇ ਰਸਤੇ ਵਿਚ ਜ਼ਰੂਰ ਆਵੇਗਾ। ਇਸ ਦੈਂਤ ਨੂੰ ਮਾਰੇ ਬਿਨਾਂ ਤੁਸੀਂ ਰਾਜਨੀਤਕ ਸੁਧਾਰ ਨਹੀਂ ਕਰ ਸਕਦੇ ਅਤੇ ਫਿਰ ਆਰਥਕ ਸੁਧਾਰ ਵੀ ਨਹੀਂ ਕਰ ਸਕਦੇ।

## 4

ਇਹ ਬੜੇ ਅਫ਼ਸੋਸ ਦੀ ਗੱਲ ਹੈ ਕਿ ਜ਼ਾਤ-ਪਾਤ ਦੀ ਹਿਮਾਇਤੀ ਅੱਜ ਵੀ ਹੈ। ਦਲੀਲਾਂ ਬਹੁਤ ਹਨ। ਇਸ ਦੀ ਹਿਮਾਇਤ ਇਸ ਆਧਾਰ ਤੇ ਕੀਤੀ ਜਾਂਦੀ ਹੈ ਕਿ ਜ਼ਾਤ-ਪਾਤ ਪ੍ਰਣਾਲੀ ਕੰਮ ਦੀ ਵੰਡ ਦਾ ਹੀ ਦੂਜਾ ਨਾਂ ਹੈ ਅਤੇ ਜੇਕਰ ਕੰਮ ਦੀ ਵੰਡ ਹਰੇਕ ਸੱਭਯ ਸਮਾਜ ਦਾ ਲੋੜੀਂਦਾ ਅੰਗ ਹੈ ਤਾਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਜ਼ਾਤ-ਪਾਤ ਪ੍ਰਣਾਲੀ ਵਿਚ ਕੋਈ ਬੁਰਾਈ ਨਹੀਂ। ਹੁਣ ਇਸ ਵਿਚਾਰਧਾਰਾ ਦੇ ਵਿਰੁੱਧ ਜਿਸ ਪਹਿਲੀ ਗੱਲ ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ, ਉਹ ਇਹ ਹੈ ਕਿ ਜ਼ਾਤ-ਪਾਤ ਪ੍ਰਣਾਲੀ ਸਿਰਫ਼ ਕੰਮ ਦੀ ਵੰਡ ਹੀ ਨਹੀਂ ਹੈ। ਇਹ ਕਾਮਿਆਂ ਦੀ ਵੀ ਵੰਡ ਹੈ। ਕਿਸੇ ਸੱਭਯ ਸਮਾਜ ਨੂੰ ਬੇਸ਼ੱਕ ਕੰਮ ਦੀ ਵੰਡ ਲੋੜੀਂਦੀ ਹੈ। ਪਰ ਕਿਸੇ ਵੀ ਸੱਭਯ ਸਮਾਜ ਵਿਚ ਕੰਮ ਦੀ ਵੰਡ ਦੇ ਨਾਲ ਨਾਲ ਕਾਮਿਆਂ ਦੀ ਵੰਡ ਇਕ ਗ਼ੈਰ-ਕੁਦਰਤੀ ਤੇ ਸੌੜੇ ਦਾਇਰਿਆਂ ਵਿਚ ਨਹੀਂ ਦੇਖੀ ਜਾਂਦੀ। ਜ਼ਾਤ-ਪਾਤ ਪ੍ਰਣਾਲੀ ਸਿਰਫ ਕਾਮਿਆਂ ਦੀ ਵੰਡ ਹੀ ਨਹੀਂ ਹੈ, ਜੋ ਕਿ ਕੰਮ ਦੀ ਵੰਡ ਤੋਂ ਬਹੁਤ ਫਰਕ ਹੈ। ਇਹ ਇਕ ਅਜਿਹੀ ਵਿਰਾਸਤੀ ਪ੍ਰਥਾ ਹੈ ਜਿਸ ਵਿਚ ਕਾਮਿਆਂ ਦੀ ਸ਼੍ਰੇਣੀ-ਵੰਡ ਇਕ ਦੂਜੇ ਤੋਂ ਉਤੇ ਕੀਤੀ ਜਾਂਦੀ ਹੈ। ਕਿਸੇ ਵੀ ਹੋਰ ਦੇਸ਼ ਵਿਚ ਕੰਮ ਦੀ ਵੰਡ ਦੇ ਨਾਲ ਨਾਲ ਕਾਮਿਆਂ ਦੀ ਇਹ ਸ਼੍ਰੇਣੀ-ਵੰਡ ਨਹੀਂ ਕੀਤੀ ਜਾਂਦੀ। ਜ਼ਾਤ-ਪਾਤ ਪ੍ਰਣਾਲੀ ਦੀ ਇਸ ਵਿਚਾਰਧਾਰਾ ਦੇ ਵਿਰੁੱਧ ਨਿਖੇਧੀ ਦਾ ਇਕ ਤੀਜਾ ਨੁਕਤਾ ਵੀ ਹੈ। ਕੰਮ ਦੀ ਇਹ ਵੰਡ ਸਵੈ-ਪ੍ਰੇਰਿਤ ਨਹੀਂ ਹੈ। ਇਹ ਕੁਦਰਤੀ ਝੁਕਾਉ ਜਾਂ ਰੁਚੀਆਂ ਤੇ ਆਧਾਰਿਤ ਨਹੀਂ ਹੈ। ਸਮਾਜਕ ਅਤੇ ਵਿਅਕਤੀਗਤ ਨਿਪੁੰਨਤਾ ਸਾਥੋਂ ਮੰਗ ਕਰਦੀ ਹੈ ਕਿ ਅਸੀਂ ਕਿਸੇ ਵਿਅਕਤੀ ਨੂੰ ਆਪਣਾ ਕਾਰੋਬਾਰ ਆਪ ਚੁਣਨ ਅਤੇ ਉਸਦੇ ਕਾਬਲ ਬਣਾਉਣ ਵਿਚ ਉਸਦੇ ਗੁਣਾਂ ਦਾ ਵਿਕਾਸ ਕਰੀਏ। ਜ਼ਾਤ-ਪਾਤ ਪ੍ਰਣਾਲੀ ਵਿਚ ਇਸ ਸਿਧਾਂਤ ਦੀ ਉਲੰਘਣਾ ਕੀਤੀ ਜਾਂਦੀ ਹੈ ਕਿਉਂਜੋ ਇਸ ਵਿਚ ਵਿਅਕਤੀਆਂ ਨੂੰ ਅਗੇਤੇ ਹੀ ਕੰਮ ਸੌਂਪਣ ਦੀ ਕੋਸ਼ਿਸ਼

ਕੀਤੀ ਜਾਂਦੀ ਹੈ, ਜਿਨ੍ਹਾਂ ਦੀ ਚੋਣ ਸਿਖਲਾਈ ਦੁਆਰਾ ਮੂਲ ਰੁਚੀਆਂ ਦੇ ਆਧਾਰ ਤੇ ਨਹੀਂ, ਸਗੋਂ ਉਨ੍ਹਾਂ ਦੇ ਮਾਪਿਆਂ ਦੇ ਸਮਾਜਕ ਰੁਤਬੇ ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਕ ਹੋਰ ਨੁਕਤੇ ਤੋਂ ਵੇਖਦਿਆਂ ਪੇਸ਼ਿਆਂ ਦਾ ਇਹ ਵਰਗੀਕਰਣ ਜੋ ਕਿ ਜ਼ਾਤ-ਪਾਤ ਪ੍ਰਣਾਲੀ ਦਾ ਸਿੱਟਾ ਹੈ, ਬਿਲਕੁਲ ਵਿਨਾਸ਼ਕਾਰੀ ਹੈ। ਉਦਯੋਗ ਕਦੇ ਵੀ ਸਥਿਰ ਨਹੀਂ ਰਹਿੰਦਾ। ਇਸ ਵਿਚ ਤੇਜ਼ੀ ਨਾਲ ਅਤੇ ਯਕ-ਲਖਤ ਬਦਲਾਵ ਆਉਂਦੇ ਰਹਿੰਦੇ ਹਨ। ਅਜਿਹੇ ਬਦਲਾਵ ਦੇ ਨਾਲ ਕਿਸੇ ਵਿਅਕਤੀ ਨੂੰ ਆਪਣਾ ਕਿੱਤਾ ਬਦਲਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਆਪਣੇ ਆਪ ਨੂੰ ਬਦਲਦੇ ਹਾਲਾਤ ਦੇ ਮੁਤਾਬਕ ਢਾਲਣ ਦੀ ਅਜਿਹੀ ਆਜ਼ਾਦੀ ਤੋਂ ਬਿਨਾਂ ਉਸਨੂੰ ਆਪਣੀ ਰੋਜ਼ੀ-ਰੋਟੀ ਕਮਾਉਣਾ ਸੰਭਵ ਨਹੀਂ ਹੋਵੇਗਾ। ਹੁਣ, ਜ਼ਾਤ-ਪਾਤ ਪ੍ਰਣਾਲੀ ਹਿੰਦੂਆਂ ਨੂੰ ਉਹ ਪੇਸ਼ਾਂ ਅਖਤਿਆਰ ਕਰਨ ਦੀ ਆਗਿਆ ਨਹੀਂ ਦੇਵੇਗੀ। ਜਿਥੇ ਉਨ੍ਹਾਂ ਦੀ ਲੋੜ ਹੈ, ਭਾਵੇਂ ਉਹ ਪੇਸ਼ੇ ਉਨ੍ਹਾਂ ਦੇ ਪਿਤਾ-ਪੁਰਖੀ ਨਾ ਹੋਣ। ਜੇਕਰ ਤੁਸੀਂ ਕਿਸੇ ਹਿੰਦੂ ਨੂੰ ਭੁੱਖਾ ਮਰਦਿਆਂ ਤੱਕੋ ਇਸ ਦੀ ਬਜਾਏ ਕਿ ਉਹ ਅਜਿਹਾ ਨਵਾਂ ਪੇਸ਼ਾ ਅਖ਼ਤਿਆਰ ਕਰੇ ਜੋ ਉਸਦੀ ਜ਼ਾਤ ਨੂੰ ਸੌਂਪਿਆ ਨਹੀਂ ਗਿਆ, ਤਾਂ ਤੁਸੀਂ ਇਸਦਾ ਕਾਰਨ ਜ਼ਾਤ-ਪਾਤ ਪ੍ਰਣਾਲੀ ਵਿਚੋਂ ਹੀ ਲੱਭੋਗੇ। ਪੇਸ਼ਿਆਂ ਦੇ ਬਦਲਣ ਦੀ ਖੁੱਲ੍ਹ ਨਾ ਦਿੱਤੇ ਜਾਣ ਕਾਰਨ, ਜ਼ਾਤ-ਪਾਤ ਪ੍ਰਣਾਲੀ ਸਾਡੇ ਦੇਸ਼ ਵਿਚਲੀ ਬੇਰੁਜ਼ਗਾਰੀ ਦਾ ਸਿੱਧਾ ਕਾਰਨ ਸਾਬਤ ਹੁੰਦੀ ਹੈ। ਕੰਮ ਦੀ ਵੰਡ ਦੇ ਪੱਖੋਂ ਜ਼ਾਤ-ਪਾਤ ਪ੍ਰਣਾਲੀ ਵਿਚ ਇਕ ਹੋਰ ਵੀ ਗੰਭੀਰ ਨੁਕਸ ਹੈ। ਜ਼ਾਤ-ਪਾਤ ਪ੍ਰਣਾਲੀ ਦੁਆਰਾ ਕੀਤੀ ਗਈ ਕੰਮ ਦੀ ਵੰਡ ਮਰਜ਼ੀ ਦੇ ਆਧਾਰ ਤੇ ਕੀਤੀ ਗਈ ਵੰਡ ਵੀ ਨਹੀਂ ਹੈ। ਵਿਅਕਤੀ ਦੀਆਂ ਆਪਣੀਆਂ ਭਾਵਨਾਵਾਂ ਅਤੇ ਉਸਦੀ ਆਪਣੀ ਇੱਛਾ ਦੀ ਇਸ ਵੰਡ ਵਿਚ ਕੋਈ ਥਾਂ ਨਹੀਂ ਹੈ। ਇਹ ਪੂਰਵ-ਕਰਮਾਂ ਦੇ ਅਸੂਲ ਤੇ ਆਧਾਰਿਤ ਹੈ। ਸਮਾਜਕ ਨਿਪੁੰਨਤਾ ਦੇ ਵਿਚਾਰ ਨਾਲ ਅਸੀਂ ਇਹ ਮੰਨਣ ਲਈ ਮਜਬੂਰ ਹੋਵਾਂਗੇ ਕਿ ਕਿਸੇ ਉਦਯੋਗਕ ਪ੍ਰਣਾਲੀ ਦੀ ਸਭ ਤੋਂ ਵੱਡੀ ਬੁਰਾਈ, ਇੰਨੀ ਗਰੀਬੀ ਜਾਂ ਉਸ ਨਾਲ ਆਉਣ ਵਾਲੀ ਦੁੱਖ-ਤਕਲੀਫ ਨਹੀਂ ਹੈ ਜਿੰਨਾ ਕਿ ਇਹ ਤੱਥ ਕਿ ਇੰਨੇ ਸਾਰੇ ਵਿਅਕਤੀਆਂ ਨੂੰ ਅਜਿਹੇ ਕਿੱਤੇ ਅਪਣਾਉਣੇ ਪੈਂਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਅਜਿਹੇ ਕਿੱਤੇ ਸਦਾ ਉਸ ਵਿਅਕਤੀ ਨੂੰ ਅਰੁਚੀ, ਰੜਕ ਅਤੇ ਕੰਮ ਚਲਾਉਣ ਲਈ ਉਕਸਾਉਂਦੇ ਰਹਿੰਦੇ ਹਨ। ਭਾਰਤ ਵਿਚ ਅਜਿਹੇ ਕਈ ਪੇਸ਼ੇ ਹਨ ਜੋ ਇਸ ਤੱਥ ਦੇ ਕਾਰਨ ਕਿ ਹਿੰਦੂ ਉਨ੍ਹਾਂ ਨੂੰ ਨੀਵਾਂ ਸਮਝਦੇ ਹਨ ਅਤੇ ਉਨ੍ਹਾਂ ਤੇ ਲੱਗੇ ਵਿਅਕਤੀਆਂ ਨੂੰ ਘਿਰਣਾ ਕਰਦੇ ਹਨ ਅਤੇ ਖੁਦ ਨੂੰ ਅਜਿਹੇ ਕਿੱਤਿਆਂ ਤੋਂ ਦੂਰ ਰੱਖਦੇ ਹਨ ਅਤੇ ਉਨ੍ਹਾਂ ਤੋਂ ਭੱਜਣ ਦੀ ਨਿਰੰਤਰ ਕੋਸ਼ਿਸ਼ ਵਿਚ ਰਹਿੰਦੇ ਹਨ। ਇਹ ਘਿਰਣਾ ਸਿਰਫ਼ ਇਸ ਕਰਕੇ ਕੀਤੀ ਜਾਂਦੀ ਹੈ ਕਿ ਹਿੰਦੂ ਧਰਮ ਨੇ ਉਨ੍ਹਾਂ ਤੇ ਅਜਿਹੇ ਪੇਸ਼ਿਆਂ ਕਾਰਨ ਉਨ੍ਹਾਂ ਨੂੰ ਅਣਗੌਲਿਆ ਹੈ ਅਤੇ ਉਨ੍ਹਾਂ ਤੇ ਕਲੰਕ ਲਾਕੇ ਨਫਰਤ ਕੀਤੀ ਹੈ ਤਾਂਕਿ ਉਨ੍ਹਾਂ ਦੇ ਪੇਸ਼ਿਆਂ ਦਾ ਹਿੰਦੂਆਂ ਤੇ ਬੁਰਾ ਪ੍ਰਭਾਵ ਨਾ ਪਵੇ। ਉਸ ਪ੍ਰਣਾਲੀ ਵਿਚ ਕੀ ਨਿਪੁੰਨਤਾ ਹੋ ਸਕਦੀ ਹੈ ਜਿਸ ਵਿਚ ਕੰਮ ਕਰਨ ਵਾਲਿਆਂ ਦਾ ਨਾ ਮਨ ਹੁੰਦਾ ਹੈ ਤੇ ਨਾ ਹੀ ਦਿਮਾਗ? ਇਸ ਲਈ ਆਰਥਕ ਸੰਗਠਨ ਦੇ ਤੌਰ ਤੇ ਜ਼ਾਤ-ਪਾਤ, ਇਕ ਨੁਕਸਾਨਦਾਇਕ ਸੰਸਥਾਨ ਹੈ, ਕਿਉਂਕਿ ਇਸ ਵਿਚ ਕਿਸੇ ਵਿਅਕਤੀ ਦੀਆਂ ਕੁਦਰਤੀ ਤਾਕਤਾਂ ਅਤੇ ਇਛਾਵਾਂ ਨੂੰ ਸਮਾਜਕ ਨਿਯਮਾਂ ਦੀ ਮੰਗ ਹੇਠ ਦਬਾ ਦਿੱਤਾ ਜਾਦਾ ਹੈ।

## 5

ਕੁਝ ਵਿਅਕਤੀਆਂ ਨੇ ਜ਼ਾਤ-ਪਾਤ ਪ੍ਰਣਾਲੀ ਦੇ ਪੱਖ ਵਿਚ ਇਕ ਜੀਵ-ਵਿਗਿਆਨਕ ਖਾਈ ਖੋਦ ਦਿੱਤੀ ਹੈ। ਇਹ ਕਿਹਾ ਜਾਦਾ ਹੈ ਕਿ ਜ਼ਾਤ-ਪਾਤ ਦਾ ਉਦੇਸ਼ ਨਸਲ ਦੀ ਸ਼ੁੱਧਤਾ ਬਰਕਰਾਰ ਰੱਖਣਾ ਸੀ। ਹੁਣ, ਨਸਲ-ਵਿਗਿਆਨੀਆਂ ਦੀ ਇਹ ਰਾਇ ਹੈ ਕਿ ਸ਼ੁੱਧ ਨਸਲ ਦੇ ਵਿਅਕਤੀ ਕਿਤੇ ਵੀ ਨਹੀਂ ਹਨ ਅਤੇ ਇਹ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਸਾਰੀਆਂ ਨਸਲਾਂ ਦਾ ਮਿਸ਼੍ਰਣ ਹੋ ਗਿਆ ਹੈ। ਖਾਸ ਕਰਕੇ ਇਹ ਗੱਲ ਭਾਰਤ ਦੇ ਲੋਕਾਂ ਨਾਲ ਢੁੱਕਦੀ ਹੈ। ਸ੍ਰੀ ਡੀ.ਆਰ.ਭੰਡਾਰਕਰ ਨੇ 'ਹਿੰਦੂ ਆਬਾਦੀ ਵਿਚ ਬਾਹਰਲੇ ਤੱਕ' ਤੇ ਆਪਣੇ ਪਰਚੇ ਵਿਚ ਕਿਹਾ ਹੈ ਕਿ "ਭਾਰਤ ਵਿਚ ਘੱਟ ਹੀ ਕੋਈ ਸ਼੍ਰੇਣੀ ਜਾਂ ਜ਼ਾਤ ਹੈ, ਜਿਸ ਵਿਚ ਬਾਹਰਲੇ ਨਸਲੀ ਤੱਤ ਨਾ ਹੋਣ। ਸਿਰਫ ਲੜਾਕੂ ਸ਼੍ਰੇਣੀਆਂ-- ਰਾਜਪੂਤਾਂ ਅਤੇ ਮਰਾਠਿਆਂ -- ਵਿਚ ਹੀ ਬਾਹਰਲੇ ਖ਼ੂਨ ਦੀ ਮਿਲਾਵਟ ਨਹੀਂ ਹੈ, ਪਰੰਤੂ ਬ੍ਰਾਹਮਣਾਂ ਵਿਚ ਵੀ ਹੈ ਜੋ ਕਿ ਇਸ ਖੁਸ਼-ਫ਼ਹਿਮੀ ਵਿਚ ਹਨ ਕਿ ਉਹ ਬਾਹਰੀ ਤੱਤ ਤੋਂ ਬਰੀ ਹਨ।" ਜ਼ਾਤ-ਪਾਤ ਪ੍ਰਣਾਲੀ ਸਬੰਧੀ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਨਸਲਾਂ ਨੂੰ ਮਿਸ਼ਰਤ ਹੋਣ ਤੋਂ ਰੋਕਣ ਲਈ ਜਾਂ ਲਹੂ ਦੀ ਸ਼ੁੱਧਤਾ ਰੱਖਣ ਦੇ ਢੰਗ ਵਜੋਂ ਵਿਕਸਿਤ ਹੋਈ। ਅਸਲ ਵਿਚ ਜ਼ਾਤ-ਪਾਤ ਪ੍ਰਣਾਲੀ ਤਾਂ ਉਦੋਂ ਹੋਂਦ ਵਿਚ ਆਈ ਜਦੋਂ ਭਾਰਤ ਦੀਆਂ ਵੱਖ ਵੱਖ ਨਸਲਾਂ ਖ਼ੂਨ ਅਤੇ ਸਭਿਆਚਾਰ ਦੇ ਪੱਖੋਂ ਰਲਗੱਡ ਹੋ ਚੁੱਕੀਆਂ ਸਨ। ਇਹ ਵਿਚਾਰਧਾਰਾ ਕਿ ਜ਼ਾਤਾਂ ਦੀ ਵਿਲੱਖਣਤਾ ਦਰਅਸਲ ਨਸਲਾਂ ਦੀ ਵਿਲੱਖਣਤਾ ਹੈ ਅਤੇ ਵੱਖ ਵੱਖ ਜ਼ਾਤੀਆਂ ਨੂੰ ਇਸ ਤਰ੍ਹਾਂ ਲੈਣਾ ਕਿ ਉਹ ਵੱਖ ਵੱਖ ਨਸਲਾਂ ਹਨ, ਤੱਥਾਂ ਨੂੰ ਬੁਰੀ ਤਰ੍ਹਾਂ ਤਰੋੜਨਾ-ਮਰੋੜਨਾ ਹੋਵੇਗਾ। ਪੰਜਾਬ ਦੇ ਬ੍ਰਾਹਮਣ ਅਤੇ ਮਦਰਾਸ ਦੇ ਬ੍ਰਾਹਮਣ ਵਿਚ ਕੀ ਨਸਲੀ ਸਮਰੂਪਤਾ ਹੈ? ਬੰਗਾਲ ਦੇ ਅਛੂਤ ਅਤੇ ਮਦਰਾਸ ਦੇ ਅਛੂਤ ਵਿਚ ਕੀ ਨਸਲੀ ਸਮਰੂਪਤਾ ਹੈ? ਪੰਜਾਬ ਦੇ ਬ੍ਰਾਹਮਣ ਅਤੇ ਮਦਰਾਸ ਦੇ ਬ੍ਰਾਹਮਣ ਵਿਚ ਕੀ ਨਸਲੀ ਸਮਰੂਪਤਾ ਹੈ? ਪੰਜਾਬ ਦੇ ਬ੍ਰਾਹਮਣ ਅਤੇ ਪੰਜਾਬ ਦੇ ਚਮਾਰ ਵਿਚ ਕੀ ਨਸਲੀ ਭੇਦ ਹੈ? ਮਦਰਾਸ ਦੇ ਬ੍ਰਾਹਮਣ ਅਤੇ ਮਦਰਾਸ ਦੇ ਅਛੂਤ ਵਿਚ ਕੀ ਨਸਲੀ ਭੇਦ ਹੈ? ਪੰਜਾਬ ਦਾ ਬ੍ਰਾਹਮਣ ਨਸਲੀ ਤੌਰ ਤੇ ਉਸੇ ਹੀ ਨਸਲ ਦਾ ਹੈ ਜਿਸ ਦਾ ਕਿ ਪੰਜਾਬ ਦਾ ਚਮਾਰ ਹੈ ਅਤੇ ਮਦਰਾਸ ਦਾ ਬ੍ਰਾਹਮਣ ਉਸੇ ਨਸਲ ਦਾ ਹੈ ਜਿਸਦਾ ਕਿ ਮਦਰਾਸ ਦਾ ਅਛੂਤ ਹੈ। ਜ਼ਾਤ-ਪਾਤ ਪ੍ਰਣਾਲੀ ਨਸਲੀ ਵਿਭਾਜਨ ਦਰਸਾਉਂਦੀ ਹੈ। ਜ਼ਾਤ-ਪਾਤ ਪ੍ਰਣਾਲੀ ਤਾਂ ਉਸੇ ਨਸਲ ਦੇ ਬੰਦਿਆਂ ਦਾ ਸਮਾਜਕ ਵਿਭਾਜਨ ਹੈ। ਇਸਨੂੰ ਨਸਲੀ ਵਿਭਾਜਨਾਂ ਦੀ ਹੀ ਗੱਲ ਮੰਨਦਿਆਂ ਕੋਈ ਪੁੱਛ ਸਕਦਾ ਹੈ : ਭਾਰਤ ਵਿਚ ਵੱਖ ਵੱਖ ਜ਼ਾਤੀਆਂ ਦਰਮਿਆਨ ਪਰਸਪਰ ਵਿਆਹਾਂ ਦੇ ਨਾਲ ਨਸਲਾਂ ਅਤੇ ਖ਼ੂਨ ਤੇ ਮਿਸ਼ਰਣ ਹੋ ਲੈਣ ਦੇਣ ਨਾਲ ਕੀ ਨੁਕਸਾਨ ਹੋ ਸਕਦਾ ਸੀ? ਬੇਸ਼ੱਕ ਮਨੁੱਖ ਪਸ਼ੂਆਂ ਨਾਲੋਂ ਐਨੀ ਡੂੰਘੀ ਭਿੰਨਤਾ ਨਾਲ ਅੱਡਰੇ ਹਨ ਕਿ ਵਿਗਿਆਨ ਨੇ ਮਨੁੱਖਾਂ ਅਤੇ ਪਸ਼ੂਆਂ ਨੂੰ ਦੋ ਨਿਵੇਕਲੀਆਂ ਜਿਣਸਾਂ ਮੰਨਿਆਂ ਹੈ। ਪਰ ਵਿਗਿਆਨੀ ਵੀ, ਜੋ ਕਿ ਨਸਲਾਂ ਦੀ ਸ਼ੁੱਧਤਾ ਵਿਚ ਵਿਸ਼ਵਾਸ ਕਰਦੇ ਹਨ, ਇਹ ਨਹੀਂ ਕਹਿੰਦੇ ਕਿ ਵੱਖ ਵੱਖ ਨਸਲਾਂ ਮਨੁੱਖਾਂ ਦੀਆਂ ਵੱਖ ਵੱਖ ਜਿਣਸਾਂ ਹਨ। ਉਹ ਉਸੇ ਹੀ ਇਕੋ ਜਿਣਸ ਦੀਆਂ ਕਿਸਮਾਂ ਹਨ। ਇਸ ਲਈ ਉਹ ਆਪਸ ਵਿਚ ਇਕੱਠੇ ਰਹਿ ਸਕਦੀਆਂ ਹਨ ਅਤੇ ਅਜਿਹਾ ਬੱਚਾ ਪੈਦਾ ਕਰ ਸਕਦੀਆਂ ਹਨ ਜੋ ਕਿ ਅੱਗੋਂ ਪੈਦਾ ਕਰਨ ਦੇ ਯੋਗ ਹੋਵੇ ਅਤੇ ਬਾਂਝ ਨਾ ਹੋਵੇ। ਜ਼ਾਤ-ਪਾਤ ਪ੍ਰਣਾਲੀ ਦੇ ਪੱਖ ਵਿਚ ਪਿਤਰਤਾਈ ਅਤੇ ਨਸਲ-ਸੁਧਾਰ ਬਾਰੇ ਕਈ ਫਜ਼ੂਲ ਗੱਲਾਂ

ਕਹੀਆਂ ਜਾਂਦੀਆਂ ਹਨ। ਕਿਸੇ ਨੂੰ ਵੀ ਜ਼ਾਤ-ਪਾਤ ਪ੍ਰਣਾਲੀ ਦਾ ਇਤਰਾਜ਼ ਨਾ ਹੁੰਦਾ, ਜੇਕਰ ਉਹ ਨਸਲ-ਸੁਧਾਰ ਦੇ ਮੂਲ ਸਿਧਾਂਤ ਦੇ ਅਨੁਸਾਰ ਹੁੰਦੀ। ਕਿਉਂਕਿ ਕੋਈ ਵੀ ਨਸਲ ਦੇ ਸੁਧਾਰ ਲਈ ਵਿਵੇਕਪੂਰਣ ਸੰਭੋਗ ਪ੍ਰਥਾ ਤੇ ਇਤਰਾਜ਼ ਨਹੀਂ ਕਰਦਾ। ਪਰ ਕੋਈ ਵੀ ਇਹ ਨਹੀਂ ਸਮਝ ਸਕਦਾ ਕਿ ਜ਼ਾਤ-ਪਾਤ ਪ੍ਰਣਾਲੀ ਵਿਵੇਕਪੂਰਣ ਸੰਭੋਗ ਨੂੰ ਕਿਵੇਂ ਹਾਸਲ ਕਰਦੀ ਹੈ। ਜ਼ਾਤ-ਪਾਤ ਪ੍ਰਣਾਲੀ ਇਕ ਨਕਾਰਾਤਮਕ ਢੰਗ ਨਹੀਂ ਹੈ ਕਿ ਕਿਸੇ ਅਮੁੱਕ ਜ਼ਾਤੀ ਵਿਚੋਂ ਇਹ ਚੁਣਿਆਂ ਜਾਵੇ ਕਿ ਕਿਹੜੇ ਦੋ ਵਿਅਕਤੀਆਂ ਨੂੰ ਆਪਸ ਵਿਚ ਸ਼ਾਦੀ ਕਰਵਾਉਣੀ ਚਾਹੀਦੀ ਹੈ। ਜੇਕਰ ਜ਼ਾਤ-ਪਾਤ ਦਾ ਮੂਲ ਨਸਲ-ਸੁਧਾਰ ਹੈ ਤਾਂ ਉਪ-ਜ਼ਾਤੀਆਂ ਦਾ ਮੂਲ ਵੀ ਨਸਲ-ਸੁਧਾਰ ਹੋਵੇਗਾ। ਪਰ ਕੀ ਕੋਈ ਇਹ ਗੰਭੀਰਤਾ ਨਾਲ ਵਿਚਾਰ ਸਕਦਾ ਹੈ ਕਿ ਉਪ-ਜ਼ਾਤੀਆਂ ਦਾ ਮੂਲ ਨਸਲ-ਸੁਧਾਰ ਹੋਵੇਗਾ? ਮੈਂ ਸਮਝਦਾ ਹਾਂ ਕਿ ਅਜਿਹਾ ਸੋਚਣਾ ਬਹੁਤ ਹੀ ਹਾਸੋਹੀਣਾ ਹੋਵੇਗਾ ਅਤੇ ਉਹ ਵੀ ਇਹ ਬੜੇ ਸਪਸ਼ਟ ਕਾਰਨ ਕਰਕੇ। ਜੇਕਰ ਜ਼ਾਤੀ ਦਾ ਅਰਥ ਨਸਲ ਹੋਵੇ ਤਾਂ ਉਪ-ਜ਼ਾਤੀਆਂ ਦੀ ਭਿੰਨਤਾ ਦਾ ਅਰਥ ਨਸਲੀ ਭਿੰਨਤਾ ਨਹੀਂ ਹੋ ਸਕਦਾ ਕਿਉਂਕਿ ਉਪ-ਜ਼ਾਤੀਆਂ ਇਕੋ ਅਤੇ ਉਸੇ ਨਸਲ ਦੀਆਂ ਪਰਿਕਲਪਨਾ ਦੇ ਆਧਾਰ ਤੇ ਉਪ-ਵਿਭਾਜਤ ਹੋ ਜਾਂਦੀਆਂ ਹਨ। ਇਸਦੇ ਸਿੱਟੇ ਅਨੁਸਾਰ ਵੱਖ ਵੱਖ ਉਪ-ਜ਼ਾਤੀਆਂ ਵਿਚ ਅੰਤਰ-ਜ਼ਾਤੀ ਵਿਆਹ ਅਤੇ ਅੰਤਰ-ਜ਼ਾਤੀ ਭੋਜ ਤੇ ਲਗਾਈ ਗਈ ਰੋਕ ਨਕਲ ਅਤੇ ਲਹੂ ਦੀ ਸ਼ੁੱਧਤਾ ਰੱਖੇ ਜਾਣ ਤੇ ਮੰਤਵ ਲਈ ਨਹੀਂ ਹੋ ਸਕਦੀ। ਜੇਕਰ ਉਪ-ਜ਼ਾਤੀਆਂ ਦਾ ਮੂਲ ਨਸਲ-ਸੁਧਾਰ ਨਹੀਂ ਹੋ ਸਕਦਾ ਤਾਂ ਫਿਰ ਇਸ ਗੱਲ ਵਿਚ ਵੀ ਕੋਈ ਨਿਗਰਤਾ ਨਹੀਂ ਹੋ ਸਕਦੀ ਕਿ ਜ਼ਾਤ-ਪਾਤ ਦਾ ਮੂਲ ਨਸਲ-ਸੁਧਾਰ ਹੈ। ਅਤੇ ਜੇਕਰ ਜ਼ਾਤ-ਪਾਤ ਦਾ ਮੂਲ ਨਸਲ-ਸੁਧਾਰ ਹੈ ਤਾਂ ਫਿਰ ਅੰਤਰ-ਜ਼ਾਤੀ ਵਿਆਹ ਵਿਰੁੱਧ ਰੋਕ ਦੀ ਸਮਝ ਆ ਸਕਦੀ ਹੈ। ਪਰ ਜ਼ਾਤੀਆਂ ਅਤੇ ਉਪ-ਜ਼ਾਤੀਆਂ ਤੇ ਵੀ ਅੰਤਰ-ਜ਼ਾਤੀ ਭੋਜ ਤੇ ਪਾਬੰਦੀ ਲਗਾਏ ਜਾਣ ਦਾ ਕੀ ਮਨੋਰਥ ਹੈ? ਅੰਤਰ-ਜ਼ਾਤੀ ਭੋਜ ਨਾਲ ਲਹੂ ਅਸ਼ੁੱਧ ਨਹੀਂ ਹੋ ਸਕਦਾ ਅਤੇ ਇਸ ਕਰਕੇ ਇਸ ਨਾਲ ਨਾ ਤਾਂ ਨਸਲ ਦਾ ਸੁਧਾਰ ਹੋ ਸਕਦਾ ਹੈ ਨਾ ਹੀ ਕੋਈ ਨਿਘਾਰ ਹੋ ਸਕਦਾ ਹੈ। ਇਸ ਗੱਲ ਤੋਂ ਸਿੱਧ ਹੁੰਦਾ ਹੈ ਕਿ ਜ਼ਾਤ-ਪਾਤ ਦਾ ਕੋਈ ਵਿਗਿਆਨਕ ਮੂਲ ਨਹੀਂ ਹੈ ਅਤੇ ਜੋ ਲੋਕ ਇਸ ਨੂੰ ਨਸਲ-ਸੁਧਾਰ ਦਾ ਆਧਾਰ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਉਹ ਇਕ ਅਜਿਹੀ ਗੱਲ ਨੂੰ ਵਿਗਿਆਨਕ ਪੁੱਠ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਕਿ ਉਕਾ ਗ਼ੈਰ-ਵਿਗਿਆਨਕ ਹੈ। ਅੱਜ ਵੀ ਨਸਲ-ਸੁਧਾਰ ਇਕ ਪ੍ਰਯੋਗਾਤਮਕ ਸਫਲਤਾ ਨਹੀਂ ਬਣ ਸਕਦੀ ਜਦ ਤਕ ਕਿ ਸਾਨੂੰ ਪਿੱਤਰਤਾਏ ਦੇ ਨਿਯਮਾਂ ਸਬੰਧੀ ਸਹੀ ਵਾਕਫੀ ਨਾ ਹੋਵੇ। ਪ੍ਰੋਫੈਸਰ ਬੇਟਸਨ ਨੇ ਆਪਣੀ 'ਮੈਨਡਲਜ਼ ਪ੍ਰਿੰਸੀਪਲਜ਼ ਆਫ਼ ਹੈਰੇਡਿਟੀ' ਵਿਚ ਲਿਖਿਆ ਹੈ, "ਉਚੇਰੇ ਮਾਨਸਕ ਗੁਣਾਂ ਦੀ ਗਿਰਾਵਟ ਵਿਚ ਕੋਈ ਅਜਿਹੀ ਗੱਲ ਨਹੀਂ ਹੈ ਜਿਸ ਤੋਂ ਪਤਾ ਲਗੇ ਕਿ ਉਹ ਸੰਚਾਰ ਦੀ ਕੋਈ ਇਕੱਲੀ ਪ੍ਰਣਾਲੀ ਅਖ਼ਤਿਆਰ ਕਰਦੇ ਹਨ। ਇਹ ਹੋ ਸਕਦਾ ਹੈ ਕਿ ਉਹ ਅਤੇ ਸਰੀਰਕ ਤਾਕਤਾਂ ਦਾ ਵਧੇਰੇ ਉਘੜਵਾਂ ਵਿਕਾਸ ਕਿਸੇ ਇਕ ਉਤਪੱਤ ਤੱਤ ਦੀ ਮੌਜੂਦਗੀ ਦੀ ਥਾਂ ਕਈ ਇਕ ਤੱਤਾਂ ਦੇ ਸੰਮਿਸ਼ਣ ਦਾ ਸਿੱਟਾ ਹੋਵੇ।" ਇਹ ਕਹਿਣਾ ਕਿ ਜ਼ਾਤ-ਪਾਤ ਪ੍ਰਣਾਲੀ ਦਾ ਮੂਲ ਨਸਲ-ਸੁਧਾਰ ਸੀ, ਇਹ ਕਹਿਣ ਦੇ ਬਰਾਬਰ ਹੋਵੇਗਾ ਕਿ ਅੱਜ ਦੇ ਹਿੰਦੂਆਂ ਨੂੰ ਆਪਣੇ ਪਿੱਤਰਾਂ ਬਾਰੇ ਗਿਆਨ ਸੀ ਜੋ ਕਿ ਆਧੁਨਿਕ ਵਿਗਿਆਨੀਆਂ ਪਾਸ ਵੀ ਨਹੀਂ ਹੈ। ਕਿਸੇ ਦਰੱਖਤ ਨੂੰ ਉਸ ਤੇ ਲੱਗਣ ਵਾਲੇ ਫਲ ਤੋਂ ਜਾਂਚਣਾ ਚਾਹੀਦਾ ਹੈ। ਜੇਕਰ ਜ਼ਾਤ-

ਪਾਤ ਨਸਲ-ਸੁਧਾਰਕ ਹੈ ਤਾਂ ਇਸਨੂੰ ਮਨੁੱਖ ਦੀ ਕਿਸ ਤਰ੍ਹਾਂ ਦੀ ਨਸਲ ਪੈਦਾ ਕਰਨੀ ਚਾਹੀਦੀ ਸੀ? ਸਰੀਰਕ ਤੌਰ ਤੇ ਹਿੰਦੂ (ਬੀ-3) ਲੋਕਾਂ ਵਿਚ ਆਉਂਦੇ ਹਨ। ਉਹ ਬੌਣੇ ਅਤੇ ਗਿੱਢੀ ਨਸਲ ਦੇ ਹਨ ਜਿਨ੍ਹਾਂ ਦੇ ਕੱਦ ਛੋਟੇ ਹਨ ਅਤੇ ਉਨ੍ਹਾਂ ਵਿਚ ਸੱਤਿਆ ਨਹੀਂ ਹੈ। ਇਹ ਇਕ ਅਜਿਹੀ ਕੌਮ ਹੈ, ਜਿਸ ਦੇ 9/10 ਹਿੱਸੇ ਵਿਅਕਤੀਆਂ ਨੂੰ ਫੌਜ ਵਿਚ ਸੇਵਾ ਦੇ ਨਾਕਾਬਲ ਕਰਾਰ ਦਿੱਤਾ ਗਿਆ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਜ਼ਾਤ-ਪਾਤ ਪ੍ਰਣਾਲੀ ਵਿਚ ਆਧੁਨਿਕ ਵਿਗਿਆਨੀਆਂ ਦੀ ਸੁਜਣਨ ਵਿਧੀ ਸ਼ਾਮਲ ਨਹੀਂ ਹੈ। ਇਹ ਇਕ ਅਜਿਹੀ ਸਮਾਜਕ ਪ੍ਰਣਾਲੀ ਹੈ, ਜਿਸ ਵਿਚ ਹਿੰਦੂਆਂ ਦੇ ਇਕ ਅਜਿਹੀ ਗੁਮਰਾਹ ਸ਼੍ਰੇਣੀ ਦੇ ਲੋਕਾਂ ਦੀ ਹਿਮਾਕਤ ਅਤੇ ਸਵਾਰਥ ਸ਼ਾਮਲ ਹੈ ਜੋ ਕਿ ਸਮਾਜਕ ਰੁਤਬੇ ਵਿਚ ਐਨੇ ਗੁਣ ਵੰਤ ਸਨ ਕਿ ਉਹ ਇਸਨੂੰ ਪ੍ਰਚਲਤ ਕਰਵਾ ਸਕੇ ਅਤੇ ਜਿਨ੍ਹਾਂ ਪਾਸ ਇਸਨੂੰ ਆਪਣੇ ਤੋਂ ਨੀਵਿਆਂ ਤੇ ਠੋਸਣ ਦੀ ਤਾਕਤ ਸੀ।

## 6

ਜ਼ਾਤ-ਪਾਤ ਨਾਲ ਕੋਈ ਆਰਥਕ-ਉਨਤੀ ਨਹੀਂ ਹੁੰਦੀ। ਜ਼ਾਤ-ਪਾਤ ਨਾਲ ਨਸਲ ਨਹੀਂ ਸੁਧਰ ਸਕਦੀ ਨਾ ਹੀ ਇਸਨੇ ਨਸਲ ਸੁਧਾਰੀ ਹੈ। ਜ਼ਾਤ-ਪਾਤ ਨੇ ਸਿਰਫ ਇਕ ਗੱਲ ਕੀਤੀ ਹੈ। ਇਸ ਨੇ ਪੂਰੀ ਤਰ੍ਹਾਂ ਨਾਲ ਹਿੰਦੂਆਂ ਨੂੰ ਸੰਪੂਰਨ ਤੌਰ ਤੇ ਵਿਖੇਰਿਆ ਹੈ ਅਤੇ ਪਤਿਤ ਕਰ ਦਿੱਤਾ ਹੈ।

ਸਭ ਤੋਂ ਪਹਿਲੀ ਅਤੇ ਮੁੱਖ ਗੱਲ ਜੋ ਸਮਝਣੀ ਜ਼ਰੂਰੀ ਹੈ, ਉਹ ਇਹ ਹੈ ਕਿ ਹਿੰਦੂ ਸਮਾਜ ਇਕ ਮਿਥ ਮਾਤਰ ਹੈ। ਹਿੰਦੂ ਨਾਂ ਖੁਦ ਹੀ ਇਕ ਬਾਹਰਲਾ ਨਾਂ ਹੈ। ਇਹ ਇਥੋਂ ਦੇ ਮੂਲ ਵਾਸੀਆਂ ਨੂੰ ਮੁਸਲਮਾਨਾਂ ਦੇ ਹਮਲੇ ਤੋਂ ਪਹਿਲਾਂ ਕਿਸੇ ਵੀ ਸੰਸਕ੍ਰਿਤ ਪੁਸਤਕ ਵਿਚ ਨਹੀਂ ਆਉਂਦਾ। ਉਨ੍ਹਾਂ ਨੂੰ ਇਕ ਸਾਂਝੇ ਨਾਂ ਦੀ ਲੋੜ ਪ੍ਰਤੀਤ ਨਹੀਂ ਹੋਈ ਕਿਉਂਕਿ ਉਨ੍ਹਾਂ ਨੂੰ ਆਪਣਾ ਇਕ ਸਮੁਦਾਇ ਬਣਾਏ ਹੋਣ ਦਾ ਆਭਾਸ ਨਹੀਂ ਸੀ। ਹਿੰਦੂ ਸਮਾਜ ਦੀ ਉਂਜ ਕੋਈ ਹੋਂਦ ਨਹੀਂ ਹੈ। ਇਹ ਸਿਰਫ਼ ਜ਼ਾਤੀਆਂ ਦਾ ਇਕੱਠ ਹੈ। ਹਰੇਕ ਜ਼ਾਤੀ ਆਪਣੀ ਹੋਂਦ ਬਾਰੇ ਜਾਗਰੂਕ ਹੈ। ਇਸਦਾ ਜ਼ਿੰਦਾ ਰਹਿਣਾ ਹੀ ਇਸਦੀ ਹੋਂਦ ਦਾ ਇਕੋ ਇਕ ਮਕਸਦ ਹੈ। ਜ਼ਾਤੀਆਂ ਕੋਈ ਇਕ ਸੰਗਠਨ ਨਹੀਂ ਬਣਾਉਂਦੀਆਂ। ਕਿਸੇ ਜ਼ਾਤੀ ਨੂੰ ਅਜਿਹਾ ਕੋਈ ਅਹਿਸਾਸ ਨਹੀਂ ਹੈ ਕਿ ਉਹ ਦੂਸਰੀਆਂ ਜ਼ਾਤੀਆਂ ਨਾਲ ਸਬੰਧਤ ਹਨ ਛੁੱਟ ਉਸ ਵੇਲੇ ਜਦੋਂ ਕੋਈ ਹਿੰਦੂ-ਮੁਸਲਮਾਨ ਦੰਗਾ ਹੋ ਜਾਵੇ। ਹੋਰਨਾਂ ਮੌਕਿਆਂ ਤੇ ਇਕ ਜ਼ਾਤੀ ਦੂਸਰੀ ਜ਼ਾਤੀ ਤੋਂ ਅੱਡ ਰਹਿਣ ਅਤੇ ਵਖਰਾਉਣ ਦੀ ਕੋਸ਼ਿਸ਼ ਵਿਚ ਰਹਿੰਦੀ ਹੈ। ਹਰੇਕ ਜ਼ਾਤੀ ਨਾ ਕੇਵਲ ਆਪਣੇ ਵਿਚ ਹੀ ਰੋਟੀ ਦੀ ਸਾਂਝ ਰੱਖਦੀ ਹੈ ਅਤੇ ਵਿਆਹ ਵੀ ਆਪੋ ਵਿਚ ਹੀ ਕਰਦੀ ਹੈ। ਪਰ ਇਥੋਂ ਤੱਕ ਕਿ ਹਰੇਕ ਜ਼ਾਤੀ ਆਪਣੀ ਪੁਸ਼ਾਕ ਵੀ ਅੱਡ ਹੀ ਰੱਖਦੀ ਹੈ। ਭਾਰਤ ਵਿਚ ਆਦਮੀਆਂ ਅਤੇ ਔਰਤਾਂ ਦੁਆਰਾ ਭਾਂਤ-ਭਾਂਤ ਦੀਆਂ ਪਾਈਆਂ ਜਾਂਦੀਆਂ ਪੁਸ਼ਾਕਾਂ ਜੋ ਕਿ ਸੈਲਾਨੀਆਂ ਨੂੰ ਐਨਾ ਰਿਝਾਉਂਦੀਆਂ ਹਨ, ਦਾ ਹੋਰ ਕੀ ਸਪੱਸ਼ਟੀਕਰਨ ਹੋ ਸਕਦਾ ਹੈ? ਦਰਅਸਲ ਇਕ ਆਦਰਸ਼ ਹਿੰਦੂ ਇਕ ਚੂਹੇ ਦੀ ਨਿਆਈਂ ਹੁੰਦਾ ਹੈ, ਜੋ ਆਪਣੀ ਹੀ ਖੱਲ ਵਿਚ ਰਹਿੰਦਾ ਹੈ ਅਤੇ ਹੋਰਨਾਂ ਨਾਲ ਕੋਈ ਸੰਪਰਕ ਨਹੀਂ ਰੱਖਦਾ। ਹਿੰਦੂਆਂ ਵਿਚ ਉਸ ਚੀਜ਼ ਦੀ ਉੱਕਾ ਹੀ ਘਾਟ ਹੈ, ਜਿਸਨੂੰ ਸਮਾਜ-ਸ਼ਾਸਤਰੀ "ਵੰਨਗੀ ਦੀ ਚੇਤਨਾ" ਕਹਿੰਦੇ ਹਨ। ਹਿੰਦੂਆਂ ਵਿਚ ਵੰਨਗੀ ਦੀ ਕੋਈ ਚੇਤਨਾ ਨਹੀਂ ਹੈ। ਹਰੇਕ ਹਿੰਦੂ ਵਿਚ

ਜਿਹੜੀ ਚੇਤਨਾ ਵਿਆਪਕ ਹੈ, ਉਹ ਹੈ ਉਸਦੀ ਜ਼ਾਤੀ ਸਬੰਧੀ ਚੇਤਨਾ। ਇਹੀ ਕਾਰਣ ਹੈ, ਜਿਸ ਕਰਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਹਿੰਦੂ ਇਕ ਸਮਾਜ ਹਨ ਜਾਂ ਇਕ ਕੌਮ ਹਨ। ਐਪਰ ਬਹੁਤ ਸਾਰੇ ਅਜਿਹੇ ਭਾਰਤੀ ਹਨ ਜਿਨ੍ਹਾਂ ਦੀ ਦੇਸ਼-ਭਗਤੀ ਉਨ੍ਹਾਂ ਨੂੰ ਇਹ ਮੰਨਣ ਦੀ ਇਜਾਜ਼ਤ ਨਹੀਂ ਦਿੰਦੀ ਕਿ ਭਾਰਤੀ ਇਕ ਕੌਮ ਨਹੀਂ ਹਨ, ਉਹ ਕੇਵਲ ਭਾਂਤ-ਭਾਂਤ ਦੇ ਲੋਕਾਂ ਦਾ ਇਕ ਸਮੂਹ ਹਨ। ਉਹ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਜ਼ਾਹਿਰਾ ਭਿੰਨਤਾ ਦੇ ਹੇਠਾਂ ਇਕ ਮੁੱਢਲੇ ਤੌਰ ਤੇ ਏਕਤਾ ਹੈ ਜੋ ਹਿੰਦੂਆਂ ਦੇ ਜੀਵਨ ਵਿਚ ਵਿਆਪਕ ਹੈ, ਜਿਵੇਂ ਕਿ ਰੀਤਾਂ ਅਤੇ ਰਿਵਾਜਾਂ ਦੀ ਸੁਮੇਲਤਾ, ਵਿਚਾਰਾਂ ਅਤੇ ਵਿਸ਼ਵਾਸ ਦੀ ਸੁਮੇਲਤਾ ਜੋ ਕਿ ਸਾਰੇ ਭਾਰਤ ਮਹਾਂਦੀਪ ਵਿਚ ਵਿਆਪਕ ਹੈ। ਰੀਤਾਂ ਅਤੇ ਰਿਵਾਜਾਂ, ਵਿਚਾਰਾਂ ਅਤੇ ਵਿਸ਼ਵਾਸ ਵਿਚ ਸੁਮੇਲਤਾ, ਅਵੱਸ਼ ਹੈ। ਪਰ ਇਸ ਵਜ੍ਹਾ ਕਰਕੇ ਇਹ ਸਿੱਟਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਕਿ ਹਿੰਦੂ ਇਕ ਸਮਾਜ ਬਣਾਉਂਦੇ ਹਨ। ਅਜਿਹਾ ਕਰਨਾ ਉਨ੍ਹਾਂ ਮੂਲ ਗੱਲਾਂ, ਜੋ ਕਿ ਇਕ ਸਮਾਜ ਬਣਾਉਂਦੀਆਂ ਹਨ, ਨੂੰ ਗ਼ਲਤ ਢੰਗ ਨਾਲ ਸਮਝਣਾ ਹੋਵੇਗਾ। ਮਨੁੱਖ ਸਰੀਰਕ ਤੌਰ ਤੇ ਨੇੜੇ-ਨੇੜੇ ਰਹਿਣ ਨਾਲ ਸਮਾਜ ਨਹੀਂ ਬਣਾਉਂਦੇ, ਉਵੇਂ ਹੀ ਜਿਵੇਂ ਕਿ ਹੋਰਨਾਂ ਮਨੁੱਖਾਂ ਤੋਂ ਮੀਲਾਂ ਦੂਰ ਰਹਿੰਦਿਆਂ ਕੋਈ ਮਨੁੱਖ ਆਪਣੇ ਸਮਾਜ ਦਾ ਮੈਂਬਰ ਰਹਿਣੋਂ ਖ਼ਤਮ ਨਹੀਂ ਹੋ ਜਾਂਦਾ। ਦੂਸਰਾ, ਰੀਤਾਂ ਅਤੇ ਰਿਵਾਜਾਂ, ਵਿਚਾਰਾਂ ਅਤੇ ਵਿਸ਼ਵਾਸ ਦੀ ਸੁਮੇਲਤਾ ਮਨੁੱਖਾਂ ਨੂੰ ਸਮਾਜ ਬਣਾਉਣ ਲਈ ਕਾਫੀ ਨਹੀਂ ਹੈ। ਚੀਜ਼ਾਂ ਤਾਂ ਇਕ ਦੂਜੇ ਨੂੰ ਇੱਟਾਂ ਵਾਂਗ ਫੜਾਈਆਂ ਜਾ ਸਕਦੀਆਂ ਹਨ। ਇਸੇ ਢੰਗ ਨਾਲ ਕਿਸੇ ਗਰੁੱਪ ਦੀਆਂ ਰੀਤਾਂ ਅਤੇ ਰਿਵਾਜ, ਵਿਚਾਰ ਅਤੇ ਵਿਸ਼ਵਾਸ ਕੋਈ ਦੂਜਾ ਗਰੁੱਪ ਅਖ਼ਤਿਆਰ ਕਰ ਸਕਦਾ ਹੈ ਅਤੇ ਕਿਸ ਤਰ੍ਹਾਂ ਦੋਹਾਂ ਵਿਚ ਸੁਮੇਲਤਾ ਨਜ਼ਰ ਆ ਸਕਦੀ ਹੈ। ਸਭਿਆਚਾਰ ਸੰਚਾਰ ਨਾਲ ਫੈਲਦਾ ਹੈ ਅਤੇ ਇਸੇ ਲਈ ਸਾਨੂੰ ਵੱਖ ਵੱਖ ਆਦਿਵਾਸੀ ਕਬੀਲਿਆਂ ਦੀਆਂ ਰੀਤਾਂ ਅਤੇ ਰਿਵਾਜਾਂ, ਵਿਚਾਰਾਂ ਅਤੇ ਵਿਸ਼ਵਾਸ ਦੇ ਮਾਮਲੇ ਵਿਚ ਸੁਮੇਲਤਾ ਨਜ਼ਰ ਆਉਂਦੀ ਹੈ, ਭਾਵੇਂ ਉਹ ਨੇੜੇ-ਨੇੜੇ ਨਹੀਂ ਰਹਿੰਦੇ। ਪਰ ਕੋਈ ਇਹ ਨਹੀਂ ਕਹਿ ਸਕਦਾ ਕਿਉਂਕਿ ਉਨ੍ਹਾਂ ਵਿਚ ਇਹ ਸੁਮੇਲਤਾ ਹੈ, ਇਸ ਲਈ ਉਹ ਇਕ ਸਮਾਜ ਬਣਾਉਂਦੇ ਹਨ। ਇਹ ਇਸ ਲਈ ਹੈ ਕਿਉਂਕਿ ਕੁਝ ਚੀਜ਼ਾਂ ਦਾ ਸੁਮੇਲ ਹੀ ਇਕ ਸਮਾਜ ਦੇ ਬਣਾਏ ਜਾਣ ਲਈ ਕਾਫੀ ਨਹੀਂ ਹੈ। ਮਨੁੱਖ ਇਕ ਸਮਾਜ ਬਣਾਉਂਦੇ ਹਨ ਕਿਉਂਕਿ ਉਨ੍ਹਾਂ ਪਾਸ ਐਸੀਆਂ ਚੀਜ਼ਾਂ ਹੁੰਦੀਆਂ ਹਨ ਜੋ ਉਨ੍ਹਾਂ ਦੀਆਂ ਸਾਂਝੀਆਂ ਹੁੰਦੀਆਂ ਹਨ। ਇਹੋ ਜਿਹੀਆਂ ਚੀਜ਼ਾਂ ਆਪਣੇ ਪਾਸ ਹੋਣਾ, ਸਾਂਝੀਆਂ ਚੀਜ਼ਾਂ ਹੋਣ ਤੋਂ ਪੂਰਨ ਤੌਰ ਤੇ ਅੱਡ ਹੈ। ਅਤੇ ਇਕ ਦੂਜੇ ਨਾਲ ਚੀਜ਼ਾਂ ਸਾਂਝੇ ਤੌਰ ਤੇ ਮਨੁੱਖ ਤਾਹੀਉਂ ਰੱਖ ਸਕਦੇ ਹਨ, ਜੇਕਰ ਉਹ ਇਕ ਦੂਜੇ ਨਾਲ ਸਾਂਝੇ ਤੌਰ ਤੇ ਰਹਿ ਰਹੇ ਹੋਣ। ਜਾਂ ਇੰਜ ਕਹਿ ਲਵੋ ਕਿ ਸਮਾਜ ਨਿੱਜੀ ਵਰਤੋਂ-ਵਿਹਾਰ ਨਾਲ ਅਤੇ ਆਪਸੀ ਸੰਪਰਕ ਵਿਚ ਜ਼ਿੰਦਾ ਰਹਿ ਸਕਦਾ ਹੈ। ਇਸ ਨੂੰ ਠੋਸ ਬਣਾਉਣ ਲਈ, ਇਹ ਕਾਫੀ ਨਹੀਂ, ਜੇਕਰ ਮਨੁੱਖ ਉਸੇ ਤਰ੍ਹਾਂ ਕਰਦੇ ਹਨ ਜਿਵੇਂ ਕਿ ਹੋਰਨਾਂ ਦੇ ਨਾਲ ਮੇਲ ਖਾਂਦਾ ਹੋਵੇ। ਸਮਾਨਾਂਤਰ ਕਾਰਵਾਈ, ਭਾਵੇਂ ਸਮਾਨਤਾ ਵਾਲੀ ਹੋਵੇ, ਮਨੁੱਖਾਂ ਨੂੰ ਇਕ ਸਮਾਜ ਵਿਚ ਬੰਨ੍ਹਣ ਲਈ ਕਾਫੀ ਨਹੀਂ ਹੈ। ਇਹ ਗੱਲ ਇਸ ਤੱਥ ਤੋਂ ਸਿੱਧ ਹੋ ਜਾਂਦੀ ਹੈ ਕਿ ਹਿੰਦੂਆਂ ਵਿਚ ਅੱਡ-ਅੱਡ ਜ਼ਾਤੀਆਂ ਦੁਆਰਾ ਮਨਾਏ ਜਾਂਦੇ ਤਿਉਹਾਰ ਉਹੀ ਹਨ। ਫਿਰ ਵੀ ਅੱਡ-ਅੱਡ ਜ਼ਾਤੀਆਂ ਦੁਆਰਾ ਉਹੀ ਤਿਉਹਾਰਾਂ ਦੇ ਸਮਾਨਾਂਤਰ ਤੌਰ ਤੇ ਮਨਾਏ ਜਾਣ ਨਾਲ ਉਹ ਇਕ ਸਮੁੱਚੇ ਸੂਤਰ ਵਿਚ ਨਹੀਂ ਪਰੋਏ ਗਏ। ਇਸ ਮੰਤਵ ਲਈ ਜੋ ਜ਼ਰੂਰੀ ਚੀਜ਼ ਹੈ

ਉਹ ਹੈ ਕਿਸੇ ਮਨੁੱਖ ਲਈ ਉਸੇ ਸਾਂਝੇ ਕੰਮ ਵਿਚ ਹਿੱਸਾ ਪਾਉਣਾ ਤੇ ਉਹੀ ਕਰਨਾ ਤਾਂ ਜੋ ਉਸ ਵਿਚ ਵੀ ਉਹ ਭਾਵਨਾਵਾਂ ਪੈਦਾ ਹੋ ਸਕਣ ਜੋ ਹੋਰਨਾਂ ਵਿਚ ਪੈਦਾ ਹੋਈਆਂ ਹਨ। ਕਿਸੇ ਵਿਅਕਤੀ ਨੂੰ ਕਿਸੇ ਸਾਂਝੇ ਕੰਮ ਵਿਚ ਹਿੱਸੇਦਾਰ ਬਣਾਉਣਾ, ਜਿਸ ਨਾਲ ਕਿ ਉਹ ਉਸ ਦੀ ਸਫਲਤਾ ਨੂੰ ਆਪਣੀ ਸਫਲਤਾ ਸਮਝੇ ਅਤੇ ਉਸ ਦੀ ਅਸਫਲਤਾ ਨੂੰ ਆਪਣੀ ਅਸਫਲਤਾ, ਉਹ ਅਸਲ ਚੀਜ਼ ਹੈ, ਜੋ ਮਨੁੱਖਾਂ ਨੂੰ ਆਪੋ ਵਿਚ ਜੋੜਦੀ ਹੈ ਅਤੇ ਉਸਦੇ ਸਮਾਜ ਦਾ ਨਿਰਮਾਣ ਕਰਦੀ ਹੈ। ਜ਼ਾਤ-ਪਾਤ ਪ੍ਰਣਾਲੀ ਇਕ ਸਾਂਝੀ ਕਾਰਵਾਈ ਤੋਂ ਹੋੜੀ ਰਖਦੀ ਹੈ ਅਤੇ ਸਾਂਝੀ ਕਾਰਵਾਈ ਤੋਂ ਹੋੜਨ ਕਰਕੇ ਇਸਨੇ ਹਿੰਦੂਆਂ ਨੂੰ ਇਕ ਸਮਾਜ ਬਣਨ ਤੋਂ ਹੋੜਿਆ ਹੋਇਆ ਹੈ ਜਿਸ ਦੀ ਇਕ ਆਪਣੀ ਸਾਂਝੀ ਜ਼ਿੰਦਗੀ ਹੁੰਦੀ ਅਤੇ ਆਪਣੀ ਹੋਂਦ ਦੀ ਚੇਤਨਾ ਹੁੰਦੀ।

## 7

ਹਿੰਦੂ ਲੋਕ ਆਮ ਤੌਰ ਤੇ ਇਕ ਟੋਲੇ ਜਾਂ ਜੁੰਡਲੀ ਦੇ ਵਖਰੇਵੇਂ ਤੇ ਨਵੇਕਲੇਪਣ ਸਬੰਧੀ ਸ਼ਿਕਾਇਤ ਕਰਦੇ ਹਨ ਅਤੇ ਉਨ੍ਹਾਂ ਤੇ ਸਮਾਜ-ਵਿਰੋਧੀ ਭਾਵਨਾ ਰਖਣ ਦਾ ਇਲਜ਼ਾਮ ਲਗਾਉਂਦੇ ਹਨ। ਪਰ ਉਹ ਬੜੀ ਆਸਾਨੀ ਨਾਲ ਇਹ ਭੁੱਲ ਜਾਂਦੇ ਹਨ ਕਿ ਇਹ ਸਮਾਜ-ਵਿਰੋਧੀ ਭਾਵਨਾ ਉਨ੍ਹਾਂ ਦੀ ਆਪਣੀ ਜ਼ਾਤ-ਪਾਤ ਪ੍ਰਣਾਲੀ ਦਾ ਸਭ ਤੋਂ ਮੰਦਾ ਤੱਤ ਹੈ। ਇਕ ਜ਼ਾਤੀ ਕਿਸੇ ਦੂਜੀ ਜ਼ਾਤੀ ਵਿਰੁੱਧ ਘਿਰਣਾ ਦਾ ਗੀਤ ਗਾ ਕੇ ਪ੍ਰਸੰਨਤਾ ਪ੍ਰਾਪਤ ਕਰਦੀ ਹੈ, ਜਿਵੇਂ ਕਿ ਪਿਛਲੀ ਜੰਗ ਦੇ ਦੌਰਾਨ ਜਰਮਨੀ ਵਾਲਿਆਂ ਨੇ ਅੰਗ੍ਰੇਜ਼ਾਂ ਦੇ ਵਿਰੁੱਧ ਆਪਣੀ ਘਿਰਣਾ ਦੇ ਸ਼ਬਦ ਗਾਇਨ ਕਰਕੇ ਪ੍ਰਸੰਨਤਾ ਪ੍ਰਾਪਤ ਕੀਤੀ। ਹਿੰਦੂਆਂ ਦਾ ਸਾਹਿਤ ਜ਼ਾਤ-ਪਾਤ ਦੀ ਅਸਲੀਅਤ ਦੇ ਨਾਲ ਭਰਿਆ ਪਿਆ ਹੈ। ਜਿਸ ਵਿਚ ਇਕ ਜ਼ਾਤੀ ਦੇ ਮੂਲ ਨੂੰ ਕੁਲੀਨ ਦੱਸਣ ਅਤੇ ਦੂਜੀਆਂ ਜ਼ਾਤੀਆਂ ਦੇ ਮੂਲ ਨੂੰ ਨੀਚ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਾਹਆਦ੍ਰੀਖੰਡ ਇਸ ਸ਼੍ਰੇਣੀ ਦੇ ਸਾਹਿਤ ਦੀ ਇਕ ਪ੍ਰਸਿੱਧ ਮਿਸਾਲ ਹੈ। ਇਹ ਸਮਾਜ-ਵਿਰੋਧੀ ਭਾਵਨਾ ਸਿਰਫ ਜ਼ਾਤ-ਪਾਤ ਤੱਕ ਹੀ ਸੀਮਤ ਨਹੀਂ ਹੈ। ਇਹ ਹੋਰ ਡੂੰਘੀ ਚਲੀ ਗਈ ਹੈ ਅਤੇ ਇਸਨੇ ਉਪ-ਜ਼ਾਤੀਆਂ ਵਿਚ ਵੀ ਆਪਸੀ ਸਬੰਧਾਂ ਨੂੰ ਜ਼ਹਿਰੀਲਿਆਂ ਕਰ ਦਿੱਤਾ ਹੈ। ਮੇਰੇ ਪ੍ਰਾਂਤ ਵਿਚ, ਗੋਲਕ ਬ੍ਰਾਹਮਣ, ਦਿਓਰੁਖ ਬ੍ਰਾਹਮਣ, ਕਰਾੜਾ ਬ੍ਰਾਹਮਣ, ਪਾਲਸ਼ੇ ਬ੍ਰਾਹਮਣ ਅਤੇ ਦਿਤਪਵਨ ਬ੍ਰਾਹਮਣ, ਸਾਰੇ ਆਪਣੇ ਆਪ ਨੂੰ ਬ੍ਰਾਹਮਣ ਜ਼ਾਤੀ ਦੇ ਉਪ-ਵਿਭਾਜਨ ਹੋਣ ਦਾ ਦਾਅਵਾ ਕਰਦੇ ਹਨ। ਪਰ ਉਨ੍ਹਾਂ ਵਿਚ ਜਿਹੜੀ ਸਮਾਜ-ਵਿਰੋਧੀ ਭਾਵਨਾ ਵਿਆਪਕ ਹੈ ਉਹ ਉਤਨੀ ਹੀ ਪ੍ਰਬਲ ਅਤੇ ਪ੍ਰਚੰਡ ਹੈ ਜਿੰਨੀ ਕਿ ਉਨ੍ਹਾਂ ਅਤੇ ਹੋਰ ਗ਼ੈਰ-ਬ੍ਰਾਹਮਣ ਜ਼ਾਤੀਆਂ ਵਿਚਕਾਰ ਵਿਆਪਕ ਹੈ। ਇਸ ਵਿਚ ਕੋਈ ਹੈਰਾਨੀਜਨਕ ਗੱਲ ਨਹੀਂ ਹੈ। ਹਰ ਉਸ ਥਾਂ ਤੇ ਸਮਾਜ-ਵਿਰੋਧੀ ਭਾਵਨਾ ਪਾਈ ਜਾਂਦੀ ਹੈ ਜਿਥੇ ਕਿਸੇ ਗਰੁਪ ਦੇ "ਆਪਣੇ ਨਿੱਜੀ ਸਵਾਰਥ ਹੋਣ" ਜੋ ਕਿ ਉਸਨੂੰ ਹੋਰਨਾਂ ਗਰੁੱਪਾਂ ਨਾਲ ਪੂਰੀ ਤਰ੍ਹਾਂ ਮੇਲਜੋਲ ਰੱਖਣ ਤੋਂ ਹੋੜਦੇ ਹਨ, ਜਿਸ ਨਾਲ ਕਿ ਉਸਦਾ ਮੁੱਖ ਮਕਸਦ, ਜੋ ਕੁਝ ਉਸ ਦੇ ਪਾਸ ਹੁੰਦਾ ਹੈ, ਉਸਦੀ ਹਿਫਾਜ਼ਤ ਕਰਨਾ ਹੋ ਜਾਂਦਾ ਹੈ। ਇਹ ਸਮਾਜ-ਵਿਰੋਧੀ ਭਾਵਨਾ, ਆਪਣੇ ਸਵਾਰਥਾਂ ਦੀ ਸੁਰੱਖਿਆ ਕਰਨ ਦੀ ਇਹ ਭਾਵਨਾ, ਇਕ ਦੂਜੇ ਤੋਂ ਅੱਡ ਅੱਡ ਰਹਿਣ ਵਾਲੀਆਂ ਵੱਖ ਵੱਖ ਜ਼ਾਤੀਆਂ ਦਾ ਵੀ ਉਨਾਂ ਹੀ ਉਘੜਵਾਂ ਤੱਤ ਹੈ ਜਿੰਨਾ ਕਿ ਵੱਖਰੇ ਵੱਖਰੇ ਮੁਲਕਾਂ ਦਾ, ਜੋ ਕਿ ਇਕ ਦੂਜੇ ਤੋਂ ਨਿਖੜਵੇਂ ਰਹਿੰਦੇ ਹਨ। ਬ੍ਰਾਹਮਣਾਂ ਦਾ ਮੁੱਖ ਸਬੰਧ ਗ਼ੈਰ-ਬ੍ਰਾਹਮਣਾਂ ਤੋਂ "ਆਪਣੇ ਸਵਾਰਥਾਂ" ਦੀ ਰੱਖਿਆ ਕਰਨਾ ਹੈ ਅਤੇ ਗ਼ੈਰ-ਬ੍ਰਾਹਮਣਾਂ ਦਾ ਮੁੱਖ

ਸਬੰਧ ਬ੍ਰਾਹਮਣਾਂ ਤੋਂ ਆਪਣੇ ਸਵਾਰਥਾਂ ਦੀ ਰੱਖਿਆ ਕਰਨਾ ਹੁੰਦਾ ਹੈ। ਇਸ ਲਈ, ਹਿੰਦੂ ਸਿਰਫ਼ ਜ਼ਾਤੀਆਂ ਦਾ ਵੰਨਗੀ-ਸਮੂਹ ਹੀ ਨਹੀਂ ਹਨ ਪਰ ਉਹ ਪ੍ਰਤਿਦਵੰਦੀ ਗਰੁੱਪ ਵੀ ਹਨ, ਜਿਨ੍ਹਾਂ ਵਿਚੋਂ ਹਰ ਇਕ ਆਪਣੇ ਲਈ ਅਤੇ ਆਪਣੇ ਸਵਾਰਥੀ ਆਦਰਸ਼ ਲਈ ਜੀਅ ਰਿਹਾ ਹੈ। ਜ਼ਾਤ-ਪਾਤ ਦਾ ਇਕ ਹੋਰ ਤੱਤ ਹੈ ਜੋ ਨਿੰਦਣਯੋਗ ਹੈ। ਅੱਜ ਕੱਲ ਦੇ ਅੰਗ੍ਰੇਜ਼ਾਂ ਦਾ ਪੁਰਖੇ ਰੋਜ਼ਿਜ਼ ਦੀਆਂ ਲੜਾਈਆਂ ਅਤੇ ਕ੍ਰੌਮਵੈਲਿਆਨ ਜੰਗ ਵਿਚ ਇਕ ਪਾਸੇ ਜਾਂ ਦੂਜੇ ਧਿਰ ਵਿਚ ਲੜਨ ਵਾਲਿਆਂ ਦੇ ਵੰਸ਼ਾਂ ਬਾਰੇ ਕੋਈ ਦਵੇਸ਼ ਜਾਂ ਬੁਰਾਈ ਦੀ ਭਾਵਨਾ ਨਹੀਂ ਰੱਖੀ। ਲੜਾਈ ਭੁੱਲੀ ਜਾ ਚੁੱਕੀ ਹੈ। ਪਰ ਅੱਜ ਦੇ ਗ਼ੈਰ-ਬ੍ਰਾਹਮਣ ਉਸ ਬੇਇੱਜ਼ਤੀ ਲਈ ਅੱਜ ਦੇ ਬ੍ਰਾਹਮਣਾਂ ਨੂੰ ਮਾਫ਼ ਨਹੀਂ ਕਰ ਸਕਦੇ ਜੋ ਕਿ ਉਨ੍ਹਾਂ ਦੇ ਪੁਰਖਾਂ ਨੇ ਸ਼ਿਵਾ ਜੀ ਦੀ ਕੀਤੀ ਸੀ। ਅੱਜ ਦੇ ਕਾਯਸਥ ਅੱਜ ਦੇ ਬ੍ਰਾਹਮਣਾਂ ਨੂੰ ਉਸ ਜ਼ਿੱਲਤ ਲਈ ਮਾਫ਼ ਨਹੀਂ ਕਰ ਸਕਦੇ ਜੋ ਉਨ੍ਹਾਂ ਦੇ ਪੁਰਖਾਂ ਨੂੰ ਬਾਅਤ ਵਾਲਿਆਂ ਦੇ ਪੁਰਖਾਂ ਨੇ ਦਿਤੀ ਸੀ। ਇਸ ਅੰਤਰ ਦਾ ਕੀ ਕਾਰਨ ਹੈ? ਪ੍ਰਤੱਖ ਤੌਰ ਤੇ ਇਸਦਾ ਕਾਰਨ ਹੈ ਜ਼ਾਤ-ਪਾਤ ਪ੍ਰਣਾਲੀ। ਜ਼ਾਤ-ਪਾਤ ਦੀ ਹੋਂਦ ਅਤੇ ਜ਼ਾਤ-ਪਾਤ ਸਬੰਧੀ ਚੇਤਨਾਂ ਨੇ ਜ਼ਾਤੀਆਂ ਵਿਚਕਾਰ ਪੁਰਾਣੀਆਂ ਲੜਾਈਆਂ ਦੀ ਯਾਦ ਨੂੰ ਤਾਜ਼ਾ ਰੱਖਿਆ ਹੈ ਅਤੇ ਇਕਮੁੱਠਤਾ ਨਹੀਂ ਹੋਣ ਦਿੱਤੀ।

## 8

ਦੇਸ਼ ਦੇ ਉਨ੍ਹਾਂ ਖੇਤਰਾਂ ਜੋ ਕਿ ਛੱਡ ਦਿੱਤੇ ਗਏ ਹਨ ਜਾਂ ਅੰਸ਼ਕ ਤੌਰ ਤੇ ਸ਼ਾਮਲ ਕੀਤੇ ਗਏ ਹਨ, ਸਬੰਧੀ ਹਾਲ ਹੀ ਦੇ ਵਿਚਾਰ-ਵਟਾਂਦਰੇ ਨੇ ਉਨ੍ਹਾਂ ਦੀ ਸਥਿਤੀ ਵੱਲ ਧਿਆਨ ਦਿਵਾਇਆ ਹੈ, ਜਿਨ੍ਹਾਂ ਨੂੰ ਭਾਰਤ ਵਿਚ ਆਦਿਵਾਸੀ ਕਬੀਲੇ ਕਿਹਾ ਜਾਂਦਾ ਹੈ। ਉਨ੍ਹਾਂ ਦੀ ਗਿਣਤੀ ਤਕਰੀਬਨ 130 ਲੱਖ ਹੈ, ਜੇਕਰ ਵੱਧ ਨਹੀਂ ਤਾਂ। ਇਨ੍ਹਾਂ ਪ੍ਰਸ਼ਨਾਂ ਤੋਂ ਇਲਾਵਾ ਵੀ ਕਿ ਆਇਆ ਨਵੇਂ ਸੰਵਿਧਾਨ ਵਿਚੋਂ ਉਨ੍ਹਾਂ ਨੂੰ ਛੱਡ ਦਿੱਤਾ ਜਾਣਾ ਉਚਿਤ ਹੈ ਜਾਂ ਅਣਉਚਿਤ, ਪਰ ਇਹ ਤੱਥ ਫਿਰ ਵੀ ਰਹਿੰਦਾ ਹੈ ਕਿ ਇਹ ਆਦਿਵਾਸੀ ਆਪਣੀ ਆਦਿਕਾਲੀਨ ਅਸਭਯ ਅਵਸਥਾ ਵਿਚ ਅਜਿਹੀ ਧਰਤੀ ਤੇ ਵਸਦੇ ਰਹੇ ਹਨ ਜੋ ਕਿ ਹਜ਼ਾਰਾਂ ਸਾਲ ਪੁਰਾਣੀ ਸਭਿਅਤਾ ਦਾ ਦਾਅਵਾ ਕਰਦੀ ਹੈ। ਨਾ ਕੇਵਲ ਇਹ ਉਹ ਸਭਯ ਨਹੀਂ ਹਨ ਪਰ ਉਨ੍ਹਾਂ ਵਿਚੋਂ ਕੁਝ ਤਾਂ ਅਜਿਹੇ ਕੰਮਾਂ ਵਿਚ ਜੁੱਟੇ ਹੋਏ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਅਪਰਾਧੀ ਕਰਾਰ ਦਿੱਤਾ ਹੈ। ਸੱਭਿਅਤਾ ਦੇ ਦਰਮਿਆਨ ਰਹਿ ਰਹੇ 130 ਲੱਖ ਲੋਕੀਂ ਅਜੇ ਵੀ ਜੰਗਲੀ ਅਵਸਥਾ ਵਿਚ ਹਨ ਅਤੇ ਪਿਤਾ-ਪੁਰਖੀ ਅਪਰਾਧੀਆਂ ਦਾ ਜੀਵਨ ਬਤੀਤ ਕਰ ਰਹੇ ਹਨ। ਪਰ ਹਿੰਦੂ ਕਦੇ ਇਸ ਗੱਲ ਤੋਂ ਸ਼ਰਮਸ਼ਾਰ ਨਹੀਂ ਹੋਏ। ਇਹ ਇਕ ਅਜਿਹਾ ਤੱਤ ਹੈ ਜਿਸਦੀ ਮੇਰੇ ਵਿਚਾਰ ਅਨੁਸਾਰ ਕੋਈ ਹੋਰ ਮਿਸਾਲ ਨਹੀਂ ਹੈ। ਇਸ ਸ਼ਰਮਨਾਕ ਅਵਸਥਾ ਦਾ ਕਾਰਨ ਕੀ ਹੈ? ਇਨ੍ਹਾਂ ਅਦਿਵਾਸੀਆਂ ਨੂੰ ਸਭਯ ਬਣਾਉਣ ਲਈ ਕੋਈ ਹੀਲਾ ਕਿਉਂ ਨਹੀਂ ਕੀਤਾ ਗਿਆ ਤਾਂਕਿ ਉਹ ਵਧੇਰੇ ਸਨਮਾਨ ਨਾਲ ਆਪਣੀ ਰੋਜ਼ੀ ਕਮਾ ਸਕਣ? ਹਿੰਦੂ ਸ਼ਾਇਦ ਆਦਿਵਾਸੀਆਂ ਦੀ ਇਸ ਜੰਗਲੀ ਅਵਸਥਾ ਦਾ ਕਾਰਨ ਉਨ੍ਹਾਂ ਦੀ ਪੈਦਾਇਸ਼ੀ ਸਿਥਲਤਾ ਨੂੰ ਦੱਸਣ। ਉਹ ਸ਼ਾਇਦ ਇਹ ਨਾ ਮੰਨਣ ਕਿ ਆਦਿਵਾਸੀ ਇਸ ਲਈ ਜੰਗਲੀ ਰਹੇ ਹਨ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਨੂੰ ਸਭਯ ਬਣਾਉਣ ਲਈ, ਉਨ੍ਹਾਂ ਨੂੰ ਡਾਕਟਰੀ ਸਹਾਇਤਾ ਦੇਣ ਲਈ, ਉਨ੍ਹਾਂ ਨੂੰ ਸੁਧਾਰਨ ਲਈ, ਉਨ੍ਹਾਂ ਨੂੰ ਚੰਗੇ ਨਾਗਰਿਕ ਬਣਾਉਣ ਲਈ ਕੋਈ ਯਤਨ ਨਹੀਂ ਕੀਤੇ। ਪਰ ਮੰਨ ਲਉ ਕਿ ਕੋਈ ਹਿੰਦੂ ਇਨ੍ਹਾਂ ਅਦਿਵਾਸੀਆਂ

ਲਈ ਉਹ ਕੁਝ ਕਰਨਾ ਚਾਹੁੰਦਾ ਜੋ ਕਿ ਇਸਾਈ ਮਿਸ਼ਨਰੀ ਉਨ੍ਹਾਂ ਲਈ ਕਰ ਰਹੇ ਹਨ, ਤਾਂ ਕੀ ਉਹ ਅਜਿਹਾ ਕਰ ਸਕਦਾ? ਮੈਂ ਕਹਿੰਦਾ ਹਾਂ ਕਿ ਨਹੀਂ। ਆਦਿਵਾਸੀਆਂ ਨੂੰ ਸਭਯ ਬਣਾਉਣ ਦਾ ਅਰਥ ਹੈ ਉਨ੍ਹਾਂ ਨੂੰ ਆਪਣਿਆਂ ਵਾਂਗ ਅਪਨਾਉਣਾ, ਉਨ੍ਹਾਂ ਵਿਚਕਾਰ ਰਹਿਣਾ, ਅਤੇ ਉਨ੍ਹਾਂ ਨਾਲ ਭਾਤਰੀ-ਭਾਵ ਪੈਦਾ ਕਰਨਾ, ਉਨ੍ਹਾਂ ਨੂੰ ਪਿਆਰ ਕਰਨਾ। ਕਿਸੇ ਹਿੰਦੂ ਲਈ ਇਹ ਕਰਨਾ ਕਿਵੇਂ ਸੰਭਵ ਹੈ? ਉਸ ਦਾ ਸਾਰਾ ਜੀਵਨ ਆਪਣੀ ਜ਼ਾਤ ਦੀ ਸੁਰੱਖਿਆ ਕਰਨ ਦਾ ਇਕ ਉਸਾਰੂ ਯਤਨ ਹੈ। ਜ਼ਾਤ ਉਸਦਾ ਅਜਿਹਾ ਬਹੁਮੁੱਲਾ ਧਨ ਹੈ ਜਿਸਦੀ ਉਸਨੇ ਕਿਸੇ ਵੀ ਮੁੱਲ ਤੇ ਰੱਖਿਆ ਕਰਨੀ ਹੈ। ਉਹ, ਆਦਿਵਾਸੀਆਂ, ਜੋ ਕਿ ਵੈਦਿਕ ਕਾਲ ਦੇ ਘ੍ਰਿਣਤ ਅਨਾਰੀਆਂ ਦੀ ਸੰਤਾਨ ਹਨ, ਦੇ ਨਾਲ ਸੰਪਰਕ ਕਾਇਮ ਕਰਕੇ ਇਸਨੂੰ ਗੁਆਉਣਾ ਮਨਜ਼ੂਰ ਨਹੀਂ ਕਰ ਸਕਦਾ। ਇਹ ਨਹੀਂ ਹੈ ਕਿ ਕਿਸੇ ਹਿੰਦੂ ਨੂੰ ਡਿੱਗੀ ਹੋਈ ਮਨੁੱਖਤਾ ਪ੍ਰਤੀ ਆਪਣੇ ਫਰਜ਼ ਦਾ ਅਹਿਸਾਸ ਦੁਆਇਆ ਨਹੀਂ ਜਾ ਸਕਦਾ, ਪਰ ਮੁਸ਼ਕਲ ਇਹ ਹੈ ਕਿ ਆਪਣੇ ਫਰਜ਼ ਦਾ ਕਿੰਨਾ ਵੀ ਅਹਿਸਾਸ ਉਸਨੂੰ ਆਪਣੀ ਜ਼ਾਤ ਦੀ ਸੁਰੱਖਿਆ ਦੇ ਫਰਜ਼ ਨੂੰ ਭੁੱਲਣ ਨਹੀਂ ਦੇ ਸਕਦਾ। ਜ਼ਾਤ-ਪਾਤ, ਇਸ ਲਈ, ਉਹ ਅਸਲ ਕਾਰਨ ਹੈ ਜਿਸ ਕਰਕੇ ਹਿੰਦੂ ਨੇ ਜੰਗਲੀ ਨੂੰ ਆਪਣੀ ਸਭਿਅਤਾ ਦੇ ਦਰਮਿਆਨ ਹੀ ਰਹਿਣ ਦਿੱਤਾ, ਬਿਨਾਂ ਕਿਸੇ ਲੱਜਾ ਦੇ ਜਾਂ ਬਿਨਾਂ ਕਿਸੇ ਅਫਸੋਸ ਜਾਂ ਦੁੱਖ ਦੇ ਅਹਿਸਾਸ ਦੇ। ਹਿੰਦੂ ਨੇ ਇਹ ਗੱਲ ਨਹੀਂ ਸੋਚੀ ਕਿ ਇਹ ਆਦਿਵਾਸੀ ਭਾਵੀ ਖ਼ਤਰੇ ਦਾ ਸਾਧਨ ਬਣ ਸਕਦੇ ਹਨ। ਜੇਕਰ ਇਹ ਜੰਗਲੀ ਸਦਾ ਜੰਗਲੀ ਹੀ ਰਹਿੰਦੇ ਹਨ ਤਾਂ ਹੋ ਸਕਦਾ ਹੈ ਉਹ ਹਿੰਦੂਆਂ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ। ਪਰ ਜੇਕਰ ਉਨ੍ਹਾਂ ਨੂੰ ਗ਼ੈਰ-ਹਿੰਦੂਆਂ ਨੇ ਸੁਧਾਰ ਲਿਆ ਅਤੇ ਆਪਣੇ ਧਰਮ ਵਿਚ ਬਦਲ ਲਿਆ ਤਾਂ ਉਨ੍ਹਾਂ ਨਾਲ ਹਿੰਦੂਆਂ ਦੇ ਦੁਸ਼ਮਣਾਂ ਦੀ ਗਿਣਤੀ ਬਹੁਤ ਵੱਧ ਜਾਵੇਗੀ। ਜੇਕਰ ਅਜਿਹਾ ਵਾਪਰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਹਿੰਦੂ ਦੀ ਆਪਣੀ ਅਤੇ ਉਸ ਦੀ ਜ਼ਾਤ-ਪਾਤ ਪ੍ਰਣਾਲੀ ਦੀ ਹੋਵੇਗੀ।

## 9

ਇਹੀ ਨਹੀਂ ਕਿ ਹਿੰਦੂਆਂ ਨੇ ਜੰਗਲੀਆਂ ਨੂੰ ਸਭਯ ਬਣਾਉਣ ਦੇ ਮਾਨਵਵਾਦੀ ਕਾਰਜ ਲਈ ਕੋਈ ਯਤਨ ਕੀਤੇ ਹੋਣ ਬਲਕਿ ਉਚੇਰੀ ਜ਼ਾਤ ਦੇ ਹਿੰਦੂਆਂ ਨੇ ਨੀਵੀਆਂ ਜ਼ਾਤੀਆਂ, ਜੋ ਕਿ ਹਿੰਦੂਵਾਦ ਦੇ ਘੇਰੇ ਵਿਚ ਆਉਂਦੀਆਂ ਹਨ, ਨੂੰ ਜਾਣ ਬੁੱਝ ਕੇ ਉਚੇਰੀ ਜ਼ਾਤੀਆਂ ਦੇ ਸਭਿਆਚਾਰਕ ਪੱਧਰ ਤੱਕ ਉੱਠਣ ਤੋਂ ਰੋਕਿਆ ਹੈ। ਮੈਂ ਦੋ ਉਦਾਹਰਣਾਂ ਦੇਵਾਂਗਾ, ਇਕ ਸੋਨਾਰਾਂ ਦੀ ਅਤੇ ਦੂਜੀ ਪਠਾਰੇ ਪ੍ਰਭੂਆਂ ਦੀ। ਦੋਵੇਂ ਫਿਰਕੇ ਮਹਾਰਾਸ਼ਟਰ ਵਿਚ ਕਾਫੀ ਪ੍ਰਸਿੱਧ ਹਨ। ਬਾਕੀ ਦੇ ਫਿਰਕਿਆਂ ਵਾਂਗ ਜੋ ਆਪਣਾ ਰੁਤਬਾ ਵਧਾਉਣਾ ਚਾਹੁੰਦੇ ਹਨ, ਇਹ ਦੋਨੋਂ ਸੰਪ੍ਰਦਾਵਾਂ ਕਿਸੇ ਸਮੇਂ ਬ੍ਰਾਹਮਣਾਂ ਦੀਆਂ ਕੁਝ ਰਹੁ-ਰੀਤੀਆਂ ਅਪਨਾਉਣ ਦਾ ਯਤਨ ਕਰ ਰਹੀਆਂ ਸਨ। ਸੋਨਾਰ ਆਪਣੇ ਆਪਨੂੰ ਦੈਵਡਨਿਆ ਬ੍ਰਾਮਹਣ ਕਹਾ ਰਹੇ ਸਨ ਅਤੇ ਚੁਨਟਾਂ ਵਾਲੀਆ ਉਨ੍ਹਾਂ ਦੀਆਂ "ਧੋਤੀਆਂ" ਪਹਿਨ ਰਹੇ ਸਨ ਅਤੇ ਇਕ ਦੂਜੇ ਦੇ ਆਦਰ ਲਈ 'ਨਮਸਕਾਰ' ਸ਼ਬਦ ਦਾ ਪ੍ਰਯੋਗ ਕਰ ਰਹੇ ਸਨ। ਦੋਵੇਂ, ਚੁਨਟਾਂ ਵਾਲੀ "ਧੋਤੀ" ਪਹਿਨਣ ਅਤੇ 'ਨਮਸਕਾਰ' ਬ੍ਰਾਹਮਣਾਂ ਦੀ ਖਾਸੀਅਤ ਸਨ। ਬ੍ਰਾਹਮਣਾਂ ਨੂੰ ਸੋਨਾਰਾਂ ਦੁਆਰਾ ਕੀਤੀ ਗਈ ਇਹ ਨਕਲ ਅਤੇ ਬ੍ਰਾਹਮਣ ਕਹਾਉਣ ਦਾ ਇਹ ਯਤਨ ਪਸੰਦ ਨਾ ਆਇਆ। ਪੇਸ਼ਵਾ ਦੇ ਅਧਿਕਾਰ ਅਧੀਨ ਬ੍ਰਾਹਮਣਾਂ ਨੇ ਸੋਨਾਰਾਂ ਦੁਆਰਾ ਬ੍ਰਾਹਮਣਾਂ ਦੀਆਂ ਰਹੁ-ਰੀਤੀਆਂ ਅਪਨਾਉਣ ਦੇ ਇਸ ਯਤਨ ਨੂੰ ਸਫਲਤਾ

ਪੂਰਵਕ ਦਬਾ ਦਿੱਤਾ। ਇਥੋਂ ਤੱਕ ਕਿ ਉਨ੍ਹਾਂ ਨੇ ਬੰਬਈ ਵਿਚ ਈਸਟ ਇੰਡੀਆ ਕੰਪਨੀ ਦੀਆਂ ਪਰੀਸ਼ਦਾਂ ਦੇ ਪ੍ਰਧਾਨ ਪਾਸੋਂ ਬੰਬਈ ਵਿਚ ਵਸਦੇ ਸੋਨਾਰਾਂ ਦੇ ਖਿਲਾਫ ਇਕ ਮਨਾਹੀ ਹੁਕਮ ਵੀ ਜਾਰੀ ਕਰਵਾ ਦਿੱਤਾ। ਕਿਸੇ ਸਮੇਂ ਤੇ ਪਠਾਰੇ ਪ੍ਰਭੂਆਂ ਦੀ ਜ਼ਾਤੀ ਵਿਚ ਵਿਧਵਾ-ਪੁਨਰ-ਵਿਵਾਹ ਦੀ ਰਸਮ ਪ੍ਰਚਲਤ ਸੀ। ਬਾਅਦ ਵਿਚ ਵਿਧਵਾ-ਪੁਨਰ-ਵਿਵਾਹ ਦੇ ਇਸ ਰਿਵਾਜ਼ ਨੂੰ ਉਸ ਜ਼ਾਤੀ ਦੇ ਕੁਝ ਮੈਂਬਰਾਂ ਦੁਆਰਾ ਸਮਾਜਕ ਨੀਵੇਂਪਨ ਦੇ ਚਿੰਨ੍ਹ ਵਜੋਂ ਵੇਖਿਆ ਜਾਣ ਲੱਗ ਪਿਆ, ਖਾਸ ਕਰਕੇ ਕਿਉਂ ਜੋ ਇਹ ਬ੍ਰਾਹਮਣਾਂ ਵਿਚ ਪ੍ਰਚਲਤ ਸੀ ਰਿਵਾਇਤ ਦੇ ਉਲਟ ਸੀ। ਆਪਣੀ ਸੰਪ੍ਰਦਾਇ ਦਾ ਰੁਤਬਾ ਉੱਚਾ ਉਠਾਉਣ ਦੇ ਮੰਤਵ ਨਾਲ ਕੁਝ ਪਠਾਰੇ ਪ੍ਰਭੂਆਂ ਨੇ ਆਪਣੀ ਜ਼ਾਤੀ ਵਿਚ ਪ੍ਰਚਲਤ ਵਿਧਵਾ-ਪੁਨਰ-ਵਿਵਾਹ ਦੀ ਇਸ ਪ੍ਰਥਾ ਨੂੰ ਰੋਕਣਾ ਚਾਹਿਆ। ਸੰਪ੍ਰਦਾਇ ਦੋ ਧੜਿਆਂ ਵਿਚ ਵੰਡੀ ਗਈ, ਇਕ ਇਸ ਨਵੀਨਤਾ ਦੇ ਪੱਖ ਵਿਚ ਅਤੇ ਦੂਜਾ ਇਸ ਦੇ ਵਿਰੋਧ ਵਿਚ। ਪੇਸ਼ਵਾ ਨੇ ਉਨ੍ਹਾਂ ਦਾ ਪੱਖ ਲਿਆ ਜੋ ਵਿਧਵਾ-ਪੁਨਰ-ਵਿਵਾਹ ਦੇ ਹਾਮੀ ਸਨ ਅਤੇ ਇਸ ਤਰ੍ਹਾਂ ਪਠਾਰੇ ਪ੍ਰਭੂਆਂ ਨੂੰ ਬ੍ਰਾਹਮਣਾਂ ਦੀਆਂ ਰਹੁ-ਰੀਤੀਆਂ ਦਾ ਅਨੁਸਰਣ ਕਰਨ ਤੋਂ ਰੋਕ ਦਿੱਤਾ। ਹਿੰਦੂ ਮੁਸਲਮਾਨਾਂ ਦੀ ਆਲੋਚਨਾ ਕਰਦੇ ਹਨ ਕਿ ਉਨ੍ਹਾਂ ਨੇ ਤਲਵਾਰ ਦੇ ਜ਼ੋਰ ਨਾਲ ਆਪਣਾ ਧਰਮ ਫੈਲਾਇਆ। ਉਹ ਧਰਮ-ਅਧਿਕਰਣ ਦੇ ਸਬੰਧ ਵਿਚ ਇਸਾਈਆਂ ਦਾ ਵੀ ਮਖੌਲ ਉਡਾਉਂਦੇ ਹਨ। ਪਰ ਦਰਅਸਲ ਕੌਣ ਉਤਮ ਹੈ ਅਤੇ ਸਾਡੇ ਮਾਣ ਦਾ ਪਾਤਰ ਹੈ – ਮੁਸਲਮਾਨ ਜਾਂ ਈਸਾਈ ਜਿਨ੍ਹਾਂ ਨੇ ਉਨ੍ਹਾਂ ਵਿਅਕਤੀਆਂ ਤੇ ਜ਼ਬਰਦਸਤੀ ਉਹ ਚੀਜ਼ ਠੋਸਣੀ ਚਾਹੀ ਜੋ ਉਹ ਉਨ੍ਹਾਂ ਦੀ ਮੁਕਤੀ ਲਈ ਜ਼ਰੂਰੀ ਸਮਝਦੇ ਸਨ ਜਾਂ ਹਿੰਦੂ ਜੋ ਚਾਨਣ ਫੈਲਾਉਣਾ ਨਹੀਂ ਸਨ ਚਾਹੁੰਦੇ, ਜੋ ਦੂਜਿਆਂ ਨੂੰ ਅੰਧਕਾਰ ਵਿਚ ਰੱਖਣਾ ਚਾਹੁੰਦੇ ਸਨ, ਜੋ ਆਪਣੇ ਬੁੱਧੀਜੀਵੀ ਅਤੇ ਸਮਾਜਕ ਵਿਰਸੇ ਨੂੰ ਹੋਰਨਾਂ ਨਾਲ ਸਾਂਝਿਆਂ ਕਰਨ ਲਈ ਰਾਜ਼ੀ ਨਹੀਂ ਸਨ ਭਾਵੇਂ ਉਹ ਲੋਕ ਉਸ ਨੂੰ ਆਪਣੀ ਰਹਿਣੀ-ਬਹਿਣੀ ਦਾ ਹਿੱਸਾ ਬਣਾਉਣ ਲਈ ਤਿਆਰ ਸਨ ਅਤੇ ਇੱਛੁਕ ਸਨ? ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਜੇਕਰ ਮੁਸਲਮਾਨ ਜ਼ਾਲਮ ਰਿਹਾ ਹੈ, ਤਾਂ ਹਿੰਦੂ ਕਮੀਨਾਂ ਰਿਹਾ ਹੈ ਅਤੇ ਕਮੀਨਪੁਣਾ ਜ਼ੁਲਮ ਤੋਂ ਵੀ ਬਦਤਰ ਹੈ।

## 10

ਆਇਆ ਹਿੰਦੂ ਧਰਮ ਇਕ ਮਿਸ਼ਨਰੀ (ਪਰਚਾਰਮੂਲਕ) ਧਰਮ ਹੈ ਜਾਂ ਨਹੀਂ, ਵਿਵਾਦ ਦਾ ਵਿਸ਼ਾ ਰਿਹਾ ਹੈ। ਕਈਆਂ ਦਾ ਇਹ ਵਿਚਾਰ ਹੈ ਕਿ ਇਹ ਕਦੇ ਵੀ ਮਿਸ਼ਨਰੀ ਧਰਮ ਨਹੀਂ ਸੀ ਰਿਹਾ। ਹੋਰਨਾਂ ਦਾ ਇਹ ਵਿਸ਼ਵਾਸ ਹੈ ਕਿ ਇਹ ਸੀ। ਇਹ ਅਵੱਸ਼ ਮੰਨਣਾ ਪਵੇਗਾ ਕਿ ਕਿਸੇ ਵੇਲੇ ਹਿੰਦੂ ਧਰਮ ਇਕ ਮਿਸ਼ਨਰੀ ਧਰਮ ਸੀ। ਜੇਕਰ ਇਹ ਇਕ ਮਿਸ਼ਨਰੀ ਧਰਮ ਨਾ ਹੁੰਦਾ ਤਾਂ ਇਹ ਪੂਰੇ ਭਾਰਤ ਵਿਚ ਨਹੀਂ ਸੀ ਫੈਲ ਸਕਦਾ। ਅੱਜ ਇਹ ਇਕ ਮਿਸ਼ਨਰੀ ਧਰਮ ਨਹੀਂ ਹੈ, ਇਹ ਇਕ ਅਜਿਹਾ ਤੱਥ ਹੈ ਜਿਸ ਨੂੰ ਕਬੂਲ ਕੀਤਾ ਜਾਣਾ ਲਾਜ਼ਮੀ ਹੈ। ਇਸ ਲਈ, ਪ੍ਰਸ਼ਨ ਇਹ ਨਹੀਂ ਕਿ ਆਇਆ ਹਿੰਦੂ ਧਰਮ ਇਕ ਮਿਸ਼ਨਰੀ ਧਰਮ ਸੀ ਜਾਂ ਨਹੀਂ। ਅਸਲ ਪ੍ਰਸ਼ਨ ਇਹ ਹੈ ਕਿ ਹਿੰਦੂ ਧਰਮ ਇਕ ਮਿਸ਼ਨਰੀ ਧਰਮ ਹੋਣੋ ਕਿਉਂ ਹੱਟ ਗਿਆ? ਮੇਰਾ ਉਤਰ ਇਹ ਹੈ। ਹਿੰਦੂ ਧਰਮ ਉਸ ਵੇਲੇ ਇਕ ਮਿਸ਼ਨਰੀ ਧਰਮ ਹੋਣੋਂ ਹੱਟ ਗਿਆ ਜਦੋਂ ਹਿੰਦੂਆਂ ਵਿਚ ਜ਼ਾਤ-ਪਾਤ ਪ੍ਰਣਾਲੀ ਪਨ੍ਹਪ ਗਈ। ਜ਼ਾਤ-ਪਾਤ ਧਰਮ ਬਦਲਾਵ ਦੇ ਅਸੰਗਤ ਹੈ। ਵਿਸ਼ਵਾਸ ਅਤੇ ਧਰਮ-ਸਿਧਾਂਤਾਂ ਦਾ ਦ੍ਰਿੜ੍ਹੀਕਰਣ ਹੀ ਇਕੋ ਇਕ ਸਮੱਸਿਆ ਨਹੀਂ ਹੈ ਜੋ ਧਰਮ-ਬਦਲਾਵ ਸਬੰਧੀ ਪੇਸ਼ ਆਉਂਦੀ ਹੈ।

ਉਸ ਵਿਅਕਤੀ, ਜਿਸ ਨੇ ਧਰਮ-ਬਦਲਿਆ ਹੋਵੇ, ਲਈ ਉਸ ਸੰਪ੍ਰਦਾਇ ਦੇ ਸਮਾਜਕ ਜੀਵਨ ਵਿਚ ਥਾਂ ਲੱਭਣਾ ਇਕ ਹੋਰ ਵਧੇਰੀ ਮਹੱਤਵਪੂਰਣ ਸਮੱਸਿਆ ਹੈ ਜੋ ਧਰਮ-ਬਦਲਾਵ ਵਿਚ ਆਉਂਦੀ ਹੈ। ਇਹ ਸਮੱਸਿਆ ਹੈ ਕਿ ਧਰਮ-ਪਰਿਵਰਤਿਤ ਵਿਅਕਤੀ ਨੂੰ ਕਿਥੇ ਰੱਖਿਆ ਜਾਵੇ, ਕਿਸ ਜ਼ਾਤੀ ਵਿਚ? ਇਹ ਇਕ ਅਜਿਹੀ ਸਮੱਸਿਆ ਹੈ ਜੋ ਕਿ ਹਰੇਕ ਹਿੰਦੂ ਨੂੰ, ਜੋ ਬਾਹਰਲੇ ਵਿਅਕਤੀਆਂ ਨੂੰ ਆਪਣੇ ਧਰਮ ਵਿਚ ਪਰਿਵਰਤਿਤ ਕਰਨਾ ਚਾਹੁੰਦਾ ਹੋਵੇ, ਪਸ਼ੇਮਾਨ ਕਰ ਦਿੰਦੀ ਹੈ। ਕਲੱਬ ਦੀ ਮੈਂਬਰਸ਼ਿਪ ਤੋਂ ਉਲਟ ਕੋਈ ਜ਼ਾਤੀ ਹਰ ਕਿਸੇ ਨੂੰ ਆਪਣੇ ਵਿਚ ਸ਼ਾਮਲ ਨਹੀਂ ਕਰਦੀ। ਜ਼ਾਤੀ ਦਾ ਕਾਨੂੰਨ ਉਸਦੀ ਮੈਂਬਰਸ਼ਿਪ ਉਸੇ ਵਿਅਕਤੀ ਤੱਕ ਸੀਮਤ ਕਰਦਾ ਹੈ ਜੋ ਉਸ ਜ਼ਾਤੀ ਵਿਚ ਜਨਮਿਆਂ ਹੋਵੇ। ਜ਼ਾਤੀਆਂ ਖੁਦਮੁਖਤਿਆਰ ਹੁੰਦੀਆਂ ਹਨ ਅਤੇ ਕਿਸੇ ਵੀ ਥਾਂ ਕਿਸੇ ਨੂੰ ਕੋਈ ਅਖ਼ਤਿਆਰ ਨਹੀਂ ਹੁੰਦਾ ਕਿ ਉਹ ਕਿਸੇ ਜ਼ਾਤੀ ਨੂੰ ਕਿਸੇ ਨਵੇਂ ਆਉਣ ਵਾਲੇ ਨੂੰ ਆਪਣੇ ਸਮਾਜਕ ਜੀਵਨ ਵਿਚ ਸ਼ਾਮਲ ਕਰਨ ਲਈ ਮਜਬੂਰ ਕਰੇ। ਕਿਉਂਜੋ ਹਿੰਦੂ ਸਮਾਜ ਜ਼ਾਤੀਆਂ ਦਾ ਇਕ ਸਮੂਹ ਹੈ ਅਤੇ ਹਰੇਕ ਜ਼ਾਤੀ ਵਿਚ ਸੰਕੀਰਣ ਸੰਗਠਨ ਹੈ, ਇਸ ਲਈ ਕਿਸੇ ਧਰਮ-ਪਰਿਵਰਤਿਤ ਵਿਅਕਤੀ ਲਈ ਇਸ ਵਿਚ ਕੋਈ ਥਾਂ ਨਹੀਂ ਹੈ। ਇਸ ਲਈ, ਇਹ ਜ਼ਾਤ-ਪਾਤ ਦੀ ਹੀ ਵਜ੍ਹਾ ਹੈ, ਜਿਸ ਕਰਕੇ ਹਿੰਦੂ ਵਿਸਥਾਰ ਨਹੀਂ ਕਰ ਸਕੇ ਅਤੇ ਹੋਰਨਾਂ ਧਾਰਮਕ ਫਿਰਕਿਆਂ ਨੂੰ ਆਪਣੇ ਵਿਚ ਸਮੋ ਨਹੀਂ ਕਰ ਸਕੇ। ਜਦ ਤਕ ਜ਼ਾਤ-ਪਾਤ ਰਹਿੰਦੀ ਹੈ, ਹਿੰਦੂ ਧਰਮ ਨੂੰ ਇਕ ਮਿਸ਼ਨਰੀ ਧਰਮ ਨਹੀਂ ਬਣਾਇਆ ਜਾ ਸਕਦਾ ਅਤੇ ਬੁੱਧੀ ਇਕ ਅਗਿਆਨਤਾ ਅਤੇ ਵਿਅਰਥਤਾ ਹੋਵੇਗੀ।

## 11

ਜਿੰਨ੍ਹਾਂ ਕਾਰਨਾਂ ਕਰਕੇ ਹਿੰਦੂਆਂ ਲਈ ਸ਼ੁੱਧੀ ਅਸੰਭਵ ਹੋ ਗਈ ਹੈ, ਉਹੀ ਕਾਰਨ ਸੰਗਠਨ ਨੂੰ ਵੀ ਅਸੰਭਵ ਬਣਾਉਣ ਲਈ ਜ਼ਿੰਮੇਵਾਰ ਹਨ। ਸੰਗਠਨ ਦਾ ਅਸਲੀ ਮਕਸਦ ਹਿੰਦੂਆਂ ਦੇ ਮਨ ਚੋਂ ਉਹ ਬੁਜ਼ਦਿਲੀ ਅਤੇ ਡਰ ਨੂੰ ਦੂਰ ਕਰਨਾ ਹੈ ਜੋ ਦੁਖਦਾਈ ਤੌਰ ਤੇ ਮੁਸਲਮਾਨ ਅਤੇ ਸਿੱਖਾਂ ਤੋਂ ਉਸ ਨੂੰ ਦੂਰ ਕਰਦਾ ਹੈ ਅਤੇ ਜਿੰਨਾਂ ਕਰਕੇ ਉਸਨੇ ਆਪਣੇ ਆਪ ਦੀ ਸੁਰੱਖਿਆ ਕਰਨ ਲਈ ਧੋਖੇਬਾਜ਼ੀ ਅਤੇ ਚਲਾਕੀ ਦੇ ਘਟੀਆ ਤਰੀਕੇ ਅਪਨਾਏ ਹੋਏ ਹਨ। ਕੁਦਰਤੀ ਤੌਰ ਤੇ ਇਹ ਪ੍ਰਸ਼ਨ ਉਠਦਾ ਹੈ: ਸਿੱਖ ਜਾਂ ਮੁਸਲਮਾਨ ਕਿਥੋਂ ਸ਼ਕਤੀ ਪ੍ਰਾਪਤ ਕਰਦੇ ਹਨ? ਜੋ ਉਹਨਾਂ ਨੂੰ ਬਹਾਦਰ ਅਤੇ ਨਿਡਰ ਬਣਾਉਂਦੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਉਨ੍ਹਾਂ ਦੀ ਸਰੀਰਕ ਸ਼ਕਤੀ, ਖੁਰਾਕ ਜਾਂ ਅਨੁਸ਼ਾਸਨ ਦੀ ਪਰਸਪਰ ਉਚਤਾ ਕਾਰਨ ਨਹੀਂ ਹੈ। ਇਹ ਸਗੋਂ ਇਸ ਕਰਕੇ ਹੈ ਕਿ ਉਨ੍ਹਾਂ ਦੀ ਇਹ ਭਾਵਨਾ ਬਲਵਾਨ ਹੈ ਕਿ ਜਦੋਂ ਕਿਸੇ ਸਿੱਖ ਨੂੰ ਕੋਈ ਖ਼ਤਰਾ ਪੈਦਾ ਹੋਵੇਗਾ ਤਾਂ ਸਾਰੇ ਸਿੱਖ ਉਸ ਦੀ ਮਦਦ ਲਈ ਆਉਣਗੇ ਅਤੇ ਜਦੋਂ ਕਦੇ ਕਿਸੇ ਮੁਸਲਮਾਨ ਤੇ ਹਮਲਾ ਹੋਵੇਗਾ ਤਾਂ ਸਾਰੇ ਮੁਸਲਮਾਨ ਉਸਨੂੰ ਬਚਾਉਣ ਲਈ ਦੌੜਨਗੇ। ਹਿੰਦੂ ਅਜਿਹੀ ਸ਼ਕਤੀ ਕਿਤਿਉਂ ਵੀ ਨਹੀਂ ਪ੍ਰਾਪਤ ਕਰ ਸਕਦਾ। ਉਸਨੂੰ ਇਹ ਵਿਸ਼ਵਾਸ ਨਹੀਂ ਹੁੰਦਾ ਕਿ ਉਸ ਦੇ ਸਾਥੀ ਮੁਸੀਬਤ ਪੈਣ ਤੇ ਉਸਦੀ ਮਦਦ ਕਰਨਗੇ। ਇਕੱਲਾ ਹੋਣ ਕਰਕੇ ਅਤੇ ਉਸਦੀ ਕਿਸਮਤ ਹੀ ਐਸੀ ਹੋਣ ਕਰਕੇ ਉਹ ਇੰਜ ਮਹਿਸੂਸ ਕਰਦਾ ਹੈ ਤੇ ਫਿਰ ਸ਼ਕਤੀ-ਹੀਣ, ਬੁਜ਼ਦਿਲ ਅਤੇ ਡਰਾਕਲ ਬਣ ਜਾਂਦਾ ਹੈ ਅਤੇ ਦੌੜ ਜਾਂਦਾ ਹੈ। ਮੁਸਲਮਾਨ ਅਤੇ ਸਿੱਖ ਨਿਡਰ ਹੋ ਕੇ ਡਟਿਆ ਰਹਿੰਦਾ ਹੈ ਅਤੇ ਅੜਾਈ ਵਿਚ ਮੁਕਾਬਲਾ ਕਰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਭਾਵੇਂ

ਉਹ ਇਕੱਲਾ ਹੈ। ਫਿਰ ਵੀ ਉਹ ਇਕੱਲਾ ਨਹੀਂ ਰਹੇਗਾ। ਜਿਸ ਕਿਸੇ ਵਿਚ ਵੀ ਇਹ ਵਿਸ਼ਵਾਸ ਹੁੰਦਾ ਹੈ ਉਸਨੂੰ ਡਟੇ ਰਹਿਣ ਵਿਚ ਮਦਦ ਮਿਲਦੀ ਹੈ ਅਤੇ ਜਿਸ ਵਿਚ ਇਹ ਵਿਸ਼ਵਾਸ ਨਹੀਂ ਹੁੰਦਾ ਉਹ ਇਸ ਦੇ ਉਲਟ ਬੁਜ਼ਦਿਲ ਬਣ ਜਾਂਦਾ ਹੈ। ਜੇਕਰ ਤੁਸੀਂ ਇਸ ਮਾਮਲੇ ਦੀ ਹੋਰ ਪੈਰਵੀ ਕਰੋ ਅਤੇ ਇਹ ਪੁਛੋ ਕਿ ਇਹ ਕਿਹੜੀ ਚੀਜ਼ ਹੈ ਜਿਸ ਨਾਲ ਉਹ ਆਪਣੇ ਆਪ ਵਿਚ ਵਿਸ਼ਵਾਸ ਮਹਿਸੂਸ ਕਰਦੇ ਹਨ ਅਤੇ ਸਹਾਇਤਾ ਦੇ ਮਾਮਲੇ ਵਿਚ ਹਿੰਦੂਆਂ ਦੇ ਮਨ ਵਿਚ ਨਿਰਾਸ਼ਤਾ ਕਿਉਂ ਭਰੀ ਰਹਿੰਦੀ ਹੈ ਤਾਂ ਤੁਹਾਨੂੰ ਇਹ ਪਤਾ ਲਗੇਗਾ ਕਿ ਇਹ ਅੰਤਰ ਉਨ੍ਹਾਂ ਦੇ ਆਪਸੀ ਰਹਿਣ-ਸਹਿਣ ਵਿਚ ਅੰਤਰ ਦੇ ਕਾਰਨ ਹੈ। ਸਿਖਾਂ ਅਤੇ ਮੁਸਲਮਾਨਾਂ ਦਾ ਆਪਸ ਵਿਚ ਮਿਲ-ਜੁਲ ਕੇ ਰਹਿਣ ਦਾ ਜੋ ਢੰਗ ਹੈ ਉਸ ਨਾਲ ਉਨ੍ਹਾਂ ਵਿਚ ਆਪਸੀ ਪ੍ਰੇਮ ਭਾਵ ਵਧਦਾ ਹੈ। ਹਿੰਦੂਆਂ ਵਿਚ ਆਪਸ ਵਿਚ ਮਿਲ-ਜੁਲ ਕੇ ਰਹਿਣ ਦੀ ਭਾਵਨਾ ਨਹੀਂ ਹੈ। ਸਿਖਾਂ ਅਤੇ ਮੁਸਲਮਾਨਾਂ ਵਿਚ ਸਮਾਜਕ ਸਬੰਧ ਇਹੋ ਜਿਹੇ ਹਨ ਕਿ ਇਕ ਹਿੰਦੂ ਦੂਜੇ ਹਿੰਦੂ ਨੂੰ ਆਪਣਾ ਭਾਈ ਨਹੀਂ ਸਮਝਦਾ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਇਕ ਸਿੱਖ ਕਿਉਂ ਕਹਿੰਦਾ ਹੈ ਕਿ ਇਕ ਸਿਖ ਜਾਂ ਇਕ ਖਾਲਸਾ ਸਵਾ ਲੱਖ ਆਦਮੀਆਂ ਦੇ ਬਰਾਬਰ ਹੈ। ਇਸ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਇਕ ਮੁਸਲਮਾਨ ਕਿਉਂ ਕਈਆਂ ਹਿੰਦੂਆਂ ਦੇ ਬਰਾਬਰ ਹੈ। ਇਹ ਅੰਤਰ ਨਿਰਸੰਦੇਹ ਜ਼ਾਤ-ਪਾਤ ਦੇ ਕਾਰਨ ਹੈ। ਜਿੰਨਾਂ ਚਿਰ ਜ਼ਾਤ-ਪਾਤ ਹੈ ਓਨਾਂ ਚਿਰ ਸੰਗਠਨ ਨਹੀਂ ਹੋ ਸਕਦਾ ਅਤੇ ਜਿੰਨਾਂ ਚਿਰ ਸੰਗਠਨ ਨਹੀਂ ਹੁੰਦਾ ਉਨ੍ਹਾਂ ਚਿਰ ਹਿੰਦੂ ਕਮਜ਼ੋਰ ਅਤੇ ਨਿਮਾਣਾ ਰਹੇਗਾ। ਹਿੰਦੂ ਦਾਅਵਾ ਕਰਦੇ ਹਨ ਕਿ ਉਨ੍ਹਾਂ ਵਿਚ ਬਹੁਤ ਸਹਿਣਸ਼ੀਲਤਾ ਹੁੰਦੀ ਹੈ। ਮੇਰੀ ਰਾਇ ਵਿਚ ਇਹ ਗੱਲ ਗ਼ਲਤ ਹੈ। ਬਹੁਤ ਸਾਰੇ ਮੌਕਿਆਂ ਤੇ ਉਹ ਅਸਹਿਣਸ਼ੀਲ ਵੀ ਹੋ ਸਕਦੇ ਹਨ ਅਤੇ ਜੇਕਰ ਕੁਝ ਮੌਕਿਆਂ ਤੇ ਉਹ ਸਹਿਣਸ਼ੀਲ ਹੁੰਦੇ ਹਨ ਤਾਂ ਉਹ ਇਸ ਕਰਕੇ ਹੁੰਦੇ ਹਨ ਕਿ ਉਹ ਇਸ ਦੀ ਵਿਰੋਧਤਾ ਕਰਨ ਲਈ ਬਹੁਤ ਜ਼ਿਆਦਾ ਕਮਜ਼ੋਰ ਜਾਂ ਵਿਰੋਧਤਾ ਕਰਨ ਲਈ ਬਹੁਤ ਜ਼ਿਆਦਾ ਉਦਾਸੀਨ ਹੁੰਦੇ ਹਨ। ਹਿੰਦੂਆਂ ਦੀ ਇਹ ਉਦਾਸੀਨਤਾ ਉਨ੍ਹਾਂ ਦੇ ਸੁਭਾਅ ਦਾ ਇਸ ਹੱਦ ਤੱਕ ਹਿੱਸਾ ਬਣ ਗਈ ਹੈ ਕਿ ਹਿੰਦੂ ਇਸ ਬੇਇੱਜ਼ਤੀ ਅਤੇ ਗ਼ਲਤੀ ਨੂੰ ਚੁਪਚਾਪ ਸਹਿਣ ਕਰਦਾ ਰਹੇਗਾ। ਤੁਸੀਂ ਉਨ੍ਹਾਂ ਵਿਚ ਮੋਰਿਸ ਦੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਹੁੰਦੀ ਵੇਖਦੇ ਹੋ, "ਬਹੁਤਾ ਪੜ੍ਹਨ ਵਾਲਾ ਛੋਟਿਆਂ ਤੇ ਹਾਵੀ ਹੋ ਜਾਂਦਾ ਹੈ, ਬਲਵਾਨ ਕਮਜ਼ੋਰ ਤੇ ਹਾਵੀ ਹੋ ਜਾਂਦਾ ਹੈ, ਜ਼ਾਲਮ ਆਦਮੀ ਕਦੀ ਡਰਦਾ ਨਹੀਂ, ਦਿਆਲੂ ਆਦਮੀ ਕਦੀ ਦਲੇਰੀ ਨਹੀਂ ਕਰਦਾ ਅਤੇ ਸਿਆਣਾ ਕਦੀ ਕਿਸੇ ਦੀ ਪ੍ਰਵਾਹ ਨਹੀਂ ਕਰਦਾ।" ਹਿੰਦੂ ਦੇਵਤਿਆਂ ਵਿਚ ਇਹ ਸਾਰੀਆਂ ਚੀਜ਼ਾਂ ਨਾ ਹੋਣ ਕਰਕੇ ਹਿੰਦੂਆਂ ਵਿਚ ਗ਼ਲਤ ਅਤੇ ਦੱਬੇ ਹੋਏ ਲੋਕਾਂ ਦੀ ਤਰਸਯੋਗ ਹਾਲਤ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ। ਉਦਾਸੀਨਤਾ ਇਸ ਬਿਮਾਰੀ ਦੀ ਸਭ ਤੋਂ ਭੈੜੀ ਕਿਸਮ ਹੈ ਜੋ ਲੋਕਾਂ ਤੇ ਅਸਰ ਕਰ ਸਕਦੀ ਹੈ। ਹਿੰਦੂ ਕਿਉਂ ਇਤਨਾ ਜ਼ਿਆਦਾ ਉਦਾਸੀਨ ਹੈ। ਮੇਰੀ ਰਾਇ ਵਿਚ ਇਹ ਉਦਾਸੀਨਤਾ ਜ਼ਾਤ-ਪਾਤ ਪ੍ਰਣਾਲੀ ਦਾ ਹੀ ਨਤੀਜਾ ਹੈ ਜਿਸ ਨੇ ਸੰਗਠਨ ਅਤੇ ਸਹਿਯੋਗ ਨੂੰ ਚੰਗੇ ਕੰਮਾਂ ਲਈ ਵੀ ਅਸੰਭਵ ਬਣਾ ਦਿਤਾ ਹੈ।

## 12

ਕੋਈ ਵੀ ਸੁਧਾਰ ਤਾਂ ਸ਼ੁਰੂ ਹੁੰਦਾ ਹੈ ਜੇ ਕੋਈ ਵਿਅਕਤੀ ਆਪਣੇ ਫਿਰਕੇ ਦੇ ਲੋਕਾਂ ਅਤੇ ਸਮੁਦਾਇ ਦੀ ਤਾਕਤ ਅਤੇ ਸਮੁਦਾਇ ਦੇ ਹਿਤ ਤੋਂ ਉਪਰ ਉਠਕੇ ਉਨ੍ਹਾਂ ਤੋਂ ਆਪਣੇ ਵੱਖਰੇ

ਵਿਚਾਰਾਂ, ਧਾਰਣਾਵਾਂ, ਨਿੱਜੀ ਆਜ਼ਾਦੀ ਅਤੇ ਹਿਤ ਤੋਂ ਵੱਧ ਜ਼ੋਰ ਦਿੰਦਾ ਹੈ। ਕੀ ਇਹ ਸੁਧਾਰ ਅੱਗੇ ਜਾਰੀ ਰਹੇਗਾ, ਇਹ ਸਭ ਕੁਝ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਇਹ ਵਿਅਕਤੀ ਕਿਸ ਹੱਦ ਤੱਕ ਅਜਿਹੇ ਵਿਅਕੀਗਤ ਮੌਕੇ ਪ੍ਰਦਾਨ ਕਰਦਾ ਹੈ। ਜੇਕਰ ਵਿਅਕਤੀ ਅਜਿਹੇ ਵਿਅਕਤੀਆਂ ਨਾਲ ਲੈਣ-ਦੇਣ ਵਿਚ ਸਹਿਣਸ਼ੀਲ ਅਤੇ ਸਹੀ ਹੈ ਤਾਂ ਉਹ ਅਜਿਹੇ ਅਵਸਰਾਂ ਨੂੰ ਜਾਰੀ ਰੱਖਣਗੇ ਅਤੇ ਆਖ਼ਰਕਾਰ ਉਹ ਆਪਣੇ ਸਾਥੀਆਂ ਨੂੰ ਤਬਦੀਲ ਕਰਨ ਵਿਚ ਕਾਮਯਾਬ ਹੋ ਜਾਣਗੇ। ਦੂਸਰੇ ਪਾਸੇ ਜੇਕਰ ਸਮੁਦਾਇ ਅਸਿਹਣਸ਼ੀਲ ਹੈ ਅਤੇ ਉਨ੍ਹਾਂ ਭਾਵਨਾਵਾਂ ਦੀ ਪ੍ਰਵਾਹ ਨਹੀਂ ਕਰਦਾ ਜੋ ਇਹ ਅਜਿਹੇ ਵਿਅਕਤੀਆਂ ਨੂੰ ਦਬਾਉਣ ਲਈ ਅਪਨਾਉਂਦਾ ਹੈ ਤਾਂ ਉਹ ਖ਼ਤਮ ਹੋ ਜਾਣਗੇ ਅਤੇ ਅਜਿਹਾ ਸੁਧਾਰ ਵੀ ਉਥੇ ਹੀ ਖ਼ਤਮ ਹੋ ਜਾਵੇਗਾ। ਹੁਣ ਜ਼ਾਤ-ਪਾਤੀ ਜੁੱਟ ਨੂੰ ਕਿਸੇ ਵੀ ਅਜਿਹੇ ਵਿਅਕਤੀ ਦਾ ਜੋ ਜ਼ਾਤ-ਪਾਤ ਦੇ ਨਿਯਮਾਂ ਨੂੰ ਤੋੜਨ ਦਾ ਦੋਸ਼ੀ ਹੈ ਜਦੋਂ ਇਹ ਨਿਸ਼ਚਿਤ ਹੈ ਕਿ ਕਿਸੇ ਆਦਮੀ ਨੂੰ ਸਮਾਜ ਵਿਚੋਂ ਕੱਢਣ ਨਾਲ ਉਸ ਦੇ ਸਾਰੇ ਸਮਾਜਕ ਸਬੰਧ ਖ਼ਤਮ ਹੋ ਜਾਂਦੇ ਹਨ ਤਾਂ ਇਹ ਜਾਨਣਾ ਪਵੇਗਾ ਕਿ ਸਜ਼ਾ ਦੇ ਰੂਪ ਵਿਚ ਕਿਸੇ ਵਿਅਕਤੀ ਨੂੰ ਸਮਾਜ ਵਿਚੋਂ ਕੱਢਣਾ ਅਤੇ ਮੌਤ ਵਿਚਕਾਰ ਵਾਸਤਵ ਵਿਚ ਬਹੁਤ ਘੱਟ ਫ਼ਰਕ ਰਹਿ ਜਾਂਦਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਹਿੰਦੂਆਂ ਵਿਚ ਜ਼ਾਤ-ਪਾਤ ਦੀਆਂ ਹੱਦਾਂ ਤੋੜ ਕੇ ਆਪਣੀ ਆਜ਼ਾਦੀ ਦਾ ਅਸਰਾਰ ਕਰਨ ਦੀ ਜੁਰੱਅਤ ਨਹੀਂ ਹੈ, ਇਹ ਸੱਚ ਹੈ ਕਿ ਆਦਮੀ ਆਪਣਿਆਂ ਨਾਲ ਵੀ ਮਿਲਜੁਲ ਕੇ ਨਹੀਂ ਰਹਿ ਸਕਦਾ। ਪਰੰਤੂ ਇਹ ਵੀ ਸੱਚ ਹੈ ਕਿ ਉਹ ਇਨ੍ਹਾਂ ਤੋਂ ਬਗੈਰ ਵੀ ਨਹੀਂ ਰਹਿ ਸਕਦਾ। ਉਹ ਆਪਣੀਆਂ ਸ਼ਰਤਾਂ ਤੇ ਆਪਣੇ ਸਾਥੀਆਂ ਨਾਲ ਮੇਲ-ਜੋਲ ਰੱਖਣਾ ਚਾਹੁੰਦਾ ਹੈ। ਜੇਕਰ ਉਸਨੂੰ ਆਪਣੀਆਂ ਸ਼ਰਤਾਂ ਅਨੁਸਾਰ ਕੁਝ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਇਸ ਨੂੰ ਕਿਸੇ ਵੀ ਸ਼ਰਤ ਤੇ ਪ੍ਰਾਪਤ ਕਰਨਾ ਚਾਹੇਗਾ। ਇਥੋਂ ਤੱਕ ਕਿ ਉਹ ਮੁਕੰਮਲ ਤੌਰ ਤੇ ਹਾਰ ਤਕ ਵੀ ਮੰਨ ਲਵੇਗਾ। ਇਹ ਇਸ ਕਰਕੇ ਹੈ ਕਿ ਉਹ ਸਮਾਜ ਤੋਂ ਬਗੈਰ ਨਹੀਂ ਰਹਿ ਸਕਦਾ। ਕੋਈ ਵੀ ਜ਼ਾਤ ਕਿਸੇ ਵਿਅਕਤੀ ਦੀ ਬੇਵਸੀ ਦਾ ਫ਼ਾਇਦਾ ਉਠਾਉਣ ਲਈ ਹਮੇਸ਼ਾਂ ਤਿਆਰ ਰਹਿੰਦੀ ਹੈ ਅਤੇ ਉਸ ਵਿਅਕਤੀ ਨੂੰ ਹਰ ਪਖੋਂ ਆਪਣੇ ਰੀਤਾਂ ਰਿਵਾਜਾਂ ਵਿਚ ਮੁਕੰਮਲ ਤੌਰ ਤੇ ਇਕਰੂਪ ਹੋਣ ਲਈ ਜ਼ੋਰ ਪਾਉਂਦੀ ਹੈ। ਇਕ ਜ਼ਾਤ ਕਿਸੇ ਸੁਧਾਰਕ ਦੀ ਜ਼ਿੰਦਗੀ ਨੂੰ ਨਰਕ ਬਣਾਉਣ ਲਈ ਆਪਣੇ ਆਪ ਨੂੰ ਬੜੀ ਸੌਖੀ ਤਰ੍ਹਾਂ ਸਾਜ਼ਸ਼ ਵਿਚ ਸੰਗਠਿਤ ਕਰ ਸਕਦੀ ਹੈ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਜ਼ਾਤ-ਪਾਤ ਦੇ ਨਿਯਮਾਂ ਦੇ ਉਲਟ ਕਾਰਵਾਈ ਕਰਨ ਦੀ ਹਿੰਮਤ ਵਾਲੇ ਕਿਸੇ ਵਿਅਕਤੀ ਨੂੰ ਸਮਾਜ ਵਿਚੋਂ ਕੱਢਣ ਦੀ ਕੋਸ਼ਿਸ਼ ਕਰਨ ਵਰਗੀ ਅਜਿਹੀ ਘਟੀਆ ਕਾਰਵਾਈ ਨੂੰ ਕਾਨੂੰਨ ਅਧੀਨ ਸਜ਼ਾਯੋਗ ਅਪਰਾਧ ਕਿਉਂ ਨਹੀਂ ਬਣਾਇਆ ਜਾਣਾ ਚਾਹੀਦਾ? ਪਰੰਤੂ ਜਿਵੇਂ ਹੁਣ ਹੈ, ਕਾਨੂੰਨ ਵੀ ਹਰ ਇਕ ਜ਼ਾਤ ਨੂੰ ਆਪਣੀ ਮੈਂਬਰੀ ਨਿਯਮਿਤ ਕਰਨ ਅਤੇ ਵਿਰੋਧ ਕਰਨ ਵਾਲਿਆਂ ਨੂੰ ਸਮਾਜ ਵਿਚੋਂ ਬਾਹਰ ਕੱਢਣ ਦੀ ਸਜ਼ਾ ਦੇਣ ਲਈ ਖ਼ੁਦਮੁਖ਼ਤਾਰੀ ਦਿੰਦਾ ਹੈ। ਜਿਥੇ ਜ਼ਾਤ ਪੁਰਾਣੇ ਰੀਤਾਂ-ਰਿਵਾਜਾਂ ਨੂੰ ਮੰਨਣ ਵਾਲੀ ਹੈ ਉਥੇ ਉਹ ਜ਼ਾਤ ਸੁਧਾਰਾਂ ਦੀ ਪੈਰਵੀ ਕਰਨ ਅਤੇ ਸੁਧਾਰ ਨੂੰ ਖਤਮ ਕਰਨ ਲਈ ਜ਼ਿਆਦਾ ਸ਼ਕਤੀਸ਼ਾਲੀ ਵੀ ਹੈ।

## 13

ਹਿੰਦੂਆਂ ਦੀ ਨੈਤਿਕ ਨੀਤੀ ਅਤੇ ਆਚਾਰ ਉਤੇ ਜ਼ਾਤ ਦਾ ਅਸਰ ਆਮ ਤੌਰ ਤੇ ਤਰਯੋਗ

ਹੈ।ਜ਼ਾਤ ਨੇ ਜਨਤਕ ਜਜ਼ਬੇ ਨੂੰ ਖ਼ਤਮ ਕਰ ਦਿੱਤਾ ਹੈ।ਜ਼ਾਤ ਨੇ ਜਨਤਕ ਪ੍ਰੇਮ ਭਾਵ ਨੂੰ ਤਹਿਸ਼-ਨਹਿਸ਼ ਕਰ ਦਿੱਤਾ ਹੈ। ਜ਼ਾਤ ਨੇ ਲੋਕ ਰਾਇ ਨੂੰ ਅਸੰਭਵ ਬਣਾ ਦਿਤਾ ਹੈ, ਹਿੰਦੂਆਂ ਦੇ ਲੋਕ ਹੀ ਉਸਦੀ ਜ਼ਾਤ ਹਨ। ਹਿੰਦੂ ਦੀ ਜ਼ਿੰਮੇਵਾਰੀ ਕੇਵਲ ਉਸਦੀ ਜ਼ਾਤ ਤੇ ਹੈ, ਉਸਦੀ ਦਿਆਨਤਦਾਰੀ ਕੇਵਲ ਉਸ ਦੀ ਜ਼ਾਤ ਤੱਕ ਸੀਮਤ ਹੈ। ਨੈਤਿਕਤਾ ਜ਼ਾਤ-ਪਾਤ ਦੇ ਅਸਰ ਹੇਠ ਆ ਚੁੱਕੀ ਹੈ।ਨੇਕਨੀਤੀ ਜ਼ਾਤ-ਪਾਤ ਦੇ ਬਿਲਕੁਲ ਅਧੀਨ ਹੋ ਚੁੱਕੀ ਹੈ।ਹੱਕਦਾਰਾਂ ਵਾਸਤੇ ਕੋਈ ਹਮਦਰਦੀ ਨਹੀਂ ਹੈ। ਬਹਾਦਰੀ ਦੀ ਕੋਈ ਪ੍ਰਸੰਸਾ ਨਹੀਂ। ਲੋੜਵੰਦ ਲਈ ਕੋਈ ਦਇਆ ਨਹੀਂ। ਜੋ ਇਨ੍ਹਾਂ ਨੂੰ ਸਹਿਨ ਕਰ ਰਹੇ ਹਨ ਉਨ੍ਹਾਂ ਨੂੰ ਕੋਈ ਜਵਾਬ ਨਹੀਂ। ਨੇਕ ਨੀਤੀ ਹੈ ਪਰੰਤੂ ਇਹ ਜ਼ਾਤ-ਪਾਤ ਨਾਲ ਹੀ ਸ਼ੁਰੂ ਹੁੰਦੀ ਹੈ ਪਰੰਤੂ ਇਹ ਹਮਦਰਦੀ ਦੂਜੀ ਜ਼ਾਤ ਦੇ ਵਿਅਕਤੀਆਂ ਲਈ ਨਹੀਂ ਹੈ। ਕੋਈ ਹਿੰਦੂ ਕਿਸੇ ਮਹਾਨ ਅਤੇ ਚੰਗੇ ਆਦਮੀ ਦੀ ਅਗਵਾਈ ਨੂੰ ਮੰਨੇਗਾ ਜਾਂ ਉਸ ਦੀ ਪਾਲਣਾ ਕਰੇਗਾ। ਕਿਸੇ ਮਹਾਤਮਾ ਦੀ ਗੱਲ ਵਖਰੀ ਹੈ। ਉਤਰ ਇਹੋ ਹੋਣਾ ਚਾਹੀਦਾ ਹੈ ਕਿ ਉਹ ਤਾਂ ਉਸ ਆਗੂ ਦੇ ਪਿੱਛੇ ਲੱਗੇਗਾ ਜੇਕਰ ਉਹ ਆਦਮੀ ਉਸ ਦੀ ਜ਼ਾਤ ਦਾ ਹੈ। ਇਕ ਬ੍ਰਾਹਮਣ ਤਾਂ ਹੀ ਕਿਸੇ ਆਗੂ ਨੂੰ ਪ੍ਰਵਾਨ ਕਰੇਗਾ ਜੇਕਰ ਉਹ ਆਗੂ ਬ੍ਰਾਹਮਣ ਹੈ।ਕਾਇਸਥ ਤਾਂ ਹੀ ਮੰਨੇਗਾ ਜੇਕਰ ਉਹ ਆਗੂ ਕਾਇਸਥ ਜ਼ਾਤ ਦਾ ਹੈ ਅਤੇ ਇਸੇ ਤਰ੍ਹਾਂ ਹੋਰ।ਆਪਣੀ ਜ਼ਾਤ ਤੋਂ ਇਲਾਵਾ ਕਿਸੇ ਹੋਰ ਆਦਮੀ ਦੇ ਗੁਣਾਂ ਦੀ ਪ੍ਰਸੰਸਾ ਕਰਨ ਦੀ ਸਮਰੱਥਾ ਹਿੰਦੂਆਂ ਵਿਚ ਨਹੀਂ ਹੈ। ਕਿਸੇ ਵਿਅਕਤੀ ਦੀ ਨੈਤਿਕਤਾ ਦੀ ਸ਼ਲਾਘਾ ਤਾਂ ਹੀ ਹੋ ਸਕਦੀ ਹੈ ਜੇਕਰ ਉਹ ਆਦਮੀ ਉਨ੍ਹਾਂ ਦੀ ਆਪਣੀ ਜ਼ਾਤ ਦਾ ਹੈ। ਇਹ ਸਾਰੀ ਨੈਤਿਕਤਾ ਉਤਨੀ ਹੀ ਭੈੜੀ ਹੈ ਜਿਤਨੀ ਕਿ ਕਬੀਲੇ ਦੀ ਨੈਤਿਕਤਾ।ਮੇਰੀ ਜ਼ਾਤ ਦਾ ਆਦਮੀ, ਸਹੀ ਹੈ ਜਾਂ ਗ਼ਲਤ, ਮੇਰੀ ਜ਼ਾਤ ਦਾ ਆਦਮੀ ਚੰਗਾ ਹੈ ਜਾਂ ਭੈੜਾ, ਇਹ ਨੈਤਿਕਤਾ ਜਾਂ ਲੋਕ ਰਾਇ ਦਾ ਸਾਥ ਦੇਣ ਦੀ ਗੱਲ ਨਹੀਂ ਹੈ। ਇਹ ਜ਼ਾਤ-ਪਾਤ ਦਾ ਸਾਥ ਦੇਣ ਜਾਂ ਸਾਥ ਨਾ ਦੇਣ ਦੀ ਗੱਲ ਹੈ। ਕੀ ਹਿੰਦੂਆਂ ਨੇ ਆਪਣੀ ਜ਼ਾਤ ਦੇ ਹਿਤ ਵਿਚ ਆਪਣੇ ਦੇਸ਼ ਵਿਰੁੱਧ ਬਗ਼ਾਵਤ ਨਹੀਂ ਕੀਤੀ?

## 14

ਇਹ ਮੇਰੇ ਲਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ, ਜੇਕਰ ਤੁਹਾਡੇ ਵਿਚੋਂ ਕਈ ਇਨ੍ਹਾਂ ਦੁਖਦਾਈ ਪ੍ਰਭਾਵਾਂ, ਜੋ ਇਸ ਜ਼ਾਤ-ਪਾਤ ਨੇ ਪੈਦਾ ਕੀਤੇ ਹਨ, ਦੇ ਅਕਾਊ ਬਿਰਤਾਂਤ ਨੂੰ ਸੁਣਾ ਸੁਣਾ ਕੇ ਥੱਕ ਗਏ ਹੋਣ। ਇਸ ਵਿਚ ਕੋਈ ਨਵੀਂ ਗੱਲ ਨਹੀਂ ਹੈ। ਇਸ ਲਈ ਮੈਂ ਹੁਣ ਇਸ ਸਮੱਸਿਆ ਦੇ ਉਸਾਰੂ ਪੱਖ ਵੱਲ ਆਉਂਦਾ ਹਾਂ। ਜੇਕਰ ਤੁਸੀਂ ਉਪਰ ਚਰਚਾ ਚਲ ਰਹੀ ਜ਼ਾਤ-ਪਾਤ ਨੂੰ ਨਹੀਂ ਚਾਹੁੰਦੇ ਤਾਂ ਤੁਹਾਡਾ ਆਦਰਸ਼ ਸਮਾਜ ਕੀ ਹੈ? ਇਹ ਪ੍ਰਸ਼ਨ ਤੁਹਾਡੇ ਤੋਂ ਪੁਛਿਆ ਹੀ ਜਾਣਾ ਹੈ। ਜੇਕਰ ਤੁਸੀਂ ਮੇਰੇ ਤੋਂ ਪੁੱਛੋ ਤਾਂ ਮੇਰਾ ਆਦਰਸ਼ ਉਹ ਸਮਾਜ ਹੋਵੇਗਾ ਜੋ ਆਜ਼ਾਦੀ, ਬਰਾਬਰੀ ਅਤੇ ਭਰਾਤਰੀ ਭਾਵ ਤੇ ਆਧਾਰਿਤ ਹੋਵੇਗਾ। ਅਤੇ ਹੋਵੇ ਵੀ ਕਿਉਂ ਨਾ? ਭਰਾਤਰੀਭਾਵ ਹੋਣ ਤੇ ਇਤਰਾਜ਼ ਵੀ ਕੀ ਹੋ ਸਕਦਾ ਹੈ? ਮੈਂ ਅਜਿਹੀ ਕੋਈ ਵੀ ਕਲਪਨਾ ਨਹੀਂ ਕਰ ਸਕਦਾ। ਆਦਰਸ਼ ਸਮਾਜ ਨੂੰ ਗਤੀਸ਼ੀਲ ਹੋਣਾ ਚਾਹੀਦਾ ਹੈ, ਇਸ ਵਿਚ ਕਿਸੇ ਇਕ ਹਿੱਸੇ ਵਿਚ ਹੋਈ ਤਬਦੀਲੀ ਨੂੰ ਦੂਜੇ ਹਿੱਸਿਆਂ ਵਿਚ ਪਹੁੰਚਾਉਣ ਲਈ ਪੂਰੇ ਸਾਧਨ ਹੋਣੇ ਚਾਹੀਦੇ ਹਨ। ਇਕ ਆਦਰਸ਼ ਸਮਾਜ ਵਿਚ ਬਹੁਤ ਸਾਰੇ ਹਿਤ ਹੋਣੇ ਚਾਹੀਦੇ ਹਨ ਜਿਨ੍ਹਾਂ ਦਾ ਬੜੀ ਸੂਝ ਨਾਲ ਸੰਚਾਰ ਕੀਤਾ ਜਾਣਾ ਚਾਹੀਦਾ ਅਤੇ ਉਨ੍ਹਾਂ ਵਿਚ ਭਾਈਵਾਲ ਬਣਨਾ ਚਾਹੀਦਾ, ਕਿਸੇ

ਸੰਸਥਾ ਦੇ ਹੋਰ ਰੀਤੀ-ਰਿਵਾਜਾਂ ਨਾਲ ਸੰਪਰਕ ਦੇ ਵਿਭਿੰਨ ਅਤੇ ਸਵਤੰਤਰ ਨੁਕਤੇ ਹੋਣੇ ਚਾਹੀਦੇ ਹਨ। ਦੂਜੇ ਸ਼ਬਦਾਂ ਵਿਚ, ਸਮਾਜਕ ਭਾਈਚਾਰੇ ਦਾ ਹੋਣਾ ਜ਼ਰੂਰੀ ਹੈ। ਇਹ ਕੇਵਲ ਇਕ ਭਾਈਚਾਰਾ ਹੀ ਹੈ ਜੋ ਲੋਕਤੰਤਰ ਦਾ ਕੇਵਲ ਦੂਜਾ ਨਾਂ ਹੈ। ਲੋਕਰਾਜ ਹੀ ਕੇਵਲ ਸਰਕਾਰ ਦਾ ਰੂਪ ਨਹੀਂ ਹੈ। ਇਹ ਸੰਯੁਕਤ ਤਜਰਬੇ ਦਾ ਆਪਸ ਵਿਚ ਮਿਲ-ਜੁਲਕੇ ਰਹਿਣ ਦਾ ਇਕ ਮੁੱਢਲਾ ਢੰਗ ਹੈ। ਇਹ ਜ਼ਰੂਰੀ ਤੌਰ ਤੇ ਆਪਣੇ ਸਾਥੀਆਂ ਪ੍ਰਤੀ ਇੱਜ਼ਤ ਅਤੇ ਸਤਿਕਾਰ ਦਾ ਰੁਝਾਨ ਹੈ। ਕੀ ਆਜ਼ਾਦੀ ਬਾਰੇ ਕੋਈ ਇਤਰਾਜ਼ ਹੈ? ਆਜ਼ਾਦੀ ਨਾਲ ਚਲਣ ਫਿਰਨ ਦੇ ਅਧਿਕਾਰ ਦੀ ਭਾਵਨਾ ਅਤੇ ਜੀਵਨ ਜੀਊਣ ਦੇ ਅਧਿਕਾਰ ਦੀ ਭਾਵਨਾ ਵੱਲ ਕੁਝ ਹੀ ਲੋਕ ਆਜ਼ਾਦੀ ਸਬੰਧੀ ਇਤਬਾਰ ਉਠਾਉਂਦੇ ਹਨ। ਆਪਣੇ ਸਰੀਰ ਨੂੰ ਸਹੀ ਰੱਖਣ ਲਈ ਆਪਣੀ ਰੋਜ਼ੀ ਕਮਾਉਣ ਲਈ ਜਾਇਦਾਦ, ਸੰਦਾਂ ਅਤੇ ਸਮੱਗਰੀਆਂ ਦੇ ਜ਼ਰੂਰੀ ਹੋਣ ਕਰਕੇ ਇਨ੍ਹਾਂ ਦੇ ਅਧਿਕਾਰ ਦੀ ਭਾਵਨਾ ਵਿਚ ਆਜ਼ਾਦੀ ਪ੍ਰਤੀ ਕੋਈ ਵੀ ਇਤਰਾਜ਼ ਨਹੀਂ ਹੈ। ਕਿਸੇ ਵਿਕਅਤੀ ਦੀਆਂ ਸ਼ਕਤੀਆਂ ਦੀ ਅਸਰਦਾਰ ਅਤੇ ਸਮਰੱਥ ਵਰਤੋਂ ਕਰਕੇ ਇਸ ਦਾ ਲਾਭ ਉਠਾਉਣ ਲਈ ਆਜ਼ਾਦੀ ਦੀ ਇਜਾਜ਼ਤ ਦੇਣਗੇ ਉਹ ਲੋਕ ਇਸ ਭਾਵਨਾ ਨਾਲ ਆਜ਼ਾਦੀ ਨੂੰ ਆਪਣੀ ਖੁਸ਼ੀ ਨਾਲ ਸਹਿਮਤੀ ਨਹੀਂ ਦੇਣਗੇ ਕਿਉਂਕਿ ਇਸ ਵਿਚ ਕਿਸੇ ਦੇ ਕਿੱਤੇ ਦੀ ਚੋਣ ਕਰਨ ਦੀ ਆਜ਼ਾਦੀ ਸ਼ਾਮਲ ਹੈ। ਪਰੰਤੂ ਇਸ ਤਰ੍ਹਾਂ ਦੀ ਆਜ਼ਾਦੀ ਲਈ ਇਤਰਾਜ਼ ਕਰਨਾ ਗੁਲਾਮੀ ਕਾਇਮ ਕਰਨਾ ਹੈ। ਗੁਲਾਮੀ ਦਾ ਭਾਵ ਕੇਵਲ ਅਧੀਨਤਾ ਦਾ ਕਾਨੂੰਨੀ ਰੂਪ ਹੀ ਨਹੀਂ ਹੈ। ਇਸ ਤੋਂ ਭਾਵ ਹੈ ਉਹ ਸਮਾਜ ਜਿਸ ਵਿਚ ਕੁਝ ਵਿਅਕਤੀਆਂ ਨੂੰ ਹੋਰ ਮਕਸਦਾਂ ਜੋ ਉਨ੍ਹਾਂ ਦੇ ਆਚਰਣ ਨੂੰ ਨਿਯੰਤਰਿਤ ਕਰਦੇ ਹਨ, ਨੂੰ ਪ੍ਰਵਾਨ ਕਰਨ ਲਈ ਮਜਬੂਰ ਕੀਤਾ ਜਾਣਾ । ਇਹ ਸ਼ਰਤ ਉਥੇ ਵੀ ਲਾਗੂ ਹੁੰਦੀ ਹੈ ਜਿਥੇ ਕਾਨੂੰਨੀ ਭਾਵਨਾ ਵਿਚ ਗੁਲਾਮੀ ਨਹੀਂ ਹੁੰਦੀ। ਇਹ ਉਥੇ ਪਾਇਆ ਗਿਆ ਹੈ ਜਿਥੇ ਕਿ ਜ਼ਾਤ-ਪਾਤ ਪ੍ਰਣਾਲੀ ਵਿਚ ਹੈ। ਕੁਝ ਵਿਅਕਤੀਆਂ ਨੂੰ ਅਜਿਹੇ ਨਿਸ਼ਚਿਤ ਕੰਮ ਕਾਰ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜੋ ਉਨ੍ਹਾਂ ਦੀ ਪਸੰਦ ਦੇ ਨਹੀਂ ਹੁੰਦੇ, ਬਰਾਬਰੀ ਨੂੰ ਕੋਈ ਇਤਰਾਜ਼ ਹੈ? ਇਹ ਸਪੱਸ਼ਟ ਤੌਰ ਤੇ ਫ਼ਰਾਂਸੀਸੀ ਕ੍ਰਾਂਤੀ ਦੇ ਨਾਅਰੇ ਦਾ ਬਹੁਤ ਹੀ ਵਿਵਾਦਪੂਰਨ ਹਿੱਸਾ ਰਿਹਾ ਹੈ। ਬਰਾਬਰੀ ਪ੍ਰਤੀ ਇਤਰਾਜ਼ ਚੰਗੇ ਵੀ ਹੋ ਸਕਦੇ ਹਨ ਅਤੇ ਹਰ ਇਕ ਨੂੰ ਇਹ ਮੰਨਣਾ ਪਵੇਗਾ ਕਿ ਸਾਰੇ ਆਦਮੀ ਬਰਾਬਰ ਨਹੀਂ ਹੁੰਦੇ। ਪਰੰਤੂ ਫਿਰ ਕੀ ਹੋਇਆ? ਬਰਾਬਰੀ ਇਕ ਕਲਪਨਾ ਹੋ ਸਕਦੀ ਹੈ, ਕਿਸੇ ਵਿਅਕਤੀ ਦੀ ਸ਼ਕਤੀ ਇਨ੍ਹਾਂ ਗੱਲਾਂ ਤੇ ਨਿਰਭਰ ਕਰਦੀ ਹੈ : (1) ਉਸ ਦੀ ਸਰੀਰਕ ਵਿਰਾਸਤ (2) ਪੈਤਰਿਕ ਪਰਵਰਿਸ਼, ਵਿਦਿਆ, ਵਿਗਿਆਨਕ ਗਿਆਨ ਨੂੰ ਸੰਕਲਿਤ ਕਰਨ, ਕੋਈ ਵੀ ਚੀਜ਼ ਜੋ ਉਸਨੂੰ ਅਸੱਭਿਆ ਹੋਣ ਦੀ ਬਜਾਏ ਹੋਰ ਕੁਸ਼ਲ ਅਤੇ ਅਖ਼ੀਰ ਵਿਚ (3) ਆਪਣੀ ਖੁਦ ਕੋਸ਼ਿਸ਼। ਇਨ੍ਹਾਂ ਸਾਰੇ ਤਿੰਨ ਪਹਿਲੂਆਂ ਵਿਚ ਆਦਮੀ ਬਿਨਾਂ ਸ਼ੱਕ ਬਰਾਬਰ ਨਹੀਂ ਹੈ। ਪਰੰਤੂ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਉਨ੍ਹਾਂ ਨੂੰ ਬਰਾਬਰ ਸਮਝਾਂਗੇ ਕਿਉਂਕਿ ਉਹ ਬਰਾਬਰ ਨਹੀਂ ਹਨ? ਇਹ ਉਹ ਪ੍ਰਸ਼ਨ ਹੈ ਜਿਸ ਦਾ ਬਰਾਬਰੀ ਦਾ ਵਿਰੋਧ ਕਰਨ ਵਾਲਿਆਂ ਨੂੰ ਜਵਾਬ ਦੇਣਾ ਚਾਹੀਦਾ ਹੈ। ਵਿਅਕਤੀਵਾਦੀ ਦੇ ਨਜ਼ਰੀਏ ਤੋਂ ਅਦਾਮੀਆਂ ਨੂੰ ਨਾ ਬਰਾਬਰ ਸਮਝਣਾ ਉਚਿਤ ਹੋਵੇਗਾ ਕਿਉਂਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਬਰਾਬਰ ਨਹੀਂ ਹਨ। ਹਰ ਇਕ ਦੀਆਂ ਸ਼ਕਤੀਆਂ ਦੇ ਪੂਰੇ ਵਿਕਾਸ ਲਈ ਜਿੰਨਾਂ ਵੀ ਸੰਭਵ ਹੋ ਸਕੇ ਉਤਨਾ ਹੀ ਉਤਸ਼ਾਹ ਦੇਣਾ ਉਚਿਤ ਹੋ ਸਕਦਾ ਹੈ। ਪਰੰਤੂ ਫਿਰ ਕੀ ਹੋਵੇਗਾ ਜੇਕਰ ਸਾਰੇ ਆਦਮੀਆਂ ਨੂੰ ਨਾ-ਬਰਾਬਰ ਸਮਝਿਆ

ਜਾਵੇ? ਪਹਿਲੇ ਦੋ ਪਹਿਲੂਆਂ ਵਿਚ ਉਨ੍ਹਾਂ ਨੂੰ ਇਸ ਬਾਰੇ ਦੱਸਿਆ ਗਿਆ ਹੈ। ਇਹ ਸਪਸ਼ਟ ਹੈ ਕਿ ਉਹ ਵਿਅਕਤੀ ਜਿਨ੍ਹਾਂ ਦੇ ਹੱਕ ਵਿਚ ਜਨਮ, ਵਿਦਿਆ, ਪਰਿਵਾਰਕ ਨਾਮ, ਕੰਮ-ਕਾਰ ਸਬੰਧੀ ਸਬੰਧ ਅਤੇ ਵਿਰਾਸਤੀ ਜਾਇਦਾਦ ਹੈ, ਉਹ ਇਸ ਦੌੜ ਵਿਚ ਚੁਣੇ ਜਾਣਗੇ, ਪਰੰਤੂ ਅਜਿਹੇ ਹਾਲਾਤ ਅਧੀਨ ਚੋਣ ਯੋਗ ਵਿਅਕਤੀਆਂ ਦੀ ਚੋਣ ਨਹੀਂ ਹੋਵੇਗੀ, ਇਸ ਲਈ ਉਹ ਕਾਰਨ ਜੋ ਮਜਬੂਰ ਕਰਦਾ ਹੈ ਕਿ ਤੀਜੇ ਪਹਿਲੂ ਵਿਚ ਸਾਨੂੰ ਆਦਮੀਆਂ ਨੂੰ ਨਾ-ਬਰਾਬਰ ਸਮਝਣਾ ਚਾਹੀਦਾ ਹੈ ਉਹ ਮੰਗ ਕਰਦਾ ਹੈ ਕਿ ਪਹਿਲੇ ਦੋ ਪਹਿਲੂਆਂ ਵਿਚ ਸਾਨੂੰ ਜਿਥੋਂ ਤੱਕ ਸੰਭਵ ਹੋ ਸਕੇ ਆਦਮੀਆਂ ਨੂੰ ਬਰਾਬਰ ਸਮਝਣਾ ਚਾਹੀਦਾ ਹੈ। ਦੂਜੇ ਪਾਸੇ ਇਹ ਵੀ ਮੰਗ ਕੀਤੀ ਜਾ ਸਕਦੀ ਹੈ ਕਿ ਜੇਕਰ ਇਸ ਦੇ ਮੈਂਬਰਾਂ ਵਿਚੋਂ ਬਹੁਤਿਆਂ ਨੂੰ ਪ੍ਰਾਪਤ ਕਰਨਾ ਸਮਾਜਕ ਸੰਸਥਾ ਲਈ ਚੰਗਾ ਹੈ ਤਾਂ ਇਹ ਦੌੜ ਦੇ ਸ਼ੁਰੂ ਹੋਣ ਤੇ, ਜਿਥੋਂ ਤੱਕ ਸੰਭਵ ਹੋ ਸਕੇ, ਕੇਵਲ ਉਹਨਾਂ ਸਾਰਿਆਂ ਨੂੰ ਬਰਾਬਰ ਕਰਕੇ ਹੀ ਉਹਨਾਂ ਵਿਚੋਂ ਬਹੁਤਿਆਂ ਨੂੰ ਪ੍ਰਾਪਤ ਕਰ ਸਕਦੇ ਹਨ। ਇਹੀ ਇਕ ਸਾਧਨ ਹੈ ਕਿ ਅਸੀਂ ਬਰਾਬਰੀ ਤੋਂ ਕਿਉਂ ਨਹੀਂ ਬਚ ਸਕੇ। ਪਰੰਤੂ ਇਕ ਹੋਰ ਕਾਰਨ ਹੈ ਕਿ ਸਾਨੂੰ ਬਰਾਬਰੀ ਨੂੰ ਕਿਉਂ ਮੰਨਣਾ ਜ਼ਰੂਰੀ ਹੈ, ਇਕ ਨੀਤੀਵਾਨ ਬਹੁਤ ਸਾਰੇ ਲੋਕਾਂ ਨਾਲ ਸਬੰਧਤ ਹੁੰਦਾ ਹੈ, ਉਸ ਪਾਸ ਲੋਕਾਂ ਵਿਚ ਫਰਕ ਕਢਣ ਅਤੇ ਜ਼ਰੂਰਤ ਅਨੁਸਾਰ ਜਾਂ ਸਮਰੱਥਾ ਅਨੁਸਾਰ ਇਕ ਨੂੰ ਬਰਾਬਰ ਸਮਝਣ ਲਈ ਨਾ ਤਾਂ ਸਮਾਂ ਹੈ ਅਤੇ ਨਾ ਹੀ ਗਿਆਨ। ਔਪਰ ਆਦਮੀਆਂ ਨੂੰ ਉਚਿਤ ਜਾਂ ਵਾਜਬ ਤੌਰ ਤੇ ਬਰਾਬਰ ਸਮਝਿਆ ਜਾਵੇ। ਪਰੰਤੂ ਮਾਨਵੀ ਪੱਖ ਉਨ੍ਹਾਂ ਨੂੰ ਵੰਡਣ ਅਤੇ ਉਨ੍ਹਾਂ ਦਾ ਵਰਗੀਕਰਣ ਕਰਨ ਦੇ ਹੱਕ ਵਿਚ ਨਹੀਂ ਹੈ। ਇਸ ਲਈ ਨੀਤੀਵਾਨ ਨੂੰ ਕੁਝ ਕੰਮ ਚਲਾਊ ਅਤੇ ਤਿਆਰ-ਬਰ-ਤਿਆਰ ਨਿਯਮ ਅਪਨਾਉਣੇ ਚਾਹੀਦੇ ਹਨ। ਇਹ ਜਿਹੜਾ ਕੰਮ ਚਲਾਊ ਅਤੇ ਤਿਆਰ-ਬਰ-ਤਿਆਰ ਨਿਯਮ ਹੈ ਉਸ ਅਨੁਸਾਰ ਸਾਰੇ ਆਦਮੀਆਂ ਨੂੰ ਇਸ ਕਰਕੇ ਬਰਾਬਰ ਨਹੀਂ ਸਮਝਣਾ ਹਾਂਦਾ ਕਿ ਉਹ ਬਰਾਬਰ ਹਨ ਪਰੰਤੂ ਇਸ ਕਰਕੇ ਕਿਉਂਕਿ ਉਨ੍ਹਾਂ ਦਾ ਵਰਗੀਕਰਣ ਅਤੇ ਵੰਡ ਅਸੰਭਵ ਹੈ। ਬਰਾਬਰੀ ਦਾ ਸਿਧਾਂਤ ਬਹੁਤ ਹੀ ਭੁਲੇਖਾ ਪਾਊ ਹੈ। ਫਿਰ ਵੀ ਇਨ੍ਹਾਂ ਸਭ ਪੱਖਾਂ ਤੋਂ ਵੇਖਦਿਆਂ ਇਹੋ ਹੀ ਤਰੀਕਾ ਹੈ ਜਿਸ ਅਨੁਸਾਰ ਕੋਈ ਨੀਤੀਵਾਨ ਸਿਆਸਤ ਵਿਚ ਚਲ ਸਕਦਾ ਹੈ ਅਤੇ ਵਾਸਤਵ ਵਿਚ ਇਹ ਇਕ ਬਹੁਤ ਔਖਾ ਕੰਮ ਹੈ ਅਤੇ ਇਸ ਵਿਚ ਬਹੁਤ ਹੀ ਸਹੀ ਪਰਖ ਦੀ ਲੋੜ ਹੈ।

## 15

ਕੁਝ ਐਸੇ ਸੁਧਾਰਕ ਹਨ ਜੋ ਆਪਣੇ ਵੱਖਰੇ ਆਦਰਸ਼ ਉਤੇ ਕਾਇਮ ਹਨ। ਉਹ ਆਰੀਆ ਸਮਾਜੀਆਂ ਦੇ ਨਾਂ ਨਾਲ ਚਲਦੇ ਹਨ ਉਹ ਸਮਾਜਕ ਸੰਗਠਨ ਜੋ ਉਨ੍ਹਾਂ ਦਾ ਆਦਰਸ਼ ਹੈ ਉਸ ਨੂੰ ਚਤਰਵਰਣ ਜਾਂ ਚਾਰ ਹਜ਼ਾਰ ਜ਼ਾਤਾਂ ਜੋ ਇਸ ਸਮੇਂ ਭਾਰਤ ਵਿਚ ਹਨ, ਦੀ ਬਜਾਏ ਸਮਾਜ ਦੀਆਂ ਚਾਰ ਸ਼੍ਰੇਣੀਆਂ ਵਿਚ ਵੰਡ ਕਹਿੰਦੇ ਹਨ। ਇਸਨੂੰ ਹੋਰ ਆਕਰਸ਼ਿਤ ਬਣਾਉਣ ਅਤੇ ਵਿਰੋਧੀ ਨੂੰ ਨਿਹੱਥਾ ਕਰਨ ਲਈ ਚਤਰਵਰਣ ਦੇ ਹਮਾਇਤੀ ਇਸ ਨੁਕਤੇ ਦਾ ਬਹੁਤ ਧਿਆਨ ਰੱਖਦੇ ਹਨ ਕਿ ਉਨ੍ਹਾਂ ਦਾ ਚਤਰਵਰਣ ਜਨਮ ਤੇ ਨਹੀਂ ਪਰੰਤੂ ਗੁਣਾਂ ਤੇ ਆਧਾਰਿਤ ਹੈ। ਸ਼ੁਰੂ ਵਿਚ, ਮੈਨੂੰ ਇਹ ਮੰਨਣਾ ਪਵੇਗਾ ਕਿ ਇਸ ਚਤਰਵਰਣ ਦੇ ਗੁਣਾਂ ਤੇ ਆਧਾਰਤ ਹੁੰਦੇ ਹੋਇਆਂ ਵੀ ਇਹ ਇਕ ਆਦਰਸ਼ ਹੈ ਜਿਸ ਨਾਲ ਮੈਂ ਖੁਦ ਰਜ਼ਾਮੰਦ ਨਹੀਂ ਹੋ ਸਕਦਾ। ਪਹਿਲੀ ਵਾਰ, ਜੇਕਰ ਆਰੀਆ ਸਮਾਜੀਆਂ ਦੇ ਚਤਰਵਰਣ ਅਧੀਨ ਕਿਸੇ ਵਿਅਕਤੀ ਨੇ ਆਪਣੇ ਗੁਣਾਂ

ਅਨੁਸਾਰ ਹਿੰਦੂ ਸਮਾਜ ਵਿਚ ਜਗ੍ਹਾ ਪ੍ਰਾਪਤ ਕਰਨੀ ਹੈ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਆਰੀਆ ਸਮਾਜੀ ਆਦਮੀਆਂ ਨੂੰ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਵਜੋਂ ਨਾਂ ਦੇਣ ਤੇ ਕਿਉਂ ਬਜ਼ਿਦ ਹਨ। ਇਕ ਨੀਤੀਵਾਨ ਵਿਅਕਤੀ ਨੂੰ ਬਿਨਾਂ ਬ੍ਰਾਹਮਣ ਕਹੇ ਉਸਦਾ ਸਨਮਾਨ ਕੀਤਾ ਜਾਵੇਗਾ, ਇਕ ਸਿਪਾਹੀ ਨੂੰ ਬਿਨਾਂ ਖਤਰੀ ਕਹੇ ਉਸ ਦਾ ਸਨਮਾਨ ਕੀਤਾ ਜਾਵੇਗਾ। ਜੇਕਰ ਯੂਰਪੀ ਸਮਾਜ ਆਪਣੇ ਸਿਪਾਹੀਆਂ ਅਤੇ ਸੇਵਾਦਾਰਾਂ ਨੂੰ ਕੋਈ ਪੱਕਾ ਨਾ ਦਿਤੇ ਬਗੈਰ ਸਨਮਾਨਿਤ ਕਰ ਸਕਦਾ ਹੈ ਤਾਂ ਹਿੰਦੂ ਸਮਾਜ ਨੂੰ ਅਜਿਹਾ ਕਰਨ ਵਿਚ ਕੀ ਮੁਸ਼ਕਲ ਹੈ ਜਿਸ ਬਾਰੇ ਆਰੀਆ ਸਮਾਜੀਆਂ ਨੇ ਵਿਚਾਰ ਕਰਨ ਲਈ ਅਜੇ ਤੱਕ ਪ੍ਰਵਾਹ ਨਹੀਂ ਕੀਤੀ। ਅਜਿਹੇ ਨਾਂ ਦੇਣ ਨੂੰ ਜਾਰੀ ਰੱਖਣ ਸਬੰਧੀ ਇਕ ਹੋਰ ਵੀ ਇਤਰਾਜ਼ ਹੈ। ਸਾਰਾ ਸੁਧਾਰ ਆਦਮੀਆਂ ਅਤੇ ਚੀਜ਼ਾਂ ਪ੍ਰਤੀ ਲੋਕਾਂ ਦੇ ਖ਼ਿਆਲਾਂ, ਵਿਚਾਰਾਂ ਅਤੇ ਮਾਨਸਿਕ ਝੁਕਾਵਾਂ ਵਿਚ ਤਬਦੀਲੀ ਤੇ ਨਿਰਭਰ ਹੈ। ਇਹ ਇਕ ਆਮ ਤਜਰਬਾ ਹੈ ਕਿ ਕੁਝ ਲੋਕ ਖਿਆਲਾਂ ਅਤੇ ਵਿਚਾਰਾਂ ਨਾਲ ਜੁੜ ਜਾਂਦੇ ਹਨ ਜੋ ਆਦਮੀਆਂ ਅਤੇ ਚੀਜ਼ਾਂ ਪ੍ਰਤੀ ਕਿਸੇ ਵਿਅਕਤੀ ਦੇ ਝੁਕਾਅ ਨੂੰ ਨਿਸ਼ਚਿਤ ਕਰਦੇ ਹਨ। ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਅਜਿਹੇ ਨਾਂ ਹਨ ਜੋ ਹਰ ਇਕ ਹਿੰਦੂ ਦੇ ਮਨ ਵਿਚ ਪੱਕੇ ਅਤੇ ਨਿਸ਼ਚਿਤ ਖਿਆਲਾਂ ਵਜੋਂ ਵਸੇ ਹੋਏ ਹਨ, ਇਹ ਖਿਆਲ ਜਨਮ ਤੇ ਆਧਾਰਿਤ ਧਰਮ ਸ਼ਾਸਨ ਦਾ ਖਿਆਲ ਹੈ। ਜਿੰਨਾਂ ਚਿਰ ਇਹ ਨਾਂ ਰਹਿਣਗੇ ਉਨਾਂ ਚਿਰ ਹਿੰਦੂ, ਜਨਮ ਤੇ ਆਧਾਰਿਤ ਉਚੇ ਅਤੇ ਨੀਵੇਂ ਦੀਆਂ ਧਰਮ ਵੰਡਾਂ ਵਜੋਂ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰਾਂ ਬਾਰੇ ਸੋਚਦੇ ਰਹਿਣਗੇ ਅਤੇ ਇਸੇ ਅਨੁਸਾਰ ਕੰਮ-ਕਾਰ ਕਰਦੇ ਰਹਿਣਗੇ। ਹਿੰਦੂ ਨੂੰ ਇਹ ਸਭ ਕੁਝ ਭੁੱਲ ਜਾਣਾ ਚਾਹੀਦਾ ਹੈ। ਪਰੰਤੂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਜੇਕਰ ਇਹ ਪੁਰਾਣੇ ਨਾਂ ਚਲਦੇ ਰਹਿਣਗੇ ਅਤੇ ਉਨ੍ਹਾਂ ਦੇ ਮਨਾਂ ਵਿਚ ਪੁਰਾਣੇ ਖ਼ਿਆਲਾਂ ਦੀ ਯਾਦ ਦਿਵਾਉਂਦੇ ਰਹਿਣਗੇ। ਜੇਕਰ ਲੋਕਾਂ ਦੇ ਮਨਾਂ ਵਿਚ ਇਹ ਨਵੇਂ ਖ਼ਿਆਲ ਵਸਾਉਣੇ ਹਨ ਤਾਂ ਇਨ੍ਹਾਂ ਨੂੰ ਨਵੇਂ ਨਾਂ ਦੇਣਾ ਜ਼ਰੂਰੀ ਹੋਵੇਗਾ। ਪੁਰਾਣੇ ਨਾਂ ਨੂੰ ਜਾਰੀ ਰੱਖਣ ਨਾਲ ਸੁਧਾਰ ਬਿਲਕੁਲ ਫਜ਼ੂਲ ਹੋ ਜਾਵੇਗਾ। ਗੁਣਾਂ ਤੇ ਆਧਾਰਿਤ ਇਸ ਚਤਰਵਰਣ ਜਿਸਨੂੰ ਬ੍ਰਾਹਮਣ, ਵੈਸ਼, ਸ਼ੂਦਰ ਜੋ ਜਨਮ ਤੇ ਆਧਾਰਿਤ ਸਮਾਜਕ ਵੰਡਾਂ ਦੇ ਸੂਚਕ ਹਨ, ਦੇ ਅਜਿਹੇ ਭੈੜੇ ਨਾਂ ਦੇਣ ਦੀ ਇਜਾਜ਼ਤ ਦੇਣਾ ਆਪਣੇ ਆਪ ਨੂੰ ਧੋਖੇ ਵਿਚ ਪਾਉਣ ਵਾਲੀ ਗੱਲ ਹੈ।

## 16

ਮੇਰੇ ਲਈ ਇਹ ਪੁਰਾਣੇ ਨਾਵਾਂ ਵਾਲਾ ਚਤਰਵਰਣ ਬਹੁਤ ਹੀ ਘ੍ਰਿਣਾਜਨਕ ਹੈ ਅਤੇ ਮੈਂ ਇਨ੍ਹਾਂ ਨਾਵਾਂ ਦੇ ਬਿਲਕੁਲ ਉਲਟ ਹਾਂ। ਪਰੰਤੂ ਮੈਂ ਚਤਰਵਰਣ ਪ੍ਰਤੀ ਆਪਣੇ ਇਤਰਾਜ਼, ਨੂੰ ਕੇਵਲ ਵਿਚਾਰਾਂ ਦੇ ਆਧਾਰਾਂ ਤੇ ਨਹੀਂ ਛੱਡਦਾ। ਹੋਰ ਵੀ ਠੋਸ ਆਧਾਰ ਹਨ ਜਿਨ੍ਹਾਂ ਤੇ ਮੈਂ ਆਪਣੀ ਵਿਰੋਧਤਾ ਦਾ ਵਿਸ਼ਵਾਸ ਰੱਖਦਾ ਹਾਂ। ਇਸ ਆਦਰਸ਼ ਦੀ ਬਹੁਤ ਨੇੜੇ ਤੋਂ ਜਾਂਚ-ਪੜਤਾਲ ਕਰਨ ਤੇ ਮੈਨੂੰ ਨਿਸਚਾ ਹੋਇਆ ਹੈ ਕਿ ਸਮਾਜ ਸੰਗਠਨ ਦੀ ਪ੍ਰਣਾਲੀ ਵਜੋਂ ਚਤਰਵਰਣ ਅਵਿਹਾਰਿਕ ਅਤੇ ਨੁਕਸਾਨਦਾਇਕ ਹੈ ਅਤੇ ਇਹ ਬੜੀ ਬੁਰੀ ਤਰ੍ਹਾਂ ਫ਼ੇਲ ਹੋਇਆ ਹੈ। ਵਾਸਤਵਿਕ ਨਜ਼ਰੀਏ ਤੋਂ, ਚਤਰਵਰਣ ਪ੍ਰਣਾਲੀ ਚੋਂ ਬਹੁਤ ਸਾਰੀਆਂ ਮੁਸ਼ਕਲਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਬਾਰੇ ਇਸ ਦੇ ਹਿਮਾਇਤੀ ਬਿਲਕੁਲ ਖ਼ਿਆਲ ਨਹੀਂ ਕਰਦੇ ਜਾਪਦੇ। ਮੂਲ ਬੁਨਿਆਦੀ ਜ਼ਾਤ ਮੁੱਢਲੇ ਤੌਰ ਤੇ ਮੂਲ ਬੁਨਿਆਦੀ ਵਰਣ ਤੋਂ ਵੱਖਰੀ ਹੁੰਦੀ ਹੈ। ਉਹ ਕੇਵਲ

ਮੁੱਢਲੇ ਤੌਰ ਤੇ ਹੀ ਵੱਖਰੀ ਨਹੀਂ ਹੁੰਦੀ ਸਗੋਂ ਉਹ ਸਿਧਾਂਤਕ ਰੂਪ ਵਿਚ ਇਕ ਦੂਜੇ ਦੇ ਉਲਟ ਹੁੰਦੀ ਹੈ। ਪਹਿਲੀ ਗੁਣਾਂ ਤੇ ਆਧਾਰਿਤ ਹੈ। ਜਿਨ੍ਹਾਂ ਲੋਕਾਂ ਨੇ ਜਨਮ ਦੇ ਆਧਾਰ ਤੇ ਉਚਾ ਰੁਤਬਾ ਪ੍ਰਾਪਤ ਕੀਤਾ ਹੈ ਤੁਸੀਂ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਗੁਣਾਂ ਦਾ ਹਵਾਲਾ ਦਿਤੇ ਬਗ਼ੈਰ ਕਿਵੇਂ ਆਪਣਾ ਰੁਤਬਾ ਖ਼ਾਲੀ ਕਰਨ (ਜਾਂ ਛੱਡਣ) ਲਈ ਮਜਬੂਰ ਕਰ ਸਕਦੇ ਹੋ? ਜਿਸ ਵਿਅਕਤੀ ਕੋਲ ਜਨਮ ਦੇ ਆਧਾਰ ਤੇ ਨੀਵੀਂ ਪਦਵੀ ਹੈ ਅਤੇ ਜਿਸ ਦੀ ਆਪਣੇ ਗੁਣਾਂ ਕਰਕੇ ਉਚੀ ਪਦਵੀ ਬਣਦੀ ਹੈ ਤੁਸੀਂ ਲੋਕਾਂ ਨੂੰ ਕਿਵੇਂ ਮਜਬੂਰ ਕਰ ਸਕਦੇ ਹੋ ਕਿ ਲੋਕ ਉਸ ਵਿਅਕਤੀ ਨੂੰ ਮਾਨਤਾ ਦੇਣ? ਕਿਸ ਵਾਸਤੇ ਇਹ ਜ਼ਰੂਰੀ ਹੈ ਕਿ ਵਰਣ ਪ੍ਰਣਾਲੀ ਨੂੰ ਸਥਾਪਿਤ ਕਰਨ ਲਈ ਤੁਹਾਨੂੰ ਪਹਿਲਾਂ ਜ਼ਾਤ-ਪਾਤ ਪ੍ਰਣਾਲੀ ਨੂੰ ਖ਼ਤਮ ਕਰਨਾ ਪਵੇਗਾ। ਤੁਸੀਂ ਜਨਮ ਦੇ ਆਧਾਰ ਤੇ ਪੈਦਾ ਹੋਈਆਂ ਚਾਰ ਹਜ਼ਾਰ ਜ਼ਾਤਾਂ ਨੂੰ ਗੁਣਾਂ ਤੇ ਆਧਾਰਿਤ ਕਿਵੇਂ ਚਾਰ ਵਰਣਾਂ ਵਿਚ ਘੱਟ ਕਰੋਗੇ? ਇਹ ਇਕ ਪਹਿਲੀ ਮੁਸ਼ਕਲ ਹੈ ਜਿਸ ਦਾ ਚਤਰਵਰਣ ਦੇ ਹਿਮਾਇਤੀਆਂ ਨੂੰ ਸਾਹਮਣਾ ਕਰਨਾ ਪਵੇਗਾ। ਦੂਜੀ ਮੁਸ਼ਕਲ ਜਿਸਦਾ ਇਨ੍ਹਾਂ ਹਿਮਾਇਤੀਆਂ ਨੂੰ ਸਾਹਮਣਾ ਕਰਨਾ ਪਵੇਗਾ ਉਹ ਇਹ ਹੈ ਕਿ ਕੀ ਉਹ ਚਤਰਵਰਣ ਨੂੰ ਸਥਾਪਿਤ ਕਰਕੇ ਇਸ ਨੂੰ ਕਾਮਯਾਬ ਕਰਨਾ ਵੀ ਚਾਹੁੰਦੇ ਹਨ?

ਚਤਰਵਰਣ ਪਹਿਲਾਂ ਹੀ ਕਿਆਸ ਕਰਦਾ ਹੈ ਕਿ ਤੁਸੀਂ ਲੋਕਾਂ ਦਾ ਨਿਸ਼ਚਿਤ ਚਾਰ ਸ਼੍ਰੇਣੀਆਂ ਵਿਚ ਵਰਗੀਕਰਣ ਕਰ ਸਕਦੇ ਹੋ। ਕੀ ਇਹ ਸੰਭਵ ਹੈ? ਇਸ ਸਬੰਧੀ, ਚਤਰਵਰਣ ਦੇ ਆਦਰਸ਼ ਦਾ ਜਿਵੇਂ ਤੁਸੀਂ ਵੇਖੋਗੇ, ਪਲੈਟੋ ਦੇ ਆਦਰਸ਼ ਨਾਲ ਬਹੁਤ ਨੇੜੇ ਦਾ ਸਬੰਧ ਹੈ। ਪਲੈਟੋ ਅਨੁਸਾਰ ਆਦਮੀ ਕੁਦਰਤੀ ਤੌਰ ਤੇ ਤਿੰਨ ਸ਼੍ਰੇਣੀਆਂ ਵਿਚ ਆ ਜਾਂਦੇ ਹਨ। ਕੁਝ ਵਿਅਕਤੀਆਂ ਬਾਰੇ ਉਹ ਵਿਸ਼ਵਾਸ ਕਰਦਾ ਸੀ ਕਿ ਉਨ੍ਹਾਂ ਦਾ ਮਤਲਬ ਸਿਰਫ ਰੋਜ਼ੀ ਰੋਟੀ ਕਮਾਉਣਾ ਹੀ ਹੈ। ਉਸਨੇ ਉਨ੍ਹਾਂ ਨੂੰ ਮਜ਼ਦੂਰ ਅਤੇ ਵਪਾਰ ਸ਼੍ਰੇਣੀਆਂ ਵਿਚ ਪਾ ਦਿਤਾ, ਦੂਸਰਿਆਂ ਨੇ ਉਸ ਨੂੰ ਦੱਸਿਆ ਕਿ ਰੋਜ਼ੀ ਰੋਟੀ ਕਮਾਉਣ ਵਾਲਿਆਂ ਤੋਂ ਇਲਾਵਾ ਹੋਰ ਵੀ ਹਨ ਜਿਨ੍ਹਾਂ ਦੀ ਮੌਨਵਿਰਤੀ ਹੌਸਲੇ ਭਰੀ ਹੈ। ਉਸਨੇ ਉਨ੍ਹਾਂ ਦਾ ਲੜਾਈ ਵਿਚ ਯੁੱਧ ਕਰਨ ਵਾਲਿਆਂ ਅਤੇ ਅੰਦਰੂਨੀ ਸ਼ਾਂਤੀ ਦੇ ਰੱਖਿਅਕਾਂ ਵਜੋਂ ਵਰਗੀਕਰਣ ਕੀਤਾ। ਹੋਰਨਾਂ ਨੇ ਸਰਵ-ਵਿਆਪੀ ਬੁਨਿਆਦੀ ਚੀਜ਼ਾਂ ਦਾ ਸਾਹਮਣਾ ਕਰਨ ਲਈ ਆਪਣੀ ਸਮਰੱਥਾ ਜ਼ਾਹਰ ਕੀਤੀ। ਉਸ ਨੇ ਉਨ੍ਹਾਂ ਲੋਕਾਂ ਨੂੰ ਕਾਨੂੰਨ ਦੇਣ ਵਾਲਆਂ ਵਜੋਂ ਦਰਸਾਇਆ। ਪਲੈਟੋ ਦਾ ਲੋਕਰਾਜ ਜਿਸ ਦੀ ਨੁਕਤਾਚੀਨੀ ਇਹ ਵਿਸ਼ਾ ਹੈ, ਇਹ ਉਹ ਵੀ ਇਕ ਨੁਕਤਾਚੀਨੀ ਹੈ ਜੋ ਜਿਥੋਂ ਤੱਕ ਆਦਮੀਆਂ ਦੀਆਂ ਚਾਰ ਵੱਖ ਵੱਖ ਸ਼੍ਰੇਣੀਆਂ ਵਿਚ ਸਹੀ ਵੰਡ ਦੀ ਸੰਭਾਵਨਾਂ ਤੋਂ ਸ਼ੁਰੂ ਹੁੰਦੀ ਹੈ, ਚਤਰਵਰਣ ਦੀ ਪ੍ਰਣਾਲੀ ਤੇ ਵੀ ਲਾਗੂ ਹੋਣੀ ਚਾਹੀਦੀ ਹੈ। ਪਲੈਟੋ ਦੇ ਖਿਲਾਫ਼ ਮੁੱਖ ਨੁਕਤਾਚੀਨੀ ਇਹ ਹੈ ਕਿ ਵਿਅਕਤੀਆਂ ਦੀ ਕੁਝ ਹੀ ਸ਼੍ਰੇਣੀਆਂ ਵਿਚ ਵੰਡ ਕਰਨ ਦਾ ਉਸ ਦਾ ਖ਼ਿਆਲ ਆਦਮੀ ਅਤੇ ਉਸ ਦੀਆਂ ਸ਼ਕਤੀਆਂ ਦਾ ਬਨਾਵਟੀ ਦ੍ਰਿਸ਼ ਹੈ। ਪਲੈਟੋ ਨੂੰ ਹਰ ਇਕ ਵਿਅਕਤੀ ਦੀ ਵਿਲੱਖਣਤਾ ਬਾਰੇ, ਉਸ ਦੀ ਦੂਸਰਿਆਂ ਨਾਲ ਅਸਮਾਨਤਾ ਬਾਰੇ, ਹਰ ਇਕ ਵਿਅਕਤੀ ਦੁਆਰਾ ਆਪਣੀ ਹੀ ਸ਼੍ਰੇਣੀ ਬਣਾਉਣ ਦਾ ਗਿਆਨ ਨਹੀਂ ਸੀ। ਉਸਨੂੰ ਸਰਗਰਮ ਝੁਕਾਵਾਂ ਅਤੇ ਝੁਕਾਵਾਂ ਦੇ ਮੇਲ ਜਿਸਦੇ ਕੋਈ ਵਿਅਕਤੀ ਯੋਗ ਹੁੰਦਾ ਹੈ, ਦੀ ਵਿਸ਼ਾਲ ਵਿਭਿੰਨਤਾ ਬਾਰੇ ਮਾਨਤਾ ਨਹੀਂ ਸੀ। ਉਸ ਅਨੁਸਾਰ ਆਦਮੀ ਦੇ ਗਠਨ ਵਿਚ ਅਧਿਕਾਰਾਂ ਜਾਂ ਸ਼ਕਤੀਆਂ ਦੀਆਂ

ਕਿਸਮਾਂ ਹਨ। ਜ਼ਾਹਰ ਤੌਰ ਤੇ ਇਹ ਸਭ ਕੁਝ ਗ਼ਲਤ ਹੈ। ਆਧੁਨਿਕ ਵਿਗਿਆਨ ਨੇ ਦਸ ਦਿਤਾ ਹੈ ਕਿ ਵਿਅਕਤੀਆਂ ਨੂੰ ਥੋੜੀਆਂ ਜਿਹੀਆਂ ਹੀ ਸ਼੍ਰੇਣੀਆਂ ਵਿਚ ਇਕੱਠਾ ਕਰਨਾ ਆਦਮੀ ਦਾ ਬਨਾਵਟੀ ਖ਼ਿਆਲ ਹੈ ਜੋ ਗੰਭੀਰ ਵਿਚਾਰ ਦੇ ਯੋਗ ਨਹੀਂ ਹੈ। ਸਿੱਟੇ ਵਜੋਂ, ਵਿਅਕਤੀਆਂ ਦੇ ਗੁਣਾਂ ਦੀ ਵਰਤੋਂ ਸ਼੍ਰੇਣੀਆਂ ਦੀ ਵੰਡ ਨਾਲ ਮੇਲ ਨਹੀਂ ਖਾਂਦੀ ਕਿਉਂਕਿ ਵਿਅਕਤੀਆਂ ਦੇ ਗੁਣ ਭਿੰਨ ਭਿੰਨ ਹੁੰਦੇ ਹਨ। ਚਤਰਵਰਣ ਸਿਰਫ ਇਸ ਕਰਕੇ ਫੇਲ ਹੋਇਆ ਜਿਸ ਕਰਕੇ ਪਲੈਟੋ ਦਾ ਲੋਕਰਾਜ ਫੇਲ ਹੋਇਆ ਅਰਥਾਤ ਕੀ ਆਦਮੀਆਂ ਨੂੰ ਸੁਰਾਖ਼ਾਂ ਵਿਚ ਬੰਦ ਕਰਨਾ ਸੰਭਵ ਹੈ? ਕਿਉਂਕਿ ਕੋਈ ਵਿਅਕਤੀ ਕਿਸੇ ਸ਼੍ਰੇਣੀ ਨਾਲ ਸਬੰਧ ਰੱਖਦਾ ਹੈ ਅਤੇ ਕੋਈ ਕਿਸੇ ਸ਼੍ਰੇਣੀ ਨਾਲ ਸਬੰਧ ਰਖਦਾ ਹੈ। ਲੋਕਾਂ ਨੂੰ ਚਾਰ ਨਿਸ਼ਚਿਤ ਸ਼੍ਰੇਣੀਆਂ ਵਿਚ ਵੰਡਣਾ ਅਸੰਭਵ ਹੈ। ਇਹ ਇਸ ਤੱਥ ਰਾਹੀਂ ਵੀ ਸਾਬਤ ਹੋ ਗਿਆ ਹੈ ਕਿ ਮੂਲ ਚਾਰ ਸ਼੍ਰੇਣੀਆਂ ਹੁਣ ਚਾਰ ਹਜ਼ਾਰ ਜ਼ਾਤਾਂ ਬਣ ਗਈਆਂ ਹਨ।

ਚਤਰਵਰਣ ਪ੍ਰਣਾਲੀ ਸਥਾਪਿਤ ਕਰਨ ਦੇ ਰਸਤੇ ਵਿਚ ਇਕ ਤੀਜੀ ਮੁਸ਼ਕਲ ਹੈ। ਤੁਸੀਂ ਚਤਰਵਰਣ ਦੀ ਪ੍ਰਣਾਲੀ ਨੂੰ ਕਿਵੇਂ ਰੱਖ ਰਹੇ ਹੋ? ਚਤਰਵਰਣ ਦੇ ਠੀਕ ਕੰਮ-ਕਾਰ ਲਈ ਇਕ ਮਹੱਤਵਪੂਰਣ ਜ਼ਰੂਰਤ ਹੈ ਵੰਡ ਪ੍ਰਣਾਲੀ ਕਾਇਮ ਕਰਨਾ। ਜੋ ਇਸ ਸਬੰਧੀ ਕਾਨੂੰਨ ਬਣਾ ਕੇ ਇਸ ਨੂੰ ਕਾਇਮ ਰੱਖ ਸਕਦੀ ਹੈ। ਚਤਰਵਰਣ ਪ੍ਰਣਾਲੀ ਨੂੰ ਅਪਰਾਧੀਆਂ ਦੀ ਸਮੱਸਿਆ ਦਾ ਨਿਰੰਤਰ ਮੁਕਾਬਲਾ ਕਰਨਾ ਚਾਹੀਦਾ ਹੈ। ਜਿੰਨਾਂ ਚਿਰ ਅਪਰਾਧ ਦੀ ਕਾਰਵਾਈ ਨਾਲ ਵੰਡ ਪ੍ਰਣਾਲੀ ਨਹੀਂ ਜੋੜੀ ਜਾਂਦੀ ਉਨਾਂ ਚਿਰ ਆਦਮੀ ਆਪਣੀਆਂ ਸ਼੍ਰੇਣੀਆਂ ਨੂੰ ਸੁਰੱਖਿਅਤ ਨਹੀਂ ਰਖ ਸਕਦੇ। ਮਨੁੱਖੀ ਸੁਭਾਅ ਦੇ ਉਲਟ ਹੋਣ ਕਰਕੇ ਇਹ ਸਾਰੀ ਪ੍ਰਣਾਲੀ ਖ਼ਤਮ ਹੋ ਜਾਵੇਗੀ। ਚਤਰਵਰਣ ਆਪਣੀ ਹੀ ਅੰਤਰਵਿਆਪੀ ਚੰਗਿਆਈ ਨਾਲ ਨਹੀਂ ਚਲ ਸਕਦਾ। ਇਸ ਨੂੰ ਕਾਨੂੰਨ ਰਾਹੀਂ ਲਾਗੂ ਕੀਤਾ ਜਾਣਾ ਚਾਹੀਦਾ ਹੈ। ਦੰਡ ਸਬੰਧੀ ਕਾਨੂੰਨ ਤੋਂ ਬਗ਼ੈਰ ਚਤਰਵਰਣ ਦੇ ਆਦਰਸ਼ ਨੂੰ ਮਹਿਸੂਸ ਨਹੀਂ ਕੀਤਾ ਜਾ ਸਕਦਾ। ਇਸ ਦਾ ਸਬੂਤ ਸ਼ੰਭੂਕ ਨੂੰ ਮਾਰਨ ਸਬੰਧੀ ਰਾਮ ਦੀ ਰਾਮਾਇਣ ਵਿਚ ਦੱਸੀ ਕਹਾਣੀ ਦੁਆਰਾ ਦਿਤਾ ਗਿਆ ਹੈ। ਕਈ ਲੋਕ ਰਾਮ ਤੇ ਇਲਜ਼ਾਮ ਲਾਉਂਦੇ ਜਾਪਦੇ ਹਨ ਕਿਉਂਕਿ ਉਸ ਨੇ ਬੜੀ ਗ਼ੈਰ-ਜ਼ਿੰਮੇਵਾਰੀ ਨਾਲ ਅਤੇ ਬਗ਼ੈਰ ਕਿਸੇ ਕਾਰਨ ਸ਼ੰਭੂਕ ਨੂੰ ਮਾਰਿਆ। ਪਰੰਤੂ ਸ਼ੰਭੂਕ ਨੂੰ ਮਾਰਨ ਲਈ ਰਾਮ ਤੇ ਇਲਜ਼ਾਮ ਲਗਾਉਣਾ ਸਾਰੇ ਹਾਲਾਤ ਨੂੰ ਗ਼ਲਤ ਸਮਝਣ ਵਾਲੀ ਗੱਲ ਹੈ। ਰਾਮ ਰਾਜ ਉਹ ਰਾਜ ਸੀ ਜੋ ਚਤਰਵਰਣ ਤੇ ਆਧਾਰਤ ਸੀ। ਇਕ ਰਾਜੇ ਵਜੋਂ ਰਾਮ ਲਈ ਚਤਰਵਰਣ ਨੂੰ ਕਾਇਮ ਰੱਖਣਾ ਜ਼ਰੂਰੀ ਸੀ। ਇਸ ਲਈ, ਰਾਮ ਲਈ ਸ਼ੰਭੂਕ ਜੋ ਸ਼ੂਦਰ ਸੀ ਅਤੇ ਜਿਸ ਨੇ ਆਪਣੀ ਸ਼੍ਰੇਣੀ ਨਾਲ ਧੋਖਾ ਕੀਤਾ ਸੀ ਅਤੇ ਬ੍ਰਾਹਮਣ ਬਣਨਾ ਚਾਹੁੰਦਾ ਸੀ, ਨੂੰ ਮਾਰਨਾ ਉਸ ਦੀ ਜ਼ਿੰਮੇਵਾਰੀ ਸੀ। ਇਹੀ ਕਾਰਨ ਹੈ ਜਿਸ ਕਰਕੇ ਰਾਮ ਨੇ ਸ਼ੰਭੂਕ ਨੂੰ ਮਾਰਿਆ। ਪਰੰਤੂ ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਚਤਰਵਰਣ ਨੂੰ ਕਾਇਮ ਰੱਖਣ ਲਈ ਦੰਡ ਸਬੰਧੀ ਕਾਨੂੰਨ ਦਾ ਹੋਣਾ ਜ਼ਰੂਰੀ ਹੈ। ਕੇਵਲ ਦੰਡ ਸਬੰਧੀ ਕਾਨੂੰਨ ਦਾ ਹੀ ਹੋਣਾ ਜ਼ਰੂਰੀ ਨਹੀਂ ਸਗੋਂ ਮੌਤ ਦੀ ਸਜ਼ਾ ਵੀ ਜ਼ਰੂਰੀ ਹੈ। ਇਹੀ ਕਾਰਨ ਹੈ ਜਿਸ ਕਰਕੇ ਰਾਮ ਨੇ ਸ਼ੰਭੂਕ ਨੂੰ ਘੱਟ ਸਜ਼ਾ ਨਹੀਂ ਦਿਤੀ। ਇਹੀ ਕਾਰਨ ਹੈ ਜਿਸ ਕਾਰਨ ਕਰਕੇ ਮੰਨੂ-ਸਮਰਿਤੀ ਨੇ ਅਜਿਹੀਆਂ ਸਖ਼ਤ ਸਜ਼ਾਵਾਂ ਨਿਸ਼ਚਿਤ ਕੀਤੀਆਂ ਹਨ ਜਿਵੇਂ ਕਿ ਜੋ ਵੀ ਸ਼ੂਦਰ ਵੇਦ ਪਾਠ ਕਰੇਗਾ ਜਾਂ ਵੇਦਾਂ ਨੂੰ ਸੁਣੇਗਾ ਉਸ ਦੀ ਜ਼ਬਾਨ ਕੱਟ ਦਿਤੀ ਜਾਵੇਗੀ ਜਾਂ ਸਿੱਕਾ

ਪਿਘਲਾ ਕੇ ਉਸਦੇ ਕੰਨਾਂ ਵਿਚ ਪਾ ਦਿਤਾ ਜਾਵੇਗਾ। ਚਤਰਵਰਣ ਦੇ ਹਿਮਾਇਤੀਆਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਉਹ ਆਦਮੀਆਂ ਦਾ ਬੜੀ ਕਾਮਯਾਬੀ ਨਾਲ ਵਰਗੀਕਰਣ ਕਰ ਸਕਦੇ ਹਨ ਅਤੇ ਉਹ ਮਨੂੰ-ਸਮਰਿਤੀ ਦੇ ਦੰਡਮਈ ਕਾਨੂੰਨਾਂ ਨੂੰ ਅਸਲੀ ਰੂਪ ਦੇਣ ਲਈ 20ਵੀਂ ਸਦੀ ਵਿਚ ਆਧੁਨਿਕ ਸਾਮਰਾਜ ਨੂੰ ਮੋਹਿਤ ਕਰ ਸਕਦੇ ਹਨ।

ਚਤਰਵਰਣ ਦੇ ਹਿਮਾਇਤੀਆਂ ਨੇ ਇਸ ਚੀਜ਼ ਤੇ ਵਿਚਾਰ ਨਹੀਂ ਕੀਤਾ ਜਾਪਦਾ ਕਿ ਉਨ੍ਹਾਂ ਦੀ ਪ੍ਰਣਾਲੀ ਵਿਚ ਇਸਤਰੀਆਂ ਦਾ ਕੀ ਹੋਵੇਗਾ। ਕੀ ਉਨ੍ਹਾਂ ਨੂੰ ਵੀ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਚਾਰ ਸ਼੍ਰੇਣੀਆਂ ਵਿਚ ਵੰਡਿਆ ਜਾਣਾ ਹੈ? ਕੀ ਉਨ੍ਹਾਂ ਨੂੰ ਉਨ੍ਹਾਂ ਦੇ ਪਤੀਆਂ ਵਾਲਾ ਰੁਤਬਾ ਦਿਤਾ ਜਾਣਾ ਹੈ? ਜੇਕਰ ਕਿਸੇ ਇਸਤਰੀ ਦਾ ਰੁਤਬਾ ਉਸ ਦੀ ਸ਼ਾਦੀ ਤੇ ਨਿਰਭਰ ਹੈ ਤਾਂ ਚਤਰਵਰਣ ਦੇ ਮੂਲ ਸਿਧਾਂਤ ਅਰਥਾਤ ਕਿ ਆਦਮੀ ਦਾ ਰੁਤਬਾ ਉਸ ਵਿਅਕਤੀ ਦੇ ਗੁਣਾਂ ਤੇ ਨਿਰਭਰ ਹੋਣਾ ਚਾਹੀਦਾ ਹੈ, ਦਾ ਕੀ ਬਣੇਗਾ? ਜੇਕਰ ਉਨ੍ਹਾਂ ਦੇ ਗੁਣਾਂ ਅਨੁਸਾਰ ਵਰਗੀਕਰਣ ਕੀਤਾ ਜਾਣਾ ਹੈ ਤਾਂ ਕੀ ਉਨ੍ਹਾਂ ਦਾ ਵਰਗੀਕਰਣ ਸਾਧਾਰਣ ਜਾਂ ਅਸਲੀ ਹੋਵੇਗਾ? ਜੇਕਰ ਇਹ ਸਾਧਾਰਣ ਹੋਵੇਗਾ ਤਾਂ ਇਹ ਫ਼ਜ਼ੂਲ ਹੈ ਅਤੇ ਚਤਰਵਰਣ ਦੇ ਹਿਮਾਇਤੀਆਂ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਪ੍ਰਣਾਲੀ ਇਸਤਰੀਆਂ ਤੇ ਲਾਗੂ ਨਹੀਂ ਹੁੰਦੀ। ਜੇਕਰ ਇਹ ਅਸਲੀ ਹੈ ਤਾਂ ਕੀ ਚਤਰਵਰਣ ਦੇ ਹਿਮਾਇਤੀ ਇਸ ਨੂੰ ਇਸਤਰੀਆਂ ਤੇ ਲਾਗੂ ਕਰਨ ਦੇ ਤਰਕਮਈ ਸਿੱਟਿਆਂ ਨੂੰ ਅਪਨਾਉਣ ਲਈ ਤਿਆਰ ਹਨ? ਉਨ੍ਹਾਂ ਨੂੰ ਇਸਤਰੀ ਪਰੋਹਿਤ ਅਤੇ ਇਸਤਰੀ ਸਿਪਾਹੀ ਰੱਖਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਹਿੰਦੂ ਸਮਾਜ ਇਸਤਰੀ ਅਧਿਆਪਕ ਅਤੇ ਇਸਤਰੀ ਵਕੀਲ ਰੱਖਣ ਦੇ ਆਦੀ ਹੋ ਗਏ ਹਨ। ਉਹ ਇਸਤਰੀਆਂ ਨੂੰ ਸ਼ਰਾਬ ਕੱਢਣ ਤੇ ਮਾਸ ਵੇਚਣ ਦੇ ਕੰਮ ਤੇ ਵੀ ਲਾ ਸਕਦੇ ਹਨ। ਉਹ ਆਦਮੀ ਬਹਾਦਰ ਹੋਵੇਗਾ ਜੋ ਇਹ ਕਹੇਗਾ ਕਿ ਉਹ ਇਸਤਰੀ ਪਰੋਹਿਤ ਅਤੇ ਇਸਤਰੀ ਸਿਪਾਹੀ ਦੇ ਹੱਕ ਵਿਚ ਹੈ। ਪਰੰਤੂ ਚਤਰਵਰਣ ਨੂੰ ਇਸਤਰੀਆਂ ਤੇ ਲਾਗੂ ਕਰਨ ਦਾ ਤਰਕਪੂਰਣ ਪਰਿਣਾਮ ਹੋਵੇਗਾ। ਉਪਰ ਦਿਤੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਮੈਂ ਸੋਚਦਾ ਹਾਂ ਕਿ ਕਿਸੇ ਬੇਵਕੂਫ ਵਿਅਕਤੀ ਤੋਂ ਇਲਾਵਾ ਕੋਈ ਵੀ ਵਿਅਕਤੀ ਚਤਰਵਰਣ ਦੇ ਸਹੀ ਰੂਪ ਵਿਚ ਜਿਉਂਦੇ ਰਹਿਣ ਵਿਚ ਆਸ ਨਹੀਂ ਰੱਖੇਗਾ ਅਤੇ ਇਸ ਬਾਰੇ ਵਿਸ਼ਵਾਸ ਨਹੀਂ ਕਰੇਗਾ।

## 17

ਇਹ ਧਾਰਣਾ ਕਰਨੀ ਕਿ ਚਤਰਵਰਣ ਲਾਗੂ ਕੀਤਾ ਜਾ ਸਕਦਾ ਹੈ, ਮੇਰੀ ਦਲੀਲ ਇਹ ਹੈ ਕਿ ਇਹ ਬੜਾ ਹੀ ਜ਼ਹਿਰੀਲਾ ਦ੍ਰਿਸ਼ਟੀਕੋਣ ਹੈ। ਬ੍ਰਾਹਮਣਾਂ ਪਾਸ ਗਿਆਨ ਹੋਣਾ ਚਾਹੀਦਾ ਹੈ, ਖਤਰੀਆਂ ਨੂੰ ਹਥਿਆਰ ਰੱਖਣੇ ਚਾਹੀਦੇ ਹਨ, ਵੈਸ਼ ਨੂੰ ਵਪਾਰ ਕਰਨਾ ਚਾਹੀਦਾ ਹੈ ਅਤੇ ਸ਼ੂਦਰਾਂ ਨੂੰ ਜਨਤਾ ਦੀ ਸੇਵਾ ਕਰਨੀ ਚਾਹੀਦੀ ਹੈ। ਇੰਜ ਇਹ ਕੰਮ ਦੀ ਵੰਡ ਦੀ ਪ੍ਰਣਾਲੀ ਹੈ। ਕੀ ਇਸ ਸਿਧਾਂਤ ਦਾ ਮਤਲਬ ਹੈ ਕਿ ਸ਼ੂਦਰਾਂ ਨੂੰ ਹੋਰ ਕੋਈ ਕੰਮ ਕਰਨ ਦੀ ਲੋੜ ਨਹੀਂ ਜਾਂ ਕੀ ਇਸ ਵਿਚ ਇਹ ਨਿਰਧਾਰਿਤ ਕਰਨ ਦਾ ਮੰਤਵ ਸੀ ਕਿ ਉਨ੍ਹਾਂ ਨੂੰ ਹੋਰ ਕੁਝ ਕਰਨਾ ਹੀ ਨਹੀਂ ਚਾਹੀਦਾ। ਇਹ ਇਕ ਬੜਾ ਦਿਲਚਸਪ ਸਵਾਲ ਹੈ। ਚਤਰਵਰਣ ਦੇ ਹਿਮਾਇਤੀ ਇਸਨੂੰ ਪਹਿਲਾ ਮਤਲਬ ਦਿੰਦੇ ਹਨ। ਉਹ ਕਹਿੰਦੇ ਹਨ ਕਿ ਸ਼ੂਦਰ ਨੂੰ ਪੈਸਾ ਇਕੱਠਾ ਕਰਨ ਦੀ ਲੋੜ ਦਾ ਕਸ਼ਟ ਕਿਉਂ ਕਰਨਾ ਚਾਹੀਦਾ ਹੈ ਜਦੋਂ ਕਿ ਦੂਜੇ ਤਿੰਨ ਵਰਣ ਉਸ ਦੀ ਸਹਾਇਤਾ ਕਰਨ

ਲਈ ਹਨ? ਸ਼ੂਦਰ ਨੂੰ ਪੜ੍ਹਾਈ ਹਾਸਲ ਕਰਨ ਦੀ ਕੀ ਲੋੜ ਹੈ ਜਦੋਂ ਕਿ ਬ੍ਰਾਹਮਣ ਉਸ ਪਾਸ ਹੈ ਜਿਸ ਕੋਲ ਉਹ ਜਦੋਂ ਵੀ ਕੋਈ ਕਾਗਜ਼-ਪੱਤਰ ਪੜ੍ਹਨਾ ਹੋਵੇ ਜਾਂ ਲਿਖਣਾ ਹੋਵੇ, ਜਾ ਸਕਦਾ ਹੈ। ਸ਼ੂਦਰ ਨੂੰ ਹਥਿਆਰ ਰੱਖਣ ਦੀ ਕੀ ਲੋੜ ਹੈ ਕਿਉਂਕਿ ਖਤਰੀ ਉਸ ਦੀ ਸੁਰੱਖਿਆ ਲਈ ਹੈ। ਇਸ ਭਾਵਨਾ ਦੇ ਅਨੁਸਾਰ ਚਤਰਵਰਣ ਦੇ ਸਿਧਾਂਤ ਵਿਚ ਸ਼ੂਦਰ ਨੂੰ ਇਕ ਪਹਿਰੇਦਾਰ ਅਤੇ ਤਿੰਨ ਵਰਣਾਂ ਨੂੰ ਉਸ ਦੇ ਸੁਰੱਖਿਅਕਾਂ ਵਜੋਂ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਵਿਆਖਿਆ ਕੀਤਾ ਗਿਆ ਇਹ ਸਿਧਾਂਤ ਸਾਧਾਰਣ, ਉਚਾ ਚੁੱਕਣ ਵਾਲਾ ਅਤੇ ਆਕਰਸ਼ਿਤ ਸਿਧਾਂਤ ਹੈ। ਇਸ ਨੂੰ ਚਤਰਵਰਣ ਦੀ ਮੁੱਢਲੀ ਭਾਵਨਾ ਦਾ ਸਹੀ ਖ਼ਿਆਲ ਮੰਨਣ ਨਾਲ ਮੈਨੂੰ ਜਾਪਦਾ ਹੈ ਕਿ ਇਹ ਪ੍ਰਣਾਲੀ ਨਾ ਤਾਂ ਸੰਪੂਰਣ ਹੈ ਅਤੇ ਨਾ ਹੀ ਸੁਚੀ ਹੈ। ਜੇਕਰ ਬ੍ਰਾਹਮਣ ਗਿਆਨ ਨਹੀਂ ਰੱਖਦੇ, ਵੈਸ਼ ਆਰਥਕ ਵਪਾਰ ਨਹੀਂ ਕਰਦੇ ਅਤੇ ਖਤਰੀ ਕੁਸ਼ਲ ਸਿਪਾਹੀ ਨਹੀਂ ਬਣਦੇ, ਜੋ ਉਨ੍ਹਾਂ ਦੇ ਕੰਮ ਹਨ, ਤਾਂ ਕੀ ਹੋਵੇਗਾ? ਇਸ ਦੇ ਉਲਟ, ਫਰਜ਼ ਕਰ ਲਓ ਕਿ ਇਹ ਸਾਰੇ ਵਰਣ ਆਪਣੇ ਆਪਣੇ ਕੰਮ ਕਰਦੇ ਹਨ ਪਰੰਤੂ ਸ਼ੂਦਰ ਜਾਂ ਸਾਰੇ ਇਕ ਦੂਜੇ ਪ੍ਰਤੀ ਆਪਣੀ ਜ਼ਿੰਮੇਵਾਰੀ ਦੀ ਉਲੰਘਣਾ ਕਰਦੇ ਹਨ ਤਾਂ ਸ਼ੂਦਰ ਦਾ ਕੀ ਬਣੇਗਾ, ਜੇਕਰ ਦੂਜੀਆਂ ਤਿੰਨ ਸ਼੍ਰੇਣੀਆਂ ਉਚਿਤ ਰੂਪ ਵਿਚ ਸ਼ੂਦਰ ਦੀ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੰਦੀਆਂ ਹਨ ਜਾਂ ਉਸਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਜਦੋਂ ਕੋਈ ਵਿਅਕਤੀ ਜੋ ਆਪਣੇ ਅਗਿਆਨ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਅਤੇ ਜੇਕਰ ਉਹ ਬ੍ਰਾਹਮਣ ਹੋਵੇ ਤਾਂ ਸ਼ੂਦਰਾਂ ਦੇ ਹਿਤਾਂ ਦੀ ਅਤੇ ਵੈਸ਼ ਅਤੇ ਖਤਰੀਆਂ ਦੀ ਆਜ਼ਾਦੀ ਦੀ ਸੁਰੱਖਿਆ ਕਿਸ ਨੇ ਕਰਨੀ ਹੈ ਜੇਕਰ ਉਹ ਵਿਅਕਤੀ ਜੋ ਉਸ ਦੇ ਅਧਿਕਾਰਾਂ ਨੂੰ ਖੋਹ ਰਿਹਾ ਹੋਵੇ ਉਹ ਵਿਅਕਤੀ ਖਤਰੀ ਹੋਵੇ। ਇਕ ਸ਼੍ਰੇਣੀ ਦੀ ਦੂਜੀ ਸ਼੍ਰੇਣੀ ਤੇ ਆਪਸੀ ਨਿਰਭਰਤਾ ਅਟੱਲ ਹੈ। ਕਈ ਵਾਰ ਇਕ ਸ਼੍ਰੇਣੀ ਨੂੰ ਦੂਜੀ ਸ਼੍ਰੇਣੀ ਤੇ ਨਿਰਭਰ ਹੋਣਾ ਪੈ ਜਾਂਦਾ ਹੈ। ਆਪਣੀਆਂ ਜ਼ਰੂਰੀ ਲੋੜਾਂ ਦੇ ਮਾਮਲੇ ਵਿਚ ਇਕ ਆਦਮੀ ਨੇ ਦੂਜੇ ਆਦਮੀ ਤੇ ਕਿਉਂ ਨਿਰਭਰ ਕਰਨਾ ਹੈ? ਹਰ ਇਕ ਨੂੰ ਵਿਦਿਆ ਪ੍ਰਾਪਤ ਕਰਨੀ ਚਾਹੀਦੀ ਹੈ। ਹਰ ਇਕ ਪਾਸ ਸੁਰੱਖਿਆ ਦੇ ਸਾਧਨ ਹੋਣੇ ਚਾਹੀਦੇ ਹਨ। ਹਰ ਇਕ ਆਦਮੀ ਦੀਆਂ ਆਪਣੀ ਸੁਰੱਖਿਆ ਲਈ ਬਹੁਤ ਲੋੜਾਂ ਹੁੰਦੀਆਂ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਵਿਅਕਤੀ ਜਿਸ ਦਾ ਗੁਆਂਢੀ ਪੜ੍ਹਿਆ ਲਿਖਿਆ ਹੈ ਅਤੇ ਉਹ ਅਸਲਾ ਚਲਾਉਣਾ ਜਾਣਦਾ ਹੈ ਅਤੇ ਆਪਣੇ ਉਸ ਗੁਆਂਢੀ ਦੀ ਮਦਦ ਕਰੇਗਾ ਜੋ ਪੜ੍ਹਿਆ ਨਹੀਂ ਅਤੇ ਜਿਸ ਪਾਸ ਹਥਿਆਰ ਨਹੀਂ ਹਨ? ਇਹ ਸਾਰਾ ਸਿਧਾਂਤ ਫ਼ਜ਼ੂਲ ਹੈ। ਇਥੇ ਬਹੁਤ ਸਾਰੇ ਪ੍ਰਸ਼ਨ ਹਨ ਜਿਨ੍ਹਾਂ ਬਾਰੇ ਚਤਰਵਰਣ ਦੇ ਹਿਮਾਇਤੀਆਂ ਨੇ ਪਰਵਾਹ ਨਹੀਂ ਕੀਤੀ ਜਾਪਦੀ। ਪਰੰਤੂ ਇਹ ਸਵਾਲ ਬਹੁਤ ਸਪੱਸ਼ਟ ਹਨ। ਚਤਰਵਰਣ ਦੀ ਇਹ ਧਾਰਣਾ ਬਣਾ ਲੈਣਾ ਕਿ ਵੱਖ ਵੱਖ ਸ਼੍ਰੇਣੀਆਂ ਦਾ ਆਪਸੀ ਰਿਸ਼ਤਾ ਇਕ ਰੱਖਿਆ ਦੀ ਲੋੜ ਵਾਲਾ ਅਤੇ ਰੱਖਿਅਕ ਵਾਲਾ ਹੈ ਅਤੇ ਇਹ ਚਤਰਵਰਣ ਨੂੰ ਦੱਸਣ ਦੀ ਅਸਲੀ ਧਾਰਣਾ ਹੈ ਤਾਂ ਇਹ ਮੰਨ ਲੈਣਾ ਚਾਹੀਦਾ ਹੈ ਕਿ ਜੇਕਰ ਸੁਰੱਖਿਅਕ ਹੀ ਗਲਤ ਕੰਮ ਕਰਦਾ ਹੈ ਤਾਂ ਰਖਿਆ ਦੇ ਲੋੜਵੰਦਾਂ ਦੇ ਹਿਤਾਂ ਦੀ ਰੱਖਿਆ ਕਰਨ ਲਈ ਇਸ ਵਿਚ ਕੋਈ ਉਪਬੰਧ ਨਹੀਂ ਕੀਤਾ ਗਿਆ ਹੈ, ਕੀ ਲੋੜਵੰਦ ਅਤੇ ਰੱਖਿਅਕ ਦਾ ਆਪਸੀ ਰਿਸ਼ਤਾ ਅਸਲੀ ਧਾਰਣਾ ਹੈ ਜਿਸ ਤੇ ਚਤਰਵਰਣ ਆਧਾਰਿਤ ਹੈ? ਜੇ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਵਾਸਤਵ ਵਿਚ ਇਹ ਰਿਸ਼ਤਾ ਮਾਲਕ ਅਤੇ ਨੌਕਰ ਦਾ ਰਿਸ਼ਤਾ ਹੈ। ਤਿੰਨ ਸ਼੍ਰੇਣੀਆਂ ਬ੍ਰਾਹਮਣ, ਖਤਰੀ

ਅਤੇ ਵੈਸ਼ ਆਪਸ ਵਿਚ ਰਲ ਮਿਲ ਕੇ ਕੰਮ ਕਰਨ ਲਈ ਖੁਸ਼ ਨਹੀਂ ਹਨ। ਬ੍ਰਾਹਮਣਾਂ ਨੇ ਖਤਰੀ ਦੀ ਝੂਠੀ ਖੁਸ਼ਾਮੰਦ ਕੀਤੀ ਅਤੇ ਫਿਰ ਦੋਹਾਂ ਨੇ ਰਲ ਕੇ ਵੈਸ਼ ਨੂੰ ਆਪਣੇ ਤੇ ਨਿਰਭਰ ਬਣਾ ਲਿਆ। ਤਿੰਨਾਂ ਨੇ ਰਲਕੇ ਸ਼ੂਦਰ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ, ਉਸਨੂੰ ਧਨ ਇਕੱਠਾ ਕਰਨ ਦੀ ਇਜਾਜ਼ਤ ਨਹੀਂ ਸੀ ਕਿ ਕਿਤੇ ਉਹ ਇਨ੍ਹਾਂ ਤਿੰਨਾਂ ਵਰਣਾਂ ਤੋਂ ਸੁਤੰਤਰ ਨਾ ਹ ਜਾਵੇ। ਉਸਨੂੰ ਵਿਦਿਆ ਹਾਸਲ ਕਰਨ ਦੀ ਵੀ ਇਜਾਜ਼ਤ ਨਹੀਂ ਸੀ ਕਿ ਕਿਤੇ ਉਹ ਆਪਣੇ ਹਿਤਾਂ ਪ੍ਰਤੀ ਜਾਗਰੂਕ ਨਾ ਹੋ ਜਾਵੇ। ਉਸਨੂੰ ਹਥਿਆਰ ਵੀ ਰੱਖਣ ਦੀ ਇਜਾਜ਼ਤ ਨਹੀਂ ਸੀ ਕਿ ਕਿਤੇ ਉਹ ਇਨ੍ਹਾਂ ਤਿੰਨਾਂ ਵਰਣਾਂ ਤੋਂ ਸੁਤੰਤਰ ਨਾ ਹੋ ਜਾਵੇ। ਉਸਨੂੰ ਵਿਦਿਆ ਹਾਸਲ ਕਰਨ ਦੀ ਵੀ ਇਜਾਜ਼ਤ ਨਹੀਂ ਸੀ ਕਿ ਕਿਤੇ ਉਹ ਆਪਣੇ ਹਿਤਾਂ ਪ੍ਰਤੀ ਜਾਗਰੂਕ ਨਾ ਹੋ ਜਾਵੇ। ਉਸਨੂੰ ਹਥਿਆਰ ਵੀ ਰੱਖਣ ਦੀ ਇਜਾਜ਼ਤ ਨਹੀਂ ਸੀ ਕਿ ਕਿਤੇ ਉਹ ਆਪਣੇ ਮਾਲਕ ਦੇ ਖਿਲਾਫ਼ ਬਗ਼ਾਵਤ ਨਾ ਕਰ ਦੇਵੇ। ਕਿਸ ਤਰ੍ਹਾਂ ਤਿੰਨ ਵਰਣ ਸ਼ੂਦਰਾਂ ਨਾਲ ਵਤੀਰਾ ਕਰਦੇ ਹਨ ਇਹ ਮੰਨੂ ਦੇ ਕਾਨੂੰਨਾਂ ਦਾ ਸਬੂਤ ਹੈ। ਸਮਾਜਕ ਅਧਿਕਾਰ ਸਬੰਧੀ ਮੰਨੂ ਦੇ ਕਾਨੂੰਨਾਂ ਤੋਂ ਇਲਾਵਾ ਹੋਰ ਕੋਈ ਵੀ ਕਾਨੂੰਨ ਇਤਨੇ ਬਦਨਾਮ ਨਹੀਂ ਹਨ। ਕਿਸੇ ਵੀ ਜਰਵਾਣੇ ਤੋਂ ਸਮਾਜਕ ਅਨਿਆਂ ਦੀ ਕੋਈ ਵੀ ਉਦਾਹਰਣ ਇਸ ਅੱਗੇ ਮੱਧਮ ਪੈ ਜਾਂਦੀ ਹੈ। ਇਤਨਾ ਜ਼ਿਆਦਾ ਲੋਕਾਂ ਨੇ ਇਨ੍ਹਾਂ ਸਮਾਜਕ ਬੁਰਾਈਆਂ ਜੋ ਉਨ੍ਹਾਂ ਤੇ ਠੋਸੀਆਂ ਗਈਆਂ ਸਨ, ਨੂੰ ਕਿਉਂ ਬਰਦਾਸ਼ਤ ਕੀਤਾ? ਦੁਨੀਆਂ ਦੇ ਦੂਜੇ ਦੇਸਾਂ ਵਿਚ ਸਮਾਜਕ ਕ੍ਰਾਂਤੀਆਂ ਆਉਂਦੀਆਂ ਰਹੀਆਂ। ਭਾਰਤ ਵਿਚ ਸਮਾਜਕ ਕ੍ਰਾਂਤੀ ਕਿਉਂ ਨਹੀਂ ਆਈ? ਇਹ ਇਕ ਪ੍ਰਸ਼ਨ ਹੈ ਜਿਸ ਨੇ ਲਗਾਤਾਰ ਪ੍ਰੇਸ਼ਾਨ ਕੀਤਾ ਹੋਇਆ ਹੈ। ਇਸ ਦਾ ਸਿਰਫ਼ ਇਕ ਹੀ ਉਤਰ ਹੈ ਜੋ ਮੈਂ ਦੇ ਸਕਦਾ ਹਾਂ ਅਤੇ ਉਹ ਉਤਰ ਇਹ ਹੈ ਕਿ ਹਿੰਦੂਆਂ ਦੀਆਂ ਤਿੰਨਾਂ ਸ਼੍ਰੇਣੀਆਂ ਦੀ ਚਤਰਵਰਣ ਦੀ ਇਸ ਨਿਕੰਮੀ ਪ੍ਰਣਾਲੀ ਦੇ ਖਿਲਾਫ਼ ਉਹ ਸਿੱਧੀ ਕਾਰਵਾਈ ਲਈ ਬਿਲਕੁਲ ਅਸਮਰਥ ਹੋ ਗਏ ਸਨ। ਉਹ ਹਥਿਆਰ ਨਹੀਂ ਸਨ ਰੱਖ ਸਕਦੇ ਅਤੇ ਬਗ਼ੈਰ ਹਥਿਆਰਾਂ ਤੋਂ ਉਹ ਬਾਗ਼ੀ ਨਹੀਂ ਸਨ ਹੋ ਸਕਦੇ। ਉਹ ਸਿਰਫ ਹਲ ਚਲਾਉਣ ਵਾਲੇ ਸਨ ਅਤੇ ਉਹ ਵੀ ਨਖਿਧ ਹਲ ਚਲਾਉਣ ਵਾਲੇ। ਉਨ੍ਹਾਂ ਨੂੰ ਕਦੇ ਵੀ ਹਲਾਂ ਦੀ ਜਗ੍ਹਾ ਹਥਿਆਰ ਰੱਖਣ ਦੀ ਇਜਾਜ਼ਤ ਨਹੀਂ ਸੀ ਦਿਤੀ ਗਈ। ਉਨ੍ਹਾਂ ਪਾਸ ਤਲਵਾਰਾਂ ਆਦਿ ਨਹੀਂ ਸਨ। ਇਸ ਲਈ ਹਰ ਕੋਈ ਵਿਅਕਤੀ ਜਿਸ ਦਾ ਦਿਲ ਕਰੇ ਉਨ੍ਹਾਂ ਉਤੇ ਬੈਠ ਸਕਦਾ ਸੀ ਅਤੇ ਬੈਠ ਜਾਂਦਾ ਸੀ। ਚਤਰਵਰਣ ਕਰਕੇ ਉਨ੍ਹਾਂ ਨੂੰ ਸਿਖਿਆ ਪ੍ਰਾਪਤ ਕਰਨ ਦੀ ਇਜਾਜ਼ਤ ਨਹੀਂ ਸੀ। ਉਹ ਆਪਣੀ ਸ਼ਕਤੀ, ਮੁਕਤੀ ਦੇ ਤਰੀਕੇ ਬਾਰੇ ਸੋਚ ਨਹੀਂ ਸਨ ਸਕਦੇ ਅਤੇ ਨਾ ਹੀ ਇਸ ਬਾਰੇ ਜਾਣ ਸਕਦੇ ਸਨ। ਉਹ ਨੀਵੇਂ ਰਹਿਣ ਲਈ ਦੁਰਕਾਰੇ ਗਏ ਸਨ ਅਤੇ ਆਪਣੇ ਬਚਾਅ ਲਈ ਸਾਧਨ ਨਾ ਜਾਣਦੇ ਹੋਏ ਅਤੇ ਆਪਣੇ ਬਚਾਉ ਦੇ ਸਾਧਨ ਨਾ ਹੋਣ ਦੇ ਕਾਰਨ ਉਹ ਅੰਦਰੋਂ ਵੀ ਨੌਕਰ ਬਣ ਗਏ। ਇਹ ਉਨ੍ਹਾਂ ਨੇ ਆਪਣੀ ਕਿਸਮਤ ਵਿਚ ਲਿਖਿਆ ਸਮਝ ਕੇ ਪ੍ਰਵਾਨ ਕਰ ਲਿਆ। ਇਹ ਬਿਲਕੁਲ ਸੱਚ ਹੈ ਕਿ ਯੂਰਪ ਵਿਚ ਵੀ ਤਕੜੇ ਆਦਮੀ ਨੂੰ ਕਮਜ਼ੋਰ ਦਾ ਸ਼ੋਸਣ ਕਰਨ ਵਿਚ ਕੋਈ ਰੁਕਾਵਟ ਨਹੀਂ ਸੀ। ਪਰੰਤੂ ਯੂਰਪ ਵਿਚ ਕਦੇ ਵੀ ਕਿਸੇ ਤਕੜੇ ਆਦਮੀ ਨੇ ਸ਼ੋਸ਼ਕ ਦੇ ਸਾਹਮਣੇ ਕਮਜ਼ੋਰ ਆਦਮੀ ਨੂੰ ਇਤਨੀ ਬੇਸ਼ਰਮੀ ਨਾਲ ਬੇਸਹਾਰਾ ਨਹੀਂ ਕੀਤਾ, ਯੂਰਪ ਵਿਚ ਤਕੜੇ ਅਤੇ ਮਾੜੇ ਦਰਮਿਆਨ ਸਮਾਜਕ ਲੜਾਈ ਭਾਰਤ ਦੇ ਮੁਕਾਬਲੇ ਜ਼ਿਆਦਾ ਹਿੰਸਾਤਮਕ ਰੂਪ ਵਿਚ ਚਲ ਰਹੀ ਹੈ। ਫਿਰ ਵੀ ਯੂਰਪ ਵਿਚ ਕਮਜ਼ੋਰ ਨੂੰ ਮਿਲਟਰੀ ਸੇਵਾ ਕਰਨ, ਜੋ ਉਸ

ਦਾ ਸਰੀਰਕ ਹਥਿਆਰ ਹੈ, ਆਪਣੇ ਦੁਖ ਪ੍ਰਗਟ ਕਰਨ ਜੋ ਉਸ ਦਾ ਰਾਜਨੀਤਕ ਹਥਿਆਰ ਹੈ ਅਤੇ ਵਿਦਿਆ ਪ੍ਰਾਪਤ ਕਰਨ ਜੋ ਉਸ ਦਾ ਮੌਲਿਕ ਹਥਿਆਰ ਹੈ, ਦੀ ਆਜ਼ਾਦੀ ਪ੍ਰਾਪਤ ਹੈ। ਮੁਕਤੀ ਲਈ ਇਹ ਤਿੰਨੇ ਹਥਿਆਰ ਤਕੜੇ ਵਿਅਕਤੀਆਂ ਦੁਆਰਾ ਕਦੇ ਵੀ ਕਮਜ਼ੋਰਾਂ ਤੋਂ ਨਹੀਂ ਸਨ ਖੋਹੇ ਗਏ। ਚਤਰਵਰਣ ਦੁਆਰਾ ਇਹ ਸਾਰੇ ਸਾਧਨਾਂ ਤੋਂ ਭਾਰਤ ਵਿਚ ਲੋਕਾਂ ਨੂੰ ਵੰਚਿਤ ਕੀਤਾ ਗਿਆ ਸੀ। ਚਤਰਵਰਣ ਤੋਂ ਇਲਾਵਾ ਸਮਾਜਕ ਸੰਗਠਨ ਦੀ ਕੋਈ ਵੀ ਹੋਰ ਪ੍ਰਣਾਲੀ ਇਤਨੀ ਘਿਨੌਣੀ (ਹੱਤਕਭਰੀ) ਨਹੀਂ ਹੋ ਸਕਦੀ। ਇਹ ਇਕ ਪ੍ਰਣਾਲੀ ਹੈ ਜੋ ਲੋਕਾਂ ਨੂੰ ਮਦਦਮਈ ਸਰਗਰਮੀ ਤੋਂ ਕਮਜ਼ੋਰ ਕਰਦੀ, ਨਿਕੰਮਾ ਅਤੇ ਬੇਰੁੱਖਾ ਬਣਾਉਂਦੀ ਹੈ। ਇਹ ਅਤਿਕਥਨੀ ਨਹੀਂ ਹੈ। ਇਤਿਹਾਸ ਵਿਚ ਬਹੁਤ ਸਬੂਤ ਹੁੰਦਾ ਹੈ। ਭਾਰਤ ਵਿਚ ਕੇਵਲ ਇਕੋ ਹੀ ਅਜਿਹਾ ਸਮਾਂ ਹੋਇਆ ਹੈ ਜੋ ਆਜ਼ਾਦੀ, ਮਹਾਨਤਾ ਅਤੇ ਸ਼ਾਨ ਦਾ ਸਮਾਂ ਹੋਇਆ ਹੈ। ਇਹ ਮੋਰੀਆ ਰਾਜ ਦਾ ਸਮਾਂ ਸੀ। ਬਾਕੀ ਸਾਰੇ ਸਮਿਆਂ ਤੇ ਦੇਸ਼ ਨੂੰ ਹਾਰ ਅਤੇ ਅੰਨ੍ਹੇਰੇ ਦਾ ਹੀ ਸਾਹਮਣਾ ਕਰਨਾ ਪਿਆ। ਮੋਰੀਆ ਦਾ ਉਹ ਸਮਾਂ ਸੀ ਜਦੋਂ ਚਤਰਵਰਣ ਬਿਲਕੁਲ ਖ਼ਤਮ ਹੋ ਗਿਆ ਸੀ ਅਤੇ ਜਦੋਂ ਸ਼ੂਦਰ ਜਿਨ੍ਹਾਂ ਦੀ ਤਾਦਾਦ ਜ਼ਿਆਦਾ ਸੀ, ਆਪਣੀ ਹੋਂਦ ਵਿਚ ਆਏ ਅਤੇ ਦੇਸ਼ ਦੇ ਸ਼ਾਸਕ ਬਣੇ। ਹਾਰ ਅਤੇ ਹਨੇਰੇ ਦਾ ਉਹ ਸਮਾਂ ਸੀ ਜਦੋਂ ਚਤਰਵਰਣ ਨੂੰ ਦੇਸ਼ ਦੇ ਜ਼ਿਆਦਾਤਰ ਲੋਕਾਂ ਨੇ ਫਿਟਕਾਰਨਾ ਸ਼ੁਰੂ ਕਰ ਦਿਤਾ।

## 18

ਚਤਰਵਰਣ ਕੋਈ ਨਵਾਂ ਨਹੀਂ ਹੈ। ਇਹ ਉਤਨਾ ਹੀ ਪੁਰਾਣਾ ਹੈ ਜਿਤਨਾ ਕਿ ਵੇਦ। ਇਹ ਇਕ ਕਾਰਨ ਹੈ ਕਿ ਆਰੀਆ ਸਮਾਜੀ ਸਾਨੂੰ ਇਸ ਦੇ ਦਾਅਵਿਆਂ ਤੇ ਵਿਚਾਰ ਕਰਨ ਲਈ ਕਿਉਂ ਕਹਿੰਦੇ ਹਨ। ਸਮਾਜਕ ਸੰਗਠਨ ਵਜੋਂ ਪਿਛੋਕੜ ਨੂੰ ਵੇਖਦੇ ਹੋਏ ਇਸ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਹ ਫੇਲ ਹੋਈ ਹੈ। ਕਿੰਨੀ ਵਾਰ ਬ੍ਰਾਹਮਣਾਂ ਨੇ ਖਤਰੀਆਂ ਦਾ ਬੀਜ ਨਾਸ ਕੀਤਾ ਹੈ। ਕਿੰਨੀ ਵਾਰ ਖਤਰੀਆਂ ਨੇ ਬ੍ਰਾਹਮਣਾਂ ਦਾ ਨਾਸ ਕੀਤਾ ਹੈ। ਬ੍ਰਾਹਮਣਾਂ ਅਤੇ ਖਤਰੀਆਂ ਦਰਮਿਆਨ ਇਸ ਸੰਘਰਸ਼ ਦੀਆਂ ਘਟਨਾਵਾਂ ਮਹਾਂਭਾਰਤ ਅਤੇ ਪੁਰਾਣਾਂ ਵਿਚ ਉਪਲੱਬਧ ਹਨ। ਉਹ ਛੋਟੇ ਛੋਟੇ ਅਜਿਹੇ ਸਵਾਲਾਂ ਤੇ ਵੀ ਲੜਦੇ ਰਹੇ ਕਿ ਪਹਿਲਾਂ ਸਲੂਟ ਕੌਣ ਮਾਰੇਗਾ। ਜਦੋਂ ਬ੍ਰਾਹਮਣ ਅਤੇ ਖੱਤਰੀ ਕਿਤੇ ਗਲੀ ਵਿਚ ਇਕ ਦੂਜੇ ਨੂੰ ਮਿਲਣ ਤਾਂ ਪਹਿਲਾਂ ਬ੍ਰਾਹਮਣ ਰਸਤਾ ਦੇਵੇਗਾ ਜਾਂ ਖੱਤਰੀ। ਬ੍ਰਾਹਮਣ ਖਤਰੀਆਂ ਦੀਆਂ ਅਤੇ ਖੱਤਰੀ ਬ੍ਰਾਹਮਣਾਂ ਦੀਆਂ ਅੱਖਾਂ ਵਿਚ ਰੜਕਦੇ ਹੀ ਨਹੀਂ ਸਨ ਸਗੋਂ ਇਹ ਜਾਪਦਾ ਹੈ ਕਿ ਖੱਤਰੀ ਜ਼ਾਲਮ ਬਣ ਗਏ ਸਨ ਅਤੇ ਚਤਰਵਰਣ ਦੀ ਪ੍ਰਣਾਲੀ ਅਧੀਨ ਨਿਹੱਥੇ ਲੋਕ ਉਨ੍ਹਾਂ ਦੇ ਜ਼ੁਲਮ ਤੋਂ ਛੁਟਕਾਰਾ ਪਾਉਣ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕਰ ਰਹੇ ਸਨ। ਭਾਗਵਤ ਸਾਨੂੰ ਬੜੇ ਨਿਸ਼ਚੇ ਨਾਲ ਦਸਦਾ ਹੈ ਕਿ ਸ੍ਰੀ ਕ੍ਰਿਸ਼ਨ ਨੇ ਅਵਤਾਰ ਕਿਸੇ ਪਵਿੱਤਰ ਮਕਸਦ ਲਈ ਲਿਆ ਸੀ ਅਤੇ ਉਹ ਮਕਸਦ ਸੀ ਖਰਤੀਆਂ ਦਾ ਨਾਸ। ਸਾਡੇ ਸਾਹਮਣੇ ਵੱਖ ਵੱਖ ਵਰਣਾਂ ਦਰਮਿਆਨ ਬਦਲੀ ਅਤੇ ਦੁਸ਼ਮਣੀ ਦੀਆਂ ਜੋ ਉਦਾਹਰਣਾਂ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਕਿਵੇਂ ਕੋਈ ਵਿਅਕਤੀ ਚਤਰਵਰਣ ਨੂੰ ਆਪਣਾ ਆਦਰਸ਼ ਸਮਝਕੇ ਇਸ ਨੂੰ ਆਪਣਾ ਨਿਸ਼ਾਨਾ ਬਣਾ ਸਕਦਾ ਹੈ ਅਤੇ ਕਿਵੇਂ ਇਸ ਨੂੰ ਉਹ ਆਦਰਸ਼ ਮੰਨ ਸਕਦਾ ਹੈ ਜਿਸ ਤੇ ਹਿੰਦੂ ਸਮਾਜ ਨੂੰ ਢਾਲਣਾ ਚਾਹੀਦਾ ਹੈ।

## 19

ਮੇਰਾ ਉਨ੍ਹਾਂ ਸਾਰਿਆਂ ਨਾਲ ਵਾਹ ਪਿਆ ਹੈ, ਜੋ ਤੁਹਾਡੇ ਤੋਂ ਬਗ਼ੈਰ ਹਨ ਅਤੇ ਜਿਨ੍ਹਾਂ ਦੀ ਤੁਹਾਡੇ ਆਦਰਸ਼ਾਂ ਪ੍ਰਤੀ ਦੁਸ਼ਮਣੀ ਤੁਹਾਡੇ ਸਾਹਮਣੇ ਖੁੱਲ੍ਹੀ ਪਈ ਹੈ। ਮੈਨੂੰ ਅਜਿਹੇ ਹੋਰ ਵੀ ਲੋਕ ਜਾਪਦੇ ਹਨ ਜੋ ਨਾ ਤਾਂ ਤੁਹਾਡੇ ਤੋਂ ਬਾਹਰ ਹਨ ਅਤੇ ਨਾ ਹੀ ਤੁਹਾਡੇ ਨਾਲ ਹਨ। ਮੈਂ ਕੁਝ ਝਿਜਕਦਾ ਸਾਂ ਕਿ ਕੀ ਮੈਨੂੰ ਉਨ੍ਹਾਂ ਦੇ ਨਜ਼ਰੀਏ ਨੂੰ ਲੈਣਾ ਚਾਹੀਦਾ ਹੈ। ਪਰੰਤੂ ਹੋਰ ਵਿਚਾਰ ਕਰਨ ਤੇ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਮੈਨੂੰ ਉਨ੍ਹਾਂ ਦੇ ਨਜ਼ਰੀਏ ਤੇ ਵੀ ਗੱਲ ਕਰਨੀ ਚਾਹੀਦੀ ਹੈ ਅਤੇ ਉਹ ਵੀ ਦੋ ਕਾਰਨਾਂ ਕਰਕੇ। ਪਹਿਲਾ ਇਹ ਕਿ ਜ਼ਾਤ-ਪਾਤ ਦੀ ਸਮੱਸਿਆ ਪ੍ਰਤੀ ਉਨ੍ਹਾਂ ਦਾ ਵਿਹਾਰ ਕੇਵਲ ਉਨ੍ਹਾਂ ਦੀ ਨਿਰਪੱਖਤਾ ਦਾ ਵਿਹਾਰ ਨਹੀਂ ਪਰੰਤੂ ਇਹ ਉਨ੍ਹਾਂ ਦਾ ਸ਼ਾਸਤਰ-ਬੱਧ ਨਿਰਪੱਖਤਾ ਦਾ ਵਿਹਾਰ ਹੈ। ਦੂਜਾ ਇਹ ਕਿ ਸੰਭਾਵੀ ਤੌਰ ਤੇ ਉਹ ਬਹੁਤ ਸਾਰੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਨ੍ਹਾਂ ਵਿਚੋਂ, ਇਕ ਵਰਗ ਤਾਂ ਉਹ ਹੈ ਜਿਸ ਨੂੰ ਹਿੰਦੂਆਂ ਦੀ ਜ਼ਾਤ-ਪਾਤ ਪ੍ਰਣਾਲੀ ਵਿਚ ਨਾ ਤਾਂ ਕੋਈ ਖਾਸ ਅਤੇ ਨਾ ਹੀ ਘਿਰਣਾ ਪੂਰਵਕ ਕੋਈ ਚੀਜ਼ ਦਿਸਦੀ ਹੈ। ਅਜਿਹੇ ਹਿੰਦੂ ਮੁਸਲਮਾਨਾਂ ਸਿਖਾਂ ਅਤੇ ਈਸਾਈਆਂ ਦੇ ਕੰਮ ਦੀ ਉਦਾਹਰਣ ਦਿੰਦੇ ਹਨ ਅਤੇ ਉਹ ਇਹ ਕਹਿਕੇ ਆਰਾਮ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਵਿਚ ਵੀ ਜ਼ਾਤਾਂ ਹਨ। ਇਸ ਪ੍ਰਸ਼ਨ ਤੇ ਵਿਚਾਰ ਕਰਨ ਤੇ, ਤੁਹਾਨੂੰ ਸ਼ੁਰੂ ਵਿਚ ਹੀ ਮਨ ਵਿਚ ਬਿਠਾ ਲੈਣਾ ਚਾਹੀਦਾ ਹੈ ਕਿ ਕਿਤੇ ਵੀ ਇਕੋ ਤਰ੍ਹਾਂ ਦਾ ਮਾਨਵ ਸਮਾਜ ਨਹੀਂ ਹੈ। ਇਹ ਹਮੇਸ਼ਾਂ ਬਹੁ-ਵਾਚਕ ਹੀ ਰਿਹਾ ਹੈ। ਸਰਗਰਮੀ ਦੀ ਦੁਨੀਆਂ ਵਿਚ ਕਿਸੇ ਵਿਅਕਤੀ ਦੀ ਕੋਈ ਹੋਂਦ ਹੈ ਅਤੇ ਸਮਾਜ ਦੀ ਕੋਈ ਹੋਰ। ਇਨ੍ਹਾਂ ਵਿਚ ਘੱਟ ਸੰਸਥਾਵਾਂ, ਵਪਾਰੀ ਕਾਰੋਬਾਰ, ਰਾਜਨੀਤਕ ਪਾਰਟੀਆਂ, ਚੋਰ ਅਤੇ ਲੁਟੇਰੇ ਸਭ ਸ਼ਾਮਲ ਹਨ, ਇਹ ਛੋਟੇ ਛੋਟੇ ਗਰੁੱਪ ਆਮ ਤੌਰ ਤੇ ਆਪਸ ਵਿਚ ਬੜੀ ਪੱਕੀ ਤਰ੍ਹਾਂ ਜੁੜੇ ਹੋਏ ਹਨ ਅਤੇ ਜ਼ਾਤਾਂ ਦੇ ਤੌਰ ਤੇ ਇਕ ਦੂਜੇ ਤੋਂ ਅਲੱਗ ਨਹੀਂ ਹੁੰਦੇ। ਉਨ੍ਹਾਂ ਦਾ ਬੜਾ ਤੰਗ ਅਤੇ ਘਣਾ ਜ਼ਾਬਤਾ ਹੁੰਦਾ ਹੈ ਜੋ ਅਕਸਰ ਸਮਾਜ ਵਿਰੋਧੀ ਹੁੰਦਾ ਹੈ। ਇਹ ਯੂਰਪ ਅਤੇ ਏਸ਼ੀਆ ਵਿਚ ਹਰ ਸਮਾਜ ਵਿਚ ਸਹੀ ਹੈ। ਇਹ ਨਿਸ਼ਚਿਤ ਕਰਨ ਲਈ ਕਿ ਕੀ ਪੈਦਾ ਕੀਤਾ ਗਿਆ ਸਮਾਜ ਇਕ ਆਦਰਸ਼ ਸਮਾਜ ਹੈ, ਸਬੰਧੀ ਪੁਛਿਆ ਜਾਣ ਵਾਲਾ ਸਵਾਲ ਇਹ ਨਹੀਂ ਹੈ ਕਿ ਇਸ ਵਿਚ ਜੁਟ ਹਨ ਕਿਉਂਕਿ ਜੁਟ ਤਾਂ ਸਾਰੇ ਸਮਾਜਾਂ ਵਿਚ ਹੁੰਦੇ ਹਨ। ਇਹ ਪਤਾ ਕਰਨ ਲਈ ਪੁੱਛੇ ਜਾਣ ਵਾਲੇ ਸਵਾਲ ਇਹ ਹਨ ਕਿ ਆਦਰਸ਼ ਸਮਾਜ ਕਿਹੜਾ ਹੈ, ਕਿ ਉਹ ਕਿੰਨੇ ਅਤੇ ਕਿਹੜੇ ਹਿਤ ਹਨ ਜਿਨ੍ਹਾਂ ਦੇ ਜੁਟਾਂ ਨੂੰ ਬੜੇ ਸੋਚ ਸਮਝ ਕੇ ਭਾਗੀਦਾਰ ਬਣਾਨਾ ਚਾਹੀਦਾ ਹੈ। ਦੂਜੇ ਤਰ੍ਹਾਂ ਦੀਆਂ ਸੰਸਥਾਵਾਂ ਨਾਲ ਕਿਵੇਂ ਮੁਕੰਮਲ ਰੂਪ ਵਿਚ ਅਤੇ ਪਰਸਪਰ ਸੁਤੰਤਰ ਸਬੰਧ ਹੋਣੇ ਚਾਹੀਦੇ ਹਨ? ਕੀ ਉਹ ਤਾਕਤਾਂ ਜੋ ਜੁਟਾਂ ਅਤੇ ਸ਼੍ਰੇਣੀਆਂ ਨੂੰ ਇਕ ਦੂਜੇ ਤੋਂ ਅਲੱਗ ਕਰਦੀਆਂ ਹਨ ਉਨ੍ਹਾਂ ਦੀ ਗਿਣਤੀ ਉਨ੍ਹਾਂ ਤਾਕਤਾਂ ਨਾਲੋਂ ਜ਼ਿਆਦਾ ਹੈ ਜੋ ਏਕਤਾ ਪੈਦਾ ਕਰਦੀਆਂ ਹਨ? ਇਸ ਜੁਟ ਜੀਵਨ ਨੂੰ ਕਿਹੜੀ ਸਮਾਜਕ ਮਹੱਤਤਾ ਪ੍ਰਾਪਤ ਹੈ? ਕੀ ਇਨ੍ਹਾਂ ਦਾ ਸ਼ਾਮਲ ਨਾ ਹੋਣਾ ਰਿਵਾਇਤ ਅਤੇ ਸੁਵਿਧਾ ਦਾ ਮਾਮਲਾ ਹੈ ਜਾਂ ਇਹ ਧਰਮ ਦਾ ਮਾਮਲਾ ਹੈ? ਇਹ ਇਨ੍ਹਾਂ ਪ੍ਰਸ਼ਨਾਂ ਦੀ ਰੌਸ਼ਨੀ ਵਿਚ ਹੈ ਕਿ ਹਰ ਇਕ ਨੂੰ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਕੀ ਗ਼ੈਰ-ਹਿੰਦੂਆਂ ਵਿਚ ਜੋ ਜ਼ਾਤ-ਪਾਤ ਹੈ ਉਹੀ ਹਿੰਦੂਆਂ ਵਿਚ ਹੈ? ਜੇਕਰ ਅਸੀਂ ਇਨ੍ਹਾਂ ਵਿਚਾਰਾਂ ਨੂੰ ਇਕ ਮੁਸਲਮਾਨ, ਸਿੱਖਾਂ ਅਤੇ ਈਸਾਈਆਂ ਦਰਮਿਆਨ ਜ਼ਾਤਾਂ ਤੇ ਦੂਜੇ ਪਾਸੇ ਹਿੰਦੂਆਂ ਦਰਮਿਆਨ ਜ਼ਾਤਾਂ ਤੇ

ਲਾਗੂ ਕਰਦੇ ਹਾਂ ਤਾਂ ਤੁਸੀਂ ਵੇਖੋਗੇ ਕਿ ਗ਼ੈਰ-ਹਿੰਦੂਆਂ ਵਿਚ ਜ਼ਾਤ-ਪਾਤ ਹਿੰਦੂ ਵਿਚਲੇ ਜ਼ਾਤ-ਪਾਤ ਤੋਂ ਮੂਲ ਰੂਪ ਵਿਚ ਬਿਲਕੁਲ ਅਲੱਗ ਹੈ। ਪਹਿਲਾਂ ਇਹ ਕਿ ਜਿਹੜੀਆਂ ਚੀਜ਼ਾਂ ਆਪਸ ਵਿਚ ਜੋੜਦੀਆਂ ਹਨ ਉਹ ਹਿੰਦੂਆਂ ਵਿਚ ਨਹੀਂ ਹਨ। ਜਦੋਂ ਕਿ ਗ਼ੈਰ-ਹਿੰਦੂਆਂ ਵਿਚ ਅਜਿਹੀਆਂ ਚੀਜ਼ਾਂ ਹਨ। ਜੋ ਉਨ੍ਹਾਂ ਨੂੰ ਆਪਸ ਵਿਚ ਇਕੱਠਾ ਰਖਦੀਆਂ ਹਨ। ਕਿਸੇ ਸਮਾਜ ਦੀ ਤਾਕਤ ਆਪਸੀ ਸੰਪਰਕ ਦੇ ਨੁਕਤਿਆਂ ਦੇ ਹੋਣ, ਵੱਖ ਵੱਖ ਜੁਟਾਂ ਦਰਮਿਆਨ ਪਰਸਪਰ ਕ੍ਰਿਆ ਦੀਆਂ ਸੰਭਾਵਨਾਵਾਂ ਜੋ ਇਸ ਵਿਚ ਹੁੰਦੀਆਂ ਹਨ, ਤੇ ਨਿਰਭਰ ਕਰਦੀ ਹੈ। ਕਾਰਲਾਈਲ ਨੇ ਇਨ੍ਹਾਂ ਨੂੰ "ਸਜੀਵੀ ਤਾਕਤਾਂ (ਆਰਗੈਨਿਕ ਫਿਲਾਮੈਂਟ)" ਅਰਥਾਤ ਉਹ ਨਰਮ ਤਾਕਤਾਂ ਜੋ ਅਲੱਗ-ਥਲੱਗ ਹੋ ਰਹੇ ਤੱਤਾਂ ਨੂੰ ਇਕੱਠੇ ਹੋਣ ਅਤੇ ਉਨ੍ਹਾਂ ਨੂੰ ਇਕ ਥਾਂ ਇਕੱਠੇ ਕਰਨ ਵਿਚ ਮਦਦ ਕਰਦੀਆਂ ਹਨ, ਕਿਹਾ ਹੈ। ਜ਼ਾਤ-ਪਾਤ ਦੇ ਆਧਾਰ ਤੇ ਅਲੱਗ-ਥਲੱਗ ਹੋਣ ਦਾ ਮੁਕਾਬਲਾ ਕਰਨ ਲਈ ਹਿੰਦੂਆਂ ਵਿਚ ਆਪਸ ਵਿਚ ਇਕੱਠਾ ਕਰਨ ਵਾਲੀ ਕੋਈ ਵੀ ਸ਼ਕਤੀ ਨਹੀਂ ਹੈ, ਜਦੋਂ ਕਿ ਗ਼ੈਰ-ਹਿੰਦੂਆਂ ਵਿਚ ਬਹੁਤ ਹੀ ਅਜਿਹੀਆਂ ਸਜੀਵੀ ਤਾਕਤਾਂ ਹਨ ਜੋ ਇਨ੍ਹਾਂ ਨੂੰ ਇਕੱਠਾ ਕਰਦੀਆਂ ਹਨ। ਦੁਬਾਰਾ, ਇਹ ਮਨ ਵਿਚ ਲੈ ਆਉਣਾ ਚਾਹੀਦਾ ਹੈ ਕਿ ਭਾਵੇਂ ਗ਼ੈਰ-ਹਿੰਦੂਆਂ ਵਿਚ ਜ਼ਾਤਾਂ ਹਨ ਜਿਵੇਂ ਕਿ ਹਿੰਦੂਆਂ ਵਿਚ ਹਨ ਪਰੰਤੂ ਗ਼ੈਰ-ਹਿੰਦੂਆਂ ਵਿਚ ਜ਼ਾਤ-ਪਾਤ ਨੂੰ ਉਤਨੀ ਸਮਾਜਕ ਮਹੱਤਤਾ ਨਹੀਂ ਦਿੜੀ ਗਈ ਜਿਤਨੀ ਕਿ ਹਿੰਦੂਆਂ ਵਿਚ। ਕਿਸੇ ਮੁਸਲਮਾਨ ਨੂੰ ਜਾਂ ਕਿਸੇ ਸਿੱਖ ਨੂੰ ਪੁਛੋ ਕਿ ਉਹ ਕੌਣ ਹੈ। ਉਹ ਤੁਹਾਨੂੰ ਦੱਸੇਗਾ ਕਿ ਉਹ ਜੋ ਵੀ ਸੂਰਤ ਹੋਵੇ, ਮੁਸਲਮਾਨ ਜਾਂ ਸਿੱਖ ਹੈ। ਭਾਵੇਂ ਉਸਦੀ ਕੋਈ ਜ਼ਾਤ ਹੋਵੇ ਪਰੰਤੂ ਉਹ ਤੁਹਾਨੂੰ ਆਪਣੀ ਜ਼ਾਤ ਬਾਰੇ ਨਹੀਂ ਦੱਸੇਗਾ ਅਤੇ ਤੁਸੀਂ ਉਸ ਦੇ ਉਤਰ ਨਾਲ ਬਿਲਕੁਲ ਸੰਤੁਸ਼ਟ ਹੋ ਜਾਵੋਗੇ। ਜਦੋਂ ਉਹ ਤੁਹਾਨੂੰ ਕਹੇਗਾ ਕਿ ਉਹ ਮੁਸਲਮਾਨ ਹੈ ਤਾਂ ਤੁਸੀਂ ਉਸ ਨੂੰ ਇਹ ਨਹੀਂ ਪੁੱਛੋਗੇ ਕਿ ਕੀ ਉਹ ਸ਼ੀਆ ਜਾਂ ਸੁਨੀ, ਸ਼ੇਖ ਜਾਂ ਸੱਈਦ , ਖਟਿਕ ਜਾਂ ਪਿੰਜਾਰੀ ਹੈ। ਜਦੋਂ ਉਹ ਤੁਹਾਨੂੰ ਕਹੇਗਾ ਕਿ ਉਹ ਸਿੱਖ ਹੈ ਤਾਂ ਤੁਸੀਂ ਉਸਨੂੰ ਇਹ ਨਹੀਂ ਪੁੱਛੋਗੇ ਕਿ ਕੀ ਉਹ ਜੱਟ ਐ ਜਾਂ ਰੋੜਾ, ਮਜ਼੍ਹਬੀ ਜਾਂ ਰਾਮਦਾਸੀਆ। ਪਰੰਤੂ ਜੇਕਰ ਤੁਹਾਨੂੰ ਕੋਈ ਇਹ ਕਹੇ ਕਿ ਮੈਂ ਹਿੰਦੂ ਹਾਂ ਤਾਂ ਤੁਸੀਂ ਉਸਦੇ ਉਤਰ ਨਾਲ ਸੰਤੁਸ਼ਟ ਨਹੀਂ ਹੋਵੋਗੇ। ਤੁਸੀਂ ਉਸ ਦੀ ਜ਼ਾਤ ਪੁੱਛਣ ਲਈ ਮਜਬੂਰ ਹੋ ਜਾਵੋਗੇ। ਪਰੰਤੂ ਅਜਿਹਾ ਕਿਉਂ? ਕਿਉਂਕਿ ਹਿੰਦੂ ਦੇ ਮਾਮਲੇ ਵਿਚ ਉਸ ਦੀ ਜ਼ਾਤ ਪੁਛਣਾ ਜ਼ਰੂਰੀ ਹੈ। ਇਹ ਪੁੱਛੇ ਬਗੈਰ ਤੁਹਾਨੂੰ ਵਿਸ਼ਵਾਸ ਹੀ ਨਹੀਂ ਆਵੇਗਾ ਕਿ ਉਹ ਕਿਸ ਜ਼ਾਤ ਕਰਕੇ ਹਿੰਦੂ ਹੈ। ਜ਼ਾਤ-ਪਾਤ ਨੂੰ ਗ਼ੈਰ-ਹਿੰਦੂਆਂ ਵਿਚ ਉਤਨੀ ਸਮਾਜਕ ਮਹੱਤਤਾ ਨਹੀਂ ਜੋ ਹਿੰਦੂਆਂ ਵਿਚ ਜ਼ਾਤ-ਪਾਤ ਨੂੰ ਹੈ। ਇਹ ਇਸ ਚੀਜ਼ ਤੋਂ ਸਪੱਸ਼ਟ ਹੈ ਜੇਕਰ ਤੁਸੀਂ ਉਨ੍ਹਾਂ ਸਿੱਟਿਆਂ ਤੇ ਵਿਚਾਰ ਕਰਦੇ ਹੋ ਜਿਨ੍ਹਾਂ ਨਾਲ ਜ਼ਾਤ-ਪਾਤ ਦੀ ਉਲੰਘਣਾ ਹੁੰਦੀ ਹੈ। ਮੁਸਲਮਾਨਾਂ ਅਤੇ ਸਿੱਖਾਂ ਵਿਚਕਾਰ ਜ਼ਾਤ-ਪਾਤ ਹੋ ਸਕਦੀ ਹੈ ਪਰੰਤੂ ਜੇਕਰ ਸਿੱਖ ਜਾਂ ਮੁਸਲਮਾਨ ਜ਼ਾਤ-ਪਾਤ ਨੂੰ ਤੋੜਦੇ ਹਨ ਤੇ ਉਨ੍ਹਾਂ ਨੂੰ ਬਰਾਦਰੀ ਵਿਚੋਂ ਛੇਕਿਆ ਨਹੀਂ ਜਾਂਦਾ। ਸਗੋਂ ਸਮਾਜ ਵਿਚੋਂ ਛੇਕਣ ਦਾ ਇਹ ਖਿਆਲ ਸਿੱਖਾਂ ਅਤੇ ਮੁਸਲਮਾਨਾਂ ਲਈ ਬਹੁਤ ਅਸੰਗਤ ਹੈ। ਪਰੰਤੂ ਹਿੰਦੂਆਂ ਵਿਚ ਇਹ ਬਿਲਕੁਲ ਉਲਟ ਹੈ। ਜੇਕਰ ਹਿੰਦੂ ਜ਼ਾਤ-ਪਾਤ ਨੂੰ ਤੋੜਦਾ ਹੈ ਤਾਂ ਇਹ ਯਕੀਨੀ ਹੈ ਕਿ ਉਸਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਹੈ। ਇਸ ਤੋਂ ਹਿੰਦੂਆਂ ਅਤੇ ਗ਼ੈਰ-ਹਿੰਦੂਆਂ ਵਿਚ ਜ਼ਾਤ-ਪਾਤ ਦੀ ਮਸਾਜਕ ਮਹੱਤਤਾ ਦੇ ਫ਼ਰਕ ਬਾਰੇ ਪਤਾ ਲਗਦਾ ਹੈ। ਇਹ ਫ਼ਰਕ ਦਾ ਦੂਜਾ ਨੁਕਤਾ ਹੈ । ਪਰੰਤੂ ਤੀਜਾ

ਅਤੇ ਹੋਰ ਮਹੱਤਵਪੂਰਣ ਇਕ ਨੁਕਤਾ ਵੀ ਹੈ। ਗ਼ੈਰ-ਹਿੰਦੂਆਂ ਵਿਚ ਜ਼ਾਤ-ਪਾਤ ਦੀ ਕੋਈ ਧਾਰਮਕ ਨਿਆਜ਼ ਨਹੀਂ ਹੈ, ਪਰੰਤੂ ਹਿੰਦੂਆਂ ਵਿਚ ਇਹ ਚੀਜ਼ ਬਹੁਤ ਜ਼ਿਆਦਾ ਹੈ। ਗ਼ੈਰ-ਹਿੰਦੂਆਂ ਵਿਚ, ਜ਼ਾਤ-ਪਾਤ ਇਕ ਪ੍ਰਥਾ ਹੈ ਇਹ ਕੋਈ ਪਵਿੱਤਰ ਸੰਸਥਾ ਨਹੀਂ ਹੈ, ਇਹ ਇਸਨੂੰ ਪੈਦਾ ਨਹੀਂ ਕਰਦੇ। ਉਨ੍ਹਾਂ ਨਾਲ ਇਹ ਜ਼ਿੰਦਾ ਹੈ। ਉਹ ਜ਼ਾਤ-ਪਾਤ ਨੂੰ ਧਾਰਮਕ ਨੀਤੀ ਵਜੋਂ ਨਹੀਂ ਸਮਝਦੇ। ਧਰਮ ਹਿੰਦੂਆਂ ਨੂੰ ਨੈਤਿਕ ਤੌਰ ਤੇ ਰਹਿਣ ਅਤੇ ਸਮਾਜ ਤੋਂ ਅਲੱਗ ਹੋਣ ਲਈ ਮਜਬੂਰ ਕਰਦਾ ਹੈ। ਪਰੰਤੂ ਧਰਮ ਗ਼ੈਰ-ਹਿੰਦੂਆਂ ਨੂੰ ਜ਼ਾਤ-ਪਾਤ ਪ੍ਰਤੀ ਅਜਿਹਾ ਵਤੀਰਾ ਅਪਨਾਉਣ ਲਈ ਮਜਬੂਰ ਨਹੀਂ ਕਰਦਾ। ਜੇਕਰ ਹਿੰਦੂ ਜ਼ਾਤ-ਪਾਤ ਨੂੰ ਤੜਨਾ ਚਾਹੁੰਦੇ ਹਨ ਤਾਂ ਧਰਮ ਉਨ੍ਹਾਂ ਦੇ ਰਸਤੇ ਵਿਚ ਆਵੇਗਾ। ਪਰੰਤੂ ਅਜਿਹਾ ਗ਼ੈਰ-ਹਿੰਦੂਆਂ ਵਿਚ ਨਹੀਂ ਹੈ। ਇਸ ਲਈ ਇਸ ਚੀਜ਼ ਦਾ ਪਤਾ ਲਗਾਏ ਬਗੈਰ ਕਿ ਗ਼ੈਰ-ਹਿੰਦੂਆਂ ਦੇ ਜੀਵਨ ਵਿਚ ਜ਼ਾਤ-ਪਾਤ ਦਾ ਕੀ ਸਥਾਨ ਹੈ ਅਤੇ ਕੀ ਕੋਈ ਅਜਿਹੀਆਂ ਹੋਰ ਵੀ "ਸਜੀਵੀ ਤਾਕਤਾਂ" ਹਨ ਜੋ ਜ਼ਾਤ-ਪਾਤ ਦੀਆਂ ਭਾਵਨਾਵਾਂ ਨੂੰ ਸਮੁਦਾਇ ਦੀਆਂ ਭਾਵਨਾਵਾਂ ਦੇ ਅਧੀਨ ਕਰਦੀਆਂ ਹਨ, ਗ਼ੈਰ-ਹਿੰਦੂਆਂ ਵਿਚ ਜ਼ਾਤ-ਪਾਤ ਦੀ ਕੇਵਲ ਹੋਂਦ ਨੂੰ ਹੀ ਮੰਨ ਲੈਣਾ ਇਕ ਬਹੁਤ ਹੀ ਖਤਰਨਾਕ ਭਰਮ ਹੈ। ਜਿਤਨੀ ਵੀ ਜਲਦੀ ਹਿੰਦੂ ਇਸ ਭਰਮ ਤੋਂ ਛੁਟਕਾਰਾ ਪਾ ਲੈਣਗੇ ਉਤਨਾ ਹੀ ਚੰਗਾ ਹੈ।

ਦੂਸਰਾ ਵਰਗ ਇਸ ਤੋਂ ਇਨਕਾਰੀ ਹੈ ਕਿ ਕੇਵਲ ਜ਼ਾਤ-ਪਾਤ ਹੀ ਹਿੰਦੂਆਂ ਲਈ ਸਮੱਸਿਆ ਪੈਦਾ ਕਰਦੀ ਹੈ। ਹਿੰਦੂ ਆਪਣੇ ਆਪ ਨੂੰ ਇਸ ਖ਼ਿਆਲ ਨਾਲ ਦਿਲਾਸਾ ਦਿੰਦੇ ਹਨ ਕਿ ਹਿੰਦੂ ਇਸ ਕਰਕੇ ਜ਼ਿੰਦਾ ਹਨ ਅਤੇ ਹਿੰਦੂਆਂ ਨੇ ਇਸ ਨੂੰ ਆਪਣੇ ਆਪ ਨੂੰ ਜ਼ਿੰਦਾ ਰੱਖਣ ਲਈ ਆਪਣੇ ਯੋਗ ਹੋਣ (ਫਿਟਨੈਸ) ਦੇ ਸਬੂਤ ਵਜੋਂ ਲਿਆ ਹੈ। ਇਹ ਨੁਕਤਾ ਪ੍ਰੋਫੈਸਰ ਰਾਧਾਕ੍ਰਿਸ਼ਨ ਦੁਆਰਾ ਆਪਣੀ ਪੁਸਤਕ "ਹਿੰਦੂ ਵਿਊ ਆਫ਼ ਲਾਈਫ" ਵਿਚ ਬੜੀ ਚੰਗੀ ਤਰ੍ਹਾਂ ਵਰਣਨ ਕੀਤਾ ਗਿਆ ਹੈ। ਹਿੰਦੂਆਂ ਦਾ ਹਵਾਲਾ ਦਿੰਦੇ ਹੋਏ ਉਹ ਕਹਿੰਦੇ ਹਨ ਕਿ "ਸੱਭਿਅਤਾ ਖੁਦ ਉਹ ਇਤਿਹਾਸ ਨਹੀਂ ਜੋ ਬਹੁਤ ਥੋੜ੍ਹਾ ਚਿਰ ਰਿਹਾ ਹੋਵੇ। ਇਸ ਦਾ ਪਿਛਲੇ ਚਾਰ ਹਜ਼ਾਰ ਸਾਲਾਂ ਤੋਂ ਵੀ ਵੱਧ ਦਾ ਇਤਿਹਾਸਕ ਰਿਕਾਰਡ ਹੈ ਅਤੇ ਉਸ ਸਮੇਂ ਵੀ ਇਹ ਸੱਭਿਅਤਾ ਦੇ ਉਸ ਪੜਾਅ ਤੇ ਪਹੁੰਚ ਗਿਆ ਸੀ ਜੋ ਅੱਜ ਤੱਕ ਕਦੇ ਘੱਟ ਅਤੇ ਕਦੇ ਤੇਜ਼ ਗਤੀ ਵਿਚ ਬਿਨਾਂ ਰੋਕ ਚਲਦੀ ਆ ਰਹੀ ਹੈ। ਇਸ ਤੇ ਚਾਰ ਜਾਂ ਪੰਜ ਹਜ਼ਾਰ ਤੋਂ ਵੀ ਜ਼ਿਆਦਾ ਰੂਹਾਨੀ ਵਿਚਾਰਾਂ ਅਤੇ ਤਜਰਬੇ ਦਾ ਪ੍ਰਭਾਵ ਹੈ। ਭਾਵੇਂ ਇਤਿਹਾਸ ਦੇ ਆਰੰਭ ਤੋਂ ਵੱਖ ਵੱਖ ਜ਼ਾਤਾਂ ਅਤੇ ਸਭਿਅਤਾਂ ਦੇ ਲੋਕ ਭਾਰਤ ਵਿਚ ਆ ਰਹੇ ਹਨ ਫਿਰ ਵੀ, ਹਿੰਦੂ ਆਪਣੀ ਮਹਾਨਤਾ ਬਣਾਏ ਰੱਖਣ ਵਿਚ ਕਾਮਯਾਬ ਰਹੇ ਹਨ ਅਤੇ ਧਰਮ ਸਬੰਧੀ ਨਸਲਾਂ, ਜਿਨ੍ਹਾਂ ਪਿਛੇ ਰਾਜਨੀਤਕ ਸ਼ਕਤੀ ਦਾ ਹੱਥ ਵੀ ਸੀ ਹਿੰਦੂਆਂ ਦੇ ਬਹੁਤ ਜ਼ਿਆਦਾ ਬਹੁ-ਮਤ ਨੂੰ ਜਬਰਦਸਤੀ ਆਪਣੇ ਵਿਚਾਰਾਂ ਵੱਲ ਲਿਆਉਣ ਵਿਚ ਕਾਮਯਾਬ ਨਹੀਂ ਹੋਈਆਂ। ਹਿੰਦੂ ਸੱਭਿਅਤਾ ਪਾਸ ਅਜਿਹੀ ਤਾਕਤ ਹਾਸਲ ਹੈ ਜੋ ਦੂਜੀਆਂ ਸ਼ਕਤੀਸ਼ਾਲੀ ਸਭਿਆਤਾਵਾਂ ਪਾਸ ਨਹੀਂ ਜਾਪਦੀ।" ਕਿਸੇ ਰੁੱਖ ਨੂੰ ਇਹ ਵੇਖਣ ਲਈ ਕੱਟਣਾ ਕਿ ਕੀ ਉਸ ਵਿਚੋਂ ਅਜੇ ਵੀ (ਰਸ) ਨਿਕਲਦਾ ਹੈ। ਇਸ ਦੀ ਬਜਾਏ ਹੁਣ ਹਿੰਦੂਆਂ ਦੀ ਹੋਰ ਛਾਣਬੀਣ ਕਰਨ ਦੀ ਜ਼ਰੂਰਤ ਨਹੀਂ। ਪ੍ਰੋਫੈਸਰ ਰਾਧਾਕ੍ਰਿਸ਼ਨ ਦਾ ਨਾਂ, ਜੋ ਵੀ ਉਹ ਕਹਿੰਦਾ ਹੈ, ਉਸ ਤੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਆਪਣੇ ਪਾਠਕਾਂ ਦੇ ਮਨਾਂ ਨੂੰ

ਪ੍ਰਭਾਵਿਤ ਕਰਨ ਲਈ ਕਾਫ਼ੀ ਹੈ। ਪਰੰਤੂ ਸਾਨੂੰ ਆਪਣੇ ਮਨ ਦੀ ਆਵਾਜ਼ ਕੱਢਣ ਵਿਚ ਹਿਚਕਚਾਹਟ ਨਹੀਂ ਹੋਣੀ ਚਾਹੀਦੀ। ਇਸ ਪ੍ਰਤੀ, ਮੈਨੂੰ ਡਰ ਹੈ ਕਿ ਉਸ ਦਾ ਬਿਆਨ, ਸਜੀਵ ਰਹਿਣ ਦਾ ਤੱਥ ਜ਼ਿੰਦਾ ਰਹਿਣ ਲਈ ਯੋਗ ਹੋਣ (ਫਿਟਨੈਸ) ਦਾ ਸਬੂਤ ਹੈ ਤਿੱਖੀ ਬਹਿਸ ਦਾ ਆਧਾਰ ਨਾ ਬਣ ਜਾਵੇ। ਮੈਨੂੰ ਜਾਪਦਾ ਹੈ ਕਿ ਪ੍ਰਸ਼ਨ ਇਹ ਨਹੀਂ ਹੈ ਕਿ ਕੀ ਸਮੁਦਾਇ ਰਹਿੰਦਾ ਹੈ ਜਾਂ ਮਰਦਾ ਹੈ, ਪ੍ਰਸ਼ਨ ਇਹ ਹੈ ਕਿ ਇਹ ਕਿਸ ਸਤਹ ਤੇ ਰਹਿੰਦਾ ਹੈ। ਜੀਵਿਤ ਰਹਿਣ ਦੇ ਵੱਖਰੇ ਵੱਖਰੇ ਢੰਗ ਹਨ। ਪਰੰਤੂ ਸਾਰਿਆਂ ਦਾ ਬਰਾਬਰ ਸਨਮਾਨ ਨਹੀਂ ਹੈ। ਕਿਸੇ ਵਿਅਕਤੀ ਜਾਂ ਕਿਸੇ ਸਮਾਜ ਲਈ ਕੇਵਲ ਰਹਿਣਾ ਅਤੇ ਸਤਿਕਾਰ ਨਾਲ ਰਹਿਣਾ ਵਿਚਕਾਰ ਇਕ ਡੂੰਘੀ ਖਾਈ ਹੈ। ਲੜਾਈ ਵਿਚ ਯੁੱਧ ਕਰਨਾ ਅਤੇ ਸ਼ਾਨ ਨਾਲ ਰਹਿਣਾ ਇਕ ਹੀ ਤਰੀਕਾ ਹੈ। ਮੋਰਚਾ ਛੱਡਣਾ, ਆਪਣਾ ਆਪ ਸਮਰਪਿਤ ਕਰਨਾ ਅਤੇ ਇਕ ਕੈਦੀ ਦੀ ਜ਼ਿੰਦਗੀ ਬਸਰ ਕਰਨਾ ਵੀ ਜਿਉਂਦੇ ਰਹਿਣ ਦਾ ਇਕ ਤਰੀਕਾ ਹੈ। ਹਿੰਦੂ ਲਈ ਇਸ ਤੱਥ ਨੂੰ ਲੈ ਕੇ ਬੈਠੇ ਰਹਿਣਾ ਬਿਲਕੁਲ ਫਜ਼ੂਲ ਹੈ ਕਿ ਉਹ ਅਤੇ ਉਸ ਦੇ ਲੋਕ ਜ਼ਿੰਦਾ ਹਨ ਜਾਂ ਜੀਵਨ ਬਤੀਤ ਕਰ ਰਹੇ ਹਨ। ਉਸਨੂੰ ਕਿਸ ਚੀਜ਼ ਤੇ ਵਿਚਾਰ ਕਰਨਾ ਚਾਹੀਦਾ ਹੈ ਉਹ ਇਹ ਹੈ ਕਿ ਉਹ ਕਿਸ ਤਰ੍ਹਾਂ ਜ਼ਿੰਦਾ ਰਹਿਣਾ ਚਾਹੁੰਦੇ ਹਨ। ਜੇਕਰ ਉਹ ਇਸ ਤਰ੍ਹਾਂ ਕਰਦਾ ਹੈ ਤਾਂ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਕੇਵਲ ਜੀਵਿਤ ਰਹਿਣ ਦੀ ਸਚਾਈ ਵਿਚ ਮਾਣ ਕਰਨਾ ਬੰਦ ਕਰ ਦੇਵੇਗਾ। ਹਿੰਦੂ ਦੀ ਜ਼ਿੰਦਗੀ ਲਗਾਤਾਰ ਹਾਰ ਦੀ ਜ਼ਿੰਦਗੀ ਰਹੀ ਹੈ ਅਤੇ ਜੋ ਉਸਨੂੰ ਜਾਪਦਾ ਹੈ ਕਿ ਜ਼ਿੰਦਗੀ ਹਮੇਸ਼ਾਂ ਰਹਿਣ ਵਾਲੀ ਹੈ, ਇਹ ਹਮੇਸ਼ਾਂ ਰਹਿਣ ਵਾਲੀ ਨਹੀਂ ਹੈ। ਪਰੰਤੂ ਵਾਸਤਵ ਵਿਚ ਇਹ ਅਜਿਹੀ ਜ਼ਿੰਦਗੀ ਹੈ ਜੋ ਸਥਾਈ ਰੂਪ ਵਿਚ ਖ਼ਤਮ ਹੋ ਰਹੀ ਹੈ। ਇਹ ਜੀਵਿਤ ਰਹਿਣ ਦਾ ਇਕ ਢੰਗ ਹੈ ਜਿਸ ਦੀ ਹਰ ਇਕ ਸਹੀ ਦਿਮਾਗ਼ ਵਾਲਾ ਹਿੰਦੂ, ਜੋ ਸੱਚ ਕਹਿਣ ਤੋਂ ਨਹੀਂ ਡਰਦਾ, ਸ਼ਰਮਿੰਦਗੀ ਮਹਿਸੂਸ ਕਰੇਗਾ।

## 20

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿੰਨਾਂ ਚਿਰ ਤੁਸੀਂ ਆਪਣੀ ਸਮਾਜਕ ਵਿਵਸਥਾ ਨੂੰ ਨਹੀਂ ਬਦਲਦੇ ਉਨਾ ਚਿਰ ਤਕ ਤੁਸੀਂ ਬਹੁਤ ਥੋੜ੍ਹੀ ਤਰੱਕੀ ਹਾਸਲ ਕਰ ਸਕਦੇ ਹੋ। ਤੁਸੀਂ ਆਪਣੇ ਸਮੁਦਾਇ ਨੂੰ ਸੁਰੱਖਿਆ ਲਈ ਜਾਂ ਅਪਰਾਧ ਲਈ ਪ੍ਰੇਰਿਤ ਨਹੀਂ ਕਰ ਸਕਦੇ। ਤੁਸੀਂ ਜ਼ਾਤ-ਪਾਤ ਦੀਆਂ ਨੀਹਾਂ ਤੇ ਕੋਈ ਚੀਜ਼ ਨਹੀਂ ਉਸਾਰ ਸਕਦੇ। ਤੁਸੀਂ ਕੌਮ ਨੂੰ ਇਸਤੇ ਨਹੀਂ ਉਸਾਰ ਸਕਦੇ ਅਤੇ ਨਾ ਹੀ ਤੁਸੀਂ ਨੈਤਿਕਤਾ ਨੂੰ ਇਸ ਤੇ ਉਸਾਰ ਸਕਦੇ ਹੋ। ਜਿਹੜੀ ਵੀ ਚੀਜ਼ ਤੁਸੀਂ ਜ਼ਾਤ-ਪਾਤ ਦੀਆਂ ਨੀਂਹਾਂ ਤੇ ਉਸਾਰੋਗੇ ਉਸ ਵਿਚ ਤਰੇੜਾਂ ਆ ਜਾਣਗੀਆਂ ਅਤੇ ਉਹ ਕਦੇ ਵੀ ਮੁਕੰਮਲ ਨਹੀਂ ਹੋਵੇਗੀ।

ਕੇਵਲ ਇਕੋ ਪ੍ਰਸ਼ਨ ਜਿਹੜਾ ਵਿਚਾਰਿਆ ਜਾਣਾ ਰਹਿੰਦਾ ਹੈ, ਉਹ ਇਹ ਹੈ ਕਿ – ਹਿੰਦੂ ਸਮਾਜ ਵਿਚ ਸੁਧਾਰ ਕਿਵੇਂ ਲਿਆਂਦਾ ਜਾਵੇ? ਜ਼ਾਤ-ਪਾਤ ਨੂੰ ਕਿਵੇਂ ਖ਼ਤਮ ਕੀਤਾ ਜਾਵੇ? ਇਹ ਇਕ ਸਰਵਉੱਚ ਮਹੱਤਤਾ ਵਾਲਾ ਪ੍ਰਸ਼ਨ ਹੈ। ਇਥੇ ਇਹ ਵਿਚਾਰ ਪ੍ਰਗਟ ਕੀਤਾ ਜਾਂਦਾ ਹੈ ਕਿ ਜ਼ਾਤ-ਪਾਤ ਵਿਚ ਸੁਧਾਰ ਲਿਆਉਣ ਲਈ ਪਹਿਲਾ ਕਦਮ ਇਹ ਚੁੱਕਣਾ ਹੋਵੇਗਾ ਕਿ ਉਪ-ਜ਼ਾਤਾਂ ਖ਼ਤਮ ਕੀਤੀਆਂ ਜਾਣ। ਇਹ ਵਿਚਾਰ ਇਸ ਅੰਧ-ਵਿਸ਼ਵਾਸ ਤੇ ਆਧਾਰਿਤ ਹੈ ਕਿ ਜ਼ਾਤਾਂ ਨਾਲੋਂ ਉਪ-ਜ਼ਾਤਾਂ ਵਿਚਕਾਰ ਤੌਰ-ਤਰੀਕਿਆਂ ਅਤੇ ਪਦਵੀ ਵਿਚ ਬਹੁਤ ਜ਼ਿਆਦਾ

ਇਕਸੁਰਤਾ ਹੈ। ਮੈਂ ਸਮਝਦਾ ਹਾਂ ਕਿ ਇਕ ਗ਼ਲਤ ਅੰਧ-ਵਿਸ਼ਵਾਸ ਹੈ। ਉਤਰੀ ਅਤੇ ਕੇਂਦਰੀ ਭਾਰਤ ਦੇ ਬ੍ਰਾਹਮਣਾਂ ਦਾ ਸਮਾਜਕ ਦਰਜਾ ਦੱਖਣੀ ਭਾਰਤ ਦੇ ਬ੍ਰਾਹਮਣਾਂ ਦੇ ਮੁਕਾਬਲੇ ਦੂਸਰਿਆਂ ਦਾ ਸਮਾਜਕ ਦਰਜਾ ਬਹੁਤ ਉੱਚਾ ਹੈ। ਦੂਜੇ ਪਾਸੇ ਵੈਸ਼ ਅਤੇ ਕਾਯਸਥ ਦਿਮਾਗ਼ੀ ਤੌਰ ਤੇ ਅਤੇ ਸਮਾਜਕ ਤੌਰ ਤੇ ਦੱਖਣੀ ਭਾਰਤ ਦੀ ਬ੍ਰਾਹਮਣਾਂ ਦੇ ਬਰਾਬਰ ਹਨ। ਫਿਰ, ਦੱਖਣ ਅਤੇ ਦੱਖਣੀ ਭਾਰਤ ਦੇ ਬ੍ਰਾਹਮਣਾਂ ਵਿਚਕਾਰ ਭੋਜਨ ਵਿਚ ਵੀ ਇਕਸਾਰਤਾ ਨਹੀਂ ਹੈ ਕਿਉਂਕਿ ਇਹ ਸ਼ਾਕਾਹਾਰੀ ਭੋਜਨ ਖਾਂਦੇ ਹਨ ਜਦ ਕਿ ਕਸ਼ਮੀਰ ਅਤੇ ਬੰਗਾਲ ਦੇ ਬ੍ਰਾਹਮਣਾਂ ਦਾ ਖਾਣਾ ਵੀ ਅਜਿਹੇ ਗ਼ੈਰ-ਬ੍ਰਾਹਮਣਾਂ, ਜਿਵੇਂ ਗੁਜਰਾਤੀ ਮਾਰਵਾੜੀ, ਬਾਣੀਏ ਅਤੇ ਜੈਨੀਆਂ ਨਾਲ ਬਿਲਕੁਲ ਮਿਲਦਾ-ਜੁਲਦਾ ਹੈ। ਇਸ ਵਿਚ, ਕੋਈ ਸ਼ੱਕ ਨਹੀਂ ਕਿ ਕਿਸੇ ਇਕ ਜ਼ਾਤੀ ਤੋਂ ਦੂਸਰੀ ਵਿਚ ਸ਼ਾਮਲ ਹੋਣ ਨੂੰ ਆਸਾਨ ਬਣਾਉਣ ਦੇ ਦ੍ਰਿਸ਼ਟੀਕਣ ਤੋਂ, ਉਤਰੀ ਭਾਰਤ ਦੇ ਕਾਯਸਥਾਂ ਅਤੇ ਦੱਖਣੀ ਭਾਰਤ ਦੇ ਹੋਰ ਗ਼ੈਰ-ਬ੍ਰਾਹਮਣਾਂ ਦਾ ਦੱਖਣ ਅਤੇ ਦ੍ਰਾਵੜ ਦੇ ਗ਼ੈਰ-ਬ੍ਰਾਹਮਣਾਂ ਨਾਲ ਮੇਲ-ਜੋਲ,ਦੱਖਣੀ ਭਾਰਤ ਦੇ ਬ੍ਰਾਹਮਣਾਂ ਦੇ ਉੱਤਰੀ ਭਾਰਤ ਦੇ ਬ੍ਰਾਹਮਣਾਂ ਦੇ ਮੇਲ-ਜੋਲ ਨਾਲੋਂ ਜ਼ਿਆਦਾ ਉਪਯੋਗੀ ਹੈ। ਪ੍ਰੰਤੂ ਮੰਨ ਲਓ ਕਿ ਉਪ-ਜ਼ਾਤਾਂ ਦਾ ਆਪਸ ਵਿਚ ਮਿਲ ਜਾਣਾ ਸੰਭਵ ਹੈ ਤਾਂ ਇਸ ਗੱਲ ਦੀ ਕੀ ਗਾਰੰਟੀ ਹੈ ਕਿ ਉਪ-ਜ਼ਾਤਾਂ ਨੂੰ ਖ਼ਤਮ ਕਰਨ ਨਾਲ ਜ਼ਾਤੀਆਂ ਜ਼ਰੂਰ ਖ਼ਤਮ ਹੋ ਜਾਣਗੀਆਂ। ਇਸ ਦੇ ਉਲਟ, ਇਹ ਹੋ ਸਕਦਾ ਹੈ ਕਿ ਉਪ-ਜ਼ਾਤਾਂ ਖ਼ਤਮ ਹੋਣ ਨਾਲ ਜ਼ਾਤ-ਪਾਤ ਦੀ ਵਿਧੀ ਨੂੰ ਠਲ੍ਹ ਪੈ ਸਕਦੀ ਹੈ। ਉਸ ਸੂਰਤ ਵਿਚ, ਉਪ-ਜ਼ਾਤਾਂ ਖ਼ਤਮ ਕਰਨ ਨਾਲ ਕੇਵਲ ਜ਼ਾਤਾਂ ਹੋਰ ਸ਼ਕਤੀਸ਼ਾਲੀ ਅਤੇ ਹਾਨੀਕਾਰਕ ਬਣਨਗੀਆਂ। ਇਹ ਉਪਾਅ ਨਾ ਤਾਂ ਅਮਲਯੋਗ ਹੋਵੇਗਾ ਅਤੇ ਨਾ ਹੀ ਅਸਰਦਾਇਕ। ਇਹ ਇਕ ਗ਼ਲਤ ਉਪਾਓ ਸਿੱਧ ਹੋ ਸਕਦਾ ਹੈ। ਜ਼ਾਤ-ਪਾਤ ਖ਼ਤਮ ਕਰਨ ਲਈ ਹੋਰ ਕਾਰਵਾਈ ਇਹ ਹੋ ਸਕਦੀ ਹੈ ਕਿ ਅੰਤਰ-ਜ਼ਾਤੀ ਖਾਣੇ ਆਰੰਭ ਕੀਤੇ ਜਾਣ। ਲੇਕਿਨ ਮੇਰੀ ਰਾਏ ਅਨੁਸਾਰ ਇਹ ਤਰੀਕਾ ਵੀ ਅਣ-ਉਚਿਤ ਹੋਵੇਗਾ। ਕਈ ਜ਼ਾਤੀਆਂ ਵਿਚ ਆਪਸ ਵਿਚ ਖਾਣਾ ਖਾਣ ਦੀ ਇਜਾਜ਼ਤ ਹੈ। ਪ੍ਰੰਤੂ ਇਹ ਇਕ ਆਮ ਤਜਰਬਾ ਹੈ ਕਿ ਰੋਟੀ ਖਾਣ ਦੀ ਸਾਂਝ ਨਾਲ ਵੀ ਜ਼ਾਤ-ਪਾਤ ਦੀ ਭਾਵਨਾ ਅਤੇ ਚੇਤੰਨਤਾ ਨੂੰ ਖ਼ਤਮ ਕਰਨ ਵਿਚ ਸਫਲਤਾ ਨਹੀਂ ਮਿਲੀ। ਇਸ ਗੱਲ ਨਾਲ ਮੈਂ ਸਹਿਮਤ ਹਾਂ ਕਿ ਇਸ ਦਾ ਅਸਲੀ ਉਪਾਅ ਅੰਤਰ-ਜ਼ਾਤੀ ਵਿਆਹ ਹੈ। ਕੇਵਲ ਖ਼ੂਨ ਦਾ ਰਲੇਵਾਂ ਹੀ ਆਪਸੀ ਰਿਸ਼ਤੇਦਾਰੀ ਦੀ ਭਾਵਨਾ ਪੈਦਾ ਕਰ ਸਕਦਾ ਹੈ ਅਤੇ ਜਿੰਨਾਂ ਚਿਰ ਆਪਸੀ ਰਿਸ਼ਤੇ ਦੀ ਭਾਵਨਾ ਨੂੰ ਸਰਵ-ਉਚ ਨਹੀਂ ਮੰਨਿਆ ਜਾਂਦਾ ਉਨਾਂ ਚਿਰ ਜ਼ਾਤ-ਪਾਤ ਦੁਆਰਾ ਪੈਦਾ ਕੀਤੀ ਵੱਖਵਾਦ ਦੀ ਭਾਵਨਾ ਖ਼ਤਮ ਨਹੀਂ ਹੋ ਸਕਦੀ। ਹਿੰਦੂਆਂ ਦੇ ਸਮਾਜਕ ਜੀਵਨ ਵਿਚ ਅੰਤਰ-ਜ਼ਾਤੀ ਵਿਆਹ ਦੀ ਰਵਾਇਤ ਨੂੰ ਜ਼ੋਰਾਂ-ਸ਼ੋਰਾਂ ਨਾਲ ਪ੍ਰਚਲਤ ਕਰਨ ਦੀ ਲੋੜ ਗ਼ੈਰ-ਹਿੰਦੂਆਂ ਦੇ ਜੀਵਨ ਵਿਚ ਇਸ ਦੀ ਲੋੜ ਨਾਲੋਂ ਜ਼ਿਆਦਾ ਜ਼ਰੂਰੀ ਹੈ। ਜਦੋਂ ਸਮਾਜ ਪਹਿਲਾਂ ਹੀ ਹੋਰ ਬੰਧਨਾਂ ਨਾਲ ਬੁਰੀ ਤਰ੍ਹਾਂ ਬੱਝਾ ਹੋਵੇ, ਤਾਂ ਸ਼ਾਦੀ ਜ਼ਿੰਦਗੀ ਦੀ ਇਕ ਸਾਧਾਰਣ ਘਟਨਾ ਹੈ। ਪ੍ਰੰਤੂ ਜਿਥੇ ਸਮਾਜ ਵੱਖਰਾ ਵੱਖਰਾ ਹੋਵੇ ਉਥੇ ਸ਼ਦੀ ਦਾ ਬੰਧਨ ਇਕ ਬਹੁਤ ਅਹਿਮੀਅਤ ਵਾਲੀ ਲੋੜ ਦਾ ਮਾਮਲਾ ਬਣ ਜਾਵੇਗਾ। ਇਸ ਕਰਕੇ ਜ਼ਾਤ-ਪਾਤ ਨੂੰ ਖ਼ਤਮ ਕਰਨ ਦਾ ਅਸਲੀ ਉਪਾਅ ਅੰਤਰ-ਜ਼ਾਤੀ ਵਿਆਹ ਹੈ। ਹੋਰ ਕੋਈ ਚੀਜ਼ ਜ਼ਾਤ-ਪਾਤ ਨੂੰ ਖ਼ਤਮ ਨਹੀਂ ਕਰ ਸਕੇਗੀ। ਤੁਹਾਡੇ ਜ਼ਾਤ-ਪਾਤ-ਤੋੜਕ ਮੰਡਲ ਨੇ ਇਹ ਤਰੀਕਾ ਅਪਨਾਇਆ ਹੈ। ਇਹ ਇਕ ਸਿੱਧੀ

ਕਾਰਵਾਈ ਹੈ ਅਤੇ ਮੈਂ, ਆਪ ਨੂੰ ਸਹੀ ਰਾਹ ਲੱਭਣ ਅਤੇ ਹਿੰਦੂਆਂ ਨੂੰ ਇਹ ਦੱਸਣ ਦਾ ਆਪਣਾ ਹੌਂਸਲਾ ਦਿਖਾਉਣ ਲਈ ਕਿ ਉਹ ਅਸਲ ਵਿਚ ਕਿਥੇ ਗ਼ਲਤ ਹਨ, ਵਧਾਈ ਦਿੰਦਾ ਹਾਂ। ਰਾਜਨੀਤਕ ਅੱਤਿਆਚਾਰ ਦਾ ਸਮਾਜਕ ਅੱਤਿਆਚਾਰ ਨਾਲ ਕੋਈ ਮੁਕਾਬਲਾ ਨਹੀਂ ਹੈ। ਅਤੇ ਹਿੰਦੂ ਇਕ ਸੁਧਾਰਕ, ਜਿਹੜਾ ਸਮਾਜ ਦੀ ਅਵੱਗਿਆ ਕਰਦਾ ਹੈ, ਇਕ ਸਿਆਸਤਦਾਨ ਨਾਲੋਂ, ਜੋ ਸਰਕਾਰ ਦੀ ਅਦੂਲੀ ਕਰਦਾ ਹੈ, ਬਹੁਤ ਜ਼ਿਆਦਾ ਹੌਸਲੇ ਵਾਲਾ ਵਿਅਕਤੀ ਹੈ। ਤੁਹਾਡਾ ਇਹ ਕਹਿਣਾ ਠੀਕ ਹੈ ਕਿ ਜ਼ਾਤ-ਪਾਤ ਕੇਵਲ ਤਾਂ ਹੀ ਸਮਾਪਤ ਹੋ ਸਕੇਗੀ ਜੇਕਰ ਰੋਟੀ-ਬੇਟੀ ਦੀ ਸਾਂਝ ਆਮ ਪ੍ਰਚਲਤ ਮਾਮਲੇ ਬਣ ਜਾਣਗੇ। ਤੁਸੀਂ ਬਿਮਾਰੀ ਦੀ ਜੜ੍ਹ ਲੱਭ ਲਈ ਹੈ। ਪ੍ਰੰਤੂ ਤੁਹਾਡਾ ਬਿਮਾਰੀ ਲਈ ਇਲਾਜ ਦਾ ਨੁਸਖਾ ਕੀ ਹੈ? ਤੁਸੀਂ ਆਪਣੇ ਆਪ ਨੂੰ ਇਹ ਸਵਾਲ ਪੁੱਛੋ, ਇਹ ਕਿਉਂ ਹੁੰਦਾ ਹੈ ਕਿ ਬਹੁਤੇ ਹਿੰਦੂ ਗ਼ੈਰ-ਹਿੰਦੂਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਕਰਦੇ? ਤੁਹਾਡਾ ਕਾਰਜ ਹਰਮਨਪਿਆਰਾ ਕਿਉਂ ਨਹੀਂ ਹੁੰਦਾ? ਇਸ ਪ੍ਰਸ਼ਨ ਦਾ ਕੇਵਲ ਇਹੋ ਹੀ ਉਤਰ ਹੋ ਸਕਦਾ ਹੈ ਕਿ ਰੋਟੀ-ਬੇਟੀ ਦੀ ਸਾਂਝ ਹਿੰਦੂਆਂ ਦੇ ਉਨ੍ਹਾਂ ਵਿਸ਼ਵਾਸਾਂ ਅਤੇ ਸਿਧਾਂਤਾਂ ਦੇ ਉਲਟ ਹੈ ਜਿਨ੍ਹਾਂ ਨੂੰ ਪਵਿੱਤਰ ਸਮਝਦੇ ਹਨ। ਜ਼ਾਤ-ਪਾਤ ਇੱਟਾਂ ਦੀ ਕੰਧ ਜਾਂ ਕੰਡਿਆਲੀ ਤਾਰ ਦੀ ਲਾਈਨ ਵਾਂਗ ਇਕ ਵਾਸਤਵਿਕ ਚੀਜ਼ ਨਹੀਂ ਹੈ ਜਿਹੜੀ ਹਿੰਦੂਆਂ ਨੂੰ ਆਪਸ ਵਿਚ ਘੁਲਣ-ਮਿਲਣ ਤੋਂ ਰੋਕਦੀ ਹੈ ਅਤੇ ਇਸ ਕਰਕੇ, ਇਸ ਨੂੰ ਤੋੜਨਾ ਜ਼ਰੂਰੀ ਹੈ। ਜ਼ਾਤ-ਪਾਤ ਇਕ ਖਿਆਲ ਅਤੇ ਮਨ ਦੀ ਅਵੱਸਥਾ ਹੈ। ਜ਼ਾਤ-ਪਾਤ ਨੂੰ ਨਸ਼ਟ ਕਰਨ ਦਾ ਮਤਲਬ ਵਾਸਤਵਿਕ ਨਾਕੇ ਨੂੰ ਨਸ਼ਟ ਕਰਨਾ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਇਹ ਇਕ ਖਿਆਲੀ ਤਬਦੀਲੀ ਹੈ। ਜ਼ਾਤ ਬੁਰੀ ਹੋ ਸਕਦੀ ਹੈ। ਜ਼ਾਤ-ਪਾਤ ਨਾਲ ਮਨੁੱਖ ਤੇ ਇੰਨਾ ਡੂੰਘਾ ਅਸਰ ਪੈ ਸਕਦਾ ਹੈ ਜਿਸ ਨੂੰ ਮਨੁੱਖ ਵਿਰੁੱਧ ਅਣ-ਮਨੁੱਖਾ ਕਿਹਾ ਜਾ ਸਕਦਾ ਹੈ। ਸਾਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਹਿੰਦੂ ਇਸ ਕਰਕੇ ਜ਼ਾਤ-ਪਾਤ ਦੀ ਪਾਲਣਾ ਨਹੀਂ ਕਰਦੇ ਕਿ ਉਹ ਅਣ-ਮਨੁੱਖੀ ਹਨ ਜਾਂ ਉਨ੍ਹਾਂ ਨੂੰ ਗ਼ਲਤ ਅਗਵਾਈ ਦਿਤੀ ਜਾਂਦੀ ਹੈ ਲੇਕਿਨ ਉਹ ਜ਼ਾਤ-ਪਾਤ ਵਿਚ ਇਸ ਕਰਕੇ ਵਿਸ਼ਵਾਸ ਰੱਖਦੇ ਹਨ ਕਿ ਉਹ ਧਰਮ ਵਿਚ ਬਹੁਤ ਵਿਸ਼ਵਾਸ ਰੱਖਦੇ ਹਨ। ਲੋਕ ਜ਼ਾਤ-ਪਾਤ ਦੀ ਪਾਲਣਾ ਕਰਨ ਵਿਚ ਗ਼ਲਤ ਨਹੀਂ ਹਨ। ਮੇਰੇ ਵਿਚਾਰ ਵਿਚ ਜੋ ਗ਼ਲਤ ਹੈ, ਉਹ ਉਨ੍ਹਾਂ ਦਾ ਧਰਮ ਹੈ ਜਿਹੜਾ ਜ਼ਾਤ-ਪਾਤ ਦੇ ਖਿਆਲ ਨੂੰ ਉਤਸ਼ਾਹ ਦਿੰਦਾ ਹੈ। ਜੇਕਰ ਇਹ ਠੀਕ ਹੈ, ਫਿਰ ਇਹ ਸਪਸ਼ਟ ਹੈ ਕਿ ਤੁਹਾਡਾ ਦੁਸ਼ਮਣ, ਜਿਸ ਨਾਲ ਭਾਵੇਂ ਤੁਸੀਂ ਗੁੱਥਮ-ਗੁੱਥਾ ਵੀ ਹੋ ਜਾਉ, ਉਹ ਨਹੀਂ ਹੈ ਜਿਹੜਾ ਜ਼ਾਤ ਵਿਚ ਵਿਸ਼ਵਾਸ ਰੱਖਦਾ ਹੈ ਪ੍ਰੰਤੂ ਦੁਸ਼ਮਣ ਤਾਂ ਉਹ ਸ਼ਾਸਤਰ ਹਨ ਜਿਹੜੇ ਉਨ੍ਹਾਂ ਨੂੰ ਜ਼ਾਤ, ਧਰਮ ਦੀ ਸਿਖਿਆ ਦਿੰਦੇ ਹਨ। ਆਪਸ ਵਿਚ ਰੋਟੀ-ਬੇਟੀ ਦੀ ਸਾਂਝ ਕਰਨਾ ਜਾਂ ਕਦੇ-ਕਦੇ ਰੋਟੀ-ਬੇਟੀ ਦੀ ਸਾਂਝ ਨਾ ਕਰਨ ਵਾਲੇ ਲੋਕਾਂ ਦੀ ਆਲੋਚਨਾ ਕਰਨਾ ਅਤੇ ਖਿੱਲੀ ਉਡਾਉਣਾ, ਲੋੜੀਂਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਦਾ ਇਕ ਬਹੁਤ ਉਪਯੋਗੀ ਢੰਗ ਹੈ। ਇਸ ਦਾ ਅਸਲੀ ਉਪਾਅ ਇਹੀ ਹੈ ਕਿ ਸ਼ਾਸਤਰਾਂ ਦੀ ਪਵਿੱਤਰਤਾ ਵਿਚਲੇ ਵਿਸ਼ਵਾਸ ਨੂੰ ਖਤਮ ਕੀਤਾ ਜਾਵੇ। ਤੁਸੀਂ ਉਨਾਂ ਚਿਰ ਕਿਵੇਂ ਸਫਲਤਾ ਪ੍ਰਾਪਤ ਕਰ ਸਕੋਗੇ ਜਿੰਨਾਂ ਚਿਰ ਲੋਕਾਂ ਦਾ ਸ਼ਾਸਤਰਾਂ ਵਿਚ ਵਿਸ਼ਵਾਸ ਜ਼ਾਰੀ ਰਹੇਗਾ? ਲੋਕਾਂ ਨੂੰ ਆਪਣੀ ਪਵਿੱਤਰਤਾ ਵਿਚ ਵਿਸ਼ਵਾਸ ਰੱਖਣ ਦੀ ਇਜਾਜ਼ਤ ਦੇਣ ਅਤੇ ਉਨ੍ਹਾਂ ਦੀਆਂ ਵਿਵੇਕਹੀਣ ਅਤੇ ਅਣ-ਮਨੁੱਖੀ ਕਾਰਵਾਈਆਂ ਲਈ ਉਨਾਂ ਨੂੰ ਦੋਸ਼ ਦੇਣ ਅਤੇ ਨੁਕਤਾਚੀਨੀ ਕਰਨ ਲਈ ਸੁਧਾਰਕਾਂ ਨੇ ਵੀ ਮਹਿਸੂਸ ਨਹੀਂ

ਕੀਤਾ ਕਿ ਲੋਕਾਂ ਦੀ ਕਾਰਵਾਈ ਸਿਰਫ ਸ਼ਾਸਤਰਾਂ ਰਾਹੀਂ ਉਨ੍ਹਾਂ ਦੇ ਦਿਮਾਗਾਂ ਵਿਚ ਪਾਏ ਵਿਸ਼ਵਾਸਾਂ ਦਾ ਹੀ ਨਤੀਜਾ ਹੈ ਅਤੇ ਲੋਕ ਉਨਾਂ ਚਿਰ ਆਪਣਾ ਵਿਹਾਰ ਨਹੀਂ ਬਦਲਣਗੇ ਜਿੰਨਾ ਚਿਰ ਉਹ ਸ਼ਾਸਤਰਾਂ ਦੀ ਪਵਿੱਤਰਤਾ ਵਿਚ ਵਿਸ਼ਵਾਸ ਨਹੀਂ ਛੱਡਦੇ। ਕਿਉਂਕਿ ਉਨ੍ਹਾਂ ਨੇ ਇਸ ਵਿਚਾਰ ਦੀ ਨੀਂਹ ਰੱਖੀ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਅਜਿਹੀਆਂ ਕੋਸ਼ਿਸ਼ਾਂ ਨਾਲ ਕੋਈ ਸਿੱਟੇ ਨਹੀਂ ਨਿਕਲੇ। ਤੁਸੀਂ ਵੀ ਉਸੇ ਤਰ੍ਹਾਂ ਗ਼ਲਤੀ ਤੇ ਹੋ ਜਿਵੇਂ ਅਛੂਤਤਾ ਨੂੰ ਦੂਰ ਕਰਨ ਵਾਲੇ ਕੰਮ ਵਿਚ ਜੁਟੇ ਸੁਧਾਰਕ। ਰੋਟੀ-ਬੇਟੀ ਦੀ ਸਾਂਝ ਲਈ ਸੰਘਰਸ਼ ਕਰਨਾ ਅਤੇ ਪ੍ਰਬੰਧ ਕਰਨਾ ਇਕ ਸੁਚੇਤ ਤਰੀਕਿਆਂ ਜਾਂ ਸਾਧਨਾਂ ਨਾਲ ਲਿਆਂਦਾ ਧੱਕੇਸ਼ਾਹੀ ਵਰਗਾ ਢੰਗ ਹੈ। ਤੁਸੀਂ ਹਰ ਆਦਮੀ ਅਤੇ ਔਰਤ ਨੂੰ ਸ਼ਾਸਤਰਾਂ ਦੇ ਵਿਸ਼ਵਾਸ ਤੋਂ ਮੁਕਤ ਕਰੋ, ਸ਼ਾਸਤਰਾਂ ਦੇ ਆਧਾਰ ਤੇ ਬਣੇ ਉਨ੍ਹਾਂ ਦੇ ਧਾਰਮਕ ਖਿਆਲਾਂ ਨੂੰ ਉਨ੍ਹਾਂ ਦੇ ਦਿਮਾਗਾਂ ਵਿਚੋਂ ਕੱਢੋ ਤਾਂ ਕਿ ਉਹ ਤੁਹਾਡੇ ਕਹੇ ਬਗ਼ੈਰ ਹੀ ਅੰਤਰ-ਖਾਣੇ ਅਤੇ ਆਪਸ ਵਿਚ ਵਿਆਹ ਸ਼ਾਦੀ ਕਰਨ। ਟਾਲ-ਮਟੋਲ ਕਰਕੇ ਲੋਕਾਂ ਕੋਲ ਮੂੰਹ ਛੁਪਾਉਣ ਦਾ ਕੋਈ ਫ਼ਾਇਦਾ ਨਹੀਂ ਹੈ। ਲੋਕਾਂ ਨੂੰ ਇਹ ਦੱਸਣ ਦਾ ਕੋਈ ਲਾਭ ਨਹੀਂ ਹੈ ਕਿ ਸ਼ਾਸਤਰ ਇਹ ਨਹੀਂ ਕਹਿੰਦੇ ਜਿਸ ਵਿਚ ਉਹ ਵਿਸ਼ਵਾਸ ਰਖਦੇ ਹਨ। ਤੁਸੀਂ ਇਨ੍ਹਾਂ ਨੂੰ ਪੜ੍ਹੋ ਵਿਆਕਰਣ ਦੇ ਤੌਰ ਤੇ ਲੇਕਿਨ ਇਸ ਦੀ ਵਿਆਖਿਆ ਦਲੀਲਪੂਰਣ ਕਰੋ। ਮਸਲਾ ਇਹ ਹੈ ਕਿ ਲੋਕ ਸ਼ਾਸਤਰਾਂ ਨੂੰ ਕਿਵੇਂ ਸਮਝਦੇ ਹਨ। ਤੁਸੀਂ ਜੇਕਰ ਉਸੇ ਤਰ੍ਹਾਂ ਦਾ ਪੈਂਤੜਾ ਲਵੋ ਜਿਵੇਂ ਬੁੱਧ ਨੇ ਲਿਆ ਸੀ। ਤੁਸੀਂ ਉਸੇ ਤਰ੍ਹਾਂ ਅੜੇ ਰਹੋ ਜਿਵੇਂ ਗੁਰੂ ਨਾਨਕ ਜੀ ਅੜੇ ਸਨ। ਤੁਸੀਂ ਕੇਵਲ ਸ਼ਾਸਤਰਾਂ ਨੂੰ ਰੱਦ ਹੀ ਨਾ ਕਰੋ ਬਲਕਿ ਉਨ੍ਹਾਂ ਦੀ ਸਰਵੋਤਮਤਾ ਤੋਂ ਮੁਨਕਰ ਹੋ ਜਾਓ ਜਿਵੇਂ ਬੁੱਧ ਅਤੇ ਨਾਨਕ ਨੇ ਕੀਤਾ ਸੀ। ਤੁਹਾਡੇ ਵਿਚ ਹਿੰਦੂਆਂ ਨੂੰ ਇਹ ਕਹਿਣ ਦਾ ਹੌਂਸਲਾ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਧਰਮ ਪੱਖੋਂ ਗ਼ਲਤ ਹਨ - ਉਹ ਧਰਮ, ਜਿਸ ਨੇ ਉਨ੍ਹਾਂ ਅੰਦਰ ਜ਼ਾਤ-ਪਾਤ ਦੀ ਪਵਿੱਤਰਤਾ ਦਾ ਖਿਆਲ ਪੈਦਾ ਕੀਤਾ ਹੈ। ਕੀ ਤੁਸੀਂ ਅਜਿਹਾ ਹੌਂਸਲਾ ਵਿਖਾ ਸਕੋਗੇ?

## 21

ਤੁਹਾਡੀ ਸਫਲਤਾ ਦੇ ਮਾਇਨੇ ਕੀ ਹਨ? ਸਮਾਜਕ ਸੁਧਾਰ ਵੱਖ ਵੱਖ ਪ੍ਰਕਾਰ ਕੀਤੇ ਜਾਂਦੇ ਹਨ। ਸੁਧਾਰ ਦੇ ਕਈ ਤਰੀਕੇ ਹਨ ਜਿਹੜੇ ਲੋਕਾਂ ਦੇ ਧਾਰਮਕ ਖਿਆਲਾਂ ਨਾਲ ਸਬੰਧ ਨਹੀਂ ਰੱਖਦੇ ਪ੍ਰੰਤੂ ਗੁਣਾਂ ਵਿਚ ਉਹ ਬਿਲਕੁਲ ਧਰਮ-ਨਿਰਪੱਖ ਹਨ। ਅਜਿਹੇ ਸੁਧਾਰ ਵੀ ਹਨ ਜਿਹੜੇ ਲੋਕਾਂ ਦੇ ਧਾਰਮਕ ਖਿਆਲਾਂ ਨਾਲ ਸਬੰਧ ਰਖਦੇ ਹਨ। ਸੁਧਾਰ ਦੇ ਅਜਿਹੇ ਢੰਗਾਂ ਦੀਆਂ ਦੋ ਕਿਸਮਾਂ ਹਨ। ਇਕ ਇਹ ਕਿ ਇਹ ਸੁਧਾਰ, ਧਰਮ ਦੇ ਅਸੂਲਾਂ ਤੇ ਅਮਲ ਕਰਦੇ ਹਨ ਅਤੇ ਕੇਵਲ ਉਨ੍ਹਾਂ ਲੋਕਾਂ, ਜਿਹੜੇ ਇਸ ਤੋਂ ਦੂਰ ਚਲੇ ਗਏ ਹਨ ਨੂੰ ਵਾਪਸ ਲਿਆਉਣ ਅਤੇ ਉਨ੍ਹਾਂ ਨੂੰ ਅਪਨਾਉਣ ਦਾ ਸੱਦਾ ਦਿੰਦੇ ਹਨ। ਦੂਜਾ ਸੁਧਾਰ ਹੈ, ਜਿਹੜਾ ਕੇਵਲ ਧਾਰਮਕ ਅਸੂਲਾਂ ਨੂੰ ਛੂਹੰਦਾ ਹੀ ਨਹੀਂ ਪ੍ਰੰਤੂ ਉਨ੍ਹਾਂ ਦੀ ਚਾਰ ਚੁਫੇਰੇ ਵਿਰੋਧਤਾ ਕਰਦਾ ਹੈ ਅਤੇ ਲੋਕਾਂ ਨੂੰ ਉਨ੍ਹਾਂ ਤੋਂ ਵੱਖ ਹੋਣ ਅਤੇ ਉਨ੍ਹਾਂ ਨੂੰ ਨਾ ਮੰਨਣ ਦਾ ਸੱਦਾ ਦਿੰਦਾ ਹੈ ਅਤੇ ਅਜਿਹੇ ਅਸੂਲਾਂ ਦੇ ਉਲਟ ਚਲਣ ਲਈ ਕਹਿੰਦਾ ਹੈ। ਜ਼ਾਤ-ਪਾਤ ਕੁਝ ਧਾਰਮਕ ਵਿਸ਼ਵਾਸਾਂ ਦਾ ਕੁਦਰਤੀ ਸਿੱਟਾ ਹੈ ਜਿਨ੍ਹਾਂ ਨੂੰ ਸ਼ਾਸਤਰਾਂ ਦੀ ਮਨਜ਼ੂਰੀ ਮਿਲੀ ਹੋਈ ਹੈ, ਜਿਨ੍ਹਾਂ ਵਿਚ ਰੱਬੀ ਤਾਕਤ ਵਾਲੇ ਸਾਧੂ-ਸੰਤਾਂ, ਜਿਹੜੇ ਅਲੌਕਿਕ ਸਿਆਣਪ ਰੱਖਦੇ ਹਨ ਅਤੇ ਜਿਨ੍ਹਾਂ ਦੇ ਆਦੇਸ਼ਾਂ ਦੀ ਅਵੱਗਿਆ ਬਗ਼ੈਰ ਪਾਪ ਕੀਤੇ, ਨਹੀਂ ਕੀਤੀ ਜਾ

ਸਕਦੀ, ਦੇ ਆਦੇਸ਼ ਸ਼ਾਮਲ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ। ਜ਼ਾਤ ਨੂੰ ਨਸ਼ਟ ਕਰਨ ਦਾ ਸੁਧਾਰ ਤੀਜੀ ਸ਼੍ਰੇਣੀ ਵਿਚ ਆਉਂਦਾ ਹੈ। ਲੋਕਾਂ ਨੂੰ ਜ਼ਾਤ ਛੱਡਣ ਲਈ ਕਹਿਣ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਆਪਣੇ ਮੌਲਿਕ ਧਾਰਮਕ ਖਿਆਲਾਂ ਦੇ ਉਲਟ ਚਲਣ ਲਈ ਕਹਿਣਾ। ਇਹ ਸਪੱਸ਼ਟ ਹੈ ਕਿ ਪਹਿਲਾ ਅਤੇ ਦੂਜੀ ਕਿਸਮ ਦਾ ਸੁਧਾਰ ਆਸਾਨ ਹੈ। ਪ੍ਰੰਤੂ ਤੀਜਾ ਇਕ ਬਹੁਤ ਕਠਿੱਨ ਕੰਮ ਹੈ, ਜੋ ਕਿ ਬਹੁਤ ਅਸੰਭਵ ਹੈ। ਹਿੰਦੂ ਸਮਾਜਕ ਕ੍ਰਮ ਦੀ ਪਵਿੱਤਰਤਾ ਵਿਚ ਬੱਝੇ ਹੋਏ ਹਨ। ਜ਼ਾਤ ਦਾ ਆਧਾਰ ਅਧਿਆਤਮਕ ਹੈ। ਇਸ ਲਈ ਤੁਸੀਂ ਪਵਿੱਤਰਤਾ ਵਿਚ ਬੱਝੇ ਹੋਏ ਹਨ। ਜ਼ਾਤ ਦਾ ਆਧਾਰ ਅਧਿਆਤਮਕ ਹੈ। ਇਸ ਲਈ ਤੁਸੀਂ ਪਵਿੱਤਰਤਾ ਅਤੇ ਅਧਿਆਤਮਕਤਾ ਨੂੰ ਨਸ਼ਟ ਕਰੋ, ਜਿਸ ਵਿਚੋਂ ਜ਼ਾਤੀਵਾਦ ਪੈਦਾ ਹੋਇਆ ਹੈ। ਪਿਛਲੇ ਵਿਸ਼ਲੇਸ਼ਣ ਦਾ ਮਤਲਬ ਹੈ ਕਿ ਤੁਸੀਂ ਸ਼ਾਸਤਰਾਂ ਅਤੇ ਵੇਦਾਂ ਦੀ ਸਰੋਵਤਮਾ ਨੂੰ ਨਸ਼ਟ ਕਰੋ।

ਮੈਂ ਜ਼ਾਤ-ਪਾਤ ਨੂੰ ਖ਼ਤਮ ਕਰਨ ਦੇ ਢੰਗਾਂ ਅਤੇ ਸਾਧਨਾਂ ਦੇ ਪ੍ਰਸ਼ਨ ਤੇ ਜ਼ੋਰ ਦਿੱਤਾ ਹੈ ਕਿਉਂਕਿ ਮੈਂ ਸਮਝਦਾ ਹਾਂ ਕਿ ਆਦਰਸ਼ ਨਾਲੋਂ ਸਹੀ ਢੰਗਾਂ ਅਤੇ ਸਾਧਨਾਂ ਦਾ ਗਿਆਨ ਹੋਣਾ ਬਹੁਤ ਮਹੱਤਵਪੂਰਣ ਹੈ। ਜੇਕਰ ਤੁਹਾਨੂੰ ਅਸਲੀ ਰਸਤਿਆਂ ਅਤੇ ਸਾਧਨਾਂ ਦਾ ਹੀ ਪਤਾ ਨਹੀਂ ਹੋਵੇਗਾ ਤਾਂ ਤੁਹਾਡੇ ਸਾਰੇ ਯਤਨ ਯਕੀਨਨ ਠੁੱਸ ਹੋ ਜਾਣਗੇ। ਜੇ ਕਰ ਮੇਰਾ ਵਿਸ਼ਲੇਸ਼ਣ ਠੀਕ ਹੈ ਤਾਂ ਤੁਹਾਡਾ ਕੰਮ ਕਠਿਨ ਹੈ। ਤੁਸੀਂ ਸਿਰਫ਼ ਇਹੀ ਕਹਿ ਸਕਦੇ ਹੋ ਕਿ ਕੀ ਤੁਸੀਂ ਇਸ ਨੂੰ ਪ੍ਰਾਪਤ ਕਰਨ ਦੇ ਯੋਗ ਹੋ?

ਆਪਣੇ ਆਪ ਲਈ ਮੈਂ ਇਹ ਕਹਿੰਦਾ ਹਾਂ ਕਿ ਮੈਂ ਸਮਝਦਾ ਹਾਂ ਕਿ ਇਹ ਕੰਮ ਅਸੰਭਵ ਨਹੀਂ ਹੈ। ਸ਼ਾਇਦ ਤੁਸੀਂ ਜਾਣਨਾ ਚਾਹੁੰਦੇ ਹੋਵੋਗੇ ਕਿ ਮੈਂ ਇਸ ਤਰ੍ਹਾਂ ਕਿਵੇਂ ਸੋਚਦਾ ਹਾਂ। ਕਈ ਕਾਰਨਾਂ, ਜਿਨ੍ਹਾਂ ਕਰਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ, ਉਨ੍ਹਾਂ ਵਿਚੋਂ ਕੁਝ ਇਕ ਦਾ ਮੈਂ ਜ਼ਿਕਰ ਕਰਾਂਗਾ, ਜਿਨ੍ਹਾਂ ਨੂੰ ਮੈਂ ਬਹੁਤ ਮਹੱਤਤਾ ਦਿੰਦਾ ਹਾਂ। ਉਨ੍ਹਾਂ ਵਿਚੋਂ ਇਕ ਕਾਰਨ ਹੈ ਦੁਸ਼ਮਣੀ ਵਾਲਾ ਵਤੀਰਾ ਜਿਹੜਾ ਬ੍ਰਾਹਮਣਾਂ ਨੇ ਇਸ ਸਮੱਸਿਆ ਵੱਲ ਦਿਖਾਇਆ ਹੈ। ਬ੍ਰਾਹਮਣਾਂ ਨੇ ਰਾਜਨੀਤਕ ਸੁਧਾਰ ਅਤੇ ਕੁੱਝ ਮਾਮਲਿਆਂ ਵਿਚ ਆਰਥਕ ਸੁਧਾਰ ਲਈ ਅੰਦੋਲਨ ਦਾ ਮੋਹਰੀ ਜਥਾ ਬਣਾਇਆ ਹੈ। ਪ੍ਰੰਤੂ ਉਨ੍ਹਾਂ ਨੇ ਜ਼ਾਤ-ਪਾਤ ਦੇ ਬੰਧਨਾਂ ਨੂੰ ਤੋੜਨ ਲਈ ਆਪਣੇ ਅੰਦੋਲਨ ਵਿਚ ਕੁਝ ਨਹੀਂ ਕੀਤਾ। ਕੀ ਬ੍ਰਾਹਮਣਾਂ ਤੋਂ ਇਸ ਮਾਮਲੇ ਵਿਚ ਭਵਿੱਖ ਵਿਚ ਕੋਈ ਅਗਵਾਈ ਕਰਨ ਦੀ ਉਮੀਦ ਰੱਖੀ ਜਾ ਸਕਦੀ ਹੈ? ਮੈਂ ਕਹਿੰਦਾ ਹਾਂ, ਨਹੀਂ। ਤੁਸੀਂ ਪੁੱਛ ਸਕਦੇ ਹੋ ਕਿ ਕਿਉਂ ਨਹੀਂ? ਤੁਸੀਂ ਦਲੀਲ ਦੇ ਸਕਦੇ ਹੋ ਕਿ ਐਸਾ ਕੋਈ ਕਾਰਨ ਨਹੀਂ ਕਿ ਬ੍ਰਾਹਮਣ ਸਮਾਜ ਸੁਧਾਰ ਦੇ ਤਿਆਗ ਨੂੰ ਜਾਰੀ ਕਿਉਂ ਰੱਖੇ। ਤੁਸੀਂ ਇਹ ਦਲੀਲ ਵੀ ਦੇ ਸਕਦੇ ਹੋ ਕਿ ਬ੍ਰਾਹਮਣ ਜਾਣਦੇ ਹਨ ਕਿ ਹਿੰਦੂ ਸਮਾਜ ਦਾ ਆਧਾਰ ਜ਼ਾਤ-ਪਾਤ ਹੈ ਅਤੇ ਇਕ ਗਿਆਨਵਾਨ ਸ਼੍ਰੇਣੀ ਹੋਣ ਦੇ ਨਾਤੇ ਉਨ੍ਹਾਂ ਤੋਂ ਆਪਣੇ ਹਿਤਾਂ ਤੋਂ ਵੱਖ ਰਹਿਣ ਦੀ ਆਸ ਨਹੀਂ ਰੱਖੀ ਜਾ ਸਕਦੀ। ਤੁਸੀਂ ਇਹ ਦਲੀਲ ਵੀ ਦੇ ਸਕਦੇ ਹੋ ਕਿ ਕੋਈ ਧਰਮ-ਨਿਰਪੱਖ ਬ੍ਰਾਹਮਣ ਹਨ ਅਤੇ ਕਈ ਪ੍ਰੋਹਿਤ ਬ੍ਰਾਹਮਣ ਹਨ ਅਤੇ ਜੇਕਰ ਮਗਰਲੇ ਉਨ੍ਹਾਂ ਲੋਕਾਂ, ਜਿਹੜੇ ਜ਼ਾਤ-ਪਾਤ ਨੂੰ ਤੋੜਨਾ ਚਾਹੁੰਦੇ ਹਨ, ਦਾ ਸਮਰਥਨ ਨਹੀਂ ਕਰਨਗੇ ਤਾਂ ਪਹਿਲੇ ਜ਼ਰੂਰ ਕਰਨਗੇ। ਦੇਖਣ ਵਿਚ ਇਹ ਸਾਰੀਆਂ ਦਲੀਲਾਂ ਠੀਕ ਹਨ। ਪ੍ਰੰਤੂ ਇਨ੍ਹਾਂ ਸਾਰੀਆਂ ਵਿਚ ਉਹ ਭੁੱਲ ਗਏ ਹਨ ਕਿ ਜ਼ਾਤੀਵਾਦ ਨੂੰ ਤੋੜਨ ਨਾਲ ਬ੍ਰਾਹਮਣ ਜ਼ਾਤੀ ਨਿਸ਼ਚੇ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਇਸ ਦੇ ਮੱਦੇ-ਨਜ਼ਰ, ਕੀ ਇਹ

ਆਸ ਰੱਖਣਾ ਵਾਜਸ ਹੋਵੇਗਾ ਕਿ ਕੀ ਬ੍ਰਾਹਮਣ ਲਹਿਰ ਚਲਾਉਣ ਦੀ ਕਦੀ ਸਹਿਮਤੀ ਦੇਣਗੇ ਜਿਸ ਦਾ ਸਿੱਟਾ ਯਕੀਨੀ ਤੌਰ ਤੇ ਬ੍ਰਾਹਮਣ ਜ਼ਾਤੀ ਦੀ ਸ਼ਕਤੀ ਅਤੇ ਪ੍ਰਤਿਸ਼ਠਤਾ ਨੂੰ ਨਸ਼ਟ ਕਰਨਾ ਹੋਵੇਗਾ? ਕੀ ਇਹ ਉਮੀਦ ਰੱਖਣਾ ਵੀ ਵਾਜਬ ਹੋਵੇਗਾ ਕਿ ਧਰਮ-ਨਿਰਪੇਖ ਬ੍ਰਾਹਮਣ ਪ੍ਰੋਹਿਤ ਬ੍ਰਾਹਮਣਾਂ ਵਿਰੁੱਧ ਚਲਾਈ ਗਈ ਲਹਿਰ ਵਿਚ ਹਿੱਸਾ ਲੈਣਗੇ? ਮੇਰੇ ਫੈਸਲੇ ਅਨੁਸਾਰ, ਧਰਮ-ਨਿਰਪੇਖ ਬ੍ਰਾਹਮਣਾਂ ਅਤੇ ਪ੍ਰੋਹਿਤ ਬ੍ਰਾਹਮਣਾਂ ਵਿਚਕਾਰ ਭੇਦ ਰੱਖਣਾ ਵਿਅਰਥ ਹੋਵੇਗਾ। ਦੋਵੇਂ ਆਪਸ ਵਿਚ ਸਕੇ-ਸਬੰਧੀ ਹਨ? ਉਹ ਇਕੋ ਸਰੀਰ ਦੀਆਂ ਦੋ ਬਾਹਾਂ ਹਨ ਅਤੇ ਦੂਸਰਿਆਂ ਦੇ ਵਿਰੁੱਧ ਲੜਨ ਲਈ ਇਕੋ ਹਥਿਆਰ ਹਨ। ਇਸ ਸਬੰਧ ਵਿਚ, ਮੈਨੂੰ ਪ੍ਰੋਫੈਸਰ ਡਾਈਸੀ ਦੁਆਰਾ ਆਪਣੇ ਅੰਗ੍ਰੇਜ਼ੀ ਸੰਵਿਧਾਨ ਵਿਚ ਕੀਤੀਆਂ ਗਈਆਂ ਬੜੀਆਂ ਭਾਵਪੂਰਣ ਟਿੱਪਣੀਆਂ ਯਾਦ ਆ ਗਈਆਂ ਹਨ। ਸੰਸਦ ਦੀ ਵਿਧਾਇਕ ਸਰਵਉਚਤਾ ਤੇ ਵਾਸਤਵਿਕ ਹੱਦ-ਬੰਦੀ ਬਾਰੇ ਬੋਲਦੇ ਹੋਇਆਂ, ਪ੍ਰੋਫੈਸਰ ਡਾਈਸੀ ਨੇ ਕਿਹਾ : ਕਿਸੇ ਪ੍ਰਭੂ-ਸੱਤਾ ਅਤੇ ਖਾਸ ਤੌਰ ਤੇ ਸੰਸਦ ਦੁਆਰਾ ਅਧਿਕਾਰ ਦੀ ਵਾਸਤਵਿਕ ਵਰਤੋਂ ਦੋ ਤਾਕਤਾਂ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। ਇਨ੍ਹਾਂ ਵਿਚੋਂ ਇਕ ਹੈ ਬਾਹਰੀ ਅਤੇ ਦੂਸਰੀ ਹੈ ਅੰਦਰੂਨੀ ਤਾਕਤ। ਕਿਸੇ ਪ੍ਰਭੂਸੱਤਾ ਦੀ ਅਸਲ ਤਾਕਤ ਦੀ ਅੰਦਰੂਨੀ ਹੱਦ ਅੰਦਰ, ਸੰਭਵਤਾ ਜਾਂ ਨਿਸ਼ਚਿਤਤਾ ਆਉਂਦੀ ਹੈ ਕਿ ਕੀ ਉਸ ਦੇ ਵਿਸ਼ੇ ਜਾਂ ਉਨ੍ਹਾਂ ਦੀ ਭਾਰੀ ਗਿਣਤੀ ਉਸ ਦੇ ਕਾਨੂੰਨਾਂ ਦੀ ਉਲੰਘਣਾ ਕਰਨਗੇ ਜਾਂ ਮੰਨਣਗੇ। ਕਿਸੇ ਪ੍ਰਭੂਸੱਤਾ ਦੀ ਵਰਤੋਂ ਦੀ ਹੱਦ ਦੀ ਅੰਦਰੂਨੀ ਤਾਕਤ ਪ੍ਰਭੂ ਸ਼ਕਤੀ ਦੀ ਕਿਸਮ ਵਿਚੋਂ ਖੁਦ ਪੈਦਾ ਹੁੰਦੀ ਹੈ। ਬਲਕਿ ਇਕ ਤਾਨਾਸ਼ਾਹ ਵੀ ਆਪਣੇ ਇਖ਼ਲਾਕ ਅਨੁਸਾਰ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਾ ਹੈ, ਜੋ ਸਮੇਂ ਦੀਆਂ ਨੈਤਿਕ ਭਾਵਨਾਵਾਂ ਅਤੇ ਸਮਾਜ, ਜਿਸ ਨਾਲ ਉਸ ਦਾ ਸਬੰਧ ਹੁੰਦਾ ਹੈ, ਸਮੇਤ ਉਨ੍ਹਾਂ ਹਾਲਾਤ, ਜਿਨ੍ਹਾਂ ਵਿਚ ਉਹ ਜੀਵਨ ਬਤੀਤ ਕਰਦਾ ਹੈ, ਅਨੁਸਾਰ ਆਪਣੇ ਆਪ ਬਦਲਦੀਆਂ ਰਹਿੰਦੀਆਂ ਹਨ। ਇਕ ਸੁਲਤਾਨ ਅਗਰ ਮੁਸਲਮਾਨਾਂ ਦਾ ਧਰਮ ਬਦਲਣਾ ਚਾਹੁੰਦਾ ਹੋਵੇ, ਤਾਂ ਉਹ ਅਜਿਹਾ ਨਹੀਂ ਕਰ ਸਕਦਾ। ਪਰ ਜੇਕਰ ਉਹ ਅਜਿਹਾ ਕਰੇਗਾ ਤਾਂ ਉਹ ਇਕ ਬਹੁਤ ਵੱਡੀ ਦੁਰਘਟਨਾ ਹੋਵੇਗੀ ਕਿ ਮੁਸਲਮਾਨਾਂ ਦਾ ਮੁੱਖੀ ਮੁਸਲਮਾਨਾਂ ਦੇ ਧਰਮ ਨੂੰ ਥੱਲੇ ਲਾਉਣਾ ਚਾਹੁਦਾ ਹੈ। ਸੁਲਤਾਨ ਦੀ ਸ਼ਕਤੀ ਦੀ ਵਰਤੋਂ ਤੇ ਅੰਦਰੂਨੀ ਨਿਯੰਤਰਣ ਘੱਟੋ ਘੱਟ ਉਨਾਂ ਸ਼ਕਤੀਸ਼ਾਲੀ ਹੈ ਜਿੰਨਾਂ ਕਿ ਬਾਹਰੀ ਤਾਕਤਾਂ। ਲੋਕ ਕਦੀਂ ਕਦੀਂ ਇਕ ਨਿਕੰਮਾ ਪ੍ਰਸ਼ਨ ਪੁੱਛ ਲੈਂਦੇ ਹਨ ਕਿ ਪੋਪ ਨੇ ਇਸ ਜਾਂ ਉਸ ਸੁਧਾਰ ਨੂੰ ਕਿਉਂ ਲਾਗੂ ਕੀਤਾ? ਇਸ ਦਾ ਸਹੀ ਉਤਰ ਇਹੀ ਹੈ ਕਿ ਇਕ ਕ੍ਰਾਂਤੀਕਾਰੀ ਉਸ ਆਦਮੀ ਵਰਗਾ ਨਹੀਂ ਹੁੰਦਾ ਜੋ ਇਕ ਪੋਪ ਵਰਗਾ ਬਣ ਜਾਵੇ ਅਤੇ ਉਹ ਆਦਮੀ ਜੋ ਪ੍ਰੋਹਿਤ ਬਣ ਜਾਵੇ ਅਤੇ ਉਹ ਆਦਮੀ ਜੋ ਪੋਪ ਬਣ ਜਾਵੇ ਕਿ ਇਕ ਕ੍ਰਾਂਤੀਕਾਰੀ ਬਣਨ ਦੀ ਇੱਛਾ ਨਹੀਂ ਰੱਖਦਾ। ਮੈਂ ਸਮਝਦਾ ਹਾਂ ਕਿ ਇਹ ਟਿੱਪਣੀਆਂ ਭਾਰਤ ਦੇ ਬ੍ਰਾਹਮਣਾਂ ਤੇ ਬਰਾਬਰ ਲਾਗੂ ਹੁੰਦੀਆਂ ਹਨ ਅਤੇ ਕੋਈ ਉਨੀ ਹੀ ਸਚਾਈ ਵਿਚ ਕਹਿ ਸਕਦਾ ਹੈ ਕਿ ਜੇਕਰ ਕੋਈ ਆਦਮੀ ਪੋਪ ਬਣ ਬਣ ਜਾਵੇ ਤਾਂ ਉਹ ਇਕ ਕ੍ਰਾਂਤੀਕਾਰੀ ਨਹੀਂ ਬਣ ਸਕਦਾ। ਇਸੇ ਤਰ੍ਹਾਂ ਇਕ ਆਦਮੀ ਜਿਸ ਨੇ ਇਕ ਬ੍ਰਾਹਮਣ ਵਜੋਂ ਜਨਮ ਲਿਆ ਹੋਵੇ, ਇਕ ਕ੍ਰਾਂਤੀਕਾਰੀ ਬਣਨ ਦੀ ਇੱਛਾ ਨਹੀਂ ਰੱਖੇਗਾ। ਸੱਚਮੁੱਚ, ਇਕ ਬ੍ਰਾਹਮਣ ਕੋਲੋਂ ਸਮਾਜ ਸੁਧਾਰ ਦੇ ਮਾਮਲੇ ਵਿਚ ਇਕ ਕ੍ਰਾਂਤੀਕਾਰੀ ਬਣਨ ਦੀ ਉਮੀਦ ਕਰਨਾ ਉਨੀਂ ਹੀ ਨਿਕੰਮੀ ਗੱਲ ਹੋਵੇਗੀ ਜਿੰਨੀ ਕਿ ਇਕ ਬ੍ਰਿਟਿਸ਼ ਪਾਰਲੀਮੈਂਟ ਕੋਲੋਂ

ਜਿਵੇਂ ਲੈਸਲੀ ਸਟੀਫਨ ਦੁਆਰਾ ਕਿਹਾ ਗਿਆ ਸੀ, ਅੰਗ੍ਰੇਜ਼ਾਂ ਦੇ ਸਾਰੇ ਬੱਚਿਆਂ ਨੂੰ ਕਤਲ ਕਰਨ ਵਾਲਾ ਕਾਨੂੰਨ ਪਾਸ ਕਰਨ ਦੀ ਉਮੀਦ ਕਰਨ।

ਤੁਹਾਡੇ ਵਿਚੋਂ ਕੁਝ ਕਹਿਣਗੇ ਕਿ ਇਹ ਇਕ ਛੋਟੀ ਜਿਹੀ ਗੱਲ ਹੈ ਕਿ ਕੀ ਬ੍ਰਾਹਮਣ ਜ਼ਾਤ-ਪਾਤ ਦੇ ਵਿਰੁੱਧ ਅੰਦੋਲਨ ਚਲਾਉਣ ਲਈ ਅੱਗੇ ਆਉਣਗੇ ਜਾਂ ਨਹੀਂ। ਮੇਰੇ ਫੈਸਲੇ ਅਨੁਸਾਰ ਇਸ ਵਿਚਾਰ ਨੂੰ ਲੈ ਲੈਣਾ, ਭਾਈਚਾਰੇ ਵਿਚ ਬੁੱਧੀਜੀਵੀ ਸ਼੍ਰੇਣੀ ਦੁਆਰਾ ਨਿਭਾਈ ਗਈ ਭੂਮਿਕਾ ਨੂੰ ਅੱਖੋਂ ਪਰੋਖੇ ਕਰਨਾ ਹੈ। ਕੀ ਤੁਸੀਂ ਮਹਾਨ ਵਿਅਕਤੀ ਦੇ ਸਿਧਾਂਤ ਨੂੰ ਇਕ ਇਤਿਹਾਸਕ ਬਣਾਉਣ ਵਾਲੇ ਵਜੋਂ ਸਵੀਕਾਰ ਕਰਦੇ ਹੋ ਜਾਂ ਨਹੀਂ? ਪ੍ਰੰਤੂ ਤੁਹਾਨੂੰ ਇਹ ਜ਼ਰੂਰ ਮੰਨਣਾ ਪਵੇਗਾ ਕਿ ਹਰ ਇਕ ਦੇਸ਼ ਵਿਚ ਬੁੱਧੀਜੀਵੀ ਸ਼੍ਰੇਣੀ ਇਕ ਬਹੁਤ ਪ੍ਰਭਾਵਸ਼ਾਲੀ ਸ਼੍ਰੇਣੀ ਕਿਸੇ ਚੀਜ਼ ਦਾ ਪੂਰਵ-ਅਨੁਮਾਨ ਲਗਾ ਸਕਦੀ ਹੈ। ਇਕ ਸ਼੍ਰੇਣੀ ਹੈ ਜੋ ਸਲਾਹ ਦੇ ਸਕਦੀ ਹੈ ਅਤੇ ਅਗਵਾਈ ਕਰ ਸਕਦੀ ਹੈ। ਕਿਸੇ ਵੀ ਦੇਸ਼ ਵਿਚ ਬਹੁਤੇ ਲੋਕ ਬੁੱਧੀਜੀਵੀ ਖਿਆਲ ਅਤੇ ਸਰਗਰਮੀ ਦੀ ਜ਼ਿੰਦਗੀ ਨਹੀਂ ਬਿਤਾਉਂਦੇ ਹੁੰਦੇ। ਬੁੱਧੀਜੀਵੀ ਸ਼੍ਰੇਣੀ ਦੇ ਮਗਰ ਲਗਣਾ ਇਹ ਬਹੁਤ ਵੱਡੀ ਪਹਿਲਕਦਮੀ ਹੈ। ਇਹ ਕੋਈ ਵਧਾ-ਚੜ੍ਹਾ ਕੇ ਕਹਿਣ ਵਾਲੀ ਗੱਲ ਨਹੀਂ ਹੋਵੇਗੀ ਕਿ ਕਿਸੇ ਮੁਲਕ ਦੀ ਸਮੁੱਚੀ ਤਕਦੀਰ ਉਸਦੀ ਬੁੱਧੀਜੀਵੀ ਸ਼੍ਰੇਣੀ ਤੇ ਨਿਰਭਰ ਹੈ। ਜੇਕਰ ਬੁੱਧੀਜੀਵੀ ਸ਼੍ਰੇਣੀ ਇਮਾਨਦਾਰ, ਆਜ਼ਾਦ ਅਤੇ ਨਿਰਪੱਖ ਹੈ ਤਾਂ ਸੰਕਟ ਦੀ ਘੜੀ ਵਿਚ ਪਹਿਲਕਦਮੀ ਕਰਨ ਅਤੇ ਸਹੀ ਅਗਵਾਈ ਦੇਣ ਲਈ ਉਨ੍ਹਾਂ ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ। ਇਹ ਇਕ ਸਚਾਈ ਹੈ ਕਿ ਆਪਣੇ ਆਪ ਨੂੰ ਬੁੱਧੀਜੀਵੀ ਕਹਿਣਾ ਕੋਈ ਉਤਮ ਗੁਣ ਨਹੀਂ ਹੈ। ਇਹ ਕੇਵਲ ਇਕ ਸਾਧਨ ਹੈ ਅਤੇ ਸਾਧਨਾਂ ਦੀ ਵਰਤੋਂ ਕਿਸੇ ਬੁੱਧੀਜੀਵੀ ਵਿਅਕਤੀ ਦੁਆਰਾ ਉਦੇਸ਼ਾਂ ਦੀ ਪੈਰਵੀ ਕਰਨ ਤੇ ਨਿਰਭਰ ਕਰਦੀ ਹੈ। ਇਕ ਬੁੱਧੀਜੀਵੀ ਆਦਮੀ ਇਕ ਚੰਗਾ ਆਦਮੀ ਵੀ ਹੋ ਸਕਦਾ ਹੈ ਪ੍ਰੰਤੂ ਉਹ ਆਸਾਨੀ ਨਾਲ ਨਿਕੰਮਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ, ਇਕ ਬੁੱਧੀਜੀਵੀ ਸ਼੍ਰੇਣੀ ਉਚ-ਵਿਚਾਰਧਾਰਾ ਵਾਲੇ ਵਿਅਕਤੀਆਂ ਦੀ ਜਥੇਬੰਦੀ ਵੀ ਹੋ ਸਕਦੀ ਹੈ, ਜਿਹੜੀ ਭੁੱਲੀ-ਭੱਟਕੀ ਮਾਨਵਤਾ ਦੀ ਮਦਦ ਕਰਨ ਅਤੇ ਉਸ ਨੂੰ ਬੰਧਨਾ ਤੋਂ ਮੁਕਤ ਕਰਾਉਣ ਵਿਚ ਤਿਆਰ-ਬਰ-ਤਿਆਰ ਰਹਿੰਦੀ ਹੈ। ਜਾਂ ਇਹ ਬੜੀ ਆਸਾਨੀ ਨਾਲ ਨਿਕੰਮੇ ਆਦਮੀਆਂ ਦਾ ਇਕ ਗੁੱਟ ਹੋ ਸਕਦਾ ਹੈ। ਜਾਂ ਕਿਸੇ ਛੋਟੇ-ਮੋਟੇ ਗੁੱਟ ਦੇ, ਜਿਨ੍ਹਾਂ ਤੋਂ ਇਹ ਮਦਦ ਲੈਂਦੀ ਹੋਵੇ, ਵਿਚੋਲਿਆਂ ਦੀ ਇਕ ਸੰਸਥਾ ਵੀ ਹੋ ਸਕਦੀ ਹੈ। ਤੁਸੀਂ ਇਸ ਨੂੰ ਇਕ ਅਫ਼ਸੋਸ ਵਾਲੀ ਗੱਲ ਸਮਝੋਗੇ ਕਿ ਭਾਰਤ ਵਿਚਲੀ ਬੁੱਧਜੀਵੀ ਸ਼੍ਰੇਣੀ ਕੇਵਲ ਬ੍ਰਾਹਮਣ ਜ਼ਾਤੀ ਦਾ ਹੀ ਦੂਜਾ ਨਾਮ ਹੈ। ਤੁਹਾਨੂੰ ਅਫ਼ਸੋਸ ਹੋਵੇਗਾ ਕਿ ਉਹ ਦੋਵੇਂ ਇਕ ਹਨ, ਬੁੱਧੀਜੀਵੀ ਸ਼੍ਰੇਣੀ ਦੀ ਹੋਂਦ ਸਿਰਫ ਇਕੋ ਜ਼ਾਤੀ ਦੀ ਹੋਣੀ ਚਾਹੀਦੀ ਹੈ, ਇਸ ਬੁੱਧੀਜੀਵੀ ਸ਼੍ਰੇਣੀ ਨੂੰ ਬ੍ਰਾਹਮਣ ਜ਼ਾਤੀ ਦੇ ਜੋ ਆਪਣੇ ਆਪ ਨੂੰ ਦੇਸ਼ ਦੇ ਹਿਤਾਂ ਨਾਲੋਂ ਆਪਣੀ ਜ਼ਾਤੀ ਦੇ ਹਿਤਾਂ ਦੀ ਰਖਵਾਲੀ ਸਮਝਦੀ ਹੈ, ਹਿਤਾਂ ਅਤੇ ਖਾਹਸ਼ਾਂ ਵਿਚ ਹਿਸਾ ਵੰਡਾਉਣਾ ਚਾਹੀਦਾ ਹੈ। ਇਹ ਸਭ ਕੁਝ ਬਹੁਤ ਅਫ਼ਸੋਸਜਨਕ ਹੈ। ਪ੍ਰੰਤੂ ਅਸਲੀਅਤ ਇਹ ਹੈ ਕਿ ਬ੍ਰਾਹਮਣਾਂ ਨੇ ਹਿੰਦੂਆਂ ਦੀ ਬੁੱਧੀਜੀਵੀ ਸ਼੍ਰੇਣੀ ਬਣਾ ਲਈ ਹੈ। ਇਹ ਸਿਰਫ ਇਕ ਬੁੱਧੀਜੀਵੀ ਸ਼੍ਰੇਣੀ ਹੀ ਨਹੀਂ ਹੈ ਬਲਕਿ ਉਹ ਸ਼੍ਰੇਣੀ ਹੈ ਜਿਸ ਨੂੰ ਭਾਰਤ ਦੇ ਬਾਕੀ ਹਿੰਦੂਆਂ ਵਲੋਂ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ। ਹਿੰਦੂਆਂ ਨੂੰ ਸਿਖਿਆ ਦਿਤੀ ਜਾਂਦੀ ਹੈ ਕਿ ਬ੍ਰਾਹਮਣ ਧਰਤੀ ਤੇ ਦੇਵਤੇ ਹਨ। ਹਿੰਦੂਆਂ ਨੂੰ ਇਹ ਵੀ ਸਿਖਾਇਆ ਜਾਂਦਾ ਹੈ ਕਿ ਸਿਰਫ

ਉਹ ਇਕੱਲੇ ਹੀ ਉਨ੍ਹਾਂ ਦੇ ਅਧਿਆਪਕ ਹੋ ਸਕਦੇ ਹਨ। ਮਨੂੰ ਨੇ ਕਿਹਾ ਹੈ, "ਜੇਕਰ ਇਹ ਪੁਛਿਆ ਜਾਵੇ ਕਿ ਧਰਮ ਦੇ ਅਸੂਲਾਂ, ਜਿਨ੍ਹਾਂ ਦਾ ਵਿਸ਼ੇਸ਼ ਤੌਰ ਤੇ ਵਰਨਣ ਕੀਤਾ ਗਿਆ ਹੈ, ਨੂੰ ਆਦਰ ਕਿਵੇਂ ਦਿਤਾ ਜਾਣਾ ਚਾਹੀਦਾ ਹੈ, ਤਾਂ ਉੱਤਰ ਇਹ ਹੈ ਕਿ ਜਿਹੜੇ ਬ੍ਰਾਹਮਣ ਸ਼੍ਰੇਸਠ ਵਿਚਾਰਧਾਰਾ ਦੇ ਹਨ ਉਨ੍ਹਾਂ ਕੋਲ ਬਿਨਾਂ ਸ਼ੱਕ ਕਾਨੂੰਨੀ ਤਾਕਤ ਹੈ।"

अनाम्नातेषु धर्मेय कथं स्यादिति खेदभवत्।
यं शिष्टाब्राह्मणा ब्रुये: सधर्म: स्यादश ङ्क्ट:।

ਜਦੋਂ ਅਜਿਹੀ ਬੁੱਧੀਜੀਵੀ ਸ਼੍ਰੇਣੀ ਜਿਸ ਦੀ ਮੁੱਠੀ ਵਿਚ ਬਾਕੀ ਸਾਰਾ ਭਾਈਚਾਰਾ ਹੋਵੇ, ਜ਼ਾਤ-ਪਾਤ ਦੇ ਸੁਧਾਰ ਦੀ ਵਿਰੋਧਤਾ ਕਰੇ, ਤਾਂ ਜ਼ਾਤੀਵਾਦ ਨੂੰ ਤੋੜਨ ਲਈ ਚਲਾਈ ਗਈ ਲਹਿਰ ਦੇ ਸਫ਼ਲ ਹੋਣ ਦੇ ਮੌਕੇ ਬਹੁਤ ਬਹੁਤ ਦੂਰ ਹਨ।

ਦੂਜਾ ਕਾਰਨ, ਮੈਂ ਇਉਂ ਕਹਾਂ ਕਿ ਇਹ ਕੰਮ ਅਸੰਭਵ ਹੈ, ਬੜਾ ਸਾਫ਼ ਹੋਵੇਗਾ ਜੇ ਤੁਸੀਂ ਆਪਣੇ ਦਿਮਾਗ਼ ਵਿਚ ਇਹ ਵਸਾ ਲਉਗੇ ਕਿ ਜ਼ਾਤੀ ਪ੍ਰਣਾਲੀ ਦੇ ਦੋ ਪਹਿਲੂ ਹਨ। ਇਨ੍ਹਾਂ ਵਿਚੋਂ ਇਕ ਪਹਿਲੂ ਇਹ ਹੈ ਕਿ ਇਹ ਲੋਕਾਂ ਨੂੰ ਵੱਖ-ਵੱਖ ਬਰਾਦਰੀਆਂ ਵਿਚ ਵੰਡਦੀ ਹੈ। ਦੂਸਰਾ ਪਹਿਲੂ ਇਹ ਹੈ ਕਿ ਇਹ ਇਨ੍ਹਾਂ ਭਾਈਚਾਰਿਆਂ ਨੂੰ ਸਮਾਜਕ ਦਰਜੇ ਵਿਚ ਇਕ ਨੂੰ ਦੂਜੇ ਤੋਂ ਉਪਰ ਰੱਖਣ ਲਈ ਦਰਜਾ-ਬੰਦੀ ਵਿਚ ਵੰਡਦੀ ਹੈ। ਹਰ ਇਕ ਜ਼ਾਤੀ ਆਪਣਾ ਸਵੈ-ਮਾਨ ਇਸ ਤੱਥ ਤੋਂ ਲੈਂਦੀਂ ਹੈ ਕਿ ਜ਼ਾਤ-ਪਾਤ ਦੇ ਪੈਮਾਨੇ ਵਿਚ ਉਹ ਕਿਸੇ ਹੋਰ ਜ਼ਾਤ ਨਾਲੋਂ ਉਚੀ ਹੈ। ਇਸ ਦਰਜਾਬੰਦੀ ਦੀ ਤਰ੍ਹਾਂ ਸਮਾਜਕ ਅਤੇ ਧਾਰਮਕ ਦਰਜਾਬੰਦੀ ਵੀ ਹੈ, ਜਿਨ੍ਹਾਂ ਨੂੰ ਤਕਨੀਕੀ ਤੌਰ ਤੇ ਆਸ਼ਤਾਧਿਕਾਰ ਅਤੇ ਸੰਸਕਾਰ ਕਿਹਾ ਜਾਦਾ ਹੈ। ਜਿੰਨਾਂ ਜ਼ਾਤ ਦਾ ਦਰਜਾ ਉਚਾ ਹੋਵੇਗਾ ਉਨੀ ਹੀ ਜ਼ਿਆਦਾ ਇਨ੍ਹਾਂ ਦੇ ਹੱਕਾਂ ਦੀ ਗਿਣਤੀ ਹੋਵੇਗੀ ਅਤੇ ਜੇ ਦਰਜਾ ਘਟੇਗਾ ਤਾਂ ਉਨ੍ਹਾਂ ਦੇ ਅਧਿਕਾਰਾਂ ਦੀ ਗਿਣਤੀ ਵੀ ਘੱਟ ਜਾਵੇਗੀ। ਹੁਣ ਇਹ ਦਰਜਾਬੰਦੀ ਅਤੇ ਜ਼ਾਤਾਂ ਦਾ ਪੈਮਾਨਾ, ਜ਼ਾਤੀ ਪ੍ਰਣਾਲੀ ਵਿਰੁੱਧ ਸਾਂਝਾ ਫਰੰਟ ਬਣਾਉਣ ਨੂੰ ਅਸੰਭਵ ਬਣਾਉਂਦਾ ਹੈ। ਜੇਕਰ ਕੋਈ ਜ਼ਾਤੀ ਆਪਣੇ ਤੋਂ ਉਪਰਲੀ ਕਿਸੇ ਦੂਜੀ ਜ਼ਾਤੀ ਨਾਲ ਆਪਸੀ ਖਾਣੇ ਅਤੇ ਅੰਤਰ-ਜ਼ਾਤੀ ਵਿਆਹ ਕਰਨ ਦੇ ਹੱਕ ਦਾ ਦਾਅਵਾ ਕਰੇ ਤਾਂ ਇਹ ਉਸੇ ਵੇਲੇ ਹੀ ਖ਼ਤਮ ਹੋ ਜਾਂਦਾ ਹੈ ਕਿ ਇਹ ਇਕ ਸ਼ਰਾਰਤੀਆਂ ਦੀ ਕਹੀ ਹੋਈ ਗੱਲ ਹੈ ਅਤੇ ਅਜਿਹੇ ਸ਼ਰਾਰਤੀਆਂ ਵਿਚ ਕਈ ਬ੍ਰਾਹਮਣ ਹਨ। ਆਪਣੀ ਜ਼ਾਤ ਤੋਂ ਨੀਵੀਂ ਜ਼ਾਤੀ ਨਾਲ ਰੋਟੀ-ਬੇਟੀ ਦੀ ਸਾਂਝ ਕਰਨ ਨੂੰ ਮੰਨਣਾ ਹੋਵੇਗਾ। ਸਾਰੇ ਜ਼ਾਤ ਪ੍ਰਣਾਲੀ ਦੇ ਗੁਲਾਮ ਹਨ। ਪ੍ਰੰਤੂ ਸਾਰੇ ਗੁਲਾਮਾਂ ਦਾ ਦਰਜਾ ਬਰਾਬਰ ਨਹੀਂ ਹੈ। ਆਰਥਕ ਕ੍ਰਾਂਤੀ ਲਿਆਉਣ ਲਈ ਕਿਰਤੀ ਵਰਗ ਨੂੰ ਉਤੇਜਤ ਕਰਨ ਲਈ ਕਾਰਲ ਮਾਰਕਸ ਨੇ ਕਿਹਾ ਸੀ : "ਤੁਹਾਨੂੰ ਆਪਣੀਆਂ ਜੰਜੀਰੀਆਂ ਤੋਂ ਸਿਵਾਏ ਕੁਝ ਨਹੀਂ ਗਵਾਣਾ ਪਵੇਗਾ।" ਪ੍ਰੰਤੂ ਕਲਾਪੂਰਣ ਢੰਗ, ਜਿਸ ਵਿਚ ਸਮਾਜਕ ਅਤੇ ਧਾਰਮਕ ਹੱਕਾਂ ਦੀ ਵੱਖ-ਵੱਖ ਜ਼ਾਤਾਂ ਵਿਚਕਾਰ ਵੰਡ ਕੀਤੀ ਜਾਂਦੀ ਹੈ, ਜਿਥੇ ਕਈਆਂ ਨੂੰ ਉਹ ਹੱਕ ਜ਼ਿਆਦਾ ਮਿਲ ਜਾਂਦੇ ਹਨ ਅਤੇ ਕਈਆਂ ਨੂੰ ਘੱਟ, ਨੇ ਕਾਰਲ ਮਾਰਕਸ ਦੇ ਨਾਅਰੇ ਨੂੰ ਜ਼ਾਤੀ ਪ੍ਰਣਾਲੀ ਵਿਰੁੱਧ ਹਿੰਦੂਆਂ ਨੂੰ ਉਤੇਜਤ ਕਰਨ ਲਈ ਬਿਲਕੁਲ ਫਜ਼ੂਲ ਕਰ ਦਿੱਤਾ। ਜ਼ਾਤੀਵਾਦ ਨੇ ਪ੍ਰਭੁਤਾ ਦੀ ਦਰਜਾ ਪ੍ਰਣਾਲੀ ਬਣਾਈ। ਕੋਈ ਉਚਾ ਤੇ ਕੋਈ ਨੀਵਾਂ ਕਈਆਂ ਨੂੰ ਆਪਣੀ ਪਦਵੀ ਦਾ ਅਭਿਮਾਨ ਹੈ ਅਤੇ ਉਹ ਜਾਣਦੇ ਹਨ ਕਿ ਅਗਰ ਸਾਰੇ ਘੁਲਮਿਲ ਗਏ ਤਾਂ ਉਨ੍ਹਾਂ ਵਿਚੋਂ ਕਈ ਦੂਜਿਆਂ

ਦੇ ਮੁਕਾਬਲੇ ਆਪਣੀ ਪ੍ਰਤਿਸਠਾ ਅਤੇ ਸ਼ਕਤੀ ਗੁਵਾ ਬੈਠਣਗੇ। ਇਸੇ ਲਈ, ਤੁਸੀਂ ਜ਼ਾਤੀ ਪ੍ਰਣਾਲੀ ਤੇ ਹਮਲਾ ਕਰਨ ਲਈ ਹਿੰਦੂਆਂ ਨੂੰ ਲਾਮਬੰਦ ਨਹੀਂ ਕਰ ਸਕਦੇ।

## 22

ਕੀ ਤੁਸੀਂ ਹਿੰਦੂਆਂ ਨੂੰ ਜ਼ਾਤ-ਪਾਤ ਖ਼ਤਮ ਕਰਨ ਲਈ ਕਹਿ ਸਕਦੇ ਹੋ? ਇਹ ਜੋ ਉਨ੍ਹਾਂ ਦੇ ਸਿਧਾਂਤ ਦੇ ਉਲਟ ਹੈ, ਇਸ ਤੋਂ ਇਹ ਪ੍ਰਸ਼ਨ ਉਠਦਾ ਹੈ ਕਿ ਕੀ ਇਕ ਹਿੰਦੂ ਆਪਣੇ ਸਿਧਾਂਤ ਨੂੰ ਅਪਨਾਉਣ ਲਈ ਆਜ਼ਾਦ ਹੈ? ਮਨੂੰ ਨੇ ਤਿੰਨ ਸਿਧਾਂਤ ਨਿਸਚਿਤ ਕੀਤੇ ਹਨ। ਹਰ ਇਕ ਹਿੰਦੂ ਆਪਣੇ ਵਤੀਰੇ ਦੇ ਮਾਮਲੇ ਵਿਚ ਉਨ੍ਹਾਂ ਅਨੁਸਾਰ ਚਲੇਗਾ। ਉਸਨੂੰ ਆਪਣੀ ਭੂਮਿਕਾ ਨਿਭਾਉਣ ਲਈ ਇਸ ਸਿਧਾਂਤ ਵਿਚ ਕੋਈ ਥਾਂ ਨਹੀਂ ਹੈ। ਇਕ ਹਿੰਦੂ ਜ਼ਰੂਰ ਵੇਦਾਂ, ਸਿਮਰਿਤੀ ਜਾਂ ਸਦਾਚਾਰ ਨੂੰ ਅਪਣਾਏਗਾ। ਉਹ ਕਿਸੇ ਹੋਰ ਚੀਜ਼ ਨੂੰ ਅਪਣਾ ਵੀ ਨਹੀਂ ਸਕਦਾ। ਜਦੋਂ ਕਦੀ ਵੇਦਾਂ ਅਤੇ ਸਿਮਰਿਤੀ ਦੇ ਕਿਸੇ ਵਿਸ਼ੇ ਦੇ ਅਰਥ ਬਾਰੇ ਕੋਈ ਸ਼ੱਕ ਪੈਦਾ ਹੋਵੇ, ਤਾਂ ਉਸ ਦੀ ਵਿਆਖਿਆ ਕਿਵੇਂ ਕੀਤੀ ਜਾਵੇਗੀ? ਇਸ ਮਹੱਤਵਪੂਰਣ ਵਿਚਾਰ ਤੇ ਮੰਨੂ ਦੇ ਵਿਚਾਰ ਬਿਲਕੁਲ ਦ੍ਰਿੜ੍ਹ ਹਨ। ਉਨ੍ਹਾਂ ਨੇ ਕਿਹਾ ਹੈ:

योवमन्येत ते भूले हेतुशास्त्राश्रयात् द्विज।
स साधुभिर्वहिष्कार्यो नास्तिको वेदनिन्दक:॥

ਇਸ ਨਿਯਮ ਅਨੁਸਾਰ, ਤਰਕ ਨੂੰ ਵੇਦਾਂ ਅਤੇ ਸਿਮਰਿਤੀਆਂ ਦੀ ਵਿਆਖਿਆ ਕਰਨ ਦੇ ਸਿਧਾਂਤ ਵਜੋਂ ਬਿਲਕੁਲ ਨਿੰਦਿਆ ਗਿਆ ਹੈ। ਇਸ ਨੂੰ ਨਾਸਤਿਕਤਾ ਵਜੋਂ ਲਿਆ ਜਾਵੇਗਾ ਅਤੇ ਇਸ ਵਾਸਤੇ ਜਿਹੜੀ ਸਜਾ ਹੈ ਉਹ ਹੈ ਸਮਾਜਕ ਬਾਈਕਾਟ। ਇਸ ਤਰ੍ਹਾਂ ਜਿਥੇ ਮਾਮਲਾ ਵੇਦਾਂ ਜਾਂ ਸਿਮਰਿਤੀ ਅਧੀਨ ਆਉਂਦਾ ਹੋਵੇ, ਹਿੰਦੂ ਤਰਕਸੰਗਤ ਸੋਚ ਦਾ ਸਹਾਰਾ ਨਹੀਂ ਲੈ ਸਕਦਾ। ਬਲਕਿ ਜਦੋਂ ਉਨ੍ਹਾਂ ਮਾਮਲਿਆਂ, ਜਿਨ੍ਹਾਂ ਦੇ ਹੱਕ ਵਿਚ ਉਨ੍ਹਾਂ ਨੇ ਹੁਕਮ ਦਿੱਤਾ ਹੋਵੇ, ਵੇਦਾਂ ਅਤੇ ਸਿਮਰਿਤੀ ਵਿਚਕਾਰ ਵਿਵਾਦ ਖੜ੍ਹਾ ਹੋ ਜਾਵੇ, ਤਾਂ ਉਸ ਦਾ ਹੱਲ ਤਰਕ ਤੇ ਨਹੀਂ ਛੱਡਿਆ ਜਾਵੇਗਾ। ਜਦੋਂ ਦੋ ਸਿਮਰਿਤੀਆਂ ਵਿਚ ਵਿਵਾਦ ਪੈਦਾ ਹੋ ਜਾਵੇ ਤਾਂ ਦੋਹਾਂ ਨੂੰ ਇਕੋ ਜਿਹੀ ਮਹਾਨਤਾ ਵਾਲਾ ਸਮਝਿਆ ਜਾਵੇਗਾ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਅਪਣਾਇਆ ਜਾ ਸਕਦਾ ਹੈ। ਇਹ ਢੂੰਡਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾਣੀ ਚਾਹੀਦੀ ਕਿ ਦੋਹਾਂ ਵਿਚੋਂ ਕਿਹੜਾ ਤਰਕ ਦੇ ਅਨੁਕੂਲ ਹੈ। ਮੰਨੂ ਨੇ ਇਸ ਨੂੰ ਇਸ ਤਰ੍ਹਾਂ ਕੀਤਾ ਹੈ :

श्रुति तु यत्र स्यात्तत्र धर्मविभौ समुतौ

"ਜਦੋਂ ਸ਼ਰੁਤੀ ਅਤੇ ਸਿਮਰਿਤੀ ਵਿਚਕਾਰ ਕੋਈ ਝਗੜਾ ਖੜ੍ਹਾ ਹੋ ਜਾਵੇ ਸ਼ਰੁਤੀ ਪ੍ਰਚਲਤ ਰਹੇਗੀ, ਪ੍ਰੰਤੂ ਇਹ ਪਤਾ ਲਗਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਜਾਵੇਗੀ ਕਿ ਦੋਹਾਂ ਵਿਚੋਂ ਕਿਹੜਾ ਤਰਕ ਦੇ ਅਨੁਕੂਲ ਹੈ। ਇਸ ਬਾਰੇ ਮੰਨੂ ਨੇ ਹੇਠ ਲਿਖੇ ਸ਼ਲੋਕ ਵਿਚ ਦੱਸਿਆ ਹੈ :

या वेदवाह्यम: स्मृतयो याशन काश्च कुदृष्ट
सर्वास्ता निश्फल: प्रेत्य नमोनिष्ठा हित: स्मुता॥

ਅਗਰ ਫਿਰ ਦੋਹਾਂ ਸਿਮਰਿਤੀਆਂ ਵਿਚਕਾਰ ਵਿਵਾਦ ਪੈਦਾ ਹੋ ਜਾਵੇ ਤਾਂ ਮੰਨੂ-ਸਮਰਿਤੀ ਪ੍ਰਚਲਤ ਰਹੇਗੀ, ਪ੍ਰੰਤੂ ਇਹ ਪਤਾ ਲਗਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਜਾਵੇਗੀ ਕਿ

ਦੋਹਾਂ ਵਿਚੋਂ ਕਿਹੜਾ ਤਰਕ ਦੇ ਅਨੁਕੂਲ ਹੈ। ਇਹ ਨਿਰਣਾ ਬ੍ਰਹਿਸਪਤੀ ਦੁਆਰਾ ਦਿਤਾ ਗਿਆ ਹੈ :

वेदायत्वोपनि बंध्रत्वतु प्रमाणयं हिमनो: सम्रयं
मर्न्वायविपरीता तु या स्मृति: सां न शिस्यते।।

ਇਸ ਲਈ, ਇਹ ਸਪਸ਼ਟ ਹੈ ਕਿ ਕਿਸੇ ਵੀ ਮਾਮਲੇ ਵਿਚ ਜਿਸ ਵਿਚ ਸ਼ਰੁਤੀਆਂ ਅਤੇ ਸਿਮਰਿਤੀਆਂ ਨੇ ਸਹੀ ਦਿਸ਼ਾ ਦਿਤੀ ਹੋਵੇ, ਇਕ ਹਿੰਦੂ ਆਪਣੀ ਵਾਜਬ ਯੋਗਤਾ ਦੀ ਵਰਤੋਂ ਕਰਨ ਲਈ ਮੁਕਤ ਨਹੀਂ ਹੈ। ਇਹੀ ਨਿਯਮ ਮਹਾਂਭਾਰਤ ਵਿਚ ਵੀ ਦਰਜ ਹੈ :

पुराणे मानवो धर्म: सांगो वेदचिकितिसतं
आज्ञा सिद्धाव चत्यावारि न हन्तव्यानि हितुभि।।

ਉਹ ਜ਼ਰੂਰ ਉਨ੍ਹਾਂ ਦੀਆਂ ਹਦਾਇਤਾਂ ਦੀ ਪਾਲਣਾ ਕਰੇਗਾ। ਜ਼ਾਤੀ ਅਤੇ ਵਰਨ ਉਹ ਮਾਮਲੇ ਹਨ ਜਿਨ੍ਹਾਂ ਦਾ ਸਬੰਧ ਵੇਦਾਂ ਅਤੇ ਸਿਮਰਿਤੀਆਂ ਨਾਲ ਹੈ ਅਤੇ ਇਸ ਦੇ ਨਤੀਜੇ ਵਜੋਂ ਤਰਕ ਦੀ ਅਪੀਲ ਕਰਨ ਨਾਲ ਹਿੰਦੂਆਂ ਤੇ ਕੋਈ ਅਸਰ ਨਹੀਂ ਪਵੇਗਾ। ਜਿਥੋਂ ਤਕ ਜ਼ਾਤ ਅਤੇ ਵਰਨਾਂ ਦਾ ਸਬੰਧ ਹੈ; ਇਸ ਪ੍ਰਸ਼ਨ ਦੇ ਫੈਸਲੇ ਵਿਚ ਆਪਣੇ ਤਰਕ ਦੀ ਵਰਤੋਂ ਕਰਨ ਲਈ ਸ਼ਾਸਤਰ ਹਿੰਦੂ ਨੂੰ ਇਜਾਜ਼ਤ ਨਹੀਂ ਦਿੰਦੇ। ਉਨ੍ਹਾਂ ਨੇ ਇਸ ਗੱਲ ਦਾ ਧਿਆਨ ਰੱਖਿਆ ਹੈ ਕਿ ਜ਼ਾਤ ਅਤੇ ਵਰਨਾ ਵਿਚ ਉਸ ਦੇ ਵਿਸ਼ਵਾਸ ਦੀਆਂ ਨੀਹਾਂ ਦੀ ਬੁੱਧੀਜੀਵੀ ਢੰਗ ਵਿਚ ਛਾਣ-ਬੀਣ ਕਰਨ ਲਈ ਕੋਈ ਸ਼ੰਕਾ ਨਹੀਂ ਛੱਡਿਆ ਗਿਆ। ਉਨ੍ਹਾਂ ਸੈਂਕੜੇ ਅਤੇ ਹਜ਼ਾਰਾਂ ਹਿੰਦੂਆਂ, ਜੋ ਕੁਝ ਮੌਕਿਆਂ, ਜਿਵੇਂ ਰੇਲ ਯਾਤਰਾ ਅਤੇ ਵਿਦੇਸ਼ ਯਾਤਰਾ ਕਰਦੇ ਸਮੇਂ ਜ਼ਾਤ-ਪਾਤ ਦੇ ਬੰਧਨ ਨੂੰ ਤੋੜ ਦਿੰਦੇ ਹਨ ਪ੍ਰੰਤੂ ਬਾਕੀ ਦੀ ਜ਼ਿੰਦਗੀ ਵਿਚ ਜ਼ਾਤ-ਪਾਤ ਨੂੰ ਬਣਾਈ ਰੱਖਣ ਦਾ ਯਤਨ ਕਰਦੇ ਹਨ, ਨੂੰ ਦੇਖ ਕੇ ਇਹ ਕਈ ਗ਼ੈਰ-ਹਿੰਦੂਆਂ ਲਈ ਇਕ ਖਾਮੋਸ਼ ਦਿਲਪਰਚਾਵੇ ਦਾ ਸਾਧਨ ਜ਼ਰੂਰ ਹੁੰਦਾ ਹੈ। ਇਸ ਤੱਥ ਦੀ ਵਿਆਖਿਆ ਤੋਂ ਹਿੰਦੂਆਂ ਦੀਆਂ ਤਰਕਸ਼ੀਲ ਯੋਗਤਾਵਾਂ ਉਤੇ ਹੋਰ ਰੁਕਾਵਟਾਂ ਦਾ ਪਤਾ ਲਗਾਇਆ ਗਿਆ ਹੈ। ਆਦਮੀ ਦੀ ਜ਼ਿੰਦਗੀ ਆਮ ਤੌਰ ਤੇ ਆਦਤਨ ਅਤੇ ਵਿਚਾਰਹੀਣ ਹੁੰਦੀ ਹੈ। ਇਕ ਪ੍ਰਭਾਵਸ਼ਾਲੀ ਚੇਤਨਾ ਵਿਚ ਵਿਚਾਰਸ਼ੀਲ ਸੋਚ, ਜੋ ਕਿ ਇਕ ਲੰਮਾਂ ਸਮਾਂ ਰਹਿਣ ਵਾਲਾ ਅਤੇ ਕਿਸੇ ਧਰਮ ਜਾਂ ਵਿਸ਼ਵਾਸ ਤੇ ਸਾਵਧਾਨੀ ਨਾਲ ਕੀਤਾ ਗਿਆ ਵਿਚਾਰ ਜਾਂ ਕਲਪਨਿਕ ਰੂਪ ਜਾਂ ਉਨ੍ਹਾਂ ਆਧਾਰਾਂ ਜਿਨ੍ਹਾਂ ਤੋਂ ਇਸ ਨੂੰ ਮਦਦ ਮਿਲਦੀ ਹੈ, ਦੀ ਰੌਸ਼ਨੀ ਵਿਚ ਗਿਆਨ ਅਤੇ ਹੋਰ ਸਿੱਟੇ ਜਿਨ੍ਹਾਂ ਵੱਲ ਇਸ ਦਾ ਝੁਕਾਅ ਹੁੰਦਾ ਹੈ, ਬਹੁਤ ਹੀ ਘੱਟ ਹੁੰਦੀ ਹੈ ਅਤੇ ਇਹ ਸਿਰਫ ਸੰਕਟਮਈ ਸਥਿਤੀ ਵਿਚ ਹੀ ਪੈਦਾ ਹੁੰਦੀ ਹੈ। ਰੇਲ ਯਾਤਰਾਵਾਂ ਅਤੇ ਵਿਦੇਸ਼ੀ ਯਾਤਰਾਵਾਂ ਹਿੰਦੂ ਲਈ ਸੱਚਮੁੱਚ ਸੰਕਟ ਦੇ ਮੌਕੇ ਹਨ ਅਤੇ ਉਸ ਹਿੰਦੂ ਕੋਲੋਂ ਆਪਣੇ ਆਪ ਨੂੰ ਪੁੱਛਣ ਲਈ ਉਮੀਦ ਕਰਨਾ ਇਕ ਕੁਦਰਤੀ ਗੱਲ ਹੈ ਕਿ ਉਹ ਜ਼ਾਤ-ਪਾਤ ਕਿਉਂ ਬਣਾਈ ਰੱਖੇ, ਜੇਕਰ ਉਹ ਇਸ ਨੂੰ ਹਮੇਸ਼ਾਂ ਲਈ ਨਹੀਂ ਕਾਇਮ ਰਖ ਸਕਦਾ ਲੇਕਿਨ, ਉਹ ਇਸ ਤਰ੍ਹਾਂ ਨਹੀਂ ਕਰਦਾ। ਉਹ ਇਕ ਕਦਮ ਤੇ ਜ਼ਾਤ-ਪਾਤ ਤੋੜਦਾ ਹੈ ਅਤੇ ਦੂਸਰੇ ਤੇ ਬਗ਼ੈਰ ਕਿਸੇ ਪ੍ਰਸ਼ਨ ਦੇ ਉਠਾਏ ਇਸ ਦੀ ਪਾਲਣਾ ਕਰਨ ਲਈ ਅਗੇ ਵਧਦਾ ਹੈ। ਇਸ ਹੈਰਾਨੀਜਨਕ ਵਿਹਾਰ ਦਾ ਕਾਰਨ ਸ਼ਾਸਤਰਾਂ ਦੇ ਸਿਧਾਂਤ ਵਿਚੋਂ ਲੱਭਦਾ ਹੈ, ਜੋ ਉਸ ਨੂੰ ਜਿਥੋਂ ਤੱਕ ਸੰਭਵ ਹੋ ਸਕੇ ਜ਼ਾਤ-ਪਾਤ ਬਣਾਈ ਰੱਖਣ ਅਤੇ ਜਦੋਂ ਉਹ ਅਜਿਹਾ ਨਾ ਕਰ ਸਕਣ, ਪ੍ਰਾਸ਼ਚਿਤ (ਪਛਤਾਵਾ) ਕਰਨ

ਦੀ ਹਿਦਾਇਤ ਦਿੰਦੇ ਹਨ। ਪ੍ਰਾਸ਼ਚਿਤ ਦੇ ਸਿਧਾਂਤ ਅਨੁਸਾਰ, ਸ਼ਾਸਤਰਾਂ ਨੇ ਸਮਝੌਤੇ ਦੀ ਭਾਵਨਾ ਨੂੰ ਅਪਣਾ ਕੇ ਜ਼ਾਤੀਵਾਦ ਨੂੰ ਇਕ ਸਥਾਈ ਜ਼ਿੰਦਗੀ ਦਿੱਤੀ ਹੈ। ਇੰਜ ਤਰਕਸ਼ੀਲ ਵਿਚਾਰ ਨੂੰ ਸ਼ਾਂਤ ਕੀਤਾ ਹੈ, ਵਰਨਾ ਉਹ ਜ਼ਾਤ-ਪਾਤ ਦੀ ਧਾਰਨਾ ਨੂੰ ਤਬਾਹੀ ਵੱਲ ਲੈ ਜਾਂਦੇ।

ਬਹੁਤ ਸਾਰੇ ਸੁਧਾਰਕ ਹੋਏ ਹਨ ਜਿਨ੍ਹਾਂ ਨੇ ਜ਼ਾਤੀਵਾਦ ਅਤੇ ਅਛੂਤਤਾ ਨੂੰ ਖ਼ਤਮ ਕਰਨ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਵਿਚੋਂ ਪ੍ਰਸਿੱਧ ਹਨ ਰਾਜਨੁੱਮਾ, ਕਬੀਰ ਅਤੇ ਕਈ ਹੋਰ ਵੀ। ਕੀ ਤੁਸੀਂ ਇਨ੍ਹਾਂ ਸੁਧਾਰਕਾਂ ਦੇ ਕੰਮਾਂ ਦੀ ਸ਼ਲਾਘਾ ਕਰ ਸਕਦੇ ਹੋ ਅਤੇ ਹਿੰਦੂਆਂ ਨੂੰ ਉਨ੍ਹਾਂ ਅਨੁਸਾਰ ਚਲਣ ਲਈ ਪ੍ਰੇਰਿਤ ਕਰ ਸਕਦੇ ਹੋ? ਇਹ ਇਕ ਸਚਾਈ ਹੈ ਕਿ ਮੰਨੂ ਨੇ ਸ਼ਰੁਤੀ ਅਤੇ ਸਮਰਿਤੀ ਸਮੇਤ 'ਸਦਾਚਾਰ' ਨੂੰ ਸਿਧਾਂਤਾਂ ਵਿਚ ਸ਼ਾਮਲ ਕੀਤਾ ਹੈ। ਸੱਚਮੁੱਚ ਸਦਾਚਾਰ ਨੂੰ ਸ਼ਾਸਤਰਾਂ ਨਾਲੋਂ ਉਤਮ ਦਰਜਾ ਦਿੱਤਾ ਗਿਆ ਹੈ :

यथड्राचर्यते येन धमर्थ वाड्मर्थ्यमेतवा।
देशस्यचरण नित्यं चरित्र तद्धिकिर्तितम्॥

ਇਸ ਅਨੁਸਾਰ ਸਦਾਚਾਰ ਚਾਹੇ ਇਨ੍ਹਾਂ ਸ਼ਾਸਤਰਾਂ ਅਨੁਸਾਰ ਧਰਮ ਹੋਵੇ ਜਾਂ ਅਧਰਮ ਹੋਵੇ ਜਾਂ ਸ਼ਾਸਤਰਾਂ ਦੇ ਉਲਟ ਹੋਵੇ, ਇਸ ਦੀ ਜ਼ਰੂਰ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਪ੍ਰੰਤੂ ਸਦਾਚਾਰ ਦਾ ਅਰਥ ਕੀ ਹੈ। ਜੇ ਕੋਈ ਇਹ ਫਰਜ਼ ਕਰ ਲਏ ਕਿ ਸਦਾਚਾਰ ਦਾ ਮਤਲਬ ਹੈ ਸਹੀ ਜਾਂ ਅੱਛਾ ਕੰਮ, ਅਰਥਾਤ ਸਹੀ ਅਤੇ ਅੱਛੇ ਆਦਮੀ ਦਾ ਕੰਮ, ਉਹ ਆਪਣੇ ਆਪ ਵਿਚ ਇਕ ਭੁੱਲਿਆ ਵਿਅਕਤੀ ਹੋਵੇਗਾ। ਸਦਾਚਾਰ ਦਾ ਮਤਲਬ ਇਹ ਨਹੀਂ ਹੈ ਕਿ ਚੰਗਾ ਕੰਮ ਜਾਂ ਚੰਗੇ ਆਦਮੀਆਂ ਦੇ ਕੰਮ। ਇਸ ਦਾ ਅਰਥ ਹੈ ਪ੍ਰਾਚੀਨ ਰੀਤੀ-ਰਿਵਾਜ ਚੰਗੇ ਜਾਂ ਬੁਰੇ। ਨਿਮਨ-ਲਿਖਤ ਕਥਨ ਇਸ ਨੂੰ ਸਪਸ਼ਟ ਕਰਦਾ ਹੈ :

यस्मिन् देशे या आचार: प्रारंपर्यकृमाणत।
वर्णानां किल सवेषां स सदाचार उच्यते॥

ਇੰਜ ਲੋਕਾਂ ਨੂੰ ਸਦਾਚਾਰ, ਜਿਸ ਦਾ ਅਰਥ ਹੈ ਕੋਈ ਚੰਗਾ ਕੰਮ ਜਾਂ ਕਿਸੇ ਚੰਗੇ ਵਿਅਕਤੀਆਂ ਦੁਆਰਾ ਕੀਤੇ ਕੰਮ ਵਿਰੁੱਧ ਚਿਤਾਵਨੀ ਦਿਤੀ ਹੈ। ਇਸ ਡਰੋਂ ਕਿ ਲੋਕ ਇਸ ਨੂੰ ਉਸ ਢੰਗ ਨਾਲ ਸਮਝਣਗੇ ਅਤੇ ਚੰਗੇ ਵਿਅਕਤੀਆਂ ਦੇ ਕੰਮਾਂ ਦੀ ਪੈਰਵੀ ਕਰਨਗੇ, ਸਿਮਰਿਤੀ ਨੇ ਸਪੱਸ਼ਟ ਰੂਪ ਵਿਚ ਹਿੰਦੂਆਂ ਤੇ ਇਹ ਪ੍ਰਭਾਵ ਪਾਇਆ ਹੈ ਕਿ ਉਹ ਬੇਸ਼ੱਕ ਚੰਗੇ ਕਾਰਜਾਂ ਵਿਚ ਦੇਵਤਿਆਂ ਦੀ ਵੀ ਪ੍ਰਵਾਹ ਨਾ ਕਰਨ ਜੇਕਰ ਉਹ ਸ਼ਰੁਤੀ ਸਿਮਰਿਤੀ ਅਤੇ ਸਦਾਚਾਰ ਦੇ ਵਿਰੁੱਧ ਹਨ। ਇਹ ਇਕ ਬਹੁਤ ਅਸਾਧਾਰਣ ਅਤੇ ਦੁਸ਼ਟਤਾ ਵਾਲਾ ਕੰਮ ਹੋਵੇਗਾ ਪ੍ਰੰਤੂ ਅਸਲੀਅਤ ਇਹ ਰਹਿ ਜਾਂਦੀ ਹੈ ਕਿ ਦੇਵਛ੍ਰਿਤ ਚਰੇਤੂ ਇਕ ਹੁਕਮਨਾਮਾ ਹੈ ਜਿਹੜਾ ਕਿ ਹਿੰਦੂਆਂ ਨੂੰ ਉਨ੍ਹਾਂ ਦੇ ਸ਼ਾਸਤਰਾਂ ਦੁਆਰਾ ਦਿੱਤਾ ਜਾਂਦਾ ਹੈ। ਸਮਾਜ ਸੁਧਾਰਕਾਂ ਦੇ ਹਥਿਆਰ ਖਾਨੇ ਵਿਚ ਤਰਕ ਸ਼ਕਤੀ ਅਤੇ ਨੈਤਿਕਤਾ ਦੋ ਬਹੁਤ ਹੀ ਸ਼ਕਤੀਸ਼ਾਲੀ ਹਥਿਆਰ ਹਨ। ਉਸ ਨੂੰ ਇਨ੍ਹਾਂ ਹਥਿਆਰਾਂ ਤੋਂ ਵਾਂਝਿਆਂ ਰੱਖਣਾ, ਉਸ ਨੂੰ ਆਪਣੇ ਕਾਰਜ ਤੋਂ ਦੂਰ ਕਰਨਾ ਹੈ। ਤੁਸੀਂ ਜ਼ਾਤ-ਪਾਤ ਨੂੰ ਆਪਣੇ ਕਾਰਜ ਤੋਂ ਦੂਰ ਕਰਨਾ ਹੈ। ਤੁਸੀਂ ਜ਼ਾਤ-ਪਾਤ ਨੂੰ ਕਿਵੇਂ ਤੋੜ ਸਕੋਗੇ ਅਗਰ ਲੋਕ ਇਹ ਸੋਚਣ ਲਈ ਆਜ਼ਾਦ ਨਹੀਂ ਹਨ ਕਿ ਕੀ ਇਹ ਤਰਕ ਸ਼ਕਤੀ ਦੇ ਅਨੁਕੂਲ ਹੈ? ਤੁਸੀਂ ਜ਼ਾਤ-ਪਾਤ ਨੂੰ ਕਿਵੇਂ ਤੋੜ ਸਕਦੇ ਹੋ ਅਗਰ ਤੁਸੀਂ ਇਹ ਸੋਚਣ ਲਈ ਆਜ਼ਾਦ ਨਹੀਂ

ਹੋ ਕਿ ਕੀ ਇਹ ਨੈਤਿਕਤਾ ਦੇ ਅਨੁਕੂਲ ਹੈ? ਜ਼ਾਤ-ਪਾਤ ਦੇ ਦੁਆਲੇ ਬਣਾਈ ਕੰਧ ਇੰਨੀ ਮਜ਼ਬੂਤ ਹੈ ਅਤੇ ਇਸ ਵਿਚ ਵਰਤੀ ਗਈ ਸਮੱਗਰੀ ਵਿਚ ਤਰਕ ਸ਼ਕਤੀ ਅਤੇ ਨੈਤਿਕਤਾ ਵਾਲੀ ਕੋਈ ਚੀਜ਼ ਨਹੀਂ ਹੈ। ਇਸ ਤੱਥ ਨਾਲ ਇਕ ਹੋਰ ਚੀਜ਼ ਜੁੜੀ ਹੈ। ਇਸ ਕੰਧ ਦੇ ਅੰਦਰਵਾਰ ਬ੍ਰਾਹਮਣਾਂ ਦੀ ਫੌਜ ਖੜ੍ਹੀ ਹੈ, ਜਿਹੜੀ ਬੁੱਧੀਜੀਵੀ ਸ਼੍ਰੇਣੀ ਬਣਾਉਂਦੀ ਹੈ। ਬ੍ਰਾਹਮਣ ਜਿਹੜੇ ਕਿ ਹਿੰਦੂਆਂ ਦੇ ਜਮਾਂਦਰੂ ਨੇਤਾ ਹਨ, ਬ੍ਰਾਹਮਣ ਜਿਹੜੇ ਉਥੇ ਭਾੜੇ ਦੇ ਸਿਪਾਹੀਆਂ ਵਜੋਂ ਨਹੀਂ ਖੜ੍ਹੇ ਬਲਕਿ ਉਸ ਫੌਜ ਵਾਂਗ ਹਨ ਜਿਹੜੀ ਆਪਣੀ ਮਾਂ ਧਰਤੀ ਲਈ ਲੜਦੀ ਹੈ ਅਤੇ ਤੁਸੀਂ ਸਮਝ ਜਾਓਗੇ ਕਿ ਮੈਂ ਕਿਉਂ ਕਹਿੰਦਾ ਹਾਂ ਕਿ ਹਿੰਦੂਆਂ ਵਿਚੋਂ ਜ਼ਾਤ-ਪਾਤ ਨੂੰ ਤੋੜਨਾ ਬਹੁਤ ਹੀ ਮੁਸ਼ਕਲ ਹੈ। ਕਿਸੇ ਵੀ ਕੀਮਤ ਤੇ ਇਸ ਨੂੰ ਤੋੜਨ ਲਈ ਕਈ ਯੁੱਗ ਲੱਗ ਜਾਣਗੇ। ਪ੍ਰੰਤੂ ਚਾਹੇ ਇਸ ਨੂੰ ਸਮਾਂ ਲਗੇ ਚਾਹੇ ਇਹ ਜਲਦੀ ਕਰ ਲਿਆ ਜਾਵੇ ਪ੍ਰੰਤੂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੇਕਰ ਤੁਸੀਂ ਇਸ ਪ੍ਰਣਾਲੀ ਨੂੰ ਤੋੜਨਾ ਚਾਹੁੰਦੇ ਹੋ ਤੁਹਾਨੂੰ ਉਨ੍ਹਾਂ ਵੇਦਾਂ ਅਤੇ ਸ਼ਾਸਤਰਾਂ ਨੂੰ ਤੋੜਨਾ ਪਵੇਗਾ ਜੋ ਤਰਕ ਅਤੇ ਨੈਤਿਕਤਾ ਨੂੰ ਮੰਨਦੇ ਹਨ। ਤੁਹਾਨੂੰ ਸ਼ਰੁਤੀ ਅਤੇ ਸਿਮਰਿਤੀ ਦੇ ਧਰਮ ਨੂੰ ਨਸ਼ਟ ਕਰਨਾ ਪਵੇਗਾ। ਕੋਈ ਹੋਰ ਚੀਜ਼ ਇਹ ਕੰਮ ਨਹੀਂ ਕਰ ਸਕਦੀ। ਇਸ ਮਾਮਲੇ ਵਿਚ ਇਹ ਮੇਰਾ ਪੱਕਾ ਵਿਚਾਰ ਹੈ।

## 23

ਕਈ ਲੋਕ ਮੇਰੀ ਗੱਲ ਨੂੰ ਨਹੀਂ ਸਮਝਦੇ ਹੋਣਗੇ ਉਨ੍ਹਾਂ ਨੂੰ ਨਹੀਂ ਪਤਾ ਕਿ ਧਰਮ ਨੂੰ ਨਸ਼ਟ ਕਰਨ ਦਾ ਮੇਰਾ ਕੀ ਮਤਲਬ ਹੈ: ਕਈ ਇਹ ਸਮਝਦੇ ਹੋਣਗੇ ਕਿ ਉਹ ਇਹ ਉਨ੍ਹਾਂ ਖ਼ਿਲਾਫ਼ ਬਗ਼ਾਵਤ ਅਤੇ ਕਈ ਇਸ ਨੂੰ ਕ੍ਰਾਂਤੀਕਾਰੀ ਕਾਰਜ ਸਮਝਦੇ ਹੋਣਗੇ। ਮੈਨੂੰ ਮੇਰੀ ਆਪਣੀ ਸਥਿਤੀ ਸਪਸ਼ਟ ਕਰਨ ਦਿਓ। ਮੈਂ ਨਹੀਂ ਜਾਣਦਾ ਕਿ ਕੀ ਤੁਸੀਂ ਅਸੂਲਾਂ ਅਤੇ ਸਿਧਾਂਤਾਂ ਵਿਚਕਾਰ ਭੇਦ ਰੱਖਦੇ ਹੋਵੋਗੇ। ਪ੍ਰੰਤੂ ਮੈਂ ਰੱਖਦਾ ਹਾਂ। ਮੈਂ ਕੇਵਲ ਭੇਦ ਹੀ ਨਹੀਂ ਰੱਖਦਾ ਬਲਕਿ ਮੈਂ ਕਹਿੰਦਾ ਹਾਂ ਕਿ ਇਹ ਭੇਦ ਜਾਂ ਫਰਕ ਅਸਲੀ ਅਤੇ ਮਹੱਤਵਪੂਰਣ ਹੈ। ਨਿਯਮ ਕ੍ਰਿਆਸ਼ੀਲ ਹਨ, ਉਹ ਆਦੇਸ਼ਾਂ ਅਨੁਸਾਰ ਕੰਮ ਕਰਨ ਦੇ ਆਦੀ ਹੁੰਦੇ ਹਨ। ਪ੍ਰੰਤੂ ਅਸਲ ਬੁੱਧੀਜੀਵੀ ਹਨ, ਇਹ ਚੀਜ਼ਾਂ ਸਹੀ ਅੰਦਾਜ਼ਾ ਲਗਾਉਣ ਲਈ ਲਾਭਦਾਇਕ ਤਰੀਕੇ ਹਨ। ਨਿਯਮ, ਇਕ ਏਜੰਟ ਜਾਂ ਚੇਲੇ ਨੂੰ ਪੈਰਵੀ ਕਰਨ ਲਈ ਕਾਰਵਾਈ ਕਰਨ ਦਾ ਰਾਹ ਦਿਖਾਉਂਦੇ ਹਨ। ਪ੍ਰੰਤੂ ਅਸੂਲ ਕਾਰਵਾਈ ਦਾ ਕੋਈ ਵਿਸ਼ੇਸ਼ ਰਸਤਾ ਨਹੀਂ ਦਸਦੇ। ਨਿਯਮ ਭੋਜਨ ਤਿਆਰ ਕਰਨ ਦੇ ਤਰੀਕੇ ਵਾਂਗੂ ਦੱਸਦੇ ਹਨ ਕਿ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ। ਅਸੂਲ ਮੁੱਖ ਅੰਸ਼ ਦੱਸਦੇ ਹਨ ਜਿਸ ਦੇ ਹਵਾਲੇ ਨਾਲ ਉਹ ਆਪਣੀਆਂ ਇੱਛਾਵਾਂ ਅਤੇ ਮੰਤਵਾਂ ਨੂੰ ਪ੍ਰਾਪਤ ਕਰਨ ਦਾ ਵਿਚਾਰ ਕਰਦਾ ਹੈ, ਇਹ ਉਸ ਨੂੰ ਮਹੱਤਵਪੂਰਣ ਸੋਚ ਵਿਚਾਰ ਦਾ ਸੁਝਾਅ ਦਿੰਦੇ ਹਨ ਜਿਹੜੀ ਉਸ ਨੂੰ ਆਪਣੇ ਦਿਮਾਗ ਵਿਚ ਰੱਖਣੀ ਚਾਹੀਦੀ ਹੈ। ਨਿਯਮਾਂ ਅਤੇ ਅਸੂਲਾਂ ਵਿਚ ਫਰਕ ਉਨ੍ਹਾਂ ਨੂੰ ਵੱਖਰੀ-ਵੱਖਰੀ ਕਿਸਮ ਨਾਲ ਆਪਣੇ ਕੰਮ ਕਰਨਾ ਸਿਖਾਉਂਦੇ ਹਨ। ਨਿਯਮਾਂ ਅਨੁਸਾਰ ਚੰਗਾ ਕੰਮ ਕਰਨਾ ਅਤੇ ਅਸੂਲਾਂ ਦੀ ਰੌਸ਼ਨੀ ਵਿਚ ਚੰਗਾ ਕੰਮ ਕਰਨਾ ਦੋ ਵੱਖਰੀਆਂ ਚੀਜ਼ਾਂ ਹਨ। ਅਸੂਲ ਗ਼ਲਤ ਹੋ ਸਕਦਾ ਹੈ ਲੇਕਿਨ ਕੰਮ ਚੇਤੰਨ ਅਤੇ ਜ਼ਿੰਮੇਵਾਰ ਹੈ। ਨਿਯਮ ਠੀਕ ਹੋ ਸਕਦਾ ਹੈ ਪ੍ਰੰਤੂ ਕੰਮ ਮਕੈਨੀਕਲ ਹੈ। ਇਹ ਧਾਰਮਕ ਕਾਰਜ, ਇਕ ਠੀਕ ਕੰਮ ਨਹੀਂ ਹੋ ਸਕਦਾ ਲੇਕਿਨ ਘੱਟੋ ਘੱਟ ਇਕ ਜ਼ਿੰਮੇਵਾਰ ਕੰਮ ਤਾਂ ਹੋ ਸਕਦਾ ਹੈ। ਇਸ ਜ਼ਿੰਮੇਵਾਰੀ ਦੀ ਆਗਿਆ ਦੇਣ ਲਈ ਧਰਮ ਮੁੱਖ ਤੌਰ ਤੇ ਕੇਵਲ

ਅਸੂਲਾਂ ਦਾ ਮਾਮਲਾ ਹੀ ਹੋਣਾ ਚਾਹੀਦਾ ਹੈ। ਇਹ ਨਿਯਮਾਂ ਦਾ ਮਾਮਲਾ ਨਹੀਂ ਬਣ ਸਕਦਾ। ਜਿਉਂ ਹੀ ਇਸ ਵਿਚ ਨਿਯਮ ਪੈਦਾ ਹੋ ਜਾਣ ਇਹ ਧਰਮ ਨਹੀਂ ਰਹਿੰਦਾ, ਕਿਉਂਕਿ ਇਹ ਉਸ ਜ਼ਿੰਮੇਵਾਰੀ ਨੂੰ ਖ਼ਤਮ ਕਰ ਦਿੰਦਾ ਹੈ ਜਿਹੜੀ ਇਕ ਸੱਚੇ-ਸੁੱਚੇ ਧਾਰਮਕ ਕਾਰਜ ਲਈ ਜ਼ਰੂਰੀ ਹੁੰਦੀ ਹੈ। ਹਿੰਦੂ ਧਰਮ ਕੀ ਹੈ? ਕੀ ਇਹ ਇਕ ਅਸੂਲਾਂ ਦਾ ਸੰਗ੍ਰਹਿ (ਸੈਟ) ਹੈ ਜਾਂ ਨਿਯਮਾਂ ਦਾ (ਚਿੰਨ੍ਹ) ਕੋਡ ਹੈ? ਹੁਣ ਹਿੰਦੂ ਧਰਮ ਜਿਵੇਂ ਕਿ ਵੇਦਾਂ ਅਤੇ ਸਿਮਰਿਤੀਆਂ ਵਿਚ ਦਰਜ ਹੈ, ਕੁਝ ਨਹੀਂ ਹੈ ਪ੍ਰੰਤੂ ਬਲੀ, ਸਮਾਜਕ, ਰਾਜਨੀਤਕ ਤੇ ਅਰੋਗ-ਰਖਿਅਕ ਨਿਯਮਾਵਲੀ ਦਾ ਇਕ ਮਿਲਿਆ-ਜੁਲਿਆ ਪੁੰਜ ਹੈ। ਹਿੰਦੂਆਂ ਦੁਆਰਾ ਕਿਹਾ ਜਾਂਦਾ ਧਰਮ ਕੁਝ ਵੀ ਨਹੀਂ ਹੈ ਸਿਰਫ਼ ਇਹ ਆਦੇਸ਼ਾਂ ਅਤੇ ਮਨਾਹੀਆਂ ਦਾ ਮਿਲਗੋਭਾ ਹੈ। ਧਰਮ ਜੋ, ਅਧਿਆਤਮਕ ਅਸੂਲਾਂ ਦੀ ਭਾਵਨਾ ਵਿਚ, ਸਰਵਵਿਆਪੀ, ਸਾਰੀਆਂ ਨਸਲਾਂ, ਸਾਰੇ ਮੁਲਕਾਂ ਤੇ ਹਮੇਸ਼ਾਂ ਢੁੱਕਦਾ ਹੋਵੇ ਉਨ੍ਹਾਂ ਵਿਚੋਂ ਨਹੀਂ ਮਿਲੇਗਾ ਅਤੇ ਜੇਕਰ ਇਹ ਮਿਲ ਵੀ ਗਿਆ, ਤਾਂ ਇਹ ਹਿੰਦੂਆਂ ਦੇ ਜੀਵਨ ਨੂੰ ਪ੍ਰਭਾਵਿਤ ਨਹੀਂ ਕਰੇਗਾ। ਇਕ ਹਿੰਦੂ ਲਈ ਧਰਮ ਦਾ ਮਤਲਬ ਆਦੇਸ਼ ਅਤੇ ਮਨਾਹੀਆਂ, ਜੋ ਉਸ ਢੰਗ ਤੋਂ ਸਪਸ਼ਟ ਹਨ ਜਿਸ ਅਨੁਸਾਰ ਧਰਮ ਸ਼ਬਦ ਦੀ ਵੇਦਾਂ ਅਤੇ ਸਮਰਿਤੀਆਂ ਵਿਚ ਵਰਤੋਂ ਕੀਤੀ ਗਈ ਹੈ ਅਤੇ ਆਲੋਚਕਾਂ ਦੁਆਰਾ ਸਮਝਿਆ ਗਿਆ ਹੈ। ਕਈ ਮਾਮਲਿਆਂ ਵਿਚ ਵੇਦਾਂ ਵਿਚ ਵਰਤੇ ਗਏ ਸ਼ਬਦ 'ਧਰਮ' ਦਾ ਅਰਥ ਹੈ ਧਾਰਮਕ ਆਦੇਸ਼ ਜਾਂ ਰੀਤਾਂ ਬਲਕਿ ਜੈਮਿਨੀ ਨੇ ਆਪਣੇ ਪੂਰਵਮੀਮਾਂਸਾ ਵਿਚ ਧਰਮ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ "ਵੇਦਾਂ ਦੁਆਰਾ ਦਿੱਤੇ ਆਦੇਸ਼ਾਂ ਦੇ ਇਸ ਨਿਸ਼ਾਨੇ ਅਤੇ ਸਿੱਟੇ ਨੂੰ ਪ੍ਰਾਪਤ ਕਰਨਾ ਧਰਮ ਹੈ"। ਸਾਫ਼ ਸ਼ਬਦਾਂ ਵਿਚ ਇਸ ਨੂੰ ਕਿਹਾ ਜਾ ਸਕਦਾ ਹੈ ਕਿ ਜਿਸ ਨੂੰ ਹਿੰਦੂ ਧਰਮ ਕਹਿੰਦੇ ਹਨ ਉਹ ਅਸਲ ਵਿਚ ਕਾਨੂੰਨ ਜਾਂ ਉਤਮ ਕਾਨੂੰਨੀ ਵਰਗ ਦਾ ਨੀਤੀ-ਸ਼ਾਸਤਰ ਹੈ। ਮੈਂ ਇਸ ਨੂੰ ਧਰਮ ਵਜੋਂ ਆਦੇਸ਼ਾਂ ਦਾ ਕੋਡ ਕਹਿਣ ਤੋਂ ਇਨਕਾਰ ਕਰਦਾ ਹਾਂ। ਅਜਿਹੇ ਆਦੇਸ਼ਾਂ ਦੇ ਕੋਡ ਦੀ ਪਹਿਲੀ ਬੁਰਾਈ ਜੋ ਲੋਕਾਂ ਨੇ ਧਰਮ ਦਲ ਦੀ ਗ਼ਲਤ-ਬਿਆਨੀ ਕੀਤੀ ਹੈ ਉਹ ਇਹ ਹੈ ਕਿ ਇਸ ਦਾ ਝੁਕਾਅ ਆਜ਼ਾਦ ਅਤੇ ਸਵੈ-ਇੱਛਾ ਦੇ ਨੈਤਿਕ ਜੀਵਨ ਤੋਂ ਵਾਂਝਿਆਂ ਕਰਨਾ ਅਤੇ ਬਾਹਰੀ ਤੌਰ ਤੇ ਲਾਗੂ ਕੀਤੇ ਨਿਯਮਾਂ ਨੂੰ ਗੁਲਾਮਾਂ ਦੀ ਤਰ੍ਹਾਂ ਪਾਲਣਾ ਕਰਨ ਤੱਕ (ਕਿਸੇ ਵੀ ਕੀਮਤ ਤੇ ਇਮਾਨਦਾਰੀ ਨਾਲ) ਸੀਮਿਤ ਕਰਨਾ ਹੈ। ਇਸ ਅਧੀਨ ਆਦਰਸ਼ਾਂ ਪ੍ਰਤੀ ਕੋਈ ਵਫ਼ਾਦਾਰੀ ਨਹੀਂ ਹੈ, ਕੇਵਲ ਆਦੇਸ਼ਾਂ ਦੀ ਪਾਲਣਾ ਹੀ ਹੈ। ਪ੍ਰੰਤੂ ਇਨ੍ਹਾਂ ਆਦੇਸ਼ਾਂ ਦੇ ਇਸ ਜ਼ਾਬਤੇ ਦੀ ਸਭ ਤੋਂ ਭੈੜੀ ਬੁਰਾਈ ਇਹ ਹੈ ਕਿ ਇਸ ਵਿਚ ਸ਼ਾਮਲ ਅਸੂਲ ਕਲ੍ਹ, ਅੱਜ ਅਤੇ ਹਮੇਸ਼ਾਂ ਲਈ ਇਕੋ ਜਿਹੇ ਹਨ। ਉਹ ਇਸ ਕਰਕੇ ਗ਼ਲਤ ਹਨ ਕਿ ਉਹ ਸਾਰਿਆਂ ਲਈ ਬਰਾਬਰ ਨਹੀਂ ਹਨ। ਪ੍ਰੰਤੂ ਇਹ ਕਮੀ ਸਥਾਈ ਬਣਾ ਦਿੱਤੀ ਗਈ ਕਿ ਇਹ ਸਾਰੀਆਂ ਪੀੜ੍ਹੀਆਂ ਲਈ ਇਕੋ ਜਿਹੇ ਲਾਗੂ ਕੀਤੇ ਗਏ ਹਨ। ਇਸ ਮਨਸੂਬੇ ਦਾ ਇਤਰਾਜ਼ਯੋਗ ਅੰਕ ਇਹ ਨਹੀਂ ਹੈ ਕਿ ਇਹ ਕਿਸੇ ਪੈਗੰਬਰਾਂ ਜਾਂ ਸਿਧਾਂਤ ਘੜਣ ਵਾਲੇ ਕੁਝ ਵਿਅਕਤੀਆਂ ਦੁਆਰਾ ਬਣਾਏ ਗਏ ਹਨ। ਇਤਰਾਜ਼ਯੋਗ ਹਿੱਸਾ ਇਹ ਹੈ ਕਿ ਇਹ ਕੋਡ ਕੱਟੜਵਾਦੀਆਂ ਦੁਆਰਾ ਬਣਾਏ ਗਏ ਹਨ। ਖ਼ੁਸ਼ੀ, ਵਿਅਕਤੀ ਦੀ ਦਸ਼ਾ ਅਤੇ ਹਾਲਾਤ ਅਤੇ ਵੱਖ-ਵੱਖ ਲੋਕਾਂ ਅਤੇ ਯੁੱਗਾਂ ਦੀ ਦਸ਼ਾ ਅਤੇ ਹਾਲਾਤ ਨਾਲ ਬਦਲਦੀ ਰਹਿੰਦੀ ਹੈ। ਇਨ੍ਹਾਂ ਬਾਹਰੀ ਕਾਨੂੰਨਾਂ ਨੂੰ ਬਰਦਾਸ਼ਤ ਕਰਨ ਨਾਲ ਮਾਨਵਤਾ ਨੂੰ ਨੁਕਸਾਨ ਜ਼ਰੂਰ ਉਠਾਣਾ ਪਵੇਗਾ। ਇਸ ਲਈ, ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੋਵੇਗੀ ਕਿ ਅਜਿਹਾ

ਧਰਮ ਜ਼ਰੂਰ ਹੀ ਨਸ਼ਟ ਕਰ ਦੇਣਾ ਚਾਹੀਦਾ ਹੈ ਅਤੇ ਮੈਂ ਕਹਿੰਦਾ ਹਾਂ ਕਿ ਅਜਿਹੇ ਧਰਮ ਨੂੰ ਤਬਾਹ ਕਰਨ ਲਈ ਕੰਮ ਕਰਨਾ ਕੋਈ ਅਧਰਮ ਨਹੀਂ ਹੋਵੇਗਾ। ਮੈਂ ਸੱਚਮੁੱਚ ਕਹਿੰਦਾ ਹਾਂ ਕਿ ਤੁਹਾਡੀ ਆਤਮਾ ਦੁਆਰਾ ਪ੍ਰੇਰਿਤ ਫਰਜ਼ ਹੈ ਕਿ ਧਰਮ ਦੇ ਅਸੂਲਾਂ ਦੀ ਕੀਤੀ ਗਈ ਇਸ ਗ਼ਲਤ ਵਿਆਖਿਆ ਨੂੰ ਖ਼ਤਮ ਕੀਤਾ ਜਾਵੇ। ਇਹ ਕੰਮ ਕਰਨਾ ਆਪ ਲਈ ਬਹੁਤ ਲਾਜ਼ਮੀ ਹੈ। ਅਗਰ ਤੁਸੀਂ ਇਕ ਵਾਰ ਲੋਕਾਂ ਦੇ ਮਨਾਂ ਵਿਚੋਂ ਇਸ ਗ਼ਲਤ ਧਾਰਨਾ ਨੂੰ ਕੱਢ ਦੇਵੋਗੇ ਅਤੇ ਉਨ੍ਹਾਂ ਨੂੰ ਇਹ ਮਹਿਸੂਸ ਕਰਨ ਦੇ ਯੋਗ ਬਣਾ ਦਿਓਗੇ ਕਿ ਜਿਹੜਾ ਧਰਮ ਉਨ੍ਹਾਂ ਨੂੰ ਸਿਖਾਇਆ ਗਿਆ ਹੈ ਉਹ ਧਰਮ ਨਹੀਂ ਹੈ ਪ੍ਰੰਤੂ ਉਹ ਅਸਲ ਵਿਚ ਇਕ ਕਾਨੂੰਨ ਹੈ, ਤਾਂ ਤੁਸੀਂ ਇਸ ਨੂੰ ਸੋਧਣ ਜਾਂ ਖ਼ਤਮ ਕਰਨ ਦੀ ਜ਼ਰੂਰਤ ਤੇ ਜ਼ੋਰ ਦੇਣ ਦੇ ਯੋਗ ਹੋ ਜਾਓਗੇ। ਜਿੰਨਾਂ ਚਿਰ ਲੋਕ ਇਸ ਧਰਮ ਨੂੰ ਨਫ਼ਰਤ ਨਹੀਂ ਕਰਨਗੇ ਉਹ ਇਸ ਵਿਚ ਤਬਦੀਲੀ ਲਿਆਉਣ ਲਈ ਤਿਆਰ ਨਹੀਂ ਹੋਣਗੇ। ਕਿਉਂਕਿ ਧਰਮ ਦੀ ਵਿਚਾਰਧਾਰਾ ਤਬਦੀਲੀ ਵਾਲੀ ਵਿਚਾਰਧਾਰਾ ਨਹੀਂ ਹੁੰਦੀ। ਪ੍ਰੰਤੂ ਕਾਨੂੰਨ ਦੀ ਵਿਚਾਰਧਾਰਾ ਦਾ ਤਬਦੀਲੀ ਦੀ ਵਿਚਾਰਧਾਰਾ ਨਾਲ ਸਬੰਧ ਹੈ ਅਤੇ ਜਦੋਂ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਜਿਸ ਨੂੰ ਧਰਮ ਕਹਿੰਦੇ ਹਨ ਉਹ ਅਸਲ ਵਿਚ ਕਾਨੂੰਨ ਹੈ ਇਕ ਬਹੁਤ ਪੁਰਾਣਾ ਕਾਨੂੰਨ, ਤਾਂ ਉਹ ਉਸ ਨੂੰ ਬਦਲਣ ਲਈ ਤਿਆਰ ਹੋ ਜਾਣਗੇ। ਕਿਉਂਕਿ ਲੋਕਾਂ ਨੂੰ ਪਤਾ ਲੱਗ ਜਾਵੇਗਾ ਅਤੇ ਉਹ ਮੰਨ ਜਾਣਗੇ। ਇਸ ਪੁਰਾਤਨ ਸਮੇਂ ਦੇ ਕਾਨੂੰਨ ਨੂੰ ਬਦਲ ਸਕਦੇ ਹਨ।

## 24

ਭਾਵੇਂ ਮੈਂ ਧਰਮ ਦੇ ਨਿਯਮਾਂ ਦੀ ਨਿੰਦਿਆ ਕਰਦਾ ਹਾਂ, ਪਰ ਮੇਰਾ ਇਹ ਭਾਵ ਨਹੀਂ ਹੈ ਕਿ ਧਰਮ ਦੀ ਕੋਈ ਲੋੜ ਨਹੀਂ ਹੈ। ਇਸ ਦੇ ਉਲਟ ਮੈਂ ਬਰਕ ਨਾਲ ਸਹਿਮਤ ਹਾਂ ਜਦੋਂ ਉਹ ਕਹਿੰਦੇ ਹਨ ਕਿ, "ਸੱਚਾ ਧਰਮ ਕਿਸੇ ਸਮਾਜ ਦੀ ਨੀਂਹ ਹੈ ਜਿਸ ਤੇ ਸਾਰੀ ਸੱਚੀ ਸਿਵਲ ਸਰਕਾਰ ਅਤੇ ਉਨ੍ਹਾਂ ਦੇ ਦੋਵੇਂ ਸਿਧਾਂਤ ਨਿਰਭਰ ਕਰਦੇ ਹਨ"। ਇਸ ਦੇ ਸਿੱਟੇ ਵਜੋਂ ਮੈਂ ਦਲੀਲ ਦਿੰਦਾ ਹਾਂ ਕਿ ਇਨ੍ਹਾਂ ਪ੍ਰਾਚੀਨ ਸਿਧਾਂਤਾਂ ਨੂੰ ਰੱਦ ਕੀਤਾ ਜਾਵੇ ਤਾਂ ਮੈਂ ਚਿੰਤਤ ਹੋ ਜਾਂਦਾ ਹਾਂ ਕਿ ਇਸ ਦੀ ਥਾਂ ਅਸੂਲਾਂ ਦੇ ਧਰਮ ਨੂੰ ਲੈ ਲੈਣੀ ਚਾਹੀਦੀ ਹੈ ਜਿਹੜਾ ਸਿਰਫ਼ ਉਹੀ ਸੱਚਾ ਧਰਮ ਹੋਣ ਦਾ ਦਾਅਵਾ ਕਰ ਸਕਦਾ ਹੈ। ਮੈਂ ਸੱਚਮੁੱਚ ਹੀ ਅਜਿਹੇ ਧਰਮ ਦੀ ਜ਼ਰੂਰਤ ਲਈ ਸਹਿਮਤ ਹੋਇਆ ਹਾਂ ਅਤੇ ਮਹਿਸੂਸ ਕਰਦਾ ਹਾਂ ਕਿ ਮੈਨੂੰ ਆਪ ਨੂੰ ਸੰਖੇਪ ਵਿਚ ਦੱਸ ਦੇਣਾ ਚਾਹੀਦਾ ਹੈ ਕਿ ਇਸ ਧਾਰਮਕ ਸੁਧਾਰ ਵਿਚ ਮੈਂ ਕਿਹੜੀ ਜ਼ਰੂਰੀ ਚੀਜ਼ ਲਿਆਉਣਾ ਚਾਹੁੰਦਾ ਹਾਂ। ਮੇਰੀ ਰਾਇ ਵਿਚ ਇਸ ਸੁਧਾਰ ਵਿਚ ਹੇਠ ਲਿਖੀਆਂ ਚੀਜ਼ਾਂ ਮੁੱਖ ਹੋਣੀਆਂ ਚਾਹੀਦੀਆਂ ਹਨ : (1) ਹਿੰਦੂ ਧਰਮ ਦੀ ਸਿਰਫ਼ ਇਕੋ ਪਿਆਰੀ ਪੁਸਤਕ ਹੋਣੀ ਚਾਹੀਦੀ ਹੈ ਜਿਸ ਨੂੰ ਸਾਰੇ ਹਿੰਦੂ ਸਵੀਕਾਰ ਕਰਨ ਅਤੇ ਮਾਨਤਾ ਦੇਣ। ਇਸ ਦਾ ਅਰਥ ਹੈ ਕਿ ਹਿੰਦੂ ਧਰਮ ਦੀਆਂ ਸਾਰੀਆਂ ਹੋਰ ਪੁਸਤਕਾਂ ਜਿਵੇਂ ਵੇਦ, ਸ਼ਾਸਤਰ ਅਤੇ ਪੁਰਾਣ, ਜਿਨ੍ਹਾਂ ਨੂੰ ਪਵਿੱਤਰ ਅਤੇ ਪ੍ਰਮਾਣਿਕ ਮੰਨਿਆਂ ਜਾਂਦਾ ਹੈ, ਕਾਨੂੰਨੀ ਤੌਰ ਤੇ ਠੱਪ ਹੋਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਪੁਸਤਕਾਂ ਵਿਚ ਦਰਜ ਸਿਧਾਂਤਕ, ਧਾਰਮਕ ਜਾਂ ਸਮਾਜਕ ਪ੍ਰਚਾਰ ਬੰਦ ਹੋਣਾ ਚਾਹੀਦਾ ਹੈ। (2) ਚੰਗਾ ਹੋਵੇਗਾ ਜੇਕਰ ਹਿੰਦੂਆਂ ਚੋਂ ਪਰੋਹਿਤਪੁਣੇ ਨੂੰ ਖ਼ਤਮ ਕਰ ਦਿਤਾ ਜਾਵੇ। ਪ੍ਰੰਤੂ ਕਿਉਂਕਿ ਇਹ ਹੋਣਾ ਅਸੰਭਵ ਨਜ਼ਰ ਆਉਂਦਾ ਹੈ ਘੱਟ ਤੋਂ ਘੱਟ ਪਰੋਹਤਪੁਣੇ ਦਾ ਜੱਦੀ-ਪੁਸ਼ਤੀ ਹੋਣਾ ਬੰਦ ਹੋ ਜਾਵੇ। ਹਰੇਕ ਹਿੰਦੂ

ਪਰੋਹਿਤ ਬਣਨ ਦੇ ਯੋਗ ਹੋਣਾ ਚਾਹੀਦਾ ਹੈ। ਕਾਨੂੰਨ ਦੁਆਰਾ ਇਹ ਪ੍ਰਬੰਧ ਕੀਤਾ ਜਾਵੇ ਕਿ ਕੋਈ ਵੀ ਹਿੰਦੂ ਉਨਾਂ ਚਿਰ ਪਰੋਹਿਤ ਬਣਨ ਦਾ ਹੱਕਦਾਰ ਨਹੀਂ ਹੋਵੇਗਾ ਜਿੰਨਾਂ ਚਿਰ ਉਹ ਰਾਜ ਦੁਆਰਾ ਨਿਸ਼ਚਿਤ ਕੀਤਾ ਇਮਤਿਹਾਨ ਪਾਸ ਨਹੀਂ ਕਰ ਲੈਂਦਾ ਅਤੇ ਉਸ ਨੂੰ ਰਾਜ ਤੋਂ ਪ੍ਰੈਕਟਿਸ ਕਰਨ ਦੀ ਆਗਿਆ ਲਈ ਸਨਦ ਨਹੀਂ ਮਿਲ ਜਾਂਦੀ। (3) ਉਸ ਪਰੋਹਿਤ ਜਿਸ ਕੋਲ 'ਸਨਦ' ਨਾ ਹੋਵੇ, ਦੁਆਰਾ ਅਦਾ ਕੀਤੀ ਗਈ ਕੋਈ ਰਸਮ ਕਾਨੂੰਨ ਦੀਆਂ ਨਜ਼ਰਾਂ ਵਿਚ ਜਾਇਜ਼ ਨਾ ਸਮਝੀ ਜਾਵੇ ਅਤੇ ਨਾਲ ਹੀ ਜਿਸ ਕੋਲ ਇਹ 'ਸਨਦ' ਨਾ ਹੋਵੇ ਉਸ ਵਿਅਕਤੀ ਨੂੰ ਸਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਵੇ। (4) ਪਰੋਹਿਤ ਰਾਜ ਦਾ ਨੌਕਰ ਹੋਣਾ ਚਾਹੀਦਾ ਹੈ ਅਤੇ ਦੇਸ਼ ਦੇ ਹੋਰਨਾਂ ਨਾਗਰਿਕਾਂ ਵਾਂਗ ਸਾਧਾਰਨ ਕਾਨੂੰਨਾਂ ਦੀ ਪਾਲਣਾ ਕਰਨ ਤੋਂ ਇਲਾਵਾ, ਆਪਣੇ ਨੈਤਿਕ, ਧਰਮਿਕ ਅਤੇ ਪੂਜਾ ਦੇ ਮਾਮਲਿਆਂ ਵਿਚ ਕਾਨੂੰਨਾਂ ਦੀ ਉਲੰਘਣਾ ਕਰਨ ਤੇ ਰਾਜ ਦੁਆਰਾ ਉਸ ਵਿਰੁੱਧ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇ। (5) ਪਰੋਹਿਤਾਂ ਦੀ ਗਿਣਤੀ, ਜਿਵੇਂ ਆਈ.ਸੀ.ਐਸ. ਵਿਚ ਕੀਤਾ ਜਾਂਦਾ ਹੈ, ਰਾਜ ਦੀਆਂ ਜ਼ਰੂਰਤਾਂ ਮੁਤਾਬਕ ਕਾਨੂੰਨ ਦੁਆਰਾ ਸੀਮਿਤ ਕੀਤੀ ਜਾਵੇ। ਕਿਸੇ ਹੱਦ ਤੱਕ ਇਸ ਨਾਲ ਬੁਨਿਆਦ ਪੱਕੀ ਹੋਵੇਗੀ। ਪ੍ਰੰਤੂ ਮੇਰੇ ਵਿਚਾਰ ਅਨੁਸਾਰ, ਇਸ ਵਿਚ ਕ੍ਰਾਂਤੀ ਵਾਲੀ ਕੋਈ ਗੱਲ ਨਹੀਂ ਹੋਵੇਗੀ। ਭਾਰਤ ਵਿਚ ਹਰ ਇਕ ਕਿੱਤਾ ਨਿਯਮਬੱਧ ਹੈ। ਇੰਜੀਨੀਅਰਾਂ, ਡਾਕਟਰਾਂ ਅਤੇ ਵਕੀਲਾਂ ਨੂੰ ਆਪਣੇ ਕਿੱਤੇ ਸ਼ੁਰੂ ਕਰਨ ਦੀ ਆਗਿਆ ਦੇਣ ਤੋਂ ਪਹਿਲਾਂ, ਉਨ੍ਹਾਂ ਦੀ ਲਿਆਕਤ ਨੂੰ ਜ਼ਰੂਰ ਪਰਖਿਆ ਜਾਂਦਾ ਹੈ। ਉਨ੍ਹਾਂ ਦੇ ਸਾਰੇ ਨੌਕਰੀ-ਕਾਲ ਦੌਰਾਨ ਉਹ ਕੇਵਲ ਆਪਣੇ ਦੀਵਾਨੀ ਅਤੇ ਫੌਜ਼ਦਾਰੀ ਕਾਨੂੰਨਾਂ ਦੀ ਪਾਲਣਾ ਹੀ ਨਹੀਂ ਕਰਦੇ ਬਲਕਿ ਉਹ ਉਨ੍ਹਾਂ ਨਾਲ ਸਬੰਧਤ ਪੇਸ਼ਿਆਂ ਦੁਆਰਾ ਨਿਸ਼ਚਿਤ ਕੀਤੇ ਜਾਂਦੇ ਨੈਤਿਕਤਾ ਦੇ ਵਿਸ਼ੇਸ਼ ਜ਼ਾਬਤੇ ਦੀ ਵੀ ਪਾਲਣਾ ਕਰਦੇ ਹਨ। ਕੇਵਲ ਪਰੋਹਿਤ ਦਾ ਹੀ ਇਕ ਐਸਾ ਕਿੱਤਾ ਹੈ ਜੋ ਕਿਸੇ ਜ਼ਾਬਤੇ ਪ੍ਰਤੀ ਜਵਾਬਦੇਹ ਨਹੀਂ ਹੈ। ਪਰੋਹਿਤ ਚਾਹੇ ਦਿਮਾਗ਼ੀ ਤੌਰ ਤੇ ਮੂਰਖ ਹੋਵੇ, ਸਰੀਰਕ ਤੌਰ ਤੇ ਕਿਸੇ ਭਿਆਨਕ ਬਿਮਾਰੀ ਜਿਵੇਂ, ਆਤਸ਼ਕ ਰੋਗ (ਸਿਫਿਲਿਸ਼) ਜਾਂ ਸੁਜ਼ਾਕ (ਗਨੋਰੀਆ) ਆਦਿ ਦਾ ਸ਼ਿਕਾਰ ਹੋਵੇ, ਨੈਤਿਕ ਤੌਰ ਤੇ ਉਹ ਬਿਲਕੁਲ ਗਿਰਿਆ ਹੋਇਆ ਵਿਅਕਤੀ ਹੋਵੇ, ਪ੍ਰੰਤੂ ਉਹ ਧਾਰਮਕ ਰਸਮਾਂ ਨਿਭਾਉਣ, ਹਿੰਦੂਆਂ ਦੇ ਮੰਦਰ ਦੀ ਪਵਿੱਤਰ ਥਾਂ ਵਿਚ ਦਾਖ਼ਲ ਹੋਣ ਅਤੇ ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਕਰਨ ਦੇ ਯੋਗ ਸਮਝ ਲਿਆ ਜਾਂਦਾ ਹੈ। ਹਿੰਦੂਆਂ ਵਿਚ ਇਹ ਸਭ ਕੁਝ ਇਸ ਕਰਕੇ ਸੰਭਵ ਹੋ ਜਾਂਦਾ ਹੈ ਕਿਉਂਕਿ ਇਕ ਪਰੋਹਿਤ ਲਈ ਇੰਨਾਂ ਹੀ ਕਾਫ਼ੀ ਹੈ ਕਿ ਉਹ ਪਰੋਹਿਤ ਜ਼ਾਤੀ ਵਿਚ ਪੈਦਾ ਹੋਇਆ ਹੈ। ਇਹ ਸਭ ਨਿੰਦਣ ਯੋਗ ਸਿਰਫ਼ ਇਸ ਕਾਰਨ ਹੁੰਦਾ ਹੈ ਕਿ ਹਿੰਦੂਆਂ ਵਿਚ ਪਰੋਹਿਤ ਵਰਗ ਨਾ ਤਾਂ ਕਾਨੂੰਨ ਅਤੇ ਨਾ ਹੀ ਨੈਤਿਕਤਾ ਅਗੇ ਜਵਾਬਦੇਹ ਹੈ। ਇਹ ਫਰਜ਼ਾਂ ਨੂੰ ਨਹੀਂ ਪਛਾਣਦੇ। ਇਹ ਕੇਵਲ ਆਪਣੇ ਹੱਕਾਂ ਅਤੇ ਵਿਸ਼ੇਸ਼-ਅਧਿਕਾਰਾਂ ਨੂੰ ਹੀ ਜਾਣਦੇ ਹਨ। ਇਹ ਇਕ ਨਾਸ਼ ਕਰਨ ਵਾਲੀ ਚੀਜ਼ ਹੈ ਜਿਸ ਨੂੰ ਧਰਮ-ਸ਼ਾਸਤਰਾਂ (ਡਵਾਈਨੀਟੀ) ਨੇ ਬਹੁ-ਗਿਣਤੀ ਲੋਕਾਂ ਦੇ ਦਿਮਾਗੀ ਅਤੇ ਨੈਤਿਕ ਦਰਜੇ ਨੂੰ ਘਟਾਉਣ ਦੀ ਢਿੱਲ ਦਿੱਤੀ ਜਾਪਦੀ ਹੈ। ਪਰੋਹਿਤ ਜਮਾਤ ਨੂੰ ਜ਼ਰੂਰ ਕਿਸੇ ਅਜਿਹੇ ਵਿਧਾਨ ਦੁਆਰਾ, ਜਿਵੇਂ ਕਿ ਮੈਂ ਉਪਰ ਸੰਖੇਪ ਵਿਚ ਦੱਸ ਚੁੱਕਾ ਹਾਂ, ਨਿਯੰਤਰਣ ਅਧੀਨ ਲਿਆਉਣਾ ਚਾਹੀਦਾ ਹੈ। ਇਹ ਇਨ੍ਹਾਂ ਨੂੰ ਲੋਕਾਂ ਨਾਲ ਧੋਖਾ ਕਰਨ ਅਤੇ ਉਨ੍ਹਾਂ ਨੂੰ ਕੁਰਾਹੇ ਪਾਉਣ ਤੋਂ ਰੋਕੇਗੀ। ਹਰ ਇਕ ਨੂੰ ਮੌਕਾ ਦੇਣ ਨਾਲ ਇਹ ਇਸ ਨੂੰ ਲੋਕਤਾਂਤ੍ਰਿਕ

ਵੀ ਬਣਾਏਗੀ। ਇਸ ਨਾਲ ਬ੍ਰਾਹਮਣਵਾਦ ਨੂੰ ਖਤਮ ਕਰਨ ਵਿਚ ਨਿਸ਼ਚੇ ਹੀ ਮਦਦ ਮਿਲੇਗੀ ਅਤੇ ਜ਼ਾਤ-ਪਾਤ ਵੀ ਸਮਾਪਤ ਹੋਵੇਗੀ। ਜ਼ਾਤ-ਪਾਤ ਬ੍ਰਾਹਮਣਵਾਦ ਦਾ ਦੇਹਧਾਰੀ ਰੂਪ ਵਿਚ ਅਵਤਾਰ ਹੋਣ ਤੋਂ ਇਲਾਵਾ ਕੁਝ ਨਹੀਂ ਹੈ। ਬ੍ਰਾਹਮਣਵਾਦ ਇਕ ਉਹ ਜ਼ਹਿਰ ਹੈ ਜਿਸ ਨੇ ਹਿੰਦੂਵਾਦ ਨੂੰ ਗੰਧਲਾ ਕੀਤਾ ਹੈ। ਅਗਰ ਤੁਸੀਂ ਬ੍ਰਾਹਮਣਵਾਦ ਸਮਾਪਤ ਕਰ ਦਿਉਗੇ ਤਾਂ ਤੁਸੀਂ ਹਿੰਦੂਵਾਦ ਨੂੰ ਬਚਾਉਣ ਵਿਚ ਸਫਲ ਹੋ ਜਾਵੋਗੇ। ਇਸ ਸੁਧਾਰ ਦੀ ਕਿਸੇ ਵੀ ਭਾਈਚਾਰੇ ਵਲੋਂ ਵਿਰੋਧਤਾ ਨਹੀਂ ਕੀਤੀ ਜਾਣੀ ਚਾਹੀਦੀ। ਇਸ ਦਾ ਬਲਕਿ ਆਰੀਆ ਸਮਾਜੀਆਂ ਨੂੰ ਵੀ ਸੁਆਗਤ ਕਰਨਾ ਚਾਹੀਦਾ ਹੈ। ਕਿਉਂਕਿ ਇਹ ਕੇਵਲ ਉਨ੍ਹਾਂ ਦੇ ਹੀ ਕੁਕਰਮਾ ਦੇ ਆਪਣੇ ਸਿਧਾਂਤ ਦਾ ਹੀ ਪ੍ਰਯੋਗ ਹੈ।

ਚਾਹੇ ਤੁਸੀਂ ਇਹ ਕਰੋ ਜਾਂ ਨਾ ਕਰੋ, ਤੁਸੀਂ ਆਪਣੇ ਧਰਮ ਨੂੰ ਨਵਾਂ ਸਿਧਾਂਤਿਕ ਆਧਾਰ ਜ਼ਰੂਰ ਦਿਉ, ਉਹ ਆਧਾਰ, ਜੋ ਆਜ਼ਾਦੀ, ਬਰਾਬਰੀ ਅਤੇ ਭਰਾਤਰੀਭਾਵ, ਸੰਖੇਪ ਵਿਚ ਲੋਕਤੰਤਰ ਨੂੰ ਇਕਸੁਰ ਕਰੇਗਾ। ਮੈਂ ਇਸ ਵਿਸ਼ੇ ਤੇ ਆਖਰੀ ਸ਼ਬਦ ਨਹੀਂ ਹਾਂ। ਪ੍ਰੰਤੂ ਇਹ ਕਹਾਂਗਾ ਕਿ ਅਜਿਹੇ ਧਾਰਮਕ ਅਸੂਲ ਨੂੰ ਜੋ ਆਜ਼ਾਦੀ, ਬਰਾਬਰੀ ਅਤੇ ਭਰਾਤਰੀਭਾਵ ਨਾਲ ਮੇਲ ਖਾਂਦੇ ਹੋਣ, ਤੁਹਾਨੂੰ ਵਿਦੇਸ਼ੀ ਸੋਮਿਆਂ ਤੋਂ ਉਧਾਰੇ ਲੈਣ ਦੀ ਲੋੜ ਨਹੀਂ ਹੈ ਕਿਉਂਕਿ ਤੁਸੀਂ ਅਜਿਹੇ ਅਸੂਲਾਂ ਨੂੰ ਉਪਨਿਸ਼ਦਾਂ ਤੋਂ ਤਿਆਰ ਕਰ ਸਕਦੇ ਹੋ। ਅਗਰ ਤੁਸੀਂ ਉਨ੍ਹਾਂ ਨੂੰ ਮੁਕੰਮਲ ਤੌਰ ਤੇ ਬਦਲੇ ਬਗੈਰ ਅਜਿਹਾ ਕਰੋਗੇ, ਤਾਂ ਉਨ੍ਹਾਂ ਵਿਚਲੀ ਵਿਚਾਰਧਾਰਾ ਕਾਫੀ ਹੱਦ ਤੱਕ ਤੁਹਾਨੂੰ ਰੱਦ ਕਰ ਦੇਵੇਗੀ। ਨੁਕਸਾਨ ਇਸ ਤੋਂ ਵੀ ਜ਼ਿਆਦਾ ਹੈ ਜਿੰਨਾਂ ਮੈਂ ਕਹਿ ਸਕਦਾ ਹਾਂ। ਇਸਦਾ ਅਰਥ ਹੈ ਜੀਵਨ ਦੀ ਬੁਨਿਆਦੀ ਵਿਚਾਰਧਾਰਾ ਵਿਚ ਇਕ ਮੁਕੰਮਲ ਤਬਦੀਲੀ। ਮਨੁੱਖਤਾ ਪ੍ਰਤੀ ਦ੍ਰਿਸ਼ਟੀਕੋਣ ਅਤੇ ਵਤੀਰੇ ਵਿਚ ਮੁਕੰਮਲ ਤਬਦੀਲੀ ਲਿਆਉਣਾ। ਇਸ ਦਾ ਅਰਥ ਹੈ ਤਬਦੀਲੀ, ਅਗਰ ਤੁਸੀਂ ਇਸ ਸ਼ਬਦ ਨੂੰ ਪਸੰਦ ਨਹੀਂ ਕਰਦੇ ਤਾਂ ਮੈਂ ਕਹਾਂਗਾ ਇਸ ਦਾ ਮਤਲਬ ਹੈ ਨਵੀਂ ਜ਼ਿੰਦਗੀ। ਪ੍ਰੰਤੂ ਨਵੀਂ ਜ਼ਿੰਦਗੀ ਉਸ ਸਰੀਰ ਨੂੰ ਆਪਣੇ ਵਿਚ ਸ਼ਾਮਲ ਨਹੀਂ ਕਰ ਸਕਦੀ ਜੋ ਮਰ ਚੁੱਕਾ ਹੈ। ਨਵੀਂ ਜ਼ਿੰਦਗੀ ਕੇਵਲ ਨਵੇਂ ਸਰੀਰ ਵਿਚ ਹੀ ਸਮਾ ਸਕਦੀ ਹੈ। ਪੁਰਾਣੇ ਸਰੀਰ ਨੂੰ ਨਵੇਂ ਸਰੀਰ ਦੇ ਹੋਂਦ ਵਿਚ ਆ ਜਾਣ ਤੋਂ ਪਹਿਲਾਂ ਮਰ ਜਾਣਾ ਚਾਹੀਦਾ ਹੈ ਤਾਂ ਹੀ ਨਵੀਂ ਜ਼ਿੰਦਗੀ ਉਸ ਵਿਚ ਦਾਖ਼ਲ ਹੋ ਸਕਦੀ ਹੈ। ਸਾਧਾਰਨ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਪੁਰਾਣੇ ਨੂੰ ਨਵੇਂ ਦੁਆਰਾ ਜ਼ਿੰਦਗੀ ਸ਼ੁਰੂ ਕਰਨ ਤੋਂ ਪਹਿਲਾਂ ਖ਼ਤਮ ਹੋ ਜਾਣਾ ਚਾਹੀਦਾ ਹੈ। ਮੇਰਾ ਆਪ ਨੂੰ ਕਹਿਣ ਦਾ ਇਹੋ ਅਰਥ ਹੈ ਕਿ ਤੁਸੀਂ ਸ਼ਾਸਤਰਾਂ ਨੂੰ ਤਿਆਗ ਦਿਓ ਅਤੇ ਸ਼ਾਸਤਰਾਂ ਦੇ ਧਰਮ ਨੂੰ ਨਸ਼ਟ ਕਰ ਦਿਓ।

## 25

ਮੈਂ ਤੁਹਾਨੂੰ ਬਹੁਤ ਦੇਰ ਤਕ ਬਠਾਇਆ ਹੈ ਪਰ ਹੁਣ ਸਮਾਂ ਆ ਗਿਆ ਹੈ ਕਿ ਮੈਂ ਇਸ ਭਾਸ਼ਣ ਨੂੰ ਸਮਾਪਤ ਕਰਾਂ। ਹੁਣ ਮੇਰੇ ਲਈ ਇਸ ਨੂੰ ਬੰਦ ਕਰਨਾ ਹੀ ਚੰਗਾ ਹੋਵੇਗਾ। ਪਰੰਤੂ ਇਹ ਮੇਰਾ, ਹਿੰਦੂ ਸਰੋਤਿਆਂ ਨੂੰ ਹਿੰਦੂਆਂ ਨਾਲ ਸਬੰਧਤ ਮਹੱਤਵਪੂਰਣ ਵਿਸ਼ੇ ਤੇ ਲਗਭਗ ਅੰਤਮ ਭਾਸ਼ਣ ਹੋਵੇਗਾ। ਇਸ ਲਈ, ਮੈਂ ਭਾਸ਼ਣ ਬੰਦ ਕਰਨ ਤੋਂ ਪਹਿਲਾਂ ਹਿੰਦੂਆਂ ਅੱਗੇ, ਅਗਰ ਉਹ ਮੈਨੂੰ ਆਗਿਆ ਦੇਣ ਕੁਝ ਪ੍ਰਸ਼ਨ ਰੱਖਣੇ ਚਾਹੁੰਦਾ ਹਾਂ, ਜਿਨ੍ਹਾਂ ਨੂੰ ਬਹੁਤ ਮਹੱਤਵਪੂਰਣ ਸਮਝਦਾ ਹਾਂ ਅਤੇ ਉਨ੍ਹਾਂ ਨੂੰ ਇਨ੍ਹਾਂ ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਸੱਦਾ ਦਿੰਦਾ ਹਾਂ।

ਸਭ ਤੋਂ ਪਹਿਲਾਂ, ਹਿੰਦੂ ਇਹ ਜ਼ਰੂਰ ਵਿਚਾਰਨ ਕਿ ਕੀ ਮਨੋਵਿਗਿਆਨੀਆਂ ਦੇ ਵਿਚਾਰਾਂ ਨੂੰ ਲੈ ਲੈਣਾ ਹੀ ਕਾਫੀ ਹੈ। ਜ਼ਿੰਦਗੀ ਦੇ ਵਿਸ਼ਵਾਸਾਂ, ਆਦਰਾਂ, ਨੈਤਿਕਤਾ ਅਤੇ ਦ੍ਰਿਸ਼ਟੀਕੋਣ, ਜੋ ਸੰਸਾਰ ਦੇ ਵੱਖ ਵੱਖ ਲੋਕਾਂ ਵਿਚ ਪ੍ਰਚਲਤ ਹਨ ਭਾਵੇਂ ਉਹ ਅਕਸਰ ਵੱਖਰੇ ਵੱਖਰੇ ਹੁੰਦੇ ਹਨ, ਸਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ, ਜਾਂ ਕੀ ਇਹ ਪਤਾ ਲਗਾਉਣ ਲਈ ਕੋਸ਼ਿਸ਼ ਕਰਨ ਦੀ ਲੋੜ ਨਹੀਂ ਹੈ ਕਿ ਕਿਸ ਕਿਸਮ ਦੀ ਨੈਤਿਕਤਾ, ਵਿਸ਼ਵਾਸ, ਆਦਤਾਂ ਅਤੇ ਦ੍ਰਿਸ਼ਟੀਕੋਣ ਨੇ ਸਭ ਤੋਂ ਉਤਮ ਕੰਮ ਕੀਤਾ ਹੈ ਅਤੇ ਜਿਨ੍ਹਾਂ ਪਾਸ ਇਹ ਹੈ, ਉਨ੍ਹਾਂ ਨੂੰ ਵਧਣ-ਫੁਲਣ, ਮਜ਼ਬੂਤ ਹੋਣ, ਆਜ਼ਾਦ ਕਰਨ ਅਤੇ ਉਨ੍ਹਾਂ ਨੂੰ ਆਪਣੇ ਉਤੇ ਨਿਯੰਤਰਣ ਰੱਖਣ ਦੇ ਯੋਗ ਬਣਾਇਆ ਹੈ। ਜਿਵੇਂ ਪ੍ਰੋਫੈਸਰ ਕਾਵਰ ਨੇ ਵਿਚਾਰ ਪ੍ਰਗਟ ਕੀਤੇ ਹਨ, "ਨੈਤਿਕਤਾ ਅਤੇ ਧਰਮ ਨੂੰ, ਨੈਤਿਕ ਪ੍ਰਵਾਨਗੀ ਅਤੇ ਅਪ੍ਰਵਾਨਗੀ ਦੇ ਸੰਗਠਿਤ ਪ੍ਰਗਟਾਵੇ ਦੀ ਤਰ੍ਹਾਂ, ਹੋਂਦ ਲਈ ਜੱਦੋ ਜਹਿਦ ਵਿਚ ਤੱਥਾਂ ਦੇ ਤੌਰ ਤੇ ਸੱਚਮੁੱਚ ਉਸੇ ਤਰ੍ਹਾਂ ਸਮਝਣਾ ਚਾਹੀਦਾ ਜਿਵੇਂ ਅਪਰਾਧ ਅਤੇ ਸੁਰਖਿਆ ਲਈ ਦੰਦ ਅਤੇ ਪੰਜੇ, ਸਿੰਗ ਅਤੇ ਖੁਰ, ਖੱਲ ਤੇ ਖੰਭ ਹਥਿਆਰ ਹਨ। ਸਮਾਜਕ ਗੁਣ, ਭਾਈਚਾਰਾ, ਕਬੀਲਾ ਜਾਂ ਕੌਮ, ਜੋ ਨੈਤਿਕਤਾ ਦੀ ਇਕ ਬੇਲਾਭ ਸਕੀਮ ਵਿਕਸਿਤ ਕਰਦੀਆਂ ਹਨ ਜਾਂ ਜਿਨ੍ਹਾਂ ਅੰਦਰ ਉਹ ਸਮਾਜਕ ਕੰਮ ਜੋ ਜ਼ਿੰਦਾ ਰਹਿਣ ਲਈ ਇਸ ਨੂੰ ਕਮਜ਼ੋਰ ਅਤੇ ਅਯੋਗ ਬਣਾਉਂਦੇ ਹਨ, ਆਦਤਨ ਪ੍ਰਵਾਨਗੀ ਦੀ ਭਾਵਨਾ ਪੈਦਾ ਕਰਦੀ ਹੈ। ਜੋ ਇਸ ਨੂੰ ਵਧਣ-ਫੁਲਣ ਲਈ ਤਾਕਤ ਦਿੰਦੀਆਂ ਹਨ ਅਤੇ ਯੋਗ ਬਣਾਉਂਦੀਆਂ ਹਨ, ਆਦਤਨ ਅਪ੍ਰਵਾਨਗੀ ਦੀ ਭਾਵਨਾ ਪੈਦਾ ਕਰਦੀਆਂ ਹਨ, ਇਨ੍ਹਾਂ ਨੂੰ ਅਖੀਰ ਅਲੋਪ ਕਰ ਦਿੱਤਾ ਜਾਵੇਗਾ। ਇਹ ਉਨ੍ਹਾਂ ਦੀਆਂ ਪ੍ਰਵਾਨਗੀ ਜਾਂ ਅਪ੍ਰਵਾਨਗੀ ਵਾਲੀਆਂ ਆਦਤਾਂ ਹਨ (ਇਹ ਧਰਮ ਅਤੇ ਨੈਤਿਕਤਾ ਦੇ ਨਤੀਜੇ ਹਨ), ਇਹ ਇਸ ਨੂੰ ਸੱਚਮੁੱਚ ਉਸੇ ਤਰ੍ਹਾਂ ਅਪਾਹਜ ਬਣਾ ਦਿੰਦੀਆਂ ਹਨ ਜਿਵੇਂ ਕਿਸੇ ਪੰਛੀ ਨੂੰ ਜਿਸ ਦੇ ਦੋਵੇਂ ਪਰ ਇਕੋ ਪਾਸੇ ਹੋਣ ਅਤੇ ਦੂਜੇ ਪਾਸੇ ਕੋਈ ਵੀ ਨਾ ਹੋਵੇ, ਅਪਾਹਜ ਬਣਾ ਦਿੱਤਾ ਜਾਂਦਾ ਹੈ। ਇਹ ਇਸ ਮਾਮਲੇ ਵਿਚ ਉਸ ਤਰ੍ਹਾਂ ਉਪਯੋਗੀ ਹੋਵੇਗਾ ਜਿਵੇਂ ਇਹ ਦਲੀਲ ਕਿ ਇਕ ਪ੍ਰਣਾਲੀ ਬਿਲਕੁਲ ਉਸੇ ਤਰ੍ਹਾਂ ਅੱਛੀ ਹੈ ਜਿਵੇਂ ਦੂਜੀ"। ਇਸ ਲਈ ਨੈਤਿਕਤਾ ਅਤੇ ਧਰਮ ਕੇਵਲ ਪਸੰਦਾਂ ਅਤੇ ਨਾ-ਪਸੰਦਾਂ ਦੇ ਹੀ ਮਾਮਲੇ ਨਹੀਂ ਹਨ। ਤੁਸੀਂ ਨੈਤਿਕਤਾ ਦੀ ਯੋਜਨਾ ਨੂੰ ਜਿੰਨੀ ਮਰਜ਼ੀ ਨਫ਼ਰਤ ਕਰੋ ਜੇ ਇਹ ਕਿਸੇ ਕੌਮ ਅੰਦਰ ਸਰਵ-ਵਿਆਪਕਤਾ ਨਾਲ ਲਾਗੂ ਕੀਤਾ ਜਾਵੇ, ਉਸ ਕੌਮ ਨੂੰ ਇਹ ਇਕ ਸ਼ਕਤੀਸ਼ਾਲ ਕੌਮ ਬਣਾ ਦੇਵੇਗੀ। ਤੁਹਾਡੀ ਨਾ-ਪਸੰਦ ਦੇ ਬਾਵਜੂਦ ਵੀ ਅਜਿਹੀ ਕੌਮ ਮਜ਼ਬੂਤ ਹੋ ਜਾਵੇਗੀ। ਤੁਸੀਂ ਨੈਤਿਕਤਾ ਦੀ ਯੋਜਨਾ ਅਤੇ ਨਿਆਂ ਦੀ ਵਿਚਾਰਧਾਰਾ ਨੂੰ ਜਿੰਨਾਂ ਮਰਜ਼ੀ ਪਸੰਦ ਕਰੋ ਪਰ ਉਸ ਨੂੰ ਕਿਸੇ ਕੌਮ ਅੰਦਰ ਸਰਵ-ਵਿਆਪਕਤਾ ਨਾਲ ਲਾਗੂ ਨਾ ਕੀਤਾ ਜਾਵੇ, ਤਾਂ ਇਹ ਆਪਣੇ ਆਪ ਨੂੰ ਹੋਰਨਾਂ ਕੌਮਾਂ ਨਾਲ ਜੱਦੋਜਹਿਦ ਕਰਨ ਦੇ ਅਯੋਗ ਬਣਾ ਦੇਵੇਗੀ। ਤੁਹਾਡੀ ਪ੍ਰਸੰਸਾ ਕਰਨ ਦੇ ਬਾਵਜੂਦ ਵੀ ਇਹ ਕੌਮ ਅਖ਼ੀਰ ਖ਼ਤਮ ਹੋ ਜਾਵੇਗੀ। ਇਸ ਲਈ, ਹਿੰਦੂਆਂ ਨੂੰ ਆਪਣੀ ਜ਼ਿੰਦਾ ਰਹਿਣ ਦੀ ਕੀਮਤ ਦੇ ਮੱਦੇ-ਨਜ਼ਰ ਆਪਣੇ ਧਰਮ ਅਤੇ ਨੈਤਿਕਤਾ ਦੀ ਜਾਂਚ-ਪੜਤਾਲ ਜ਼ਰੂਰ ਕਰਨੀ ਚਾਹੀਦੀ ਹੈ।

ਦੂਜੇ, ਹਿੰਦੂਆਂ ਨੂੰ ਇਸ ਗੱਲ ਨੂੰ ਜ਼ਰੂਰ ਵਿਚਾਰ ਲੈਣਾ ਹੋਵੇਗਾ ਕਿ ਕੀ ਉਨ੍ਹਾਂ ਨੂੰ ਆਪਣੇ ਸਮੁੱਚੇ ਸਮਾਜਕ ਵਿਰਸੇ ਦੀ ਹਿਫਾਜ਼ਤ ਕਰਨੀ ਚਾਹੀਦੀ ਹੈ ਜਾਂ ਇਹ ਚੋਣ ਕਰ ਲੈਣੀ ਚਾਹੀਦੀ

ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਕੀ ਲਾਭਦਾਇਕ ਅਤੇ ਕੀ ਜ਼ਰੂਰੀ ਹੈ। ਬੱਸ ਇੰਨਾਂ ਹੀ, ਹੋਰ ਨਹੀਂ। ਪ੍ਰੋ. ਜੋਹਨ ਦੇਵੇਂ, ਜਿਹੜੇ ਮੇਰੇ ਅਧਿਆਪਕ ਸਨ ਅਤੇ ਜਿਨ੍ਹਾਂ ਦਾ ਮੈਂ ਬਹੁਤ ਸਤਿਕਾਰ ਕਰਦਾ ਸੀ, ਨੇ ਕਿਹਾ ਸੀ, "ਉਹ ਚੀਜ਼ਾਂ ਜੋ ਤੁੱਛ ਜਾਂ ਮਾਮੂਲੀ, ਬੀਤੇ ਸਮੇਂ ਦੀਆਂ ਬੇਅਰਥ ਚੀਜ਼ਾਂ ਅਤੇ ਬਿਲਕੁਲ ਗ਼ੈਰ-ਮੁਨਾਸਬ ਰਹਿ ਜਾਣ, ਹਰ ਇਕ ਸਮਾਜ ਦੇ ਰਾਹ ਵਿਚ ਰੋੜਾ ਬਣ ਜਾਂਦੀਆਂ ਹਨ। ਇਕ ਸਮਾਜ ਦੇ ਤੌਰ ਤੇ ਉਸਨੂੰ ਹੋਰ ਗਿਆਨ ਹੋ ਜਾਂਦਾ ਹੈ ਅਤੇ ਉਹ ਮਹਿਸੂਸ ਕਰਦਾ ਹੈ ਕਿ ਇਹ ਉਸ ਲਈ ਆਪਣੀਆਂ ਸਾਰੀਆਂ ਮੌਜੂਦਾ ਪ੍ਰਾਪਤੀਆਂ ਦੀ ਹਿਫਾਜ਼ਤ ਕਰਨ ਅਤੇ ਉਨ੍ਹਾਂ ਨੂੰ ਅੱਗੇ ਲਿਜਾਣ ਦੀ ਜ਼ਿੰਮੇਵਾਰੀ ਵਾਲੀ ਗੱਲ ਹੋਵੇਗੀ। ਫਿਰ ਵੀ ਉਨ੍ਹਾਂ ਨੂੰ ਰੱਖਣਾ ਠੀਕ ਹੋਵੇਗਾ, ਜੇ ਭਵਿੱਖ ਵਿਚ ਇਕ ਅੱਛੇ ਸਮਾਜ ਨੂੰ ਬਣਾਉਣਾ ਹੈ। ਬਲਕਿ ਬਰਕ ਨੇ ਆਪਣੇ ਜੋਸ਼ ਵਿਚ ਉਨ੍ਹਾਂ ਨੇ ਫਰੈਂਚ ਕ੍ਰਾਂਤੀ ਵਿਚ ਸ਼ਾਮਲ ਤਬਦੀਲੀ ਦੇ ਸਿਧਾਂਤ ਦੀ ਵਿਰੋਧਤਾ ਕੀਤੀ ਸੀ, ਦੇ ਬਾਵਜੂਦ ਵੀ ਮਜਬੂਰ ਹੋ ਕੇ ਇਹ ਗੱਲ ਮੰਨੀ ਸੀ "ਇਕ ਰਾਜ ਕੁਝ ਤਬਦੀਲੀ ਦੇ ਸਾਧਨਾਂ ਤੋਂ ਬਿਨਾਂ ਆਪਣੇ ਆਪ ਦੀ ਹਿਫਾਜ਼ਤ ਕਰਨ ਦੇ ਸਾਧਨਾਂ ਤੋਂ ਵਾਂਝਿਆਂ ਹੈ। ਇਨ੍ਹਾਂ ਸਾਧਨਾਂ ਤੋਂ ਬਿਨਾਂ ਇਹ ਆਪਣੇ ਸੰਵਿਧਾਨ ਦੇ ਉਸ ਹਿੱਸੇ ਦੇ ਨੁਕਸਾਨ ਦਾ ਜੋਖ਼ਮ ਉਠਾਏਗਾ ਜਿਸ ਨੂੰ ਇਹ ਧਾਰਮਕ ਤੌਰ ਤੇ ਬਹੁਤ ਚੰਗੀ ਤਰ੍ਹਾਂ ਸੰਭਾਲ ਕੇ ਰੱਖਣਾ ਚਾਹੁੰਦਾ ਹੈ।" ਬਰਕ ਨੇ ਸਟੇਟ ਲਈ ਜੋ ਵੀ ਕਿਹਾ ਉਹ ਸਮਾਜ ਤੇ ਵੀ ਬਰਾਬਰ ਲਾਗੂ ਹੁੰਦਾ ਹੈ।

ਤੀਜੇ, ਹਿੰਦੂਆਂ ਨੂੰ ਇਹ ਵੀ ਵਿਚਾਰਨਾ ਪਵੇਗਾ ਕਿ ਕੀ ਉਨ੍ਹਾਂ ਨੂੰ ਆਪਣੇ ਪੁਰਾਣੇ ਆਦਰਸ਼ਾਂ ਨੂੰ ਪੂਜਾ ਬੰਦ ਨਹੀਂ ਕਰਨੀ ਚਾਹੀਦੀ ਹੈ? ਭੂਤਕਾਲ ਦੀ ਇਸ ਪੂਜਾ ਦੇ ਲਾਭ ਹੀਣ ਪ੍ਰਭਾਵ ਨੂੰ ਪ੍ਰੋ. ਦਵੇ ਨੇ ਬਹੁਤ ਅੱਛੇ ਢੰਗ ਨਾਲ ਪ੍ਰਭਾਸ਼ਿਤ ਕੀਤਾ ਜਦੋਂ ਉਨ੍ਹਾਂ ਨੇ ਕਿਹਾ, "ਇਕ ਵਿਅਕਤੀ ਕੇਵਲ ਵਰਤਮਾਨ ਵਿਚ ਹੀ ਰਹਿ ਸਕਦਾ ਹੈ। ਵਰਤਮਾਨ ਸਿਰਫ ਉਹੀ ਨਹੀਂ ਹੈ, ਜਿਹੜਾ ਭੂਤਕਾਲ ਤੋਂ ਮਗਰੋਂ ਆਉਂਦਾ ਹੈ। ਇਸ ਦੁਆਰਾ ਪੈਦਾ ਕੀਤੀ ਕੋਈ ਚੀਜ਼ ਬਹੁਤ ਕੁਝ ਨਹੀਂ ਹੈ। ਇਹ ਉਹ ਜ਼ਿੰਦਗੀ ਹੈ ਜਿਸ ਨੇ ਆਪਣੇ ਭੂਤਕਾਲ ਨੂੰ ਛੱਡਿਆ ਹੁੰਦਾ ਹੈ। ਭੂਤਕਾਲ ਦੀਆਂ ਪੈਦਾਇਸ਼ਾਂ ਦਾ ਅਧਿਐਨ ਸਾਡੇ ਵਰਤਮਾਨ ਨੂੰ ਸਮਝਣ ਵਿਚ ਮਦਦ ਨਹੀਂ ਕਰੇਗਾ। ਭੂਤਕਾਲ ਅਤੇ ਇਸ ਦੇ ਵਿਰਸੇ ਦੇ ਗਿਆਨ ਦੀ, ਜਦੋਂ ਇਹ ਵਰਤਮਾਨ ਵਿਚ ਸ਼ਾਮਲ ਹੁੰਦਾ ਹੈ ਬਹੁਤ ਮਹੱਤਤਾ ਹੈ। ਪ੍ਰੰਤੂ ਹੋਰਵੇਂ ਨਹੀਂ। ਭੂਤਕਾਲ ਦੇ ਸੰਸਕਾਰਾਂ ਅਤੇ ਵਰਦਾਨਾਂ ਨੂੰ ਸਿੱਖਿਆ ਦੀ ਮੁੱਖ ਸਮੱਗਰੀ ਬਣਾਉਣ ਦਾ ਹਸ਼ਰ ਇਹ ਹੋਵੇਗਾ ਕਿ ਇਹ ਭੂਤਕਾਲ ਨੂੰ ਵਰਤਮਾਨ ਦਾ ਵਿਰੋਧੀ ਬਣਾ ਦੇਵੇਗੀ, ਅਤੇ ਵਰਤਮਾਨ, ਵੱਧ ਜਾਂ ਘੱਟ, ਭੂਤਕਾਲ ਦੀ ਨਕਲ ਕਰੇਗਾ"। ਉਹ ਸਿਧਾਂਤ, ਜੋ ਰਹਿਣ-ਸਹਿਣ ਅਤੇ ਵਧਣ-ਫੁਲਣ ਦੇ ਮੌਜੂਦਾ ਢੰਗ ਨੂੰ ਤੁੱਛ ਬਣਾਉਂਦਾ ਹੈ ਸੁਭਾਵਿਕ ਤੌਰ ਤੇ ਹੀ ਵਰਤਮਾਨ ਨੂੰ ਅਰਥਹੀਣ ਸਮਝੇਗਾ ਅਤੇ ਭਵਿੱਖ ਨੂੰ ਦੂਰ। ਅਜਿਹਾ ਸਿਧਾਂਤ ਤਰੱਕੀ ਲਈ ਹਾਨੀਕਾਰਕ ਹੈ ਅਤੇ ਜ਼ਿੰਦਗੀ ਨੂੰ ਸ਼ਕਤੀਸ਼ਾਲੀ ਢੰਗ ਅਤੇ ਆਰਾਮ ਨਾਲ ਚਲਣ ਵਿਚ ਅੜਿੱਕਾ ਹੈ।

ਚੌਥੇ, ਹਿੰਦੂਆਂ ਨੂੰ ਇਸ ਚੀਜ਼ ਨੂੰ ਵੀ ਵਿਚਾਰਨਾ ਚਾਹੀਦਾ ਹੈ ਕਿ ਕੀ ਉਨ੍ਹਾਂ ਲਈ ਇਹ ਪਹਿਚਾਨਣ ਦਾ ਸਮਾਂ ਨਹੀਂ ਆ ਗਿਆ ਕਿ ਇਥੇ ਕੋਈ ਚੀਜ਼ ਨਿਸਚਿਤ ਨਹੀਂ ਹੈ, ਸਦੀਵੀ ਜਾਂ ਸਨਾਤਨ ਨਹੀਂ ਹੈ, ਹਰ ਇਕ ਚੀਜ਼ ਬਦਲਣਯੋਗ ਹੈ ਅਤੇ ਤਬਦੀਲੀ ਵਿਅਕਤੀ ਅਤੇ

ਸਮਾਜ ਲਈ ਜ਼ਿੰਦਗੀ ਦਾ ਕਾਨੂੰਨ ਹੈ। ਇਸ ਦੇ ਬਦਲਦੇ ਸਮਾਜ ਵਿਚ, ਪੁਰਾਣੀਆਂ ਕਦਰਾਂ-ਕੀਮਤਾਂ ਦਾ ਲਗਾਤਾਰ ਵਿਰੋਧ ਕੀਤਾ ਜਾਵੇ। ਹਿੰਦੂ ਇਹ ਜ਼ਰੂਰ ਮਹਿਸੂਸ ਕਰਨ ਕਿ ਆਦਮੀ ਦੇ ਕੰਮਾਂ ਨੂੰ ਆਪਣੇ ਮਾਪਣ ਲਈ ਕੋਈ ਮਾਪ-ਦੰਡ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਮਾਪ-ਦੰਡਾਂ ਵਿਚ ਸੋਧ ਕਰਨ ਲਈ ਵੀ ਤਿਆਰ ਰਹਿਣਾ ਜ਼ਰੂਰੀ ਹੈ।

## 26

ਮੈਂ ਮੰਨਦਾ ਹਾਂ ਕਿ ਇਹ ਭਾਸ਼ਣ ਬਹੁਤ ਲੰਬਾ ਹੋ ਗਿਆ ਹੈ। ਕੀ ਇਹ ਕਿਸੇ ਚੀਜ਼ ਦੀ ਡੂੰਘਾਈ ਵਿਚ ਘੋਖ ਕਰਨ ਕਰਕੇ ਹੋਇਆ ਹੈ, ਇਸ ਦਾ ਨਿਰਣਾ ਤੁਸੀਂ ਕਰਨਾ ਹੈ। ਮੈਂ ਸਮਝਦਾ ਹਾਂ ਕਿ ਮੈਂ ਤੁਹਾਨੂੰ ਆਪਣੇ ਵਿਚਾਰ ਸਪੱਸ਼ਟ ਰੂਪ ਵਿਚ ਦੱਸਣਾ ਚਾਹੁੰਦਾ ਸੀ। ਮੈਂ ਉਨ੍ਹਾਂ ਵਿਚਾਰਾਂ ਬਾਰੇ ਕੋਈ ਖਾਸ ਸਿਫਾਰਸ਼ ਨਹੀਂ ਕਰਦਾ। ਪਰੰਤੂ ਉਨ੍ਹਾਂ ਦਾ ਕੁਝ ਅਧਿਐਨ ਅਤੇ ਡੂੰਘੀ ਤਰ੍ਹਾਂ ਘੋਖ ਕਰਨਾ ਹੀ ਤੁਹਾਡੀ ਤਕਦੀਰ ਹੈ। ਅੱਜ ਤੁਸੀਂ ਮੈਨੂੰ ਇਹ ਕਹਿਣ ਦੀ ਆਗਿਆ ਦਿਉਗੇ ਕਿ ਇਹ ਵਿਚਾਰ ਅਜਿਹੇ ਆਦਮੀ ਦੇ ਵਿਚਾਰ ਹਨ, ਜਿਹੜਾ ਸ਼ਕਤੀ ਦੀ ਕੱਠਪੁਤਲੀ ਨਹੀਂ ਹੈ ਅਤੇ ਨਾ ਹੀ ਖੁਸ਼ਾਮਦ ਦਾ ਭੁੱਖਾ ਹੈ। ਇਹ ਨੁਕਤੇ ਅਜਿਹੇ ਵਿਅਕਤੀ ਤੋਂ ਹੀ ਮਿਲਦੇ ਹਨ, ਜਿਸ ਦੀ ਲਗਭਗ ਸਾਰੀ ਜ਼ਿੰਦਗੀ ਲੋਕ-ਸੇਵਾ, ਗ਼ਰੀਬੀ ਅਤੇ ਅਤਿਆਚਾਰ ਦੇ ਸ਼ਿਕਾਰਾਂ ਦੀ ਆਜ਼ਾਦੀ ਲਈ ਲਗਾਤਾਰ ਇਕ ਜੱਦੋਜਹਿਦ ਰਹੀ ਹੋਵੇ। ਭਾਵੇਂ ਜਿਸ ਦਾ ਇਕੋ ਇਕ ਇਨਾਮ ਕੌਮੀ ਅਖਬਾਰਾਂ ਅਤੇ ਕੌਮੀ ਨੇਤਾਵਾਂ ਵਲੋਂ ਇਸ ਦੀ ਲਗਾਤਾਰ ਨਿੰਦਿਆ ਅਤੇ ਗ਼ਲਤ ਵਰਤੋਂ ਕਰਨਾ ਹੀ ਰਿਹਾ ਹੈ ਪਰ ਫਿਰ ਵੀ ਮੈਂ ਸਿਰਫ ਇਸੇ ਕਰਕੇ ਕੋਈ ਚਮਤਕਾਰ ਦਿਖਾਉਣ ਵਿਚ ਉਨ੍ਹਾਂ ਦਾ ਸਾਥ ਦੇਣ ਤੋਂ ਇਨਕਾਰ ਕਰਦਾ ਹਾਂ। ਮੈਂ ਇਸ ਨੂੰ ਅਤਿਆਚਾਰੀਆਂ ਦੇ ਧਨ ਨਾਲ ਅਤਿਆਚਾਰ ਦੇ ਸ਼ਿਕਾਰਾਂ ਨੂੰ ਆਜ਼ਾਦ ਕਰਵਾਉਣ ਅਤੇ ਗ਼ਰੀਬਾਂ ਨੂੰ ਅਮੀਰਾਂ ਦੇ ਪੈਸੇ ਨਾਲ ਉੱਚਾ ਚੁੱਕਣ ਦੀ ਚਤੁਰਾਈ ਨਹੀਂ ਕਹਾਂਗਾ। ਇਹ ਸਭ ਕੁਝ ਮੇਰੇ ਵਿਚਾਰਾਂ ਦੀ ਸ਼ਲਾਘਾ ਲਈ ਕਾਫ਼ੀ ਨਹੀਂ ਹੋਵੇਗਾ। ਮੈਂ ਸਮਝਦਾ ਹਾਂ ਕਿ ਇਨ੍ਹਾਂ ਵਿਚ ਤੁਹਾਡੇ ਵਿਚਾਰਾਂ ਨੂੰ ਬਦਲਣ ਦੀ ਸੰਭਾਵਨਾ ਨਹੀਂ ਹੈ। ਪਰੰਤੂ ਕੀ ਉਹ ਇੰਜ ਕਰਦੇ ਹਨ ਜਾਂ ਨਹੀਂ ਇਹ ਜਾਨਣਾ ਜ਼ਿੰਮੇਵਾਰੀ ਤੁਹਾਡੀ ਹੈ। ਤੁਹਾਨੂੰ ਜ਼ਾਤ-ਪਾਤ ਨੂੰ ਉਖਾੜਨ ਲਈ ਯਤਨ ਕਰਨੇ ਚਾਹੀਦੇ ਹਨ ਜੇਕਰ ਮੇਰੇ ਢੰਗ ਅਨੁਸਾਰ ਨਹੀਂ ਤਾਂ ਤੁਹਾਡੇ ਆਪਣੇ ਢੰਗ ਰਾਹੀਂ ਹੀ ਸਹੀ। ਮੈਨੂੰ ਅਫਸੋਸ ਹੈ ਕਿ ਮੈਂ ਤੁਹਾਡੇ ਨਾਲ ਨਹੀਂ ਹੋਵਾਂਗਾ। ਮੈਂ ਬਦਲਣ ਦਾ ਫੈਸਲਾ ਕੀਤਾ ਹੋਇਆ ਹੈ। ਇਹ ਥਾਂ, ਕਾਰਣ ਦੱਸਣ ਦੀ ਨਹੀਂ ਹੈ। ਪਰੰਤੂ ਜਦੋਂ ਮੈਂ ਤੁਹਾਡੇ ਵਿਚੋਂ ਚਲੇ ਜਾਵਾਂਗਾ, ਮੈਂ ਤੁਹਾਡੇ ਕੰਮ ਨੂੰ ਸਰਗਰਮ ਹਮਦਰਦੀ ਨਾਲ ਦੇਖਾਂਗਾ ਅਤੇ ਤੁਸੀਂ ਮੇਰੀ ਸਮਝ ਅਨੁਸਾਰ ਮੇਰੀ ਸਹਾਇਤਾ ਪ੍ਰਾਪਤ ਕਰੋਗੇ। ਤੁਹਾਡਾ ਕਾਰਜ ਕੌਮੀ ਪੱਧਰ ਦਾ ਹੈ। ਜ਼ਾਤ-ਪਾਤ ਮੁੱਢਲੇ ਤੌਰ ਤੇ ਬਿਨਾਂ ਸ਼ੱਕ ਹਿੰਦੂਆਂ ਦੀ ਜਾਨ ਹੈ। ਪਰੰਤੂ ਹਿੰਦੂਆਂ ਨੇ ਸਾਰੇ ਵਾਤਾਵਰਣ ਨੂੰ ਗੰਦਾ ਕਰ ਦਿੱਤਾ ਹੈ ਅਤੇ ਇਸ ਨਾਲ ਸਿੱਖ, ਮੁਸਲਮਾਨ ਅਤੇ ਈਸਾਈ ਵੀ ਭ੍ਰਿਸ਼ਟ ਹੋ ਗਏ ਹਨ। ਇਸ ਲਈ ਤੁਸੀਂ ਉਨ੍ਹਾਂ ਸਾਰਿਆਂ ਦੀ ਮਦਦ ਲੈਣ ਦੇ ਹੱਕਦਾਰ ਹੋ ਜਿਹੜੇ (ਸਿੱਖ, ਮੁਸਲਮਾਨ ਅਤੇ ਈਸਾਈ) ਇਸ ਛੂਤ ਦੀ ਬਿਮਾਰੀ ਤੋਂ ਤੰਗ ਹਨ। ਹੋਰ ਕੌਮੀ ਕਾਰਜ ਜਿਵੇਂ ਸਵਰਾਜ ਵਾਂਗੂੰ ਤੁਹਾਡਾ ਇਹ ਕੰਮ ਵੀ ਬਹੁਤ ਮੁਸ਼ਕਲ ਹੈ, ਸਵਾਰਾਜ ਲਈ ਲੜਾਈ ਵਿਚ ਤੁਸੀਂ ਆਪਣੀ ਸਾਰੀ ਕੌਮ ਦੇ ਵਿਰੁੱਧ ਲੜਨਾ ਹੋਵੇਗਾ। ਅਤੇ ਉਹ ਵੀ ਤੁਹਾਡੀ ਆਪਣੀ ਕੌਮ ਦੇ। ਪ੍ਰੰਤੂ ਇਹ ਸਵਰਾਜ ਦੀ ਸੁਰੱਖਿਆ ਕਰਨ ਦੇ ਪ੍ਰਸ਼ਨ

ਨਾਲੋਂ ਸਵਰਾਜ ਅਧੀਨ ਹਿੰਦੂਆਂ ਦੀ ਸੁਰੱਖਿਆ ਕਰਨ ਦਾ ਪ੍ਰਸ਼ਨ ਜ਼ਿਆਦਾ ਮਹੱਤਤਾ ਵਾਲਾ ਹੈ। ਮੇਰੀ ਰਾਏ ਵਿਚ ਕੇਵਲ ਜਦੋਂ ਹਿੰਦੂ ਸਮਾਜ ਇਕ ਜ਼ਾਤ-ਪਾਤ ਰਹਿਤ ਸਮਾਜ ਬਣ ਜਾਵੇਗਾ ਤਾਂ ਫਿਰ ਇਹ ਆਪਣੇ ਆਪ ਸੁਰੱਖਿਆ ਕਰਨ ਲਈ ਕਾਫੀ ਤਾਕਤ ਫੜ ਲੈਣ ਦੀ ਉਮੀਦ ਕਰ ਸਕਦਾ ਹੈ। ਅਜਿਹੀ ਅੰਦਰੂਨੀ ਤਾਕਤ ਬਗ਼ੈਰ ਹਿੰਦੂਆਂ ਲਈ ਸਵਰਾਜ ਉਨ੍ਹਾਂ ਨੂੰ ਗੁਲਾਮੀ ਵਲ ਲੈ ਜਾਣ ਦਾ ਕੇਵਲ ਇਕੋ ਇਕ ਕਦਮ ਹੋਵੇਗਾ॥ ਅਲਵਿਦਾ ਅਤੇ ਤੁਹਾਡੀ ਸਫਲਤਾ ਲਈ ਸ਼ੁਭਕਾਮਨਾਵਾਂ।

## ਅੰਤਿਕਾ 1

# ਜ਼ਾਤ-ਪਾਤ ਨੂੰ ਖ਼ਤਮ ਕਰਨਾ

## ਮਹਾਤਮਾ ਗਾਂਧੀ ਵਲੋਂ ਜ਼ਾਤ-ਪਾਤ ਦਾ ਦੋਸ਼ ਰੱਦ

*("ਹਰੀਜਨ" ਵਿਚ ਉਸਦੇ ਲੇਖ ਦੀ ਮੁੜ-ਛਪਾਈ)*

**ਡਾ: ਅੰਬੇਡਕਰ ਵਲੋਂ ਦੋਸ਼-ਆਰੋਪਣ**

**1**

ਪਾਠਕਾਂ ਨੂੰ ਯਾਦ ਹੋਵੇਗਾ ਕਿ ਡਾ. ਅੰਬੇਡਕਰ ਨੇ ਪਿਛਲੇ ਮਈ ਦੇ ਮਹੀਨੇ ਵਿਚ ਜ਼ਾਤ-ਪਾਤ-ਤੋੜਕ ਮੰਡਲ, ਲਾਹੌਰ ਦੀ ਸਾਲਾਨਾ ਕਾਨਫ਼ਰੰਸ ਦੀ ਪ੍ਰਧਾਨਗੀ ਕਰਨੀ ਸੀ। ਪ੍ਰੰਤੂ ਸਵਾਗਤੀ ਕਮੇਟੀ ਵਲੋਂ ਡਾ. ਅੰਬੇਡਕਰ ਦਾ ਭਾਸ਼ਣ ਸਵੀਕਾਰ ਨਾ ਹੋਣ ਕਾਰਨ ਇਹ ਕਾਨਫ਼ਰੰਸ ਰੱਦ ਕਰ ਦਿੱਤੀ ਗਈ ਸੀ। ਇਹ ਇਕ ਵਿਚਾਰ ਕਰਨਯੋਗ ਸਵਾਲ ਹੈ ਕਿ ਸਵਾਗਤੀ ਕਮੇਟੀ ਦੁਆਰਾ ਆਪਣੀ ਹੀ ਮਰਜ਼ੀ ਦੇ ਚੁਣੇ ਹੋਏ ਪ੍ਰਧਾਨ ਨੂੰ ਉਸ ਦਾ ਭਾਸ਼ਣ ਇਤਰਾਜ਼ਯੋਗ ਹੋਣ ਦੇ ਕਾਰਨ ਅਪ੍ਰਵਾਨ ਕਰਨਾ ਕਿਥੋਂ ਤੱਕ ਉਚਿਤ ਹੈ। ਕਮੇਟੀ ਜ਼ਾਤ-ਪਾਤ ਅਤੇ ਹਿੰਦੂ ਧਰਮ ਦੇ ਗ੍ਰੰਥਾਂ ਬਾਰੇ ਡਾ. ਅੰਬੇਡਕਰ ਦੇ ਵਿਚਾਰਾਂ ਤੋਂ ਜਾਣੂ ਸੀ। ਕਮੇਟੀ ਨੂੰ ਇਹ ਵੀ ਪਤਾ ਸੀ ਕਿ ਡਾ. ਸਾਹਿਬ ਨੇ ਹਿੰਦੂ ਧਰਮ ਨੂੰ ਸਪਸ਼ਟ ਤੌਰ ਤੇ ਛੱਡਣ ਦਾ ਫੈਸਲਾ ਕਰ ਲਿਆ ਹੋਇਆ ਹੈ। ਕਮੇਟੀ ਨੂੰ ਡਾ. ਅੰਬੇਡਕਰ ਤੋਂ ਅਜਿਹਾ ਭਾਸ਼ਣ ਤਿਆਰ ਕਰਨ ਤੋਂ ਇਲਾਵਾ ਹੋਰ ਕਿਸੇ ਗੱਲ ਦੀ ਵੀ ਉਮੀਦ ਨਹੀਂ ਹੋ ਸਕਦੀ ਸੀ। ਇਹ ਜਾਪਦਾ ਸੀ ਕਿ ਕਮੇਟੀ ਨੇ ਲੋਕਾਂ ਨੂੰ ਇਕ ਅਜਿਹੇ ਵਿਅਕਤੀ ਦੇ ਮੂਲ ਵਿਚਾਰਾਂ ਨੂੰ ਸੁਣਨ ਤੋਂ ਵਾਂਝਾ ਕਰ ਦਿੱਤਾ ਹੈ, ਜਿਸ ਨੇ ਸਮਾਜ ਵਿਚ ਆਪਣੀ ਅਦੁੱਤੀ ਥਾਂ ਬਣਾ ਲਈ ਸੀ। ਆਉਣ ਵਾਲੇ ਸਮੇਂ ਵਿਚ ਲੋਕ ਭਾਵੇਂ ਉਸ ਨੂੰ ਕਿਸੇ ਵੀ ਤਰ੍ਹਾਂ ਦਾ ਸਮਝਣ ਪ੍ਰੰਤੂ ਅੰਬੇਡਕਰ ਅਜਿਹਾ ਇਨਸਾਨ ਸੀ ਕਿ ਲੋਕ ਉਸ ਨੂੰ ਭੁਲ ਸਕਣਗੇ।

ਡਾ. ਅੰਬੇਡਕਰ ਸਵਾਗਤੀ ਕਮੇਟੀ ਤੋਂ ਹਾਰ ਖਾਣ ਵਾਲਾ ਇਨਸਾਨ ਨਹੀਂ ਸੀ। ਉਸਨੇ ਭਾਸ਼ਣ ਦੀ ਅਪ੍ਰਵਾਨਗੀ ਦਾ ਉਤਰ ਆਪਣੇ ਖਰਚੇ ਤੇ ਭਾਸ਼ਣ ਨੂੰ ਪ੍ਰਕਾਸ਼ਤ ਕਰਵਾਕੇ ਦਿੱਤਾ। ਉਸਨੇ ਇਸ ਪ੍ਰਕਾਸ਼ਨ ਦੀ ਕੀਮਤ ਅੱਠ ਆਨੇ ਰੱਖੀ ਪਰ ਮੈਂ ਉਸ ਨੂੰ ਇਸ ਦੀ ਕੀਮਤ ਦੋ ਚਾਰ ਆਨੇ ਘਟ ਕਰਨ ਦਾ ਸੁਝਾਅ ਦਿੱਤਾ।

ਕੋਈ ਸੁਧਾਰਵਾਦੀ ਵਿਅਕਤੀ ਭਾਸ਼ਣ ਨੂੰ ਪੜ੍ਹੇ ਬਗੈਰ ਨਹੀਂ ਸੀ ਰਹਿ ਸਕਦਾ। ਕੱਟੜ-ਪੰਥੀ ਵਿਅਕਤੀਆਂ ਨੂੰ ਵੀ ਪੜ੍ਹਕੇ ਇਸਦਾ ਫਾਇਦਾ ਹੋਵੇਗਾ। ਇਸ ਦਾ ਭਾਵ ਇਹ ਨਹੀਂ ਕਿ

ਭਾਸ਼ਣ ਤੇ ਇਤਰਾਜ਼ ਨਾ ਉਠਾਏ ਜਾਣ ਸਗੋਂ ਇਸ ਨੂੰ ਪੜ੍ਹਿਆ ਹੀ ਇਸ ਲਈ ਜਾਵੇ ਕਿ ਇਸ ਤੇ ਗੰਭੀਰ ਇਤਰਾਜ਼ ਕਰਨ ਦੀ ਖੁਲ੍ਹ ਹੈ। ਡਾ. ਅੰਬੇਡਕਰ ਹਿੰਦੂਵਾਦ ਲਈ ਇਕ ਚੁਣੌਤੀ ਬਣ ਗਆਿ ਸੀ। ਇਕ ਹਿੰਦੂ ਵਲੋਂ ਪਾਲਣ-ਪੋਸਣ ਹੋਣ, ਹਿੰਦੂ ਮਹਾਰਾਜੇ ਦੁਆਰਾ ਸਿਖਿਆ ਦੇਣ ਤੇ ਵੀ ਉਹ ਸਵਰਨ ਤੌਰ ਤੇ ਜਾਣੇ ਜਾਂਦੇ ਹਿੰਦੂਆਂ ਤੋਂ ਉਨ੍ਹਾਂ ਵਲੋਂ ਉਸ ਨਾਲ ਅਤੇ ਉਸਦੇ ਲੋਕਾਂ ਨਾਲ ਕੀਤੇ ਜਾਂਦੇ ਸਲੂਕ ਤੋਂ ਇੰਨਾ ਦੁਖੀ ਹੋ ਗਿਆ ਕਿ ਉਸ ਨੇ ਨਾ ਕੇਵਲ ਉਨ੍ਹਾਂ ਨੂੰ ਛੱਡਣ ਦਾ ਵਿਚਾਰ ਬਣਾਇਆ ਸਗੋਂ ਉਨ੍ਹਾਂ ਦੇ ਧਰਮ ਨੂੰ ਛੱਡਣ ਦਾ ਵੀ ਮਨ ਬਣਾ ਲਿਆ ਸੀ ਜੋ ਉਸ ਦਾ ਸਾਂਝਾ ਵਿਰਸਾ ਸੀ। ਉਸਨੇ ਉਸ ਧਰਮ ਨੂੰ ਇਸ ਦੇ ਕੁਝ ਪ੍ਰਚਾਰਕਾਂ ਤੋਂ ਤੰਗ ਆ ਕੇ ਬਦਲਿਆ।

ਪਰ ਇਸ ਤੇ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਸੀ ਕਿਉਂਕਿ ਕੋਈ ਵਿਅਕਤੀ ਕਿਸੇ ਪ੍ਰਣਾਲੀ ਜਾਂ ਸੰਸਥਾ ਬਾਰੇ ਉਸਦੇ ਪੈਰੋਕਾਰਾਂ ਦੇ ਰਵੱਈਏ ਤੋਂ ਜਾਣ ਸਕਦਾ ਹੈ। ਇਸ ਤੋਂ ਵੱਧ ਕੀ ਹੋ ਸਕਦਾ ਹੈ ਕਿ ਡਾ. ਅੰਬੇਡਕਰ ਨੂੰ ਇਹ ਮਾਲੂਮ ਹੋ ਗਿਆ ਸੀ ਕਿ ਸਵਰਨ ਹਿੰਦੂਆਂ ਦੀ ਬਹੁ-ਗਿਣਤੀ ਆਪਣੇ ਸਾਥੀ ਵਰਗ ਦੇ ਧਰਮ ਵਾਲਿਆਂ, ਜਿਨ੍ਹਾਂ ਨੂੰ ਉਹ ਅਛੂਤ ਸ਼੍ਰੇਣੀ ਕਹਿੰਦੇ ਸਨ, ਨਾਲ ਨਾ ਕੇਵਲ ਅਣ-ਮਨੁੱਖੀ ਵਿਚਾਰ ਕਰਦੀ ਸਗੋਂ ਇਸਨੂੰ ਆਪਣੇ ਸ਼ਾਸਤਰਾਂ ਦੀ ਤਾਕਤ ਦੇ ਅਨੁਸਾਰ ਕੀਤਾ ਗਿਆ ਵਿਹਾਰ ਗਰਦਾਨਦੀ ਹੈ ਅਤੇ ਜਦੋਂ ਉਸ ਨੇ ਸ਼ਾਸਤਰਾਂ ਦੀ ਘੋਖ ਕੀਤੀ ਤਾਂ ਉਸ ਨੂੰ ਅਸਪਰਸ਼ਤਾ (ਛੂਤ ਛਾਤ) ਵਿਚ ਹਿੰਦੂਆਂ ਦੇ ਵਿਸ਼ਵਾਸ ਅਤੇ ਨਿਹਿਤ ਭਾਵ ਅਰਥ ਬਾਰੇ ਠੋਸ ਸਬੂਤ ਮਿਲੇ। ਭਾਸ਼ਣ ਦੇ ਲੇਖਕ ਨੇ ਆਪਣੇ ਦੋਸ਼-ਪੱਤਰ ਵਿਚ ਅਧਿਆਇ ਅਤੇ ਕਵਿਤਾ ਦਾ ਹਵਾਲਾ ਦਿੱਤਾ ਹੈ - ਇਸ ਦਾ ਆਪਣਾ ਅਣ-ਮਨੁੱਖੀ ਰਵੱਈਆ, ਇਨ੍ਹਾਂ ਜ਼ਾਲਮ ਵਿਅਕਤੀਆਂ ਵਲੋਂ ਨਿਲਜ ਸਪਸ਼ਟੀਕਰਣ ਅਤੇ ਬਾਅਦ ਦੀ ਖੋਜ ਕਿ ਉਨ੍ਹਾਂ ਵਲੋਂ ਇਸ ਵਿਹਾਰ ਨੂੰ ਉਚਿਤ ਠਹਿਰਾਇਆ ਜਾਣਾ ਧਾਰਮਕ ਗ੍ਰੰਥਾਂ ਤੇ ਆਧਾਰਤ ਸੀ।

ਅਜਿਹਾ ਕੋਈ ਵੀ ਹਿੰਦੂ ਜੋ ਜੀਵਨ ਨਾਲੋਂ ਆਪਣੇ ਵਿਸ਼ਵਾਸ ਨੂੰ ਕੀਮਤੀ ਸਮਝਦਾ ਹੋਵੇ ਇਸ ਦੋਸ਼-ਆਰੋਪਣ ਸਬੰਧੀ ਭਾਸ਼ਣ ਦੀ ਮਹੱਤਤਾ ਨੂੰ ਘੱਟ ਨਹੀਂ ਕਰ ਸਕਦਾ। ਇਸ ਧਰਮ ਤੋਂ ਡਾ. ਅੰਬੇਡਕਰ ਇਕੱਲਾ ਹੀ ਉਪਰਾਮ ਨਹੀਂ ਸੀ ਹੋਇਆ। ਉਹ ਤਾਂ ਉਨ੍ਹਾਂ ਨਾਲ ਸਮਝੌਤਾ ਕਰਨ ਵਾਲਾ ਇਕ ਪ੍ਰਤੀਨਿਧ ਅਤੇ ਸਭ ਤੋਂ ਸਿਆਣੇ ਵਿਅਕਤੀਆਂ ਵਿਚੋਂ ਇਕ ਸੀ। ਯਕੀਨੀ ਤੌਰ ਤੇ ਡਾ. ਅੰਬੇਡਕਰ ਸਾਰਿਆਂ ਵਿਚੋਂ ਕੱਟੜ ਸੀ। ਪਰਮਾਤਮਾ ਦਾ ਧੰਨਵਾਦ ਹੈ ਕਿ ਉਹ ਅਗਲੀ ਕਤਾਰ ਦੇ ਲੀਡਰਾਂ ਵਿਚੋਂ ਕੇਵਲ ਇਕੱਲਾ ਹੀ ਹੈ ਅਤੇ ਘੱਟ-ਗਿਣਤੀ ਦੇ ਬੜੇ ਥੋੜ੍ਹੇ ਫਿਰਕੇ ਦਾ ਪ੍ਰਤੀਨਿਧ ਹੈ। ਪਰ ਫਿਰ ਵੀ ਉਹ ਜੋ ਕੁਝ ਵੀ ਕਹਿੰਦਾ ਉਸਨੂੰ ਵੱਧ ਜਾਂ ਘੱਟ ਜ਼ੋਰ ਨਾਲ ਦਲਿਤ ਵਰਗ ਦੇ ਬਹੁਤ ਸਾਰੇ ਨੇਤਾਵਾਂ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਦਲਿਤ ਵਰਗ ਦੇ ਇਹ ਨੇਤਾ ਹਨ ਰਾਓ ਬਹਾਦਰ ਐਮ.ਸੀ.ਰਾਜਾ ਅਤੇ ਦੀਵਾਨ ਬਹਾਦਰ ਸ੍ਰੀ ਨਿਵਾਸਨ ਜੋ ਨਾ ਕੇਵਲ ਹਿੰਦੂ ਧਰਮ ਨੂੰ ਛੱਡਣ ਦੀ ਧਮਕੀ ਹੀ ਦਿੰਦੇ ਸਗੋਂ ਇਸ ਧਮਕੀ ਵਿਚ ਉਹ ਉਸ ਸ਼ਰਮਨਾਕ ਅਤਿਆਚਾਰ ਜੋ ਵੱਡੀ ਗਿਣਤੀ ਵਿਚ ਹਰੀਜਨਾਂ ਨੂੰ ਸਹਿਣਾ ਪੈਂਦਾ ਹੈ, ਦੇ ਘਾਟੇ ਨੂੰ ਪੂਰਾ ਕਰਨ ਦਾ ਨਿਘ ਵੀ ਮਹਿਸੂਸ ਕਰਦੇ ਹਨ।

ਪ੍ਰੰਤੂ ਬਹੁਤ ਸਾਰੇ ਨੇਤਾਵਾਂ ਦਾ ਹਿੰਦੂ ਧਰਮ ਵਿਚ ਰਹਿਣਾ ਇਸ ਗੱਲ ਦਾ ਦਾਅਵਾ ਨਹੀਂ

ਹੈ ਕਿ ਉਹ ਉਸ ਗੱਲ ਦਾ ਨਿਰਾਦਰ ਕਰਨ ਜੋ ਡਾ. ਅੰਬੇਡਕਰ ਕਹਿਣਾ ਚਾਹੁੰਦੇ ਹਨ। ਸਵਰਨ ਲੋਕਾਂ ਨੂੰ ਆਪਣਾ ਵਿਸ਼ਵਾਸ ਅਤੇ ਵਤੀਰਾ ਠੀਕ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਉਹ ਲੋਕ ਜੋ ਆਪਣੀ ਸਿਖਿਆ ਅਤੇ ਪ੍ਰਭਾਵ ਕਰਕੇ ਸਵਰਨ ਲੋਕਾਂ ਵਿਚੋਂ ਹਨ ਜੋ ਉਨ੍ਹਾਂ ਨੂੰ ਸ਼ਾਸਤਰਾਂ ਦੀ ਪ੍ਰਮਾਣਿਕ ਵਿਆਖਿਆ ਦੇਣੀ ਪੈਂਦੀ ਹੈ। ਡਾ. ਅੰਬੇਡਕਰ ਦੇ ਦੋਸ਼-ਪੱਤਰ ਵਿਚ ਹੇਠ ਲਿਖੇ ਪ੍ਰਸ਼ਨਾਂ ਵੱਲ ਸੰਕੇਤ ਕੀਤਾ ਗਿਆ ਹੈ :

(1) ਹਿੰਦੂ ਗ੍ਰੰਥ ਕੀ ਹਨ?

(2) ਕੀ ਸਾਰਾ ਛਪਿਆ ਹੋਇਆ ਵਿਸ਼ਾ ਉਨ੍ਹਾਂ ਦਾ ਸਮੁੱਚਾ ਹਿੱਸਾ ਸਮਝਿਆ ਜਾਵੇ ਜਾਂ ਉਨ੍ਹਾਂ ਦੇ ਕੁਝ ਹਿੱਸੇ ਨੂੰ ਅਣ-ਅਧਿਕਾਰਤ ਮਿਲਾਵਟ ਸਮਝਕੇ ਰੱਦ ਕਰ ਦਿੱਤਾ ਜਾਵੇ?

(3) ਅਛੂਤਪੁਣੇ, ਜ਼ਾਤ-ਪਾਤ ਰੁਤਬੇ ਦੀ ਬਰਾਬਰੀ, ਰਲ ਕੇ ਖਾਣ ਪੀਣ ਅਤੇ ਅੰਤਰ-ਜ਼ਾਤ ਵਿਆਹ ਦੇ ਪ੍ਰਸ਼ਨ ਤੇ ਅਜਿਹੇ ਸਵੀਕ੍ਰਿਤ ਅਤੇ ਇਸ ਵਿਚੋਂ ਅਯੋਗ ਸਮੱਗਰੀ ਕੱਢਕੇ ਹਿੰਦੂ ਗ੍ਰੰਥਾਂ ਦਾ ਕੀ ਜਵਾਬ ਹੈ?

(ਇਨ੍ਹਾਂ ਸਾਰਿਆਂ ਬਾਰੇ ਡਾ. ਅੰਬੇਡਕਰ ਨੇ ਆਪਣੇ ਭਾਸ਼ਣ ਵਿਚ ਪੜਤਾਲ ਕੀਤੀ ਹੈ)

ਮੈਂ ਇਨ੍ਹਾਂ ਪ੍ਰਸ਼ਨਾਂ ਅਤੇ ਡਾਕਟਰ ਅੰਬੇਡਕਰ ਦੇ ਖੋਜ-ਪੱਤਰ ਵਿਚਲੀਆਂ (ਕੁਝ) ਪ੍ਰਤੱਖ ਊਣਤਾਈਆਂ ਸਬੰਧੀ ਵਿਵਰਣ ਬਾਰੇ ਆਪਣੇ ਉਤਰਾਂ ਨੂੰ ਅਗਲੇ ਲੇਖ ਲਈ ਰਾਖਵਾਂ ਰੱਖਦਾ ਹਾਂ।

(ਹਰੀਜਨ, ਜੁਲਾਈ 11, 1936)

## 2.

ਵੇਦਾਂ, ਉਪਨਿਸ਼ਦਾਂ, ਸਮ੍ਰਿਤੀਆਂ ਅਤੇ ਪੁਰਾਣਾਂ ਸਮੇਤ ਰਾਮਾਇਣ ਅਤੇ ਮਹਾਂਭਾਰਤ ਹਿੰਦੂ ਧਾਰਮਕ ਪੁਸਤਕਾਂ ਹਨ। ਲੇਕਿਨ ਇਹ ਕੋਈ ਪੱਕੀ ਸੂਚੀ ਨਹੀਂ ਹੈ। ਹਰ ਯੁੱਗ ਜਾਂ ਪੀੜ੍ਹੀ ਨੇ ਇਸ ਸੂਚੀ ਵਿਚ ਵਾਧਾ ਕੀਤਾ ਹੈ। ਇਸ ਲਈ ਇਸ ਦਾ ਭਾਵ ਹੈ ਕਿ ਛਪੀ ਹੋਈ ਹਰ ਚੀਜ਼ ਅਤੇ ਲੱਭੀ ਹੋਈ ਕੋਈ ਹੱਥ-ਲਿਖਤ ਧਾਰਮਕ ਪੁਸਤਕ ਨਹੀਂ ਹੈ। ਉਦਾਹਰਣ ਦੇ ਤੌਰ ਤੇ ਸਮ੍ਰਿਤੀਆਂ ਵਿਚ ਜੋ ਕੁਝ ਲਿਖਿਆ ਹੋਇਆ ਹੈ ਉਸ ਨੂੰ ਧਾਰਮਕ ਬਾਣੀ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਬਹੁਤ ਸਾਰੇ ਪਾਠਕ੍ਰਮ ਜਿਨ੍ਹਾਂ ਦਾ ਡਾ. ਅੰਬੇਡਕਰ ਨੇ ਸਮ੍ਰਿਤੀਆਂ ਵਿਚੋਂ ਹਵਾਲਾ ਦਿੱਤਾ ਹੈ, ਨੂੰ ਪ੍ਰਮਾਣੀਕ ਸਵੀਕਾਰ ਨਹੀਂ ਕੀਤਾ ਜਾ ਸਕਦਾ। ਰਵਾਇਤੀ ਧਾਰਮਕ ਪੁਸਤਕਾਂ ਦਾ ਕੇਵਲ ਸਦੀਵੀ ਵਨਸੁਵੰਨਤਾ ਨਾਲ ਸਬੰਧ ਹੋ ਸਕਦਾ ਹੈ ਅਤੇ ਕਿਸੇ ਵੀ ਅੰਤਰ-ਆਤਮਾ, ਅਰਥਾਤ ਕਿਸੇ ਵੀ ਦਿਲ ਜਿਸ ਦੀ ਸੂਝਬੂਝ ਦੀਆਂ ਅੱਖਾਂ ਖੁਲ੍ਹੀਆਂ ਹੋਣ, ਨੂੰ ਜ਼ਰੂਰ ਅਪੀਲ ਕਰੇਗਾ। ਅਜਿਹੀ ਕਿਸੇ ਵੀ ਪੁਸਤਕ ਨੂੰ ਰੱਬੀ ਬਾਣੀ ਨਹੀਂ ਕਿਹਾ ਜਾ ਸਕਦਾ ਜਿਸ ਦੀ ਪੜਚੋਲ ਨਾ ਹੋ ਸਕੇ ਜਾਂ ਜੋ ਅਧਿਆਤਮਕ ਰੂਪ ਵਿਚ ਤਜਰਬੇ ਤੇ ਆਧਾਰਤ ਨਾ ਹੋਵੇ। ਅਤੇ ਜੇਕਰ ਤੁਹਾਨੂੰ ਕਦੀ ਧਾਰਮਕ ਪੁਸਤਕ ਦਾ ਸੋਧਿਆ ਹੋਇਆ ਪ੍ਰਕਾਸ਼ਨ ਮਿਲ ਜਾਵੇ ਤਾਂ ਤੁਹਾਨੂੰ ਵੀ ਉਸ ਦੀ ਵਿਆਖਿਆ ਕਰਨੀ ਪਵੇਗੀ। ਇਕ ਚੰਗਾ ਦੋ-ਭਾਸ਼ੀਆ ਕੌਣ ਹੈ? ਯਕੀਨੀ ਤੌਰ ਤੇ ਵਿਦਵਾਨ ਵਿਅਕਤੀ ਨਹੀਂ। ਪਰ ਇਸ ਲਈ ਪੜ੍ਹਾਈ ਬਹੁਤ ਜ਼ਰੂਰੀ ਹੈ ਪ੍ਰੰਤੂ ਧਰਮ ਨੂੰ ਜ਼ਿੰਦਾ ਰਹਿਣ ਲਈ ਇਸ ਦੀ ਲੋੜ ਨਹੀਂ। ਇਹ ਇਨ੍ਹਾਂ ਸੰਤਾਂ ਅਤੇ ਰਿਸ਼ੀਆਂ-ਮੁਨੀਆਂ ਦੇ ਅਨੁਭਵਾਂ ਵਿਚ ਉਨ੍ਹਾਂ ਦੇ ਜੀਵਨਾਂ ਅਤੇ ਕਥਨਾਂ ਵਿਚ ਰਹਿੰਦਾ ਹੈ। ਜਦੋਂ ਧਾਰਮਕ ਪੁਸਤਕਾਂ

ਦੇ ਲਗਭਗ ਸਾਰੇ ਟੀਕਾਕਾਰ ਵਿਸਰ ਜਾਣ ਤਾਂ ਸਾਧੂ ਸੰਤਾਂ ਅਤੇ ਰਿਸ਼ੀਆਂ-ਮੁਨੀਆਂ ਦਾ ਇਕੱਤ੍ਰਤ ਅਨੁਭਵ ਬਰਕਰਾਰ ਰਹੇਗਾ ਅਤੇ ਆਉਣ ਵਾਲੇ ਸਮੇਂ ਲਈ ਪ੍ਰੇਰਨਾ ਸਰੋਤ ਬਣੇਗਾ।

ਜ਼ਾਤ-ਪਾਤ ਦਾ ਧਰਮ ਨਾਲ ਕੋਈ ਸਰੋਕਾਰ ਨਹੀਂ ਹੈ। ਇਹ ਇਕ ਰਵਾਇਤ ਹੈ ਇਸ ਦਾ ਮੁੱਢ ਕਦੋਂ ਬੱਝਾ ਮੈਂ ਨਹੀਂ ਜਾਣਦਾ ਅਤੇ ਨਾ ਹੀ ਮੈਨੂੰ ਆਪਣੀ ਧਾਰਮਕ ਭੁੱਖ ਮਿਟਾਉਣ ਲਈ ਇਸ ਬਾਰੇ ਜਾਣਨ ਦੀ ਲੋੜ ਹੈ। ਪ੍ਰੰਤੂ ਮੈਨੂੰ ਬਹੁਤ ਅੱਛੀ ਤਰ੍ਹਾਂ ਪਤਾ ਹੈ ਕਿ ਇਹ ਦੋਨਾਂ, ਅਰਥਾਤ ਧਰਮ ਅਤੇ ਰਾਸ਼ਟਰ ਦੇ ਵਿਕਾਸ ਲਈ ਹਾਨੀਕਾਰਕ ਹੈ। ਵਰਨ ਅਤੇ ਆਸ਼ਰਮ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਦਾ ਜ਼ਾਤ-ਪਾਤ ਨਾਲ ਕੋਈ ਵਾਸਤਾ ਨਹੀਂ ਹੈ। ਵਰਨ ਦਾ ਕਾਨੂੰਨ ਸਾਨੂੰ ਇਹ ਸਿਖਾਉਂਦਾ ਹੈ ਕਿ ਅਸੀਂ ਸਾਰਿਆਂ ਨੇ ਆਪਣੇ ਬਜ਼ੁਰਗਾਂ ਦਾ ਧੰਦਾ ਅਪਣਾ ਕੇ ਆਪਣੀ ਰੋਟੀ ਕਮਾਉਣੀ ਹੈ। ਇਹ ਸਾਡੇ ਅਧਿਕਾਰਾਂ ਦਾ ਤਿਆਗ ਨਹੀਂ ਸਗੋਂ ਫ਼ਰਜ਼ਾਂ ਦੀ ਵਿਆਖਿਆ ਕਰਦਾ ਹੈ। ਇਸ ਵਿਚ ਅਜਿਹੇ ਧੰਦਿਆਂ ਦਾ ਅਵੱਸ਼ ਵਰਣਨ ਹੈ ਜੋ ਮਨੁੱਖਤਾ ਦੀ ਲੜਾਈ ਲਈ ਸਹਾਈ ਹੋਣ ਅਤੇ ਕਿਸੇ ਹੋਰ ਲਈ ਨਹੀਂ। ਇਸ ਵਿਚ ਇਸ ਗੱਲ ਦਾ ਵਰਣਨ ਹੈ ਕਿ ਕੋਈ ਵੀ ਧੰਦਾ ਛੋਟਾ ਨਹੀਂ ਅਤੇ ਕੋਈ ਵੱਡਾ ਨਹੀਂ। ਸਾਰੇ ਧੰਦੇ ਚੰਗੇ ਹਨ, ਕਾਨੂੰਨ ਸੰਗਤ ਅਤੇ ਦਰਜੇ ਵਿਚ ਬਿਲਕੁਲ ਬਰਾਬਰ ਹਨ। ਇਕ ਬ੍ਰਾਹਮਣ ਜੋ ਧਾਰਮਕ ਅਧਿਆਪਕ ਹੈ ਅਤੇ ਝਾੜੂ ਬਰਦਾਰ ਦੇ ਧੰਦੇ ਬਰਾਬਰ ਹਨ ਅਤੇ ਉਨ੍ਹਾਂ ਦੀ ਉਚਿਤ ਪਾਲਣਾ ਪ੍ਰਮਾਤਮਾ ਅਗੇ ਇਕੋ ਜਿਹੇ ਗੁਣ ਰੱਖਦੇ ਹਨ ਅਤੇ ਇਕ ਸਮੇਂ ਇਹ ਜਾਪਦਾ ਹੈ ਕਿ ਵਿਅਕਤੀ ਸਾਹਮਣੇ ਇਨ੍ਹਾਂ ਦਾ ਇਕੋ ਜਿਹਾ ਇਨਾਮ ਮਿਲਦਾ ਹੈ। ਦੋਹਾਂ ਨੂੰ ਆਪਣੀ ਰੋਜ਼ੀ ਕਮਾਉਣ ਦਾ ਹੱਕ ਹੈ ਅਤੇ ਇਸ ਤੋਂ ਜ਼ਿਆਦਾ ਕੁਝ ਨਹੀਂ। ਅਸਲ ਵਿਚ ਅੱਜ ਵੀ ਕਾਨੂੰਨ ਦੇ ਇਸ ਨਰੋਏ ਅਮਲ ਦੀ ਧੁੰਦਲੀ ਰੂਪ-ਰੇਖਾ ਪਿੰਡਾਂ ਵਿਚ ਦੇਖਣ ਨੂੰ ਮਿਲਦੀ ਹੈ। 600 ਵਸੋਂ ਵਾਲੇ ਸ਼ਹਿਰ ਸੈਗਾਓਂ ਵਿਚ ਰਹਿੰਦਿਆਂ ਹੋਇਆਂ ਮੈਂ ਵੱਖ ਵੱਖ ਕਾਰੋਬਾਰ ਕਰਨ ਵਾਲੇ ਲੋਕਾਂ ਸਮੇਤ ਬ੍ਰਾਹਮਣਾਂ ਦੀ ਰੋਜ਼ੀ ਵਿਚਕਾਰ ਵੀ ਭਿੰਨਤਾ ਨਹੀਂ ਪਾਈ। ਮੈਨੂੰ ਸਗੋਂ ਇਹ ਵੀ ਪਤਾ ਲੱਗਾ ਕਿ ਉਨ੍ਹਾਂ ਪਤਿੱਤ ਦਿਨਾਂ ਵਿਚ ਬ੍ਰਾਹਮਣਾਂ ਨੂੰ ਇਸ ਤਰ੍ਹਾਂ ਪਾਇਆ ਗਿਆ ਕਿ ਉਹ ਉਨ੍ਹਾਂ ਨੂੰ ਬੇਰੋਕ ਦਿੱਤੀ ਜਾ ਰਹੀ ਖੈਰਾਤ ਤੇ ਰਹਿ ਰਹੇ ਸਨ ਅਤੇ ਉਹ ਇਸ ਤਰ੍ਹਾਂ ਆਪਣਾ ਧਾਰਮਕ ਖਜ਼ਾਨਾ ਜੋ ਉਨ੍ਹਾਂ ਪਾਸ ਸੀ, ਮੁਫ਼ਤ ਵੰਡ ਰਹੇ ਸਨ। ਵਰਣ ਦੇ ਕਾਨੂੰਨ ਨੂੰ ਅਜਿਹੇ ਵਿਅਕਤੀਆਂ ਦੇ ਜੀਵਨ ਵਿਚ, ਜੋ ਇਕ ਵਰਣ ਨਾਲ ਸਬੰਧ ਰਖਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਦੇ ਬਹਿਰੂਪ ਦੁਆਰਾ ਰਾਇ ਕਾਇਮ ਕਰਨਾ ਗ਼ਲਤ ਅਤੇ ਅਣ-ਉਚਿਤ ਹੋਵੇਗਾ; ਜਦੋਂ ਕਿ ਉਹ ਆਪਣੇ ਲਾਗੂ ਕਾਨੂੰਨ ਦੀ ਸ਼ਰੇਆਮ ਉਲੰਘਣਾ ਕਰਦੇ ਹਨ। ਵਰਣ ਕਰਕੇ ਸ਼੍ਰੇਸ਼ਟ ਰੁਤਬੇ ਦਾ ਦਾਅਵਾ ਕਰਨਾ ਕਾਨੂੰਨ ਦਾ ਖੰਡਨ ਹੈ। ਛੂਤ-ਛਾਤ ਵਿਚ ਵਿਸ਼ਵਾਸ ਜਾਇਜ਼ ਠਹਿਰਾਉਣ ਬਾਰੇ ਵਰਣ ਦੇ ਕਾਨੂੰਨ ਵਿਚ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਹੈ। (ਹਿੰਦੂ ਧਰਮ ਵਿਚ ਸਾਫ਼ ਸਾਫ਼ ਦੱਸਿਆ ਗਿਆ ਹੈ ਕਿ ਪ੍ਰਮਾਤਮਾ ਇਕ ਅਤੇ ਕੇਵਲ ਇਕ ਹੀ ਹੈ ਅਤੇ ਉਹੀ ਸੱਚ ਹੈ, ਅਤੇ ਅਹਿੰਸਾ ਇਨਸਾਨੀ ਪਰਿਵਾਰ ਦਾ ਕਾਨੂੰਨ ਹੈ)।

ਮੈਨੂੰ ਇਸ ਗੱਲ ਦਾ ਪਤਾ ਹੈ ਕਿ ਹਿੰਦੂ ਧਰਮ ਬਾਰੇ ਮੇਰੀ ਵਿਆਖਿਆ ਸਬੰਧੀ ਡਾ. ਅੰਬੇਡਕਰ ਤੋਂ ਇਲਾਵਾ ਬਹੁਤ ਸਾਰੇ ਲੋਕਾਂ ਦੁਆਰਾ ਵਿਵਾਦ ਖੜ੍ਹਾ ਕੀਤਾ ਜਾਵੇਗਾ। ਇਸ ਨਾਲ ਮੇਰੇ ਰੁਤਬੇ ਤੇ ਅਸਰ ਨਹੀਂ ਪੈਂਦਾ। ਇਹ ਇਕ ਵਿਆਖਿਆ ਸੀ ਜਿਸ ਦੇ ਲਈ ਮੈਂ ਲਗਭਗ

ਅੱਧੀ ਸਦੀ ਜਿਊਂਦਾ ਰਿਹਾ ਹਾਂ ਅਤੇ ਜਿਸ ਦੇ ਅਨੁਸਾਰ ਮੈਂ ਆਪਣੇ ਜੀਵਨ ਨੂੰ ਨਿਯਮਤ ਕਰਨ ਲਈ ਆਪਣੀ ਵੱਧ ਤੋਂ ਵੱਧ ਯੋਗਤਾ ਰਾਹੀਂ ਯਤਨ ਕੀਤਾ ਹੈ।

ਮੇਰੀ ਰਾਇ ਵਿਚ ਡਾ. ਅੰਬੇਡਕਰ ਨੇ ਜੋ ਵੱਡੀ ਗ਼ਲਤੀ ਆਪਣੇ ਭਾਸ਼ਣ ਵਿਚ ਕੀਤੀ ਹੈ, ਉਹ ਇਹ ਹੈ ਕਿ ਉਸ ਨੇ ਸ਼ੱਕੀ ਪ੍ਰਮਾਣੀਕਤਾ ਅਤੀ ਮੁੱਲਾਂ ਅਤੇ ਘਟੀਆ ਕਿਸਮ ਦੇ ਅਜਿਹੇ ਹਿੰਦੂਆਂ ਦੀ ਹੀਨ ਦਸ਼ਾ ਦੇ ਨਿਰੂਪਣ ਨੂੰ ਚੁਣਿਆ ਹੈ ਜਿਹੜੇ ਉਸ ਵਿਸ਼ਵਾਸ ਲਈ ਢੁਕਵੀਂ ਮਿਸਾਲ ਨਹੀਂ ਹਨ ਜਿਸ ਨੂੰ ਉਨ੍ਹਾਂ ਨੇ ਗ਼ਲਤ ਢੰਗ ਨਾਲ ਪੇਸ਼ ਕੀਤਾ ਹੈ। ਜੇਕਰ ਡਾ. ਅੰਬੇਡਕਰ ਦੁਆਰਾ ਲਾਗੂ ਕੀਤੇ ਗਏ ਮਿਆਰ ਦੁਆਰਾ ਰਾਇ ਕਾਇਮ ਕੀਤੀ ਜਾਵੇ ਤਾਂ ਸ਼ਾਇਦ ਹਰ ਪ੍ਰਚਲਤ ਵਿਸ਼ਵਾਸ ਖ਼ਤਮ ਹੋ ਜਾਵੇਗਾ।

ਆਪਣੇ ਭਾਸ਼ਣ ਵਿਚ ਵਿਦਵਾਨ ਡਾਕਟਰ ਨੇ ਆਪਣੇ ਕੇਸ ਨੂੰ ਪ੍ਰਮਾਣੀਕਤਾ ਨਾਲੋਂ ਵੀ ਵੱਧ ਸਾਬਤ ਕੀਤਾ ਹੈ। ਕੀ ਉਸ ਧਰਮ ਜਿਸ ਦਾ ਪ੍ਰਚਾਰ ਚੈਤੰਨਿਆ, ਗਿਆਨਦੇਵ, ਤੁਕਾਰਾਮ, ਤਿਰੂਵਲੂਰ, ਰਾਮ ਕ੍ਰਿਸ਼ਨ ਪਰਮਹੰਸ, ਰਾਜਾ ਰਾਮ ਮੋਹਨ ਰਾਇ, ਮਹਾਂਰਿਸ਼ੀ ਦਵਿੰਦਰਨਾਥ ਟੈਗੋਰ, ਵਿਵੇਕਾਨੰਦ ਅਤੇ ਹੋਰ ਕਈਆਂ ਨੇ ਜਿਨ੍ਹਾਂ ਦਾ ਨਾਂ ਸੌਖਾ ਹੀ ਲਿਆ ਜਾ ਸਕਦਾ ਹੈ ਉਹ ਧਰਮ ਕਤਈ ਤੌਰ ਤੇ ਚੰਗਿਆਈ ਤੋਂ ਰਹਿਤ ਹੋ ਸਕਦਾ ਹੈ, ਜਿਵੇਂ ਡਾ. ਅੰਬੇਡਕਰ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ, ਕਿਸੇ ਧਰਮ ਬਾਰੇ ਅਜਿਹੇ ਭੈੜੇ ਨਮੂਨਿਆਂ ਦੁਆਰਾ ਰਾਇ ਕਾਇਮ ਨਹੀਂ ਕਰਨੀ ਚਾਹੀਦੀ ਸਗੋਂ ਚੰਗੀਆਂ ਮਿਸਾਲਾਂ ਦੁਆਰਾ, ਜੋ ਇਸ ਨੇ ਪੈਦਾ ਕੀਤੀਆਂ ਹਨ। ਕਿਉਂਕਿ ਉਸੇ ਨੂੰ, ਕੇਵਲ ਉਸੇ ਨੂੰ ਹੀ ਜੇਕਰ ਉਸ ਵਿਚ ਸੁਧਾਰ ਕਰਨ ਲਈ ਲੋੜ ਨਹੀਂ ਤਾਂ ਉਸ ਦੀ ਅਭਿਲਾਸ਼ਾ ਕਰਨ ਦੇ ਮਿਆਰ ਵਜੋਂ ਵਰਤਿਆ ਜਾ ਸਕਦਾ ਹੈ।

(ਹਰੀਜਨ, ਜੁਲਾਈ 18, 1936)

## ਵਰਣ ਬਨਾਮ ਜ਼ਾਤ-ਪਾਤ

## 3

ਜ਼ਾਤ-ਪਾਤ-ਤੋੜਕ ਮੰਡਲ, ਲਾਹੌਰ ਦੇ ਸ੍ਰੀ ਸੰਤ ਰਾਮ ਜੀ ਚਾਹੁੰਦੇ ਸਨ ਕਿ ਮੈਂ ਹੇਠ ਲਿਖੇ ਬਿਆਨ ਨੂੰ ਪ੍ਰਕਾਸ਼ਤ ਕਰਾਂ :

"ਮੈਂ ਡਾ. ਅੰਬੇਡਕਰ ਨੂੰ ਆਪਣੀ ਕਾਨਫ਼ਰੰਸ ਦੀ ਪ੍ਰਧਾਨਗੀ ਕਰਨ ਲਈ ਇਸ ਲਈ ਨਹੀਂ ਸੀ ਬੁਲਾਇਆ ਕਿ ਉਹ ਦਲਿਤ ਸ਼੍ਰੇਣੀਆਂ ਨਾਲ ਸਬੰਧਤ ਹੈ, ਕਿਉਂਕਿ ਅਸੀਂ ਤਾਂ ਇਕ ਅਛੂਤ ਅਤੇ ਅਛੂਤ ਵਿਚ ਵਰਗ-ਵੰਡ ਨਹੀਂ ਕਰਦੇ। ਇਸ ਦੇ ਪ੍ਰਤੀਕੂਲ ਅਸੀਂ ਤਾਂ ਸਾਧਾਰਣ ਤੌਰ ਤੇ ਉਸ ਦੀ ਚੋਣ ਇਸ ਲਈ ਕੀਤੀ ਕਿਉਂਕਿ ਹਿੰਦੂ ਵਰਗ ਦੀ ਘਾਤਕ ਬਿਮਾਰੀ ਲਈ ਉਨ੍ਹਾਂ ਦਾ ਰੋਗ-ਨਿਦਾਨ ਉਹੀ ਸੀ ਜੋ ਕਿ ਸਾਡਾ ਸੀ। ਅਰਥਾਤ ਉਸ ਦੀ ਇਹੀ ਰਾਇ ਸੀ ਕਿ ਜ਼ਾਤ-ਪਾਤ ਪ੍ਰਥਾ ਹੀ ਹਿੰਦੂਆਂ ਦੇ ਵਿਕਾਸ ਅਤੇ ਗਿਰਾਵਟ ਦੀ ਜੜ੍ਹ ਹੈ। ਡਾ. ਸਾਹਿਬ ਦੀ ਡਾਕਟ੍ਰੇਟ ਦਾ ਵਿਸ਼ਾ ਜ਼ਾਤ-ਪਾਤ ਪ੍ਰਥਾ ਹੋਣ ਕਰਕੇ ਉਨ੍ਹਾਂ ਨੇ ਇਸ ਵਿਸ਼ੇ ਦਾ ਸਮੁੱਚੇ ਰੂਪ ਵਿਚ ਅਧਿਐਨ ਕੀਤਾ। ਹੁਣ ਸਾਡੀ ਕਾਨਫ਼ਰੰਸ ਦਾ ਮੰਤਵ ਜ਼ਾਤ-ਪਾਤ ਖ਼ਤਮ ਕਰਨ ਲਈ ਹਿੰਦੂਆਂ ਨੂੰ ਪ੍ਰੇਰਨਾ ਸੀ ਪ੍ਰੰਤੂ ਸਮਾਜਕ ਅਤੇ ਧਾਰਮਕ ਮਾਮਲਿਆਂ ਵਿਚ ਕਿਸੇ ਗ਼ੈਰ-ਹਿੰਦੂ ਦੀ ਸਲਾਹ ਦਾ ਉਨ੍ਹਾਂ ਤੇ ਕੋਈ ਅਸਰ ਨਹੀਂ ਸੀ ਹੋ ਸਕਦਾ। ਡਾਕਟਰ ਸਾਹਿਬ ਨੇ ਆਪਣੇ ਭਾਸ਼ਣ ਦੇ ਵਾਧੂ ਹਿੱਸੇ ਵਿਚ ਇਹ ਕਹਿਣ ਦੀ ਜ਼ਿੱਦ ਕੀਤੀ ਕਿ ਹਿੰਦੂ ਵਜੋਂ ਇਹ ਉਨ੍ਹਾਂ ਦਾ ਅੰਤਮ ਭਾਸ਼ਣ ਹੈ, ਜੋ ਕਾਨਫਰੰਸ

ਦੇ ਹਿੱਤਾਂ ਦੇ ਪ੍ਰਤੀਕੂਲ ਅਤੇ ਘਾਤਕ ਸੀ। ਇਸ ਲਈ ਅਸੀਂ ਉਸ ਨੂੰ ਇਹ ਫਿਕਰਾ ਕੱਟ ਦੇਣ ਲਈ ਕਿਹਾ ਕਿਉਂਕਿ ਉਹ ਇਸ ਫਿਕਰੇ ਨੂੰ ਕਿਸੇ ਹੋਰ ਅਵਸਰ ਤੇ ਸੌਖੇ ਹੀ ਕਹਿ ਸਕਦੇ ਸਨ। ਪ੍ਰੰਤੂ ਉਨ੍ਹਾਂ ਨੇ ਇਸ ਤਰ੍ਹਾਂ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਅਸੀਂ ਵਿਚਾਰਿਆ ਕਿ ਆਪਣੇ ਸਮਾਰੋਹ ਨੂੰ ਕੇਵਲ ਇਕ ਦਿਖਾਵਾ ਬਣਾਉਣ ਦਾ ਕੋਈ ਫ਼ਾਇਦਾ ਨਹੀਂ।ਇਸ ਸਾਰੇ ਦੇ ਬਾਵਜੂਦ ਮੈਂ ਉਸ ਦੇ ਖੋਜ-ਪੱਤਰ ਦੀ ਪ੍ਰਸੰਸਾ ਕਰੇ ਬਗ਼ੈਰ ਰਹਿ ਨਹੀਂ ਸਕਦਾ ਕਿਉਂਕਿ ਜਿਥੋਂ ਤੱਕ ਮੈਨੂੰ ਪਤਾ ਹੈ, ਇਸ ਵਿਸ਼ੇ ਤੇ ਇਹ ਬਹੁਤ ਵਿਦਵਤਾ-ਪੂਰਣ ਖੋਜ-ਪੱਤਰ ਹੈ ਅਤੇ ਹਰ ਭਾਰਤੀ ਦੇਸ਼ੀ ਭਾਸ਼ਾ ਵਿਚ ਅਨੁਵਾਦ ਕਰਨ ਲਈ ਯੋਗ ਹੈ"।

ਇਸ ਤੋਂ ਇਲਾਵਾ ਮੈਂ ਆਪ ਜੀ ਦੇ ਧਿਆਨ ਵਿਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਜ਼ਾਤ-ਪਾਤ ਅਤੇ ਵਰਣ ਵਿਚਕਾਰ ਤੁਹਾਡਾ ਦਾਰਸ਼ਨਿਕ ਫ਼ਰਕ ਆਮ ਲੋਕਾਂ ਦੇ ਸਮਝਣ ਲਈ ਬਹੁਤ ਸੂਖ਼ਮ ਹੈ, ਕਿਉਂਕਿ ਹਿੰਦੂ ਸਮਾਜ ਵਿਚ ਸਾਰੇ ਅਮਲੀ ਮੰਤਵਾਂ ਲਈ ਜ਼ਾਤ-ਪਾਤ ਅਤੇ ਵਰਣ ਇਕ ਅਤੇ ਇਕੋ ਚੀਜ਼ ਹਨ, ਕਾਰਜਾਂ ਦੇ ਪੱਖੋਂ ਅਰਥਾਤ ਅੰਤਰ-ਜ਼ਾਤੀ ਵਿਆਹ ਅਤੇ ਰਲ ਮਿਲਕੇ ਖਾਣ ਤੇ ਬੰਦਸ਼ ਲਾਉਣ ਲਈ ਇਹ ਦੋਨੋਂ ਇਕ ਹਨ। ਵਰਣ ਵਿਵਸਥਾ ਬਾਰੇ ਤੁਹਾਡਾ ਸਿਧਾਂਤ ਇਸ ਯੁੱਗ ਵਿਚ ਨਾਕਾਬਲੇ ਅਮਲ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਸ ਦੇ ਮੁੜ ਸੁਰਜੀਤ ਹੋਣ ਦੀ ਕੋਈ ਉਮੀਦ ਨਹੀਂ ਹੈ। ਪਰੰਤੂ ਹਿੰਦੂ ਜ਼ਾਤ-ਪਾਤ ਦੇ ਗ਼ੁਲਾਮ ਹਨ ਅਤੇ ਇਸ ਨੂੰ ਖ਼ਤਮ ਨਹੀਂ ਕਰਨਾ ਚਾਹੁੰਦੇ।ਸੋ ਜਦੋਂ ਤੁਸੀਂ ਆਪਣੀ ਕਲਪਿਤ ਵਰਣ ਵਿਵਸਥਾ ਦੇ ਖ਼ਿਆਲ ਦੀ ਵਕਾਲਤ ਕਰਦੇ ਹੋ ਤਾਂ ਉਦੋਂ ਉਹ ਤੁਹਾਡੇ ਜ਼ਾਤ-ਪਾਤ ਨਾਲ ਬੱਝੇ ਰਹਿਣ ਦੀ ਉਚਿਤਤਾ ਦਾ ਪ੍ਰਗਟਾਵਾ ਕਰਦੇ ਹਨ। ਇਸ ਤਰ੍ਹਾਂ ਤੁਸੀਂ ਵਰਣ ਦੀ ਵੰਡ ਬਾਰੇ ਆਪਣੀ ਕਲਪਿਤ ਉਪਯੋਗਤਾ ਦੀ ਵਕਾਲਤ ਦੁਆਰਾ ਸਮਾਜ ਸੁਧਾਰ ਦਾ ਵੱਡਾ ਨੁਕਸਾਨ ਕਰਦੇ ਹੋ, ਕਿਉਂਕਿ ਇਸ ਨਾਲ ਸਾਡੇ ਰਸਤੇ ਵਿਚ ਰੁਕਾਵਟ ਪੈਂਦੀ ਹੈ। ਵਰਣ ਵਿਵਸਥਾ ਦੀ ਜੜ੍ਹ ਕੱਟਣ ਦੀ ਥਾਂ ਛੂਤ-ਛਾਤ ਨੂੰ ਰੋਕਣ ਲਈ ਕੋਸ਼ਿਸ਼ ਕਰਨਾ ਕੇਵਲ ਸਾਧਾਰਣ ਤੌਰ ਤੇ ਰੋਗ ਦੇ ਬਾਹਰਲੇ ਲੱਛਣਾਂ ਦਾ ਇਲਾਜ ਕਰਨਾ ਹੈ ਜਾਂ ਪਾਣੀ ਦੀ ਸਤਹ ਤੇ ਲਕੀਰ ਖਿਚਣਾ ਹੈ। ਦਵਿਜ ਅਖੌਤੀ ਛੂਤ ਅਤੇ ਅਛੂਤ ਸ਼ੂਦਰਾਂ ਨੂੰ ਆਪਣੇ ਦਿਲੋਂ ਸਮਾਜਕ ਬਰਾਬਰੀ ਨਹੀਂ ਦੇਣਾ ਚਾਹੁੰਦੇ ਕਿਉਂਕਿ ਉਹ ਜ਼ਾਤ-ਪਾਤ ਤੋੜਨ ਤੋਂ ਇਨਕਾਰੀ ਹਨ ਅਤੇ ਇਸ ਮਸਲੇ ਨੂੰ ਟਕਰਾਉਣ ਵਾਸਤੇ ਛੂਤ-ਛਾਤ ਨੂੰ ਦੂਰ ਕਰਨ ਲਈ ਖੁਲ੍ਹਦਿਲੀ ਨਾਲ ਦਾਨ ਦਿੰਦੇ ਹਨ। ਛੂਤ-ਛਾਤ ਅਤੇ ਜ਼ਾਤੀਵਾਦ ਨੂੰ ਸ਼ਾਸਤਰਾਂ ਦੀ ਸਹਾਇਤਾ ਨਾਲ ਖਤਮ ਕਰਨਾ ਗਾਰੇ ਨੂੰ ਗਾਰੇ ਨਾਲ ਧੋਣ ਦੇ ਬਰਾਬਰ ਹੈ।

ਸ੍ਰੀ ਸੰਤ ਰਾਮ ਦੇ ਪੱਤਰ ਦਾ ਅਖ਼ੀਰਲਾ ਪੈਰਾ ਯਕੀਨੀ ਤੌਰ ਤੇ ਪਹਿਲੇ ਨੂੰ ਰੱਦ ਕਰਦਾ ਹੈ। ਜੇਕਰ ਮੰਡਲ ਸ਼ਾਸਤਰਾਂ ਦੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੰਦਾ, ਤਾਂ ਉਹ ਬਿਲਕੁਲ ਉਹੀ ਕੁਝ ਕਰਦੇ ਹਨ ਜੋ ਡਾ. ਅੰਬੇਡਕਰ ਕਰਦਾ ਹੈ, ਅਰਥਾਤ ਉਹ ਹਿੰਦੂ ਨਹੀਂ ਰਹਿੰਦੇ। ਡਾ. ਅੰਬੇਡਕਰ ਦੇ ਭਾਸ਼ਣ ਤੇ ਉਹ ਕੇਵਲ ਇਸ ਕਰਕੇ ਕਿਵੇਂ ਇਤਰਾਜ਼ ਕਰ ਸਕਦੇ ਸਨ ਕਿ ਇਕ ਹਿੰਦੂ ਵਜੋਂ ਇਹ ਉਸ ਦਾ ਅੰਤਮ ਭਾਸ਼ਣ ਸੀ ? ਸਥਿਤੀ ਖ਼ਾਸ ਕਰਕੇ ਉਦੋਂ ਸਰਾਸਰ ਸਮਰਥਨ ਦੇ ਯੋਗ ਨਹੀਂ ਜਾਪਦੀ, ਜਦੋਂ ਮੰਡਲ, ਜਿਸ ਵਾਸਤੇ ਸ੍ਰੀ ਸੰਤ ਰਾਮ ਬੋਲਣ ਦਾ ਦਾਅਵਾ ਕਰਦੇ ਹਨ, ਤਾਂ ਅੰਬੇਡਕਰ ਦੇ ਭਾਸ਼ਣ ਦੀ ਸਮੁੱਚੀ ਦਲੀਲ ਦੀ ਪ੍ਰਸੰਸਾ ਕਰਦੇ ਹਨ।

ਪਰ ਇਹ ਪੁਛਣਾ ਮੁਨਾਸਬ ਹੈ ਕਿ ਜੇਕਰ ਮੰਡਲ ਸ਼ਾਸਤਰਾਂ ਦੀ ਸਹਾਇਤਾ ਨਹੀਂ ਲੈਂਦਾ

ਤਾਂ ਇਹ ਕਿਸ ਵਿਚ ਵਿਸ਼ਵਾਸ ਰਖਦਾ ਹੈ। ਇਕ ਮੁਸਲਮਾਨ ਕੁਰਾਨ ਤੋਂ ਕਿਵੇਂ ਇਨਕਾਰੀ ਹੋ ਕੇ ਮੁਸਲਮਾਨ ਰਹਿ ਸਕਦਾ ਹੈ ਜਾਂ ਈਸਾਈ ਬਾਈਬਲ ਨੂੰ ਨਾ ਮੰਨ ਕੇ ਕਿਵੇਂ ਈਸਾਈ ਰਹਿ ਸਕਦਾ ਹੈ? ਜੇਕਰ ਜ਼ਾਤੀਵਾਦ ਅਤੇ ਵਰਣ ਪਰਿਵਤਨਯੋਗ ਸ਼ਬਦਾਵਲੀ ਹੈ ਅਤੇ ਜੇਕਰ ਵਰਣ ਹਿੰਦੂਵਾਦ ਦੀ ਵਿਆਖਿਆ ਕਰਨ ਵਾਲੇ ਸ਼ਾਸਤਰਾਂ ਦਾ ਅਨਿਖੜਵਾਂ ਅੰਗ ਹੈ ਤਾਂ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਕ ਵਿਅਕਤੀ ਜੋ ਜ਼ਾਤ-ਪਾਤ ਅਰਥਾਤ ਵਰਣ ਨੂੰ ਨਹੀਂ ਮੰਨਦਾ ਤਾਂ ਉਹ ਆਪਣੇ ਆਪ ਨੂੰ ਹਿੰਦੂ ਕਿਵੇਂ ਕਹਿ ਸਕਦਾ ਹੈ।

ਸ੍ਰੀ ਸੰਤ ਰਾਮ ਨੇ ਸ਼ਾਸਤਰਾਂ ਦੀ ਤੁਲਨਾ ਚਿਕੜ ਨਾਲ ਕੀਤੀ ਹੈ। ਜਿਥੋਂ ਤਕ ਮੈਨੂੰ ਯਾਦ ਹੈ ਡਾ. ਅੰਬੇਡਕਰ ਨੇ ਸ਼ਾਸਤਰਾਂ ਨੂੰ ਅਜਿਹਾ ਕੋਈ ਸਜੀਵ ਨਾਂ ਨਹੀਂ ਦਿਤਾ ਹੈ। ਜਦੋਂ ਮੈਂ ਇਹ ਕਿਹਾ ਹੈ, ਤਾਂ ਯਕੀਨੀ ਤੌਰ ਤੇ ਮੇਰਾ ਭਾਵ ਇਹ ਹੈ ਕਿ ਜੇਕਰ ਸ਼ਾਸਤਰ ਮੌਜੂਦਾ ਛੂਤਛਾਤਵਾਦ ਦੀ ਸਹਾਇਤਾ ਕਰਦੇ ਹਨ ਤਾਂ ਮੈਨੂੰ ਆਪਣੇ ਆਪ ਨੂੰ ਹਿੰਦੂ ਕਹਿਣਾ ਬੰਦ ਕਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ, ਜੇਕਰ ਸ਼ਾਸਤਰ ਜ਼ਾਤੀਵਾਦ ਦੀ ਸਹਾਇਤਾ ਕਰਦੇ ਹਨ। ਜਿਸ ਬਾਰੇ ਮੈਨੂੰ ਅੱਜ ਇਸ ਭਿਆਨਕ ਰੂਪ ਬਾਰੇ ਜਾਣਕਾਰੀ ਹੈ, ਮੈਂ ਆਪਣੇ ਆਪ ਨੂੰ ਨਾ ਹਿੰਦੂ ਕਹਾਵਾਂਗਾ ਅਤੇ ਨਾ ਹੀ ਹਿੰਦੂ ਰਹਾਂਗਾ ਕਿਉਂਕਿ ਮੈਨੂੰ ਰੋਟੀ ਜਾਂ ਬੇਟੀ ਦੀ ਸਾਂਝ ਕਰਨ ਤੋਂ ਕੋਈ ਸੰਕੋਚ ਨਹੀਂ ਹੈ ਮੈਨੂੰ ਸ਼ਾਸਤਰਾਂ ਅਤੇ ਉਨ੍ਹਾਂ ਦੀ ਵਿਆਖਿਆ ਕਰਨ ਬਾਰੇ ਆਪਣੀ ਸਥਿਤੀ ਮੁੜ ਦੱਸਣ ਦੀ ਲੋੜ ਨਹੀਂ ਹੈ। ਮੈਂ ਸ੍ਰੀ ਸੰਤ ਰਾਮ ਨੂੰ ਇਹ ਸੁਝਾਅ ਦੇਣ ਦਾ ਸਾਹਸ ਕਰਦਾ ਹਾਂ ਕਿ ਇਹ ਕੇਵਲ ਤਰਕਯੁਕਤ ਅਤੇ ਦਰੁੱਸਤ ਅਤੇ ਨੈਤਿਕ ਤੌਰ ਤੇ ਉਚਿਤ ਸਥਿਤੀ ਹੈ ਅਤੇ ਇਸ ਵਿਚ ਹਿੰਦੂ ਪਰੰਪਰਾ ਨੂੰ ਜਾਇਜ਼ ਕਰਾਰ ਦੇਣ ਲਈ ਕਾਫ਼ੀ ਕੁਝ ਹੈ।

(ਹਰੀਜਨ, ਅਗਸਤ 15, 1936)

## ਅੰਤਿਕਾ 2

## ਡਾ. ਭੀਮ ਰਾਉ ਅੰਬੇਡਕਰ ਵਲੋਂ ਮਹਾਤਮਾ ਨੂੰ ਉੱਤਰ

1. ਮੈਂ ਮਹਾਤਮਾ ਜੀ ਦੁਆਰਾ ਦਿੱਤੇ ਗਏ ਉਸ ਸਨਮਾਨ ਦੀ ਬਹੁਤ ਸ਼ਲਾਘਾ ਕਰਦਾ ਹਾਂ ਜੋ ਉਨ੍ਹਾਂ ਨੇ ਹਰੀਜਨ ਰਸਾਲੇ ਵਿਚ ਮੇਰੇ ਉਹ ਭਾਸ਼ਣ ਤੇ ਵਿਚਾਰ ਪ੍ਰਗਟ ਕੀਤੇ ਹਨ ਜੋ ਮੈਂ ਜ਼ਾਤ-ਪਾਤ-ਤੋੜਕ ਮੰਡਲ ਲਈ ਤਿਆਰ ਕੀਤਾ ਸੀ। ਮੇਰੇ ਭਾਸ਼ਣ ਦੀ ਉਨ੍ਹਾਂ ਦੁਆਰਾ ਸਮੀਖਿਆ ਨੂੰ ਘੋਖਣ ਤੋਂ ਇਹ ਸਪੱਸ਼ਟ ਪਤਾ ਲਗਦਾ ਹੈ ਕਿ ਮਹਾਤਮਾ ਜੀ ਜ਼ਾਤੀਵਾਦ ਦੇ ਵਿਸ਼ੇ ਤੇ ਮੇਰੇ ਵਲੋਂ ਪ੍ਰਗਟ ਕੀਤੇ ਗਏ ਵਿਚਾਰਾਂ ਦੇ ਬਿਲਕੁਲ ਉਲਟ ਸਨ। ਮੈਂ ਉਦੋਂ ਤੱਕ ਆਪਣੇ ਵਿਰੋਧੀਆਂ ਨਾਲ ਬਹਿਸ ਵਿਚ ਨਹੀਂ ਸੀ ਪੈਣਾ ਚਾਹੁੰਦਾ ਜਿੰਨਾਂ ਚਿਰ ਹੋਰਵੀਂ ਕਾਰਵਾਈ ਕਰਨ ਲਈ ਮੇਰੇ ਪਾਸ ਠੋਸ ਸਬੂਤ ਨਾ ਹੋਵੇ। ਜੇਕਰ ਮੇਰਾ ਵਿਰੋਧੀ ਤੰਗ ਦਿਲ ਅਤੇ ਅਸਪਸ਼ਟ ਵਿਅਕਤੀ ਹੁੰਦਾ ਤਾਂ ਮੈਂ ਉਸ ਦਾ ਅਨੁਸਰਨ ਨਾ ਕਰਦਾ। ਪ੍ਰੰਤੂ ਕਿਉਂਕਿ ਵਿਰੋਧੀ ਮਹਾਤਮਾ ਜੀ ਸਨ ਇਸ ਲਈ ਮੈਂ ਮਹਿਸੂਸ ਕੀਤਾ ਕਿ ਮੈਨੂੰ ਉਸ ਕੇਸ ਦੇ ਵਿਰੋਧ ਵਿਚ ਪੈਰਵੀ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਜਿਸ ਨੂੰ ਉਸਨੇ ਛਾਪਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਉਨ੍ਹਾਂ ਵਲੋਂ ਦਿਤੇ ਗਏ ਆਦਰ ਦੀ ਸ਼ਲਾਘਾ ਕਰਦਾ ਹੋਇਆ ਇਹ ਗਲ ਵੀ ਮੰਨਦਾ ਹਾਂ ਕਿ ਮੈਨੂੰ ਇਹ ਪਤਾ ਲੱਗਣ ਤੇ ਬਹੁਤ ਹੈਰਾਨੀ ਹੋਈ ਹੈ ਕਿ ਸਾਰੇ ਵਿਅਕਤੀਆਂ ਵਿਚੋਂ ਇਕੱਲੇ ਮਹਾਤਮਾ ਜੀ ਨੇ ਮੇਰੇ ਤੇ

ਦੋਸ਼ ਲਾਇਆ ਹੈ ਕਿ ਮੈਂ ਇਹ ਸਭ ਕੁਝ ਸ਼ੁਹਰਤ ਪ੍ਰਾਪਤ ਕਰਨ ਲਈ ਕੀਤਾ ਹੈ ਕਿਉਂਕਿ ਜਦੋਂ ਉਹ ਇਹ ਸੁਝਾਅ ਦਿੰਦੇ ਜਾਪਦੇ ਹਨ ਕਿ ਨਾ ਦਿੱਤੇ ਗਏ ਭਾਸ਼ਣ ਨੂੰ ਪ੍ਰਕਾਸ਼ਤ ਕਰਨ ਦਾ ਮੇਰਾ ਮੰਤਵ ਇਹ ਦੇਖਣਾ ਹੈ ਕਿ ਲੋਕੀਂ ਕਿਤੇ ਮੈਨੂੰ "ਭੁੱਲਾ" ਹੀ ਤਾਂ ਨਹੀਂ ਗਏ ਹਨ। ਮਹਾਤਮਾ ਜੀ ਭਾਵੇਂ ਜੋ ਮਰਜ਼ੀ ਕਹਿਣ ਪਰ ਭਾਸ਼ਣ ਨੂੰ ਪ੍ਰਕਾਸ਼ਤ ਕਰਨ ਦਾ ਮੇਰਾ ਮੰਤਵ ਹਿੰਦੂਆਂ ਨੂੰ ਆਪਣੀ ਸਥਿਤੀ ਬਾਰੇ ਸੋਚਣ ਅਤੇ ਜਾਇਜ਼ਾ ਲੈਣ ਲਈ ਉਤੇਜਿਤ ਕਰਨਾ ਹੈ। ਮੈਂ ਕਦੀ ਵੀ ਸ਼ੁਹਰਤ ਦੀ ਲਾਲਸਾ ਨਹੀਂ ਕੀਤੀ ਅਤੇ ਮੈਂ ਇਕ ਤਰ੍ਹਾਂ ਕਰਦਾ ਵੀ ਕਿਉਂ, ਮੇਰੀ ਸ਼ੁਹਰਤ ਤਾਂ ਮੇਰੀ ਇੱਛਾ ਕਰਨ ਜਾਂ ਲੋੜ ਨਾਲੋਂ ਪਹਿਲਾਂ ਹੀ ਬਹੁਤ ਹੈ। ਪ੍ਰੰਤੂ ਜੇ ਇਹ ਮੰਨ ਲਿਆ ਜਾਵੇ ਕਿ ਭਾਸ਼ਣ ਛਾਪਣ ਦਾ ਮੇਰਾ ਮੰਤਵ ਮਸ਼ਹੂਰੀ ਹਾਸਲ ਕਰਨਾ ਨਹੀਂ ਸੀ ਤਾਂ ਮੇਰੇ ਤੇ ਪੱਥਰ ਕੌਣ ਮਾਰ ਸਕਦਾ ਹੈ? ਯਕੀਨੀ ਤੌਰ ਤੇ ਉਹ ਲੋਕ ਨਹੀਂ, ਜਿਹੜੇ ਮਹਾਤਮਾ ਜੀ ਵਾਂਗ ਸ਼ੀਸ਼ੇ ਦੇ ਮਕਾਨਾਂ ਵਿਚ ਰਹਿੰਦੇ ਹਨ।

## 2

ਮੰਤਵ ਤੋਂ ਇਲਾਵਾ, ਮਹਾਤਮਾ ਜੀ ਨੇ ਮੇਰੇ ਵਲੋਂ ਭਾਸ਼ਣ ਵਿਚ ਉਠਾਏ ਗਏ ਪ੍ਰਸ਼ਨ ਤੇ ਹੋਰ ਕੀ ਕਹਿਣਾ ਹੈ? ਸਭ ਤੋਂ ਪਹਿਲਾਂ ਤਾਂ ਇਹ ਹੈ ਕਿ ਜੋ ਵੀ ਕੋਈ ਮੇਰੇ ਭਾਸ਼ਣ ਨੂੰ ਪੜ੍ਹੇਗਾ ਉਹ ਮਹਿਸੂਸ ਕਰੇਗਾ ਕਿ ਮਹਾਤਮਾ ਜੀ ਨੇ ਮੇਰੇ ਵਲੋਂ ਉਠਾਏ ਗਏ ਮਸਲਿਆਂ ਨੂੰ ਬਿਲਕੁਲ ਪੜ੍ਹਿਆ ਨਹੀਂ ਹੈ ਅਤੇ ਮਸਲੇ ਜੋ ਉਨ੍ਹਾਂ ਨੇ ਉਠਾਏ ਹਨ ਉਹ ਅਜਿਹੇ ਹਨ ਜੋ ਮੇਰੇ ਵਲੋਂ ਉਠਾਏ ਗਏ ਮਸਲਿਆਂ ਵਿਚੋਂ ਪੈਦਾ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਉਹ ਹਿੰਦੂਆਂ ਪ੍ਰਤੀ ਦੋਸ਼-ਆਰੋਪਣ ਆਖਦੇ ਹਨ। ਮੁੱਖ ਨੁਕਤੇ ਜੋ ਮੈਂ ਆਪਣੇ ਭਾਸ਼ਣ ਵਿਚ ਪੇਸ਼ ਕੀਤੇ ਹਨ, ਦੀ ਉਨ੍ਹਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਬਣਾਈ ਜਾ ਸਕਦੀ ਹੈ :

(1) ਜ਼ਾਤ-ਪਾਤ ਨੇ ਹਿੰਦੂਆਂ ਨੂੰ ਤਬਾਹ ਕਰ ਦਿੱਤਾ ਹੈ;

(2) ਹਿੰਦੂ ਸਮਾਜ ਦਾ ਚਤਰਵਰਣ ਦੇ ਆਧਾਰ ਤੇ ਪੁਨਰ ਗਠਨ ਅਸੰਭਵ ਹੈ ਕਿਉਂਕਿ ਵਰਣ ਵਿਵਸਥਾ ਇਕ ਚੋਂਦੇ ਬਰਤਨ ਵਾਂਗ ਜਾਂ ਅਜਿਹੇ ਵਿਅਕਤੀ ਵਾਂਗ ਹੈ ਜਿਸ ਦਾ ਨੱਕ ਵਗ ਰਿਹਾ ਹੋਵੇ। ਵਰਣ ਵਿਵਸਥਾ ਆਪਣੇ ਤੌਰ ਤੇ ਜ਼ਿੰਦਾ ਨਹੀਂ ਰਹਿ ਸਕਦੀ ਅਤੇ ਇਹ ਜ਼ਾਤ-ਪਾਤ ਪ੍ਰਥਾ ਵਿਚ ਧਸ ਜਾਣ ਦੀ ਪ੍ਰਵਿਰਤੀ ਰੱਖਦੀ ਹੈ ਜੇਕਰ ਇਸ ਦੇ ਪਿਛੇ ਕਾਨੂੰਨੀ ਪ੍ਰਮਾਣਿਕਤਾ ਨਾ ਹੋਵੇ ਜੋ ਕਿ ਹਰ ਉਸ ਵਿਅਕਤੀ ਤੇ ਲਾਗੂ ਕੀਤੀ ਜਾਵੇ ਜੋ ਆਪਣੇ ਵਰਣ ਦੀ ਉਲੰਘਣਾ ਕਰਦਾ ਹੈ।

(3) ਹਿੰਦੂ ਸਮਾਜ ਦਾ ਪੁਨਰ-ਗਠਨ ਚਤਰਵਰਣ ਦੇ ਆਧਾਰ ਤੇ ਨੁਕਸਾਨਦਾਇਕ ਹੈ ਕਿਉਂਕਿ ਵਰਣ-ਵਿਵਸਥਾ ਦਾ ਪ੍ਰਭਾਵ ਇਹ ਹੈ ਕਿ ਲੋਕਾਂ ਨੂੰ ਗਿਆਨ ਪ੍ਰਾਪਤ ਕਰਨ ਦਾ ਮੌਕਾ ਦੇਣ ਤੋਂ ਇਨਕਾਰ ਕਰਕੇ ਉਨ੍ਹਾਂ ਦਾ ਦਰਜਾ ਘਟਾਉਣਾ ਹੈ ਅਤੇ ਹਥਿਆਰਬੰਦ ਹੋਣ ਦੇ ਅਧਿਕਾਰ ਤੋਂ ਮਹਿਰੂਮ ਕਰਕੇ ਉਨ੍ਹਾਂ ਨੂੰ ਨਪੁੰਸਕ ਬਣਾਉਣਾ ਹੈ।

(4) ਕਿ ਹਿੰਦੂ ਸਮਾਜ ਦਾ ਧਰਮ ਦੇ ਆਧਾਰ ਤੇ ਪੁਨਰ-ਗਠਨ ਕਰਨਾ ਜ਼ਰੂਰੀ ਹੈ ਜੋ ਆਜ਼ਾਦੀ, ਸਮਾਨਤਾ ਅਤੇ ਭਰਾਤਰੀਭਾਵ ਦੇ ਸਿਧਾਂਤ ਨੂੰ ਮਾਨਤਾ ਦੇਵੇਗਾ;

(5) ਇਸ ਮੰਤਵ ਨੂੰ ਪ੍ਰਾਪਤ ਕਰਨ ਦੇ ਉਦੇਸ਼ ਨਾਲ ਜ਼ਾਤ-ਪਾਤ ਅਤੇ ਵਰਣ ਪਿਛੇ ਧਾਰਮਕ ਭਾਵਨਾ ਦੀ ਗੱਲ ਖ਼ਤਮ ਹੋਈ ਜ਼ਰੂਰ ਹੈ;

(6) ਜ਼ਾਤੀਵਾਦ ਅਤੇ ਵਰਣ ਦੀ ਭਾਵਨਾ ਨੂੰ ਕੇਵਲ ਸ਼ਾਸਤਰਾਂ ਦੇ ਦੈਵੀ ਅਧਿਕਾਰ ਨੂੰ ਤਿਆਗ ਕੇ ਖਤਮ ਕੀਤਾ ਜਾ ਸਕਦਾ ਹੈ। ਇਹ ਦੇਖਿਆ ਜਾਵੇਗਾ ਕਿ ਮਹਾਤਮਾ ਜੀ ਦੁਆਰਾ ਪੁੱਛੇ ਗਏ ਪ੍ਰਸ਼ਨ ਬਿਲਕੁਲ ਮੇਰੇ ਨੁਕਤਿਆਂ ਤੋਂ ਵੱਖਰੇ ਹਨ ਅਤੇ ਇਹ ਦਰਸਾਉਂਦੇ ਹਨ ਕਿ ਮੇਰੇ ਭਾਸ਼ਣ ਦੀ ਮੁੱਲ ਦਲੀਲ ਉਨ੍ਹਾਂ ਨੂੰ ਸਮਝ ਨਹੀਂ ਆਈ।

## 3

ਮੈਨੂੰ ਮਹਾਤਮਾ ਜੀ ਦੁਆਰਾ ਉਠਾਏ ਗਏ ਨੁਕਤਿਆਂ ਦੀ ਜਾਂਚ ਕਰਨ ਦਿਉ। ਮਹਾਤਮਾ ਜੀ ਵਲੋਂ ਉਠਾਇਆ ਗਿਆ ਪਹਿਲਾ ਨੁਕਤਾ ਇਹ ਹੈ ਕਿ ਜਿਨ੍ਹਾਂ ਵਿਸ਼ਿਆਂ ਦਾ ਵਰਣਨ ਕੀਤਾ ਹੈ ਉਹ ਪ੍ਰਮਾਣਿਕ ਨਹੀਂ ਹਨ। ਮੈਂ ਮੰਨਦਾ ਹਾਂ ਕਿ ਮੈਂ ਇਸ ਵਿਸ਼ੇ ਤੇ ਵਿਦਵਾਨ ਨਹੀਂ ਹਾਂ। ਪ੍ਰੰਤੂ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਵਿਸ਼ਿਆਂ ਦਾ ਮੈਂ ਹਵਾਲਾ ਦਿੱਤਾ ਹੈ ਉਹ ਸਾਰੇ ਸਵਰਗਵਾਸੀ ਸ੍ਰੀ ਤਿਲਕ ਦੀਆਂ ਲਿਖਤਾਂ ਵਿਚੋਂ ਲਏ ਗਏ ਹਨ ਜੋ ਸੰਸਕ੍ਰਿਤ ਭਾਸ਼ਾ ਅਤੇ ਹਿੰਦੂ ਸ਼ਾਸਤਰਾਂ ਸਬੰਧੀ ਇਕ ਮਾਨਤਾ ਪ੍ਰਾਪਤ ਵਿਦਵਾਨ ਸਨ। ਮਹਾਤਮਾ ਜੀ ਦਾ ਦੂਜਾ ਨੁਕਤਾ ਇਹ ਹੈ ਕਿ ਇਨ੍ਹਾਂ ਸ਼ਾਸਤਰਾਂ ਦੀ ਵਿਆਖਿਆ ਵਿਦਵਾਨ ਵਿਅਕਤੀਆਂ ਦੁਆਰਾ ਨਹੀਂ ਸਗੋਂ ਸੰਤਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਅਤੇ ਕਿਉਂਕਿ ਸੰਤ ਮਹਾਤਮਾ ਨੂੰ ਉਨ੍ਹਾਂ ਸ਼ਾਸਤਰਾਂ ਦੀ ਸਮਝ ਹੈ ਅਤੇ ਕਿ ਸ਼ਾਸਤਰ ਜ਼ਾਤ-ਪਾਤ ਅਤੇ ਅਛੂਤਪੁਣੇ ਦੀ ਪੁਸ਼ਟੀ ਨਹੀਂ ਕਰਦੇ ਹਨ। ਜਿਥੋਂ ਤੱਕ ਪਹਿਲੇ ਨੁਕਤੇ ਦਾ ਸਬੰਧ ਹੈ ਉਸ ਬਾਰੇ ਮੈਂ ਮਹਾਤਮਾ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਵਿਸ਼ਿਆਂ ਵਿਚ ਮਿਲਾਵਟ ਹੁੰਦੀ ਅਤੇ ਜੇਕਰ ਸੰਤਾਂ ਦੁਆਰਾ ਇਨ੍ਹਾਂ ਦੀ ਵਿਆਖਿਆ ਵੱਖ ਵੱਖ ਕੀਤੀ ਗਈ ਹੁੰਦੀ ਤਾਂ ਕਿਸੇ ਨੂੰ ਇਸ ਦਾ ਕੀ ਲਾਭ ਹੁੰਦਾ। ਲੋਕ ਵਿਸ਼ਿਆਂ ਵਿਚ ਕੋਈ ਫ਼ਰਕ ਨਹੀਂ ਕਰਦੇ ਕਿ ਕਿਹੜੇ ਵਿਸ਼ੇ ਅਸਲੀ ਹਨ ਅਤੇ ਕਿਨ੍ਹਾਂ ਵਿਚ ਮਿਲਾਵਟ ਹੋਈ ਹੋਣੀ ਹੈ। ਲੋਕਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਵਿਸ਼ੇ ਹੁੰਦੇ ਕੀ ਹਨ। ਉਹ ਤਾਂ ਸ਼ਾਸਤਰਾਂ ਦੇ ਵਿਸ਼ਿਆਂ ਨੂੰ ਜਾਣਨ ਲਈ ਵੀ ਬਹੁਤ ਅਨਪੜ੍ਹ ਹਨ। ਉਹ ਉਸ ਵਿਚ ਭਰੋਸਾ ਰਖਦੇ ਹਨ ਜੋ ਕੁਝ ਉਨ੍ਹਾਂ ਨੂੰ ਦੱਸਿਆ ਗਿਆ ਹੈ ਉਹ ਇਹ ਹੈ ਕਿ ਸ਼ਾਸਤਰ ਜ਼ਾਤੀਵਾਦ ਅਤੇ ਅਛੂਤਪੁਣੇ ਦੀ ਪਾਲਣਾ ਇਕ ਧਾਰਮਕ ਫਰਜ਼ ਵਜੋਂ ਕਰਦੇ ਹਨ।

ਸੰਤਾਂ ਸਬੰਧੀ ਕਿਸੇ ਨੂੰ ਵੀ ਇਹ ਮੰਨਣਾ ਪਵੇਗਾ ਕਿ ਜਿਵੇਂ ਕਿਵੇਂ ਸੰਤਾਂ ਦੀਆਂ ਸਿਖਿਆਵਾਂ ਕੇਵਲ ਵਿਦਵਾਨ ਵਿਅਕਤੀਆਂ ਦੇ ਮੁਕਾਬਲੇ ਵੱਖ ਅਤੇ ਚੰਗੀਆਂ ਹੋਣ ਪ੍ਰੰਤੂ ਉਹ ਹਰ ਤਰ੍ਹਾਂ ਨਾਲ ਬੇਅਸਰ ਹਨ। ਉਹ ਦੋ ਕਾਰਣਾਂ ਕਰਕੇ ਅਰਥਹੀਨ ਹਨ। ਪਹਿਲਾ ਕਾਰਣ ਤਾਂ ਇਹ ਹੈ ਕਿ ਕਿਸੇ ਵੀ ਸੰਤ ਨੇ ਕਦੀ ਜ਼ਾਤੀਵਾਦ ਤੇ ਹਮਲਾ ਨਹੀਂ ਕੀਤਾ। ਇਸ ਦੇ ਉਲਟ ਸਗੋਂ ਉਹ ਜ਼ਾਤੀਵਾਦ ਦੀ ਪ੍ਰਥਾ ਵਿਚ ਪੱਕਾ ਵਿਸ਼ਵਾਸ ਰੱਖਣ ਵਾਲੇ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ ਸੰਤ ਜਿਸ ਜਿਸ ਜ਼ਾਤ ਬਰਾਦਰੀ ਨਾਲ ਸਬੰਧ ਰੱਖਦੇ ਸਨ ਉਸੇ ਦੇ ਮੈਂਬਰ ਵਜੋਂ ਉਹ ਜਿਊਂਦੇ ਰਹੇ ਅਤੇ ਮਰੇ। ਗਿਆਨਦੇਵ, ਇਕ ਬ੍ਰਾਹਮਣ ਵਜੋਂ ਆਪਣੇ ਰੁਤਬੇ ਵਾਸਤੇ ਇੰਨੇ ਭਾਵੁਕ ਤੌਰ ਤੇ ਚਿੰਤਾਤੁਰ ਸਨ ਕਿ ਜਦੋਂ ਮੈਥਾਨ ਦੇ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਆਪਣੀ ਧਾਰਮਕ ਸੰਸਥਾ ਵਿਚ ਸ਼ਾਮਲ ਨਾ ਕੀਤਾ ਤਾਂ ਉਹਨਾਂ ਨੇ ਬ੍ਰਾਹਮਣ ਵਜੋਂ ਆਪਣੇ ਰੁਤਬੇ ਨੂੰ ਬ੍ਰਾਹਮਣ ਬਰਾਦਰੀ ਦੁਆਰਾ ਮਾਨਤਾ ਦਿਤੇ ਜਾਣ ਲਈ ਜ਼ਮੀਨ ਆਸਮਾਨ ਇਕ ਕਰ ਦਿੱਤਾ। ਸੰਤ ਏਕਨਾਥ ਵੀ, ਜੋ ਹੁਣ

ਫ਼ਿਲਮ "ਧਰਮਾਤਮਾ" ਵਿਚ ਅਛੂਤਾਂ ਨੂੰ ਸਪਰਸ਼ ਕਰਨ ਅਤੇ ਉਨ੍ਹਾਂ ਨਾਲ ਭੋਜਨ ਖਾਣ ਦਾ ਹੌਸਲਾ ਦਿਖਾਉਣ ਲਈ ਇਕ ਨਾਇਕ ਵਜੋਂ ਉਭਰਿਆ ਹੈ, ਨੇ ਵੀ ਇਹ ਇਸ ਕਰਕੇ ਨਹੀਂ ਕੀਤਾ ਸੀ ਕਿਉਂਕਿ ਉਹ ਜ਼ਾਤ-ਪਾਤ ਅਤੇ ਅਛੂਤਪੁਣੇ ਦੀ ਵਿਰੋਧਤਾ ਕਰਦਾ ਸੀ ਸਗੋਂ ਕਿਉਂਕਿ ਉਸਨੇ ਇਹ ਮਹਿਸੂਸ ਕੀਤਾ ਸੀ ਕਿ ਇਸ ਦੁਆਰਾ ਪੈਦਾ ਹੋਏ ਪ੍ਰਦੂਸ਼ਨ ਨੂੰ ਪਵਿੱਤਰ ਗੰਗਾ ਵਿਚ ਇਸ਼ਨਾਨ ਕਰਨ ਨਾਲ ਧੋਤਾ ਜਾ ਸਕਦਾ ਹੈ। ਮੇਰੇ ਅਧਿਐਨ ਦੇ ਮੁਤਾਬਕ ਸੰਤਾਂ ਨੇ ਕਦੇ ਜ਼ਾਤ-ਪਾਤ ਅਤੇ ਅਛੂਤਪੁਣੇ ਦੇ ਵਿਰੁੱਧ ਕੋਈ ਸੰਘਰਸ਼ ਨਹੀਂ ਕੀਤਾ। ਉਨ੍ਹਾਂ ਨੂੰ ਵਿਅਕਤੀਆਂ ਵਿਚਕਾਰ ਸੰਘਰਸ਼ ਬਾਰੇ ਕੋਈ ਵਾਸਤਾ ਨਹੀਂ ਸੀ ਉਨ੍ਹਾਂ ਨੂੰ ਤਾਂ ਵਿਅਕਤੀ ਅਤੇ ਪ੍ਰਮਾਤਮਾ ਵਿਚਕਾਰ ਸਬੰਧ ਦਾ ਫਿਕਰ ਸੀ। ਉਨ੍ਹਾਂ ਨੇ ਕਦੇ ਇਹ ਸਿਖਿਆ ਨਹੀਂ ਦਿੱਤੀ ਕਿ ਸਾਰੇ ਵਿਅਕਤੀ ਬਰਾਬਰ ਹਨ। ਉਨ੍ਹਾਂ ਨੇ ਤਾਂ ਇਹ ਸਿੱਖਿਆ ਦਿਤੀ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿਚ ਸਭ ਵਿਅਕਤੀ ਬਰਾਬਰ ਹਨ – ਇਕ ਬਹੁਤ ਹੀ ਅੱਡਰੀ ਅਤੇ ਇਕ ਬਹੁਤ ਹੀ ਗ਼ੈਰ-ਨੁਕਸਾਨਦੇਹ ਤਜਵੀਜ਼ ਜਿਸ ਬਾਰੇ ਉਪਦੇਸ਼ ਦੇਣ ਲਈ ਕਿਸੇ ਨੂੰ ਨਾ ਕੋਈ ਮੁਸ਼ਕਲ ਪੇਸ਼ ਆਉਂਦੀ ਅਤੇ ਨਾ ਹੀ ਇਸ ਵਿਚ ਵਿਸ਼ਵਾਸ ਕਰਨ ਲਈ ਕੋਈ ਖ਼ਤਰਾ ਪੇਸ਼ ਆ ਸਕਦਾ ਸੀ। ਸੰਤਾਂ ਦੀਆਂ ਸਿਖਿਆਵਾਂ ਦੇ ਬੇਅਸਰ ਸਿੱਧ ਹੋਣ ਦਾ ਦੂਜਾ ਕਾਰਨ ਇਹ ਸੀ ਕਿ ਲੋਕਾਂ ਨੂੰ ਇਹ ਉਪਦੇਸ਼ ਦਿੱਤਾ ਗਿਆ ਸੀ ਕਿ ਸੰਤ ਜ਼ਾਤੀਵਾਦ ਨੂੰ ਤੋੜ ਸਕਦੇ ਹਨ ਪ੍ਰੰਤੂ ਇਕ ਸਾਧਾਰਣ ਵਿਅਕਤੀ ਕਦਾਚਿਤ ਨਹੀਂ। ਇਸ ਲਈ ਕੋਈ ਸੰਤ ਅਨੁਸਰਨ ਲਈ ਕਦੇ ਵੀ ਉਦਾਹਰਣ ਨਹੀਂ ਬਣਿਆ। ਉਹ ਹਮੇਸ਼ਾ ਇਕ ਮਾਣ-ਇੱਜ਼ਤ ਕਰਨ ਲਈ ਪਵਿੱਤਰ ਵਿਅਕਤੀ ਹੀ ਰਿਹਾ। ਇਹ ਧਾਰਣਾ ਕਿ ਲੋਕੀਂ ਜ਼ਾਤ-ਪਾਤ ਅਤੇ ਅਛੂਤਪੁਣੇ ਵਿਚ ਪੱਕਾ ਵਿਸ਼ਵਾਸ ਰੱਖਣ ਵਾਲੇ ਰਹੇ। ਇਹ ਦਰਸਾਉਂਦੀ ਹੈ ਕਿ ਸੰਤਾਂ ਦੀਆਂ ਪਵਿੱਤਰ ਜਵਾਨੀਆਂ ਅਤੇ ਸ਼੍ਰੇਸਠ ਪ੍ਰਵਚਨਾਂ ਦਾ ਸ਼ਾਸਤਰਾਂ ਦੇ ਉਪਦੇਸ਼ਾਂ ਦੇ ਮੁਕਾਬਲੇ ਲੋਕਾਂ ਦੇ ਜੀਵਨ ਅਤੇ ਆਚਰਨ ਤੇ ਕੋਈ ਪ੍ਰਭਾਵ ਨਹੀਂ ਪਿਆ ਇਸ ਤਰ੍ਹਾਂ ਇਸ ਗੱਲ ਨਾਲ ਕੋਈ ਤਸੱਲੀ ਨਹੀਂ ਹੁੰਦੀ ਕਿ ਇਥੇ ਸੰਤ ਸਨ ਤਾਂ ਇਕ ਮਹਾਤਮਾ ਹੈ ਜੋ ਸ਼ਾਸਤਰਾਂ ਨੂੰ ਕੁਝ ਵਿਦਵਾਨ ਵਿਅਕਤੀਆਂ ਜਾਂ ਬਹੁਤ ਅਗਿਆਨੀਆਂ ਨਾਲੋਂ ਵੱਖਰੇ ਤੌਰ ਤੇ ਸਮਝਦਾ ਹੈ। ਇਹ ਇਕ ਅਜਿਹੀ ਅਸਲੀਅਤ ਹੈ ਜਿਸ ਨੂੰ ਜ਼ਰੂਰੀ ਅਤੇ ਲਾਜ਼ਮੀ ਮੰਨਣਾ ਚਾਹੀਦਾ ਹੈ ਕਿ ਬਹੁਤ ਲੋਕ ਸ਼ਾਸਤਰਾਂ ਬਾਰੇ ਵੱਖਰੇ ਵਿਚਾਰ ਰੱਖਦੇ ਹਨ। ਸ਼ਾਸਤਰਾਂ ਦੀ ਸ਼ਕਤੀ ਨੂੰ ਬੁਰਾ ਕਹਿਣ ਤੋਂ ਇਲਾਵਾ, ਜੋ ਉਨ੍ਹਾਂ ਦੇ ਆਚਰਨ ਤੇ ਨਿਰੰਤਰ ਅਸਰ ਪਾਉਂਦੀ ਰਹੀ ਹੈ ਨਾਲ ਕਿਵੇਂ ਨਜਿਠਿਆ ਜਾਵੇ, ਇਹ ਇਕ ਐਸਾ ਪ੍ਰਸ਼ਨ ਹੈ ਜਿਸ ਨੂੰ ਮਹਾਤਮਾ ਜੀ ਲੋਕਾਂ ਨੂੰ ਸ਼ਾਸਤਰਾਂ ਦੇ ਉਪਦੇਸ਼ਾਂ ਤੋਂ ਆਜ਼ਾਦ ਕਰਾਉਣ ਲਈ ਅਸਰਦਾਇਕ ਸਾਧਨਾਂ ਵਜੋਂ ਪੇਸ਼ ਕਰਦੇ ਹਨ, ਉਨ੍ਹਾਂ ਨੂੰ ਇਹ ਗੱਲ ਜ਼ਰੂਰ ਸਵੀਕਾਰ ਕਰਨੀ ਪਵੇਗੀ ਕਿ ਇਕ ਚੰਗੇ ਸਾਮਰੀ ਧਰਮ ਦੇ ਅਨੁਯਾਈ ਦੁਆਰਾ ਬਿਤਾਈ ਗਈ ਪਵਿੱਤਰ ਜ਼ਿੰਦਗੀ ਭਾਵੇਂ ਉਸ ਲਈ ਖ਼ੁਦ ਬਹੁਤ ਵਡਿਆਈ ਵਾਲੀ ਹੋਵੇ ਪ੍ਰੰਤੂ ਭਾਰਤ ਵਿਚ ਆਮ ਵਿਅਕਤੀ ਦਾ ਰਵੱਈਆ ਸੰਤਾਂ ਅਤੇ ਮਹਾਤਮਾ ਜੀ ਦੀ ਇੱਜ਼ਤ ਕਰਨਾ ਹੈ ਨਾ ਕਿ ਉਨ੍ਹਾਂ ਦਾ ਅਨੁਸਰਣ ਕਰਨਾ – ਕੋਈ ਵਿਅਕਤੀ ਇਸ ਤੋਂ ਵੱਧ ਨਹੀਂ ਕਰ ਸਕਦਾ ਹੈ।

## 4

ਤੀਜਾ ਨੁਕਤਾ ਜੋ ਮਹਾਤਮਾ ਜੀ ਦੁਆਰਾ ਪੇਸ਼ ਕੀਤਾ ਗਿਆ, ਉਹ ਇਹ ਹੈ ਕਿ ਜਿਸ

ਧਰਮ ਵਿਚ ਚੈਤੰਨਿਆ, ਗਿਆਨਦੇਵ, ਤੁਕਾਰਾਮ, ਤਿਰੁੱਵਲੂਵਰ, ਰਾਮ ਕ੍ਰਿਸ਼ਨਾ ਪਰਮਹੰਸ ਆਦਿ ਦਾ ਵਿਸ਼ਵਾਸ ਸੀ, ਉਸ ਨੂੰ ਗੁਣਾਂ ਤੋਂ ਵਾਂਝਿਆਂ ਨਹੀਂ ਆਖਿਆ ਜਾ ਸਕਦਾ ਜਿਵੇਂ ਕਿ ਮੈਂ ਕੀਤਾ ਹੈ ਅਤੇ ਕਿ ਧਰਮ ਦੀ ਪਰਖ-ਪੜਚੋਲ ਇਸ ਦੀਆਂ ਭੈੜੀਆਂ ਵੰਨਗੀਆਂ ਦੁਆਰਾ ਨਾ ਕੀਤੀ ਜਾਵੇ ਸਗੋਂ ਧਰਮ ਦੁਆਰਾ ਪੈਦਾ ਕੀਤੀਆਂ ਗਈਆਂ ਚੰਗੀਆਂ ਵੰਨਗੀਆਂ ਦੁਆਰਾ ਕੀਤੀ ਜਾਵੇ। ਮੈਂ ਇਸ ਬਿਆਨ ਦੇ ਹਰ ਇਕ ਸ਼ਬਦ ਨਾਲ ਸਹਿਮਤ ਹਾਂ। ਪ੍ਰੰਤੂ ਮੈਨੂੰ ਇਸ ਗੱਲ ਦੀ ਬਿਲਕੁਲ ਸਮਝ ਨਹੀਂ ਆਉਂਦੀ ਕਿ ਮਹਾਤਮਾ ਜੀ ਇਸ ਦੁਆਰਾ ਕੀ ਸਿੱਧ ਕਰਨਾ ਚਾਹੁੰਦੇ ਹਨ ਕਿ ਧਰਮ ਦੀ ਪਰਖ ਇਸ ਦੀਆਂ ਭੈੜੀਆਂ ਵੰਨਗੀਆਂ ਦੀ ਥਾਂ ਚੰਗੀਆਂ ਵੰਨਗੀਆਂ ਨਾਲ ਕੀਤੀ ਜਾਵੇ ਇਹ ਕਾਫੀ ਸੱਚ ਹੈ ਪਰ ਕੀ ਇਸ ਤਰ੍ਹਾਂ ਮਸਲੇ ਦਾ ਨਿਪਟਾਰਾ ਹੋ ਜਾਂਦਾ ਹੈ? ਮੈਂ ਕਹਿੰਦਾ ਹਾਂ ਕਿ ਨਹੀਂ ਹੁੰਦਾ। ਪ੍ਰਸ਼ਨ ਫਿਰ ਵੀ ਇਹੀ ਰਹਿੰਦਾ ਹੈ – ਭੈੜੀਆਂ ਵੰਨਗੀਆਂ ਦੀ ਗਿਣਤੀ ਕਿਉਂ ਇਤਨੀ ਜ਼ਿਆਦਾ ਹੈ ਅਤੇ ਚੰਗੀਆਂ ਵੰਨਗੀਆਂ ਦੀ ਇੰਨੀ ਘੱਟ ਕਿਉਂ ਹੈ? ਇਸ ਪ੍ਰਸ਼ਨ ਸਬੰਧੀ ਮੇਰੇ ਮਨ ਵਿਚ ਦੋ ਵਿਚਾਰਯੋਗ ਉੱਤਰ ਆਉਂਦੇ ਹਨ। (1) ਕਿ ਕੁਝ ਮੂਲ ਰੂਪ ਵਿਚ ਪਥਭ੍ਰਸ਼ਟਤਾ ਹੋਣ ਕਰਕੇ ਸਭ ਤੋਂ ਭੈੜੀ ਚੀਜ਼ ਇਹ ਸੀ ਕਿ ਉਹ ਨੈਤਿਕ ਤੌਰ ਤੇ ਸਿਖਿਆ ਦੇਣ ਵਾਲੇ ਨਹੀਂ ਹਨ ਇਸ ਲਈ ਉਹ ਧਾਰਮਕ ਆਦਰਸ਼ਾਂ ਦੀ ਪ੍ਰਾਪਤੀ ਦਾ ਰਸਤਾ ਅਪਣਾਉਣ ਲਈ ਬਿਲਕੁਲ ਹੀ ਸਮਰੱਥ ਨਹੀਂ ਹਨ। ਜਾਂ (2) ਕਿ ਧਾਰਮਕ ਆਦਰਸ਼ ਬਿਲਕੁਲ ਗ਼ਲਤ ਆਦਰਸ਼ ਹੈ ਜਿਸਨੇ ਬਹੁਤ ਸਾਰੇ ਵਿਅਕਤੀਆਂ ਦੇ ਜੀਵਨਾਂ ਨੂੰ ਗ਼ਲਤ ਨੈਤਿਕਤਾ ਵਲ ਮੋੜ ਦਿੱਤਾ ਹੈ ਅਤੇ ਕਿ ਚੰਗੇ ਵਿਅਕਤੀ ਗ਼ਲਤ ਆਦਰਸ਼ ਹੋਣ ਦੇ ਬਾਵਜੂਦ ਵੀ ਅਸਲ ਵਿਚ ਗ਼ਲਤ ਨੂੰ ਵੀ ਠੀਕ ਦਿਸ਼ਾ ਵਲ ਮੋੜ ਦੇ ਕੇ-ਚੰਗੇ ਹੀ ਰਹਿੰਦੇ ਹਨ। ਇਨ੍ਹਾਂ ਦੋਨਾਂ ਵਿਆਖਿਆਵਾਂ ਵਿਚੋਂ ਮੈਂ ਪਹਿਲੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਾਂ ਅਤੇ ਮੈਨੂੰ ਯਕੀਨ ਹੈ ਕਿ ਮਹਾਤਮਾ ਜੀ ਵੀ ਇਸਦੇ ਉਲਟ ਜ਼ੋਰ ਨਹੀਂ ਪਾਉਣਗੇ। ਮੇਰੇ ਮਨ ਨੂੰ ਤਾਂ ਦੂਜੀ ਵਿਆਖਿਆ ਤਰਕਪੂਰਣ ਅਤੇ ਉਚਿਤ ਵਿਆਖਿਆ ਲਗਦੀ ਹੈ ਜਦ ਤਕ ਮਹਾਤਮਾ ਜੀ ਪਾਸ ਇਹ ਦੱਸਣ ਲਈ ਤੀਜਾ ਵਿਲਕਤ ਨਹੀਂ ਹੈ ਕਿ ਨੀਚਤਮ ਵੰਨਗੀਆਂ ਇਤਨੀਆਂ ਜ਼ਿਆਦਾ ਕਿਉਂ ਹਨ ਅਤੇ ਚੰਗੀਆਂ ਇਤਨੀਆਂ ਘੱਟ ਕਿਉਂ ਹਨ। ਜੇਕਰ ਦੂਜਾ ਉੱਤਰ ਹੀ ਕੇਵਲ ਵਿਆਖਿਆ ਹੈ ਤਾਂ ਸਪੱਸ਼ਟ ਤੌਰ ਤੇ ਮਹਾਤਮਾ ਜੀ ਦੀ ਇਹ ਦਲੀਲ ਕਿ ਧਰਮ ਦੀ ਪਰਖ ਇਸ ਦੇ ਚੰਗੇ ਅਨੁਯਾਈਆਂ ਤੋਂ ਹੁੰਦੀ ਹੈ ਸਾਨੂੰ ਕਿਸੇ ਨਤੀਜੇ ਤੇ ਨਹੀਂ ਪਹੁੰਚਾਏਗੀ ਸਿਵਾਏ ਇਸਦੇ ਕਿ ਉਹ ਬਹੁ-ਗਿਣਤੀ ਦੀ ਕਿਸਮਤ ਤੇ ਤਰਸ ਖਾਈਏ ਜਿਹੜੀ ਗ਼ਲਤ ਪਾਸੇ ਜਾ ਚੁੱਕੀ ਹੈ ਕਿਉਂਕਿ ਉਸਨੂੰ ਗ਼ਲਤ ਆਦਰਸ਼ਾਂ ਦੀ ਪੂਜਾ ਕਰਨ ਵੱਲ ਲਗਾਇਆ ਗਿਆ ਹੈ।

## 5

ਮਹਾਤਮਾ ਦੀ ਇਹ ਦਲੀਲ ਕਿ ਹਿੰਦੂਵਾਦ ਤਾਂ ਹੀ ਸਹਿਣਯੋਗ ਹੋਵੇਗਾ। ਜੇਕਰ ਕੇਵਲ ਬਹੁਤੇ ਲੋਕ ਸੰਤਾਂ ਦੇ ਉਦਾਹਰਣ ਤੇ ਚੱਲਣ, ਕਿਸੇ ਹੋਰ ਕਾਰਨ ਕਰਕੇ ਭੁਲੇਖਾ-ਪਾਊ ਹੈ* ਚੈਤੰਨਿਆ ਆਦਿ ਵਰਗੇ ਉਘੇ ਵਿਅਕਤੀਆਂ ਦੇ ਨਾਵਾਂ ਦਾ ਵਰਣਨ ਕਰਕੇ ਮਹਾਤਮਾ ਖੁਲ੍ਹੇ ਤੌਰ ਤੇ ਅਤੇ ਸਾਧਾਰਣ ਰੂਪ ਵਿਚ ਮੈਨੂੰ ਕੀ ਸੁਝਾਅ ਦਿੰਦਾ ਜਾਪਦਾ ਹੈ, ਉਹ ਇਹ ਹੈ ਕਿ ਹਿੰਦੂ

* ਇਸ ਸਬੰਧੀ ਮਿਸਟਰ ਐਚ.ਐਨ.ਬ੍ਰੇਲਸਫੋਰਡ ਦਾ ਸਦਾਚਾਰ ਅਤੇ ਸਮਾਜਕ ਬਣਤਰ ਤੇ ਅਧਿਆਤਮਕ ਲੇਖ ਅਪ੍ਰੈਲ, 1936 ਦੇ ਆਰੀਅਨ ਪਾਠ ਵਿਚ ਦੇਖੋ।

ਸਮਾਜ ਨੂੰ ਸਹਿਣਯੋਗ ਅਤੇ ਇਸ ਦੇ ਢਾਂਚੇ ਵਿਚ ਬੁਨਿਆਦੀ ਤਬਦੀਲੀ ਕੀਤੇ ਬਿਨਾਂ ਇਸ ਨੂੰ ਖੁਸ਼ਹਾਲ ਵੀ ਬਣਾਇਆ ਜਾ ਸਕਦਾ ਹੈ ਜੇਕਰ ਉੱਚੀਆਂ ਜ਼ਾਤਾਂ ਦੇ ਸਾਰੇ ਹਿੰਦੂਆਂ ਨੂੰ ਪ੍ਰੇਰਿਆ ਜਾ ਸਕੇ ਕਿ ਉਹ ਨੀਵੀਆਂ ਜ਼ਾਤਾਂ ਦੇ ਹਿੰਦੂਆਂ ਨਾਲ ਆਪਣੇ ਵਿਹਾਰ ਵਿਚ ਸਦਾਚਾਰ ਦੇ ਉਚੇ ਮਾਪ ਨੂੰ ਅਪਣਾਉਣ। ਮੈਂ ਇਸ ਕਿਸਮ ਦੀ ਵਿਚਾਰਧਾਰਾ ਦਾ ਕੱਟੜ ਵਿਰੋਧੀ ਹਾਂ। ਮੈਂ ਉਸ ਹਿੰਦੂ ਜ਼ਾਤੀ ਦੇ ਅਜਿਹੇ ਵਿਅਕਤੀਆਂ ਦਾ ਆਦਰ ਕਰ ਸਕਦਾ ਹਾਂ ਜੋ ਆਪਣੇ ਜੀਵਨ ਵਿਚ ਇਕ ਉਚੇ ਸਮਾਜਕ ਆਦਰਸ਼ ਨੂੰ ਅਮਲੀ ਰੂਪ ਦੇਣ ਦਾ ਜਤਨ ਕਰਦੇ ਹਨ। ਅਜਿਹੇ ਵਿਅਕਤੀਆਂ ਤੋਂ ਬਿਨਾਂ, ਰਹਿਣ ਵਾਸਤੇ ਭਾਰਤ ਹੁਣ ਨਾਲੋਂ ਬਹੁਤ ਅਸਭਿਆ ਅਤੇ ਅਜਿਹਾ ਸਥਾਨ ਹੋਵੇਗਾ ਜਿਸ ਵਿਚ ਬਹੁਤ ਘੱਟ ਖੁਸ਼ੀ ਮਿਲੇਗੀ। ਪ੍ਰੰਤੂ ਜੇਕਰ ਕਿਸੇ ਵਿਅਕਤੀ ਦਾ ਇਹ ਵਿਸ਼ਵਾਸ ਹੋਵੇ ਕਿ ਹਿੰਦੂ ਜ਼ਾਤੀ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਨਿਜੀ ਆਰਚਣ ਵਿਚ ਸੁਧਾਰ ਲਿਆਕੇ ਚੰਗੇ ਵਿਅਕਤੀ ਬਣਾਇਆ ਜਾ ਸਕਦਾ ਹੈ ਤਾਂ ਇਸ ਸਬੰਧੀ ਮੇਰਾ ਨਿਰਣਾ ਇਹ ਹੈ ਕਿ ਉਸ ਦਾ ਅਜਿਹਾ ਜਤਨ ਆਪਣੀ ਸ਼ਕਤੀ ਬਰਬਾਦ ਕਰਨ ਅਤੇ ਭੁਲੇਖੇ ਵਿਚ ਭਟਕਣ ਵਾਲਾ ਹੈ। ਕੀ ਜੰਗੀ ਸਾਮਾਨ ਬਣਾਉਣ ਵਾਲੇ ਵਿਅਕਤੀ ਨੂੰ ਨਿਜੀ ਆਚਰਣ ਚੰਗਾ ਵਿਅਕਤੀ ਬਣਾ ਸਕਦਾ ਹੈ ਅਰਥਾਤ ਇਕ ਵਿਅਕਤੀ ਜੋ ਕਾਰਤੂਸ ਵੇਚੇਗਾ ਜੋ ਚੱਲਣਗੇ ਨਹੀਂ ਅਤੇ ਜਿਨ੍ਹਾਂ ਦੀ ਗੈਸ ਜ਼ਹਿਰੀ ਨਹੀਂ ਹੋਵੇਗੀ? ਜੇਕਰ ਇਸ ਤਰ੍ਹਾਂ ਨਹੀਂ ਹੋ ਸਕਦਾ, ਤਾਂ ਤੁਸੀਂ ਇਹ ਕਿਸ ਤਰ੍ਹਾਂ ਮੰਨ ਸਕਦੇ ਹੋ ਕਿ ਨਿਜੀ ਆਚਰਣ ਨਾਲ ਕਿਸੇ ਅਜਿਹੇ ਵਿਅਕਤੀ ਨੂੰ ਚੰਗਾ ਵਿਅਕਤੀ ਬਣਾਇਆ ਜਾ ਸਕਦਾ ਹੈ ਜੋ ਜ਼ਾਤੀਵਾਦ ਬਾਰੇ ਪੂਰੀ ਤਰ੍ਹਾਂ ਸੁਚੇਤ ਹੈ, ਅਰਥਾਤ ਜੋ ਆਪਣੇ ਸਾਥੀਆਂ ਨੂੰ ਦੋਸਤ ਅਤੇ ਬਰਾਬਰ ਦੇ ਸਮਝੇਗਾ? ਆਪਣੇ ਆਪ ਵਿਚ ਸੱਚਾ ਹੋਣ ਲਈ ਉਸਨੂੰ ਆਪਣੇ ਸਾਥੀਆਂ ਨਾਲ ਲਾਜ਼ਮੀ ਤੌਰ ਤੇ ਵਧੀਆ ਵਿਅਕਤੀ ਵਜੋਂ ਜਾਂ ਘਟੀਆ ਕਿਸਮ ਦੇ ਵਿਅਕਤੀ ਵਜੋਂ, ਭਾਵੇਂ ਕੋਈ ਵੀ ਸੂਰਤ ਹੋਵੇ ਹਰ ਤਰ੍ਹਾਂ ਨਾਲ ਆਪਣੀ ਜ਼ਾਤੀ ਦੇ ਲੋਕਾਂ ਨਾਲੋਂ ਵੱਖਰਾ ਹੋ ਕੇ ਵਿਹਾਰ ਕਰਨਾ ਚਾਹੀਦਾ ਹੈ। ਉਸ ਤੋਂ ਕਦੀ ਇਹ ਉਮੀਦ ਨਹੀਂ ਰੱਖੀ ਜਾ ਸਕਦੀ ਕਿ ਉਹ ਆਪਣੇ ਸਾਥੀਆਂ ਨਾਲ ਆਪਣੇ ਸਕਿਆਂ ਅਤੇ ਬਰਾਬਰ ਦਿਆਂ ਵਜੋਂ ਵਿਹਾਰ ਕਰੇਗਾ। ਅਸਲ ਵਿਚ ਇਕ ਹਿੰਦੂ ਉਨ੍ਹਾਂ ਸਾਰੇ ਵਿਅਕਤੀਆਂ ਨਾਲ, ਜੋ ਉਸ ਦੀ ਜ਼ਾਤੀ ਦੇ ਨਹੀਂ ਹਨ, ਅਜਿਹਾ ਵਿਹਾਰ ਕਰੇਗਾ ਜਿਵੇਂ ਕਿ ਉਹ ਓਪਰੇ ਆਦਮੀ ਹੋਣ, ਜਿਨ੍ਹਾਂ ਵਿਰੁੱਧ ਉਹ ਮਾਫੀ ਦੇਣ ਵਿਚ ਭੇਦ-ਭਾਵ ਕਰੇ ਅਤੇ ਉਨ੍ਹਾਂ ਵਿਰੁੱਧ ਨਿਰਲੱਜ ਹੋ ਕੇ ਧੋਖੇਬਾਜ਼ੀ ਜਾਂ ਛਲ-ਕਪਟ ਕਰ ਸਕਦਾ ਹੈ। ਇਹ ਕਹਿਣ ਵਾਲੀ ਗੱਲ ਹੈ ਕਿ ਇਥੇ ਚੰਗਾ ਜਾਂ ਭੈੜਾ ਹਿੰਦੂ ਹੋ ਸਕਦਾ ਹੈ। ਪ੍ਰੰਤੂ ਇਥੇ ਚੰਗਾ ਹਿੰਦੂ ਕਦੇ ਨਹੀਂ ਹੋ ਸਕਦਾ। ਇਹ ਇਸ ਕਰਕੇ ਨਹੀਂ ਕਿ ਉਸ ਦਾ ਨਿੱਜੀ ਆਚਰਣ ਠੀਕ ਨਹੀਂ ਹੈ। ਅਸਲ ਗੱਲ ਇਹ ਹੈ ਕਿ ਉਸ ਦਾ ਆਪਣੇ ਸਾਥੀਆਂ ਨਾਲ ਸਬੰਧ ਰੱਖਣ ਦਾ ਸਮੁੱਚਾ ਆਧਾਰ ਹੀ ਗ਼ਲਤ ਹੈ। ਚੰਗੇ ਵਿਅਕਤੀਆਂ ਦਾ ਇਖਲਾਕ ਚੰਗਾ ਨਹੀਂ ਹੋ ਸਕਦਾ ਜੇਕਰ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਵਿਚਕਾਰ ਸਬੰਧਾਂ ਦਾ ਆਧਾਰ ਬੁਨਿਆਦੀ ਤੌਰ ਤੇ ਗ਼ਲਤ ਹੋਵੇ। ਇਕ ਗੁਲਾਮ ਲਈ ਉਸਦਾ ਮਾਲਕ ਇਕ ਚੰਗਾ ਵੀ ਹੋ ਸਕਦਾ ਹੈ ਜਾਂ ਮਾੜਾ ਵੀ ਹੋ ਸਕਦਾ ਹੈ। ਪ੍ਰੰਤੂ ਚੰਗਾ ਮਾਲਕ ਕਦੇ ਨਹੀਂ ਹੋ ਸਕਦਾ। ਇਕ ਚੰਗਾ ਵਿਅਕਤੀ ਮਾਲਕ ਨਹੀਂ ਹੋ ਸਕਦਾ ਅਤੇ ਮਾਲਕ ਇਕ ਚੰਗਾ ਵਿਅਕਤੀ ਨਹੀਂ ਹੋ ਸਕਦਾ। ਇਹ ਹੀ ਗੱਲ ਉਚੀ ਜ਼ਾਤ ਅਤੇ ਨੀਵੀਂ ਜ਼ਾਤ ਦੇ ਸਬੰਧ ਵਿਚ ਲਾਗੂ ਹੁੰਦੀ ਹੈ। ਇਕ ਨੀਵੀਂ ਜ਼ਾਤ ਦੇ ਵਿਅਕਤੀ

ਲਈ ਉਚੀ ਜ਼ਾਤ ਦਾ ਵਿਅਕਤੀ ਹੋਰ ਉਚੀਆਂ ਜ਼ਾਤਾਂ ਦੇ ਵਿਅਕਤੀਆਂ ਦੇ ਮੁਕਾਬਲੇ ਚੰਗਾ ਵੀ ਹੋ ਸਕਦਾ ਹੈ ਜਾਂ ਮਾੜਾ ਵੀ ਹੋ ਸਕਦਾ ਹੈ। ਇਕ ਉਚੀ ਜ਼ਾਤ ਦਾ ਵਿਅਕਤੀ ਚੰਗਾ ਵਿਅਕਤੀ ਨਹੀਂ ਹੋ ਸਕਦਾ ਜਦੋਂ ਤੱਕ ਉਸ ਪਾਸ ਉਸ ਨੂੰ ਉਚੀ ਜ਼ਾਤ ਦੇ ਵਿਅਕਤੀ ਵਜੋਂ ਵੱਖ ਕਰਨ ਲਈ ਨੀਵੀਂ ਜ਼ਾਤ ਦਾ ਵਿਅਕਤੀ ਜ਼ਰੂਰੀ ਹੋਵੇ। ਇਕ ਨੀਵੀਂ ਜ਼ਾਤ ਦੇ ਵਿਅਕਤੀ ਲਈ ਇਸ ਤਰ੍ਹਾਂ ਸੁਚੇਤ ਹੋਣਾ ਚੰਗਾ ਨਹੀਂ ਹੋ ਸਕਦਾ ਕਿ ਇਥੇ ਉਚੀ ਜ਼ਾਤੀ ਦਾ ਵਿਅਕਤੀ ਉਸ ਤੋਂ ਉਪਰ ਹੈ। ਮੈਂ ਆਪਣੇ ਭਾਸ਼ਣ ਵਿਚ ਇਹ ਦਲੀਲ ਦਿੱਤੀ ਹੈ ਕਿ ਵਰਣ ਜਾਂ ਜ਼ਾਤ-ਪਾਤ ਤੇ ਆਧਾਰਤ ਸਮਾਜ ਇਕ ਅਜਿਹਾ ਸਮਾਜ ਹੈ ਜੋ ਗ਼ਲਤ ਸਬੰਧਾਂ ਤੇ ਆਧਾਰਤ ਹੈ। ਮੈਂ ਇਹ ਉਮੀਦ ਕੀਤੀ ਸੀ ਕਿ ਮਹਾਤਮਾ ਮੇਰੀ ਦਲੀਲ ਨੂੰ ਰੱਦ ਕਰਨ ਦਾ ਯਤਨ ਕਰੇਗਾ। ਪ੍ਰੰਤੂ ਅਜਿਹਾ ਕਰਨ ਦੀ ਥਾਂ ਉਨ੍ਹਾਂ ਨਾ ਕੇਵਲ ਚਤਰਵਰਣ ਵਿਚ ਆਪਣਾ ਵਿਸ਼ਵਾਸ, ਇਹ ਦੱਸੇ ਬਿਨਾਂ ਕਿ ਵਿਸ਼ਵਾਸ ਕਿਸ ਆਧਾਰ ਤੇ ਆਧਾਰਤ ਹੈ, ਦੁਹਰਾਇਆ ਹੈ।

ਕੀ ਮਹਾਤਮਾ, ਉਸ ਗੱਲ ਤੇ ਅਮਲ ਵੀ ਕਰਦੇ ਹਨ ਜਿਸ ਦਾ ਉਹ ਪ੍ਰਚਾਰ ਕਰਦੇ ਹਨ? ਕੋਈ ਵੀ ਵਿਅਕਤੀ ਅਜਿਹੀ ਦਲੀਲ ਵਿਚ ਨਿਜੀ ਹਵਾਲਾ ਨਹੀਂ ਦੇਣਾ ਚਾਹੁੰਦਾ ਜੋ ਅਮਲੀ ਤੌਰ ਤੇ ਸਾਧਾਰਣ ਹੋਵੇ। ਪ੍ਰੰਤੂ ਜਦੋਂ ਕੋਈ ਵਿਅਕਤੀ ਕਿਸੇ ਮੱਤ ਬਾਰੇ ਉਪਦੇਸ਼ ਦਿੰਦਾ ਹੈ ਅਤੇ ਇਸਨੂੰ ਇਕ ਸਿਧਾਂਤ ਕਰਾਰ ਦਿੰਦਾ ਹੈ ਉਦੋਂ ਇਹ ਜਾਣਨ ਦੀ ਤੀਬਰ ਇੱਛਾ ਹੁੰਦੀ ਹੈ ਕਿ ਜੋ ਕੁਝ ਉਹ ਸਿਖਾਉਂਦਾ ਹੈ ਉਹ ਕਿਥੋਂ ਤੱਕ ਉਸਤੇ ਅਮਲ ਕਰਦਾ ਹੈ। ਇਹ ਹੋ ਸਕਦਾ ਹੈ ਕਿ ਕਿਸੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਉਸਦੇ ਅਸਫਲ ਰਹਿਣ ਦਾ ਕਾਰਣ ਇਹ ਹੋਵੇ ਕਿ ਜਿਸ ਆਦਰਸ਼ ਨੂੰ ਉਹ ਪ੍ਰਾਪਤ ਕਰਨਾ ਚਾਹੁੰਦਾ ਹੋਵੇ ਉਹ ਬਹੁਤ ਉਚਾ ਹੈ। ਇਹ ਵੀ ਹੋ ਸਕਦਾ ਹੈ ਕਿ ਜੋ ਕੁਝ ਉਪਦੇਸ਼ ਵਿਅਕਤੀ ਦਿੰਦਾ ਹੈ ਉਸਨੂੰ ਇਸ ਕਾਰਣ ਅਮਲ ਵਿਚ ਲਿਆਉਣ ਲਈ ਅਸਫਲ ਰਹਿੰਦਾ ਹੈ ਕਿ ਉਹ ਉਪਦੇਸ਼ ਵਿਅਕਤੀ ਦੀ ਜਮਾਂਦਰੂ ਕਪਟ-ਵਿਦਿਆ ਹੈ। ਹਰ ਤਰ੍ਹਾਂ ਨਾਲ ਉਹ ਆਪਣੇ ਆਰਚਣ ਨੂੰ ਪੜਤਾਲ ਲਈ ਹਾਜ਼ਰ ਕਰਦਾ ਹੈ ਅਤੇ ਫਿਰ ਤੁਸੀਂ ਮੈਨੂੰ ਦੋਸ਼ੀ ਨਹੀਂ ਠਹਿਰਾਉਂਦੇ ਜੇਕਰ ਮੈਂ ਇਹ ਪੁੱਛਾਂ ਕਿ ਮਹਾਤਮਾ ਨੇ ਆਪਣੇ ਕੇਸ ਵਿਚ ਆਪਣੇ ਆਦਰਸ਼ ਨੂੰ ਅਨੁਭਵ ਕਰਨ ਲਈ ਕਿੰਨਾ ਕੁ ਜਤਨ ਕੀਤਾ ਹੈ। ਮਹਾਤਮਾ ਜੀ ਜਨਮ ਤੋਂ ਬਾਣੀਆ ਹੈ। ਉਸ ਦੇ ਵਡੇਰਿਆਂ ਨੇ ਸੇਵਾ ਕਰਨ ਦੇ ਹੱਕ ਵਿਚ ਵਪਾਰ ਬੰਦ ਕਰ ਦਿੱਤਾ ਜੋ ਬ੍ਰਾਹਮਣਾਂ ਦਾ ਧੰਦਾ ਹੈ। ਮਹਾਤਮਾ ਬਣਨ ਤੋਂ ਪਹਿਲਾਂ ਜਦੋਂ ਉਸ ਦੇ ਜੀਵਨ ਵਿਚ ਆਪਣਾ ਕਿੱਤਾ ਚੁਣਨ ਦਾ ਅਵਸਰ ਆਇਆ ਤਾਂ ਉਸਨੇ ਤੱਕੜੀ ਵੱਟੇ ਦੀ ਥਾਂ ਵਕਾਲਤ ਕਰਨ ਨੂੰ ਤਰਜੀਹ ਦਿੱਤੀ। ਕਾਨੂੰਨੀ ਪੇਸ਼ਾ ਛੱਡਕੇ ਉਹ ਅੱਧਾ ਸੰਤ ਅਤੇ ਅੱਧਾ ਰਾਜਸੀ ਨੇਤਾ ਬਣ ਗਿਆ। ਉਸ ਨੇ ਵਪਾਰ ਨੂੰ ਕਦੀ ਛੋਹਿਆ ਨਹੀਂ ਜੋ ਉਸ ਦਾ ਪਿਤਾ-ਪੁਰਖੀ ਧੰਦਾ ਸੀ। ਉਸ ਦੇ ਛੋਟੇ ਪੁੱਤਰ – ਜਿਸ ਦੀ ਮੈਂ ਗੱਲ ਕਰਦਾ ਹਾਂ ਜੋ ਆਪਣੇ ਪਿਤਾ ਦਾ ਵਫਾਦਾਰ ਅਨੁਯਾਈ ਸੀ – ਨੇ ਵੈਸ਼ ਵਜੋਂ ਜਨਮ ਲੈਕੇ ਬ੍ਰਾਹਮਣ ਦੀ ਲੜਕੀ ਨਾਲ ਸ਼ਾਦੀ ਕੀਤੀ ਹੈ ਅਤੇ ਅਖ਼ਬਾਰ ਚਲਾਉਣ ਵਾਲੇ ਅਮੀਰ ਦੀ ਨੌਕਰੀ ਕੀਤੀ। ਇਹ ਨਹੀਂ ਪਤਾ ਕੀ ਮਹਾਤਮਾ ਨੇ ਉਸ ਦੁਆਰਾ ਆਪਣਾ ਪਿਤਾ-ਪੁਰਖੀ ਧੰਦਾ ਨਾ ਅਪਣਾਉਣ ਕਰਕੇ ਉਸਦੀ ਨਿੰਦਾ ਵੀ ਕੀਤੀ ਜਾਂ ਨਹੀਂ। ਇਹ ਗ਼ਲਤ ਅਤੇ ਅਣਉਚਿਤ ਹੋਵੇਗਾ ਕਿ ਕਿਸੇ ਆਦਰਸ਼ ਬਾਰੇ ਉਸਦੇ ਘਟੀਆ ਨਮੂਨਿਆਂ ਦੁਆਰਾ ਰਾਏ ਕਾਇਮ ਕੀਤੀ ਜਾਵੇ। ਪ੍ਰੰਤੂ ਯਕੀਨਨ ਮਹਾਤਮਾ ਨੂੰ ਨਮੂਨੇ ਦੇ ਤੌਰ ਤੇ ਕੋਈ

ਚੰਗੀ ਚੀਜ਼ ਨਹੀਂ ਮਿਲੀ ਅਤੇ ਜੇਕਰ ਉਹ ਆਦਰਸ਼ ਨੂੰ ਅਨੁਭਵ ਕਰਨ ਵਿਚ ਅਫਸਲ ਰਹਿੰਦਾ ਹੈ ਤਾਂ ਉਹ ਜ਼ਰੂਰ ਅਸੰਭਵ ਆਦਰਸ਼ ਹੈ ਜੋ ਵਿਅਕਤੀ ਦੀ ਵਿਹਾਰਕ ਸੂਝਬੂਝ ਵਿਚ ਬਿਲਕੁਲ ਆਉਣ ਵਾਲਾ ਨਹੀਂ ਹੈ। ਕਾਰਲਾਇਲ (carlyle) ਦੇ ਵਿਦਿਆਰਥੀ ਜਾਣਦੇ ਹਨ ਕਿ ਉਹ ਅਕਸਰ ਕਿਸੇ ਵਿਸ਼ੇ ਤੇ ਬੋਲਣ ਤੋਂ ਪਹਿਲਾਂ ਕਈ ਵਾਰੀ ਉਸ ਬਾਰੇ ਸੋਚਿਆ ਕਰਦੇ ਸਨ। ਮੈਨੂੰ ਹੈਰਾਨੀ ਹੁੰਦੀ ਹੈ ਕਿ ਕੀ ਇਹ ਗੱਲ ਕਦੀ ਜ਼ਾਤ-ਪਾਤ ਦੇ ਵਿਸ਼ੇ ਸਬੰਧੀ ਮਹਾਤਮਾ ਜੀ ਨਾਲ ਨਹੀਂ ਵਾਪਰੀ ਨਹੀਂ ਤਾਂ ਜੋ ਪ੍ਰਸ਼ਨ ਮੈਨੂੰ ਸੁਝਦੇ ਹਨ, ਉਹ ਉਨ੍ਹਾਂ ਤੋਂ ਬਚ ਨਹੀਂ ਸੀ ਸਕਦੇ। ਕਿਸੇ ਧੰਦੇ ਨੂੰ ਪਿਤਾ-ਪੁਰਖੀ ਧੰਦਾ ਬਣ ਗਿਆ ਕਦੋਂ ਕਿਹਾ ਜਾ ਸਕਦਾ ਹੈ ਜੋ ਉਸ ਵਿਅਕਤੀ ਲਈ ਲਾਜ਼ਮੀ ਬਣਾਇਆ ਜਾਵੇ ? ਕੀ ਮਨੁੱਖ ਨੂੰ ਆਪਣਾ ਪਿਤਾ-ਪੁਰਖੀ ਧੰਦਾ ਅਖਤਿਆਰ ਕਰਨਾ ਚਾਹੀਦਾ ਹੈ ਭਾਵੇਂ ਉਹ ਉਸ ਦੀ ਹੈਸੀਅਤ ਦੇ ਮੁਤਾਬਕ ਨਾ ਹੋਵੇ, ਭਾਵੇਂ ਇਸ ਤੋਂ ਲਾਭ ਵੀ ਨਾ ਹੁੰਦਾ ਹੋਵੇ ? ਕੀ ਆਦਮੀ ਨੂੰ ਉਸਦੇ ਪਿਤਾ-ਪੁਰਖੀ ਦੁਆਰਾ ਚਲਾਏ ਗਏ ਧੰਦੇ ਤੇ ਨਿਰਭਰ ਰਹਿਣਾ ਚਾਹੀਦਾ ਹੈ ਭਾਵੇਂ ਉਹ ਅਨੈਤਿਕਤਾ ਵਾਲਾ ਧੰਦਾ ਹੀ ਕਿਉਂ ਨਾ ਹੋਵੇ ? ਜੇਕਰ ਕੋਈ ਵਿਅਕਤੀ ਉਸ ਦੇ ਪਿਤਾ-ਪੁਰਖੀ ਧੰਦੇ ਨੂੰ ਹੀ ਅਪਣਾਉਂਦਾ ਹੈ ਤਾਂ ਫਿਰ ਇਹ ਗੱਲ ਵੀ ਸਮਝਣੀ ਚਾਹੀਦੀ ਹੈ ਕਿ ਇਕ ਆਦਮੀ ਨੂੰ ਜ਼ਰੂਰ ਨਿਰੰਤਰ ਦੱਲਾ ਹੀ ਰਹਿਣਾ ਚਾਹੀਦਾ ਕਿਉਂਕਿ ਉਸਦਾ ਦਾਦਾ ਵੀ ਦੱਲਾ ਸੀ ਅਤੇ ਇਕ ਔਰਤ ਇਸ ਕਰਕੇ ਵੇਸਵਾ ਰਹਿਣੀ ਚਾਹੀਦੀ ਹੈ ਕਿਉਂਕਿ ਉਸ ਦੀ ਦਾਦੀ ਵੇਸਵਾ ਧੰਦਾ ਕਰਦੀ ਸੀ। ਕੀ ਮਹਾਤਮਾ ਆਪਣੇ ਸਿਧਾਂਤ ਦੇ ਤਰਕਸ਼ੀਲ ਸਿੱਟੇ ਨੂੰ ਮੰਨਣ ਲਈ ਤਿਆਰ ਹਨ ? ਮੇਰੇ ਖਿਆਲ ਵਿਚ ਕਿਸੇ ਵਿਅਕਤੀ ਦਾ ਆਪਣੇ ਪਿਤਾ-ਪੁਰਖੀ ਧੰਦੇ ਨੂੰ ਅਪਣਾਉਣ ਬਾਰੇ ਉਸ ਦਾ ਆਦਰਸ਼ ਨਾ ਕੇਵਲ ਅਸੰਭਵ ਅਤੇ ਨਾਕਾਬਲੇ ਅਮਲ ਆਦਰਸ਼ ਹੈ ਸਗੋਂ ਨੈਤਿਕ ਤੌਰ ਤੇ ਇਸ ਦੀ ਰੱਖਿਆ ਵੀ ਨਹੀਂ ਹੋ ਸਕਦੀ।

## 7

ਮਹਾਤਮਾ ਇਕ ਅਜਿਹੇ ਬ੍ਰਾਹਮਣ ਵਿਚ ਬਹੁਤ ਗੁਣ ਦੇਖਦੇ ਹਨ ਜੋ ਆਪਣੇ ਸਾਰੇ ਜੀਵਨ ਵਿਚ ਬ੍ਰਾਹਮਣ ਹੀ ਰਿਹਾ। ਇਸ ਅਸਲੀਅਤ ਤੋਂ ਪਰੇ ਹਟਕੇ ਦੇਖੀਏ ਤਾਂ ਇਥੇ ਬਹੁਤ ਸਾਰੇ ਬ੍ਰਾਹਮਣ ਅਜਿਹੇ ਹਨ ਜੋ ਆਪਣਾ ਸਾਰਾ ਜੀਵਨ ਬ੍ਰਾਹਮਣਾਂ ਵਜੋਂ ਨਹੀਂ ਬਿਤਾਉਣਾ ਚਾਹੁੰਦੇ। ਅਸੀਂ ਉਨ੍ਹਾਂ ਬ੍ਰਾਹਮਣਾਂ ਬਾਰੇ ਕੀ ਕਹਿ ਸਕਦੇ ਹਾਂ ਜੋ ਪੁਜਾਰੀਪੁਣੇ ਦੇ ਆਪਣੇ ਪਿਤਾ-ਪੁਰਖੀ ਧੰਦੇ ਨਾਲ ਚਿੰਬੜੇ ਹੋਏ ਹਨ ? ਕੀ ਉਹ ਅਜਿਹੇ ਪਿਤਾ-ਪੁਰਖੀ ਧੰਦੇ ਦੇ ਸਿਧਾਂਤ ਵਿਚ ਵਿਸ਼ਵਾਸ ਰਖਣ ਕਾਰਨ ਕਰਦੇ ਹਨ ਜਾਂ ਕੀ ਉਹ ਅਜਿਹਾ ਇਸ ਤੋਂ ਅਣ-ਉਚਿਤ ਢੰਗ ਨਾਲ ਪੈਸੇ ਕਮਾਉਣ ਦੇ ਮੰਤਵ ਨਾਲ ਕਰਦੇ ਹਨ ? ਜਾਪਦਾ ਹੈ ਮਹਾਤਮਾ ਖੁਦ ਅਜਿਹੇ ਪ੍ਰਸ਼ਨਾਂ ਨਾਲ ਕੋਈ ਵਾਸਤਾ ਨਹੀਂ ਰਖਦੇ । ਉਹ ਇਸ ਗੱਲ ਤੇ ਸੰਤੁਸ਼ਟ ਹਨ ਕਿ ਉਹ "ਅਸਲੀ ਬ੍ਰਾਹਮਣ" ਹਨ ਜੋ ਦਾਨ-ਪੁੰਨ ਤੇ ਜੀਵਨ ਬਤੀਤ ਕਰਦੇ ਹਨ ਜਿਹੜਾ ਉਨ੍ਹਾਂ ਨੂੰ ਖੁਲ੍ਹੇ ਆਮ ਦਿੱਤਾ ਜਾਂਦਾ ਹੈ ਅਤੇ ਜਿਸ ਦੇ ਬਦਲੇ ਵਿਚ ਉਹ ਉਨ੍ਹਾਂ ਨੂੰ ਉਹ "ਅਧਿਆਤਮਕ ਖਜ਼ਾਨੇ" ਮੁਫ਼ਤ ਵੰਡਦੇ ਹਨ ਜੋ ਉਨ੍ਹਾਂ ਪਾਸ ਹੈ। ਇਹ ਹੈ ਕਿ ਜੱਦੀ ਬ੍ਰਾਹਮਣ ਪੁਜਾਰੀ ਮਹਾਤਮਾ ਜੀ ਨੂੰ ਕਿਵੇਂ ਜਾਪਦਾ ਹੈ – ਅਧਿਆਤਮਕ ਖਜ਼ਾਨੇ ਦਾ ਕਿੱਤਾ ਹੈ। ਪ੍ਰੰਤੂ ਜੱਦੀ ਬ੍ਰਾਹਮਣ ਦਾ ਇਕ ਹੋਰ ਸ਼ਬਦ ਚਿੱਤਰ ਵੀ ਉਲਕਿਆ ਜਾ ਸਕਦਾ ਹੈ। ਕੋਈ ਬ੍ਰਾਹਮਣ ਵਿਸ਼ਨੂ-ਪਿਆਰ ਦੇ ਦੇਵਤਾ ਦਾ ਪੁਜਾਰੀ ਹੋ ਸਕਦਾ ਹੈ। ਉਹ ਸ਼ੰਕਰ-ਵਿਨਾਸ਼ ਦੇ ਦੇਵਤਾ ਦਾ ਪੁਜਾਰੀ ਹੋ ਸਕਦਾ ਹੈ। ਉਹ ਬੋਧ ਗਯਾ ਵਿਖੇ-

ਮਨੁੱਖਤਾ ਦੇ ਮਹਾਨ ਉਪਦੇਸ਼ਕ, ਜਿਸਨੇ ਪਿਆਰ ਦੇ ਉੱਤਮ ਸਿਧਾਂਤ ਦਾ ਉਪਦੇਸ਼ ਦਿੱਤਾ, ਦੀ ਪੂਜਾ ਕਰਨ ਵਾਲਾ ਹੋ ਸਕਦਾ ਹੈ। ਉਹ ਕਾਲੀ ਅਰਥਾਤ ਦੇਵੀ, ਜੋ ਆਪਣੀ ਖ਼ੂਨੀ ਪਿਆਸ ਬੁਝਾਉਣ ਲਈ ਰੋਜ਼ਾਨਾ ਕਿਸੇ ਜਾਨਵਰ ਦੀ ਬਲੀ ਚਾਹੁੰਦੀ ਹੈ, ਦਾ ਵੀ ਪੁਜਾਰੀ ਹੋ ਸਕਦਾ ਹੈ। ਉਹ ਰਾਮ-ਖੱਤਰੀ ਪ੍ਰਮਾਤਮਾ ਦੇ ਮੰਦਰ ਦਾ ਪੁਜਾਰੀ ਵੀ ਹੋ ਸਕਦਾ ਹੈ। ਉਹ ਪਰਸ਼ੂਰਾਮ, ਪ੍ਰਮਾਤਮਾ ਜਿਸਨੇ ਖੱਤਰੀਆਂ ਦਾ ਨਾਸ ਕਰਨ ਲਈ ਅਵਤਾਰ ਧਾਰਿਆ ਸੀ ਦੇ ਮੰਦਰ ਦਾ ਪੁਜਾਰੀ ਹੋ ਸਕਦਾ ਹੈ। ਉਹ ਬ੍ਰਹਮਾ, ਦੁਨੀਆਂ ਦੇ ਸਿਰਜਣਹਾਰ, ਦਾ ਪੁਜਾਰੀ ਹੋ ਸਕਦਾ ਹੈ। ਉਹ ਪੀਰ ਦਾ ਪੁਜਾਰੀ ਹੋ ਸਕਦਾ ਹੈ ਜਿਸ ਦਾ ਪ੍ਰਮਾਤਮਾ ਅੱਲਾ, ਬ੍ਰਹਮਾ ਨੂੰ ਸੰਸਾਰ ਤੇ ਉਸਦੇ ਅਧਿਆਤਮਕ ਅਧਿਕਾਰ ਵਿਚ ਹਿੱਸਾ ਲੈਣ ਦੇ ਦਾਅਵੇ ਨੂੰ ਸਹਿਣ ਨਹੀਂ ਕਰੇਗਾ। ਕੋਈ ਨਹੀਂ ਕਹਿ ਸਕਦਾ ਕਿ ਇਹ ਅਜਿਹੀ ਤਸਵੀਰ ਹੈ ਜੋ ਜੀਵਨ ਪ੍ਰਤੀ ਸੱਚੀ ਨਹੀਂ ਹੈ। ਜੇਕਰ ਇਹ ਸਹੀ ਤਸਵੀਰ ਹੈ ਤਾਂ ਕੋਈ ਵਿਅਕਤੀ ਇਹ ਨਹੀਂ ਜਾਣਦਾ ਕਿ ਦੇਵਤਿਆਂ ਅਤੇ ਦੇਵੀਆਂ ਜਿਨ੍ਹਾਂ ਦੇ ਗੁਣ ਇੰਨੇ ਪ੍ਰਤੀਵਾਦੀ ਹਨ ਕਿ ਕੋਈ ਵੀ ਈਮਾਨਦਾਰ ਵਿਅਕਤੀ ਉਨ੍ਹਾਂ ਸਾਰਿਆਂ ਦਾ ਸ਼ਰਧਾਲੂ ਨਹੀਂ ਹੋ ਸਕਦਾ, ਪ੍ਰਤੀ ਵਫ਼ਾਦਾਰੀ ਰੱਖਣ ਦੀ ਇਸ ਸਮਰੱਥਾ ਬਾਰੇ ਕੀ ਕਿਹਾ ਜਾ ਸਕਦਾ ਹੈ। ਹਿੰਦੂ ਆਪਣੇ ਧਰਮ ਦੇ ਮਹਾਨ ਗੁਣ - ਅਰਥਾਤ ਇਸ ਦੀ ਉਦਾਰ ਚਿੱਤਤਾ, ਇਸ ਦੀ ਸ਼ਹਿਨਸ਼ੀਲਤਾ ਦੀ ਭਾਵਨਾ ਦੀ ਗਾਹੀ ਵਜੋਂ ਇਸ ਅਸਾਧਾਰਣ ਫਲਸਫੇ ਤੇ ਵਿਸ਼ਵਾਸ ਰੱਖਦੇ ਹਨ। ਇਸ ਸਰਲ ਵਿਚਾਰ ਵਿਰੁੱਧ ਇਹ ਕਿਹਾ ਜਾ ਸਕਦਾ ਹੈ ਕਿ ਸ਼ਹਿਨਸ਼ੀਲਤਾ ਅਤੇ ਉਦਾਰ ਚਿੱਤਤਾ ਕੀ ਹੈ। ਅਸਲ ਵਿਚ ਇਹ ਉਦਾਸੀਨਤਾ ਜਾਂ ਨਿਰਬਲ ਉਦਾਰਚਿਤਵਾਦ ਤੋਂ ਕੁਝ ਵੀ ਜ਼ਿਆਦਾ ਵਡਿਆਉਣਯੋਗ ਨਹੀਂ ਹੈ। ਇਨ੍ਹਾਂ ਦੋਨਾਂ ਗੁਣਾਂ ਦਾ ਪ੍ਰਤੱਖ ਤੌਰ ਤੇ ਫਰਕ ਕਰਨਾ ਔਖਾ ਹੈ। ਪ੍ਰੰਤੂ ਇਹ ਦੋਨੋਂ ਆਪਣੇ ਵਾਸਤਵਿਕ ਗੁਣ ਵਿਚ ਇੰਨੇ ਪ੍ਰਤੀਕੂਲ ਹਨ ਕਿ ਕੋਈ ਵੀ, ਜੋ ਉਨ੍ਹਾਂ ਦੀ ਨੇੜੇ ਤੋਂ ਪਰਖ ਕਰਦਾ ਹੈ, ਇਕ ਦੂਜੇ ਪ੍ਰਤੀ ਗ਼ਲਤੀ ਖਾ ਸਕਦਾ ਹੈ ਕਿ ਆਦਮੀ, ਜੋ ਬਹੁਤ ਦੇਵੀ ਦੇਵਤਿਆਂ ਨੂੰ ਆਪਣੀ ਸ਼ਰਧਾਂਜ਼ਲੀ ਅਰਪਣ ਕਰਨ ਲਈ ਤਿਆਰ ਹੈ, ਇਸ ਨੂੰ ਉਸਦੀ ਸਹਿਨਸ਼ੀਲਤਾ ਹੀ ਕਿਹਾ ਜਾ ਸਕਦਾ ਹੈ। ਪ੍ਰੰਤੂ ਕੀ ਇਹ ਉਸ ਦੁਆਰਾ ਸਮੇਂ ਦੇ ਅਨੁਸਾਰ ਚੱਲਣ ਦੀ ਇੱਛਾ ਤੋਂ ਪੈਦਾ ਹੋਈ ਕਟੜਤਾ ਦੀ ਗਾਹੀ ਨਹੀਂ ਹੋ ਸਕਦੀ? ਮੈਨੂੰ ਯਕੀਨ ਹੈ ਕਿ ਇਹ ਸਹਿਨਸ਼ੀਲਤਾ ਕੇਵਲ ਕੁਟਲਤਾ ਕਰਕੇ ਹੀ ਹੈ। ਜੇਕਰ ਇਸ ਵਿਚਾਰ ਦਾ ਆਧਾਰ ਠੋਸ ਹੈ ਤਾਂ ਕੋਈ ਵਿਅਕਤੀ ਪੁਛ ਸਕਦਾ ਹੈ ਕਿ ਉਸ ਵਿਅਕਤੀ ਪਾਸ ਕਿਹੜਾ ਅਧਿਆਤਮਕ ਖਜ਼ਾਨਾ ਹੋ ਸਕਦਾ ਹੈ ਜੋ ਕਿਸੇ ਅਜਿਹੇ ਦੇਵਤੇ ਦਾ ਪੁਜਾਰੀ ਅਤੇ ਸ਼ਰਧਾਲੂ ਬਣਨ ਲਈ ਤਿਆਰ ਹੈ ਜੋ ਪੂਜਾ ਅਤੇ ਅਰਾਧਨਾ ਕਰਨ ਬਦਲੇ ਉਸ ਦਾ ਮੰਤਵ ਪੂਰਾ ਕਰਦਾ ਹੈ? ਨਾ ਕੇਵਲ ਅਜਿਹੇ ਮਨੁੱਖ ਨੂੰ ਅਧਿਆਤਮਕ ਖਜ਼ਾਨੇ ਤੋਂ ਦਿਵਾਲੀਆ ਸਮਝਿਆ ਜਾਵੇਗਾ ਸਗੋਂ ਉਸ ਦੁਆਰਾ ਪੁਜਾਰੀਪੁਣੇ ਦੇ ਉਚੇ ਧੰਦੇ ਨੂੰ ਬਿਨਾਂ ਉਸ ਧੰਦੇ ਪ੍ਰਤੀ ਵਫ਼ਾਦਾਰੀ, ਅਤੇ ਉਸ ਵਿਚ ਵਿਸ਼ਵਾਸ ਕੀਤਿਆਂ ਇਕ ਮਕਾਨਕੀ ਕਿਰਿਆ ਵਾਂਗ ਅਪਣਾਇਆ ਜਾਣਾ ਕਿ ਇਹ ਪਿਤਾ-ਪੁਰਖੀ ਹੈ ਜੋ ਪਿਤਾ ਪਾਸੋਂ ਪੁੱਤਰ ਨੂੰ ਮਿਲਿਆ ਹੈ, ਨੈਤਿਕਤਾ ਦੀ ਸੰਭਾਲ ਨਹੀਂ ਹੈ, ਇਹ ਤਾਂ ਅਸਲ ਵਿਚ ਇਕ ਚੰਗੇਰੇ ਕਿੱਤੇ ਦਾ ਭ੍ਰਿਸ਼ਟਾਚਾਰ ਹੈ ਜੋ ਧਰਮ ਦੀ ਸੇਵਾ ਨਾਲੋਂ ਵੱਧ ਕੁਝ ਵੀ ਨਹੀਂ ਹੈ।

## 8

ਮਹਾਤਮਾ ਜੀ ਇਸ ਸਿਧਾਂਤ ਨਾਲ ਕਿਉਂ ਚਿੰਬੜੇ ਹੋਏ ਹਨ ਕਿ ਹਰ ਇਕ ਮਰਦ-ਔਰਤ ਆਪਣੇ ਪਿਤਾ-ਪੁਰਖੀ ਧੰਦੇ ਨੂੰ ਅਖ਼ਤਿਆਰ ਕਰੇ? ਉਹ ਇਸ ਦੇ ਕਾਰਨਾਂ ਬਾਰੇ ਕਿਤੇ ਨਹੀਂ ਦੱਸਦੇ? ਪ੍ਰੰਤੂ ਇਸ ਦੇ ਕੁਝ ਨਾ ਕੁਝ ਕਾਰਨ ਜ਼ਰੂਰ ਹਨ ਭਾਵੇਂ ਉਹ ਇੰਨਾ ਮੰਨਣ ਲਈ ਤਿਆਰ ਨਹੀਂ ਹਨ। ਕਈ ਸਾਲ ਪਹਿਲਾਂ ਉਨ੍ਹਾਂ ਨੇ ਆਪਣੇ ਰਸਾਲੇ "ਯੰਗ ਇੰਡੀਆ" ਵਿਚ "ਜ਼ਾਤ-ਪਾਤ ਬਨਾਮ ਸ਼੍ਰੇਣੀ" ਤੇ ਲਿਖੇ ਲੇਖ ਵਿਚ ਇਹ ਦਲੀਲ ਦਿੱਤੀ ਸੀ ਕਿ ਜ਼ਾਤ-ਪਾਤ ਦੀ ਪ੍ਰਥਾ ਵਰਗ ਪ੍ਰਥਾ ਨਾਲੋਂ ਇਸ ਆਧਾਰ ਤੇ ਚੰਗੀ ਹੈ ਕਿ ਜ਼ਾਤ-ਪਾਤ ਸਮਾਜਕ ਸਥਿਰਤਾ ਦੀ ਸਭ ਤੋਂ ਚੰਗੀ ਤਰਤੀਬ ਹੈ। ਜੇਕਰ ਇਹ ਕਾਰਨ ਠੀਕ ਹੈ ਤਾਂ ਮਹਾਤਮਾ ਜੀ ਇਸ ਸਿਧਾਂਤ ਤੇ ਕਿਉਂ ਅੜਦੇ ਹਨ ਕਿ ਹਰ ਇਕ ਮਰਦ-ਔਰਤ ਆਪਣੇ ਪਿਤਾ-ਪੁਰਖੀ ਧੰਦੇ ਨੂੰ ਅਪਣਾਵੇ, ਫਿਰ ਉਹ ਸਮਾਜਕ ਜੀਵਨ ਦੇ ਝੂਠੇ ਵਿਚਾਰ ਨਾਲ ਕਿਉਂ ਚਿੰਬੜੇ ਹੋਏ ਹਨ। ਹਰ ਇਕ ਵਿਅਕਤੀ ਚਾਹੁੰਦਾ ਹੈ ਕਿ ਵਿਅਕਤੀਆਂ ਅਤੇ ਸ਼੍ਰੇਣੀਆਂ ਵਿਚਕਾਰਲੇ ਸਬੰਧ ਵਿਚ ਸਮਾਜਕ ਸਥਿਰਤਾ ਦੀ ਕੁਝ ਤਰਤੀਬ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਜੋ ਸਥਿਰਤਾ ਰੱਖੀ ਜਾ ਸਕੇ। ਪ੍ਰੰਤੂ ਮੈਨੂੰ ਯਕੀਨ ਹੈ ਕੋਈ ਵੀ ਬੰਦਾ ਇਹ ਦੋਨੋ ਚੀਜ਼ਾਂ ਨਹੀਂ ਚਾਹੁੰਦਾ। ਇਕ ਚੀਜ਼ ਜੋ ਕੋਈ ਨਹੀਂ ਚਾਹੁੰਦਾ ਉਹ ਹੈ ਸਥਿਰ ਸਬੰਧ, ਅਜਿਹਾ ਕੁਝ ਜੋ ਬਦਲਦਾ ਨਹੀਂ ਹੈ, ਅਜਿਹਾ ਕੁਝ ਸਾਰੇ ਸਮਿਆਂ ਲਈ ਨਿਸਚਿਤ ਹੈ। ਸਥਿਰਤਾ ਦੀ ਇੱਛਾ ਕੀਤੀ ਜਾਂਦੀ ਹੈ ਪ੍ਰੰਤੂ ਤਬਦੀਲੀ ਦੀ ਕੀਮਤ ਤੇ ਨਹੀਂ ਜੋ ਸਾਰੇ ਸਮਿਆਂ ਲਈ ਅਤਿ ਆਵੱਸ਼ਕ ਹੈ। ਦੂਜੀ ਗੱਲ ਹੈ ਕਿ ਕੋਈ ਵੀ ਮਨੁੱਖ ਕੇਵਲ ਤਰਤੀਬ ਨਹੀਂ ਚਾਹੁੰਦਾ। ਤਰਤੀਬ ਚਾਹੁੰਦੇ ਹਨ ਪਰ ਸਮਾਜਕ ਨਿਆਂ ਦੀ ਬਲੀ ਚੜ੍ਹਾਕੇ ਨਹੀਂ। ਕੀ ਇਹ ਕਿਹਾ ਜਾ ਸਕਦਾ ਹੈ ਕਿ ਜ਼ਾਤ-ਪਾਤ ਦੇ ਆਧਾਰ ਤੇ ਅਰਥਾਤ ਹਰ ਇਕ ਦੇ ਜੱਦੀ ਧੰਦੇ ਦੇ ਆਧਾਰ ਤੇ ਸਮਾਜਕ ਸਬੰਧ ਦੀ ਤਰਤੀਬ ਇਨ੍ਹਾਂ ਦੋਨਾਂ ਬੁਰਾਈਆਂ ਤੋਂ ਬਚਾ ਸਕਦੀ ਹੈ? ਮੈਨੂੰ ਯਕੀਨ ਹੈ ਕਿ ਇਹ ਨਹੀਂ ਬਚਾ ਸਕਦੀ। ਇਸ ਦੇ ਸਭ ਤੋਂ ਚੰਗੀ ਹੋ ਸਕਣ ਵਾਲੀ ਤਰਤੀਬ ਹੋਣ ਦੀ ਮਾਂ, ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ, ਇਹ ਸਭ ਤੋਂ ਘਟੀਆ ਕਿਸਮ ਦੀ ਤਰਤੀਬ ਹੈ ਅਤੇ ਇਥੋਂ ਤੱਕ ਕਿ ਇਹ ਸਮਾਜਕ ਤਰਤੀਬ ਦੇ ਦੋਨੋਂ ਸਿਧਾਂਤਾਂ – ਅਰਥਾਤ ਸਥਿਰਤਾਅਤੇ ਧਰਮ-ਨਿਰਪੱਖਤਾ ਦੀ ਉਲੰਘਣਾ ਕਰਦੀ ਹੈ।

## 9

ਕੁਝ ਲੋਕੀਂ ਇਹ ਸੋਚਦੇ ਹੋਣਗੇ ਕਿ ਮਹਾਤਮਾ ਜੀ ਨੇ ਬਹੁਤ ਪ੍ਰਗਤੀ ਕੀਤੀ ਹੈ ਕਿ ਹੁਣ ਉਹ ਕੇਵਲ ਵਰਣ ਵਿਚ ਵਿਸ਼ਵਾਸ ਕਰਦੇ ਹਨ ਅਤੇ ਜ਼ਾਤ-ਪਾਤ ਵਿਚ ਨਹੀਂ। ਇਹ ਸੱਚ ਹੈ ਕਿ ਕੋਈ ਸਮਾਂ ਸੀ ਜਦੋਂ ਮਹਾਤਮਾ ਜੀ ਅਸਲੀ ਅਤੇ ਖ਼ਾਨਦਾਨੀ ਸਨਾਤਨੀ ਹਿੰਦੂ ਸਨ। ਉਹ ਵੇਦਾਂ, ਉਪਨਿਸ਼ਦਾਂ, ਪੁਰਾਣਾਂ ਅਤੇ ਉਨ੍ਹਾਂ ਸਾਰੇ ਗ੍ਰੰਥਾਂ ਜੋ ਹਿੰਦੂ ਧਰਮ ਦੇ ਸ਼ਾਸਤਰਾਂ ਵਜੋਂ ਜਾਣੇ ਜਾਂਦੇ ਹਨ, ਵਿਚ ਵਿਸ਼ਵਾਸ ਰੱਖਦੇ ਸਨ ਅਤੇ ਇਸ ਲਈ ਅਵਤਾਰਾਂ ਅਤੇ ਪੁਨਰ-ਜਨਮ ਵਿਚ ਵਿਸ਼ਵਾਸ ਰਖਦੇ ਸਨ। ਉਹ ਜ਼ਾਤੀਵਾਦ ਵਿਚ ਵਿਸ਼ਵਾਸ ਰਖਦੇ ਸਨ ਅਤੇ ਇਸਦੀ ਕੱਟੜਪੰਥੀ ਦੀ ਜੋਸ਼ ਨਾਲ ਹਾਮੀ ਭਰਦੇ ਸਨ। ਉਨ੍ਹਾਂ ਨੇ ਰਲਮਿਲ ਕੇ ਖਾਣ, ਰੱਲ ਮਿਲਕੇ ਪੀਣ ਅਤੇ ਅੰਤਰ-ਜ਼ਾਤੀ ਵਿਆਹ ਸ਼ਾਦੀ ਦੇ ਰੌਲੇ-ਰੱਪੇ ਦੀ ਬਹੁਤ ਜ਼ਿਆਦਾ ਨਿੰਦਾ ਕੀਤੀ ਅਤੇ ਇਹ ਦਲੀਲ

ਦਿਤੀ ਕਿ ਰੱਲ ਮਿਲਕੇ ਖਾਣ-ਪੀਣ ਨਾਲ ਵੱਡੀ ਪੱਧਰ ਤੇ ਪਾਬੰਦੀ "ਇੱਛਾ-ਸ਼ਕਤੀ ਅਤੇ ਕੁਝ ਸਮਾਜਕ ਕਦਰਾਂ-ਕੀਮਤਾਂ ਦੀ ਸੰਭਾਲ ਕਰਨ ਵਿਚ ਸਹਾਇਤਾ" ਕਰਦੀ ਹੈ। ਇਹ ਚੰਗੀ ਗੱਲ ਹੈ ਕਿ ਉਨ੍ਹਾਂ ਨੇ ਇਨ੍ਹਾਂ ਪਾਖੰਡੀ ਅਤੇ ਊਲ-ਜਲੂਲ ਗੱਲਾਂ ਦਾ ਖੰਡਨ ਕੀਤਾ ਹੈ ਅਤੇ ਮੰਨਿਆ ਹੈ ਕਿ ਜ਼ਾਤੀਵਾਦ ਦੋਨੋਂ "ਅਧਿਆਤਮਕ ਅਤੇ ਰਾਸ਼ਟਰੀ ਵਿਕਾਸ" ਲਈ ਹਾਨੀਕਾਰਕ ਹਨ, ਹੋ ਸਕਦਾ ਹੈ ਉਨ੍ਹਾਂ ਦੇ ਲੜਕੇ ਦੀ ਆਪਣੀ ਜ਼ਾਤ ਤੋਂ ਬਾਹਰ ਸ਼ਾਦੀ ਨੇ ਇਸ ਵਿਚਾਰ ਨੂੰ ਬਦਲਣ ਵਿਚ ਕੁਝ ਨਾ ਕੁਝ ਕੀਤਾ ਹੋਵੇ। ਪ੍ਰੰਤੂ ਕੀ ਮਹਾਤਮਾ ਨੇ ਅਸਲ ਵਿਚ ਹੀ ਤਰੱਕੀ ਕੀਤੀ ਹੈ? ਉਹ ਵਰਣ ਕਿਸ ਕਿਸਮ ਦਾ ਹੈ ਜਿਸ ਦੀ ਮਹਾਤਮਾ ਗੱਲ ਕਰਦੇ ਹਨ? ਕੀ ਇਹ ਵੈਦਿਕ ਸੰਕਲਪ ਹੈ ਜਿਸ ਨੂੰ ਆਮ ਵਿਅਕਤੀ ਸਮਝ ਸਕਦਾ ਹੈ ਅਤੇ ਜਿਸ ਦਾ ਸਵਾਮੀ ਦਯਾਨੰਦ ਸਰਸਵਤੀ ਅਤੇ ਉਸਦੇ ਅਨੁਯਾਈਆਂ, ਆਰੀਆ ਸਮਾਜੀਆਂ ਨੇ ਉਪਦੇਸ਼ ਦਿੱਤਾ ਹੈ? ਵਰਣ ਦੇ ਵੈਦਿਕ ਸੰਕਲਪ ਦਾ ਸਾਰ ਇਹ ਹੈ ਕਿ ਮਨੁੱਖ ਉਹ ਧੰਦਾ ਅਖਤਿਆਰ ਕਰਨਾ ਚਾਹੀਦਾ ਹੈ ਜੋ ਉਸ ਦੀ ਸੁਭਾਵਕ ਰੁੱਚੀ ਅਨੁਸਾਰ ਉਚਿਤ ਹੈ। ਮਹਾਤਮਾ ਦੇ ਵਰਣ ਦੇ ਸੰਕਲਪ ਦਾ ਸਾਰੰਸ਼ ਇਹ ਹੈ ਕਿ ਮਨੁੱਖ ਨੂੰ ਕੁਦਰਤੀ ਰੁੱਚੀ ਦੇ ਬਾਵਜੂਦ ਜੱਦੀ ਧੰਦਾ ਅਖ਼ਤਿਆਰ ਕਰਨਾ ਚਾਹੀਦਾ ਹੈ। ਜ਼ਾਤ-ਪਾਤ ਅਤੇ ਵਰਣ ਵਿਚਕਾਰਲੇ ਅੰਤਰ ਨੂੰ ਮਹਾਤਮਾ ਜੀ ਨੇ ਕਿਵੇਂ ਸਮਝਿਆ ਹੈ। ਮੈਨੂੰ ਕੋਈ ਫਰਕ ਨਹੀਂ ਲਗਦਾ ਜਿਵੇਂ ਮਹਾਤਮਾ ਜੀ ਦੁਆਰਾ ਵਿਆਖਿਆ ਕੀਤੀ ਗਈ ਹੈ ਕਿ ਸਾਧਾਰਣ ਕਾਰਨ ਕਰਕੇ ਵਰਣ ਜ਼ਾਤ-ਪਾਤ ਲਈ ਕੇਵਲ ਇਕ ਵੱਖਰਾ ਨਾਂ ਹੈ ਜਿਸਦਾ ਸਾਰੰਸ਼ ਇਕੋ ਹੈ – ਅਰਥਾਤ ਪਿਤਾ-ਪੁਰਖੀ ਧੰਦਾ ਅਖ਼ਤਿਆਰ ਕਰਨਾ। ਤਰੱਕੀ ਕਰਨ ਦੀ ਥਾਂ ਮਹਾਤਮਾ ਜੀ ਨੇ ਪਰਤਵੀਂ ਚਾਲ ਵਿਚ ਨੁਕਸਾਨ ਉਠਾਇਆ ਹੈ। ਵਰਣ ਦੇ ਵੈਦਿਕ ਸੰਕਲਪ ਦੀ ਇਸ ਤਰ੍ਹਾਂ ਵਿਆਖਿਆ ਕਰਕੇ ਉਸ ਨੇ ਜੋ ਵਧੀਆ ਸੀ, ਉਸ ਦਾ ਮਖੌਲ ਉਡਾਇਆ ਹੈ। ਜਦਕਿ ਮੈਂ ਵਰਣ ਵਿਵਸਥਾ ਨੂੰ ਭਾਸ਼ਣ ਵਿਚ ਦਿੱਤੇ ਗਏ ਕਾਰਨਾਂ ਕਰਕੇ ਰੱਦ ਕਰਦਾ ਹਾਂ, ਤਾਂ ਮੈਨੂੰ ਇਹ ਜ਼ਰੂਰ ਮੰਨਣਾ ਚਾਹੀਦਾ ਹੈ ਕਿ ਵਰਣ ਦਾ ਵੈਦਿਕ ਸਿਧਾਂਤ ਜਿਵੇਂ ਸਵਾਮੀ ਦਯਾਨੰਦ ਅਤੇ ਕੁਝ ਹੋਰਨਾਂ ਦੁਆਰਾ ਉਸਦੀ ਵਿਆਖਿਆ ਕਤੀ ਗਈ ਹੈ ਇਕ ਵਿਹਾਰਕ ਅਤੇ ਹਾਨੀ-ਰਹਿਤ ਹੈ। ਇਹ ਜਨਮ ਨੂੰ ਕਿਸੇ ਵਿਅਕਤੀ ਦੀ ਸਮਾਜ ਵਿਚ ਥਾਂ ਨਿਸਚਿਤ ਕਰਨ ਲਈ ਇਕ ਤੱਤ ਵਜੋਂ ਸਵੀਕਾਰ ਨਹੀਂ ਕਰਦਾ। ਇਹ ਕੇਵਲ ਗੁਣਾਂ ਨੂੰ ਹੀ ਮਾਨਤਾ ਦਿੰਦਾ ਹੈ। ਮਹਾਤਮਾ ਦੇ ਵਰਣ ਦਾ ਖਿਆਲ ਵੈਦਿਕ ਵਰਣ ਨੂੰ ਕੇਵਲ ਅਰਥਹੀਣ ਹੀ ਨਹੀਂ ਬਣਾਉਂਦਾ ਸਗੋਂ ਇਹ ਇਸਨੂੰ ਘਿਰਣਾਜਨਕ ਵੀ ਬਣਾਉਂਦਾ ਹੈ। ਵਰਣ ਅਤੇ ਜ਼ਾਤ-ਪਾਤ ਦੋ ਵੱਖਰੇ-ਵੱਖਰੇ ਸੰਕਲਪ ਹਨ। ਵਰਣ ਹਰ ਇਕ ਵਿਅਕਤੀ ਦੇ ਗੁਣਾਂ ਦੇ ਸਿਧਾਂਤ ਤੇ ਆਧਾਰਤ ਹੈ ਜਦੋਂ ਕਿ ਜ਼ਾਤ-ਪਾਤ ਹਰ ਇਕ ਵਿਅਕਤੀ ਦੇ ਜਨਮ ਦੇ ਸਿਧਾਂਤ ਤੇ ਆਧਾਰਿਤ ਹੈ। ਇਹ ਦੋਵੇਂ ਇਕ ਦੂਜੇ ਤੋਂ ਉਸੇ ਤਰ੍ਹਾਂ ਅਲੱਗ ਹਨ ਜਿਵੇਂ ਕਿ ਪਨੀਰ ਤੋਂ ਚਾਕ। ਦਰਅਸਲ ਦੋਨਾਂ ਵਿਚਕਾਰ ਵਿਰੋਧ ਹੈ। ਜੇਕਰ ਮਹਾਤਮਾ ਇਹ ਵਿਸ਼ਵਾਸ ਰੱਖਦਾ ਹੈ ਕਿ ਉਹ ਉਹੀ ਕੁਝ ਕਰਦਾ ਹੈ ਜੋ ਧੰਦਾ ਉਸਦੇ ਵੱਡੇ-ਵਡੇਰੇ ਕਰਦੇ ਸਨ ਤਾਂ ਨਿਸ਼ਚੇ ਹੀ ਉਹ ਜ਼ਾਤ-ਪਾਤ ਦੀ ਵਕਾਲਤ ਕਰ ਰਿਹਾ ਹੈ ਅਤੇ ਉਹ ਇਸ ਨੂੰ ਵਰਣ ਪ੍ਰਣਾਲੀ ਕਹਿਕੇ ਪ੍ਰਭਾਸ਼ਿਤ ਕਰਨ ਦਾ ਦੋਸ਼ੀ ਹੀ ਨਹੀਂ ਸਗੋਂ ਉਹ ਉਲਝਣ ਭਰੀ ਪ੍ਰੇਸ਼ਾਨੀ ਪੈਦਾ ਕਰ ਰਿਹਾ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਸਦੀ ਇਹ ਸਾਰੀ ਪ੍ਰੇਸ਼ਾਨੀ ਇਸ ਕਰਕੇ ਹੈ ਕਿ ਮਹਾਤਮਾ ਪਾਸ ਕੋਈ ਨਿਸਚਿਤ ਅਤੇ ਸਪਸ਼ਟ ਸੰਕਲਪ ਨਹੀਂ ਹੈ ਕਿ ਵਰਣ ਕੀ

ਹੈ ਅਤੇ ਜ਼ਾਤ-ਪਾਤ ਕੀ ਹੈ ਅਤੇ ਹਿੰਦੂਵਾਦ ਨੂੰ ਬਚਾਕੇ ਰੱਖਣ ਲਈ ਇਨ੍ਹਾਂ ਦੋਨਾਂ ਵਿਚੋਂ ਕਿਸਦੀ ਜ਼ਰੂਰਤ ਹੈ। ਉਨ੍ਹਾਂ ਨੇ ਕਿਹਾ ਹੈ ਅਤੇ ਕੋਈ ਵੀ ਇਹ ਆਸ ਕਰ ਸਕਦਾ ਹੈ ਕਿ ਉਨ੍ਹਾਂ ਨੂੰ ਆਪਣਾ ਇਹ ਵਿਚਾਰ ਬਦਲਣ ਲਈ ਭੇਦ-ਭਰਿਆ ਕਾਰਨ ਨਹੀਂ ਲੱਭੇਗਾ ਕਿ ਜ਼ਾਤ-ਪਾਤ ਹਿੰਦੂਵਾਦ ਦੀ ਵਾਸਤਵਿਕਤਾ ਨਹੀਂ ਹੈ। ਕੀ ਉਹ ਵਰਣ ਨੂੰ ਹਿੰਦੂਵਾਦ ਦੀ ਵਾਸਤਵਿਕਤਾ ਵਜੋਂ ਲੈਂਦਾ ਹੈ? ਕੋਈ ਵੀ ਵਿਅਕਤੀ ਇਸ ਦਾ ਸਪੱਸ਼ਟ ਉੱਤਰ ਨਹੀਂ ਦੇ ਸਕਦਾ। 'ਡਾਕਟਰ ਅੰਬੇਡਕਰ ਦੇ ਦੋਸ਼ ਆਰੋਪਣ' ਤੇ ਉਸਦੇ ਲੇਖ ਦੇ ਪਾਠਕਾਂ ਦਾ ਉਤਰ ਹੋਵੇਗਾ "ਨਹੀਂ", ਉਸ ਲੇਖ ਵਿਚ ਉਹ ਇਹ ਨਹੀਂ ਕਹਿੰਦਾ ਕਿ ਵਰਣ ਦਾ ਸਿਧਾਂਤ ਹਿੰਦੂਵਾਦ ਦੀ ਨਸਲ ਦਾ ਇਕ ਜ਼ਰੂਰੀ ਭਾਗ ਹੈ, ਵਰਣ ਨੂੰ ਹਿੰਦੂਵਾਦ ਦਾ ਅਸਤਿਤਵ ਬਣਾਉਣ ਦੀ ਬਜਾਏ ਉਹ ਕਹਿੰਦਾ ਹੈ, "ਹਿੰਦੂਵਾਦ ਦਾ ਅਸਤਿਤਵ ਕਿਸੇ ਇਕ ਅਤੇ ਸੱਚਾਈ ਵਜੋਂ ਕੇਵਲ ਪ੍ਰਮਾਤਮਾ ਦੇ ਉਚਾਰਣ ਅਤੇ ਮਨੁੱਖੀ ਪਰਿਵਾਰ ਦੇ ਕਾਨੂੰਨ ਵਜੋਂ ਅਹਿੰਸਾ ਨੂੰ ਦਲੇਰੀ ਨਾਲ ਪ੍ਰਵਾਨ ਕਰਨ ਵਿਚ ਹੈ" ਪ੍ਰੰਤੂ ਸ੍ਰੀ ਸੰਤ ਰਾਮ ਦੇ ਉਤਰ ਵਿਚ ਉਸਦੇ ਲੇਖ ਦੇ ਪਾਠਕ ਕਹਿਣਗੇ "ਹਾਂ"। ਉਸ ਲੇਖ ਵਿਚ ਉਹ ਕਹਿੰਦਾ ਹੈ "ਜੇਕਰ ਇਕ ਮੁਸਲਮਾਨ ਕੁਰਾਨ ਨੂੰ ਮਨਜ਼ੂਰ ਨਾ ਕਰੇ ਤਾਂ ਉਹ ਮੁਸਲਮਾਨ ਕਿਵੇਂ ਰਹਿ ਸਕਦਾ ਹੈ", ਜਾਂ ਜੇਕਰ ਬਾਈਬਲ ਨੂੰ ਸਵੀਕਾਰ ਨਾ ਕਰੇ ਤਾਂ ਉਹ ਕਿਸ ਤਰ੍ਹਾਂ ਈਸਾਈ ਰਹਿ ਸਕਦਾ ਹੈ? ਜੇਕਰ ਜ਼ਾਤ-ਪਾਤ ਅਤੇ ਵਰਣ ਆਪਸ ਵਿਚ ਬਦਲਣਯੋਗ ਹਨ ਅਤੇ ਜੇਕਰ ਵਰਣ, ਸ਼ਾਸਤਰਾਂ ਦਾ ਅਨਿਖੜਵਾਂ ਭਾਗ ਹੈ ਜੋ ਹਿੰਦੂ-ਵਾਦ ਦੀ ਪਰਿਭਾਸ਼ਾ ਦਿੰਦੇ ਹਨ, ਤਾਂ ਮੈਨੂੰ ਇਹ ਪਤਾ ਨਹੀਂ ਲਗਦਾ ਕਿ ਕੋਈ ਵਿਅਕਤੀ ਜੋ ਜ਼ਾਤ-ਪਾਤ ਅਰਥਾਤ ਵਰਣ ਨੂੰ ਸਵੀਕਾਰ ਹੀਂ ਕਰਦਾ ਉਹ ਕਿਵੇਂ ਆਪਣੇ ਆਪਨੂੰ ਹਿੰਦੂ ਕਹਾ ਸਕਦਾ ਹੈ? ਇਹ ਟਾਲਮਟੋਲ ਕਿਉਂ? ਮਹਾਤਮਾ ਰੁਕਾਵਟ ਕਿਉਂ ਪਾਉਂਦਾ ਹੈ? ਉਹ ਕਿਸ ਨੂੰ ਖ਼ੁਸ਼ ਕਰਨਾ ਚਾਹੁੰਦਾ ਹੈ? ਕੀ ਸੰਤ ਰਾਮ ਸੱਚਾਈ ਦਾ ਪਤਾ ਕਰਨ ਵਿਚ ਅਸਫਲ ਰਿਹਾ ਹੈ? ਜਾਂ ਕੀ ਰਾਜਨੀਤੀ ਸੰਤ ਦੇ ਰਸਤੇ ਵਿਚ ਕੋਈ ਰੁਕਾਵਟ ਬਣਦੀ ਹੈ? ਅਸਲੀ ਕਾਰਨ ਕੀ ਹੈ, ਮਹਾਤਮਾ ਇਸ ਪਰੇਸ਼ਾਨੀ ਵਿਚ ਕਿਉਂ ਫਸਿਆ ਹੋਇਆ ਹੈ, ਇਸ ਬਾਰੇ ਸੰਭਾਵੀ ਤੌਰ ਤੇ ਦੋ ਸ੍ਰੋਤ ਹੋ ਸਕਦੇ ਹਨ। ਪਹਿਲਾ ਹੈ ਮਹਾਤਮਾ ਦਾ ਸੁਭਾਅ। ਉਹ ਲਗਭਗ ਹਰ ਇਕ ਚੀਜ਼ ਵਿਚ ਖੁਦ-ਫਰੇਬੀ ਲਈ ਬੱਚੇ ਦੀ ਸਮਰਥਾ ਨਾਲ ਬੱਚੇ ਦੀ ਸਾਦਗੀ ਵੇਖਦਾ ਹੈ, ਇਕ ਬੱਚੇ ਵਾਂਗ ਉਹ ਜਿਸ ਚੀਜ਼ ਵਿਚ ਵੀ ਵਿਸ਼ਵਾਸ ਕਰਨਾ ਚਾਹੁੰਦਾ ਹੈ, ਉਹ ਵਿਸ਼ਵਾਸ ਕਰ ਸਕਦਾ ਹੈ। ਇਸ ਲਈ ਸਾਨੂੰ ਉਤਨਾ ਚਿਰ ਇੰਤਜ਼ਾਰ ਕਰਨਾ ਪਵੇਗਾ ਜਿੰਨਾ ਚਿਰ ਮਹਾਤਮਾ ਵਰਣ ਵਿਚ ਖੁਸ਼ੀ ਨਾਲ ਆਪਣਾ ਵਿਸ਼ਵਾਸ ਨਹੀਂ ਛੱਡਦਾ ਜਿਵੇਂ ਕਿ ਉਸਨੇ ਖੁਸ਼ੀ ਨਾਲ ਜ਼ਾਤ-ਪਾਤ ਵਿਚ ਆਪਣਾ ਵਿਸ਼ਵਾਸ ਤਿਆਗ ਦਿੱਤਾ ਹੈ। ਪਰੇਸ਼ਾਨੀ ਦਾ ਦੂਜਾ ਸ੍ਰੋਤ ਦੁਹਰੀ ਭੂਮਿਕਾ ਹੈ ਜੋ ਮਹਾਤਮਾ ਅਦਾ ਕਰਨੀ ਚਾਹੁੰਦਾ ਹੈ ਉਹ ਹੈ ਇਕ ਮਹਾਤਮਾ ਦੀ ਅਤੇ ਇਕ ਸਿਆਸਤਦਾਨ ਦੀ। ਮਹਾਤਮਾ ਦੇ ਤੌਰ ਤੇ ਉਹ ਸਿਆਸਤ ਨੂੰ ਧਰਮ ਵਿਚ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੋਵੇਗਾ। ਭਾਵੇਂ ਉਹ ਉਸ ਵਿਚ ਸਫਲ ਹੋਇਆ ਹੈ ਜਾਂ ਨਹੀਂ ਪ੍ਰੰਤੂ ਸਿਆਸਤ ਨੇ ਨਿਸ਼ਚੇ ਹੀ ਉਸ ਨੂੰ ਮੁਨਾਫਾ ਕਮਾਊ ਬਣਾ ਦਿੱਤਾ ਹੈ। ਇਕ ਸਿਆਸਤਦਾਨ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਮਾਜ ਸਮੁੱਚੀ ਸਚਾਈ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਉਸ ਨੂੰ ਸਮੁੱਚਾ ਸੱਚ ਨਹੀਂ ਬੋਲਣਾ ਚਾਹੀਦਾ। ਜੇਕਰ ਉਹ ਸਾਰਾ ਸੱਚ ਬੋਲਦਾ ਹੈ ਤਾਂ ਇਹ ਉਸ ਦੀ ਸਿਆਸਤ ਲਈ ਚੰਗਾ ਨਹੀਂ ਹੈ। ਇਹ ਕਾਰਨ ਕਿ ਮਹਾਤਮਾ ਜ਼ਾਤ-ਪਾਤ ਅਤੇ ਵਰਣ

ਦੀ ਹਮੇਸ਼ਾ ਹਿਮਾਇਤ ਕਿਉਂ ਕਰਦਾ ਹੈ, ਉਹ ਇਹ ਹੈ ਕਿ ਉਸਨੂੰ ਡਰ ਹੈ ਕਿ ਜੇ ਉਸਨੇ ਉਨ੍ਹਾਂ ਦੀ ਵਿਰੋਧਤਾ ਕੀਤੀ ਤਾਂ ਸਿਆਸਤ ਵਿਚ ਉਸਦੀ ਕੋਈ ਥਾਂ ਨਹੀਂ ਰਹੇਗੀ। ਇਸ ਪਰੇਸ਼ਾਨੀ ਦਾ ਕੋਈ ਵੀ ਸੋਮਾ ਹੋਵੇ ਮਹਾਤਮਾ ਨੂੰ ਇਹ ਦੱਸ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਆਪਨੂੰ ਧੋਖਾ ਦੇ ਰਿਹਾ ਹੈ ਅਤੇ ਉਹ ਵਰਣ ਦੇ ਨਾਂ ਹੇਠ ਜ਼ਾਤ-ਪਾਤ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਵੀ ਧੋਖਾ ਦੇ ਰਿਹਾ ਹੈ।

## 10

ਮਹਾਤਮਾ ਕਹਿੰਦਾ ਹੈ ਕਿ ਹਿੰਦੂਆਂ ਅਤੇ ਹਿੰਦੂ-ਵਾਦ ਨੂੰ ਟੈਸਟ ਕਰਨ ਲਈ ਜੋ ਮਿਆਰ ਮੈਂ ਅਪਣਾਏ ਹਨ ਉਹ ਬਹੁਤ ਕਠੋਰ ਹਨ ਅਤੇ ਉਨ੍ਹਾਂ ਮਿਆਰਾਂ ਦੁਆਰਾ ਪਰਖ ਕੀਤੇ ਜਾਣ ਤੇ ਹਰ ਇਕ ਜਾਣਿਆ-ਪਛਾਣਿਆ ਸਜੀਵ ਵਿਸ਼ਵਾਸ ਸੰਭਾਵੀ ਤੌਰ ਤੇ ਅਸਫਲ ਹੋ ਜਾਵੇਗਾ। ਇਹ ਸ਼ਿਕਾਇਤ ਕਿ ਮੇਰੇ ਮਿਆਰ ਬਹੁਤ ਉਚੇ ਹਨ, ਸੱਚ ਹੋ ਸਕਦੀ ਹੈ। ਪ੍ਰੰਤੂ ਸਵਾਲ ਇਹ ਨਹੀਂ ਹੈ ਕਿ ਕੀ ਇਹ ਮਿਆਰ ਉਚੇ ਹਨ ਜਾਂ ਨੀਵੇਂ ਹਨ। ਸਵਾਲ ਇਹ ਹੈ ਕਿ ਕੀ ਲਾਗੂ ਕਰਨ ਲਈ ਮਿਆਰ ਨਹੀਂ ਹਨ? ਲੋਕਾਂ ਅਤੇ ਉਨ੍ਹਾਂ ਦੇ ਧਰਮ ਨੂੰ ਸਮਾਜਕ ਸਦਾਚਾਰਾਂ ਤੇ ਆਧਾਰਿਤ ਸਮਾਜਕ ਮਿਆਰਾਂ ਦੁਆਰਾ ਜਾਣਿਆ ਜਾਣਾ ਚਾਹੀਦਾ ਹੈ। ਜੇਕਰ ਧਰਮ ਨੂੰ ਲੋਕਾਂ ਦੀ ਭਲਾਈ ਲਈ ਜ਼ਰੂਰੀ ਸਮਝਿਆ ਜਾਣਾ ਹੈ ਤਾਂ ਕਿਸੇ ਵੀ ਹੋਰ ਮਿਆਰ ਦਾ ਕੋਈ ਵੀ ਮਤਲਬ ਨਹੀਂ ਰਹਿ ਜਾਵੇਗਾ। ਹੁਣ ਮੈਂ ਬੜੇ ਦਾਅਵੇ ਨਾਲ ਕਹਿੰਦਾ ਹਾਂ ਕਿ ਹਿੰਦੂਆਂ ਅਤੇ ਹਿੰਦੂਵਾਦ ਨੂੰ ਟੈਸਟ ਕਰਨ ਲਈ ਜੋ ਮਿਆਰ ਮੈਂ ਅਪਣਾਏ ਹਨ ਉਹ ਬਹੁਤ ਉਚਿਤ ਮਿਆਰ ਹਨ ਅਤੇ ਮੈਨੂੰ ਕਿਸੇ ਹੋਰ ਚੰਗੇ ਮਿਆਰ ਬਾਰੇ ਕੋਈ ਪਤਾ ਨਹੀਂ ਹੈ। ਇਹ ਸਿੱਟਾ ਕੱਢਣਾ ਕਿ ਜੇਕਰ ਮੇਰੇ ਮਿਆਰਾਂ ਰਾਹੀਂ ਹਰ ਇਕ ਮੰਨੇ-ਪ੍ਰਮੰਨੇ ਧਰਮ ਨੂੰ ਟੈਸਟ ਕੀਤਾ ਗਿਆ ਤਾਂ ਉਹ ਧਰਮ ਅਸਫਲ ਹੋ ਜਾਵੇਗਾ, ਸੱਚ ਵੀ ਹੋ ਸਕਦਾ ਹੈ, ਪ੍ਰੰਤੂ ਇਸ ਸੱਚਾਈ ਨਾਲ ਮਹਾਤਮਾ ਵਾਸਤੇ ਹਿੰਦੂਆਂ ਅਤੇ ਹਿੰਦੂਵਾਦ ਦਾ ਜੋਧਾ ਬਣਨ ਲਈ ਜ਼ਿਆਦਾ ਦੇਰ ਤਕ ਇਸ ਤੋਂ ਵੱਧ ਆਰਾਮਦਾਇਕ ਆਧਾਰ ਨਹੀਂ ਮਿਲਣਾ ਚਾਹੀਦਾ ਜਿਵੇਂ ਇਕ ਪਾਗਲ ਆਦਮੀ ਦੀ ਮੌਜੂਦਗੀ ਦੂਜੇ ਪਾਗਲ ਆਦਮੀ ਲਈ ਸੁਖਦਾਈ ਹੋਣੀ ਚਾਹੀਦੀ ਹੈ ਅਤੇ ਇਕ ਅਪਰਾਧੀ ਦੀ ਮੌਜੂਦਗੀ ਦੂਜੇ ਅਪਰਾਧੀ ਲਈ ਸੁਖਦਾਈ ਹੋਣੀ ਚਾਹੀਦੀ ਹੈ। ਮੈਂ ਮਹਾਤਮਾ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਹਿੰਦੂਆਂ ਅਤੇ ਹਿੰਦੂਵਾਦ ਦੀ ਕੇਵਲ ਅਫਸਲਤਾ ਹੀ ਨਹੀਂ ਜਿਸਨੇ ਮੇਰੇ ਵਿਚ ਨਿਰਾਸਤਾ ਅਤੇ ਉਲੰਘਣਾ ਦੀਆਂ ਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ ਅਤੇ ਜਿਨ੍ਹਾਂ ਬਾਰੇ ਮੇਰੇ ਤੇ ਦੋਸ਼ ਵੀ ਲਗਾਇਆ ਗਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਦੁਨੀਆਂ ਬਹੁਤ ਨਾਕਸ ਦੁਨੀਆਂ ਹੈ ਅਤੇ ਜੋ ਵੀ ਵਿਅਕਤੀ ਇਸ ਦੁਨੀਆਂ ਵਿਚ ਰਹਿਣਾ ਚਾਹੁੰਦਾ ਹੈ ਉਸਨੂੰ ਇਸ ਦੀਆਂ ਤਰੁੱਟੀਆਂ ਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਪ੍ਰੰਤੂ ਜਦੋਂ ਕਿ ਮੈਂ ਉਸ ਸਮਾਜ ਜਿਸ ਵਿਚ ਮੈਂ ਕੰਮ ਕਰਨ ਲਈ ਨਿਯਤ ਕੀਤਾ ਗਿਆ ਹਾਂ ਦੀਆਂ ਤਰੁੱਟੀਆਂ ਅਤੇ ਕਮੀਆਂ ਨੂੰ ਬਰਦਾਸ਼ਤ ਕਰਨ ਲਈ ਤਿਆਰ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਉਹ ਸਮਾਜ ਜੋ ਗ਼ਲਤ ਆਦਰਸ਼ਾਂ ਦੀ ਕਦਰ ਕਰਦਾ ਹੈ ਜਾਂ ਉਹ ਸਮਾਜ ਜਿਸ ਦੇ ਆਦਰਸ਼ ਸਹੀ ਹਨ ਅਤੇ ਉਹ ਇਸ ਦੇ ਸਮਾਜਕ ਜੀਵਨ ਨੂੰ ਉਸ ਦੇ ਆਦਰਸ਼ਾਂ ਦੇ ਅਨੁਕੂਲ ਲਿਆਉਣ ਲਈ ਸਹਿਮਤ ਨਹੀਂ ਹੁੰਦਾ, ਵਿਚ ਰਹਿਣ ਲਈ ਸਹਿਮਤ ਨਹੀਂ ਹੋਣਾ ਚਾਹੀਦਾ। ਜੇਕਰ ਮੈਂ ਹਿੰਦੂਆਂ ਅਤੇ ਹਿੰਦੂਵਾਦ ਨਾਲ

ਅਸੰਤੁਸ਼ਟ ਹਾਂ ਤਾਂ ਉਹ ਇਸ ਕਾਰਨ ਕਰਕੇ ਹੈ ਕਿ ਕਿਉਂਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਗ਼ਲਤ ਆਦਰਸ਼ਾਂ ਦੀ ਪਾਲਣਾ ਕਰਦੇ ਹਨ ਅਤੇ ਉਹ ਗ਼ਲਤ ਸਮਾਜਕ ਜੀਵਨ ਬਤੀਤ ਕਰਦੇ ਹਨ। ਹਿੰਦੂਆਂ ਅਤੇ ਹਿੰਦੂਵਾਦ ਨਾਲ ਮੇਰੀ ਲੜਾਈ ਉਨ੍ਹਾਂ ਦੇ ਸਮਾਜਕ ਆਚਰਣ ਵਿਚ ਤਰੁੱਟੀਆਂ ਕਰਕੇ ਨਹੀਂ ਹੈ। ਇਹ ਕਿਤੇ ਜ਼ਿਆਦਾ ਬੁਨਿਆਦੀ ਹੈ। ਇਹ ਉਨ੍ਹਾਂ ਦੇ ਆਦਰਸ਼ਾਂ ਕਰਕੇ ਹੈ।

## 11

ਮੇਰੇ ਵਿਚਾਰ ਵਿਚ ਹਿੰਦੂ ਸਮਾਜ ਵਿਚ ਇਖ਼ਲਾਕੀ ਤੌਰ ਤੇ ਨਵੀਂ ਰੂਹ ਫੂਕਣ ਦੀ ਲੋੜ ਹੈ ਜਿਸਨੂੰ ਮੁਲਤਵੀ ਕਰਨਾ ਖ਼ਤਰਨਾਕ ਹੈ। ਪ੍ਰਸ਼ਨ ਉਠਦਾ ਹੈ ਕਿ ਇਸ ਇਖ਼ਲਾਕੀ ਨਵਜੀਵਨ ਨੂੰ ਨਿਸ਼ਚਿਤ ਕੌਣ ਕਰ ਸਕਦਾ ਹੈ ਅਤੇ ਇਸਨੂੰ ਕੰਟਰੋਲ ਕੌਣ ਕਰ ਸਕਦਾ ਹੈ? ਸਪੱਸ਼ਟ ਤੌਰ ਤੇ ਕੇਵਲ ਉਹੀ ਕਰ ਸਕਦੇ ਹਨ ਜਿਨ੍ਹਾਂ ਨੂੰ ਦਿਮਾਗ਼ੀ ਤੌਰ ਤੇ ਨਵਜੀਵਨ ਮਿਲਿਆ ਹੈ ਅਤੇ ਉਹ ਜੋ ਦਿਮਾਗ਼ੀ ਤੌਰ ਤੇ ਪ੍ਰਾਪਤ ਕੀਤੀ ਮੁਕਤੀ ਸਦਕੇ ਦੋਸ਼ ਸਿੱਧੀ ਦਾ ਹੌਂਸਲਾ ਰਖਣ ਲਈ ਦ੍ਰਿੜ ਹਨ। ਜੇਕਰ ਇਸ ਮਿਆਰ ਤੋਂ ਦੇਖਿਆ ਜਾਵੇ ਤਾਂ ਹਿੰਦੂ ਨੇਤਾ ਜੋ ਮਹੱਤਤਾ ਰਖਦੇ ਹਨ, ਮੇਰੇ ਵਿਚਾਰ ਵਿਚ ਇਸ ਕੰਮ ਦੇ ਬਿਲਕੁਲ ਕਾਬਲ ਨਹੀਂ ਹਨ। ਇਹ ਕਹਿਣਾ ਅਸੰਭਵ ਹੈ ਕਿ ਉਨ੍ਹਾਂ ਵਿਚ ਦਿਮਾਗ਼ੀ ਤੌਰ ਤੇ ਆਰੰਭਕ ਨਵਜੀਵਨ ਆ ਗਿਆ ਹੈ। ਜੇਕਰ ਉਨ੍ਹਾਂ ਵਿਚ ਦਿਮਾਗ਼ੀ ਤੌਰ ਤੇ ਨਵਜੀਵਨ ਆ ਜਾਂਦਾ ਤਾਂ ਨਾ ਤਾਂ ਉਹ ਅਨਪੜ੍ਹ ਬਹੁ-ਗਿਣਤੀ ਵਾਂਗ ਆਪਣੇ ਆਪਨੂੰ ਭੁਲੇਖੇ ਵਿਚ ਪਾਉਂਦੇ ਅਤੇ ਨਾ ਹੀ ਉਹ ਦੂਜਿਆਂ ਦੀ ਪੁਰਾਤਨ ਅਨਪੜ੍ਹਤਾ ਜਾਂ ਜਹਾਲਤ ਦਾ ਫ਼ਾਇਦਾ ਉਠਾਉਂਦੇ ਜਿਵੇਂ ਕਿ ਹਰ ਵਿਅਕਤੀ ਉਨ੍ਹਾਂ ਨੂੰ ਇਸ ਤਰ੍ਹਾਂ ਕਰਦੇ ਹੋਇਆਂ ਦੇਖਦਾ ਹੈ।

ਹਿੰਦੂ ਸਮਾਜ ਦੀ ਟੁੱਟ ਰਹੀ ਸਥਿਤੀ ਦੇ ਹੁੰਦਿਆਂ ਹੋਇਆਂ ਵੀ ਇਹ ਨੇਤਾ ਢੀਠ ਹੋ ਕੇ ਵੀ ਉਨ੍ਹਾਂ ਪੁਰਾਣੇ ਆਦਰਸ਼ਾਂ ਨੂੰ ਹੀ ਚੰਗਾ ਕਹਿਣਗੇ ਜਿਨ੍ਹਾਂ ਦਾ ਵਰਤਮਾਨ ਨਾਲ ਹਰ ਪਖੋਂ ਕੋਈ ਵੀ ਸਬੰਧ ਨਹੀਂ ਰਿਹਾ ਭਾਵੇਂ ਉਹ ਆਪਣੀ ਉਤਪੱਤੀ ਦੇ ਦਿਨਾਂ ਵਿਚ ਢੁਕਵੇਂ ਸਨ ਅਤੇ ਜੋ ਅੱਜ ਕਲ੍ਹ ਇਕ ਪਥ-ਪ੍ਰਦਰਸ਼ਕ ਦੀ ਥਾਂ ਇਕ ਚੁਣੌਤੀ ਬਣ ਕੇ ਰਹਿ ਗਏ ਹਨ। ਉਹ ਅਜੇ ਵੀ ਪੁਰਾਣੇ ਰੀਤੀ-ਰਿਵਾਜਾਂ ਦਾ ਅਲੌਕਿਕ ਸਤਿਕਾਰ ਕਰਦੇ ਹਨ, ਜਿਹੜੇ ਉਨ੍ਹਾਂ ਨੂੰ ਉਨ੍ਹਾਂ ਦੇ ਸਮਾਜ ਦੇ ਮੂਲ ਸਿਧਾਂਤਾਂ ਦੀ ਕਿਸੇ ਵੀ ਜਾਂਚ ਦੀ ਵਿਰੋਧਤਾ ਕਰਨ ਤੋਂ ਦੂਰ ਰਖਦੇ ਹਨ। ਹਿੰਦੂ ਬਹੁ-ਗਿਣਤੀ ਨੂੰ ਆਪਣੇ ਵਿਸ਼ਵਾਸਾਂ ਦੀ ਬਣਤਰ ਵਿਚ ਭਰੋਸਾ ਨਹੀਂ ਹੈ। ਇਸੇ ਤਰ੍ਹਾਂ ਹਿੰਦੂ ਨੇਤਾ ਹਨ ਅਤੇ ਭੈੜੀ ਗੱਲ ਤਾਂ ਇਹ ਹੈ ਕਿ ਹਿੰਦੂ ਨੇਤਾਵਾਂ ਵਿਚ ਜਦੋਂ ਕੋਈ ਉਨ੍ਹਾਂ ਦੀ ਸਰਵ ਉਚਤਾ ਨੂੰ ਖੋਹਣ ਦਾ ਪ੍ਰਸਤਾਵ ਰਖਦਾ ਹੈ, ਅਪਣੇ ਵਿਸ਼ਵਾਸਾਂ ਪ੍ਰਤੀ ਅਨੁਚਿਤ ਉਤਸ਼ਾਹ ਪੈਦਾ ਹੋ ਜਾਂਦਾ ਹੈ। ਮਹਾਤਮਾ ਇਸ ਤੋਂ ਬਾਹਰ ਨਹੀਂ ਹੈ। ਮਹਾਤਮਾ ਸੋਚ-ਵਿਚਾਰ ਵਿਚ ਵਿਸ਼ਵਾਸ ਨਹੀਂ ਰਖਦਾ। ਉਹ ਸੰਤਾਂ ਦੇ ਪਿਛੇ ਲਗਣ ਨੂੰ ਤਰਜੀਹ ਦਿੰਦਾ ਹੈ। ਜਿਵੇਂ ਇਕ ਰੂੜੀਵਾਦੀ ਆਪਣੇ ਪਵਿੱਤਰ ਖ਼ਿਆਲਾਂ ਨੂੰ ਸਤਿਕਾਰ ਦਿੰਦਾ ਹੈ, ਉਸ ਨੂੰ ਡਰ ਹੈ ਕਿ ਜੇਕਰ ਇਕ ਵਾਰ ਉਸ ਨੇ ਸੋਚਣਾ ਆਰੰਭ ਕਰ ਦਿੱਤਾ ਤਾਂ ਉਸਦੇ ਕਈ ਆਦਰਸ਼ ਅਤੇ ਸੰਸਥਾਵਾਂ ਜਿਨ੍ਹਾਂ ਨਾਲ ਉਹ ਜੁੜਿਆ ਹੋਇਆ ਹੈ, ਤਬਾਹ ਹੋ ਜਾਣਗੇ। ਉਸ ਨਾਲ ਹਮਦਰਦੀ ਜ਼ਰੂਰ ਕਰਨੀ ਚਾਹੀਦੀ ਹੈ। ਆਜ਼ਾਦ ਸੋਚ-ਵਿਚਾਰ ਦੀ ਹਰ ਇਕ ਕ੍ਰਿਆ ਸਪੱਸ਼ਟ ਰੂਪ ਸਥਿਰ ਸੰਸਾਰ

ਦੇ ਕੁਝ ਹਿੱਸੇ ਨੂੰ ਖਤਰੇ ਵਿਚ ਪਾ ਦਿੰਦੀ ਹੈ। ਪ੍ਰੰਤੂ ਇਹ ਵੀ ਇਕ ਸੱਚਾਈ ਹੈ ਕਿ ਸੰਤਾਂ ਤੇ ਨਿਰਭਰ ਹੋਕੇ ਅਸੀਂ ਸੱਚਾਈ ਦਾ ਪਤਾ ਨਹੀਂ ਲਗਾ ਸਕਦੇ। ਆਖ਼ਰ ਸੰਤ ਵੀ ਤਾਂ ਇਨਸਾਨ ਹੀ ਹਨ ਅਤੇ ਜਿਸ ਤਰ੍ਹਾਂ ਲਾਰਡ ਬਾਲਫੋਰ (Lord balfore) ਨੇ ਕਿਹਾ ਸੀ, "ਮਨੁੱਖੀ ਦਿਮਾਗ ਸੂਰ ਦੀਆਂ ਨਾਸਾਂ ਵਾਂਗੂ ਸੱਚਾਈ ਦੀ ਖੋਜ ਕਰਨ ਵਾਲਾ ਸਾਜ਼ੋ-ਸਾਮਾਨ ਨਹੀਂ ਹੈ", ਜਿਥੋਂ ਤੱਕ ਉਹ ਸੋਚਦਾ ਹੈ, ਮੈਨੂੰ ਉਹ ਸੱਚਮੁੱਚ ਹਿੰਦੂਆਂ ਤੇ ਪੁਰਾਤਨ ਸਮਾਜਕ ਢਾਂਚੇ ਦੀ ਮਦਦ ਕਰਨ ਲਈ ਕਾਰਨਾਂ ਦੀ ਖੋਜ ਕਰਨ ਵਿਚ ਆਪਣੀ ਲਿਆਕਤ ਦਾ ਦੁਰਉਪਯੋਗ ਕਰਦਾ ਜਾਪਦਾ ਹੈ। ਉਹ ਇਸ ਦਾ ਬਹੁਤ ਪ੍ਰਭਾਵਸ਼ਾਲੀ ਸਮਰਥਕ ਹੈ ਅਤੇ ਇਸ ਕਰਕੇ ਹਿੰਦੂਆਂ ਦਾ ਬਹੁਤ ਵੱਡਾ ਦੁਸ਼ਮਣ ਹੈ।

ਮਹਾਤਮਾ ਦੇ ਉਲਟ ਕਈ ਹਿੰਦੂ ਨੇਤਾ ਅਜਿਹੇ ਵੀ ਹਨ ਜਿਹੜੇ ਵਿਸ਼ਵਾਸ ਕਰਨ ਅਤੇ ਕਿਸੇ ਪਿਛੇ ਲਗਣ ਤੋਂ ਸੰਤੁਸ਼ਟ ਨਹੀਂ ਹਨ। ਉਹ ਆਪਣੀ ਸਮਝ ਦੇ ਅਨੁਸਾਰ ਸੋਚਣ ਅਤੇ ਕੰਮ ਕਰਨ ਦਾ ਹੌਸਲਾ ਕਰਦੇ ਹਨ ਪ੍ਰੰਤੂ ਜਦੋਂ ਲੋਕਾਂ ਦੀ ਬਹੁ-ਗਿਣਤੀ ਨੂੰ ਸਹੀ ਅਗਵਾਈ ਦੇਣ ਦਾ ਸਵਾਲ ਉਠਦਾ ਹੈ ਤਾਂ ਬਦਕਿਸਮਤੀ ਨਾਲ, ਉਹ ਜਾਂ ਤਾਂ ਬਹੁਤ ਜ਼ਿਆਦਾ ਬੇਈਮਾਨ ਜਾਂ ਬੇਪ੍ਰਵਾਹ ਹੋ ਜਾਂਦੇ ਹਨ। ਲਗਭਗ ਹਰ ਇਕ ਬ੍ਰਾਹਮਣ ਨੇ ਜ਼ਾਤ-ਪਾਤ ਦੇ ਨਿਯਮ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਬ੍ਰਾਹਮਣਾਂ ਦੀ ਗਿਣਤੀ ਜਿਹੜੇ ਜੁੱਤੀਆਂ ਵੇਚਦੇ ਹਨ ਪ੍ਰੋਹਤਪੁਣਾ ਕਰਨ ਵਾਲੇ ਬ੍ਰਾਹਮਣਾਂ ਤੋਂ ਕਿਤੇ ਵੱਧ ਹਨ। ਬ੍ਰਾਹਮਣਾਂ ਨੇ ਕਾਰੋਬਾਰ ਕਰਨ ਲਈ ਪ੍ਰੋਹਪੁਣੇ ਦੇ ਜੱਦੀ ਧੰਦਿਆਂ ਨੂੰ ਹੀ ਛੱਡਿਆ ਹੈ ਪ੍ਰੰਤੂ ਉਹ ਕੰਮ ਕਰਨ ਲਗ ਪਏ ਹਨ ਜਿਹੜੇ ਉਨ੍ਹਾਂ ਨੂੰ ਸ਼ਾਸਤਰਾਂ ਦੁਆਰਾ ਮਨ੍ਹਾਂ ਕੀਤੇ ਗਏ ਹਨ ਫਿਰ ਵੀ ਕਿੰਨੇ ਕੁ ਬ੍ਰਾਹਮਣ ਅਜਿਹੇ ਹਨ ਜੋ ਜ਼ਾਤ-ਪਾਤ ਦੀ ਉਲੰਘਣਾ ਕਰਦੇ ਹਨ, ਜ਼ਾਤ-ਪਾਤ ਦੇ ਵਿਰੁੱਧ ਅਤੇ ਸ਼ਾਸਤਰਾਂ ਵਿਰੁੱਧ ਪ੍ਰਚਾਰ ਕਰਨਗੇ। ਜ਼ਾਤ-ਪਾਤ ਅਤੇ ਸ਼ਾਸਤਰਾਂ ਵਿਰੁੱਧ ਪ੍ਰਚਾਰ ਕਰਨ ਵਾਲੇ ਇਕ ਇਮਾਨਦਾਰ ਬ੍ਰਾਹਮਣ ਲਈ, ਕਿਉਂਕਿ ਉਸ ਵਿਹਾਰਕ ਪ੍ਰਵਿਰਤੀ ਅਤੇ ਨੈਤਿਕ ਵਿਵੇਕ ਜ਼ਾਤ-ਪਾਤ ਅਤੇ ਸ਼ਾਸਤਰਾਂ ਵਿਚ ਦ੍ਰਿੜ੍ਹ ਵਿਸ਼ਵਾਸ ਦਾ ਸਮਰਥਨ ਨਹੀਂ ਕਰ ਸਕਦੀ। ਇਥੇ ਸੈਂਕੜੇ ਅਜਿਹੇ ਬ੍ਰਾਹਮਣ ਹਨ ਜੋ ਹਰ ਰੋਜ਼ ਜ਼ਾਤ-ਪਾਤ ਦੀ ਪ੍ਰਥਾ ਨੂੰ ਤੋੜਦੇ ਹਨ ਅਤੇ ਸ਼ਾਸਤਰਾਂ ਦਾ ਕਚੂਮਰ ਕਢਦੇ ਹਨ ਪ੍ਰੰਤੂ ਉਹ ਜ਼ਾਤ-ਪਾਤ ਦੇ ਸਿਧਾਂਤ ਤੇ ਸ਼ਾਸਤਰਾਂ ਦੀ ਪ੍ਰਵਿਰਤਰਤਾ ਦੇ ਬਹੁਤ ਕੱਟੜ ਸਮਰਥਕ ਸਨ। ਇਹ ਦੋਹਰਾਪਣ ਕਿਉਂ? ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਜੇਕਰ ਲੋਕਾਂ ਦੀ ਬਹੁ-ਗਿਣਤੀ ਨੂੰ ਜ਼ਾਤ-ਪਾਤ ਦੀ ਗੁਲਾਮੀ ਤੋਂ ਮੁਕਤ ਕਰ ਦਿੱਤਾ ਤਾਂ ਉਹ ਇਕ ਵਰਗ ਵਜੋਂ ਬ੍ਰਾਹਮਣਾਂ ਦੀ ਸ਼ਕਤੀ ਅਤੇ ਪ੍ਰਤਿਸ਼ਠਾ ਲਈ ਇਕ ਖ਼ਤਰਾ ਬਣ ਜਾਣਗੇ। ਬੁੱਧੀਜੀਵੀ ਸ਼੍ਰੇਣੀ ਦੀ ਇਹ ਬੇਈਮਾਨੀ ਜੋ ਲੋਕਾਂ ਦੀ ਬਹੁ-ਗਿਣਤੀ ਨੂੰ ਉਨ੍ਹਾਂ ਦੀ ਸੋਚ ਸਮਝ ਦੇ ਸਿੱਟੇ ਦਾ ਹੱਲ ਪ੍ਰਦਾਨ ਕਰਨ ਤੋਂ ਇਨਕਾਰੀ ਹੈ, ਇਕ ਬਹੁਤ ਸ਼ਰਮਨਾਕ ਕਰਿਸ਼ਮਾ ਹੈ।

ਮੈਥਿਊ ਆਰਨਲਡ (Mathew arnold) ਦੇ ਸ਼ਬਦਾਂ ਵਿਚ ਹਿੰਦੂ "ਦੋ ਜਹਾਨਾਂ ਵਿਚਕਾਰ ਭਟਕ ਰਹੇ ਹਨ, ਇਕ ਉਹ ਜੋ ਬੇਜਾਨ ਹੈ, ਦੂਜਾ ਉਹ ਜਿਸ ਵਿਚ ਪੈਦਾ ਹੋਣ ਦੀ ਸ਼ਕਤੀ ਨਹੀਂ ਹੈ"। ਉਨ੍ਹਾਂ ਨੇ ਕਰਨਾ ਕੀ ਹੈ? ਉਹ ਮਹਾਤਮਾ ਜਿਸ ਪਾਸ ਉਹ ਰਹਿਨੁਮਾਈ ਦੀ ਪ੍ਰਾਰਥਨਾ ਕਰਦੇ ਹਨ, ਸੋਚ ਸਮਝ ਵਿਚ ਵਿਸ਼ਵਾਸ ਨਹੀਂ ਰਖਦਾ ਅਤੇ ਇਸ ਲਈ ਕਿਸੇ ਤਰ੍ਹਾਂ ਦੀ ਅਗਵਾਈ ਨਹੀਂ ਕਰ ਸਕਦਾ ਜਿਸ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਅਭਿਆਸੀ ਦੀ

ਕਸੌਟੀ ਤੇ ਖਰੀ ਉਤਰੇਗੀ। ਬੁੱਧੀਜੀਵੀ ਵਰਗ, ਜਿਨ੍ਹਾਂ ਵੱਲ ਲੋਕਾਂ ਦੀ ਬਹੁ-ਗਿਣਤੀ ਅਗਵਾਈ ਵਾਸਤੇ ਦੇਖਦੀ ਹੈ ਉਨ੍ਹਾਂ ਨੂੰ ਸਹੀ ਸਿਖਿਆ ਦੇਣ ਲਈ ਜਾਂ ਤਾਂ ਬਹੁਤ ਬੇਈਮਾਨ ਹੈ ਜਾਂ ਉਸ ਦੀ ਕੋਈ ਵੀ ਰੁਚੀ ਨਹੀਂ ਹੈ। ਇਸ ਮਹਾਨ ਦੁਖਾਂਤ ਦੀ ਅਸੀਂ ਗਵਾਹੀ ਭਰਦੇ ਹਾਂ। ਇਸ ਦੁਖਾਂਤ ਨੂੰ ਦੇਖਦੇ ਹੋਏ ਕੋਈ ਵਿਅਕਤੀ ਕੇਵਲ ਵਿਰਲਾਪ ਹੀ ਕਰ ਸਕਦਾ ਹੈ ਅਤੇ ਕਹਿ ਸਕਦਾ ਹੈ - ਓ ਹਿੰਦੂਓ, ਤੁਹਾਡੇ ਨੇਤਾ ਇਹੋ ਜਿਹੇ ਹੀ ਹੋਣ।

# ਭਾਗ II
# ਭਾਸ਼ਾਈ ਰਾਜਾਂ ਬਾਰੇ

# 3

# ਮਹਾਰਾਸ਼ਟਰ : ਇਕ ਭਾਸ਼ਾਈ ਪ੍ਰਾਂਤ

ਭਾਸ਼ਾਈ ਪ੍ਰਾਂਤ ਕਮਿਸ਼ਨ
ਨੂੰ
ਪੇਸ਼ ਕੀਤਾ ਗਿਆ ਵਿਵਰਣ

1948 ਦੇ ਸੰਸਕਰਣ ਤੋਂ 1948 ਵਿਚ
ਪਹਿਲੀ ਵਾਰ ਪ੍ਰਕਾਸ਼ਤ ਪੁਨਰ-ਪ੍ਰਕਾਸ਼ਨ

ਜਦੋਂ ਕੋਈ ਵਿਅਕਤੀ ਦੋ ਜਣਿਆਂ ਦਾ ਰਿਣੀ ਹੋ ਜਾਵੇ ਅਤੇ ਪਹਿਲਾ ਉਸ ਤੇ ਮੁਕੱਦਮਾ ਕਰ ਦੇਵੇ ਅਤੇ ਦੂਸਰਾ ਵੀ ਸਾਹਮਣੇ ਆ ਜਾਵੇ ਅਤੇ ਉਹ ਵੀ ਮੁਕੱਦਮਾ ਕਰ ਦੇਵੇ ਤਾਂ ਕਿਸ ਨਿਆਂ ਦੇ ਤਹਿਤ ਅਸੀਂ ਉਸ ਰਿਣ ਲੈਣ ਵਾਲੇ ਵਿਅਕਤੀ ਦੀ ਸਾਰੀ ਜਾਇਦਾਦ ਉਸ ਦੂਸਰੇ ਰਿਣਦਾਤਾ ਨੂੰ ਦਿਲਾ ਸਕਦੇ ਹਾਂ। ਉਸ ਨੂੰ ਤਾਂ ਕੇਵਲ ਇਤਨਾ ਹੀ ਵਿਸ਼ਵਾਸ ਦਿਲਾਇਆ ਜਾ ਸਕਦਾ ਹੈ ਕਿ ਸਾਡੇ ਕਾਨੂੰਨ ਦੇ ਅਨੁਸਾਰ ਤੁਰੰਤ ਉਸ ਨਾਲ ਪੂਰਾ ਨਿਆਂ ਕੀਤਾ ਜਾਵੇਗਾ। ਜੇ ਇਹ ਸਮਰਥ ਹੋਇਆ ਤਾਂ ਉਸ ਨੂੰ ਪੂਰਾ ਰਿਣ ਚੁਕਾਉਣ ਲਈ ਬੰਨ੍ਹਿਆ ਜਾ ਸਕਦਾ ਹੈ ਅਤੇ ਜੇਕਰ ਨਹੀਂ ਹੋਇਆ ਤਾਂ ਉਸ ਵਕਤ ਤਕ ਉਸ ਨੂੰ ਜੇਲ੍ਹ ਵਿਚ ਵੀ ਬੰਦ ਕੀਤਾ ਜਾ ਸਕਦਾ ਹੈ, ਜਦ ਤਕ ਉਹ ਉਸ ਨੂੰ ਛੁਡਾਉਣ ਲਈ ਸਹਿਮਤ ਨਾ ਹੋ ਜਾਵੇ। ਅਜਿਹੇ ਹਾਲਾਤ ਵਿਚ ਅਸੀਂ ਇਹ ਮੰਨਦੇ ਹਾਂ ਕਿ ਉਸ ਨੂੰ ਇਸ ਨਾਲ ਸੰਤੋਖ ਹੋ ਜਾਵੇਗਾ।

ਅੰਗ੍ਰੇਜ਼ੀ ਦੀ ਸੈਚੀ 1 ਵਿਚ ਭਾਰਤ ਦੇ ਆਜ਼ਾਦ ਹੋਣ ਤੋਂ ਪਹਿਲਾਂ ਦਾ ਜੋ ਅਪ੍ਰਮਾਣਿਕ ਮਾਨਚਿਤਰ ਦਿੱਤਾ ਗਿਆ ਹੈ, ਉਸ ਨੂੰ ਅਸੀਂ ਇਸ ਅਧਿਆਇ ਦੇ ਅੰਤ ਵਿਚ ਪਾਠਕਾਂ ਦੀ ਸਹੂਲਤ ਲਈ ਉਸੇ ਰੂਪ ਵਿਚ ਪੇਸ਼ ਕਰ ਰਹੇ ਹਾਂ।

*ਸੰਪਾਦਕ*

# ਮਹਾਰਾਸ਼ਟਰ ਇਕ ਭਾਸ਼ਾਈ ਪ੍ਰਾਂਤ

## ਭਾਗ 1

## ਭਾਸ਼ਾਈ ਪ੍ਰਾਂਤਾਂ ਦੇ ਨਿਰਮਾਣ ਦੀ ਸਮੱਸਿਆ

ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਦੇ ਪ੍ਰਸ਼ਨਾਂ ਨੇ ਨਾ ਕੇਵਲ ਪਾਰਟੀ ਪੱਖਪਾਤ ਅਤੇ ਪਾਰਟੀ ਹਿਤਾਂ ਵਿਚੋਂ ਉਤਪੰਨ ਹੋਣ ਵਾਲੇ ਵਿਵਾਦ ਨੂੰ ਜਨਮ ਦਿੱਤਾ ਹੈ ਬਲਕਿ ਇਸਨੇ ਅਜਿਹੇ ਪ੍ਰਾਂਤਾਂ ਦੇ ਲਾਭਦਾਇਕ ਹੋਣ ਬਾਰੇ ਵੀ ਅੰਤਰ ਵਿਚਾਰ ਨੂੰ ਜਨਮ ਦਿੱਤਾ ਹੈ। ਵਿਵਾਦ ਦੇ ਨੁਕਤਿਆਂ ਦਾ ਸਬੰਧ ਨਿਕਟਵਰਤੀ ਪ੍ਰਾਂਤਾਂ ਦੇ ਇਲਾਕਿਆਂ ਉਤੇ ਦਾਅਵੇ ਅਤੇ ਵਿਰੋਧੀ ਦਾਅਵੇ ਕਰਨ ਦੇ ਨਾਲ ਨਾਲ ਅਜਿਹੇ ਇਲਾਕਿਆਂ ਨੂੰ ਇਕ ਦੂਜੇ ਵਿਚ ਮਿਲਾਉਣ ਦੀਆਂ ਸ਼ਰਤਾਂ ਨਾਲ ਹੈ। ਜਿਥੋਂ ਤੱਕ ਮਹਾਰਾਸ਼ਟਰ ਪ੍ਰਾਂਤ ਦੀ ਉਤਪਤੀ ਬਾਰੇ ਸਵਾਲ ਹੈ, ਮੈਂ ਅਜਿਹੇ ਨੁਕਤਿਆਂ ਬਾਰੇ ਬਾਅਦ ਵਿਚ ਵਰਣਨ ਕਰਾਂਗਾ। ਮੈਂ ਪਹਿਲਾਂ ਭਾਸ਼ਾਈ ਆਧਾਰ ਤੇ ਪ੍ਰਾਂਤ ਬਣਾਉਣ ਦੀ ਤਜਵੀਜ਼ ਦੇ ਗੁਣਾਂ ਦਾ ਵਰਨਣ ਕਰਾਂਗਾ।

### ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਦੀ ਮੰਗ ਮੰਤਵ

2. ਭਾਸ਼ਾਈ ਆਧਾਰ ਤੇ ਪ੍ਰਾਂਤ ਬਣਾਉਣ ਦੀ ਮੰਗ ਦੇ ਪਿਛੇ ਸੰਭਵ ਕੀ ਹੈ? ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਦੀ ਵਕਾਲਤ ਕਰਨ ਵਾਲੇ ਆਮ ਤੌਰ ਤੇ ਅਜਿਹਾ ਇਸ ਲਈ ਕਰਦੇ ਹਨ ਕਿਉਂ ਜੋ ਉਹ ਵਿਸ਼ਵਾਸ ਕਰਦੇ ਹਨ ਕਿ ਪ੍ਰਾਂਤਾਂ ਦੀਆਂ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਵੱਖੋ ਵੱਖ ਹਨ। ਇਸ ਲਈ ਇਨ੍ਹਾਂ ਨੂੰ ਆਪਣੀਆਂ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਨੂੰ ਵਿਕਸਤ ਕਰਨ ਲਈ ਪੂਰਾ ਅਵਸਰ ਮਿਲਣਾ ਚਾਹੀਦਾ ਹੈ। ਦੂਸਰੇ ਸ਼ਬਦਾਂ ਵਿਚ ਪ੍ਰਾਂਤਾਂ ਕੋਲ ਸੁਤੰਤਰ ਰਾਸ਼ਟਰੀਅਤਾ ਦੇ ਸਾਰੇ ਤੱਤ ਹਨ ਅਤੇ ਉਨ੍ਹਾਂ ਨੂੰ ਪੂਰਨ ਰਾਸ਼ਟਰ ਬਣਨ ਲਈ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ।

### ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਤੋਂ ਉਤਪੰਨ ਹੋਣ ਵਾਲੀਆਂ ਕਠਿਨਾਈਆਂ

3. ਅਜਿਹੇ ਭਾਸ਼ਾਈ ਆਧਾਰ ਤੇ ਪ੍ਰਾਂਤਾਂ ਨੂੰ ਬਣਾਉਣ ਦੇ ਪ੍ਰਸ਼ਨ ਤੇ ਵਿਚਾਰ ਕਰਨ ਲਈ ਇਸ ਸੱਚ ਨੂੰ ਨਜ਼ਰ-ਅੰਦਾਜ਼ ਕਰਨਾ ਸ਼ਾਇਦ ਤੰਗ-ਨਜ਼ਰੀ ਹੋਵੇਗੀ ਕਿ ਭਵਿੱਖ ਵਿਚਲੇ ਭਾਰਤ ਸਰਕਾਰ ਦੇ ਢਾਂਚੇ ਦਾ ਸਰੂਪ ਜੋ ਦੂਹਰੀ ਪ੍ਰਣਾਲੀ ਵਾਲਾ ਹੋਵੇਗਾ : (ੳ) ਕੇਂਦਰੀ ਸਰਕਾਰ ਅਤੇ (ਅ) ਅਨੇਕਾਂ ਪ੍ਰਾਂਤੀ ਸਰਕਾਰਾਂ ਜੋ ਆਪਣੇ ਆਪਣੇ ਵਿਧਾਨਕ, ਕਾਰਜਕਾਰੀ ਅਤੇ ਪ੍ਰਬੰਧਕੀ ਕਾਰਜਾਂ ਨੂੰ ਨਜਿੱਠਣ ਲਈ ਜਟਿਲ ਰੂਪ ਵਿਚ ਉਲਝੀਆਂ ਹੋਈਆਂ ਅਤੇ ਪਰਸਪਰ ਹੋਣਗੀਆਂ। ਇਸ ਲਈ ਭਾਸ਼ਾ ਦੇ ਆਧਾਰ ਤੇ ਪ੍ਰਾਂਤ ਬਣਾਉਣ ਲਈ ਰਾਜ਼ੀ ਹੋਣ ਤੋਂ ਪਹਿਲਾਂ,

ਇਨ੍ਹਾਂ ਸਰਕਾਰਾਂ ਦਾ ਕੇਂਦਰ ਸਰਕਾਰ ਉਤੇ ਪੈਣ ਵਾਲੇ ਪ੍ਰਭਾਵ ਤੇ ਵਿਚਾਰ ਕਰ ਲੈਣਾ ਜ਼ਰੂਰੀ ਹੈ।

4. ਪੈਦਾ ਹੋਣ ਵਾਲੇ ਕਈ ਪ੍ਰਭਾਵਾਂ ਵਿਚੋਂ ਹੇਠ ਲਿਖੇ ਕੁਝ ਪ੍ਰਭਾਵ ਸਪੱਸ਼ਟ ਹਨ :

(ੳ) ਭਾਸ਼ਾਈ ਪ੍ਰਾਂਤ ਉਤਨੇ ਹੀ ਰਾਸ਼ਟਰਾਂ ਨੂੰ ਉਤਪੰਨ ਕਰਨਗੇ, ਜਿੰਨੇ ਵਰਗ ਹੋਣਗੇ ਜਿਨ੍ਹਾਂ ਨੂੰ ਆਪਣੀ ਜ਼ਾਤੀ, ਭਾਸ਼ਾ ਅਤੇ ਸਾਹਿਤ ਤੇ ਮਾਣ ਹੈ। ਕੇਂਦਰੀ ਵਿਧਾਨ ਮੰਡਲ ਰਾਸ਼ਟਰਾਂ ਦਾ ਇਕ ਸੰਘ (ਲੀਗ ਆਫ ਨੇਸ਼ਨਜ਼) ਹੋਵੇਗੀ ਅਤੇ ਕੇਂਦਰੀ ਕਾਰਜ ਕਾਰਣੀ ਵੱਖਰੇ ਅਤੇ ਨਿੱਗਰ ਰਾਸ਼ਟਰਾਂ ਦੀ ਸਭਾ ਬਣ ਜਾਏਗੀ। ਇਹ ਆਪਣੀ ਸਭਿਅਤਾ ਵਿਚ ਵੱਖਰੇ ਹੋਣ ਦੀ ਜਾਗ੍ਰਿਤੀ ਦੀ ਸੋਚ ਨਾਲ ਭਰੇ ਹੋਣਗੇ ਅਤੇ ਇਸ ਤਰ੍ਹਾਂ ਇਨ੍ਹਾਂ ਦੇ ਵੱਖਰੇ ਹਿੱਤ ਹੋਣਗੇ। ਇਨ੍ਹਾਂ ਦੀ ਬੁੱਧੀ ਰਾਜਨੀਤਕ ਅਵੱਗਿਆ ਵਾਲੀ ਹੈ ਅਰਥਾਤ ਬਹੁ-ਗਿਣਤੀ ਦੇ ਹੁਕਮਾਂ ਨੂੰ ਨਾ ਮੰਨਣ ਵਾਲੀ ਜਾਂ ਸਭਾ ਤਿਆਗ ਕਰਨ ਵਾਲੀ ਬਣ ਸਕਦੀ ਹੈ। ਅਜਿਹੀ ਚੇਤਨਾ ਦਾ ਵਿਕਸਤ ਹੋਣਾ ਪੂਰੀ ਤਰ੍ਹਾਂ ਅਣਗੌਲਿਆ ਨਹੀਂ ਜਾ ਸਕਦਾ। ਜੇਕਰ ਅਜਿਹੀ ਚੇਤਨਾ ਪੈਦਾ ਹੁੰਦੀ ਹੈ ਤਾਂ ਇਹ ਆਸਾਨੀ ਨਾਲ ਕੇਂਦਰੀ ਸਰਕਾਰ ਦੇ ਕੰਮ ਕਰਨ ਨੂੰ ਅਸੰਭਵ ਬਣਾ ਸਕਦੀ ਹੈ।

(ਅ) ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਦੀ ਉਤਪਤੀ ਕੇਂਦਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਵਿਚਕਾਰ ਜ਼ਰੂਰੀ ਪ੍ਰਬੰਧਕੀ ਸਬੰਧਾਂ ਨੂੰ ਕਾਇਮ ਰੱਖਣ ਲਈ ਘਾਤਕ ਹੋਵੇਗੀ। ਜੇਕਰ ਇਕ ਇਕ ਪ੍ਰਾਂਤ ਆਪਣੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦੇ ਤੌਰ ਤੇ ਅਪਨਾਉਂਦਾ ਹੈ ਤਾਂ ਕੇਂਦਰੀ ਸਰਕਾਰ ਨੂੰ ਉਤਨੀਆਂ ਸਰਕਾਰੀ ਭਾਸ਼ਾਵਾਂ ਵਿਚ ਪੱਤਰ-ਵਿਹਾਰ ਕਰਨਾ ਪਵੇਗਾ ਜਿਤਨੇ ਭਾਸ਼ਾਈ ਪ੍ਰਾਂਤ ਹੋਣਗੇ। ਇਸਨੂੰ ਅਸੰਭਵ ਕਾਰਜ ਦੇ ਤੌਰ ਤੇ ਮੰਨਿਆ ਜਾਣਾ ਚਾਹੀਦਾ ਹੈ। ਭਾਸ਼ਾਈ ਪ੍ਰਾਂਤਾਂ ਦੇ ਨਿਆਂ-ਪ੍ਰਣਾਲੀ ਤੇ ਪ੍ਰਭਾਵਾਂ ਨੂੰ ਪੜ੍ਹ ਕੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਭਾਸ਼ਾਈ ਪ੍ਰਾਂਤ ਸਰਕਾਰੀ ਮਸ਼ੀਨਰੀ ਦੀ ਕਾਰਜ ਪ੍ਰਣਾਲੀ ਵਿਚ ਰੁਕਾਵਟ ਪਾਉਣਗੇ। ਨਵੇਂ ਢਾਂਚੇ ਵਿਚ ਹਰ ਇਕ ਪ੍ਰਾਂਤ ਦੀ ਆਪਣੀ ਉਚ-ਅਦਾਲਤ (ਹਾਈ ਕੋਰਟ) ਹੋਣ ਦੇ ਨਾਲ-ਨਾਲ, ਉਸਦੇ ਅਧੀਨ ਅਦਾਲਤਾਂ ਦੀ ਇਕ ਕੜੀ ਹੋਏਗੀ। ਇਨ੍ਹਾਂ ਉਚ-ਨਿਆਂਲਿਆਂ ਉਪਰ ਸਰਵ ਉਚ-ਨਿਆਂਲਿਆ (ਸੁਪਰੀਮ ਕੋਰਟ) ਹੋਵੇਗੀ, ਜਿਸ ਕੋਲ ਉਚ-ਨਿਆਂਲਿਆ ਦੇ ਫ਼ੈਸਲਿਆਂ ਵਿਰੁੱਧ ਅਪੀਲਾਂ ਸੁਨਣ ਦਾ ਅਧਿਕਾਰ ਹੋਵੇਗਾ। ਭਾਸ਼ਾਈ ਪ੍ਰਾਂਤਾਂ ਦੇ ਆਧਾਰ ਤੇ ਹਰ ਇਕ ਪ੍ਰਾਂਤ ਦੀਆਂ ਹਾਈ ਕੋਰਟ ਸਮੇਤ ਸਾਰੀਆਂ ਅਦਾਲਤਾਂ ਪ੍ਰਾਂਤ ਦੀ ਭਾਸ਼ਾ ਵਿਚ ਕੰਮ ਕਰਨਗੀਆਂ। ਕੀ ਕਰੇਗੀ ਸੁਪਰੀਮ ਕੋਰਟ, ਜਦੋਂ ਇਸਦੀ ਅਧਿਕਾਰ ਸੀਮਾ ਦਾ ਗਠਨ ਹਾਈ ਕੋਰਟ ਦੁਆਰਾ ਕੀਤੇ ਗਏ ਅਨਿਆਂ ਨੂੰ ਸੋਧਣ ਲਈ ਕੀਤਾ ਜਾਵੇਗਾ? ਸੁਪਰੀਮ ਕੋਰਟ ਦੇ ਹਰ ਇਕ ਜੱਜ ਨੂੰ ਮੈਂ ਇਕ ਪਲ ਲਈ ਭੁਲ ਰਿਹਾ ਹਾਂ ਕਿ ਉਥੇ ਪ੍ਰੈਕਟਿਸ ਕਰਨ ਵਾਲੇ ਹਰ ਇਕ ਵਕੀਲ ਨੂੰ ਵੀ ਹਰੇਕ ਪ੍ਰਾਂਤ ਦੀ ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੋਵੇਗਾ ਇਹ ਬਿਲਕੁਲ ਅਸੰਭਵ ਹੈ।

**ਭਾਸ਼ਾਈ ਪ੍ਰਾਂਤਾਂ ਦੇ ਨਿਰਮਾਣ ਤੋਂ ਲਾਭ**

5. ਇਹ ਸੱਚ ਹੈ ਕਿ ਭਾਸ਼ਾਈ ਪ੍ਰਾਂਤਾਂ ਦੀ ਤਜਵੀਜ਼ ਇਕ ਅਜਿਹੀ ਮੁਸ਼ਕਲ ਪੈਦਾ ਕਰਦੀ ਹੈ ਜੋ ਕਿ ਮਸਲੇ ਦੀ ਜੜ੍ਹ ਤੱਕ ਜਾਂਦੀ ਹੈ। ਇਥੋਂ ਤੱਕ ਕਿ ਇਹ ਭਾਰਤ ਦੀ ਏਕਤਾ ਤੇ ਅਸਰ ਕਰਦੀ ਹੈ। ਇਸ ਗੱਲ ਤੇ ਵੀ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਦੇ ਪੁਨਰਗਠਨ ਦੇ ਕੁਝ ਨਿਸਚਿਤ ਰਾਜਨੀਤਕ ਲਾਭ ਵੀ ਹਨ।

6. ਭਾਸ਼ਾਈ ਪ੍ਰਾਂਤਾਂ ਦੀ ਯੋਜਨਾ ਦਾ ਮੁੱਖ ਲਾਭ ਜੋ ਮੈਨੂੰ ਸਭ ਤੋਂ ਜ਼ਿਆਦਾ ਜਚਦਾ ਹੈ, ਉਹ ਇਹ ਹੈ ਕਿ ਭਾਸ਼ਾਈ ਪ੍ਰਾਂਤਾਂ ਵਿਚ ਲੋਕਤੰਤਰ ਰਲਗਡ ਪ੍ਰਾਂਤਾਂ ਨਾਲੋਂ ਚੰਗੀ ਤਰ੍ਹਾਂ ਕੰਮ ਕਰ ਸਕੇਗਾ। ਇਕ ਭਾਸ਼ਾਈ ਪ੍ਰਾਂਤ ਸਮਾਜਕ ਇਕਰੂਪਤਾ ਨੂੰ ਜਨਮ ਦਿੰਦਾ ਹੈ ਜੋ ਕਿ ਲੋਕਤੰਤਰ ਦੀ ਲੋੜ ਹੈ। ਲੋਕਾਂ ਦੀ ਇਕਰੂਪਤਾ ਉਨ੍ਹਾਂ ਦਾ ਸਾਂਝੀ ਉਤਪਤੀ ਵਿਚ ਵਿਸ਼ਵਾਸ, ਸਾਂਝੀ ਭਾਸ਼ਾ ਅਤੇ ਸਾਂਝੇ ਸਾਹਿਤਕ ਵਿਰਸੇ, ਉਨ੍ਹਾਂ ਦੀਆਂ ਸਾਂਝੀਆਂ ਇਤਿਹਾਸਕ ਰਵਾਇਤਾਂ, ਸਾਂਝੀਆਂ ਸਮਾਜਕ ਰੀਤੀਆਂ ਆਦਿ ਤੇ ਨਿਰਭਰ ਕਰਦੀ ਹੈ ਅਤੇ ਇਹ ਇਕ ਅਜਿਹੀ ਤਜਵੀਜ਼ ਹੈ ਜਿਸ ਨੂੰ ਕੋਈ ਵੀ ਸਮਾਜ ਸ਼ਾਸਤਰੀ ਝੁਠਲਾ ਨਹੀਂ ਸਕਦਾ। ਇਕ ਰਾਜ ਵਿਚ ਸਮਾਜਕ ਇਕਰੂਪਤਾ ਦੀ ਅਣਹੋਂਦ ਬੜੇ ਖਤਰਨਾਕ ਹਾਲਾਤ ਪੈਦਾ ਕਰ ਸਕਦੀ ਹੈ। ਖਾਸ ਤੌਰ ਤੇ ਜਿਥੇ ਅਜਿਹੇ ਰਾਜ ਦੀ ਉਸਾਰੀ ਲੋਕਤੰਤਰੀ ਢਾਂਚੇ ਤੇ ਕੀਤੀ ਗਈ ਹੋਵੇ। ਇਤਿਹਾਸ ਗਵਾਹ ਹੈ ਕਿ ਲੋਕਤੰਤਰ ਅਜਿਹੇ ਰਾਜ ਵਿਚ ਕਦੇ ਸਫ਼ਲ ਨਹੀਂ ਹੋ ਸਕਦਾ, ਜਿਥੋਂ ਦੀ ਜਨਤਾ ਵਿਚ ਇਕਰੂਪਤਾ ਨਾ ਹੋਵੇ। ਜਿਥੇ ਵੱਖ-ਵੱਖ ਧਰਮਾਂ ਦੇ ਲੋਕ ਅਜਿਹੇ ਗੁੱਟਾਂ ਵਿਚ ਵੰਡੇ ਹੋਣ ਜੋ ਕਿ ਇਕ ਦੂਜੇ ਦੇ ਵਿਰੋਧੀ ਹੋਣ, ਅਜਿਹੇ ਰਾਜ ਵਿਚ ਲੋਕਤੰਤਰ, ਵਿਤਕਰੇ, ਉਪੇਖਿਆ, ਤਰਫ਼ਦਾਰੀ ਅਤੇ ਸੱਤਾ ਹਥਿਆ ਲੈਣ ਵਾਲੇ ਜੁੱਟਾਂ ਵਲੋਂ ਦੂਸਰੇ ਗੁੱਟਾਂ ਦੇ ਲੋਕਾਂ ਦੇ ਹੱਕਾਂ ਦਾ ਸੋਸ਼ਣ ਕਰਨ ਵਰਗੇ ਨਾਕਾਮਯਾਬ ਹੋਣ ਦਾ ਕਾਰਨ ਇਹ ਹੈ ਕਿ ਅਜਿਹੇ ਸਮਾਜ ਵਿਚ ਸੱਤਾ ਨਿਰਪੱਖਤਾ, ਯੋਗਤਾ ਅਤੇ ਸਭ ਦੀ ਭਲਾਈ ਲਈ ਵਰਤੀ ਜਾਂਦੀ ਹੈ। ਦੂਜੇ ਪਾਸੇ ਅਜਿਹਾ ਰਾਜ ਜਿਥੇ ਇਕੋ ਜ਼ਾਤੀ ਦੇ ਲੋਕ ਵਸਦੇ ਹੋਣ, ਉਹ ਲੋਕਤੰਤਰ ਦੇ ਅਸਲੀ ਟੀਚਿਆਂ ਨੂੰ ਹਾਸਲ ਕਰਨ ਲਈ ਕਾਮਯਾਬ ਹੋ ਸਕਦਾ ਹੈ, ਕਿਉਂਕਿ ਅਜਿਹੇ ਰਾਜ ਵਿਚ ਕੋਈ ਬਣਾਉਟੀ ਹੱਦਾਂ ਜਾਂ ਵਿਚਾਰ ਵਿਰੋਧ ਨਹੀਂ ਹੁੰਦਾ ਜੋ ਕਿ ਉਥੇ ਰਾਜਨੀਤਕ ਸੱਤਾ ਦੀ ਗ਼ਲਤ ਵਰਤੋਂ ਹੋ ਸਕੇ।

7. ਇਸ ਤੋਂ ਬਾਅਦ, ਜੇਕਰ ਲੋਕਤੰਤਰ ਨੇ ਚੰਗੀ ਤਰ੍ਹਾਂ ਵਿਕਾਸ ਕਰਨਾ ਹੈ ਤਾਂ ਰਾਜ ਦੇ ਵਿਸ਼ੇ ਇਸ ਤਰ੍ਹਾਂ ਵੰਡੇ ਜਾਣੇ ਚਾਹੀਦੇ ਹਨ ਤਾਂ ਕਿ ਉਥੇ ਇਕੋ ਜ਼ਾਤੀ ਦਾ ਇਕਹਿਰਾ ਗੁੱਟ ਕਾਇਮ ਕੀਤਾ ਜਾ ਸਕੇ। ਭਾਰਤ ਦੇ ਪ੍ਰਾਂਤਾਂ ਲਈ ਸੰਵਿਧਾਨ ਜੋ ਕਿ ਤਿਆਰ ਹੋਣ ਕਿਨਾਰੇ ਹੈ ਵਿਚ ਲੋਕਤੰਤਰ ਪ੍ਰਣਾਲੀ ਦੀ ਸਰਕਾਰ ਦੀ ਸਥਾਪਨਾ ਲਈ ਰੂਪ-ਅੰਕਿਤ ਕੀਤਾ ਗਿਆ ਹੈ। ਇਸ ਤੋਂ ਉਪਰੰਤ, ਹਰੇਕ ਪ੍ਰਾਂਤ ਵਿਚ ਲੋਕਤੰਤਰ ਦੀ ਕਾਮਯਾਬੀ ਲਈ ਉਸਦੀ ਵਸੋਂ ਦਾ ਸਮਜਾਤੀ ਹੋਣਾ ਲਾਜ਼ਮੀ ਹੈ। ਦੂਸਰੇ ਸ਼ਬਦਾਂ ਵਿਚ, ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਲੋਕਤੰਤਰੀ ਸੰਵਿਧਾਨ ਅਨੁਸਾਰ ਕੰਮ ਕਰਨ ਲਈ ਹਰੇਕ ਪ੍ਰਾਂਤ ਦੀ ਇਕ ਭਾਸ਼ਾਈ ਇਕਾਈ ਹੋਣੀ ਲਾਜ਼ਮੀ ਹੈ। ਇਸ ਤਰ੍ਹਾਂ ਇਕ ਭਾਸ਼ਾਈ ਪ੍ਰਾਂਤ ਦਾ ਸਮਰਥਨ ਕੀਤਾ ਜਾ ਸਕਦਾ ਹੈ।

**ਕੀ ਭਾਸ਼ਾਈ ਪ੍ਰਾਂਤਾਂ ਦੀ ਉਤਪਤੀ ਨੂੰ ਟਾਲਿਆ ਜਾ ਸਕਦਾ ਹੈ?**

੮. ਕੀ ਇਸ ਸਮੱਸਿਆ ਦੇ ਹੱਲ ਕਰਨ ਨੂੰ ਟਾਲਿਆ ਜਾ ਸਕਦਾ ਹੈ? ਇਸ ਸਬੰਧ ਵਿਚ

ਕਮਿਸ਼ਨ ਦੇ ਸਾਹਮਣੇ ਮੈਂ ਹੇਠ ਲਿਖੀਆਂ ਦਲੀਲਾਂ ਪੇਸ਼ ਕਰਦਾ ਹਾਂ :

(ੳ) ਭਾਸ਼ਾਈ ਪ੍ਰਾਂਤ ਦੀ ਮੰਗ ਕੋਈ ਨਵੀਂ ਨਹੀਂ ਹੈ ਅਤੇ ਛੇ ਪ੍ਰਾਂਤ ਜਿਵੇਂ ਕਿ (1) ਪੂਰਬੀ ਪੰਜਾਬ, (2) ਸੰਘੀ ਪ੍ਰਾਂਤ, (3) ਬਿਹਾਰ, (4) ਪੱਛਮੀ ਬੰਗਾਲ; (5) ਆਸਾਮ ਅਤੇ (6) ਉੜੀਸਾ ਪਹਿਲਾਂ ਹੀ ਭਾਸ਼ਾਈ ਪ੍ਰਾਂਤਾਂ ਵਜੋਂ ਹੋਂਦ ਵਿਚ ਹਨ। ਜਿਹੜੇ ਪ੍ਰਾਂਤ ਭਾਸ਼ਾ ਦੇ ਆਧਾਰ ਤੇ ਭਾਸ਼ਾਈ ਪ੍ਰਾਂਤ ਵਜੋਂ ਪੁਨਰਗਠਤ ਹੋਣ ਦੀ ਮੰਗ ਕਰ ਰਹੇ ਹਨ ਉਹ ਹਨ (1) ਬੰਬਈ (2) ਮਦਰਾਸ ਅਤੇ (3) ਕੇਂਦਰੀ ਪ੍ਰਾਂਤ। ਜਦ ਕਿ ਛੇ ਪ੍ਰਾਂਤਾਂ ਦੇ ਮਾਮਲੇ ਵਿਚ ਭਾਸ਼ਾਈ ਪ੍ਰਾਂਤਾਂ ਦਾ ਸਿਧਾਂਤ ਮੰਨਿਆ ਜਾ ਸਕਦਾ ਹੈ ਤਾਂ ਜੋ ਹੋਰ ਪ੍ਰਾਂਤ ਇਸ ਸਿਧਾਂਤ ਨੂੰ ਲਾਗੂ ਕਰਨ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਇੰਤਜ਼ਾਰ ਵਿਚ ਨਹੀਂ ਰੱਖਿਆ ਜਾ ਸਕਦਾ।

(ਅ) ਗ਼ੈਰ-ਭਾਸ਼ਾਈ ਰਾਜਾਂ ਦੀ ਸਥਿਤੀ ਜੇਕਰ ਖ਼ਤਰਨਾਕ ਨਹੀਂ ਤਾਂ ਉਤੇਜਿਤ ਕਰਨ ਵਾਲੀ ਜ਼ਰੂਰ ਹੈ ਅਤੇ ਇਹ ਸਥਿਤੀ ਪੁਰਾਤਨ ਤੁਰਕੀ ਸਾਮਰਾਜ ਜਾਂ ਪੁਰਾਤਨ ਔਸਟਰੋ-ਹੰਗੇਰੀਅਨ ਸਾਮਰਾਜਾਂ ਵਿਚ ਵਾਪਰਨ ਵਾਲੀ ਸਥਿਤੀ ਤੋਂ ਕਿਸੇ ਵੀ ਤਰ੍ਹਾਂ ਵੱਖਰੀ ਨਹੀਂ ਹੈ।

(ੲ) ਭਾਸ਼ਾਈ ਪ੍ਰਾਂਤਾਂ ਲਈ ਮੰਗ ਉਸੇ ਪ੍ਰਕਾਰ ਦੀ ਵਿਸਫੋਟਕ ਸ਼ਕਤੀ ਹੈ ਜੋ ਕਿ ਪੁਰਾਤਨ ਤੁਰਕੀ ਸਾਮਰਾਜ ਜਾਂ ਔਸਟਰੋ ਹੰਗੇਰੀਅਨ ਸਾਮਰਾਜਾਂ ਦੀ ਤਬਾਹੀ ਲਈ ਜ਼ਿੰਮੇਵਾਰ ਸੀ। ਚੰਗਾ ਇਹ ਹੀ ਹੈ ਕਿ ਇਸਨੂੰ ਇਤਨਾ ਗਰਮ ਨਾ ਹੋਣ ਦਿੱਤਾ ਜਾਵੇ ਕਿ ਇਸ ਦੇ ਵਿਸਫੋਟ ਨੂੰ ਰੋਕਣਾ ਮੁਸ਼ਕਲ ਹੋ ਜਾਵੇ।

(ਸ) ਉਸ ਸਮੇਂ ਤੱਕ ਭਾਸ਼ਾਈ ਪ੍ਰਾਂਤਾਂ ਦੀ ਤੱਤਪਰਤਾ ਜ਼ਿਆਦਾ ਨਹੀਂ ਸੀ ਜਦੋਂ ਤੱਕ ਪ੍ਰਾਂਤ ਸੰਵਿਧਾਨਕ ਤੌਰ ਤੇ ਲੋਕਤੰਤਰ ਨਹੀਂ ਸਨ ਅਤੇ ਜਦੋਂ ਤੱਕ ਉਨ੍ਹਾਂ ਕੋਲ ਜ਼ਿਆਦਾ ਪ੍ਰਭੂਤੱਵ ਸ਼ਕਤੀਆਂ ਨਹੀਂ ਸਨ ਜੋ ਕਿ ਉਨ੍ਹਾਂ ਨੂੰ ਨਵਾਂ ਸੰਵਿਧਾਨ ਪ੍ਰਦਾਨ ਕਰਦਾ ਹੈ। ਪ੍ਰੰਤੂ ਨਵੇਂ ਸੰਵਿਧਾਨ ਕਰਕੇ ਇਹ ਸਮੱਸਿਆ ਜ਼ਰੂਰੀ ਬਣ ਗਈ ਹੈ।

**ਮੁਸ਼ਕਲਾਂ ਦਾ ਹੱਲ**

9. ਜੇਕਰ ਸਮੱਸਿਆ ਨੂੰ ਤੁਰਤ ਨਜਿੱਠਣਾ ਜ਼ਰੂਰੀ ਹੋਵੇ ਤਾਂ ਇਸ ਦਾ ਕੀ ਉਪਾਅ ਹੋਵੇਗਾ? ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਉਪਾਅ ਦੋ ਸ਼ਰਤਾਂ ਪੂਰੀਆਂ ਕਰਨ ਵਾਲਾ ਹੋਣਾ ਚਾਹੀਦਾ ਹੈ। ਭਾਸ਼ਾਈ ਪ੍ਰਾਂਤਾਂ ਦੇ ਸਿਧਾਂਤ ਨੂੰ ਮੰਨਦੇ ਹੋਏ ਇਸ ਵਿਚ ਭਾਰਤ ਦੀ ਏਕਤਾ ਨੂੰ ਤੋੜਨ ਵਿਰੁੱਧ ਉਪਬੰਧ ਕੀਤਾ ਜਾਣਾ ਚਾਹੀਦਾ ਹੈ। ਇਸ ਸਮੱਸਿਆ ਦਾ ਉਪਾਅ ਲੱਭਣ ਲਈ ਮੇਰਾ ਸੁਝਾਅ ਹੈ ਕਿ ਪ੍ਰਾਂਤਾਂ ਨੂੰ ਭਾਸ਼ਾਈ ਆਧਾਰ ਤੇ ਪੁਨਰਗਠਨ ਕਰਨ ਦੀ ਮੰਗ ਨੂੰ ਸਵੀਕਾਰ ਕਰਦੇ ਸਮੇਂ ਸੰਵਿਧਾਨ ਵਿਚ ਅਜਿਹਾ ਉਪਬੰਧ ਹੋਵੇ ਕਿ ਹਰ ਇਕ ਪ੍ਰਾਂਤ ਦੀ ਸਰਕਾਰੀ ਭਾਸ਼ਾ ਉਹੀ ਹੋਣੀ ਚਾਹੀਦੀ ਹੈ ਜੋ ਕਿ ਕੇਂਦਰ ਸਰਕਾਰ ਦੀ ਸਰਕਾਰੀ ਭਾਸ਼ਾ ਹੋਵੇ। ਇਨ੍ਹਾਂ ਸ਼ਰਤਾਂ ਦੇ ਪੂਰੀਆਂ ਹੋਣ ਤੇ ਹੀ ਮੈਂ ਭਾਸ਼ਾਈ ਪ੍ਰਾਂਤਾਂ ਦੀ ਮੰਗ ਸਵੀਕਾਰ ਕਰਨ ਲਈ ਤਿਆਰ ਹਾਂ।

10. ਮੈਂ ਇਸ ਸੱਚ ਤੋਂ ਵਾਕਫ਼ ਹਾਂ ਕਿ ਮੇਰਾ ਸੁਝਾਅ ਇਸ ਸਮੇਂ ਹੋਂਦ ਵਿਚ ਭਾਸ਼ਈ ਪ੍ਰਾਂਤਾਂ ਦੀ ਇਸ ਧਾਰਣਾ ਦੇ ਉਲਟ ਹੈ ਕਿ ਭਾਸ਼ਾਈ ਪ੍ਰਾਂਤ ਦੀ ਭਾਸ਼ਾ ਹੀ ਸਰਕਾਰੀ ਭਾਸ਼ਾ ਹੋਣੀ ਚਾਹੀਦੀ

ਹੈ।ਮੈਨੂੰ ਭਾਸ਼ਾਈ ਪ੍ਰਾਂਤਾਂ ਤੇ ਕੋਈ ਇਤਰਾਜ਼ ਨਹੀਂ ਹੈ।ਪਰੰਤੂ ਮੈਨੂੰ ਪ੍ਰਾਂਤਾਂ ਦੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਏ ਜਾਣ ਤੇ ਸਖ਼ਤ ਇਤਰਾਜ਼ ਹੈ, ਪ੍ਰਾਂਤਾਂ ਦੀ ਭਾਸ਼ਾ ਕੇਂਦਰ ਦੀ ਸਰਕਾਰੀ ਭਾਸ਼ਾ ਤੋਂ ਵੱਖਰੀ ਹੈ। ਮੇਰਾ ਇਤਰਾਜ਼ ਹੇਠ ਲਿਖੀ ਸਮੀਖਿਆ ਤੇ ਨਿਰਭਰ ਕਰਦਾ ਹੈ :

(ੳ) ਭਾਸ਼ਾਈ ਪ੍ਰਾਂਤ ਬਣਾਉਣ ਦੇ ਵਿਚਾਰ ਦਾ ਇਸ ਪ੍ਰਸ਼ਨ ਨਾਲ ਕੋਈ ਸਬੰਧ ਨਹੀਂ ਸੀ ਕਿ ਉਸਦੀ ਸਰਕਾਰੀ ਬੋਲੀ ਕੀ ਹੋਵੇ।ਭਾਸ਼ਾਈ ਪ੍ਰਾਂਤ ਤੋਂ ਮੇਰਾ ਭਾਵ ਅਜਿਹੇ ਪ੍ਰਾਂਤ ਤੋਂ ਹੈ ਜਿਥੇ ਦੀ ਜਨਤਾ ਸਮਾਜਕ ਬਣਤਰ ਕਰਕੇ ਸਮਜਾਤੀ ਹੋਵੇ ਅਤੇ ਉਹ ਉਨ੍ਹਾਂ ਸਮਾਜਕ ਟੀਚਿਆਂ ਜੋ ਕਿ ਇਕ ਲੋਕਤੰਤਰੀ ਸਰਕਾਰ ਲਈ ਪੂਰੇ ਕਰਨੇ ਲਾਜ਼ਮੀ ਹੋਣ ਦੀ ਪੂਰਤੀ ਲਈ ਢੁੱਕਵੀਂ ਹੋਣੀ ਚਾਹੀਦੀ ਹੈ।ਮੇਰੇ ਵਿਚਾਰ ਵਿਚ ਇਕ ਭਾਸ਼ਾਈ ਪ੍ਰਾਂਤ ਦਾ ਉਥੋਂ ਦੀ ਭਾਸ਼ਾ ਨਾਲ ਕੋਈ ਵਾਸਤਾ ਨਹੀਂ। ਭਾਸ਼ਾਈ ਪ੍ਰਾਂਤਾਂ ਦੀ ਯੋਜਨਾ ਵਿਚ, ਭਾਸ਼ਾ ਨੂੰ ਲਾਜ਼ਮੀ ਤੌਰ ਤੇ ਆਪਣਾ ਰੋਲ ਅਦਾ ਕਰਨਾ ਪਵੇਗਾ।ਪਰੰਤੂ ਇਸ ਦਾ ਰੋਲ ਪ੍ਰਾਂਤ ਦੀ ਉਤਪਤੀ ਤਕ ਅਰਥਾਤ ਇਸਦੀਆਂ ਹੱਦਾਂ ਦੇ ਬਟਵਾਰੇ ਤੱਕ ਹੀ ਸੀਮਤ ਕੀਤਾ ਜਾ ਸਕਦਾ ਹੈ।ਭਾਸ਼ਾਈ ਪ੍ਰਾਂਤਾਂ ਦੀ ਯੋਜਨਾ ਵਿਚ ਇਹ ਵਿਵੇਕ ਪੂਰਣ ਨਹੀਂ ਜੋ ਸਾਨੂੰ ਪ੍ਰਾਂਤ ਦੀ ਭਾਸ਼ਾ ਨੂੰ ਹੀ ਉਥੇ ਦੀ ਸਰਕਾਰੀ ਭਾਸ਼ਾ ਬਣਾਉਣ ਲਈ ਮਜਬੂਰ ਹੋਣਾ ਪਵੇ। ਨਾ ਹੀ ਪ੍ਰਾਂਤ ਦੀ ਸਭਿਆਚਾਰਕ ਏਕਤਾ ਨੂੰ ਜ਼ਿੰਦਾ ਰੱਖਣ ਲਈ ਇਹ ਜ਼ਰੂਰੀ ਹੈ ਕਿ ਪ੍ਰਾਂਤ ਦੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਇਆ ਜਾਵੇ। ਕਿਉਂ ਜੋ ਜਿਸ ਪ੍ਰਾਂਤ ਦੀ ਸਭਿਆਚਾਰਕ ਏਕਤਾ ਪਹਿਲਾਂ ਹੀ ਹੋਂਦ ਵਿਚ ਹੋਵੇ ਉਹ ਭਾਸ਼ਾ ਤੋਂ ਇਲਾਵਾ ਹੋਰ ਅੰਸ਼ਾਂ ਜਿਵੇਂ ਕਿ ਸਾਂਝੀਆਂ ਇਤਿਹਾਸਕ ਰਵਾਇਤਾਂ, ਸਮਾਜਕ ਰੀਤੀ-ਰਿਵਾਜਾਂ ਦੀ ਸਾਂਝੀਵਾਲਤਾ ਇਤਿਆਦੀ ਕਰਕੇ ਜ਼ਿੰਦਾ ਰੱਖੀ ਜਾ ਸਕਦੀ ਹੈ। ਪਹਿਲਾਂ ਹੀ ਹੋਂਦ ਵਿਚ ਆਏ ਪ੍ਰਾਂਤਾਂ ਦੀ ਸਭਿਆਚਾਰਕ ਏਕਤਾ ਨੂੰ ਜਾਰੀ ਰੱਖਣ ਲਈ ਪ੍ਰਾਂਤਕ ਭਾਸ਼ਾ ਦਾ ਸਰਕਾਰੀ ਭਾਸ਼ਾ ਵਜੋਂ ਵਰਤਿਆ ਜਾਣਾ ਜ਼ਰੂਰੀ ਨਹੀਂ ਹੈ।ਕਿਸਮਤ ਨਾਲ ਪ੍ਰਾਂਤਵਾਦੀਆਂ ਲਈ ਇਹ ਕੋਈ ਖ਼ਤਰੇ ਵਾਲੀ ਗੱਲ ਨਹੀਂ ਕਿ ਇਕ ਮਰਾਠੀ, ਜੇਕਰ ਕੋਈ ਹੋਰ ਭਾਸ਼ਾ ਬੋਲਦਾ ਹੈ ਤਾਂ ਉਹ ਮਰਾਠੀ ਨਹੀਂ ਰਹਿੰਦਾ। ਇਸ ਤਰ੍ਹਾਂ ਜੇਕਰ ਇਕ ਤਾਮਿਲ ਵਾਸੀ, ਇਕ ਆਂਧਰਾ ਵਾਸੀ ਜਾਂ ਇਕ ਬੰਗਾਲੀ ਜੇਕਰ ਆਪਣੀ ਮਾਂ-ਬੋਲੀ ਛੱਡ ਕੇ ਕੋਈ ਹੋਰ ਬੋਲੀ ਬੋਲਦਾ ਹੈ ਤਾਂ ਉਸਦੇ ਤਾਮਿਲ, ਆਂਧਰਾ ਵਾਸੀ ਜਾਂ ਬੰਗਾਲੀ ਬਣੇ ਰਹਿਣ ਲਈ ਕੋਈ ਖ਼ਤਰਾ ਨਹੀਂ।

(ਅ) ਭਾਸ਼ਾਈ ਪ੍ਰਾਂਤਾਂ ਦੇ ਸਾਰੇ ਦੇ ਸਾਰੇ ਸਮਰਥਕ, ਬਿਨਾਂ ਸ਼ੱਕ ਇਸ ਵਿਚਾਰ ਦਾ ਪ੍ਰਗਟਾਉ ਕਰਦੇ ਹਨ ਕਿ ਉਨ੍ਹਾਂ ਦਾ ਪ੍ਰਾਂਤਾਂ ਨੂੰ ਵੱਖਰੇ ਰਾਸ਼ਟਰਾਂ ਵਿਚ ਬਦਲਣ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਦੀ ਨੇਕਨੀਤੀ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਪਰੰਤੂ ਇਹ ਕਹਿਣਾ ਵਾਜ਼ਬ ਹੈ ਕਿ ਅਕਸਰ ਕਈ ਵਾਰੀ ਹਾਲਾਤ ਗ਼ਲਤ ਰੂਪ ਅਖ਼ਤਿਆਰ ਕਰ ਜਾਂਦੇ ਹਨ, ਜਿਸਦਾ ਅਨੁਮਾਨ ਨਿਰਮਾਣ-ਕਰਤਾਵਾਂ ਨੇ ਕਦੇ ਵੀ ਨਹੀਂ ਲਗਾਇਆ ਹੁੰਦਾ। ਇਸ ਲਈ ਇਹ ਅਤਿ-

ਅਵੱਸ਼ਕ ਹੈ ਕਿ ਸ਼ੁਰੂ ਵਿਚ ਹੀ ਅਜਿਹੀ ਕਾਰਵਾਈ ਕੀਤੀ ਜਾਵੇ ਤਾਂਕਿ ਸਮਾਂ ਬਦਲਣ ਨਾਲ ਹਾਲਾਤ ਮਾੜਾ ਰੂਪ ਅਖ਼ਤਿਆਰ ਨਾ ਕਰ ਸਕਣ। ਇਸ ਲਈ, ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੈ ਕਿ ਇਕ ਦਿਸ਼ਾ ਵੱਲ ਗੰਢਾਂ ਖੁਲ੍ਹੀਆਂ ਕਰਨਾ ਕਿਸੇ ਦੂਸਰੀ ਦਿਸ਼ਾ ਵੱਲ ਉਨ੍ਹਾਂ ਦੇ ਕੱਸੇ ਜਾਣ ਨਾਲ ਜੁੜਿਆ ਹੋਇਆ ਹੈ।

(ੲ) ਜੇਕਰ ਇਹ ਸੁਭਾਵਕ ਹੀ ਹੁੰਦਾ ਹੈ ਕਿ ਪ੍ਰਾਂਤ ਭਾਸ਼ਾ ਹੀ ਪ੍ਰਾਂਤ ਦੀ ਸਰਕਾਰੀ ਭਾਸ਼ਾ ਹੋਣੀ ਚਾਹੀਦੀ ਹੈ, ਸਾਨੂੰ ਫਿਰ ਵੀ ਪ੍ਰਾਂਤਕ ਭਾਸ਼ਾ ਨੂੰ ਉਥੇ ਦੀ ਸਰਕਾਰੀ ਭਾਸ਼ਾ ਬਣਾਉਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਭਾਸ਼ਾਈ ਪ੍ਰਾਂਤ ਬਣਾਉਣ ਵਿਚ ਕੋਈ ਖ਼ਤਰਾ ਨਹੀਂ ਹੈ, ਖ਼ਤਰਾ ਅਜਿਹੇ ਭਾਸ਼ਾਈ ਪ੍ਰਾਂਤ ਬਣਾਉਣ ਵਿਚ ਹੈ, ਜਿਥੇ ਹਰੇਕ ਪ੍ਰਾਂਤ ਦੀ ਬੋਲੀ ਉਸ ਪ੍ਰਾਂਤ ਦੀ ਸਰਕਾਰੀ ਭਾਸ਼ਾ ਹੋਵੇ ਕਿਉਂ ਜੋ ਪ੍ਰਾਂਤਕ ਭਾਸ਼ਾਂ ਦੀ ਸਰਕਾਰੀ ਭਾਸ਼ਾਵਾਂ ਵਜੋਂ ਵਰਤੋਂ ਕਾਰਨ ਪ੍ਰਾਂਤਕ ਸਭਿਆਤਾਵਾਂ ਅਲੱਗ-ਥਲੱਗ, ਇਕਹਿਰੀਆਂ, ਮਜ਼ਬੂਤ (ਠੋਸ) ਹੋ ਜਾਣਗੀਆਂ। ਅਜਿਹਾ ਵਾਪਰਨ ਦੇਣਾ ਬਹੁਤ ਮੰਦਭਾਗਾ ਹੋਵੇਗਾ। ਅਜਿਹਾ ਹੋਣ ਨਾਲ ਪ੍ਰਾਂਤਾਂ ਨੂੰ ਆਜ਼ਾਦ ਰਾਸ਼ਟਰ ਬਣਨ ਦੇਣ ਦੀ ਆਗਿਆ ਦੇਣਾ ਹੋਵੇਗਾ, ਜਿਨ੍ਹਾਂ ਦੀ ਹਰ ਇਕ ਚੀਜ਼ ਵੱਖਰੀ ਹੋਵੇਗੀ ਅਤੇ ਇਸ ਤਰ੍ਹਾਂ ਭਾਰਤ ਦੀ ਏਕਤਾ ਦੀ ਤਬਾਹੀ ਦਾ ਰਸਤਾ ਖੁਲ੍ਹ ਜਾਵੇਗਾ। ਭਾਸ਼ਾਈ ਪ੍ਰਾਂਤਾਂ ਵਿਚ ਪ੍ਰਾਂਤ ਦੀ ਭਾਸ਼ਾ ਨੂੰ ਉਥੋਂ ਦੀ ਸਰਕਾਰੀ ਭਾਸ਼ਾ ਬਣਾਏ ਬਿਨਾਂ, ਪ੍ਰਾਂਤਕ ਸਭਿਅਤਾ ਚਲਦੀ ਰਹੇਗੀ, ਆਦਾਨ-ਪ੍ਰਦਾਨ ਦਾ ਰਸਤਾ ਖੁਲ੍ਹਾ ਰਹੇਗਾ। ਕਿਸੇ ਵੀ ਹਾਲਤ ਵਿਚ ਸਾਨੂੰ ਭਾਸ਼ਾਈ ਪ੍ਰਾਂਤਾਂ ਨੂੰ ਪ੍ਰਾਂਤਾਂ ਦੀਆਂ ਆਪਣੀਆਂ ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਬਣਾਉਣ ਦੀ ਆਗਿਆ ਨਹੀਂ ਦੇਣੀ ਚਾਹੀਦੀ।

11. ਸਰਬ ਭਾਰਤੀ ਸਰਕਾਰੀ ਭਾਸ਼ਾ ਨੂੰ ਭਾਵੇਂ ਉਹ ਪ੍ਰਾਂਤ ਦੀ ਭਾਸ਼ਾ ਤੋਂ ਵੱਖਰੀ ਹੋਵੇ, ਇਕ ਭਾਸ਼ਾਈ ਪ੍ਰਾਂਤ ਤੇ ਲਾਗੂ ਕਰਨਾ ਪ੍ਰਾਂਤਕ ਸਭਿਅਤਾ ਬਣਾਏ ਰੱਖਣ ਦੇ ਰਸਤੇ ਵਿਚ ਅੜਿੱਕਾ ਨਹੀਂ ਬਣ ਸਕਦਾ ਹੈ। ਸਰਕਾਰੀ ਭਾਸ਼ਾ ਕੇਵਲ ਸਰਕਾਰੀ ਕਬਜ਼ੇ ਵਾਲੇ ਖੇਤਰ ਵਿਚ ਹੀ ਵਰਤੀ ਜਾਵੇਗੀ। ਗ਼ੈਰ-ਸਰਕਾਰੀ ਖੇਤਰ ਜਾਂ ਜੋ ਅਸਲ ਵਿਚ ਸਭਿਆਚਾਰਕ ਖੇਤਰ ਹੋਵੇਗਾ, ਉਸ ਵਿਚ ਫਿਰ ਵੀ ਪ੍ਰਾਂਤਕ ਭਾਸ਼ਾ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸਰਕਾਰੀ ਭਾਸ਼ਾ ਅਤੇ ਗ਼ੈਰ-ਸਰਕਾਰੀ ਭਾਸ਼ਾ ਵਿਚ ਸਖ਼ਤ ਮੁਕਾਬਲਾ ਹੋ ਸਕਦਾ ਹੈ। ਇਕ ਭਾਸ਼ਾ ਦੂਸਰੀ ਭਾਸ਼ਾ ਨੂੰ ਸਭਿਆਚਾਰਕ ਖੇਤਰ ਵਿਚੋਂ ਕੱਢਣ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਇਸ ਨਾਲੋਂ ਚੰਗੀ ਕੋਈ ਗੱਲ ਨਹੀਂ। ਜੇਕਰ ਇਹ ਨਾ-ਕਾਮਯਾਬ ਹੋਵੇ ਫਿਰ ਵੀ ਇਸਦਾ ਕੋਈ ਜ਼ਿਆਦਾ ਨੁਕਸਾਨ ਨਹੀਂ। ਅਜਿਹੀ ਸਥਿਤੀ ਅਸਹਿਣਯੋਗ ਨਹੀਂ ਜਿਸ ਵਿਚ ਅਸੀਂ ਅੰਗ੍ਰੇਜ਼ੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਮੰਨਦੇ ਹਾਂ ਅਤੇ ਪ੍ਰਾਂਤਕ ਭਾਸ਼ਾ ਨੂੰ ਗ਼ੈਰ-ਸਰਕਾਰੀ ਭਾਸ਼ਾ ਵਜੋਂ ਮੰਨਦੇ ਹਾਂ। ਫ਼ਰਕ ਕੇਵਲ ਇਹ ਹੈ ਕਿ ਸਾਡੀ ਸਰਕਾਰੀ ਭਾਸ਼ਾ ਅੰਗ੍ਰੇਜ਼ੀ ਭਾਸ਼ਾ ਨਹੀਂ ਪ੍ਰੰਤੂ ਕੋਈ ਹੋਰ ਭਾਸ਼ਾ ਹੋਵੇਗੀ।

| ਇਲਾਕਾ | ਖੇਤਰ | ਕੁਲ ਵਸੋਂ | ਮਰਾਠੀ ਭਾਸ਼ਾ ਬੋਲਣ ਵਾਲੀ ਵਸੋਂ | ਮਰਾਠੀ ਭਾਸ਼ਾ ਬੋਲਣ ਵਾਲੀਵਸੋਂ ਦੀ ਕੁਲ ਵਸੋਂ ਨਾਲ ਪ੍ਰਤੀਸ਼ਤਤਾ |
|---|---|---|---|---|
| ਬੰਬਈ ਪ੍ਰੈਜੀਡੈਂਸੀ ਦੇ 12 ਜ਼ਿਲੇ | 47,284 | 1,29,13,544 | 1,00,45,100 | 77.8 |
| ਸੈਂਟਰਲ ਪ੍ਰੋਵਿਸ ਅਤੇ ਬਾਹਰ ਦੇ ਅੱਠ ਜ਼ਿਲੇ | 36,865 | 70,20,694 | 53,88,300 | 76.7 |
| ਕੁੱਲ | 84,151 | 1,99,34,238 | 1,54,33,400 | 77.4 |
| ਬੰਬਈ ਪ੍ਰੈਜੀਡੈਂਸੀ ਦੇ ਵਿਚਲੇ ਰਾਜ | 11,314 | 27,20,207 | 21,20,700 | 77.9 |
| ਹੈਦਰਾਬਾਦ ਰਾਜ ਦੇ ਮਰਾਠੀ ਬੋਲਦੇ ਜ਼ਿਲੇ | 22,766 | 42,49,272 | 32,99,300 | 77.6 |
| ਗੋਆ | 1,534 | 5,80,000 | 5,20,000 | 89.6 |
| ਬਸਤਰ ਦਾ ਰਾਜ | 13,701, | 6,33,888 | 2,12,300 | 33.5 |
| ਕੁੱਲ | 49,315 | 81,83,367 | 61,42,300 | -- |
| ਕੁੱਲ ਜੋੜ | 1,33,466 | 2,81,17,605 | 2,15,85,700 | 76,8 |

### ਤਸੱਲੀਯੋਗ ਹੱਲ ਦੀਆਂ ਲੋੜਾਂ

12. ਮੈਂ ਇਸ ਤੱਥ ਨੂੰ ਜਾਣਦਾ ਹਾਂ ਕਿ ਮੇਰਾ ਉਪਾਅ ਕੋਈ ਆਦਰਸ਼ ਉਪਾਅ ਨਹੀਂ ਹੈ। ਇਹ ਸੰਵਿਧਾਨ ਦੀ ਕਾਰਜ ਪ੍ਰਣਾਲੀ ਨੂੰ ਪ੍ਰਾਂਤਾਂ ਵਿਚ ਲੋਕਤੰਤਰੀ ਲੀਹਾਂ ਤੇ ਚਲਣ ਲਈ ਸੰਭਵ ਬਣਾਉਂਦਾ ਹੈ। ਪਰੰਤੂ ਇਹ ਕੇਂਦਰ ਵਿਚ ਸੰਵਿਧਾਨ ਦੀ ਲੋਕਤੰਤਰੀ ਕਾਰਜ ਕੁਸ਼ਲਤਾ ਨੂੰ ਸੰਭਵ ਨਹੀਂ ਬਣਾਉਂਦਾ। ਅਜਿਹਾ ਇਸ ਕਰਕੇ ਹੈ ਕਿ ਕੇਵਲ ਭਾਸ਼ਾਈ ਏਕਤਾ ਅਰਥਾਤ ਸਾਂਝੀ ਭਾਸ਼ਾ ਬੋਲਣ ਦੀ ਸਹੂਲੀਅਤ ਸਮਜਾਤੀਆਂ ਨੂੰ ਸੁਰੱਖਿਆ ਪ੍ਰਦਾਨ ਨਹੀਂ ਕਰ ਸਕਦੀ ਜੋ ਕਿ ਕੋਈ ਹੋਰ ਅੰਸ਼ਾਂ ਦਾ ਨਤੀਜਾ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕੇਂਦਰੀ ਵਿਧਾਨ ਮੰਡਲ ਵਿਚ ਪ੍ਰਾਂਤਾਂ ਵਲੋਂ ਚੁਣ ਕੇ ਭੇਜੇ ਗਏ ਨੁਮਾਇੰਦੇ ਉਹ ਹੀ ਰਹਿਣਗੇ ਜੋ ਉਹ ਹਨ, ਜਿਵੇਂ ਕਿ ਬੰਗਾਲੀ, ਤਾਮਿਲ, ਆਂਧਰਾ, ਮਹਾਰਾਸ਼ਟਰੀ ਵਗੈਰਾ-ਵਗੈਰਾ ਭਾਵੇਂ ਕਿ ਉਹ ਆਪਣੀ ਮਾਂ-ਬੋਲੀ ਦੀ ਬਜਾਏ ਕੇਂਦਰ ਦੀ ਸਰਕਾਰੀ ਭਾਸ਼ਾ ਬੋਲਦੇ ਹੋਣ। ਪਰੰਤੂ ਮੇਰੇ ਕੋਲ ਕੋਈ ਅਜਿਹਾ ਆਦਰਸ਼ ਉਪਾਅ ਨਹੀਂ ਹੈ ਜੋ ਕਿ ਤੁਰਤ ਲਾਗੂ ਕੀਤਾ ਜਾ ਸਕੇ। ਇਸ ਲਈ ਸਾਨੂੰ ਘੱਟ ਚੰਗੇ ਉਪਾਅ ਨਾਲ ਹੀ ਸੰਤੁਸ਼ਟ ਹੋਣਾ ਚਾਹੀਦਾ ਹੈ। ਸਾਨੂੰ ਕੇਵਲ ਇਕ ਗਲ ਦਾ ਯਕੀਨ ਹੋਣਾ ਚਾਹੀਦਾ ਹੈ ਕਿ ਜਿਹੜਾ ਵੀ ਉਪਾਅ ਅਸੀਂ ਤੁਰਤ ਅਪਣਾਉਣਾ ਹੈ ਉਹ ਦੋ ਸ਼ਰਤਾਂ ਪੂਰੀਆਂ ਕਰਦਾ ਹੋਣਾ ਚਾਹੀਦਾ ਹੈ।

(ੳ) ਇਹ ਆਦਰਸ਼ ਉਪਾਉ ਨਾਲੋਂ ਦੂਜੀ ਥਾਂ ਤੇ ਚੰਗਾ ਹੋਣਾ ਚਾਹੀਦਾ ਹੈ, ਅਤੇ

(ਅ) ਇਹ ਆਪਣੇ ਆਪ ਆਦਰਸ਼ ਬਣਨ ਯੋਗ ਹੋਣਾ ਚਾਹੀਦਾ ਹੈ।

ਇਨ੍ਹਾਂ ਸਮੀਖਿਆਵਾਂ ਦੀ ਰੌਸ਼ਨੀ ਦੇ ਨਿਰਣੇ ਵਿਚ ਮੈਂ ਇਹ ਕਹਿ ਸਕਦਾ ਹਾਂ ਕਿ ਜਿਸ ਉਪਾਅ ਦਾ ਮੈਂ ਸੁਝਾਅ ਦਿੱਤਾ ਹੈ, ਉਹ ਉਪਰੋਕਤ ਦੋਨਾਂ ਸ਼ਰਤਾਂ ਨੂੰ ਪੂਰੀਆਂ ਕਰਦਾ ਹੈ।

## ਭਾਗ 2

## ਕੀ ਮਹਾਰਾਸ਼ਟਰ ਸਮਰਥ ਦ੍ਰਿਸ਼ਟੀ ਤੋਂ ਸਰਬੰਗੀ ਪ੍ਰਾਂਤ ਬਣੇਗਾ?

## ਯੋਗਤਾ ਦੀ ਕਸੌਟੀ

13. ਵਿਸ਼ੇਸ਼ ਤੌਰ ਤੇ ਮਹਾਰਾਸ਼ਟਰ ਤੇ ਵਿਚਾਰ ਕਰਦੇ ਹੋਏ ਇਹ ਯਕੀਨ ਹੋਣਾ ਚਾਹੀਦਾ ਹੈ ਕਿ ਇਕ ਯੋਗ ਪ੍ਰਾਂਤ ਹੋਵੇਗਾ। ਇਕ ਯੋਗ ਪ੍ਰਾਂਤ ਵਜੋਂ ਪ੍ਰਮਾਣਿਤ ਕੀਤੇ ਜਾਣ ਲਈ ਇਸ ਪ੍ਰਾਂਤ ਨੂੰ ਕੁਝ ਖਾਸ ਸ਼ਰਤਾਂ ਤੇ ਖ਼ਰਾ ਉਤਰਣਾ ਚਾਹੀਦਾ ਹੈ। ਪ੍ਰਾਂਤ ਦਾ ਕੁਝ ਆਕਾਰ ਹੋਣਾ ਚਾਹੀਦਾ ਹੈ। ਇਸ ਵਿਚ ਰਹਿਣ ਲਈ ਵਸੋਂ ਹੋਣੀ ਚਾਹੀਦੀ ਹੈ। ਇਕ ਪ੍ਰਾਂਤ ਲਈ ਆਤਮ-ਨਿਰਭਰ ਹੋਣਾ ਹੀ ਕਾਫ਼ੀ ਨਹੀਂ ਜੋ ਕਿ ਕੋਈ ਵੀ ਪ੍ਰਾਂਤ ਖਰਚੇ ਘਟਾ ਕੇ ਬਣ ਸਕਦਾ ਹੈ, ਪਰੰਤੂ ਹਰੇਕ ਪ੍ਰਾਂਤ ਕੋਲ ਪ੍ਰਸ਼ਾਸਨ ਨੂੰ ਨਿਪੁੰਨਤਾ ਨਾਲ ਚਲਾਉਣ ਲਈ ਅਤੇ ਸਮਾਜਕ ਭਲਾਈ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਪਯੁਕਤ ਮਾਲੀਆ ਹੋਣਾ ਲਾਜ਼ਮੀ ਹੈ।

### ਕੀ ਮਹਾਰਾਸ਼ਟਰ ਸਮਰਥ ਹੈ??

14. ਕੀ ਮਹਾਰਾਸ਼ਟਰ ਇਨ੍ਹਾਂ ਪਰਖਾਂ ਵਿਚੋਂ ਪਾਸ ਹੁੰਦਾ ਹੈ। ਜਿਵੇਂ ਕਿ ਮਹਾਰਾਸ਼ਟਰ ਪ੍ਰਾਂਤ ਨੂੰ ਭਾਸ਼ਾਈ ਪ੍ਰਾਂਤ ਵਜੋਂ ਗਠਨ ਕੀਤਾ ਗਿਆ ਹੈ, ਹੇਠ ਲਿਖੇ ਅੰਕੜੇ ਭਾਸ਼ਾਈ ਪ੍ਰਾਂਤ ਵਜੋਂ ਗਠਨ

ਕੀਤੇ ਗਏ ਮਹਾਰਾਸ਼ਟਰ ਪ੍ਰਾਂਤ ਦਾ ਆਕਾਰ ਅਤੇ ਵਸੋਂ ਦਰਸਾਉਂਦੇ ਹਨ :

**ਮਹਾਰਾਸ਼ਟਰ ਦਾ ਖੇਤਰ ਅਤੇ ਵਸੋਂ**

15. ਉਪਰੋਕਤ ਸਾਰਨੀ ਮਹਾਰਾਸ਼ਟਰ ਪ੍ਰਾਂਤ ਦੇ ਅੰਕੜੇ ਦੋ ਰੂਪਾਂ ਵਿਚ ਦਰਸਾਉਂਦੀ ਹੈ (1) ਸੰਖਿਪਤ (2) ਅਸੰਖਿਪਤ। ਅਸੰਖਿਪਤ ਰੂਪ ਤੋਂ ਭਾਵ ਹੈ ਜੇਕਰ ਸਾਰੀ ਮਰਾਠੀ ਭਾਸ਼ਾ ਬੋਲਣ ਵਾਲੇ ਖੇਤਰ ਨੂੰ ਇਕ ਪ੍ਰਾਂਤ ਦੇ ਰੂਪ ਵਿਚ ਸੰਗਠਿਤ ਕੀਤਾ ਜਾਂਦਾ ਹੈ ਤਾਂ ਮਹਾਰਾਸ਼ਟਰ ਦਾ ਖੇਤਰਫਲ 1,33,466 ਵਰਗਮੀਲ ਹੁੰਦਾ ਅਤੇ ਇਸਦੀ ਵਸੋਂ ਦੀ ਗਿਣਤੀ 2,15,85,700 ਹੁੰਦੀ। ਸੰਖਿਪਤ ਰੂਪ ਤੋਂ ਭਾਵ ਹੈ ਜੇਕਰ ਪਲ ਭਰ ਲਈ ਰਾਜ ਵਿਚਲੇ ਮਰਾਠੀ ਬੋਲਦੀ ਵਸੋਂ ਵਾਲੇ ਖੇਤਰ ਇਸ ਵਿਚੋਂ ਕੱਢ ਦਿੱਤੇ ਜਾਣ, ਫਿਰ ਵੀ ਪ੍ਰਸਤਾਵਿਤ ਮਹਾਰਾਸ਼ਟਰ ਪ੍ਰਾਂਤ ਦਾ ਖੇਤਰ 84,151 ਵਰਗਮੀਲ ਹੁੰਦਾ ਅਤੇ ਇਸ ਦੀ ਵਸੋਂ 1,54,33,400 ਹੁੰਦੀ।

**ਮਹਾਰਾਸ਼ਟਰ ਦਾ ਮਾਲੀਆ**

17. ਪ੍ਰਾਂਤ ਦੇ ਮਾਲੀਏ ਵਾਲੇ ਪੱਖ ਵੱਲ ਪਰਤਦੇ ਹੋਏ, ਇਹ ਅਨੁਮਾਨ ਲਗਾਇਆ ਗਿਆ ਹੈ ਕਿ ਮੌਜੂਦਾ ਕਰ ਦੀ ਦਰ ਤੇ ਸੰਖਿਪਤ ਮਹਾਰਾਸ਼ਟਰ ਪ੍ਰਾਂਤ ਨੂੰ ਲਗਭਗ 25,61,51,000 ਰੁਪਏ ਦੀ ਸਾਲਾਨਾ ਰਾਸ਼ੀ ਇਕੱਠੀ ਹੋਵੇਗੀ।

**ਮਹਾਰਾਸ਼ਟਰ ਦੀ ਦੂਸਰੇ ਪ੍ਰਾਂਤਾਂ ਨਾਲ ਤੁਲਨਾ**

ਇਸ ਆਕਾਰ, ਵੱਸੋਂ ਦੀ ਗਿਣਤੀ ਅਤੇ ਅਜਿਹੇ ਮਾਲੀਏ ਵਾਲਾ ਪ੍ਰਾਂਤ ਯੋਗ ਹੋਵੇਗਾ ਕਿ ਨਹੀਂ ਇਸ ਗੱਲ ਦਾ ਅੰਦਾਜ਼ਾ ਲਗਾਉਣ ਲਈ ਕੁਝ ਤੁਲਨਾ ਕਰਨੀ ਜ਼ਰੂਰੀ ਹੈ। ਇਸ ਲਈ ਮੈਂ ਯੂ.ਐਸ.ਏ. (ਅਮਰੀਕਾ) ਵਿਚਲੇ ਪਹਿਲੇ ਜਾਂ ਸਭ ਤੋਂ ਵੱਡੇ ਅਤੇ 47ਵੇਂ ਜਾਂ ਸਭ ਤੋਂ ਛੋਟੇ ਰਾਜ ਦੇ ਆਕਾਰ ਅਤੇ ਵਸੋਂ ਸਬੰਧੀ ਅੰਕੜੇ ਹੇਠਾਂ ਦਰਜ ਕਰ ਰਿਹਾ ਹਾਂ :

| ਰਾਜ | ਵਰਗਮੀਲਾਂ ਵਿਚ ਖੇਤਰ |
|---|---|
| ਪਹਿਲਾ ਟੈਕਸਾਜ਼ | 2,67,339 |
| 47ਵਾਂ ਦੇਲਵੇਅਰ | 2,057 |

| ਰਾਜ | ਵਸੋਂ |
|---|---|
| ਪਹਿਲਾ ਨਿਊਯਾਰਕ | 1,26,32,890 |
| 47ਵਾਂ ਵਾਇਓਮਿੰਗ | 2,57,108 |

18. ਇਹ ਪ੍ਰਤੱਖ ਹੈ ਕਿ ਭਾਵੇਂ ਕੋਈ ਮਹਾਰਾਸ਼ਟਰ ਨੂੰ ਸੰਖਿਪਤ ਰੂਪ ਵਿਚ ਵੇਖੇ ਜਾਂ ਅਸੰਖਿਪਤ ਰੂਪ ਵਿਚ ਇਹ ਖੇਤਰ ਦੇ ਮੁਕਾਬਲੇ ਯੂ.ਐਸ.ਏ. (ਅਮਰੀਕਾ) ਦੇ ਛੋਟੇ ਤੋਂ ਛੋਟੇ ਰਾਜ ਦੇਲਾਵੇਅਰ ਨਾਲੋਂ ਕਈ ਗੁਣਾਂ ਵੱਡਾ ਹੋਵੇਗਾ ਅਤੇ ਨਿਊਯਾਰਕ ਨਾਲੋਂ ਵੀ ਕਈ ਗੁਣਾਂ ਵੱਡਾ ਹੋਵੇਗਾ ਜੋ ਕਿ ਯੂ.ਐਸ. ਏ. (ਅਮਰੀਕਾ) ਦਾ ਸਭ ਤੋਂ ਵੱਧ ਵਸੋਂ ਵਾਲਾ ਰਾਜ ਹੈ।

19. ਮਹਾਰਾਸ਼ਟਰ ਦੀ ਭਾਰਤ ਦੀ ਮੌਜੂਦਾ ਅਤੇ ਹੋਣ ਵਾਲੇ ਭਾਸ਼ਾਈ ਪ੍ਰਾਂਤਾਂ ਨਾਲ ਤੁਲਨਾ ਵੀ ਲਾਭਦਾਇਕ ਹੋ ਸਕਦੀ ਹੈ। ਉਨ੍ਹਾਂ ਦੀ ਖੇਤਰ, ਵਸੋਂ ਅਤੇ ਮਾਲੀਏ ਸਬੰਧੀ ਸਥਿਤੀ ਹੇਠ ਲਿਖੇ ਅਨੁਸਾਰ ਹੈ :

| ਪ੍ਰਾਂਤ | ਖੇਤਰ ਫਲ | ਵਸੋਂ | ਸਾਲਾਨਾ ਮਾਲੀਆ |
|---|---|---|---|
| **ਮੌਜਦਾ ਭਾਸ਼ਾਈ ਪ੍ਰਾਂਤ** | | | |
| ਯੂਨਾਈਟਡ ਪ੍ਰਾਂਤ | 1,06,247 | 5,50,20,617 | 32,65,08,00 |
| ਬਿਹਾਰ | 69,745 | 3,63,40,151 | 16,26,78,000 |
| ਉੜੀਸਾ | 32,198 | 82,28,544 | 4,60,62,000 |
| **ਨਵੇਂ ਭਾਸ਼ਾਈ ਪ੍ਰਾਂਤ** | | | |
| ਆਂਧਰਾ | 70,000 | 190,00,000 | --- |
| ਕਰਨਾਟਕਾ | 25,000 | 45,00,000 | --- |
| ਕੇਰਲਾ | 6,000 | 35,00,000 | |

ਉਪਰੋਕਤ ਅੰਕੜਿਆਂ ਦੀ ਜੇਕਰ ਮਹਾਰਾਸ਼ਟਰ ਦੇ ਅੰਕੜਿਆਂ ਨਾਲ ਤੁਲਨਾ ਕੀਤੀ ਜਾਵੇ ਤਾਂ ਨਿਰਸੰਦੇਹ ਮਹਾਰਾਸ਼ਟਰ ਨਾ ਕੇਵਲ ਇਕ ਸਮਰਥ ਪ੍ਰਾਂਤ ਹੋਵੇਗਾ, ਬਲਕਿ ਖੇਤਰ, ਵਸੋਂ ਅਤੇ ਮਾਲੀਏ ਦੇ ਆਧਾਰ ਤੇ ਇਕ ਤਾਕਤਵਰ ਪ੍ਰਾਂਤ ਹੋਵੇਗਾ।

## ਭਾਗ 3

## ਮਹਾਰਾਸ਼ਟਰ ਨੂੰ ਸੰਘੀ ਪ੍ਰਕਿਰਤੀ ਵਾਲਾ ਪ੍ਰਾਂਤ ਹੋਣਾ ਚਾਹੀਦਾ ਹੈ ਜਾਂ ਇਕਾਤਮਕ ਪ੍ਰਕਿਰਤੀ ਵਾਲਾ

20. ਮੈਂ ਹੁਣ ਉਨ੍ਹਾਂ ਨੁਕਤਿਆਂ ਤੇ ਵਿਚਾਰ ਕਰਾਂਗਾ ਜਿਹੜੇ ਵਿਵਾਦ ਦਾ ਵਿਸ਼ਾ ਬਣੇ ਹੋਏ ਹਨ। ਮਹਾਰਾਸ਼ਟਰ ਦੇ ਇਕ ਪ੍ਰਾਂਤ ਵਜੋਂ ਇਕੱਠੇ ਹੋਣ ਸਬੰਧੀ ਕੋਈ ਵਿਵਾਦ ਨਹੀਂ ਹੈ। ਵਿਵਾਦ ਦਾ ਸਬੰਧ ਇਸ ਨਾਲ ਹੈ ਕਿ ਇਸ ਨੂੰ ਕਿਸ ਢੰਗ ਨਾਲ ਇਕੱਠਿਆਂ ਕੀਤਾ ਜਾਵੇ। ਇਕ ਵਿਚਾਰ ਹੈ ਕਿ ਮਹਾਰਾਸ਼ਟਰ ਇਕਹਿਰੇ ਵਿਧਾਨ ਮੰਡਲ ਅਤੇ ਇਕਹਿਰੀ ਕਾਰਜ ਪ੍ਰਣਾਲੀ ਵਾਲਾ ਇਕਾਤਮਕ ਪ੍ਰਾਂਤ ਹੋਣਾ ਚਾਹੀਦਾ ਹੈ। ਦੂਸਰਾ ਵਿਚਾਰ ਹੈ ਕਿ ਮਹਾਰਾਸ਼ਟਰ ਦੋ ਉਪ-ਪ੍ਰਾਂਤਾਂ ਦਾ ਸੰਘ ਹੋਵੇ – ਇਕ ਉਪ-ਪ੍ਰਾਂਤ ਵਿਚ ਬੰਬਈ ਪ੍ਰੈਜ਼ੀਡੈਂਸੀ ਦੇ ਮਰਾਠੀ ਬੋਲਦੇ ਜ਼ਿਲੇ ਸ਼ਾਮਲ ਹੋਣ ਅਤੇ ਦੂਸਰੇ ਵਿਚ ਮੌਜੂਦਾ ਕੇਂਦਰੀ ਪ੍ਰਾਂਤਾਂ ਅਤੇ ਬਿਹਾਰ ਦੇ ਪ੍ਰਾਂਤਾਂ ਦੇ ਮਰਾਠੀ ਬੋਲਦੇ ਜ਼ਿਲੇ ਹੋਣ। ਉਪ-ਪ੍ਰਾਂਤਾਂ ਨੂੰ ਬਣਾਉਣ ਦਾ ਵਿਚਾਰ ਕੇਂਦਰੀ ਪ੍ਰਾਂਤਾਂ ਅਤੇ ਬਿਹਾਰ ਦੇ ਮਰਾਠੀ ਬੋਲਦੇ ਜ਼ਿਲਿਆਂ ਦੇ ਪ੍ਰਤੀਨਿਧੀਆਂ ਵਜੋਂ ਉਭਰਿਆ ਹੈ। ਮੇਰਾ ਵਿਚਾਰ ਹੈ ਕਿ ਇਹ ਇਕ ਉਚ-ਜ਼ਾਤੀ ਦੇ ਰਾਜਨੀਤਕਾਂ ਦੀ ਖਾਹਸ਼ ਹੈ – ਜੋ ਇਹ ਸੋਚਦੇ ਹਨ ਕਿ ਇਕਾਤਮਕ ਮਹਾਰਾਸ਼ਟਰਾ ਵਿਚ ਉਨ੍ਹਾਂ ਦਾ ਰਾਜਨੀਤਕ ਜੀਵਨ ਖ਼ਤਮ ਹੋ ਜਾਵੇਗਾ। ਕੇਂਦਰੀ ਪ੍ਰਾਂਤਾਂ ਬਿਹਾਰ ਦੇ ਲੋਕਾਂ ਵਲੋਂ ਇਸ ਦਾ ਕੋਈ ਸਮਰਥਨ ਨਹੀਂ ਹੈ। ਮੈਂ ਇਸ ਨਕਤੇ ਦਾ ਹਵਾਲਾ ਨਾ ਦਿੰਦਾ ਪਰ ਮੈਂ ਇਸਨੂੰ ਇਕ ਬਹੁਤ ਮਹੱਤਵਪੂਰਨ ਸਿਧਾਂਤ ਮੰਨਦਾ ਹਾਂ। ਜੇਕਰ, ਭਾਸ਼ਾਈ ਪ੍ਰਾਂਤ ਬਣਾਉਣ ਦਾ ਫੈਸਲਾ ਕਰ ਗਿਆ ਹੈ ਤਾਂ ਮੇਰਾ ਇਹ ਪੱਕਾ ਵਿਚਾਰ ਹੈ ਕਿ ਸਾਰੇ ਇਸ ਨਾਲ ਜੁੜੇ ਹੋਏ ਇਲਾਕੇ ਜਿਹੜੇ ਕਿ ਇਕ ਭਾਸ਼ਾ ਬੋਲਦੇ ਹਨ ਉਨ੍ਹਾਂ ਨੂੰ ਇਸ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ। ਆਪਣੀ ਪਸੰਦ

ਜਾਂ ਆਤਮ ਨਿਰਣੈ ਨੂੰ ਕੋਈ ਮਹੱਤਤਾ ਨਹੀਂ ਦੇਣੀ ਚਾਹੀਦੀ। ਵੱਡੀਆਂ ਪ੍ਰਾਂਤਕ ਇਕਾਈਆਂ ਬਣਾਉਣ ਲਈ ਹਰ ਇਕ ਕੋਸ਼ਿਸ਼ ਕਰਨੀ ਚਾਹੀਦੀ ਹੈ। ਛੋਟੀਆਂ ਪ੍ਰਾਂਤਕ ਇਕਾਈਆਂ ਆਮ ਹਾਲਤਾਂ ਵਿਚ ਇਕ ਸਥਾਈ ਭਾਰ ਅਤੇ ਆਪਾਤਕਾਲ ਵਿਚ ਇਹ ਕਮਜ਼ੋਰੀ ਦਾ ਸੋਮਾ ਹੋਣਗੀਆਂ। ਅਜਿਹੀ ਸਥਿਤੀ ਨੂੰ ਟਾਲਣਾ ਜ਼ਰੂਰੀ ਹੈ। ਇਸ ਲਈ ਮੈਂ ਜ਼ੋਰ ਦਿੰਦਾ ਹਾਂ ਕਿ ਮਹਾਰਾਸ਼ਟਰਾ ਦੇ ਸਾਰੇ ਹਿੱਸਿਆਂ ਨੂੰ ਆਪਸ ਵਿਚ ਮਿਲਾਕੇ ਇਸ ਨੂੰ ਇਕਹਿਰਾ ਪ੍ਰਾਂਤ ਬਣਾਉਣਾ ਚਾਹੀਦਾ ਹੈ।

## ਭਾਗ 4

## ਮਹਾਰਾਸ਼ਟਰ ਅਤੇ ਬੰਬਈ ਦਾ ਸ਼ਹਿਰ :

## ਬੰਬਈ ਬਾਰੇ ਵਿਵਾਦ

21. ਬੰਬਈ ਸ਼ਹਿਰ ਨੂੰ ਮਹਾਰਾਸ਼ਟਰ ਵਿਚ ਮਿਲਾਇਆ ਜਾਵੇ ਜਾਂ ਨਾ ਇਹ ਇਕ ਹੋਰ ਪ੍ਰਸ਼ਨ ਹੈ ਜਿਸਦੇ ਬਾਰੇ ਵਿਵਾਦ ਚਲਦਾ ਰਿਹਾ ਹੈ। ਇੰਡੀਅਨ ਮਰਚੈਂਟ ਚੈਂਬਰ ਦੀ ਬੰਬਈ ਵਿਚ ਇਕ ਮੀਟਿੰਗ ਹੋਈ ਸੀ। ਮੀਟਿੰਗ ਵਿਚ ਭਾਗ ਲੈਣ ਵਾਲਿਆਂ ਦੀ ਗਿਣਤੀ 60 ਤੋਂ ਵੱਧ ਨਹੀਂ ਸੀ। ਇਕ ਭਾਰਤੀ ਈਸਾਈ ਨੂੰ ਛੱਡਕੇ ਇਸ ਵਿਚ ਭਾਗ ਲੈਣ ਵਾਲੇ ਸਾਰੇ ਗੁਜਰਾਤੀ ਬੋਲਦੇ ਵਪਾਰੀ ਅਤੇ ਸਨਅਤਕਾਰ ਸਨ। ਭਾਵੇਂ ਇਹ ਇਕ ਛੋਟੀ ਅਤੇ ਫਿਰਕੂ ਮੀਟਿੰਗ ਸੀ, ਇਸ ਦੀ ਕਾਰਵਾਈ ਭਾਰਤ ਦੇ ਹਰ ਇਕ ਮਸ਼ਹੂਰ ਸਮਾਚਾਰ ਪੱਤਰ ਨੇ ਮੁੱਢਲੇ ਪੰਨੇ ਤੇ ਛਾਪੀ ਅਤੇ ਟਾਈਮਜ਼ ਆਫ਼ ਇੰਡੀਆ ਤਾਂ ਇਸ ਦੀ ਅਹਿਮੀਅਤ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸਨੇ ਇਕ ਸੰਪਾਦਕੀ ਵੀ ਲਿਖੀ ਜਿਸ ਵਿਚ ਉਸਨੇ ਮੀਟਿੰਗ ਵਿਚ ਮਹਾਰਾਸ਼ਟਰਾ (ਮਰਹੱਟਿਆਂ) ਦੇ ਖ਼ਿਲਾਫ਼ ਅਪਨਾਏ ਗਏ ਤ੍ਰਿਸਕਾਰਯੋਗ ਲਹਿਜੇ ਦੀ ਹਲਕੀ ਨਿੰਦਾ ਕਰਦੇ ਹੋਏ, ਬੰਬਈ ਦੇ ਭਵਿੱਖ ਸਬੰਧੀ ਪਾਸ ਕੀਤੇ ਮਤਿਆਂ ਦੀ ਪ੍ਰੋੜ੍ਹਤਾ ਕੀਤੀ। ਇਸ ਤੋਂ ਸਾਬਤ ਹੁੰਦਾ ਹੈ ਕਿ ਆਇਰਸ਼ ਵਿਵਾਦ ਦੇ ਦੌਰਾਨ ਆਇਰਸ਼ ਲੀਡਰ ਮਿਸਟਰ ਰੈਡਮੌਂਡ ਨੂੰ ਲਾਰਡ ਬਿਰਕਨਹੈਂਡ ਵਲੋਂ ਦਿੱਤੇ ਗਏ ਉੱਤਰ ਕਿ ਕਈ ਅਜਿਹੇ ਕੇਸ ਵੀ ਹਨ ਜਿਥੇ ਘੱਟ-ਗਿਣਤੀ ਹੀ ਬਹੁ-ਗਿਣਤੀ ਹੈ, ਵਿਚ ਕਾਫ਼ੀ ਸਚਾਈ ਹੈ।

ਜੇਕਰ ਮੈਂ ਇਸ ਵਿਵਾਦ ਦੇ ਹਰ ਇਕ ਪੱਖ ਤੇ ਵਿਚਾਰ ਨਾ ਕਰਾਂ ਤਾਂ ਮੇਰਾ ਯਾਦ-ਪੱਤਰ ਬੜੀ ਬੁਰੀ ਤਰ੍ਹਾਂ ਨਾਲ ਅਧੂਰਾ ਹੋਵੇਗਾ। ਇਸਦੇ ਦੋ ਕਾਰਨ ਹਨ : ਪਹਿਲਾ ਇਹ ਕਿ ਇਸ ਮੀਟਿੰਗ ਨੂੰ ਇਕ ਖਾਸ ਮੀਟਿੰਗ ਵਜੋਂ ਮਾਨਤਾ ਦਿੱਤੀ ਗਈ ਅਤੇ ਦੂਸਰਾ ਕਿਉਂ ਜੋ ਇਸ ਮੀਟਿੰਗ ਦੇ ਮਤਿਆਂ ਦੀ ਪ੍ਰੋੜ੍ਹਤਾ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਵਲੋਂ ਕੀਤੀ ਗਈ।

### ਬੰਬਈ ਸਬੰਧੀ ਤਜਵੀਜ਼ਾਂ

22. ਮੀਟਿੰਗ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ :

(ੳ) ਭਾਸ਼ਾਈ ਪ੍ਰਾਂਤ ਬਣਾਉਣ ਦੇ ਪ੍ਰਸ਼ਨ ਨੂੰ ਅੱਗੇ ਪਾ ਦਿੱਤਾ ਜਾਵੇ, ਜਾਂ

(ਅ) ਜੇਕਰ ਇਹ ਅੱਗੇ ਨਹੀਂ ਪਾਇਆ ਜਾਂਦਾ, ਬੰਬਈ ਸ਼ਹਿਰ ਨੂੰ ਇਕ ਵੱਖਰਾ ਪ੍ਰਾਂਤ ਬਣਾਇਆ ਜਾਵੇ।

ਇਕ ਤੀਸਰਾ ਸੁਝਾਅ ਵੀ ਹੈ ਕਿ ਕੋਂਕਨ ਨੂੰ ਇਕ ਵਖਰਾ ਪ੍ਰਾਂਤ ਬਣਾਕੇ ਬੰਬਈ ਨੂੰ ਇਸਦੀ ਰਾਜਧਾਨੀ ਬਣਾਇਆ ਜਾਵੇ। ਇਸ ਤਜਵੀਜ਼ ਦੀ ਕੋਈ ਪ੍ਰੋੜ੍ਹਤਾ ਨਹੀਂ ਹੋਈ। ਇਸ ਲਈ, ਇਸ ਤੇ ਵਿਚਾਰ ਕਰਨ ਦੀ ਕੋਈ ਜ਼ਰੂਰਤ ਨਹੀਂ।

## ਬੰਬਈ ਸਬੰਧੀ ਜੋ ਵੀ ਫੈਸਲਾ ਹੋਵੇ ਉਹ ਹੁਣੇ ਕੀਤਾ ਜਾਵੇ

23. ਮੈਨੂੰ ਮਤੇ ਦੇ ਉਸ ਭਾਗ ਸਬੰਧੀ ਕੋਈ ਸ਼ਿਕਾਇਤ ਨਹੀਂ ਜਿਸ ਵਿਚ ਕਿਹਾ ਗਿਆ ਹੈ ਕਿ ਭਾਸ਼ਾਈ ਪ੍ਰਾਂਤਾਂ ਦੇ ਪ੍ਰਸ਼ਨ ਨੂੰ ਅੱਗੇ ਪਾਇਆ ਜਾਵੇ ਐਪਰ ਇਹ ਕਿ ਮਹਾਰਾਸ਼ਟਰਾ ਨੂੰ ਬੰਬਈ ਵਿਚ ਮਿਲਾਇਆ ਜਾਵੇ ਜਾਂ ਨਾ ਇਸ ਬਾਰੇ ਫੈਸਲਾ ਜ਼ਰੂਰੀ ਹੈ। ਜੇਕਰ ਇਹ ਪ੍ਰਸ਼ਨ ਹੱਲ ਹੋ ਜਾਂਦਾ ਫੇਰ ਕੋਈ ਗੱਲ ਨਹੀਂ ਭਾਵੇਂ ਇਸ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਪੰਜ ਜਾਂ ਦਸ ਸਾਲ ਲੱਗ ਜਾਣ। ਪਰੰਤੂ ਮਤਾ ਕੇਵਲ ਪਲਾਇਨਵਾਦ ਹੈ। ਇਹ ਮਸਲੇ ਦਾ ਹੱਲ ਨਹੀਂ ਕਰਦਾ। ਇਹ ਕੇਵਲ ਵਿਵਾਦ ਨੂੰ ਅੱਗੇ ਪਾਉਂਦਾ ਹੈ। ਇਸ ਲਈ ਮੁੱਖ ਪ੍ਰਸ਼ਨ ਨੂੰ ਹੁਣੇ ਨਜਿੱਠਿਆ ਜਾਣਾ ਜ਼ਰੂਰੀ ਹੈ।

## ਬੰਬਈ ਨੂੰ ਮਹਾਰਾਸ਼ਟਰਾ ਤੋਂ ਬਾਹਰ ਰੱਖਣ ਦਾ ਆਧਾਰ

24. ਬੰਬਈ ਨੂੰ ਮਹਾਰਾਸ਼ਟਰਾ ਤੋਂ ਵੱਖ ਕਰਨ ਦੇ ਹੱਕ ਵਿਚ ਆਈਆਂ ਦਲੀਲਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ :

(ੳ) ਬੰਬਈ ਕਦੇ ਵੀ ਮਹਾਰਾਸ਼ਟਰਾ ਦਾ ਹਿੱਸਾ ਨਹੀਂ ਰਿਹਾ।[1]

(ਅ) ਬੰਬਈ ਕਦੇ ਮਰਹੱਟਾ ਸਾਮਰਾਜ ਦਾ ਹਿੱਸਾ ਨਹੀਂ ਸੀ।[2]

(ੲ) ਬੰਬਈ ਸ਼ਹਿਰ ਦੀ ਵਸੋਂ ਦੀ ਬਹੁ-ਗਿਣਤੀ ਮਰਾਠੀ ਬੋਲਣ ਵਾਲਿਆਂ ਦੀ ਵਸੋਂ ਦੀ ਨਹੀਂ ਹੈ।[3]

(ਸ) ਗੁਜਰਾਤੀ ਬੰਬਈ ਦੇ ਪੁਰਾਣੇ ਵਸਨੀਕ ਰਹੇ ਹਨ।[4]

(ਹ) ਬੰਬਈ ਮਹਾਰਾਸ਼ਟਰ ਤੋਂ ਬਾਹਰ ਦੇ ਵੱਡੇ ਖੇਤਰ ਲਈ ਵਪਾਰ ਦਾ ਕੇਂਦਰ ਹੈ। ਇਸ ਲਈ ਮਹਾਰਾਸ਼ਟਰ ਵਲੋਂ ਬੰਬਈ ਤੇ ਦਾਅਵਾ ਨਹੀਂ ਕੀਤਾ ਜਾ ਸਕਦਾ। ਇਹ ਸਾਰੇ ਭਾਰਤ ਨਾਲ ਸਬੰਧ ਰੱਖਦਾ ਹੈ।[5]

(ਕ) ਇਹ ਗੁਜਰਾਤੀ ਬੋਲਦੇ ਲੋਕ ਹਨ ਜਿਨ੍ਹਾਂ ਨੇ ਬੰਬਈ ਦੀ ਸਨਅਤ ਅਤੇ ਵਪਾਰ ਨੂੰ ਬਣਾਇਆ। ਮਹਾਰਾਸ਼ਟਰੀ ਕੇਵਲ ਕਲਰਕ ਅਤੇ ਕੁਲੀ ਰਹੇ ਹਨ। ਵਪਾਰ ਅਤੇ ਸਨਅਤ ਦੇ ਮਾਲਕਾਂ ਨੂੰ ਕਿਰਤੀਆਂ ਦੀ ਸ਼੍ਰੇਣੀ ਜੋ ਕਿ ਮਹਾਰਾਸ਼ਟਰਾ ਦੀ ਵਸੋਂ ਦਾ ਇਕ ਵੱਡਾ ਹਿੱਸਾ ਹੈ, ਦੀ ਰਾਜਨੀਤਕ ਸੱਤਾ ਹੇਠ ਲਿਆਉਣਾ ਗ਼ਲਤ ਹੋਵੇਗਾ।[6]

---

1. ਪ੍ਰੋਫ਼ੈਸਰ ਘੀ ਵਾਲਾ ਫ੍ਰੀ ਪ੍ਰੈਸ ਜਰਨਲ, ਸਤੰਬਰ 5, 1948 ਅਤੇ ਪ੍ਰੋਫ਼ੈਸਰ ਮੋਰੇ ਫ੍ਰੀ ਪ੍ਰੈਸ ਜਰਨਲ, ਸਤੰਬਰ 18, 1948।
2. ਉਕਤ
3. ਪ੍ਰੋਫੈਸਰ ਸੀ.ਐਨ.ਵਕੀਲ, ਫ੍ਰੀ ਪ੍ਰੈਸ ਜਰਨਲ, ਸਤੰਬਰ 21 1948 ।
੪. ਪੋਫੈਸਰ ਘੀ ਵਾਲਾ, ਫ੍ਰੀ ਪ੍ਰੈਸ ਜਰਨਲ, ਸਤੰਬਰ 6, 1948 ।
5. ਪ੍ਰੋਫੈਸਰ ਸੀ.ਐਨ.ਵਕੀਲ, ਫ੍ਰੀ ਪ੍ਰੈਸ ਜਰਨਲ, ਸਤੰਬਰ 11, 1948 ।
6. ਪ੍ਰੋਫੈਸਰ ਸੀ.ਐਨ. ਵਕੀਲ, ਬਾਂਬੇ ਕਰਾਨਿਕਲ ।

(ਖ) ਮਹਾਰਾਸ਼ਟਰੀ ਬੰਬਈ ਨੂੰ ਮਹਾਰਾਸ਼ਟਰ ਵਿਚ ਇਸ ਲਈ ਸ਼ਾਮਲ ਕਰਨਾ ਚਾਹੁੰਦਾ ਹੈ ਕਿਉਂਕਿ ਇਹ ਬੰਬਈ ਦੀ ਦੌਲਤ ਦੇ ਸਿਰ ਤੇ ਜਿਉਣਾ ਚਾਹੁੰਦਾ ਹੈ।[7]

(ਗ) ਬਹੁ-ਭਾਸ਼ਾਈ ਰਾਜ ਚੰਗਾ ਹੈ। ਇਹ ਛੋਟੇ ਲੋਕਾਂ ਦੀ ਆਜ਼ਾਦੀ ਲਈ ਮੰਦਭਾਗਾ ਨਹੀਂ ਹੈ।[8]

(ਘ) ਪ੍ਰਾਂਤਾਂ ਦਾ ਮੁੜ-ਵਰਗੀਕਰਨ ਤਕਰਸ਼ੀਲ ਲੀਹਾਂ ਤੇ ਹੋਣਾ ਚਾਹੀਦਾ ਹੈ ਨਾ ਕਿ ਰਾਸ਼ਟਰੀ ਲੀਹਾਂ ਤੇ।[9]

## ਸਬੂਤ ਦੀ ਜ਼ਿੰਮੇਵਾਰੀ

25. ਉਪ੍ਰੋਕਤ ਨੁਕਤਿਆਂ ਦੀ ਪਰਖ ਤੋਂ ਸਾਫ਼ ਜ਼ਾਹਿਰ ਹੋ ਜਾਂਦਾ ਹੈ ਕਿ ਨੁਕਤੇ (1) ਅਤੇ (2) ਇਸ ਲਈ ਮੁੱਢਲੇ ਹਨ, ਕਿਉਂਜੋ ਇਹ ਸਾਨੂੰ ਇਹ ਫੈਸਲਾ ਕਰਨ ਵਿਚ ਮਦਦ ਦਿੰਦੇ ਹਨ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗਵਾਹੀ ਦਾ ਭਾਰ ਕਿਸ ਉਪਰ ਪੈਂਦਾ ਹੈ। ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਬੰਬਈ ਮਹਾਰਾਸ਼ਟਰਾ ਦਾ ਹਿੱਸਾ ਹੈ ਤਾਂ ਇਸ ਨੂੰ ਮਹਾਰਾਸ਼ਟਰਾ ਤੋਂ ਵੱਖਰਾ ਕਰਨ ਦੀ ਗਵਾਹੀ ਦਾ ਭਾਰ ਉਨ੍ਹਾਂ ਸਿਰ ਪੈਣਾ ਚਾਹੀਦਾ ਹੈ ਜੋ ਚਾਹੁੰਦੇ ਹਨ ਕਿ ਇਹ ਵੱਖਰਾ ਹੋ ਜਾਵੇ ਨਾ ਕਿ ਉਨ੍ਹਾਂ ਉਪਰ ਜੋ ਦਾਅਵਾ ਕਰਦੇ ਹਨ ਕਿ ਇਸ ਨੂੰ ਮਹਾਰਾਸ਼ਟਰ ਦਾ ਹਿੱਸਾ ਰਹਿਣ ਦੇਣਾ ਚਾਹੀਦਾ ਹੈ। ਇਸ ਲਈ, ਮੈਂ ਇਨ੍ਹਾਂ ਦੋ ਨੁਕਤਿਆਂ ਬਾਰੇ ਵਿਚਾਰ ਕਰਾਂਗਾ।

### ਨੁਕਤੇ (1) ਅਤੇ (2)

## ਇਤਿਹਾਸ ਦਾ ਫ਼ੈਸਲਾ

26. ਇਹ ਨੁਕਤੇ ਇਤਿਹਾਸ ਦੇ ਨਾਲ ਭੂਗੋਲ ਦੀ ਰੌਸ਼ਨੀ ਵਿਚ ਵਿਚਾਰੇ ਜਾ ਸਕਦੇ ਹਨ। ਫਿਰ ਵੀ ਮੇਰਾ ਯਕੀਨ ਹੈ ਕਿ ਮਸਲੇ ਦਾ ਹੱਲ ਕਰਨ ਲਈ ਇਤਿਹਾਸ ਸਾਡੀ ਮਦਦ ਨਹੀਂ ਕਰ ਸਕਦਾ। ਪਹਿਲੀ ਥਾਂ ਤੇ ਸਾਨੂੰ ਅੰਕੜੇ ਲੱਭਣ ਲਈ ਕਿੰਨਾ ਪਿਛੇ ਜਾਣਾ ਪਏਗਾ ਜਿਸ ਉਤੇ ਕਿ ਸਾਡਾ ਨਤੀਜਾ ਨਿਰਭਰ ਹੋ ਸਕੇ। ਇਹ ਪ੍ਰਤੱਖ ਹੈ ਕਿ ਪੁਰਾਤਨ ਕਾਲ ਦਾ ਇਤਿਹਾਸ ਇਸ ਸਬੰਧ ਵਿਚ ਸਾਡੇ ਲਈ ਮਦਦਗਾਰ ਨਹੀਂ ਹੋ ਸਕਦਾ। ਭੂਤਕਾਲ ਦਾ ਭਵਿੱਖ ਹੀ ਇਸ ਸਬੰਧ ਵਿਚ ਸਾਡੇ ਲਈ ਮਦਦਗਾਰ ਨਹੀਂ ਹੋ ਸਕਦਾ। ਭੂਤਕਾਲ ਦਾ ਭਵਿੱਖ ਹੀ ਇਸ ਸਬੰਧ ਵਿਚ ਸਾਡੇ ਕੰਮ ਆ ਸਕਦਾ ਹੈ। ਇਸ ਤੋਂ ਵੀ ਵੱਧ ਅਜਿਹੇ ਭੂਤ ਤੇ ਵਰਤਮਾਨ ਦੀ ਨਿਰਭਰਤਾ ਜਿਸ ਤੋਂ ਕਿ ਸਾਡੇ ਸਾਹਮਣੇ ਮਸਲੇ ਦਾ ਨਤੀਜਾ ਪ੍ਰਭਾਵਤ ਹੋਵੇ, ਅਜਿਹੀ ਨਿਰਭਰਤਾ ਨੂੰ ਵੰਗਾਰਿਆ ਜਾ ਸਕਦਾ ਹੈ। ਇਤਿਹਾਸਕ ਕਾਲ ਦੇ ਦੌਰਾਨ ਜ਼ਿਆਦਾ ਸਬੰਧ ਜਿੱਤਣ ਵਾਲਿਆਂ ਅਤੇ ਜਿੱਤਿਆਂ ਗਿਆਂ ਦੇ ਦਰਮਿਆਨ ਹੀ ਰਹੇ ਹਨ। ਇਹ ਭਾਰਤ ਦੇ ਸਬੰਧ ਵਿਚ ਵੀ ਅਤੇ ਯੂਰਪ ਦੇ ਸਬੰਧ ਵਿਚ ਵੀ ਸੱਚ ਹੈ। ਪਰੰਤੂ ਅਜਿਹੇ ਸਬੰਧਾਂ ਦੇ ਨਤੀਜੇ ਯੂਰਪ ਅਤੇ ਭਾਰਤ ਵਿਚ ਕਾਫੀ ਵੱਖ ਵੱਖ ਰਹੇ ਹਨ। ਯੂਰਪ ਵਿਚ ਅਜਿਹੇ ਸਬੰਧਾਂ ਨੇ ਆਪਸ ਵਿਚ ਟਕਰਾਉਣ ਵਾਲੇ ਤੱਤਾਂ ਵਿਚ ਸੁਮੇਲਤਾ ਪੈਦਾ ਕੀਤੀ ਹੈ। ਅੰਤਰ-ਜ਼ਾਤੀ ਸ਼ਾਦੀਆਂ ਦੇ ਆਮ ਹੋ ਜਾਣ ਨਾਲ ਅਸਲੀ

---

7. ਪ੍ਰੋਫੈਸਰ ਸੀ.ਅਨ. ਵਕੀਲ, ਇੰਡੀਅਨ ਮਰਚੈਂਟਸ ਚੈਂਬਰ ਦੀ ਮੀਟਿੰਗ ਵਿਚ ਬੋਲਦੇ ਹੋਏ।
8. ਪ੍ਰੋਫੈਸਰ ਚੰਤਵਾਲਾ, ਫ੍ਰੀ ਪ੍ਰੈਸ ਜਰਨਲ, ਸਤੰਬਰ 1, 1948।
9. ਪ੍ਰੋਫੈਸਰ ਘੀ ਵਾਲਾ, ਫ੍ਰੀ ਪ੍ਰੈਸ ਜਰਨਲ ਸਤੰਬਰ 11, 1948।

ਜ਼ਾਤੀਆਂ ਗੱਡਮੱਡ ਹੋ ਗਈਆਂ ਹਨ। ਇਕ ਭਾਸ਼ਾ ਭਾਵੇਂ ਕਿੰਨੀ ਵੀ ਲਾਭਦਾਇਕ ਹੋਵੇ ਜਾਂ ਬਹੁਤ ਆਮ ਬੋਲੀ ਜਾਣ ਵਾਲੀ ਹੋਵੇ, ਹਮੇਸ਼ਾ ਦੂਸਰੀ ਦੀ ਥਾਂ ਲੈਣ ਲਈ ਯਤਨਸ਼ੀਲ ਰਹੀ ਹੈ। ਜੇਕਰ ਇਕ ਸਭਿਅਤਾ ਉਸੇ ਦੇਸ਼ ਦੀਆਂ ਦੂਸਰੀਆਂ ਸਭਿਆਤਾਵਾਂ ਤੋਂ ਉਤਮ ਹੈ ਤਾਂ ਇਸਨੇ ਆਪਣੇ ਆਪ ਦੂਸਰੀਆਂ ਨੂੰ ਉਖਾੜ ਸੁੱਟਿਆ ਹੈ। ਇਸ ਸੁਮੇਲਤਾ ਵੱਲ ਕੁਦਰਤੀਲ ਝੁਕਾਅ ਜੋ ਕਿ ਅਸੀਂ ਯੂਰਪ ਵਿਚ ਦੇਖਦੇ ਹਾਂ ਇਹ ਇਤਨਾ ਪ੍ਰਬਲ ਹੈ ਕਿ ਇਸਨੂੰ ਰੋਕਣ ਲਈ ਕਾਰਵਾਈ ਕਰਨੀ ਪਵੇਗੀ। ਭਾਰਤ ਵਿਚ ਪ੍ਰਵਿਰਤੀ ਕੀ ਹੈ? ਇਹ ਸੁਮੇਲ ਦੇ ਜ਼ਰੂਰ ਵਿਰੁੱਧ ਹੈ। ਮੁਸਲਮਾਨਾਂ ਨੇ ਹਿੰਦੂਆਂ ਨੂੰ ਫਤਿਹ ਕੀਤਾ। ਪਰੰਤੂ ਮੁਸਲਮਾਨ ਮੁਸਲਮਾਨ ਹੀ ਰਹੇ ਅਤੇ ਹਿੰਦੂ ਹਿੰਦੂ ਹੀ ਰਹੇ। ਗੁਜਰਾਤੀ ਮਹਾਰਾਸ਼ਟਰੀਅਨਾਂ ਵਲੋਂ ਜਿੱਤੇ ਗਏ ਅਤੇ ਕੁਝ ਵਰ੍ਹੇ ਉਨ੍ਹਾਂ ਦੇ ਸ਼ਾਸਨ ਕਾਲ ਅਧੀਨ ਰਹੇ। ਇਸ ਗੱਲ ਦਾ ਗੁਜਰਾਤੀਆਂ ਉਤੇ ਕੀ ਪ੍ਰਭਾਵ ਪਿਆ? ਕੋਈ ਨਹੀਂ। ਗੁਜਰਾਤੀ ਗੁਜਰਾਤੀ ਹੀ ਰਹੇ ਅਤੇ ਮਹਾਰਾਸ਼ਟਰੀਅਨ ਮਹਾਰਾਸ਼ਟਰੀਅਨ ਹੀ ਰਹੇ। ਚਲੂਕਿਆਂ ਨੇ ਮਹਾਰਾਸ਼ਟਰੀਅਨਾਂ ਨੂੰ ਜਿੱਤਿਆ ਅਤੇ ਅਜਿਹਾ ਹੀ ਸ਼ੀਲਾਹਾਰਾਂ ਨੇ ਕੀਤਾ। ਪਰੰਤੂ ਉਨ੍ਹਾਂ ਵਿਚ ਕੋਈ ਸੁਮੇਲ ਨਹੀਂ ਸੀ। ਸ਼ੀਲਾਹਾਰ ਅਤੇ ਚਲੂਕਿਆ ਉਹੀ ਰਹੇ ਜੋ ਉਹ ਸਨ ਅਤੇ ਇਸੇ ਤਰ੍ਹਾਂ ਮਹਾਰਾਸ਼ਟਰੀ ਵੀ ਉਹੀ ਰਹੇ ਜੋ ਉਹ ਸਨ। ਅਜਿਹੇ ਹਾਲਾਤ ਵਿਚ ਮਸਲੇ ਤੇ ਨਿਰਣਾ ਲੈਣ ਲਈ ਭਾਰਤ ਦਾ ਇਤਿਹਾਸ ਕੀ ਮਦਦ ਕਰ ਸਕਦਾ ਹੈ। ਅੰਦਰੂਨੀ ਉਥਲ-ਪੁੱਥਲ ਅਤੇ ਬਾਹਰਲੇ ਹਮਲਿਆਂ ਦਾ ਇਤਿਹਾਸ ਗੁਜ਼ਰੇ ਜ਼ਮਾਨੇ ਤੋਂ ਵੱਧ ਕੁਝ ਨਹੀਂ ਰਿਹਾ। ਜਿੱਤਦਾ ਭਾਵ ਕੁਝ ਨਹੀਂ ਅਤੇ ਨਾ ਹੀ ਇਸ ਨੇ ਕੁਝ ਸਿੱਧ ਕੀਤਾ ਹੈ।

**ਭੂਗੋਲ ਦਾ ਫ਼ੈਸਲਾ**

27. ਆਓ ਹੁਣ ਭੂਗੋਲ ਵੱਲ ਪਰਤੀਏ ਅਤੇ ਇਸ ਦਾ ਫ਼ੈਸਲਾ ਪੁੱਛੀਏ। ਭੂਗੋਲ ਇਤਿਹਾਸ ਨਾਲੋਂ ਚੰਗਾ ਗਵਾਹ ਜਾਪਦਾ ਹੈ। ਇਸ ਮਕਸਦ ਲਈ ਮਹਾਰਾਸ਼ਟਰਾ ਦੇ ਸਬੰਧ ਵਿਚ ਬੰਬਈ ਦੀ ਸਥਿਤੀ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਮਹਾਰਾਸ਼ਟਰਾ ਜੇਕਰ ਪ੍ਰਾਂਤ ਬਣਾਇਆ ਜਾਂਦਾ ਹੈ ਤਾਂ ਇਸ ਦਾ ਆਕਾਰ ਤਿਕੋਨਾ ਹੋਵੇਗਾ। ਇਸ ਤਿਕੋਨ ਦੀ ਇਕ ਭੁਜਾ ਪੱਛਮੀ ਕੋਸਟ ਲਾਈਨ ਦੀ ਬਣੇਵੀ ਜਿਸਦੇ ਉੱਤਰ ਵਿਚ ਦਮਨ ਅਤੇ ਦੱਖਣ ਵਿਚ ਕਰਵਰ ਹੋਵੇਗਾ। ਬੰਬਈ ਦਾ ਸਹਿਰ ਦਮਨ ਅਤੇ ਕਰਵਰ ਦੇ ਵਿਚ ਵਿਚਾਲੇ ਸਥਿਤ ਹੈ। ਗੁਜਰਾਤ ਦਾ ਪ੍ਰਾਂਤ ਦਮਨ ਤੋਂ ਸ਼ੁਰੂ ਹੁੰਦਾ ਹੈ ਅਤੇ ਉੱਤਰ ਵੱਲ ਫੈਲ ਜਾਂਦਾ ਹੈ। ਕੱਨੜਾ ਪ੍ਰਾਂਤ ਕਰਵਰ ਤੋਂ ਸ਼ੁਰੂ ਹੁੰਦਾ ਹੈ ਅਤੇ ਦੱਖਣ ਵੱਲ ਫੈਲ ਜਾਂਦਾ ਹੈ। ਇਹ ਦਮਨ ਤੋਂ ਲਗਭਗ 85 ਮੀਲ ਤੇ ਹੈ। ਇਹੀ ਗੁਜਰਾਤ ਦੇ ਸ਼ੁਰੂ ਹੋਣ ਦਾ ਬਿੰਦੂ ਹੈ। ਜੇਕਰ ਦਮਨ ਅਤੇ ਕਰਵਰ ਦੇ ਵਿਚਕਾਰਲਾ ਅਣਟੁੱਟਿਆ ਇਲਾਕਾ ਭੂਗੋਲਿਕ ਤੌਰ ਤੇ ਕਰਵਰ ਦੇ 250 ਮੀਲ ਉੱਤਰ ਵੱਲ ਹੈ। ਇਹ ਕਾਰਨਾਟਕਾ ਪ੍ਰਾਂਤ ਦੇ ਸ਼ੁਰੂ ਹੋਣ ਦਾ ਬਿੰਦੂ ਹੈ। ਜੇਕਰ ਦਮਨ ਅਤੇ ਕਰਵਰ ਦੇ ਵਿਚਕਾਰਲਾ ਅਣਟੁੱਟਿਆ ਇਲਾਕਾ ਭੂਗੋਲਿਕ ਤੌਰ ਤੇ ਮਹਾਰਾਸ਼ਟਰਾ ਦਾ ਹਿੱਸਾ ਹੈ ਤਾਂ ਬੰਬਈ ਨੂੰ ਕਿਸ ਤਰ੍ਹਾਂ ਕਿਹਾ ਜਾਵੇ ਕਿ ਇਹ ਮਹਾਰਾਸ਼ਟਰਾ ਦਾ ਹਿੱਸਾ ਨਹੀਂ ਹੈ। ਇਹ ਕੁਦਰਤ ਦੀ ਇਕ ਅਖੰਡ ਸਚਾਈ ਹੈ। ਭੂਗੋਲ ਨੇ ਬੰਬਈ ਨੂੰ ਮਹਾਰਾਸ਼ਟਰ ਦਾ ਅੰਗ ਬਣਾਇਆ ਹੈ। ਜਿਹੜੇ ਕੁਦਰਤੀ ਤੱਥ ਨੂੰ ਵੰਗਾਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਅਜਿਹਾ ਕਰ ਲੈਣ ਦਿਉ। ਇਕ ਨਿਰਪੱਖ ਦਿਮਾਗ ਲਈ ਇਹ ਇਕ ਅੰਤਮ ਪ੍ਰਸ਼ਨ

ਹੈ ਕਿ ਬੰਬਈ ਮਹਾਰਾਸ਼ਟਰਾ ਦਾ ਅੰਗ ਹੈ।

**ਬੰਬਈ ਅਤੇ ਮਰਾਠਾ ਸਾਮਰਾਜ**

28. ਭੂਗੋਲਿਕ ਤੌਰ ਤੇ ਕੱਢੇ ਗਏ ਸਿੱਟੇ ਤੇ ਇਸ ਗੱਲ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਕਿ ਮਰਹੱਟਿਆਂ ਨੇ ਬੰਬਈ ਨੂੰ ਆਪਣੇ ਸਾਮਰਾਜ ਦਾ ਅੰਗ ਬਣਾਉਣ ਦਾ ਯਤਨ ਨਹੀਂ ਕੀਤਾ। ਮਰਹੱਟਿਆਂ ਨੇ ਇਸਨੂੰ ਜਿੱਤਣ ਬਾਰੇ ਨਹੀਂ ਸੋਚਿਆ, ਇਸਤੋਂ ਇਹ ਸਾਬਤ ਨਹੀਂ ਹੁੰਦਾ ਕਿ ਬੰਬਈ ਮਹਾਰਾਸ਼ਟਰਾ ਦਾ ਅੰਗ ਨਹੀਂ ਹੈ। ਇਸ ਦਾ ਕੇਵਲ ਇਹ ਭਾਵ ਹੈ ਕਿ ਮਰਹੱਟਾ ਸ਼ਕਤੀ ਜ਼ਮੀਨ ਸ਼ਕਤੀ ਸੀ ਅਤੇ ਇਸ ਲਈ ਉਨ੍ਹਾਂ ਨੇ ਆਪਣੀ ਤਾਕਤ ਇਸ ਬੰਦਰਗਾਹ ਨੂੰ ਜਿੱਤਣ ਤੇ ਖਰਚ ਕਰਨ ਬਾਰੇ ਕੋਸ਼ਿਸ਼ ਨਹੀਂ ਕੀਤੀ।

29. (1) ਅਤੇ (2) ਨੁਕਤਿਆਂ ਤੇ ਨਿਰਣਾ ਹੋ ਜਾਣ ਤੋਂ ਬਾਅਦ ਭਾਰ ਹੁਣ ਉਨ੍ਹਾਂ ਦੇ ਮੋਢਿਆਂ ਤੇ ਆ ਜਾਂਦਾ ਹੈ ਜੋ ਕਹਿੰਦੇ ਹਨ ਕਿ ਬੰਬਈ ਨੂੰ ਮਹਾਰਾਸ਼ਟਰਾ ਵਿਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ। ਕੀ ਉਹ ਭਾਰ ਮੁਕਤ ਹੋ ਗਏ ਹਨ? ਇਹ ਦੂਸਰੇ ਨੁਕਤਿਆਂ ਤੇ ਵਿਚਾਰ ਕਰਨ ਤੋਂ ਪਤਾ ਲਗੇਗਾ।

## ਨੁਕਤਾ (3)

## ਮਰਾਠੀ ਬੋਲਦੀ ਵਸੋਂ ਬਹੁ-ਗਿਣਤੀ ਜਾਂ ਘੱਟ-ਗਿਣਤੀ

30. ਇਸ ਪ੍ਰਸ਼ਨ ਤੇ ਕੋਈ ਬਹੁ ਸੰਮਤੀ ਨਹੀਂ ਹੈ। ਪ੍ਰੋਫੈਸਰ ਗਾਡਗਿਲ ਨੇ ਬੰਬਈ ਨੂੰ ਮਹਾਰਾਸ਼ਟਰ ਵਿਚ ਮਿਲਾਉਣ ਲਈ ਬੋਲਦੇ ਹੋਏ ਕਿਹਾ ਹੈ ਕਿ 1941 ਦੀ ਜਨਗਣਨਾ ਅਨੁਸਾਰ ਬੰਬਈ ਦੀ 51 ਪ੍ਰਤੀਸ਼ਤ ਆਬਾਦੀ ਮਰਾਠੀ ਬੋਲਣ ਵਾਲੀ ਹੈ। ਬੰਬਈ ਨੂੰ ਮਹਾਰਾਸ਼ਟਰ ਵਿਚ ਮਿਲਾਉਣ ਦੇ ਵਿਰੁੱਧ ਬੋਲਦਿਆਂ ਪ੍ਰੋਫੈਸਰ ਘੀਵਾਲਾ ਕਹਿੰਦੇ ਹਨ ਕਿ ਮਰਾਠੀ ਬੋਲਣ ਵਾਲੀ ਆਬਾਦੀ 41 ਪ੍ਰਤੀਸ਼ਤ ਹੈ। ਪ੍ਰੋਫੈਸਰ ਵਕੀਲ ਇਸਨੂੰ 39 ਪ੍ਰਤੀਸ਼ਤ ਤੇ ਲੈ ਆਉਂਦਾ ਹੈ ਜਿਸਨੂੰ ਕਿ ਉਹ ਇਕ ਉਦਾਰਚਿੱਤ ਅਨੁਮਾਨ ਮੰਨਦੇ ਹਨ। ਮੈਨੂੰ ਸਮਾਂ ਨਹੀਂ ਮਿਲਿਆ ਕਿ ਮੈਂ ਇਨ੍ਹਾਂ ਅੰਕੜਿਆਂ ਦੀ ਪੜਤਾਲ ਕਰ ਸਕਦਾ ਅਤੇ ਮੈਂ ਸਮਝਦਾ ਹਾਂ ਕਿ ਇਕ ਸੁਨਿਸ਼ਚਿਤ ਅੰਕੜਾ ਲੱਭਣ ਲਈ ਬੰਬਈ ਦੀ ਜਨਗਣਨਾ ਜ਼ਿਆਦਾ ਮਦਦ ਨਹੀਂ ਕਰ ਸਕਦੀ। ਫਿਰ ਵੀ ਜੇਕਰ ਕੋਈ ਪ੍ਰੋਫੈਸਰ ਵਕੀਲ ਵਲੋਂ ਦੱਸੇ ਗਏ ਕਾਰਨ ਪੜ੍ਹੇ ਤਾਂ ਉਸਨੂੰ ਉਸਦੇ ਸਿੱਟੇ ਆਸ਼ਾਵਾਦੀ ਵਿਚਾਰ ਨਹੀਂ ਤਾਂ ਕਾਲਪਨਿਕ ਜ਼ਰੂਰ ਲੱਗਣਗੇ। ਪਰੰਤੂ ਜੇਕਰ ਮੰਨ ਵੀ ਲਈਏ ਕਿ ਪ੍ਰੋਫੈਸਰ ਵਕੀਲ ਵਲੋਂ ਦਿੱਤੇ ਗਏ ਅੰਕੜੇ ਸਹੀ ਹਨ, ਫਿਰ ਵੀ ਕੀ ਹੈ? ਇਸ ਤੋਂ ਕੀ ਸਿੱਟਾ ਕੱਢਿਆ ਜਾ ਸਕਦਾ ਹੈ? ਕੀ ਅਸੀਂ ਬੰਬਈ ਨੂੰ ਮਹਾਰਾਸ਼ਟਰ ਵਿਚ ਮਿਲਾਉਣ ਦੇ ਦਾਅਵੇ ਨੂੰ ਹਰਾ ਸਕਦੇ ਹਾਂ? ਜਦੋਂ ਤੋਂ ਬ੍ਰਿਟਿਸ਼ ਭਾਰਤ ਦੇ ਹਾਕਮ ਬਣੇ ਹਨ, ਭਾਰਤ ਇਕ ਥਾਂ ਤੋਂ ਦੂਸਰੀ ਥਾਂ ਤੇ ਜਾਣ ਦੀ ਆਜ਼ਾਦੀ ਵਾਲਾ ਇਕ ਦੇਸ਼ ਰਿਹਾ ਹੈ। ਜੇਕਰ ਭਾਰਤ ਦੇ ਸਾਰਿਆਂ ਹਿੱਸਿਆਂ ਤੋਂ ਲੋਕਾਂ ਨੂੰ ਬੰਬਈ ਜਾਣ ਅਤੇ ਉਥੇ ਰਹਿਣ ਦੀ ਆਗਿਆ ਹੈ ਤਾਂ ਮਹਾਰਾਸ਼ਟਰੀਅਨ ਹੀ ਕਿਉਂ ਇਹ ਨੁਕਸਾਨ ਸਹਿਣ। ਇਹ ਉਨ੍ਹਾਂ ਦਾ ਕਸੂਰ ਨਹੀਂ ਹੈ। ਇਸ ਲਈ ਬੰਬਈ ਨੂੰ ਮਹਾਰਾਸ਼ਟਰ ਵਿਚੋਂ ਕੱਢਣ ਲਈ ਮੌਜੂਦਾ ਜਨਸੰਖਿਆ ਨੂੰ ਆਧਾਰ ਨਹੀਂ ਮੰਨਿਆ ਜਾ ਸਕਦਾ।

## ਨੁਕਤਾ (4)

# ਕੀ ਗੁਜਰਾਤੀ ਵੀਰ ਬੰਬਈ ਦੇ ਵਸਨੀਕ ਹਨ?

31. ਆਓ ਇਸ ਪ੍ਰਸ਼ਨ ਤੇ ਫਿਰ ਵੀ ਚੰਗੀ ਤਰ੍ਹਾਂ ਵਿਚਾਰ ਕਰੀਏ। ਕੀ ਗੁਜਰਾਤੀ ਬੰਬਈ ਦੇ ਵਸਨੀਕ ਹਨ? ਜੇਕਰ ਉਹ ਵਸਨੀਕ ਨਹੀਂ ਤਾਂ, ਉਹ ਬੰਬਈ ਵਿਚ ਕਿਵੇਂ ਆਏ? ਉਨ੍ਹਾਂ ਦੀ ਦੌਲਤ ਦਾ ਕੀ ਸੋਮਾ ਹੈ? ਕੋਈ ਵੀ ਗੁਜਰਾਤੀ ਦਾਅਵਾ ਨਹੀਂ ਕਰੇਗਾ ਕਿ ਗੁਜਰਾਤੀ ਬੰਬਈ ਦੇ ਵਸਨੀਕ ਹਨ। ਜੇਕਰ ਉਹ ਬੰਬਈ ਦੇ ਵਸਨੀਕ ਨਹੀਂ ਤਾਂ ਉਹ ਬੰਬਈ ਵਿਚ ਕਿਵੇਂ ਆਏ? ਕੀ ਉਹ ਪੁਰਤਗਾਲਾਂ, ਫਰਾਂਸੀਸੀਆਂ, ਡੱਚਾਂ ਅਤੇ ਅੰਗਰੇਜ਼ਾਂ ਦੀ ਤਰ੍ਹਾਂ ਹਿੰਮਤ ਕਰਕੇ ਆਪਣਾ ਰਾਹ ਲੱਭਣ ਲਈ ਅਤੇ ਕੋਈ ਵੀ ਜੋਖਮ ਉਠਾਉਣ ਲਈ ਬੰਬਈ ਆਏ? ਇਤਿਹਾਸ ਤੋਂ ਇਨ੍ਹਾਂ ਪ੍ਰਸ਼ਨਾਂ ਦੇ ਜੋ ਉੱਤਰ ਮਿਲਦੇ ਹਨ ਉਹ ਬਹੁਤ ਸਾਫ਼ ਹਨ। ਗੁਜਰਾਤੀ ਆਪਣੇ ਆਪ ਬੰਬਈ ਨਹੀਂ ਆਏ। ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਵਲੋਂ ਉਨ੍ਹਾਂ ਨੂੰ ਵਪਾਰਕ ਆੜ੍ਹਤੀਆਂ ਅਤੇ ਦਲਾਲਾਂ ਵਜੋਂ ਕੰਮ ਕਰਨ ਲਈ ਬੰਬਈ ਲਿਆਂਦਾ ਗਿਆ। ਕਿਉਂਕਿ ਈਸਟ ਇੰਡੀਆ ਕੰਪਨੀ ਦੇ ਅਫ਼ਸਰ ਜਿਨ੍ਹਾਂ ਨੇ ਕਿ ਆਪਣੀ ਪਹਿਲੀ ਫੈਕਟਰੀ ਸੂਰਤ ਵਿਚ ਲਗਾਈ ਸੀ ਉਹ ਆਪਣਾ ਵਪਾਰ ਚਲਾਉਣ ਲਈ ਸੂਰਤੀ ਬਾਣੀਆਂ ਨੂੰ ਦਲਾਲਾਂ ਦੇ ਤੌਰ ਤੇ ਵਰਤਣ ਦੇ ਆਦੀ ਹੋ ਗਏ ਸਨ। ਇਸ ਤੋਂ ਬੰਬਈ ਵਿਚ ਗੁਜਰਾਤੀਆਂ ਦੇ ਦਾਖਲੇ ਬਾਰੇ ਪਤਾ ਲਗਦਾ ਹੈ। ਦੂਸਰੇ, ਗੁਜਰਾਤੀ ਆਜ਼ਾਦ ਅਤੇ ਬਰਾਬਰੀ ਦੇ ਮੁਕਾਬਲੇ ਨੂੰ ਆਧਾਰ ਮੰਨ ਕੇ ਦੂਸਰੇ ਵਪਾਰੀਆਂ ਨਾਲ ਵਪਾਰ ਕਰਨ ਲਈ ਬੰਬਈ ਨਹੀਂ ਆਏ। ਉਹ ਵਿਸ਼ੇਸਾਧਿਕ੍ਰਿਤ ਵਿਅਕਤੀਆਂ ਵਜੋਂ ਵਿਸ਼ੇਸ਼ ਤੌਰ ਤੇ ਈਸਟ ਇੰਡੀਆ ਕੰਪਨੀ ਵਲੋਂ ਦਿੱਤੇ ਗਏ ਕੁਝ ਖਾਸ ਵਪਾਰਕ ਹੱਕਾਂ ਸਮੇਤ ਬੰਬਈ ਆਏ। ਬੰਬਈ ਵਿਚ ਉਨ੍ਹਾਂ ਦੀ ਆਯਾਤ ਪਹਿਲੀ ਵਾਰੀ ਸਾਲ 1671 ਵਿਚ ਗਵਰਨਰ ਆਂਗੀਅਰ ਵਲੋਂ ਵਿਚਾਰੀ ਗਈ। ਇਸ ਤੱਥ ਦਾ ਹਵਾਲਾ ਗਜ਼ਟੀਅਰ ਆਫ਼ ਬੰਬੇ ਟਾਊਨ ਐਂਡ ਆਈਲੈਂਡ ਵਾਲੀਯੂਮ* ਵਿਚ ਹੇਠ ਲਿਖੇ ਸ਼ਬਦਾਂ ਵਿਚ ਦਿੱਤਾ ਗਿਆ ਹੈ :

> "ਬੰਬਈ ਦੀ ਤਰੱਕੀ ਲਈ ਇਕ ਹੋਰ ਯੋਜਨਾ ਜਿਸ ਵਿਚ ਗਵਰਨਰ ਆਂਗੀਅਰ ਦੀ ਆਪਣੀ ਰੁਚੀ ਸੀ, ਉਹ ਸੀ ਸੂਰਤੀ ਬਾਣੀਆਂ ਦੀ ਬੰਬਈ ਵਿਚ ਆਮਦ। ਇਸ ਤਰ੍ਹਾਂ ਜਾਪਦਾ ਹੈ ਕਿ ਮਹਾਜਨ ਜਾਂ ਸੂਰਤੀ ਬਾਣੀਆਂ ਦੀ ਬਰਾਬਰੀ ਦੀ ਕਮੇਟੀ ਨੇ ਬੰਬਈ ਜਾਣ ਦਾ ਜੋਖਮ ਲੈਣ ਤੋਂ ਪਹਿਲਾਂ ਕੁਝ ਰਿਆਇਤਾਂ ਦਾ ਭਰੋਸਾ ਚਾਹਿਆ ਅਤੇ ਕੰਪਨੀ ਨੇ ਮਹਾਜਨਾਂ ਦੀ ਤਜਵੀਜ਼ ਨੂੰ ਆਮ ਸਹਿਮਤੀ ਦੇ ਦਿੱਤੀ। 10 ਜਨਵਰੀ ਨੂੰ ਸੂਰਤ ਕੌਂਸਲ ਨੇ ਕੰਪਨੀ ਨੂੰ ਲਿਖਿਆ। ਮਹਾਜਨ ਜਾਂ ਬਾਣੀਆਂ ਦੀ ਚੀਫ਼ ਕੌਂਸਲ ਉੱਤਰ ਤੋਂ ਬਹੁਤ ਖੁਸ਼ ਸੀ। ਜੋ ਸ਼ਿਪਾਂ ਸੈਮਸਨ ਦੁਆਰਾ ਭੇਜੀ ਗਈ ਦਰਖਾਸਤ ਦੇ ਉੱਤਰ ਵਿਚ ਤੁਸੀਂ ਦਿੱਤਾ ਹੈ। ਜਿਸ ਦਾ ਸਬੰਧ ਬੰਬਈ ਵਿਚ ਰਿਆਇਤਾਂ ਪ੍ਰਦਾਨ ਕਰਨ ਨਾਲ ਹੈ। ਅਜਿਹਾ ਲਗਦਾ ਹੈ ਕਿ ਉਨ੍ਹਾਂ ਨੇ ਆਪ ਜੀ ਦੇ ਦਲਾਲ ਭੀਮ ਜੀ ਪਾਰਖ ਨੂੰ ਲਿਖਣ ਲਈ ਹੁਕਮ ਦਿੱਤਾ ਹੈ, ਜਿਸ ਵਿਚ ਉਨ੍ਹਾਂ ਦੀ ਇਹ ਇੱਛਾ ਦਰਸਾਈ ਜਾਵੇ ਕਿ ਉਕਤ ਰਿਆਇਤਾਂ ਆਪਜੀ ਦੀ ਵੱਡੀ ਮੋਹਰ ਅਧੀਨ ਪੱਕੀਆਂ ਕੀਤੀਆਂ ਜਾਣ, ਜੋਕਿ ਆਪਣੀ ਬੇਨਤੀ ਲਈ ਉਨ੍ਹਾਂ ਨੇ ਆਪ ਆਪਣੀ ਚਿੱਠੀ ਵਿਚ ਦਲੀਲ ਅਤੇ ਆਧਾਰ ਲਿਖਿਆ ਸੀ, ਜੋ ਕਿ ਉਨ੍ਹਾਂ ਨੇ

* ਬੰਬੇ ਗਜ਼ਟੀਅਰ ਸੈਂਚੀ 1 ਪੰਨਾ 46-47

ਆਪ ਜੀ ਨੂੰ ਪਹੁੰਚਾਉਣ ਲਈ ਭੇਜੀ ਸੀ ਅਤੇ ਹੁਣ ਇਹ ਸ਼ਿਪ ਫਾਲਕੋਨ ਵਿਚ ਆਪ ਜੀ ਦੇ ਪੈਕਟ ਵਿਚ ਜਾ ਰਹੀ ਹੈ। ਆਪਣੀ ਬੇਨਤੀ ਦੇ ਹੱਕ ਵਿਚ ਜੋ ਦਲੀਲ ਉਨ੍ਹਾਂ ਨੇ ਦਿੱਤੀ ਹੈ ਉਹ ਕੁਝ ਪ੍ਰਭਾਵਸ਼ਾਲੀ ਜਾਪਦੀ ਹੈ। ਉਹ ਕਹਿੰਦੇ ਹਨ ਕਿ ਮਾਨਯੋਗ ਕੰਪਨੀ ਸਥਾਨੀ ਹੈ ਅਤੇ ਉਨ੍ਹਾਂ ਦੇ ਆਰਡੀਨੈਂਸ ਹਮੇਸ਼ਾਂ ਲਾਗੂ ਰਹਿੰਦੇ ਹਨ, ਪਰੰਤੂ ਉਨ੍ਹਾਂ ਦੇ ਪ੍ਰੈਜੀਡੈਂਟ ਤੇ ਕੌਂਸਲ ਬਦਲਣਯੋਗ ਹਨ ਅਤੇ ਆਉਣ ਵਾਲੇ ਪ੍ਰੈਜੀਡੈਂਟ ਅਤੇ ਕੌਂਸਲ ਕਈ ਵਾਰੀ ਆਪਣੇ ਪੂਰਵਜਾਂ ਵਲੋਂ ਦਿੱਤੇ ਗਏ ਵਾਅਦਿਆਂ ਤੋਂ ਮੁਕਰ ਜਾਂਦੇ ਹਨ, ਇਸ ਲਈ ਉਹ ਆਸ ਕਰਦੇ ਹਨ ਕਿ ਆਪ ਉਨ੍ਹਾਂ ਦੀ ਦਰਖਾਸਤ ਨੂੰ ਪ੍ਰਵਾਨ ਕਰੋਗੇ। ਸਾਡੀ ਸਮਝ ਮੁਤਾਬਕ ਅਸੀਂ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਅਜਿਹਾ ਕਰਨ ਨਾਲ ਆਪ ਜੀ ਨੂੰ ਕੋਈ ਮੁਸ਼ਕਲ ਨਹੀਂ ਵਾਪਰ ਸਕਦੀ ਸਗੋਂ ਇਸਦੇ ਨਾਲ ਕਾਫੀ ਲਾਭ ਹੀ ਹੋਏਗਾ, ਅਤੇ ਜੋ ਵੀ ਰਿਆਇਤਾਂ ਤੁਸੀਂ ਦੇ ਸਕਦੇ ਹੋ ਉਨ੍ਹਾਂ ਦਾ ਦਾਇਰਾ ਅਤੇ ਮਿਕਦਾਰ ਨਿਸ਼ਚਿਤ ਕਰਨੀ ਆਪ ਜੀ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ, ਜੋ ਵੀ ਆਪ ਇਸ ਬਾਰੇ ਫੈਸਲਾ ਕਰੋ। ਅਸੀਂ ਸਮਝਦੇ ਹਾਂ ਕਿ ਜੇਕਰ ਆਪ ਜੀ ਉਨ੍ਹਾਂ ਦੀ ਚਿੱਠੀ ਦਾ ਇਕ ਲਾਈਨ ਦਾ ਉਤਰ ਦੇਣ ਦੀ ਕਿਰਪਾ ਕਰੋਗੇ, ਇਸ ਨਾਲ ਉਨ੍ਹਾਂ ਨੂੰ ਬਹੁਤ ਤਸੱਲੀ ਹੋਵੇਗੀ ਅਤੇ ਆਪ ਜੀ ਦੇ ਹਿੱਤ ਨੂੰ ਇਸ ਦਾ ਕੋਈ ਨੁਕਸਾਨ ਨਹੀਂ ਹੋਵੇਗਾ।"

32. ਉਹ ਰਿਆਇਤਾਂ ਕੀ ਸਨ, ਜੋ ਗੁਜਰਾਤੀ ਬਾਣੀਆਂ ਨੇ ਈਸਟ ਇੰਡੀਆ ਕੰਪਨੀ ਕੋਲੋਂ ਮੰਗੀਆਂ ਸਨ? ਦਿਊ ਸ਼ਹਿਰ ਦੇ ਇਕ ਮਸ਼ਹੂਰ ਬਾਣੀਏ ਨੀਮਾ ਪਾਰਖ ਦੀ ਹੇਠ ਲਿਖੀ ਦਰਖ਼ਾਸਤ ਤੋਂ ਕੁਝ ਪਤਾ ਲਗਦਾ ਹੈ ਕਿ ਉਹ ਰਿਆਇਤਾਂ ਕੀ ਸਨ।*

ੳ. ਮਾਨਯੋਗ ਕੰਪਨੀ ਵਰਤਮਾਨ ਸ਼ਹਿਰ ਦੇ ਵਿਚ ਜਾਂ ਨੇੜੇ ਉਸਨੂੰ ਬਿਨਾਂ ਕਿਰਾਏ, ਇਤਨੀ ਜ਼ਮੀਨ ਲਾਟ ਕਰੇ, ਜੋ ਕੰਪਨੀ ਘਰ ਜਾਂ ਗੁਦਾਮ ਬਣਾਉਣ ਲਈ ਕਾਫੀ ਸਮਝੇ।

ਅ. ਉਸਨੂੰ ਆਪਣੀ ਜ਼ਾਤੀ ਵਰਗ ਦੇ ਬਾਣੀਆਂ (ਗੋਡਾਂ ਜਾਂ ਪ੍ਰੋਹਿਤਾਂ) ਸਮੇਤ ਆਪਣੇ ਘਰ ਵਿਚ ਬਿਨਾਂ ਕਿਸੇ ਵਿਅਕਤੀ ਦੀ ਛੇੜਛਾੜ ਤੋਂ ਆਪਣੀ ਧਾਰਮਕ ਪਰੰਪਰਾ ਅਨੁਸਾਰ ਰਹਿਣ ਦੀ ਖੁਲ੍ਹ ਹੋਵੇ? ਕਿ ਕਿਸੇ ਵੀ ਅੰਗਰੇਜ਼, ਪੁਰਤਗਾਲੀ ਜਾਂ ਕਿਸੇ ਹੋਰ, ਈਸਾਈ ਨੂੰ ਨਾ ਹੀ ਮੁਸਲਮਾਨ ਨੂੰ ਉਨ੍ਹਾਂ ਦੇ ਅਹਾਤੇ ਵਿਚ ਰਹਿਣ ਜਾਂ ਕਿਸੇ ਜਾਨਵਰ ਨੂੰ ਮਾਰਨ ਜਾਂ ਉਨ੍ਹਾਂ ਨੂੰ ਸੱਟ ਮਾਰਨ ਜਾਂ ਉਨ੍ਹਾਂ ਦੇ ਬੇਇੱਜ਼ਤੀ ਕਰਨ ਦੀ ਆਗਿਆ ਹੋਵੇਗੀ, ਜੇਕਰ ਕੋਈ ਉਨ੍ਹਾਂ ਦੀ ਉਸ ਚਾਰਦੀਵਾਰੀ ਦੇ ਅੰਤਰ ਉਨ੍ਹਾਂ ਨੂੰ ਤੰਗ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਗਵਰਨਰ (ਸੂਰਤ ਵਿਖੇ), ਜਾਂ ਉਪ ਗਵਰਨਰ (ਬੰਬਈ ਵਿਖੇ) ਨੂੰ ਉਨ੍ਹਾਂ ਵਲੋਂ ਸ਼ਿਕਾਇਤ ਕਰਨ ਤੇ ਦੋਸ਼ੀ ਨੂੰ ਉਚਿਤ ਸਜ਼ਾ ਮਿਲੇਗੀ, ਕਿ ਉਨ੍ਹਾਂ ਨੂੰ ਆਪਣੀ ਪਰੰਪਰਾ ਅਨੁਸਾਰ ਮੁਰਦੇ ਜਲਾਉਣ ਦੀ ਅਤੇ ਨਾਲ ਹੀ ਆਪਣੇ ਵਿਆਹਾਂ-ਸ਼ਾਦੀਆਂ ਦੇ ਮੌਕੇ ਤੇ ਆਪਣੇ ਰੀਤੀ-ਰਿਵਾਜਾਂ ਨੂੰ ਨਿਭਾਉਣ ਦੀ ਆਜ਼ਾਦੀ ਹੋਵੇਗੀ। ਅਤੇ ਉਨ੍ਹਾਂ ਦੇ ਕਿੱਤੇ ਦੇ ਕਿਸੇ ਵੀ ਵਿਅਕਤੀ ਚਾਹੇ ਉਸਦੀ ਕੋਈ ਵੀ ਉਮਰ, ਲਿੰਗ ਜਾਂ ਅਵਸਥਾ

* ਬੰਬੇ ਗਜ਼ੀਅਰ ਸੈਚੀ 1 ਪੰਨੇ 74-76

ਹੋਵੇ ਉਸਨੂੰ ਈਸਾਈ ਬਣਨ ਲਈ ਮਜਬੂਰ ਨਹੀਂ ਕੀਤਾ ਜਾਏਗਾ, ਨਾ ਹੀ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਭਾਰ ਢੋਣ ਲਈ ਕਿਹਾ ਜਾਵੇਗਾ।

ੲ. ਕਿ ਉਸਨੂੰ ਤੇ ਉਸਦੇ ਪਰਿਵਾਰ ਨੂੰ ਨਿਗਰਾਨੀ ਤੇ ਰਖਵਾਲੀ ਦੇ ਕਰਤਵਾਂ ਆਦਿ ਤੋਂ ਮੁਕਤ ਰਖਿਆ ਜਾਵੇਗਾ। ਅਤੇ ਇਸ ਨਾਲ ਸਬੰਧਤ ਉਹ ਕੋਈ ਮਹਿਸੂਲ ਵਗੈਰਾ ਨਹੀਂ ਦੇਣਗੇ; ਕਿ ਨਾ ਹੀ ਕੰਪਨੀ, ਨਾ ਗਵਰਨਰ, ਨਾ ਉਪ-ਗਵਰਨਰ ਜਾਂ ਕੌਂਸਲ ਜਾਂ ਕੋਈ ਹੋਰ ਵਿਅਕਤੀ ਕਿਸੇ ਵੀ ਬਹਾਨੇ ਸਰਕਾਰੀ ਜਾਂ ਨਿੱਜੀ ਖਾਤੇ ਲਈ ਜਾਂ ਸਿੱਧਾ ਖਰਚ ਕਰਨ ਲਈ ਪੈਸੇ ਉਧਾਰ ਦੇਣ ਲਈ ਮਜਬੂਰ ਕਰੇਗਾ।

ਸ. ਕਿ ਜੇਕਰ ਉਸਦੇ ਆਪਣੇ ਵਕੀਲ ਜਾਂ ਅਟਾਰਨੀ ਜਾਂ ਆਪਣੀ ਜ਼ਾਤੀ ਦੇ ਕਿਸੇ ਹੋਰ ਬਾਣੀਆਂ ਜਾਂ ਟਾਪੂ ਤੇ ਰਹਿੰਦੇ ਕਿਸੇ ਹੋਰ ਵਿਅਕਤੀ ਨਾਲ ਤਕਰਾਰ ਪੈਦਾ ਹੋ ਜਾਣ ਤਾਂ, ਗਵਰਨਰ ਜਾਂ ਉਪ-ਗਵਰਨਰ ਉਸਨੂੰ ਜਾਂ ਉਨ੍ਹਾਂ ਨੂੰ ਪਹਿਲਾਂ ਕਾਰਨ ਦੱਸ ਕੇ ਨੋਟਿਸ ਦਿੱਤੇ ਬਗੈਰ ਜਨਤਕ ਰੂਪ ਵਿਚ ਗ੍ਰਿਫਤਾਰ ਕਰਕੇ ਬੇਇੱਜ਼ਤ ਹੋਣ ਜਾਂ ਹਵਾਲਾਤ ਲਿਜਾਏ ਜਾਣ ਲਈ ਮਜਬੂਰ ਨਹੀਂ ਕਰੇਗਾ। ਉਨ੍ਹਾਂ ਨੂੰ ਵਿਸ਼ਵਾਸ ਦਿਵਾਏਗਾ ਕਿ ਉਨ੍ਹਾਂ ਨਾਲ ਇਮਾਨਦਾਰੀ ਨਾਲ ਅਤੇ ਮਿੱਤਰਤਾਪੂਰਵਕ ਨਿਆਂ ਕੀਤਾ ਜਾਵੇਗਾ ਅਤੇ ਉਸਦੇ ਆਪਣੇ ਅਟਾਰਨੀ ਜਾਂ ਕਿਸੇ ਆਪਣੀ ਜ਼ਾਤੀ ਦੇ ਬਾਣੀਏ ਨਾਲ ਤਕਰਾਰ ਪੈਦਾ ਹੋਣ ਜਾਣ ਦੀ ਸੂਰਤ ਵਿਚ ਉਨ੍ਹਾਂ ਨੂੰ ਕਾਨੂੰਨ ਦਾ ਸਹਾਰਾ ਲੈਣ ਲਈ ਮਜਬੂਰ ਕੀਤੇ ਬਿਨਾਂ ਅਜਿਹੇ ਤਕਰਾਰ ਦਾ ਫ਼ੈਸਲਾ ਆਪਸ ਵਿਚ ਕਰਨ ਦੀ ਆਜ਼ਾਦੀ ਹੋਵੇਗੀ।

ਹ. ਕਿ ਉਸ ਨੂੰ ਗਵਰਨਰ ਉਪ-ਗਵਰਨਰ ਜਾਂ ਗਾਹਕ ਨੂੰ ਪਹਿਲਾਂ ਨੋਟਿਸ ਦੇ ਕੇ ਅਤੇ ਉਸ ਦੀ ਇਜਾਜ਼ਤ ਲੈ ਕੇ ਬਿਨਾਂ ਬੰਦਰਗਾਹ ਸ਼ੁਲਕ ਦਿੱਤੇ ਜਿਸ ਬੰਦਰਗਾਹ ਤੇ ਉਸ ਦੀ ਖੁਸ਼ੀ ਹੋਵੇ ਵਪਾਰ ਕਰਨ ਦੀ ਤੇ ਜਿਥੇ ਉਹ ਠੀਕ ਸਮਝੇ ਆਪਣੇਂ ਜਹਾਜ਼ ਜਾਂ ਕਿਸ਼ਤੀ ਵਿਚ ਆਉਣ ਜਾਂ ਜਾਣ ਦੀ ਆਜ਼ਾਦੀ ਹੋਵੇਗੀ।

ਕ. ਕਿ ਜੇਕਰ ਉਹ ਇਤਨਾ ਸਾਮਾਨ ਸਮੁੰਦਰ ਤੱਟ ਤੇ ਲੈ ਆਉਂਦਾ ਹੈ ਜਿਸਦੀ ਕਿ 12 ਮਹੀਨਿਆਂ ਦੇ ਅੰਦਰ-ਅੰਦਰ ਵਿਕਰੀ ਨਹੀਂ ਹੋ ਸਕਦੀ ਤਾਂ ਉਸ ਨੂੰ ਅਜਿਹੇ ਵਾਧੂ ਸਾਮਾਨ ਨੂੰ ਜਿਹੜੀ ਵੀ ਬੰਦਰਗਾਹ ਤੇ ਉਸ ਦੀ ਖੁਸ਼ੀ ਹੋਵੇ ਨਿਰਯਾਤ ਕਰ ਦਿੱਤੇ ਬਗ਼ੈਰ ਭੇਜਣ ਦੀ ਆਜ਼ਾਦੀ ਹੋਵੇਗੀ।

ਖ. ਕਿ ਜੇਕਰ ਕੋਈ ਵਿਅਕਤੀ ਉਸ ਦਾ ਜਾਂ ਕਿਸੇ ਹੋਰ ਬਾਣੀਏ ਦਾ ਕਰਜ਼ਦਾਰ ਹੋ ਜਾਵੇ ਅਤੇ ਉਹ ਇਹ ਕਰਜ਼ਾ ਵਾਪਸ ਨਾ ਕਰ ਸਕੇ ਤਾਂ ਉਸ ਦੇ ਅਧਿਕਾਰ ਨੂੰ ਦੂਸਰੇ ਬਾਣੀਆਂ ਨਾਲੋਂ ਵੱਧ ਤਰਜੀਹ ਦਿੱਤੀ ਜਾਵੇਗੀ।

ਗ. ਕਿ ਜੰਗ ਛਿੜ ਜਾਣ ਜਾਂ ਕਿਸੇ ਪ੍ਰਕਾਰ ਦਾ ਕੋਈ ਹੋਰ ਖ਼ਤਰਾ ਹੋ ਜਾਣ ਦੀ ਸੂਰਤ ਵਿਚ ਉਸ ਦੀਆਂ ਵਸਤੂਆਂ, ਖਜ਼ਾਨਾ ਅਤੇ ਪਰਿਵਾਰ ਨੂੰ ਰਖਣ ਲਈ ਕਿਲ੍ਹੇ ਵਿਚ ਉਸਦਾ ਗੋਦਾਮ ਹੋਵੇਗਾ।

ਘ. ਕਿ ਉਸ ਨੂੰ ਅਤੇ ਉਸ ਦੇ ਕਿਸੇ ਵੀ ਪਰਿਵਾਰ ਨੂੰ ਕਿਲ੍ਹੇ ਦੇ ਅੰਦਰ ਜਾਣ ਜਾਂ ਬਾਹਰ

ਆਉਣ ਜਾਂ ਗਵਰਨਰ ਜਾਂ ਉਪ-ਗਵਰਨਰ ਦੇ ਨਿਵਾਸ ਸਥਾਨ ਤੇ ਆਉਣ ਦੀ ਜਾਂ ਜਾਣ ਦੀ ਇਜਾਜ਼ਤ ਹੋਵੇਗੀ; ਕਿ ਉਥੇ ਉਨ੍ਹਾਂ ਦਾ ਇੱਜ਼ਤ ਨਾਲ ਸਵਾਗਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਆਪਣੀ ਸਹੂਲਤ ਲਈ ਆਜ਼ਾਦੀ ਨਾਲ ਗੱਡੀਆਂ, ਘੋੜੇ, ਬੱਘੀਆਂ, ਜਾਂ ਛਤਰੀਆਂ ਵਰਤ ਸਕਣਗੇ, ਕਿ ਉਨ੍ਹਾਂ ਦੇ ਨੌਕਰ ਕਿਰਪਾਨਾਂ ਤੇ ਖੰਜਰ ਪਹਿਨ ਸਕਣਗੇ ਅਤੇ ਉਨ੍ਹਾਂ ਨੂੰ ਬਿਨਾਂ ਦੋਸ਼ ਤ੍ਰਿਸ਼ਕਾਰਿਆ, ਕੁਟਿਆ ਜਾਂ ਕੈਦ ਨਹੀਂ ਕੀਤਾ ਜਾਵੇਗਾ, ਅਤੇ ਜੇਕਰ ਉਸ ਨੂੰ ਜਾਂ ਉਨ੍ਹਾਂ ਨੂੰ ਦੂਸਰੀ ਬੰਦਰਗਾਹ ਤੋਂ ਕੋਈ ਦੋਸਤ ਜਾਂ ਰਿਸ਼ਤੇਦਾਰ ਮਿਲਣ ਆਉਣਗੇ ਤਾਂ ਉਨ੍ਹਾਂ ਦਾ ਸਭਿਅਤਾ ਅਨੁਕੂਲ ਸਵਾਗਤ ਕੀਤਾ ਜਾਵੇਗਾ।

ਛ. ਕਿ ਉਸ ਨੂੰ ਅਤੇ ਉਸ ਦੇ ਪ੍ਰਤੀਨਿਧੀਆਂ ਨੂੰ ਟਾਪੂ ਉਤੇ ਬਿਨਾਂ ਕਿਸੇ ਕਿਰਾਏ ਦੇ ਜਾਂ ਤੰਗ ਕੀਤੇ ਬਗ਼ੈਰ ਖੋਪ੍ਹਾ, ਸੁਪਾਰੀ, ਪਾਨ ਜਾਂ ਪਾਨ-ਪੱਤਾ ਅਤੇ ਕੋਈ ਵੀ ਹੋਰ ਵਸਤੂ ਖਰੀਦਣ ਜਾਂ ਵੇਚਣ ਦੀ ਆਜ਼ਾਦੀ ਹੋਵੇਗੀ।

33. ਨਿਮਾ ਪਾਰੇਖ ਦੀ ਦਰਖ਼ਾਸਤ ਦਾ ਕਿਸ ਤਰ੍ਹਾਂ ਨਿਪਟਾਰਾ ਕੀਤਾ ਗਿਆ ਉਸ ਨੂੰ ਬੰਬਈ ਦੇ ਉਪ-ਗਵਰਨਰ ਵਲੋਂ ਮਿਤੀ 3 ਅਪ੍ਰੈਲ, 1677 ਨੂੰ ਦਿੱਤੇ ਗਏ ਉਤਰ ਤੋਂ ਦੇਖਿਆ ਜਾ ਸਕਦਾ ਹੈ, ਜੋ ਕਿ ਹੇਠ ਦਿੱਤੇ ਸ਼ਬਦਾਂ ਵਿਚ ਸੀ :

"ਹੁਕਮਾਂ ਅਨੁਸਾਰ ਅਸੀਂ ਨਿਮਾ ਪਾਰਖ, ਬਾਣੀਆਂ ਦੇ ਪੱਤਰ ਨੂੰ ਵਿਚਾਰਿਆ ਹੈ ਅਤੇ ਉਸ ਨੂੰ ਇਹ ਰਿਆਇਤਾਂ ਦੇਣ ਵਿਚ ਅਸੀਂ ਕੋਈ ਪੱਖਪਾਤ ਮਹਿਸੂਸ ਨਹੀਂ ਕਰਦੇ।"

"ਪਹਿਲੀ ਸ਼ਰਤ ਬਹੁਤ ਆਸਾਨ ਹੈ ਕਿਉਂਕਿ ਕੰਪਨੀ ਕੋਲ ਬਹੁਤ ਜ਼ਮੀਨ ਹੈ ਅਤੇ ਅਸੀਂ ਹੋਰ ਬਾਣੀਆਂ ਨੂੰ ਅਤੇ ਦੂਸਰੇ ਲੋਕਾਂ ਨੂੰ ਜੋ ਇਥੇ ਵੱਸਣ ਆਉਂਦੇ ਹਨ, ਅਸੀਂ ਨਿੱਤ ਜ਼ਮੀਨ ਦਿੰਦੇ ਹਾਂ। ਜਿਥੋਂ ਤੱਕ ਦੂਸਰੀ ਸ਼ਰਤ ਦਾ ਸਬੰਧ ਹੈ, ਸਾਰਿਆਂ ਨੂੰ ਧਾਰਮਕ ਰਸਮਾਂ ਅਨੁਸਾਰ ਵਿਆਹ-ਸ਼ਾਦੀਆਂ ਕਰਨ ਅਤੇ ਤਿਉਹਾਰ ਆਪਣੀਆਂ ਧਾਰਮਕ ਰੀਤੀ-ਰਿਵਾਜਾਂ ਅਨੁਸਾਰ ਮਨਾਉਣ ਦੀ ਇਜਾਜ਼ਤ ਦਿਤੀ ਜਾਂਦੀ ਹੈ ਤੇ ਬਾਣੀਏ ਹਮੇਸ਼ਾਂ ਆਪਣੇ ਮੁਰਦਿਆਂ ਨੂੰ ਬੇ-ਰੋਕ-ਟੋਕ ਜਲਾਉਂਦੇ ਹਨ, ਨਾ ਹੀ ਅਸੀਂ ਕਿਸੇ ਵਿਅਕਤੀ ਨੂੰ ਬਾਣੀਆਂ ਦੇ ਕਰੀਬ ਕਿਸੇ ਜਾਨਵਰ ਨੂੰ ਮਾਰਨ ਦੀ ਇਜਾਜ਼ਤ ਦਿੰਦੇ ਹਾਂ ਅਤੇ ਨਾ ਹੀ ਕੋਈ ਵਿਅਕਤੀ ਕਿਸੇ ਦੇ ਘਰ ਜਾਂ ਚਾਰਦੀਵਾਰੀ ਵਿਚ ਮਾਲਕ ਦੀ ਆਗਿਆ ਤੋਂ ਬਿਨਾਂ ਦਾਖਲ ਹੋਣ ਦਾ ਹੌਂਸਲਾ ਕਰ ਸਕਦਾ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਈਸਾਈ ਬਣਨ ਲਈ ਮਜਬੂਰ ਕੀਤਾ ਜਾਂਦਾ ਹੈ। ਕਿਸੇ ਬਾਣੀਏ, ਬ੍ਰਾਹਮਣ, ਮੂੜ ਜਾਂ ਅਜਿਹੇ ਕਿਸੇ ਹੋਰ ਵਿਅਕਤੀ ਤੋਂ ਦੇਖ-ਰੇਖ ਜਾਂ ਕੋਈ ਹੋਰ ਡਿਊਟੀ ਦਾ ਹਰਜਾਨਾ ਨਹੀਂ ਲਿਆ ਜਾਂਦਾ ਪਰੰਤੂ ਜੇਕਰ ਕੋਈ ਵਿਅਕਤੀ ਇਕ (Oart OR Warge (Vada) ਖਰੀਦਦਾ ਹੈ ਤਾਂ ਹਰ ਖਤਰੇ ਦੇ ਸਮੇਂ ਉਸ ਲਈ ਇਕ ਹਥਿਆਰ ਬੰਦ ਸਿਪਾਹੀ ਭੇਜਣਾ ਲਾਜ਼ਮੀ ਹੈ ਪਰੰਤੂ ਜੇ ਕਰ ਉਸ ਦੇ ਕਬਜ਼ੇ ਵਿਚ ਕੋਈ ਜ਼ਮੀਨ ਨਹੀਂ ਤਾਂ ਉਸ ਕੋਲੋਂ ਕੋਈ ਮਹਿਸੂਲ ਨਹੀਂ ਲਿਆ ਜਾਂਦਾ। ਇਸ ਲਈ ਨਿਯਮਾਂ ਦੀ ਅਰਜ਼ੀ ਦੀ ਪਰਵਾਨਗੀ ਦਿੱਤੀ ਜਾ ਸਕਦੀ ਹੈ, ਅਤੇ ਜੇਕਰ ਉਹ ਕੋਈ ਜ਼ਮੀਨ ਖਰੀਦਦਾ ਹੈ ਤਾਂ ਉਸ ਨੂੰ ਉਸ ਲਈ ਥੋੜ੍ਹੀ ਜਿਹੀ ਰਾਸ਼ੀ ਕਰਜ਼-ਭਾਰ ਦੇ ਰੂਪ ਵਿਚ ਦੇਣੀ ਪਵੇਗੀ।

"ਚੌਥੀ ਸ਼ਰਤ ਅਸਲ ਵਿਚ ਇਕ ਵਿਸ਼ੇਸ਼ ਅਧਿਕਾਰ ਹੈ ਜੋ ਕਿ ਗਿਰਧਰ, ਮੂੜੀ ਅਤੇ ਕੁਝ ਹੋਰਨਾਂ ਤੋਂ ਇਲਾਵਾ ਕਿਸੇ ਹੋਰ ਨੂੰ ਪ੍ਰਾਪਤ ਨਹੀਂ, ਇਸਦੇ ਬਾਵਜੂਦ ਵੀ ਉਨ੍ਹਾਂ ਨੂੰ ਕਾਨੂੰਨ ਜਾਂ ਨਿਆਂ ਦੀ ਗ੍ਰਿਫਤ ਤੋਂ ਛੋਟ ਨਹੀਂ ਹੈ, ਪਰ ਉਸ ਨੇ ਤਾਂ ਮੰਗ ਕੀਤੀ ਹੈ ਕਿ ਨਿਆਂ ਸਤਿਕਾਰ ਪੂਰਵਕ ਕੀਤਾ ਜਾਵੇ। ਜਿਸ ਲਈ, ਉਸ ਨੂੰ ਸ਼ਕ ਕਰਨ ਦੀ ਜ਼ਰੂਰਤ ਨਹੀਂ ਅਤੇ ਆਪਸੀ ਤਕਰਾਰ ਪੈਦਾ ਹੋ ਜਾਣ ਦੀ ਸੂਰਤ ਵਿਚ ਉਹ ਅਜਿਹੇ ਮਸਲਿਆਂ ਦਾ ਆਪਸ ਵਿਚ ਹੱਲ ਕਰਨ ਲਈ ਪਹਿਲਾਂ ਹੀ ਉਨ੍ਹਾਂ ਨੂੰ ਅਧਿਕਾਰ ਹੈ।

"ਜਿਥੋਂ ਤੱਕ ਪੰਜਵੀਂ ਮੱਦ ਦਾ ਸਬੰਧ ਹੈ ਬੰਦਰਗਾਹ ਦਾ ਭਾੜਾ ਇਕ ਟਨ ਪਿਛੇ ਸਾਰਾ ਇਕ ਰੁਪਿਆ ਲਿਆ ਜਾਂਦਾ ਹੈ। ਇਸ ਤਰ੍ਹਾਂ ਸੌ ਟਨ ਪਿਛੇ ਥੋੜੇ ਜਿਹੇ ਰੁਪਿਆਂ ਦਾ ਮਸਲਾ ਹੈ ਜੋ ਕਿ ਕੋਈ ਨਾ ਵਿਚਾਰਨ ਯੋਗ ਗੱਲ ਨਹੀਂ ਹੈ ਜੋ ਕਿ ਅਸੀਂ ਨਹੀਂ ਸਮਝਦੇ ਕਿ ਇਸ ਤੇ ਅਸੀਂ ਅੜੇ ਰਹਾਂਗੇ ਜੇਕਰ ਉਹ ਕਹਿੰਦਾ ਹੈ ਤਾਂ ਅਸੀਂ ਸਿਰਫ ਉਸ ਦੇ ਜਹਾਜ਼ਾਂ ਲਈ ਇਹ ਆਗਿਆ ਉਸ ਨੂੰ ਆਸਾਨੀ ਨਾਲ ਦੇ ਸਕਦੇ ਹਾਂ।

"ਛੇਵੀਂ ਮੱਦ ਜੇਕਰ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਤਾਂ ਸਾਰੇ ਲੋਕੀਂ ਜੋ ਜਾਣਦੇ ਹਨ ਇਹ ਉਸ ਤੋਂ ਵੱਧ ਕੁਝ ਨਹੀਂ ਜੋ ਕਿ ਉਹ ਨਿਰਯਾਤ ਕੀਤੀਆਂ ਗਈਆਂ ਆਪਣੀਆਂ ਵਸਤੂਆਂ ਤੇ ਮਹਿਸੂਲ ਦੇਣ ਤੋਂ ਇਲਾਵਾ ਹੋਰ ਖ਼ਰੀਦੀਆਂ ਗਈਆਂ ਵਸਤੂਆਂ ਤੇ ਉਨ੍ਹਾਂ ਨੂੰ ਹੋਰ ਕੁਝ ਨਹੀਂ ਦੇਣਾ ਪੈਂਦਾ ਪਰੰਤੂ ਜੇਕਰ ਉਹ ਚਾਹੁੰਦਾ ਹੈ ਕਿ ਨਾ ਉਹ ਆਯਾਤ ਕੀਤੀਆਂ ਗਈਆਂ ਵਸਤੂਆਂ ਤੇ ਮਹਿਸੂਲ ਦੇਵੇ ਤੇ ਨਾ ਹੀ ਵਿਕਣ ਤੋਂ ਰਹਿ ਗਈਆਂ ਚੀਜ਼ਾਂ ਤੇ ਮਹਿਸੂਸ ਦੇਵੇ ਤਾਂ ਇਹ ਕੰਪਨੀ ਨੂੰ ਬਹੁਤ ਵੱਡਾ ਘਾਟਾ ਹੋਵੇਗਾ। ਕਿਉਂਜੋ ਉਨ੍ਹਾਂ ਨੇ ਦੋ ਸਾਲ ਲਈ ਮਹਿਸੂਲ ਇਕੱਠਾ ਕਰ ਲਿਆ ਹੈ ਅਤੇ ਉਸ ਦੇ ਸਥਾਪਿਤ ਹੋਣ ਦਾ ਲਾਭ ਅਸੀਂ ਸਮਝਦੇ ਹਾਂ ਕਿ ਜਦ ਤਕ ਇਹ ਦੁਬਾਰਾ ਕੰਪਨੀ ਦੇ ਹੱਥ ਵਿਚ ਨਹੀਂ ਆਉਂਦਾ ਸਮਤੁਲਨ ਨਹੀਂ ਹੋਵੇਗਾ।"

"ਜਿਥੋਂ ਤੱਕ ਸਤਵੀਂ ਮੱਦ ਦਾ ਸੁਆਲ ਹੈ ਤਾਂ ਸਾਡਾ ਕਾਨੂੰਨ ਅਜਿਹਾ ਹੈ ਕਿ ਜੇਕਰ ਕੋਈ ਵਿਅਕਤੀ ਬਹੁਤ ਸਾਰੇ ਵਿਅਕਤੀਆਂ ਦਾ ਕਰਜ਼ਾਈ ਹੋ ਜਾਂਦਾ ਹੈ ਤਾਂ ਕਚਹਿਰੀ ਵਲੋਂ ਜਿਸ ਵਿਅਕਤੀ ਦੇ ਹੱਕ ਵਿਚ ਪਹਿਲਾਂ ਫੈਸਲਾ ਕੀਤਾ ਜਾਂਦਾ ਹੈ ਉਸ ਦਾ ਪੂਰਾ ਕਰ-ਭਾਰ ਦਿੱਤਾ ਜਾਂਦਾ ਹੈ। ਇਸ ਲਈ ਇਸ ਬਾਰੇ ਕੋਈ ਪੀੜਤ ਨਹੀਂ ਹੋ ਸਕਦਾ ਅਤੇ ਨਾ ਹੀ ਕੋਈ ਉਧਾਰ ਦੇਣ ਵਾਲਾ ਇਕ ਵਾਰੀ ਵਾਪਸ ਕੀਤੀ ਗਈ ਰਾਸ਼ੀ ਤੋਂ ਮੁਨਕਰ ਹੋ ਸਕਦਾ ਹੈ ਕਿਉਂਕਿ ਜਦੋਂ ਫੈਸਲਾ ਦਿੱਤਾ ਜਾਂਦਾ ਹੈ ਤਾਂ ਕਾਨੂੰਨ ਇਸ ਦਾ ਗਵਾਹ ਬਣ ਜਾਂਦਾ ਹੈ ਅਤੇ ਉਹ ਵਿਅਕਤੀ ਇਸ ਦਾ ਹੱਕਦਾਰ ਨਹੀਂ ਰਹਿੰਦਾ ਪਰੰਤੂ ਜਦੋਂ ਇਕ ਵਿਅਕਤੀ ਦੋ ਵਿਅਕਤੀਆਂ ਦਾ ਕਰਜ਼ਦਾਰ ਬਣ ਜਾਵੇ ਅਤੇ ਇਕ ਵਿਅਕਤੀ ਉਸ ਤੇ ਪਹਿਲਾਂ ਮੁਕੱਦਮਾ ਕਰੇ ਅਤੇ ਬਾਅਦ ਵਿਚ ਦੂਸਰਾ ਮੁਕੱਦਮਾ ਕਰ ਦੇਵੇ ਤਾਂ ਅਸੀਂ ਕਿਸ ਕਾਨੂੰਨ ਨਾਲ ਕਰਜ਼ਈ ਦੀ ਜਾਇਦਾਦ ਦੂਸਰੇ ਲੈਣਦਾਰ ਨੂੰ ਦੇ ਸਕਦੇ ਹਾਂ। ਅਸੀਂ ਕੇਵਲ ਉਸ ਨੂੰ ਇਹ ਵਿਸ਼ਵਾਸ ਦੇ ਸਕਦੇ ਹਾਂ ਕਿ ਕਾਨੂੰਨ ਅਨੁਸਾਰ ਉਸ ਨਾਲ ਤੇਜ਼ੀ ਨਾਲ ਇਨਸਾਫ਼ ਕੀਤਾ ਜਾਵੇ ਅਤੇ ਕਰਜ਼ਈ ਨੂੰ ਸਾਰਾ ਕਰਜ਼ਾ ਵਾਪਸ ਕਰਨ ਲਈ ਮਜਬੂਰ ਕਰ ਸਕਦੇ ਹਾਂ। ਜੇਕਰ ਉਹ ਅਜਿਹਾ ਕਰਨ ਲਾਇਕ ਹੋਵੇ ਅਤੇ ਨਹੀਂ ਤਾਂ ਅਸੀਂ ਉਸ ਨੂੰ ਉਸ ਸਮੇਂ ਤੱਕ ਕੈਦ ਰੱਖ ਸਕਦੇ ਹਾਂ ਜਿੰਨਾਂ ਸਮਾਂ ਲੈਣਦਾਰ ਦੀ ਖੁਸ਼ੀ ਹੋਵੇ। ਅਸੀਂ ਆਸ ਕਰਦੇ ਹਾਂ ਕਿ ਨਿਮਾਂ ਪਾਰਖ ਸਾਡੇ ਨਾਲ ਰਜ਼ਾਮੰਦ ਹੋਵੇਗਾ।

"ਜਿਥੋਂ ਤੱਕ ਅੱਠਵੀਂ ਮੱਦ ਦਾ ਸਬੰਧ ਹੈ, ਯੁੱਧ ਛਿੜ ਜਾਣ ਦੀ ਸੂਰਤ ਵਿਚ ਉਚ ਸ਼੍ਰੇਣੀ ਦੇ ਸਾਰੇ ਵਿਅਕਤੀਆਂ ਨੂੰ ਕਿਲ੍ਹੇ ਵਿਚ ਜਾਣ ਦੀ ਅਤੇ ਆਪਦੇ ਧੰਨ ਮਾਲ ਤੇ ਹੋਰ ਕੀਮਤੀ ਚੀਜ਼ਾਂ ਦੀ ਹਿਫਾਜ਼ਤ ਕਰਨ ਦੀ ਆਜ਼ਾਦੀ ਹੈ। ਮੈਂ ਨਹੀਂ ਸਮਝਦਾ ਕਿ ਉਹ ਕਿਲ੍ਹੇ ਨੂੰ ਘਟੀਆ ਵਸਤੂਆਂ ਨਾਲ ਭਰਨਾ ਚਾਹੇਗਾ, ਪਰੰਤੂ ਧੰਨ, ਜੇਵਰ, ਘਰਦੀਆਂ ਵਸਤੂਆਂ, ਕਪੜੇ, ਕੀਮਤੀ ਵਸਤੂਆਂ ਜੋ ਕਿ ਇਕ ਕਮਰੇ ਵਿਚ ਸਮਾ ਸਕਦੀਆਂ ਹਨ, ਤੋਂ ਇਲਾਵਾ ਜੋ ਉਹ ਚਾਹਵੇ ਲਿਆ ਸਕਦਾ ਹੈ ਅਤੇ ਇਸ ਤੋਂ ਇਲਾਵਾ ਉਹ ਆਪਣੇ ਲਈ ਅਤੇ ਆਪਣੇ ਪਰਿਵਾਰ ਲਈ ਇਕ ਗੋਦਾਮ ਵੀ ਅਲਾਟ ਕਰਾ ਸਕਦਾ ਹੈ।

"ਨੌਵੀਂ ਅਤੇ ਦਸਵੀਂ ਮਦਾਂ ਨੂੰ ਅਸੀਂ ਇਕੱਠਿਆਂ ਕਰ ਸਕਦੇ ਹਾਂ ਕਿਉਂ ਜੋ ਇਹ ਸਿਰਫ ਗਿਣਤੀ ਪੂਰੀ ਕਰਨ ਲਈ ਹੀ ਹਨ। ਇਹ ਤਾਂ ਕੇਵਲ ਨਜ਼ਰੀਆ ਹੈ ਜੋ ਕਿ ਜਿਸ ਦੇ ਉਹ ਅਧੀਨ ਰਹਿੰਦੇ ਹਨ, ਉਸ ਦੇ ਸਰੂਪ ਬਾਰੇ ਦਸਦਾ ਹੈ; ਜੋ ਕਿ, ਜਦੋਂ ਉਨ੍ਹਾਂ ਨੂੰ ਸਾਡੀ ਸਰਕਾਰ ਦਾ ਤਜਰਬਾ ਹੋ ਗਿਆ ਤਾਂ ਉਹ ਹਰ ਇਕ ਮੱਦ ਜਿੰਨੀ ਕਿ ਉਹ ਮੰਗ ਕਰਦਾ ਹੈ, ਉਸ ਤੋਂ ਜ਼ਿਆਦਾ ਆਜ਼ਾਦੀ ਮਾਨਣ ਲਈ ਉਹ ਆਪਣੇ ਆਪ ਸਾਡੇ ਤੇ ਹੱਸਣਗੇ। ਕਿਉਂ ਜੋ ਘਟੀਆ ਵਿਅਕਤੀਆਂ ਵਲੋਂ ਸਤਿਕਾਰ ਪੂਰਵਕ ਨੋਟਿਸ ਦੇਣ ਤੋਂ ਬਾਅਦ ਮਿਲਣ ਆਉਣ ਤੇ ਜਾਣ ਨੂੰ ਇਨਕਾਰ ਨਹੀਂ ਕੀਤਾ ਜਾਂਦਾ ਅਤੇ ਜਿੰਨੇ ਵੀ ਘੋੜੇ ਤੇ ਬੱਘੀਆਂ ਉਹ ਰੱਖ ਸਕੇ ਰੱਖ ਸਕਦਾ ਹੈ ਅਤੇ ਉਸ ਦੇ ਨੌਕਰ ਜਿਹੜੇ ਹਥਿਆਰ ਚਾਹੁਣ ਪਾ ਸਕਦੇ ਹਨ: ਇਹ ਸਭਾ ਲਈ ਸਾਧਾਰਣ ਗਲ ਹੈ। ਖਰੀਦਣ ਅਤੇ ਵੇਚਣ ਦੀ ਆਮ ਆਜ਼ਾਦੀ ਤੋਂ ਜ਼ਿਆਦਾ ਕਿਸੇ ਹੋਰ ਗੱਲ ਨੂੰ ਮਹੱਤਤਾ ਨਹੀਂ ਦਿੰਦੇ ਕਿਉਂਕਿ ਇਹ ਵਪਾਰ ਦਾ ਚੁੰਬਕ-ਪੱਥਰ ਹੈ।

"ਆਖਰ ਵਿਚ ਉਸ ਨੇ ਕਿਸੇ ਵੀ ਮਹਿਸੂਲ ਤੋਂ ਬਿਨਾਂ 10 ਮਣ ਤੰਬਾਕੂ ਰੱਖਣ ਲਈ ਆਖਿਆ ਹੈ ਜੋ ਕਿ ਸਾਰੀਆਂ ਸ਼ਰਤਾਂ ਨਾਲੋਂ ਮੁਸ਼ਕਲ ਹੈ ਕਿਉਂਕਿ ਕਿਸਾਨ ਅਜਿਹਾ ਲਾਇਸੰਸ ਦੇਣ ਲਈ ਕਾਫੀ ਵੱਡਾ ਹਿੱਸਾ ਮੰਗੇਗਾ, ਕਿਉਂ ਜੋ ਉਹ 10 ਮਣ ਤੰਬਾਕੂ ਵੇਚਣ ਲਈ ਕਾਫੀ ਲਾਭ ਕਮਾਉਂਦੇ ਹਨ। ਇਸ ਲਈ, ਅਸੀਂ ਨਹੀਂ ਜਾਣਦੇ ਕਿ ਉਸ ਦੀ ਇਸ ਮੱਦ ਨੂੰ ਕਿਸ ਤਰ੍ਹਾਂ ਮੰਨਿਆ ਜਾਵੇ, ਪਰੰਤੂ ਸਾਡੇ ਨਾਲੋਂ ਵੱਧ ਇਸ ਬਾਰੇ ਤੁਹਾਡੇ ਮਾਲਕ ਚੰਗਾ ਨਿਆਂ ਦੇ ਸਕਦੇ ਹਨ"*

34. ਉੱਤਰ ਵਿਚ 26 ਅਪ੍ਰੈਲ ਨੂੰ ਸੂਰਤ ਕੌਂਸਲ ** ਨੇ ਲਿਖਿਆ: "ਅਸੀਂ ਨਿਮਾ ਪਾਰਖ ਬਾਨੀਆਂ ਵਲੋਂ ਉਸ ਦੇ ਬੰਬਈ ਵਿਚ ਸਥਾਪਤ ਹੋਣ ਲਈ ਤਜਵੀਜ਼ ਕੀਤੀਆਂ ਮੱਦਾਂ ਦੇ ਮੁਤੱਲਕ ਆਪ ਦਾ ਉਤਰ ਪੜ੍ਹਿਆ : ਜਦੋਂ ਅਸੀਂ ਮੁੜ ਉਸ ਨਾਲ ਵਿਚਾਰ ਕਰਾਂਗੇ ਤਾਂ ਸਾਨੂੰ ਆਸ ਹੈ ਅਸੀਂ ਉਸ ਦੀ ਸਾਲਾਨਾ 10 ਮਣ ਤੰਬਾਕੂ ਟਾਪੂ ਉਤੇ ਬਿਨਾਂ ਮਹਿਸੂਲ ਲਿਆਉਣ ਦੀ ਬੇਨਤੀ ਦੇ ਮਸਲੇ ਨੂੰ ਥੋੜ੍ਹਾ ਘਟ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਕਿ ਟਾਪੂ ਤੇ ਕਿਸੇ ਕਿਸਮ ਦਾ ਪੱਖਪਾਤ ਨਾ ਹੋ ਸਕੇ।"

---

* ਇਹ ਨਿਮਾ ਪਾਰਖ ਵਲੋਂ ਕੀਤੀ ਗਈ ਨਵੀਂ ਮੰਗ ਲਗਦੀ ਹੈ।

** ਬੰਬਈ ਗਜ਼ਟੀਅਰ ਵਾਲਿਊਮ 1, ਪੰਨਾ 77

ਭਾਗ (5)

## ਬੰਬਈ ਭਾਰਤ ਦੀ ਇਕ ਤਜਾਰਤਗਾਹ

35. ਇਸ ਗੱਲ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੈ ਕਿ ਬੰਬਈ ਸਾਰੇ ਭਾਰਤ ਲਈ ਤਜਾਰਤਗਾਹ ਹੈ। ਪਰੰਤੂ ਇਸ ਗੱਲ ਨੂੰ ਸਮਝਣਾ ਮੁਸ਼ਕਲ ਹੈ ਕਿ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਸ ਆਧਾਰ ਕਰਕੇ ਮਹਾਰਾਸ਼ਟਰ ਬੰਬਈ ਤੇ ਦਾਅਵਾ ਨਹੀਂ ਕਰ ਸਕਦਾ। ਹਰ ਇਕ ਬੰਦਰਗਾਹ ਆਪਣੇ ਦੇਸ਼ ਨਾਲੋਂ ਜ਼ਿਆਦਾ ਖੇਤਰ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਇਸ ਲਈ ਕੋਈ ਵੀ ਇਸ ਆਧਾਰ ਤੇ ਇਹ ਨਹੀਂ ਕਹਿ ਸਕਦਾ ਕਿ ਬੰਦਰਗਾਹ ਜਿਸ ਦੇਸ਼ ਵਿਚ ਸਥਿਤ ਹੈ, ਉਹ ਦੇਸ਼ ਉਸ ਬੰਦਰਗਾਹ ਨੂੰ ਆਪਣੇ ਦੇਸ਼ ਦੇ ਹਿੱਸੇ ਦੇ ਤੌਰ ਤੇ ਦਾਅਵਾ ਨਹੀਂ ਕਰ ਸਕਦਾ। ਸਵਿਟਰਜ਼ਰਲੈਂਡ ਦੀ ਕੋਈ ਬੰਦਰਗਾਹ ਨਹੀਂ ਹੈ। ਇਹ ਦੇਸ਼ ਜਰਮਨੀ, ਇਟਲੀ ਜਾਂ ਫਰਾਂਸ ਦੀਆਂ ਬੰਦਰਗਾਹਾਂ ਦੀ ਵਰਤੋਂ ਕਰਦਾ ਹੈ। ਕੀ ਸਵਿਟਰਜ਼ਰਲੈਂਡ ਇਸ ਆਧਾਰ ਤੇ ਜਰਮਨੀ, ਇਟਲੀ ਜਾਂ ਫਰਾਂਸ ਨੂੰ ਉਨ੍ਹਾਂ ਦੀਆਂ ਬੰਦਰਗਾਹਾਂ ਦੇ ਇਲਾਕਾਈ ਹੱਕਾਂ ਤੋਂ ਇਨਕਾਰ ਕਰ ਸਕਦਾ ਹੈ। ਫਿਰ ਮਹਾਰਾਸ਼ਟਰੀਆਨਾਂ ਦੇ ਬੰਬਈ ਤੇ ਦਾਵਾ ਕਰਨ ਦੇ ਅਧਿਕਾਰ ਨੂੰ ਕੇਵਲ ਇਸ ਕਰਕੇ ਕਿਉਂ ਨਿਕਾਰਿਆ ਜਾਵੇ ਕਿ ਇਹ ਮਹਾਰਾਸ਼ਟਰ ਤੋਂ ਇਲਾਵਾ ਦੂਸਰੇ ਪ੍ਰਾਂਤਾਂ ਦੀਆਂ ਬੰਦਰਗਾਹਾਂ ਵਲੋਂ ਲੋੜਾਂ ਪੂਰੀਆਂ ਕਰਦਾ ਹੈ? ਫਿਰ ਕੀ ਹੁੰਦਾ ਜੇਕਰ ਮਹਾਰਾਸ਼ਟਰੀ ਪ੍ਰਾਂਤ ਨੇ ਗ਼ੈਰ-ਮਹਾਰਾਸ਼ਟਰੀਆਂ ਲਈ ਬੰਦਰਗਾਹ ਨੂੰ ਬੰਦ ਕਰਨ ਦਾ ਅਧਿਕਾਰ ਲਿਆ ਹੁੰਦਾ? ਸੰਵਿਧਾਨ ਦੇ ਅਧੀਨ ਮਹਾਰਾਸ਼ਰਾ ਨੂੰ ਅਜਿਹਾ ਅਧਿਕਾਰ ਪ੍ਰਾਪਤ ਨਹੀਂ ਹੋਵੇਗਾ। ਸੋ, ਇਸ ਲਈ ਬੰਬਈ ਨੂੰ ਮਹਾਰਾਸ਼ਟਰ ਵਿਚ ਮਿਲਾ ਕੇ ਗ਼ੈਰ-ਮਹਾਰਾਸ਼ਟਰੀਅਨਾਂ ਦੇ ਪਹਿਲਾਂ ਦੀ ਤਰ੍ਹਾਂ ਉਸ ਨੂੰ ਬੰਦਰਗਾਹ ਵਜੋਂ ਵਰਤਣ ਦੇ ਅਧਿਕਾਰ ਤੇ ਕੋਈ ਅਸਰ ਨਹੀਂ ਪਏਗਾ।

ਭਾਗ (6)

## ਗੁਜਰਾਤੀ - ਬੰਬਈ ਦੀ ਸਨਅਤ ਅਤੇ ਵਪਾਰ ਦੇ ਮਾਲਕ

36. ਇਹ ਮੰਨਣਾ ਪਵੇਗਾ ਕਿ ਗੁਜਰਾਤੀਆਂ ਦੀ ਵਪਾਰ ਵਿਚ ਅਜਾਰੇਦਾਰੀ ਹੈ। ਪਰੰਤੂ ਜਿਵੇਂ ਕਿ ਪਹਿਲਾਂ ਵਰਨਣ ਕੀਤਾ ਜਾ ਚੁੱਕਿਆ ਹੈ ਕਿ ਇਹ ਅਜਾਰੇਦਾਰੀ ਉਨ੍ਹਾਂ ਲਾਭਾਂ ਕਰਕੇ ਬਨਾਉਣ ਵਿਚ ਕਾਮਯਾਬ ਹੋਏ ਜੋ ਕਿ ਈਸਟ ਇੰਡੀਆ ਕੰਪਨੀ ਵਲੋਂ ਉਨ੍ਹਾਂ ਨੂੰ ਬੰਬਈ ਵਿਚ ਸਥਾਪਤ ਹੋਣ ਲਈ ਦਿੱਤੇ ਗਏ ਵਿਸ਼ੇਸ਼ਾਧਿਕਾਰਾਂ ਦਾ ਨਤੀਜਾ ਸੀ। ਬੰਬਈ ਦੇ ਵਪਾਰ ਅਤੇ ਸਨਅਤ ਨੂੰ ਕਿਸ ਨੇ ਬਣਾਇਆ ਇਸ ਉਤੇ ਜ਼ਿਆਦਾ ਖੋਜ ਦੀ ਲੋੜ ਨਹੀਂ ਹੈ। ਇਸ ਕਥਨ ਦੇ ਸੱਚ ਪਿਛੇ ਕੋਈ ਆਧਾਰ ਨਹੀਂ ਹੈ ਕਿ ਬੰਬਈ ਦਾ ਵਪਾਰ ਅਤੇ ਸਨਅਤ ਗੁਜਰਾਤੀਆਂ ਵਲੋਂ ਬਣਾਇਆ ਗਿਆ। ਇਹ ਯੂਰਪ ਵਾਸੀਆਂ ਵਲੋਂ ਬਣਾਈ ਗਈ ਸੀ ਨਾ ਕਿ ਗੁਜਰਾਤੀਆਂ ਵਲੋਂ। ਜੋ ਇਹ ਦਾਅਵਾ ਕਰਦੇ ਹਨ ਕਿ ਇਹ ਗੁਜਰਾਤੀਆਂ ਨੇ ਕੀਤਾ ਹੈ ਉਨ੍ਹਾਂ ਨੂੰ ਅਜਿਹਾ ਦਾਅਵਾ ਕਰਨ ਤੋਂ ਪਹਿਲਾਂ ਟਾਈਮਜ਼ ਆਫ਼ ਇੰਡੀਆ ਡਾਇਰੈਕਟਰੀ ਤੇ ਵਿਚਾਰ ਕਰਨਾ ਚਾਹੀਦਾ ਹੈ। ਗੁਜਰਾਤੀ ਤਾਂ ਕੇਵਲ ਸੌਦਾਗਰ ਸਨ ਜੋ ਕਿ ਸਨਅਤਕਾਰ ਹੋਣ ਨਾਲੋਂ ਬਹੁਤ ਵੱਖਰੀ ਗੱਲ ਹੈ।

37. ਇਕ ਵਾਰੀ ਇਹ ਸਥਾਪਤ ਹੋ ਜਾਂਦਾ ਹੈ ਕਿ ਬੰਬਈ ਮਹਾਰਾਸ਼ਟਰ ਦੀ ਮਲਕੀਅਤ

ਹੈ ਤਾਂ ਇਸ ਨੂੰ ਮਹਾਰਾਸ਼ਟਰਾ ਵਿਚ ਮਿਲਾਉਣ ਦੇ ਦਾਅਵੇ ਨੂੰ ਕੇਵਲ ਇਸ ਦਲੀਲ ਨਾਲ ਨਹੀਂ ਹਰਾਇਆ ਜਾ ਸਕਦਾ ਕਿ ਉਥੋਂ ਦੇ ਵਪਾਰ ਅਤੇ ਸਨਅਤ ਗੁਜਰਾਤੀਆਂ ਦੀ ਮਲਕੀਅਤ ਹੈ। ਰਹਿਨਕਰਤਾ ਦਾ ਉਸ ਦੀ ਜ਼ਮੀਨ ਤੋਂ ਦਾਅਵਾ ਸਿਰਫ ਇਸ ਕਰਕੇ ਨਹੀਂ ਮੁੱਕ ਜਾਂਦਾ ਕਿ ਰਹਿਣ ਲੈਣ ਵਾਲੇ ਨੇ ਉਸ ਦੀ ਜ਼ਮੀਨ ਤੇ ਸਥਾਈ ਇਮਾਰਤ ਦਾ ਨਿਰਮਾਣ ਕਰ ਲਿਆ ਹੈ। ਗੁਜਰਾਤੀ ਇਹ ਮੰਨ ਕੇ ਕਿ ਉਨ੍ਹਾਂ ਨੇ ਬੰਬਈ ਦੇ ਵਪਾਰ ਤੇ ਸਨਅਤ ਦਾ ਨਿਰਮਾਣ ਕੀਤਾ ਹੈ, ਰਹਿਨਕਰਤਾ ਨਾਲੋਂ ਸੁਖਾਵੀਂ ਹਾਲਤ ਵਿਚ ਨਹੀਂ ਆ ਜਾਂਦੇ।

38. ਪਰੰਤੂ ਬੰਬਈ ਨੂੰ ਮਹਾਰਾਸ਼ਟਰਾ ਵਿਚ ਸ਼ਾਮਲ ਕੀਤਾ ਜਾਵੇ ਜਾਂ ਨਾ ਇਸ ਮਸਲੇ ਤੇ ਨਿਰਣਾ ਕਰਨ ਲਈ ਮੈਨੂੰ ਇਹ ਗੱਲ ਬੜੀ ਬੇਤੁਕੀ ਲਗਦੀ ਹੈ ਕਿ ਬੰਬਈ ਦੇ ਵਪਾਰ ਅਤੇ ਸਨਅਤ ਦਾ ਨਿਰਮਾਣ ਕਿਸ ਨੇ ਕੀਤਾ। ਵਪਾਰ ਅਤੇ ਸਨਅਤ ਦੀ ਅਜਾਰੇਦਾਰੀ ਤੇ ਆਧਾਰਤ ਇਹ ਦਲੀਲ ਮੂਲ ਰੂਪ ਵਿਚ ਰਾਜਨੀਤਕ ਦਲੀਲ ਹੈ। ਇਸ ਦਾ ਭਾਵ ਹੈ ਕਿ ਮਾਲਕ ਕਿਰਤੀ ਤੇ ਹਕੂਮਤ ਕਰ ਸਕਦੇ ਹਨ ਅਤੇ ਕਿਰਤੀਆਂ ਨੂੰ ਕਦੇ ਵੀ ਮਾਲਕਾਂ ਤੇ ਹਕੂਮਤ ਕਰਨ ਦੀ ਆਗਿਆ ਨਾ ਦਿੱਤੀ ਜਾਵੇ। ਜੋ ਇਹ ਦਲੀਲ ਦਿੰਦੇ ਹਨ ਉਹ ਇਹ ਨਹੀਂ ਜਾਣਦੇ ਕਿ ਉਹ ਕਿਸ ਦੇ ਵਿਰੁੱਧ ਹਨ। ਇਕ ਗੱਲ ਹੋਰ ਉਹ ਕਿਸ ਦੇ ਵਿਰੁੱਧ ਹਨ, ਉਹ ਇਹ ਕਿ ਕੀ ਇਸ ਦਲੀਲ ਨੂੰ ਬੰਬਈ ਦੇ ਸ਼ਹਿਰ ਤਕ ਹੀ ਸੀਮਿਤ ਰੱਖਿਆ ਜਾਵੇ ਜਾਂ ਇਸ ਨੂੰ ਆਮ ਲਾਗੂ ਕੀਤਾ ਜਾਵੇ।

39. ਇਸ ਦਾ ਕੋਈ ਕਾਰਨ ਨਹੀਂ ਕਿ ਇਸ ਦਲੀਲ ਨੂੰ ਆਮ ਲਾਗੂ ਕਿਉਂ ਨਾ ਕੀਤਾ ਜਾਵੇ ਕਿਉਂਕਿ ਜਿਵੇਂ ਬੰਬਈ ਸ਼ਹਿਰ ਵਿਚ ਸਮਾਜ ਮਾਲਕਾਂ ਅਤੇ ਕਿਰਤੀਆਂ, ਪੂੰਜੀ-ਪਤੀਆਂ ਅਤੇ ਦਿਹਾੜੀਦਾਰਾਂ ਵਿਚ ਵੰਡਿਆ ਹੋਇਆ ਹੈ, ਅਜਿਹੇ ਹਾਲਾਤ ਗੁਜਰਾਤ ਜਾਂ ਇਸ ਮਕਸਦ ਲਈ ਭਾਰਤ ਦੇ ਹਰ ਇਕ ਪ੍ਰਾਂਤ ਵਿਚ ਹਨ। ਜੇਕਰ ਬੰਬਈ ਨੂੰ ਮਹਾਰਾਸ਼ਰਾ ਵਿਚੋਂ ਕੇਵਲ ਇਸ ਕਰਕੇ ਬਾਹਰ ਰੱਖਕੇ ਕਿ ਮਹਾਰਾਸ਼ਟਰੀਅਨ ਕਿਰਤੀਆਂ ਦੀ ਸ਼੍ਰੇਣੀ ਨਾਲ ਸਬੰਧ ਰਖਦੇ ਹਨ ਕਿ ਬੰਬਈ ਦੇ ਮਾਲਕਾਂ ਅਤੇ ਪੂੰਜੀਪਤੀਆਂ ਨੂੰ ਸੁਰੱਖਿਆ ਦਿੱਤੀ ਜਾਣੀ ਹੈ ਤਾਂ ਉਹ ਗੁਜਰਾਤ ਦੇ ਪੂੰਜੀਪਤੀਆਂ ਨੂੰ ਉਥੋਂ ਦੇ ਕਿਰਤੀਆਂ ਤੋਂ ਸੁਰੱਖਿਅਤ ਕਰਨ ਲਈ ਕਿਹੜਾ ਢੰਗ ਸੁਝਾਉਂਦੇ ਹਨ। ਵਕਾਲਤ ਕਰਨ ਵਾਲਿਆਂ ਅਤੇ ਦੰਡ ਵਾਲਿਆਂ ਵਰਗੇ ਉਹ ਗੁਜਰਾਤੀ ਪ੍ਰੋਫੈਸਰ ਜੋ ਬੰਬਈ ਦੇ ਗੁਜਰਾਤੀ ਪੂੰਜੀਪਤੀਆਂ ਨੂੰ ਦਲੀਲਾਂ ਦੇਣ ਲਈ ਆਪਣੀਆਂ ਦਿਮਾਗ਼ੀ ਖੋਜਾਂ ਕਰ ਰਹੇ ਹਨ ਉਨ੍ਹਾਂ ਕਦੇ ਗੁਜਰਾਤ ਵਿਚ ਰਹਿੰਦੇ ਗੁਜਰਾਤੀ ਪੂੰਜੀਪਤੀਆਂ ਨੂੰ ਉਥੋਂ ਦੀ ਕਿਰਤੀ ਸ਼੍ਰੇਣੀ ਤੋਂ ਬਚਾਉਣ ਲਈ ਰਾਹ ਲੱਭਣ ਬਾਰੇ ਨਹੀਂ ਸੋਚਿਆ। ਇਕੱਲਾ ਉਪਾਓ ਜਿਹੜਾ ਉਹ ਸੁਝਾਅ ਸਕਦੇ ਹਨ ਉਹ ਹੈ ਬਾਲਗ਼ ਦੇ ਵੋਟ ਦੇਣ ਦੇ ਅਧਿਕਾਰ ਨੂੰ ਮਨਸੂਖ ਕਰਨਾ। ਇਹ ਹੀ ਇਕ ਰਸਤਾ ਹੈ ਜਿਸ ਨਾਲ ਉਹ ਨਾ ਕੇਵਲ ਸਿਰਫ ਬੰਬਈ ਦੇ ਗੁਜਰਾਤੀ ਪੂੰਜੀਪਤੀਆਂ ਨੂੰ ਹੀ, ਸਗੋਂ ਸਾਰੇ ਪੂੰਜੀਪਤੀਆਂ ਨੂੰ ਆਮ ਤੌਰ ਤੇ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ।

40. ਇਕੋ ਇਕ ਦਲੀਲ ਜੋ ਕਿ ਪ੍ਰੋਫੈਸਜ ਦੇ ਸਕਦੇ ਹਨ, ਉਹ ਹੈ ਕਿ ਜੇਕਰ ਬੰਬਈ ਨੂੰ ਮਹਾਰਾਸ਼ਟਰ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਮਹਾਰਾਸ਼ਟਰ ਵਾਸੀ ਬਹੁ-ਗਿਣਤੀ ਵਿਚ ਹੋਣ ਕਰਕੇ ਬੰਬਈ ਦੇ ਪੂੰਜੀਪਤੀਆਂ ਦੇ ਨਾਲ ਜ਼ਿਆਦਾ ਸਖਤਾਈ ਕਰਨਗੇ। ਇਸ ਦਲੀਲ ਦੀ ਕਦਰ ਕੀਤੀ ਜਾ ਸਕਦੀ ਹੈ। ਪਰੰਤੂ ਜੋ ਇਸ ਦਲੀਲ ਦੀ ਪ੍ਰੋੜਤਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਦੋ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ ।

(i) ਮਹਾਰਾਸ਼ਟਰਾ ਹੀ ਇਕੱਲਾ ਪ੍ਰਾਂਤ ਨਹੀਂ ਹੈ ਜਿਥੇ ਅਜਿਹੀ ਸਥਿਤੀ ਪੈਦਾ ਹੋ ਸਕਦੀ ਹੈ; ਅਜਿਹੇ ਹਾਲਾਤ ਕਿਸੇ ਵੀ ਪ੍ਰਾਂਤ ਵਿਚ ਉਤਪਨ ਹੋ ਸਕਦੇ ਹਨ। ਮੈਂ ਬਿਹਾਰ ਦਾ ਹਵਾਲਾ ਦੇਣਾ ਚਾਹਾਂਗਾ। ਬਿਹਾਰ ਵਿਚ ਜਿਸ ਜ਼ਮੀਨ ਵਿਚੋਂ ਕੋਲਾ ਲੱਭਿਆ ਹੈ ਉਹ ਬਿਹਾਰ ਦੇ ਲੋਕਾਂ ਦੀ ਜ਼ਮੀਨ ਹੈ। ਪਰੰਤੂ ਕੋਲੇ ਦੇ ਮਾਲਕ ਗੁਜਰਾਤੀ, ਕਾਠੀਆਵਾੜੀ ਜਾਂ ਯੂਰਪੀਅਨ ਲੋਕ ਹਨ। ਕੀ ਉਥੇ ਬਿਹਾਰੀਆਂ ਦੀ ਗੁਜਰਾਤੀਆਂ ਅਤੇ ਕਾਠੀਆਵਾੜੀ ਕੋਲੇ ਦੀਆਂ ਖਾਣਾਂ ਦੇ ਮਾਲਕਾਂ ਨੂੰ ਤੰਗ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੈ? ਕੀ ਗੁਜਰਾਤੀ ਅਤੇ ਕਾਠੀਆਵਾੜੀ ਕੋਲੇ ਦੀਆਂ ਖਾਣਾਂ ਦੇ ਮਾਲਕਾਂ ਦੇ ਹਿਤਾਂ ਲਈ ਕੋਲਾ ਖੇਤਰਾਂ ਨੂੰ ਬਿਹਾਰ ਵਿਚੋਂ ਬਾਹਰ ਕੱਢਕੇ ਵਖਰਾ ਪ੍ਰਾਂਤ ਬਣਾਉਣਾ ਪਵੇਗਾ?

(ii) ਭਾਰਤ ਦੇ ਸੰਵਿਧਾਨ ਨੇ ਘੱਟ-ਗਿਣਤੀਆਂ ਦੇ ਵਿਰੁੱਧ ਪੱਖਪਾਤ ਕੀਤੇ ਜਾਣ ਦੀ ਸੰਭਾਵਨਾ ਨੂੰ ਵਿਚਾਰਿਆ ਹੈ ਅਤੇ ਇਸ ਨੂੰ ਰੋਕਣ ਲਈ ਕਾਫ਼ੀ ਤੋਂ ਵੱਧ ਪ੍ਰਬੰਧ ਕੀਤੇ ਹਨ। ਭਾਰਤ ਦੇ ਸੰਵਿਧਾਨ ਵਿਚ ਬੁਨਿਆਦੀ ਅਧਿਕਾਰ ਹਨ। ਉਨ੍ਹਾਂ ਵਿਚ ਪੱਖਪਾਤ ਵਿਰੁੱਧ ਕਈ ਪ੍ਰਬੰਧ ਹਨ; ਉਨ੍ਹਾਂ ਵਿਚ ਹਰਜਾਨਾ ਭਰਨ ਲਈ ਪ੍ਰਬੰਧ ਹਨ, ਅਤੇ ਉਚ-ਨਿਆਂਲੇ ਹਨ ਜਿਨ੍ਹਾਂ ਕੋਲ ਸਰਕਾਰਾਂ ਜਾਂ ਵਿਅਕਤੀਆਂ ਵਿਸ਼ੇਸ਼ ਦੋਨਾਂ ਦੇ ਖ਼ਿਲਾਫ਼ ਕਿਸੇ ਨਾਗਰਿਕ ਨੂੰ ਨੁਕਸਾਨ, ਨਿਆਂ ਜਾਂ ਉਸ ਤੇ ਤਸ਼ੱਦਦ ਨੂੰ ਰੋਕਣ ਲਈ ਜਾਰੀ ਕਰਨ ਦੇ ਅੰਤਰ-ਰੂਪੀ ਅਖਤਿਆਰ ਹਨ। ਬੰਬਈ ਦੇ ਵਸਨੀਕ ਗੁਜਰਾਤੀ ਵਪਾਰੀਆਂ ਅਤੇ ਸਨਅਤਕਾਰਾਂ ਨੂੰ ਉਨ੍ਹਾਂ ਦੇ ਖ਼ਿਲਾਫ਼ ਪੱਖਪਾਤ ਦੀ ਸੰਭਾਵਨਾ ਲਈ ਇਸ ਤੋਂ ਵੱਧ ਕੀ ਸੁਰੱਖਿਆ ਚਾਹੁੰਦੇ ਹਨ?

ਨੁਕਤਾ (7)

## ਮਹਾਰਾਸ਼ਟਰ ਦੀ ਨਜ਼ਰ ਬੰਬਈ ਦੀ ਬੱਚਤ ਤੋਂ

41. ਮਹਾਰਾਸ਼ਟਰੀਅਨਾਂ ਨੂੰ ਬੰਬਈ ਦੀ ਬੱਚਤ ਤੇ ਅੱਖ ਰੱਖਣ ਲਈ ਨਿੰਦਣ ਤੋਂ ਪਹਿਲਾਂ ਇਹ ਸਾਬਤ ਕੀਤਾ ਜਾਣਾ ਜ਼ਰੂਰੀ ਹੈ ਕਿ ਬੰਬਈ ਕੋਲ ਬੱਚਤ ਹੈ। ਜੋ ਬੱਚਤ ਮਹਿਸੂਸ ਹੁੰਦੀ ਹੈ ਉਹ ਅਸਲ ਵਿਚ ਗਲਤ ਹਿਸਾਬ ਦੇ ਕਾਰਨ ਹੈ। ਇਹ ਗਲਤ ਹਿਸਾਬ ਹੈ ਕਿ ਕੁਝ ਮੱਦਾਂ ਤੇ ਆਉਣ ਵਾਲਾ ਖਰਚਾ ਜਿਵੇਂ ਕਿ (1) ਰਾਜਪਾਲ ਅਤੇ ਉਸ ਦਾ ਮਾਮਲਾ, (2) ਮੰਤਰੀ ਅਤੇ ਉਨ੍ਹਾਂ ਦੇ ਮਾਮਲੇ, (3) ਵਿਧਾਨ ਮੰਡਲ ਅਤੇ ਉਸ ਉਪਰ ਆਉਣ ਵਾਲਾ ਖ਼ਰਚਾ, (4) ਨਿਆਂ ਪ੍ਰਣਾਲੀ, (5) ਪੁਲੀਸ ਅਤੇ (6) ਪ੍ਰਾਂਤਕ ਦਫ਼ਤਰ ਜਿਵੇਂ ਕਿ ਪੁਲੀਸ ਕਮਿਸ਼ਨਰ ਅਤੇ ਜਨ-ਸਿਖਿਆ ਡਾਇਰੈਕਟਰ ਆਦਿ ਦੇ ਖਰਚੇ ਗਿਣਤੀ ਵਿਚ ਨਹੀਂ ਲਏ ਜਾਂਦੇ। ਮੌਜੂਦਾ ਕਰ ਪ੍ਰਣਾਲੀ ਦੇ ਆਧਾਰ ਤੇ ਜੇਕਰ ਉਪਰੋਕਤ ਖਰਚੇ ਬੰਬਈ ਕੋਲੋਂ ਵਸੂਲ ਕੀਤੇ ਜਾਣ ਤਾਂ ਬੰਬਈ ਕੋਲ ਕੋਈ ਬਚਤ ਰਹੇਗੀ, ਇਸ ਬਾਰੇ ਮੈਨੂੰ ਸ਼ੱਕ ਹੈ। ਇਹ ਮੰਦਭਾਗੀ ਗੱਲ ਹੈ ਕਿ ਉਪਰੋਕਤ ਸਾਰੇ ਖਰਚੇ ਮਹਾਰਾਸ਼ਟਰ ਦੇ ਹਿੱਸੇ ਪਾਏ ਜਾਣ ਅਤੇ ਬੰਬਈ ਨੂੰ ਇਨ੍ਹਾਂ ਤੋਂ ਛੋਟ ਦਿੱਤੀ ਜਾਵੇ ਅਤੇ ਫਿਰ ਇਹ ਦਲੀਲ ਦਿੱਤੀ ਜਾਵੇ ਕਿ ਬੰਬਈ ਵਿਚ ਬੱਚਤ ਹੁੰਦੀ ਹੈ।

42. ਇਹ ਕਥਨ ਕਿ ਮਹਾਰਾਸ਼ਟਰੀ ਬੰਬਈ ਨੂੰ ਇਸ ਲਈ ਪ੍ਰਾਪਤ ਕਰਨਾ ਚਾਹੁੰਦੇ ਹਨ

ਕਿਉਂਕਿ ਉਹ ਉਸ ਦੇ ਬਚਤ ਦੇ ਮਾਲੀਏ ਤੇ ਗੁਜ਼ਾਰਾ ਕਰ ਸਕਣ, ਮੂਲ ਰੂਪ ਤੋਂ ਗ਼ਲਤ ਹੋਣ ਦੇ ਬਾਵਜੂਦ ਕਿਸੇ ਖਾਸ ਮਕਸਦ ਦਾ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦਾ ਹੈ। ਮੈਂ ਇਹ ਨਹੀਂ ਜਾਣਦਾ ਕਿ ਕੀ ਮਹਾਰਾਸ਼ਟਰੀ ਕਿਸੇ ਖਾਸ ਮਕਸਦ ਤੋਂ ਪ੍ਰੇਰਿਤ ਹਨ।ਉਹ ਇਕ ਵਪਾਰਕ ਕੌਮ ਨਹੀਂ ਹਨ। ਦੂਸਰੀਆਂ ਕੌਮਾਂ ਦੇ ਉਲਟ ਮਹਾਰਾਸ਼ਟਰੀਆਂ ਨੂੰ ਧਨ ਦਾ ਕੋਈ ਲਾਲਚ ਨਹੀਂ ਅਤੇ ਮੈਂ ਉਨ੍ਹਾਂ ਵਿਚੋਂ ਇਕ ਹਾਂ ਜੋ ਇਹ ਵਿਸ਼ਵਾਸ ਕਰਦੇ ਹਨ ਕਿ ਇਹ ਸਾਰਿਆਂ ਨਾਲੋਂ ਵੱਡੀ ਨੇਕੀ ਹੈ। ਪੈਸਾ ਕਦੇ ਵੀ ਉਨ੍ਹਾਂ ਦਾ ਭਗਵਾਨ ਨਹੀਂ ਰਿਹਾ ਅਤੇ ਨਾ ਹੀ ਇਹ ਉਨ੍ਹਾਂ ਦੀ ਸਭਿਅਤਾ ਦਾ ਹਿੱਸਾ ਹੈ। ਇਸੇ ਲਈ ਉਨ੍ਹਾਂ ਨੇ ਮਹਾਰਾਸ਼ਰ ਵਿਚ ਬਾਹਰ ਤੋਂ ਆਈਆਂ ਸਾਰੀਆਂ ਜ਼ਾਤੀਆਂ ਨੂੰ ਵਪਾਰ ਅਤੇ ਸਨਅਤ ਵਿਚ ਅਜ਼ਾਰੇਦਾਰੀ ਕਾਇਮ ਕਰਨ ਲਈ ਇਜਾਜ਼ਤ ਦਿੱਤੀ ਹੈ। ਪਰੰਤੂ ਜਿਵੇਂ ਮੈਂ ਵਰਨਣ ਕੀਤਾ ਹੈ ਇਥੇ ਕੋਈ ਬਚਤ ਨਹੀਂ ਹੈ ਅਤੇ ਨਾ ਹੀ ਮਹਾਰਾਸ਼ਰੀਆਂ ਦਾ ਇਸ ਉਤੇ ਨਜ਼ਰ ਰੱਖਣ ਦਾ ਸਵਾਲ ਪੈਦਾ ਹੁੰਦਾ ਹੈ।

43. ਪ੍ਰੰਤੂ ਮੰਨ ਲਵੋ ਜੇਕਰ ਅਜਿਹਾ ਮੰਤਵ ਮਹਾਰਾਸ਼ਟਟਰੀਆਂ ਦੇ ਮਨ ਵਿਚ ਹੈ ਵੀ ਤਾਂ ਇਸ ਵਿਚ ਗ਼ਲਤ ਗੱਲ ਕੀ ਹੈ? ਮਹਾਰਾਸ਼ਟਰੀਆਂ ਨੂੰ ਇਹ ਦਲੀਲ ਦੇਣ ਦੀ ਪੂਰੀ ਖੁੱਲ੍ਹ ਹੈ ਕਿ ਉਨ੍ਹਾਂ ਦਾ ਬੰਬਈ ਦੀ ਬਚਤ ਤੇ ਜ਼ਿਆਦਾ ਦਾਅਵਾ ਬਣਦਾ ਹੈ ਕਿਉਂਕਿ ਉਨ੍ਹਾਂ ਨੇ ਬੰਬਈ ਦੇ ਵਪਾਰ ਅਤੇ ਸਨਅਤ ਦੀ ਤਰੱਕੀ ਵਿਚ ਮਜ਼ਦੂਰੀ ਦੇ ਰੂਪ ਵਿਚ ਇਤਨਾ ਜ਼ਿਆਦਾ ਹਿੱਸਾ ਪਾਇਆ ਹੈ ਅਤੇ ਪਾਉਂਦੇ ਰਹਿਣਗੇ ਜਿਤਨਾ ਕਿ ਦੂਸਰੇ ਪ੍ਰਾਂਤਾਂ ਤੋਂ ਆਏ ਲੋਕਾਂ ਨੇ ਨਾ ਕਦੇ ਪਾਇਆ ਹੈ ਅਤੇ ਨਾ ਕਦੇ ਪਾ ਸਕਦੇ ਹਨ। ਇਸ ਗੱਲ ਤੋਂ ਕੋਈ ਵੀ ਵੱਡੇ ਤੋਂ ਵੱਡਾ ਅਰਥ-ਸ਼ਾਸਤਰੀ ਇਸ ਤੱਥ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਕਮਾਈ ਗਈ ਦੌਲਤ ਉਤੇ ਮਜ਼ਦੂਰੀ ਦਾ ਜੇਕਰ ਵੱਧ ਨਹੀਂ ਤਾਂ ਪੂੰਜੀ ਦੇ ਬਰਾਬਰ ਦਾ ਹੀ ਹੱਕ ਹੁੰਦਾ ਹੈ।

44. ਦੂਜਾ ਬੰਬਈ ਦੀ ਬਚਤ ਇਕੱਲੇ ਮਹਾਰਾਸ਼ਟਰ ਵਲੋਂ ਹੀ ਨਹੀਂ ਵਰਤੀ ਜਾਂਦੀ ਬਲਕਿ ਪੂਰੇ ਭਾਰਤ ਵਲੋਂ ਵਰਤੀ ਜਾਂਦੀ ਹੈ। ਆਮਦਨ ਕਰ ਅਤੇ ਆਬਕਰ ਵਗੈਰਾ ਦੀ ਬੱਚਤ ਜੋ ਬੰਬਈ ਕੇਂਦਰੀ ਸਰਕਾਰ ਨੂੰ ਦਿੰਦਾ ਹੈ ਉਹ ਕੇਂਦਰ ਸਰਕਾਰ ਵਲੋਂ ਸਾਰੇ ਭਾਰਤ ਦੇ ਮੰਤਵਾਂ ਲਈ ਖਰਚ ਕੀਤੀ ਜਾਂਦੀ ਹੈ ਤੇ ਸਾਰੇ ਦੂਸਰੇ ਪ੍ਰਾਂਤਾਂ ਦੇ ਹਿੱਸੇ ਆਉਂਦੀ ਹੈ। ਪ੍ਰੋਫੈਸਰ ਵਕੀਲ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਬੰਬਈ ਦੀ ਬੱਚਤ ਸੰਘੀ ਪ੍ਰਾਂਤਾਂ, ਬਿਹਾਰ, ਅਸਾਮ, ਉੜੀਸਾ, ਪੱਛਮੀ ਬੰਗਾਲ, ਪੂਰਬੀ ਬੰਗਾਲ ਅਤੇ ਮਦਰਾਸ ਵਲੋਂ ਹੜੱਪ ਕਰ ਲਈ ਜਾਵੇ। ਉਸ ਦਾ ਇਤਰਾਜ਼ ਇਹ ਹੈ ਕਿ ਮਹਾਰਾਸ਼ਟਰ ਇਸ ਦਾ ਕੋਈ ਹਿੱਸਾ ਨਾ ਲਵੇ। ਇਹ ਕੋਈ ਦਲੀਲ ਨਹੀਂ ਹੈ ਇਹ ਤਾਂ ਸਿਰਫ ਮਹਾਰਾਸ਼ਟਰੀਆਂ ਦੇ ਖ਼ਿਲਾਫ਼ ਉਸ ਦੀ ਨਫ਼ਰਤ ਦਾ ਪ੍ਰਗਟਾਵਾ ਹੈ।

45. ਮੰਨ ਲਵੋਂ ਜੇਕਰ ਬੰਬਈ ਇਕ ਵੱਖਰਾ ਪ੍ਰਾਂਤ ਬਣ ਜਾਂਦਾ ਹੈ, ਜਿਹੜੀ ਗੱਲ ਮੈਂ ਸਮਝ ਨਹੀਂ ਸਕਦਾ ਉਹ ਇਹ ਕਿ ਪ੍ਰੋਫੈਸਰ ਵਕੀਲ ਬੰਬਈ ਦੀ ਬੱਚਤ ਦੇ ਮਾਲੀਏ ਵਿਚੋਂ ਮਹਾਰਾਸ਼ਰ ਨੂੰ ਹਿੱਸਾ ਲੈਣ ਲਈ ਕਿਵੇਂ ਰੋਕੇਗਾ। ਭਾਵੇਂ ਬੰਬਈ ਵੱਖਰਾ ਪ੍ਰਾਂਤ ਬਣਾ ਵੀ ਦਿੱਤਾ ਜਾਵੇ ਫਿਰ ਵੀ ਬੰਬਈ ਨੂੰ ਆਮਦਨ ਕਰ, ਆਬਕਰ ਵਗੈਰਾ ਦੇਣਾ ਪਵੇਗਾ ਅਤੇ ਬੰਬਈ ਵਲੋਂ ਕੇਂਦਰੀ ਸਰਕਾਰ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਦਿੱਤੇ ਗਏ ਮਾਲੀਏ ਵਿਚੋਂ ਮਹਾਰਾਸ਼ਟਰ ਨੂੰ ਜ਼ਰੂਰ ਹਿੱਸਾ ਪ੍ਰਾਪਤ ਹੋਵੇਗਾ। ਜਿਵੇਂ ਕਿ ਮੈਂ ਕਿਹਾ ਹੈ ਕਿ ਇਸ ਦਲੀਲ ਵਿਚ ਵਾਸਤਵਿਕਤਾ ਘੱਟ ਤੇ ਘ੍ਰਿਣਾ ਜ਼ਿਆਦਾ ਹੈ।

## ਨੁਕਤਾ (8) ਅਤੇ (9)

# ਬੰਬਈ ਨੂੰ ਮਹਾਰਾਸ਼ਟਰ ਵਿਚ ਸ਼ਾਮਲ ਕਰਨ ਵਿਰੁੱਧ ਆਮ ਦਲੀਲਾਂ

46. ਮੈਂ ਹੁਣ ਨੁਕਤੇ (8) ਅਤੇ (9) ਵੱਲ ਧਿਆਨ ਦਿਵਾਉਂਦਾ ਹਾਂ ਜੋ ਕਿ ਪ੍ਰੋਫੈਸਰ ਦੇਤਵਾਲਾ ਅਤੇ ਘੀਵਾਲਾ ਨੇ ਸੁਝਾਏ ਹਨ। ਉਨ੍ਹਾਂ ਦੀਆਂ ਦਲੀਲਾਂ ਭਾਸ਼ਾਈ ਪ੍ਰਾਂਤਾਂ ਦੇ ਸਿਧਾਂਤ ਦੇ ਮੁੱਢ ਤੇ ਸਿੱਧੀ ਚੋਟ ਕਰਦੀਆਂ ਹਨ। ਮੈਨੂੰ ਇਸ ਚਿਤਾਵਨੀ ਪੱਤਰ ਦੇ ਪਹਿਲੇ ਭਾਗ ਵਿਚ ਇਨ੍ਹਾਂ ਦਲੀਲਾਂ ਤੇ ਵਿਚਾਰ ਕਰਨਾ ਚਾਹੀਦਾ ਸੀ। ਪ੍ਰੰਤੂ ਕਿਉਂਜੋ ਉਨ੍ਹਾਂ ਦੀਆਂ ਦਲੀਲਾਂ ਦਾ ਮੰਤਵ ਬੰਬਈ ਨੂੰ ਮਹਾਰਾਸ਼ਟਰ ਵਿਚ ਸ਼ਾਮਲ ਕਰਨ ਤੋਂ ਰੋਕਣਾ ਹੈ। ਇਸ ਲਈ ਉਨ੍ਹਾਂ ਦੇ ਯਾਦ-ਪੱਤਰ ਦੇ ਇਸ ਭਾਗ ਵਿਚ ਵਿਚਾਰ ਕਰਨਾ ਉਚਿਤ ਸਮਝਿਆ ਕਿਉਂਕਿ ਅਸਲ ਵਿਚ ਇਹ ਦਲੀਲਾਂ ਬੰਬਈ ਨੂੰ ਮਹਾਰਾਸ਼ਟਰ ਵਿਚ ਸ਼ਾਮਲ ਕੀਤੇ ਜਾਣ ਦੇ ਵਿਰੁੱਧ ਹਨ।

47. ਦੋਨਾਂ ਪ੍ਰੋਫੈਸਰਾਂ ਦੀਆਂ ਦਲੀਲਾਂ ਦਾ ਕੁਲ ਜੋੜ ਹੈ ਕਿ ਭਾਸ਼ਾਈ ਪ੍ਰਾਂਤ ਮਾੜੇ ਹਨ। ਭਾਸ਼ਾਈ ਪ੍ਰਾਂਤਾਂ ਦੇ ਖ਼ਿਲਾਫ਼ ਇਹ ਆਵਾਜ਼ ਬਹੁਤ ਚਿਰੋਕੀ ਹੈ। ਦੋਨੋਂ ਪ੍ਰੋਫੈਸਰ ਕਦੋਂ ਤੋਂ ਇਹ ਧਾਰਣਾ ਬਣਾਈ ਬੈਠੇ ਹਨ ਇਸ ਦਾ ਕੋਈ ਪਤਾ ਨਹੀਂ, ਕੀ ਉਹ ਗੁਜਰਾਤ ਦੇ ਭਾਸ਼ਾਈ ਪ੍ਰਾਂਤ ਵਜੋਂ ਗਠਨ ਕੀਤੇ ਜਾਣ ਦੇ ਵਿਰੁੱਧ ਹਨ ਇਹ ਵੀ ਉਨ੍ਹਾਂ ਵਲੋਂ ਸਪਸ਼ਟ ਨਹੀਂ ਕੀਤਾ ਗਿਆ। ਜਾਂ ਕਿਤੇ ਇਹ ਨਾ ਹੋਵੇ ਕਿ ਉਹ ਭਾਸ਼ਾਈ ਪ੍ਰਾਂਤਾਂ ਦੇ ਸਿਧਾਂਤ ਵਿਚ ਯਕੀਨ ਰਖਦੇ ਹੋਣ ਪਰ ਜਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਸ ਸਿਧਾਂਤ ਦੇ ਮੰਨਣ ਨਾਲ ਬੰਬਈ ਨੂੰ ਮਹਾਰਾਸ਼ਟਰਾ ਦੇ ਸਪੁਰਦ ਕਰਨਾ ਪਵੇਗਾ ਤਾਂ ਉਨ੍ਹਾਂ ਨੇ ਜਲਦੀ ਨਾਲ ਇਸ ਦਾ ਤਿਆਗ ਕਰ ਦਿੱਤਾ ਹੋਵੇ। ਇਹ ਸ਼ਾਇਦ ਦੋਨਾਂ ਹਾਲਤਾਂ ਵਿਚੋਂ ਇਕ ਹੈ ਜਿਥੇ ਕਿ ਇਕ ਵਿਅਕਤੀ ਨੇ ਦਲੀਲ ਨੂੰ ਆਪਣੇ ਮੰਤਵ ਦੇ ਅਨੁਕੂਲ ਨਾ ਪਾਉਂਦੇ ਹੋਏ ਦੂਸਰੀ ਦਲੀਲ ਦਾ ਆਸਰਾ ਲੈ ਲਿਆ ਜਿਸ ਨੂੰ ਕਿ ਉਸ ਨੇ ਨਾ ਚਾਹੁੰਦੇ ਹੋਏ ਵੀ ਸਾਬਤ ਕਰਨਾ ਚਾਹਿਆ। ਫਿਰ ਵੀ ਮੈਂ ਉਨ੍ਹਾਂ ਦੀ ਦਲੀਲ ਦੀ ਵਾਸਤਵਿਕਤਾ ਦੀ ਜਾਂਚ ਕਰਨ ਲਈ ਤਿਆਰ ਹਾਂ।

48. ਪ੍ਰੋਫੈਸਰ ਦੇਤਵਾਲਾ ਲਾਰਡ ਐਕਟਨ ਦੇ ਵਿਚਾਰਾਂ ਤੇ ਨਿਰਭਰ ਕਰਦਾ ਹੈ ਅਤੇ ਭਾਸ਼ਾਈ ਪ੍ਰਾਂਤਾਂ ਦੇ ਵਿਰੁੱਧ ਆਪਣੇ ਵਿਚਾਰਾਂ ਦੀ ਪ੍ਰੋੜਤਾ ਵਿਚ, ਜੋ ਉਸ ਦੀ ਪ੍ਰਸਿੱਧ ਪੁਸਤਕ "ਦੀ ਹਿਸਟਰੀ ਆਫ਼ ਫ਼ਰੀਡਮ ਐਂਡ ਅਦਰ ਐਸੇਜ਼" ਵਿਚ ਛਪੇ, ਰਾਸ਼ਟਰੀਅਤਾ ਉਤੇ ਉਸਦੇ ਪ੍ਰਸਤਾਵ ਵਿਚੋਂ ਹੇਠ ਲਿਖੇ ਪੈਰਿਆਂ ਦੀ ਉਦਾਹਰਣ ਦਿੰਦਾ ਹੈ:

"ਕਿ ਜਿਵੇਂ ਸਮਾਜ ਵਿਚ ਮਨੁੱਖਾਂ ਦਾ ਮਿਲਜੁਲ ਕੇ ਰਹਿਣਾ ਜ਼ਰੂਰੀ ਹੈ ਉਸੇ ਤਰ੍ਹਾਂ ਕਈ ਰਾਸ਼ਟਰਾਂ ਨੂੰ ਇਕ ਰਾਜ ਵਿਚ ਸੰਮਿਲਿਤ ਕਰਨਾ ਸਭਿਅਤ ਜੀਵਨ ਲਈ ਜ਼ਰੂਰੀ ਸ਼ਰਤ ਹੈ"।

49. ਮੈਨੂੰ ਇਹ ਕਹਿਣ ਵਿਚ ਦੁੱਖ ਹੁੰਦਾ ਹੈ ਕਿ ਇਹ ਅੱਤਕਥਨੀ ਲਾਰਡ ਐਕਟਨ ਨੂੰ ਗਲਤ ਰੂਪ ਵਿਚ ਪੇਸ਼ ਕਰਦੀ ਹੈ ਕਿਉਂਕਿ ਇਹ ਇਕ ਵੱਡੇ ਪੈਰੇ ਦੀਆਂ ਕੁਝ ਮੁੱਢਲੀਆਂ ਪੰਕਤੀਆਂ ਹਨ। ਪੂਰਾ ਪੈਰਾ ਹੇਠ ਲਿਖੇ ਅਨੁਸਾਰ ਹੈ:

"ਵੱਖ ਵੱਖ ਰਾਸ਼ਟਰਾਂ ਦਾ ਮਿਲਜੁਲ ਕੇ ਇਕ ਰਾਜ ਰੂਪ ਵਿਚ ਰਹਿਣਾ ਸਭਿਅਕ ਜੀਵਨ ਲਈ ਉਤਨੀ ਹੀ ਜ਼ਰੂਰੀ ਸ਼ਰਤ ਹੈ, ਜਿੰਨਾਂ ਕਿ ਸਮਾਜ ਵਿਚ ਮਨੁੱਖਾਂ ਦਾ ਮਿਲਜੁਲ ਕੇ ਰਹਿਣਾ। ਉੱਚ ਬੁੱਧੀ ਦੀਆਂ ਜ਼ਾਤੀਆਂ ਦੇ ਨਾਲ ਰਾਜਨੀਤਕ ਏਕਤਾ ਵਿਚ ਰਹਿ ਕੇ ਛੋਟੀਆਂ ਜ਼ਾਤੀਆਂ ਦਾ ਵਿਕਾਸ ਹੁੰਦਾ ਹੈ। ਜਵਾਨ ਸ਼ਕਤੀਆਂ ਦੇ ਸੰਪਰਕ ਨਾਲ ਹਾਰੇ ਹੋਏ ਅਤੇ ਪਤਨ ਦੇ ਕਿਨਾਰੇ

ਰਾਸ਼ਟਰਾਂ ਨੂੰ ਮੁੜ ਸੁਰਜੀਤ ਕੀਤਾ ਜਾਂਦਾ ਹੈ। ਭਾਵੇਂ ਘੀਆ ਚਰਿੱਤਰ ਦੇ ਪ੍ਰਭਾਵ ਹੇਠ ਨਿਰੰਕੁਸ਼ ਸ਼ਾਸਨ ਜਾਂ ਲੋਕਤੰਤਰ ਦੇ ਪਤਨ ਦੁਆਰਾ ਜਿਨ੍ਹਾਂ ਰਾਸ਼ਟਰਾਂ, ਜਥੇਬੰਦੀਆਂ ਅਤੇ ਸਰਕਾਰ ਨੂੰ ਰੱਖਣ ਦੀ ਸਮਰਥਾ ਦਾ ਤੱਤ ਮੁਕ ਜਾਂਦਾ ਹੈ ਉਨ੍ਹਾਂ ਨੂੰ ਤਾਕਤਵਰ ਅਤੇ ਘੱਟ ਭ੍ਰਿਸ਼ਟਾਚਾਰ ਜ਼ਾਤੀਆਂ ਦੇ ਅਨੁਸ਼ਾਸਨ ਹੇਠ ਨਵੇਂ ਸਿਰਿਉਂ ਸਿਖਲਾਈ ਦੇ ਕੇ ਬਰਕਰਾਰ ਕੀਤਾ ਜਾਂਦਾ ਹੈ। ਇਹ ਜ਼ਰਖੇਜ਼ਕਰਨ ਅਤੇ ਪੁਨਰ-ਜਨਮ ਦਾ ਦੌਰ ਇਕ ਸਰਕਾਰ ਦੀ ਸਰਪ੍ਰਸਤੀ ਹੇਠ ਰਹਿੰਦਿਆਂ ਹੋਇਆਂ ਹੀ ਹਾਸਲ ਕੀਤਾ ਜਾ ਸਕਦਾ ਹੈ। ਇਹ ਇਕ ਰਾਜ ਦੀ ਦੇਗ਼ਚੀ ਹੀ ਹੈ ਜਿਸ ਵਿਚ ਸ਼ਕਤੀ, ਗਿਆਨ ਅਤੇ ਮਨੁੱਖੀ ਜੀਵਨ ਦੇ ਇਕ ਹਿੱਸੇ ਦੀ ਯੋਗਤਾ ਦਾ ਮਿਲਾਪ ਹੁੰਦਾ ਹੈ ਅਤੇ ਦੂਜੇ ਨੂੰ ਸੰਚਾਰਿਤ ਕੀਤਾ ਜਾਂਦਾ ਹੈ।"

50. ਇਹ ਸਮਝਣਾ ਮੁਸ਼ਕਲ ਹੈ ਕਿ ਪ੍ਰੋਫੈਸਰ ਦੇਤਵਾਲਾ ਨੇ ਬਾਕੀ ਦੇ ਪੈਰੇ ਨੂੰ ਕਿਉਂ ਛੱਡਿਆ? ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਇਹ ਜਾਣਬੁੱਝ ਕੇ ਅਸਲੀਅਤ ਨੂੰ ਛੁਪਾਣ ਦਾ ਅਤੇ ਝੂਠੇ ਪ੍ਰਸਤਾਵ ਦਾ ਮਾਮਲਾ ਹੈ। ਅਸਲੀਅਤ ਇਹ ਹੈ ਕਿ ਇਹ ਲਾਰਡ ਐਕਟਨ ਨੂੰ ਸਹੀ ਰੂਪ ਵਿਚ ਪੇਸ਼ ਨਹੀਂ ਕਰਦਾ। ਮੈਂ ਸਮਝ ਨਹੀਂ ਸਕਦਾ ਕਿ ਪ੍ਰੋਫੈਸਰ ਇਸ ਪੈਰੇ ਤੇ ਨਿਰਭਰ ਕਿਉਂ ਹੋਇਆ। ਇਹ ਸਪਸ਼ਟ ਹੈ ਕਿ ਜੇ ਛੋਟੀਆਂ ਜ਼ਾਤੀਆਂ ਨੂੰ ਉਚ ਜ਼ਾਤੀਆਂ ਦੇ ਨਾਲ ਇਕੱਠਿਆਂ ਰੱਖਿਆ ਜਾਵੇ ਤਾਂ ਛੋਟੀਆਂ ਜ਼ਾਤੀਆਂ ਵਿਕਸਿਤ ਹੋ ਸਕਦੀਆਂ ਹਨ। ਪਰੰਤੂ ਸਵਾਲ ਇਹ ਹੈ ਕਿ ਕੌਣ ਨੀਚ ਹੈ ਅਤੇ ਕੌਣ ਉਚਾ ਹੈ। ਕੀ ਗੁਜਰਾਤੀ ਮਹਾਰਾਸ਼ਟਰੀਆਂ ਨਾਲੋਂ ਨੀਚ ਹਨ? ਜਾਂ ਮਹਾਰਾਸ਼ਟਰੀਅਨ ਗੁਜਰਾਤੀਆਂ ਨਾਲੋਂ ਨੀਚ ਹਨ? ਦੂਜੇ ਗੁਜਰਾਤੀਆਂ ਅਤੇ ਮਹਾਰਾਸ਼ਟਰੀਆਂ ਦੇ ਵਿਚ ਮਿਲਾਪ ਦੀ ਕਿਹੜੀ ਕੜੀ ਹੈ ਜੋ ਦੋਨਾਂ ਦੇ ਮਿਸ਼ਰਨ ਦਾ ਭਰੋਸਾ ਦੇ ਸਕੇ? ਪ੍ਰੋਫੈਸਰ ਦੇਤਵਾਲਾ ਨੇ ਇਹ ਪ੍ਰਸ਼ਨ ਨਹੀਂ ਵਿਚਾਰਿਆ। ਉਸ ਨੇ ਲਾਰਡ ਐਕਟਨ ਦੇ ਪ੍ਰਸਤਾਵ ਵਿਚ ਇਕ ਫ਼ਿਕਰਾ ਲੱਭਿਆ ਅਤੇ ਉਸੇ ਤੇ ਖੁਸ਼ ਹੋ ਗਿਆ ਕਿਉਂਕਿ ਉਹ ਆਪਣੀ ਦਲੀਲ ਦੀ ਪ੍ਰੋੜ੍ਹਤਾ ਵਿਚ ਕੁਝ ਹੋਰ ਨਹੀਂ ਲੱਭ ਸਕਿਆ। ਨੁਕਤਾ ਇਹ ਹੈ ਕਿ ਪੈਰੇ ਵਿਚ ਭਾਸ਼ਾਈ ਪ੍ਰਾਂਤ ਦੇ ਪ੍ਰਸ਼ਨ ਦੇ ਸਿਧਾਂਤ ਪ੍ਰਤੀ ਢੁੱਕਵੀਂ ਕੋਈ ਗੱਲ ਨਹੀਂ ਹੈ।

51. ਪ੍ਰੋਫੈਸਰ ਦੇਤਵਾਲਾ ਦੀ ਦਲੀਲ ਲਈ ਇਹ ਕਾਫ਼ੀ ਹੈ। ਮੈਂ ਹੁਣ ਪ੍ਰੋਫੈਸਰ ਘੀਵਾਲਾ ਦੀ ਦਲੀਲ ਦੀ ਪਰਖ ਕਰਾਂਗਾ। ਪ੍ਰੋਫੈਸਰ ਘੀਵਾਲਾ ਵੀ ਲਾਰਡ ਐਕਟਨ ਤੇ ਨਿਰਭਰ ਕਰਦਾ ਹੈ। ਉਸ ਨੇ ਵੀ ਲਾਰਡ ਐਕਟਨ ਦੇ ਰਾਸ਼ਟਰੀਅਤਾ ਦੇ ਪ੍ਰਸਤਾਵ ਵਿਚੋਂ ਦਰਸਾਇਆ ਹੈ। ਮੈਂ ਹੇਠਾਂ ਪੂਰਾ ਪੈਰਾ ਲਿਖ ਰਿਹਾ ਹਾਂ:

"ਰਾਸ਼ਟਰੀਅਤਾ ਦੇ ਅਧਿਕਾਰਾਂ ਦਾ ਸਭ ਤੋਂ ਵੱਡਾ ਦੁਸ਼ਮਣ ਰਾਸ਼ਟਰੀਅਤਾ ਦਾ ਆਧੁਨਿਕ ਸਿਧਾਂਤ ਹੈ। ਸਿਧਾਂਤਕ ਰੂਪ ਵਿਚ ਰਾਜ ਅਤੇ ਰਾਸ਼ਟਰ ਨੂੰ ਇਕ ਦੂਜੇ ਦੇ ਅਨੁਰੂਪ ਬਨਾਉਣ ਨਾਲ ਹੱਦਾਂ ਅੰਦਰ ਰਹਿਣ ਵਾਲੀਆਂ ਦੂਸਰੀਆਂ ਸਾਰੀਆਂ ਕੌਮਾਂ ਅਧੀਨ ਹੋ ਕੇ ਰਹਿ ਜਾਂਦੀਆਂ ਹਨ। ਇਹ ਸਿਧਾਂਤ ਦੂਸਰੀਆਂ ਕੌਮਾਂ ਨੂੰ ਸੱਤਾ ਵਾਲੀਆਂ ਕੌਮਾਂ ਜੋ ਸਰਕਾਰ ਬਣਾਉਂਦੀਆਂ ਹਨ, ਦੇ ਬਰਾਬਰ ਨਹੀਂ ਮੰਨਦਾ ਕਿਉਂਜੋ ਸਰਕਾਰ ਫਿਰ ਰਾਸ਼ਟਰ ਨਹੀਂ ਰਹਿੰਦਾ ਕਿ ਇਸਦੀ ਹੋਂਦ ਦੇ ਨਿਯਮ ਦੀ ਵਿਰੋਧਤਾ ਹੋਵੇਗੀ। ਇਸ ਲਈ ਉਹ ਪ੍ਰਧਾਨ ਦਲ ਜੋ ਕੌਮੀਅਤ ਦੇ ਸਾਰੇ ਅਧਿਕਾਰਾਂ ਤੇ ਦਾਅਵਾ ਕਰਦਾ ਹੈ, ਵਿਚ ਸਭਿਅਤਾ ਅਤੇ ਮਨੁੱਖਤਾ ਦੀ ਮਾਤਰਾ ਅਨੁਸਾਰ ਛੋਟੀਆਂ ਜ਼ਾਤੀਆਂ ਨਸ਼ਟ ਹੋ ਜਾਂਦੀਆਂ ਹਨ ਜਾਂ ਗੁਲਾਮ ਹੋ ਜਾਂਦੀਆਂ ਹਨ ਜਾਂ

ਜਲਾਵਤਨ ਹੋ ਜਾਂਦੀਆਂ ਹਨ ਜਾਂ ਨਿਰਭਰਤਾ ਦੀ ਹਾਲਤ ਵਿਚ ਪੈ ਜਾਂਦੀਆਂ ਹਨ।"

52. ਮੈਨੂੰ ਸਮਝ ਨਹੀਂ ਆਉਂਦੀ ਵਿਦਵਾਨ ਪ੍ਰੋਫੈਸਰ ਨੇ ਲਾਰਡ ਐਕਟਨ ਦੇ ਨਾਂ ਦੀ ਵਰਤੋਂ ਕਿਉਂ ਕੀਤੀ। ਇਹ ਪੈਰਾ ਮੂਲੋਂ ਉਸਦੀ ਕੋਈ ਮਦਦ ਨਹੀਂ ਕਰਦਾ। ਇਕ ਗੱਲ ਜੋ ਉਸਦੇ ਦਿਮਾਗ਼ ਵਿਚ ਸਭ ਤੋਂ ਉਪਰ ਲਗਦੀ ਹੈ ਉਹ ਇਹ ਕਿ ਉਹ ਸੋਚਦਾ ਹੈ ਕਿ ਜੇਕਰ ਬੰਬਈ ਮਹਾਰਾਸ਼ਟਰ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਮਹਾਰਾਸ਼ਟਰ ਦੇ ਪ੍ਰਾਂਤ ਵਿਚ ਦੋ ਰਾਸ਼ਟਰੀਅਤਾਵਾਂ ਹੋਣਗੀਆਂ – ਇਕ ਮਰਾਠੀ ਬੋਲਦੇ ਲੋਕਾਂ ਦੀ ਅਤੇ ਦੂਜੀ ਗੁਜਰਾਤੀ ਬੋਲਦੇ ਲੋਕਾਂ ਦੀ ਅਤੇ ਮਰਾਠੀ ਬੋਲਦੇ ਲੋਕ ਜੋ ਪ੍ਰਭਾਵੀ ਸ਼੍ਰੇਣੀ ਹੋਣਗੇ ਗੁਜਰਾਤੀ ਬੋਲਦੇ ਲੋਕਾਂ ਨੂੰ ਆਪਣੇ ਅਧੀਨ ਕਰ ਲੈਣਗੇ। ਇਸ ਗੱਲ ਦੀ ਪ੍ਰੋੜਤਾ ਲਈ ਉਸ ਨੇ ਲਾਰਡ ਐਕਟਨ ਦਾ ਹਵਾਲਾ ਦਿੱਤਾ। ਇਸ ਦੀ ਸੰਭਾਵਨਾ ਸਦਾ ਸੀ। ਉਸ ਨੇ ਜਿਵੇਂ ਸਮੱਸਿਆ ਨੂੰ ਪੇਸ਼ ਕੀਤਾ ਇਸ ਬਾਰੇ ਕੋਈ ਇਤਰਾਜ਼ ਨਹੀਂ ਪਰੰਤੂ ਜੋ ਉਸਨੇ ਸਿੱਟਾ ਕੱਢਿਆ ਉਸ ਤੇ ਬਹੁਤ ਵੱਡੇ ਇਤਰਾਜ਼ ਹਨ।

53. ਪਹਿਲੀ ਥਾਂ ਤੇ ਭਾਰਤ ਵਰਗੇ ਦੇਸ਼ ਵਿਚ ਜਿਥੇ ਸਮਾਜ ਪੂਰੀ ਤਰ੍ਹਾਂ ਧਰਮ ਦੇ ਆਧਾਰ ਤੇ ਜਥੇਬੰਦ ਹੈ, ਇਹ ਸਪੱਸ਼ਟ ਹੈ ਕਿ ਪ੍ਰਬੰਧਕੀ ਮੰਤਵਾਂ ਲਈ ਇਸ ਨੂੰ ਕਿਸੇ ਵੀ ਤਰੀਕੇ ਨਾਲ ਇਲਾਕਿਆਂ ਵਿਚ ਵੰਡਿਆ ਜਾਵੇ। ਹਰੇਕ ਇਲਾਕੇ ਵਿਚ ਇਕ ਕੌਮ ਆਪਣੀ ਗਿਣਤੀ ਦੇ ਆਧਾਰ ਤੇ ਦੂਸਰੀ ਕੌਮ ਦੇ ਉਪਰ ਪ੍ਰਭਾਵੀ ਹੋਵੇਗੀ। ਪ੍ਰਭਾਵੀ ਹੋਣ ਦੇ ਆਧਾਰ ਤੇ ਇਹ ਕੌਮ ਆਪਣੇ ਇਲਾਕੇ ਵਿਚ ਸਾਰੀ ਰਾਜਨੀਤਕ ਸੱਤਾ ਦੀ ਇਕੱਲੀ ਵਾਰਸ ਬਣ ਜਾਂਦੀ ਹੈ। ਜੇਕਰ ਸੰਘੀ ਮਹਾਰਾਸ਼ਟਰ ਵਿਚ ਬੰਬਈ ਸਮੇਤ ਮਰਾਠੀ ਬੋਲਦੇ ਲੋਕ ਸ਼ਾਮਲ ਕਰ ਦਿੱਤੇ ਜਾਣ ਤਾਂ ਇਹ ਗੁਜਰਾਤੀ ਬੋਲਦੇ ਲੋਕਾਂ ਉਤੇ ਹਾਵੀ ਹੋ ਜਾਣਗੇ। ਕੀ ਇਹ ਦ੍ਰਿਸ਼ ਮਹਾਰਾਸ਼ਟਰ ਤਕ ਹੀ ਸੀਮਤ ਰਹੇਗਾ? ਕੀ ਇਹ ਦ੍ਰਿਸ਼ਟਾਂਤ ਮਰਾਠੀ ਬੋਲਦੇ ਲੋਕਾਂ ਅੰਦਰ ਨਹੀਂ ਵਾਪਰੇਗਾ? ਕੀ ਇਹ ਗੁਜਰਾਤ ਅੰਦਰ ਨਹੀਂ ਲੱਭੇਗਾ। ਜੇਕਰ ਗੁਜਰਾਤ ਇਕ ਵੱਖਰਾ ਪ੍ਰਾਂਤ ਬਣ ਜਾਵੇ? ਮੈਨੂੰ ਇਹ ਪੂਰੀ ਆਸ ਹੈ ਕਿ ਮਰਾਠੀ ਬੋਲਦੇ ਲੋਕਾਂ ਅੰਦਰ ਜੋ ਕਿ ਬੁਰੀ ਤਰ੍ਹਾਂ ਮਰਹੱਟਿਆਂ ਅਤੇ ਗ਼ੈਰ-ਮਰਹੱਟਿਆਂ ਵਿਚਕਾਰ ਵੰਡੇ ਹੋਏ ਹਨ, ਮਰਹੱਟੇ ਪ੍ਰਭਾਵ ਸ਼੍ਰੇਣੀ ਹੋਣ ਦੇ ਨਾਤੇ ਗੁਜਰਾਤੀ ਬੋਲਦੇ ਅਤੇ ਗ਼ੈਰ-ਮਰਹੱਟਿਆਂ ਦੋਨਾਂ ਨੂੰ ਆਪਣੀ ਅਧੀਨ ਅਵਸਥਾ ਵਿਚ ਕਰ ਲੈਣਗੇ ਜਿਵੇਂ ਕਿ ਗੁਜਰਾਤ ਵਿਚ ਪ੍ਰਭਾਵੀ ਸ਼੍ਰੇਣੀ ਨੇ ਅਨਾਵਿਲ ਬ੍ਰਾਹਮਣਾਂ ਨੂੰ ਕੀਤਾ ਸੀ ਜਦੋਂ ਕਿ ਹੋਰ ਭਾਗਾਂ ਵਿਚ ਪੱਟੀਦਾਰ ਪ੍ਰਭਾਵੀ ਸ਼੍ਰੇਣੀ ਗਿਣੇ ਜਾਂਦੇ ਹਨ। ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਅਨਾਵਿਲ ਅਤੇ ਪੱਟੀਦਾਰ ਦੂਸਰੀਆਂ ਕੌਮਾਂ ਨੂੰ ਅਧੀਨ ਕਰ ਲੈਣਗੇ। ਇਸ ਲਈ ਇਹ ਮਸਲਾ ਕੇਵਲ ਮਹਾਰਾਸ਼ਟਰ ਤੱਕ ਹੀ ਸੀਮਤ ਨਹੀਂ ਹੈ ਬਲਕਿ ਇਹ ਇਕ ਆਮ ਮਸਲਾ ਹੈ।

54. ਇਸ ਮਸਲੇ ਲਈ ਉਪਾਉ ਕੀ ਹੈ? ਪ੍ਰੋਫੈਸਰ ਘੀਵਾਲਾ ਦਾ ਵਿਸ਼ਵਾਸ ਹੈ ਕਿ ਇਸ ਦਾ ਉਪਾਉ ਮਿਲੇ ਜੁਲੇ ਰਾਜ ਬਨਾਉਣ ਵਿਚ ਹੀ ਹੈ ਜਿਥੋਂ ਤੱਕ ਇਸ ਉਪਾਉ ਦਾ ਸਬੰਧ ਹੈ ਇਹ ਉਪਾਉ ਉਸ ਦਾ ਆਪਣਾ ਨਹੀਂ ਹੈ। ਇਹ ਉਸ ਨੇ ਲਾਰਡ ਐਕਟਨ ਤੋਂ ਗ੍ਰਹਿਣ ਕੀਤਾ ਹੈ। ਪਰੰਤੂ ਮੈਨੂੰ ਕੋਈ ਸ਼ੱਕ ਨਹੀਂ ਕਿ ਜਿਥੋਂ ਤੱਕ ਲਾਰਡ ਐਕਟਨ ਦਾ ਇਸ ਉਪਾਉ ਦੀ ਵਕਾਲਤ ਕਰਨ ਦਾ ਸਬੰਧ ਹੈ ਉਹ ਪੂਰੀ ਤਰ੍ਹਾਂ ਗ਼ਲਤ ਹੈ। ਲਾਰਡ ਐਕਟਨ ਆਪਣੀ ਵਿਚਾਰਧਾਰਾ ਦੀ ਪ੍ਰੋੜਤਾ ਵਿਚ ਆਸਟਰੀਆ ਦੇ ਦੇਸ਼ ਦਾ ਹਵਾਲਾ ਦੇਂਦਾ ਹੈ। ਬਦਕਿਸਮਤੀ ਨਾਲ ਆਸਟਰੀਆ

ਦਾ ਭਵਿੱਖ ਵੇਖਣ ਲਈ ਉਹ ਜ਼ਿੰਦਾ ਨਹੀਂ ਰਿਹਾ। ਇਹ ਇਕ ਮਿਲਿਆ-ਜੁਲਿਆ ਰਾਜ ਸੀ, ਪਰੰਤੂ ਕੌਮਾਂ ਦੀ ਸੁਰੱਖਿਆ ਪ੍ਰਦਾਨ ਕਰਨਾ ਤਾਂ ਦੂਰ ਰਿਹਾ, ਕੌਮਾਂ ਦੇ ਆਪਸੀ ਝਗੜੇ ਨੇ ਆਸਟਰੀਆ ਦੇ ਟੁਕੜੇ-ਟੁਕੜੇ ਕਰ ਦਿੱਤੇ। ਅਸਲੀ ਉਪਾਉ ਮਿਲੇ-ਜੁਲੇ ਰਾਜ ਬਣਾਉਣ ਵਿਚ ਨਹੀਂ ਬਲਕਿ ਪੂਰਨ ਰਾਜ ਬਣਾਉਣ ਵਿਚ ਹੈ ਜਿਥੇ ਲੋਕਾਂ ਵਿਚ ਕੋਈ ਸ਼ਕਤੀ ਨਾ ਹੋਵੇ ਜੋ ਕਿ ਆਮ ਤੌਰ ਤੇ ਧਰਮ ਪੱਖੋਂ ਬਹੁ-ਗਿਣਤੀ ਵਲੋਂ ਹਥਿਆ ਲਈ ਜਾਂਦੀ ਹੈ ਅਤੇ ਲੋਕਾਂ ਦੇ ਨਾਂ ਤੇ ਵਰਤੀ ਜਾਂਦੀ ਹੈ। ਕੀ ਪ੍ਰੋਫੈਸਰ ਘੀਵਾਲਾ ਇਸ ਉਪਾਉ ਲਈ ਤਿਆਰ ਹਨ? ਕਿਸੇ ਨੂੰ ਕੋਈ ਸ਼ੱਕ ਕਰਨ ਦੀ ਲੋੜ ਨਹੀਂ ਕਿ ਉਨ੍ਹਾਂ ਦਾ ਉਤਰ ਕੀ ਹੋਵੇਗਾ।

55. ਦੂਜੀ ਥਾਂ ਤੇ ਪ੍ਰੋਫੈਸਰ ਘੀਵਾਲਾ ਨੇ ਰਾਸ਼ਟਰੀਅਤਾ ਨੂੰ ਇਸ ਦੀ ਸੀਮਾਂ ਦੀ ਸਮਾਜਕ ਚੇਤਨਾ ਅਤੇ ਇਸ ਦੀ ਕਾਨੂੰਨੀ ਅਤੇ ਰਾਜਨੀਤਕ ਚੇਤਨਾ ਨਾਲ ਗੱਡਮੱਡ ਕੀਤਾ ਹੈ। ਲੋਕ ਅਕਸਰ ਭਾਸ਼ਾਈ ਪ੍ਰਾਂਤਾਂ ਬਾਰੇ ਗੱਲ ਕਰਨ ਲੱਗੇ ਰਾਸ਼ਟਰੀਅਤਾ ਦੀ ਗੱਲ ਕਰਦੇ ਹਨ। ਸ਼ਬਦ ਦੀ ਅਜਿਹੀ ਵਰਤੋਂ ਇਸ ਦੇ ਗ਼ੈਰ-ਕਾਨੂੰਨੀ ਅਤੇ ਗ਼ੈਰ-ਰਾਜਨੀਤਕ ਅਰਥ ਕੱਢਣਾ ਹੀ ਹੋ ਸਕਦਾ ਹੈ। ਮੇਰੀ ਯੋਜਨਾ ਵਿਚ ਵੱਖਰੀ ਪ੍ਰਾਂਤਕ ਰਾਸ਼ਟਰੀਅਤਾ ਦੀ ਉਤਪਤੀ ਲਈ ਵੀ ਕੋਈ ਥਾਂ ਨਹੀਂ। ਮੇਰੀ ਤਜਵੀਜ਼ ਮਸਲਾ ਖੜ੍ਹਾ ਹੋਣ ਤੋਂ ਪਹਿਲਾਂ ਹੀ ਇਸ ਨੂੰ ਖ਼ਤਮ ਕਰਦੀ ਹੈ ਪਰੰਤੂ ਜੇਕਰ ਪ੍ਰਾਂਤ ਦੀ ਆਮ ਸੁਝਾਵਾਂ ਅਨੁਸਾਰ ਭਾਸ਼ਾ ਨੂੰ ਸਰਕਾਰੀ ਭਾਸ਼ਾ ਵਜੋਂ ਮੰਨਦੇ ਹੋਏ ਭਾਸ਼ਾਈ ਪ੍ਰਾਂਤ ਬਣਾਏ ਜਾਣ ਤਾਂ ਪ੍ਰਾਂਤਾਂ ਵਿਚ ਅਜਿਹੇ ਪ੍ਰਭੁਤਾ ਵਾਲੇ ਗੁਣ ਨਹੀਂ ਹੋਣਗੇ ਜੋ ਆਜ਼ਾਦ ਰਾਸ਼ਟਰਾਂ ਵਿਚ ਹੁੰਦੇ ਹਨ।

56. ਇਹ ਸਮਝਣਾ ਬਹੁਤ ਮੁਸ਼ਕਲ ਹੈ ਕਿ ਪ੍ਰੋਫੈਸਰ ਘੀਵਾਲਾ ਕੀ ਚਾਹੁੰਦੇ ਹਨ। ਮੋਟੇ ਰੂਪ ਵਿਚ ਉਹ ਦੋ ਗੱਲਾਂ ਚਾਹੁੰਦੇ ਸਨ: ਉਹ ਮਿਸ਼ਰਤ ਰਾਜ ਚਾਹੁੰਦੇ ਸਨ ਅਤੇ ਉਹ ਇਹ ਵੀ ਚਾਹੁੰਦੇ ਸਨ ਕਿ ਪ੍ਰਭਾਵੀ ਗੁੱਟ ਛੋਟੇ ਗੁੱਟ ਨੂੰ ਆਪਣੇ ਅਧੀਨ ਕਰਨ ਦੀ ਅਵਸਥਾ ਵਿਚ ਨਾ ਹੋਵੇ। ਮੈਂ ਸਮਝ ਨਹੀਂ ਸਕਿਆ ਕਿ ਇਸ ਮੰਤਵ ਨੂੰ ਪ੍ਰਾਪਤ ਕਰਨ ਤੇ ਰਸਤੇ ਵਿਚ ਭਾਸ਼ਾਈ ਪ੍ਰਾਂਤ ਕਿਵੇਂ ਆ ਗਏ, ਕਿਉਂਕਿ ਜੇਕਰ ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਦਾ ਪੁਨਰਗਠਨ ਕੀਤਾ ਜਾਂਦਾ ਹੈ :

(1) ਪ੍ਰਾਂਤ ਕੌਮੀਅਤਾਵਾਂ ਦਾ ਇਕੱਠ ਹੀ ਰਹਿਣਗੇ ਜਿਹਾ ਕਿ ਪ੍ਰੋਫੈਸਰ ਘੀਵਾਲਾ ਮਿਸ਼ਰਤ ਰਾਜ ਬਣਾਉਣਾ ਚਾਹੁੰਦੇ ਹਨ।

(2) ਜੇਕਰ ਪ੍ਰੋਫੈਸਰ ਘੀਵਾਲਾ ਘੱਟ-ਗਿਣਤੀ ਦੀਆਂ ਕੌਮਾਂ ਅਤੇ ਰਾਸ਼ਟਰੀਅਤਾਵਾਂ ਦੀ ਹਿਫਾਜ਼ਤ ਲਈ ਮਿਸ਼ਰਤ ਰਾਜ ਘੋਸ਼ਿਤ ਕਰਨਾ ਚਾਹੁੰਦੇ ਹਨ ਤਾਂ ਅਜਿਹਾ ਉਹ ਕੇਂਦਰ ਸਰਕਾਰ ਤੋਂ ਪ੍ਰਾਪਤ ਕਰ ਸਕਦੇ ਹਨ।

ਜਿਵੇਂ ਮੈਂ ਦੱਸਿਆ ਹੈ ਕਿ ਮੈਂ ਨਹੀਂ ਸੋਚਦਾ ਕਿ ਨਾ ਤਾਂ ਮਿਸ਼ਰਤ ਰਾਜ ਚੰਗਾ ਹੈ ਅਤੇ ਨਾ ਹੀ ਇਹ ਸਥਿਰ ਰਾਜ। ਪਰੰਤੂ ਰੂਪ ਜਾਂ ਦੂਸਰੇ ਰੂਪ ਵਿਚ ਕੇਂਦਰ ਵਿਚ ਅਤੇ ਰਾਜਾਂ ਵਿਚ ਵੀ ਲਾਗੂ ਕਰ ਸਕਦੇ ਹਨ। ਰਾਜਾਂ ਵਿਚ ਵੱਖੋ-ਵੱਖਰੀਆਂ ਜ਼ਾਤੀਆਂ ਦੇ ਰੂਪ ਵਿਚ ਅਤੇ ਕੇਂਦਰ ਵਿਚ ਵੱਖੋ-ਵੱਖਰੇ ਰਾਜਾਂ ਦੇ ਨੁਮਾਇੰਦਿਆਂ ਦੇ ਰੂਪ ਵਿਚ।

57. ਜਿਥੋਂ ਤੱਕ ਉਨ੍ਹਾਂ ਦੇ ਦੂਸਰੇ ਟੀਚੇ ਦਾ ਸਬੰਧ ਹੈ ਇਸ ਨਾਲ ਦੂਹਰੀ ਸੁਰੱਖਿਆ ਹੋਵੇਗੀ। ਪਹਿਲੀ ਥਾਂ ਤੇ ਨਾਗਰਿਕ ਮਿਸ਼ਰਤ ਰਾਜ ਵਿਚ ਅਜਿਹੀ ਸੁਰੱਖਿਆ ਮਾਣ ਸਕਣਗੇ।

ਦੂਜੇ ਪੂਰੇ ਭਾਰਤ ਵਿਚ ਨਾਗਰਿਕਤਾ ਸਾਂਝੀ ਹੋਵੇਗੀ। ਪ੍ਰਾਂਤ ਦੀ ਨਾਗਰਿਕਤਾ ਦੇ ਉਹੀ ਅਧਿਕਾਰ ਮਾਣ ਸਕੇਗਾ ਜੋ ਕਿ ਇਕ ਮਹਾਰਾਸ਼ਟਰ ਵਿਚ ਮਾਣ ਸਕਦਾ ਹੈ। ਉਪ੍ਰੋਕਤ ਤੱਥਾਂ ਦੇ ਸਨਮੁੱਖ ਮੈਂ ਸਮਝਣ ਵਿਚ ਅਸਮਰਥ ਹਾਂ ਕਿ ਪ੍ਰੋਫੈਸਰ ਘੀਵਾਲਾ ਨੂੰ ਭਾਸ਼ਾਈ ਪ੍ਰਾਂਤ ਬਣਾਉਣ ਵਿਚ ਕੀ ਇਤਰਾਜ਼ ਹੋ ਸਕਦਾ ਹੈ।

58. ਪ੍ਰੋਫੈਸਰ ਘੀਵਾਲਾ ਨੇ ਦੋ ਹੋਰ ਸਿਫ਼ਾਰਸ਼ਾਂ ਕੀਤੀਆਂ ਹਨ। ਉਹ ਕਹਿੰਦੇ ਹਨ (1) ਜੇਕਰ ਪ੍ਰਾਂਤਾਂ ਦਾ ਪੁਨਰਗਠਨ ਕਰਨਾ ਹੈ ਤਾਂ ਇਨ੍ਹਾਂ ਨੂੰ ਭਾਸ਼ਾਈ ਆਧਾਰ ਦੀ ਬਜਾਏ ਜ਼ਾਤੀ ਦੇ ਆਧਾਰ ਤੇ ਗਠਿਤ ਕੀਤਾ ਜਾਣਾ ਚਾਹੀਦਾ ਹੈ ਅਤੇ (2) ਰਾਸ਼ਟਰੀਅਤਾ ਨੂੰ ਵਿਅਕਤੀਗਤ ਵਸਤੂ ਬਣਾਉ।

59. ਆਰਥਕ ਆਧਾਰ ਤੇ ਪ੍ਰਾਂਤਾਂ ਦਾ ਪੁਨਰਗਠਨ ਕਰਨਾ – ਜਿਸ ਤੋਂ ਭਾਵ ਜ਼ਾਤੀ ਦੇ ਆਧਾਰ ਤੇ, ਭਾਸ਼ਾ ਦੇ ਆਧਾਰ ਪੁਨਰਗਠਨ ਕਰਨ ਨਾਲੋਂ ਜ਼ਿਆਦਾ ਯਥਾਰਥਕ ਜਾਪਦਾ ਹੈ। ਫਿਰ ਵੀ ਮੈਂ ਨਹੀਂ ਜਾਣਦਾ ਕਿ ਪ੍ਰਾਂਤਾਂ ਦਾ ਗ਼ੈਰ-ਯਥਾਰਥਕ ਪੁਨਰਗਠਨ ਕਰਨਾ ਭਾਰਤ ਦੇ ਆਰਥਕ ਸੋਮਿਆਂ ਦੀ ਯਥਾਉਚਿਤ ਉਪਯੋਗਤਾ ਦੇ ਰਾਹ ਵਿਚ ਕਿਸੇ ਤਰ੍ਹਾਂ ਆ ਸਕਦਾ ਹੈ। ਪ੍ਰਾਂਤਕ ਹੱਦਾਂ ਕੇਵਲ ਪ੍ਰਬੰਧਕੀ ਹੱਦਾਂ ਹਨ ਇਹ ਆਰਥਕ ਸੋਮਿਆਂ ਦੀ ਯੋਗ ਉਪਯੋਗਤਾ ਲਈ ਕੋਈ ਆਰਥਕ ਅੜਚਨ ਨਹੀਂ ਖੜ੍ਹੀ ਕਰਦੇ। ਜੇਕਰ ਸਥਿਤੀ ਅਜਿਹੀ ਹੁੰਦੀ ਕਿ ਭਾਸ਼ਾਈ ਪ੍ਰਾਂਤ ਵਿਚ ਸ਼ਾਮਲ ਸੋਮੇ ਕੇਵਲ ਪ੍ਰਾਂਤ ਦੇ ਲੋਕਾਂ ਦੁਆਰਾ ਹੀ ਵਰਤੇ ਜਾਂਦੇ ਨਾ ਕਿ ਕਿਸੇ ਹੋਰ ਦੁਆਰਾ ਤਾਂ ਇਹ ਬਿਨਾਂ ਸ਼ੱਕ ਕਿਹਾ ਜਾ ਸਕਦਾ ਸੀ ਕਿ ਭਾਸ਼ਾਈ ਪ੍ਰਾਂਤਾਂ ਦੀ ਯੋਜਨਾ ਸ਼ਰਾਰਤਪੂਰਨ ਹੈ। ਪ੍ਰੰਤੂ ਮੁੱਦਾ ਅਜਿਹਾ ਨਹੀਂ ਹੈ। ਜਦੋਂ ਤੱਕ ਭਾਸ਼ਾਈ ਪ੍ਰਾਂਤਾਂ ਨੂੰ ਲੋਕਾਂ ਦੇ ਸੋਮਿਆਂ ਦੀ ਕਿਸੇ ਹੋਰ ਦੁਆਰਾ ਜੋ ਕਿ ਇਸ ਦੀ ਦੁਰਵਰਤੋਂ ਕਰਨੀ ਚਾਹੁੰਦਾ ਹੋਵੇ, ਅਜਿਹਾ ਕਰਨ ਤੇ ਰੋਕ ਲਾਉਣ ਦੀ ਆਗਿਆ ਨਾ ਦਿੱਤੀ ਜਾਵੇ ਉਸ ਸਮੇਂ ਤੱਕ ਭਾਸ਼ਾਈ ਪ੍ਰਾਂਤ ਯਥਾਉਚਿਤ ਸੁਯੋਜਿਤ ਪ੍ਰਾਂਤ ਦੇ ਸਾਰੇ ਲਾਭ ਪ੍ਰਦਾਨ ਕਰਦੇ ਰਹਿਣਗੇ।

60. ਰਾਸ਼ਟਰੀਅਤਾ ਨੂੰ ਵਿਅਕਤੀਗਤ ਵਸਤੂ ਬਣਾਉਣ ਦੀ ਤਜਵੀਜ਼ ਅਤੇ ਇਸ ਨੂੰ ਧਾਰਮਕ ਆਧਾਰ ਤੇ ਲਿਆਉਣ ਦੀ ਯੋਜਨਾ ਨੂੰ ਸ਼ੇਖਚਿੱਲੀ ਦਾ ਸੁਪਨਾ ਹੋਣ ਦੇ ਨਾਤੇ ਰੱਦ ਕੀਤਾ ਜਾ ਸਕਦਾ ਹੈ। ਇਸ ਨਾਲ ਕਈ ਪ੍ਰਬੰਧਕੀ ਮੁਸ਼ਕਲਾਂ ਦਾ ਜਨਮ ਹੋਵੇਗਾ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਦੁਨੀਆਂ ਇਕ ਹੋਵੇ ਅਤੇ ਸਾਰੇ ਰਾਸ਼ਟਰ ਇਸ ਦੇ ਨਾਗਰਿਕ ਹੋਣ। ਅਜਿਹੇ ਹਾਲਾਤ ਵਿਚ ਬੇਕਾਰ ਹੋਣ ਦੇ ਨਾਤੇ ਆਪਣੇ ਆਪ ਰਾਸ਼ਟਰੀਅਤਾ ਦਾ ਅੰਤ ਹੋ ਜਾਵੇਗਾ।

61. ਜਿਥੋਂ ਤੱਕ ਮੈਂ ਉਨ੍ਹਾਂ ਦੀਆਂ ਦਲੀਲਾਂ ਤੇ ਵਿਚਾਰ ਕੀਤਾ ਹੈ ਜੋ ਬੰਬਈ ਨੂੰ ਮਹਾਰਾਸ਼ਟਰ ਵਿਚ ਸ਼ਾਮਲ ਕਰਨ ਦੇ ਵਿਰੋਧੀ ਹਨ, ਮੈਂ ਅਜਿਹਾ ਕਰਨ ਦਾ ਜੋਖਮ ਉਨ੍ਹਾਂ ਦੇ ਵਿਚਾਰਾਂ ਨੂੰ ਪ੍ਰਭਾਵੀ ਸਮਝ ਕੇ ਨਹੀਂ ਉਠਾਇਆ। ਮੈਂ ਅਜਿਹਾ ਇਸ ਲਈ ਕੀਤਾ ਹੈ ਕਿ ਇਕ ਆਮ ਆਦਮੀ ਨੂੰ ਗੁੰਮਰਾਹ ਹੋਣ ਤੋਂ ਰੋਕਣ ਲਈ ਅਜਿਹਾ ਕਰਨਾ ਜ਼ਰੂਰੀ ਹੈ। ਅਜਿਹੇ ਹਾਲਾਤ ਪੈਦਾ ਹੋਣ ਦੀ ਸੰਭਾਵਨਾ ਦੋ ਕਾਰਨਾਂ ਕਰਕੇ ਸੀ। ਪਹਿਲੀ ਥਾਂ ਤੇ ਜਿਨ੍ਹਾਂ ਨੇ ਇਹ ਦਲੀਲ ਦਿੱਤੀ ਹੈ ਉਹ ਕੋਈ ਆਮ ਆਦਮੀ ਨਹੀਂ ਹਨ। ਉਹ ਯੂਨੀਵਰਸਿਟੀ ਦੇ ਪ੍ਰੋਫੈਸਰ ਹਨ। ਦੂਜੇ ਇਹ ਪ੍ਰੋਫੈਸਰ ਗਾਡਗਿਲ ਦੁਆਰਾ ਬੰਬਈ ਨੂੰ ਮਹਾਰਾਸ਼ਟਰ ਵਿਚ ਸ਼ਾਮਲ ਕਰਨ ਬਾਰੇ ਕੇਸ ਪੇਸ਼ ਕਰਨ ਤੋਂ ਬਾਅਦ ਅੱਗੇ ਆਏ। ਬਦਕਿਸਮਤੀ ਨਾਲ ਪ੍ਰੋਫੈਸਰ ਗਾਡਗਿਲ ਦੇ ਵਿਰੋਧੀਆਂ ਦੀਆਂ ਦਲੀਲਾਂ ਨੂੰ ਖੰਡਿਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਜਿਸ ਦੇ ਨਤੀਜੇ ਵਜੋਂ ਇਸ ਰਾਏ ਨੇ

ਜਨਮ ਲਿਆ ਕਿ ਪ੍ਰੋਫੈਸਰ ਗਾਡਗਿਲ ਦੇ ਵਿਰੋਧੀ ਸਫਲ ਹੋ ਗਏ ਹਨ। ਇਸ ਪ੍ਰਭਾਵ ਨੂੰ ਦੂਰ ਕਰਨਾ ਲਾਜ਼ਮੀ ਸੀ।

## ਦੂਜਾ ਪੱਖ

62. ਇਹ ਉਹ ਦਲੀਲਾਂ ਹਨ, ਜਿਨ੍ਹਾਂ ਬਾਰੇ ਪ੍ਰੋਫੈਸਰ ਗਾਡਗਿਲ ਦੇ ਵਿਰੋਧੀਆਂ ਨੇ ਵਿਚਾਰ ਨਹੀਂ ਕੀਤਾ। ਪਰੰਤੂ ਇਹ ਪੂਰੇ ਨਿਆਂ ਅਤੇ ਜ਼ੋਰ ਨਾਲ ਬੰਬਈ ਨੂੰ ਮਹਾਰਾਸ਼ਟਰ ਵਿਚ ਸ਼ਾਮਲ ਕਰਨ ਦੇ ਮਹਾਰਾਸ਼ਟਰ ਦੇ ਦਾਅਵੇ ਦੇ ਹੱਕ ਵਿਚ ਪੇਸ਼ ਕੀਤੀਆ ਜਾ ਸਕਦੀਆਂ ਹਨ। ਇਹ ਸੰਭਵ ਹੈ ਕਿ ਇਹ ਦਲੀਲਾਂ ਆਪਣੇ ਆਪ ਕਮਿਸ਼ਨ ਨੂੰ ਸੁਝਾਉਣਗੀਆਂ। ਪਰੰਤੂ ਮੈਂ ਇਸ ਨੂੰ ਸੰਜੋਗ ਉਤੇ ਨਹੀਂ ਛੱਡਣਾ ਚਾਹੁੰਦਾ। ਇਸ ਲਈ, ਮੈਂ ਇਹ ਦਲੀਲਾਂ ਲਿਖ ਰਿਹਾ ਹਾਂ ਭਾਵੇਂ ਕਿ ਕਮਿਸ਼ਨ ਸੋਚੇ ਕਿ ਅਜਿਹਾ ਕਰਨਾ ਜ਼ਰੂਰੀ ਨਹੀਂ ਸੀ।

## ਕਲਕੱਤਾ ਅਤੇ ਬੰਬਈ

63. ਬੰਬਈ ਨੂੰ ਮਹਾਰਾਸ਼ਟਰ ਵਿਚੋਂ ਬਾਹਰ ਰੱਖਣ ਦੇ ਮਸਲੇ ਦਾ ਫ਼ੈਸਲਾ ਕਰਨ ਲਈ ਕਮਿਸ਼ਨ ਨੂੰ ਕਲਕੱਤਾ ਦੀ ਸਥਿਤੀ ਨੂੰ ਮੱਦੇਨਜ਼ਰ ਰੱਖਣਾ ਹੋਵੇਗਾ। ਬੰਬਈ ਵਾਂਗੂ ਹੀ ਕਲਕੱਤਾ ਪੂਰੇ ਭਾਰਤ ਦੇ ਪੂਰਬੀ ਹਿੱਸੇ ਦੀ ਮੁੱਖ ਤਿਜਾਰਤਗਾਹ ਹੈ ਜਿਵੇਂ ਬੰਬਈ ਵਿਚ ਮਹਾਰਾਸ਼ਟਰੀ ਹਨ ਉਸੇ ਤਰ੍ਹਾਂ ਕਲਕੱਤਾ ਵਿਚ ਬੰਗਾਲੀ ਘੱਟ-ਗਿਣਤੀ ਵਿਚ ਹਨ। ਜਿਵੇਂ ਬੰਬਈ ਵਿਚ ਮਹਾਰਾਸ਼ਟਟਰੀ ਉਸੇ ਤਰ੍ਹਾਂ ਕਲਕੱਤਾ ਵਿਚ ਬੰਗਾਲੀ ਵਪਾਰ ਅਤੇ ਸਨਅਤ ਦੇ ਮਾਲਕ ਨਹੀਂ ਹਨ। ਬੰਬਈ ਵਿਚ ਮਹਾਰਾਸ਼ਟਰੀਆਂ ਦੀ ਸਥਿਤੀ ਦੀ ਨਿਸਬਤ ਕਲਕੱਤਾ ਵਿਚ ਬੰਗਾਲੀਆਂ ਦੀ ਸਥਿਤੀ ਮਾੜੀ ਹੈ। ਕਿਉਂਕਿ ਮਹਾਰਾਸ਼ਟਰੀ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਬੰਬਈ ਦੇ ਵਪਾਰ ਅਤੇ ਸਨਅਤ ਵਿਚ ਪੂੰਜੀ ਨਹੀਂ ਲਗਾਈ ਤਾਂ ਮਜ਼ਦੂਰੀ ਤਾਂ ਜ਼ਰੂਰ ਸਮਰਪਿਤ ਕੀਤੀ ਹੈ। ਬੰਗਾਲੀ ਤਾਂ ਅਜਿਹਾ ਵੀ ਨਹੀਂ ਕਹਿ ਸਕਦੇ। ਜੇਕਰ ਕਮਿਸ਼ਨ ਬੰਬਈ ਨੂੰ ਮਹਾਰਾਸ਼ਟਰ ਤੋਂ ਅਲੱਗ ਕਰਨ ਦੀਆਂ ਦਲੀਲਾਂ ਨੂੰ ਪ੍ਰਵਾਨ ਕਰ ਸਕਦਾ ਹੈ ਤਾਂ ਇਸ ਨੂੰ ਕਲਕੱਤਾ ਨੂੰ ਪੱਛਮੀ ਬੰਗਾਲ ਤੋਂ ਅਲੱਗ ਕਰਨ ਦੀ ਸਿਫਾਰਸ਼ ਦੇਣ ਲਈ ਬਰਾਬਰ ਤਿਆਰ ਰਹਿਣਾ ਚਾਹੀਦਾ ਹੈ। ਕਿਉਂਕਿ ਇਹ ਇਕ ਪੁਛਿਆ ਜਾਣ ਵਾਲਾ ਵਾਜਬ ਪ੍ਰਸ਼ਨ ਹੈ ਕਿ ਜਿਨ੍ਹਾਂ ਕਾਰਨਾਂ ਕਰਕੇ ਬੰਬਈ ਨੂੰ ਮਹਾਰਾਸ਼ਟਰ ਤੋਂ ਅਲੱਗ ਕੀਤਾ ਜਾ ਸਕਦਾ ਹੈ।ਤਾਂ ਅਜਿਹੇ ਹੀ ਕਾਰਨਾਂ ਦੀ ਵਿਵਸਥਾ ਹੋਣ ਕਰਕੇ ਕਲਕੱਤਾ ਨੂੰ ਪੱਛਮੀ ਬੰਗਾਲ ਤੋਂ ਅਲੱਗ ਕਿਉਂ ਨਹੀਂ ਕੀਤਾ ਜਾ ਸਕਦਾ?

## ਕੀ ਬੰਬਈ ਸਮਰੱਥ ਹੈ?

64. ਬੰਬਈ ਨੂੰ ਅਲੱਗ ਕਰਨ ਤੋਂ ਪਹਿਲਾਂ ਇਹ ਸਾਬਤ ਕੀਤਾ ਜਾਣਾ ਜ਼ਰੂਰੀ ਹੈ ਕਿ ਆਰਥਕ ਤੌਰ ਤੇ ਬੰਬਈ ਇਕ ਸਮਰੱਥ ਪ੍ਰਾਂਤ ਹੈ। ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ ਵਰਤਮਾਨ ਕਰ ਪ੍ਰਣਾਲੀ ਨੂੰ ਆਧਾਰ ਮੰਨ ਕੇ ਜੇਕਰ ਮਾਲੀਏ ਅਤੇ ਖਰਚੇ ਦਾ ਯੋਗ ਹਿਸਾਬ ਲਗਾਇਆ ਜਾਵੇ ਤਾਂ ਬੰਬਈ ਆਤਮ-ਨਿਰਭਰ ਪ੍ਰਾਂਤ ਨਹੀਂ ਬਣ ਸਕਦਾ। ਜੇਕਰ ਅਜਿਹਾ ਹੋਵੇ ਤਾਂ ਬੰਬਈ ਨੂੰ ਵੱਖਰਾ ਪ੍ਰਾਂਤ ਬਣਾਉਣ ਦੀ ਤਜਵੀਜ਼ ਨੂੰ ਛੱਡ ਦੇਣਾ ਚਾਹੀਦਾ ਹੈ। ਬੰਬਈ ਦਾ ਉੜੀਸਾ ਅਤੇ ਅਸਾਮ ਵਰਗੇ ਪ੍ਰਾਂਤਾਂ ਨਾਲ ਮੁਕਾਬਲਾ ਕਰਨ ਦਾ ਕੋਈ ਫ਼ਾਇਦਾ ਨਹੀਂ। ਬੰਬਈ ਵਿਚ ਪ੍ਰਬੰਧਕੀ ਅਵਸਥਾ, ਰਹਿਣ-ਸਹਿਣ ਦੀ ਅਵਸਥਾ ਅਤੇ ਨਤੀਜੇ ਵਜੋਂ ਮਜ਼ਦੂਰੀ ਦੀਆਂ ਦਰਾਂ ਬਹੁਤ ਉੱਚੀਆਂ ਹਨ। ਮੈਨੂੰ ਸ਼ੱਕ ਹੈ ਕਿ ਜੇਕਰ ਕਰ ਦੀਆਂ ਦਰਾਂ ਵਧਾ ਵੀ ਦਿੱਤੀਆਂ ਜਾਣ ਤਾਂ ਬੰਬਈ

ਆਪਣੇ ਖ਼ਰਚ ਲਈ ਜ਼ਰੂਰੀ ਮਾਲੀਆ ਇਕੱਠਾ ਕਰਨ ਦੇ ਸਮਰੱਥ ਹੋ ਸਕਦਾ ਹੈ।

**ਬੰਬਈ ਮਹਾਂਨਗਰੀ ਦੇ ਪਿੱਛੇ ਉਦੇਸ਼**

65. ਬੰਬਈ ਪ੍ਰਾਂਤ ਆਰਥਕ ਦ੍ਰਿਸ਼ਟੀ ਤੋਂ ਆਤਮ-ਨਿਰਭਰ ਹੋਵੇਗਾ ਜਾਂ ਨਹੀਂ, ਇਹ ਸ਼ੱਕ ਇਸ ਲਈ ਵੱਧ ਗਈ ਹੈ ਕਿਉਂਕਿ ਬੰਬਈ ਸਰਕਾਰ ਨੇ ਅਨੁਚਿਤ ਜਲਦੀ ਦਿਖਾਂਦੇ ਹੋਏ ਤਤਕਾਲੀਨ ਬੰਬਈ ਦੀਆਂ ਸੀਮਾਵਾਂ ਵਿਚ ਮਹਾਰਾਸ਼ਟਰ ਤੇ ਨਾਲ ਲਗਦੇ ਇਲਾਕੇ ਨੂੰ ਮਿਲਾਕੇ ਮਹਾਂਨਗਰੀ ਬੰਬਈ ਦਾ ਗਠਨ ਕਰ ਦਿੱਤਾ। ਇਹ ਜਾਪਦਾ ਹੈ ਕਿ ਅਜਿਹੇ ਇਲਾਕੇ ਸ਼ਾਮਲ ਕਰਨ ਦਾ ਉਦੇਸ਼ ਬੰਬਈ ਨੂੰ ਆਰਥਕ ਦ੍ਰਿਸ਼ਟੀ ਤੋਂ ਸਮਰਥ ਬਣਾਉਣਾ ਹੀ ਹੈ। ਇਸ ਦਾ ਉਦੇਸ਼ ਹੋਰ ਕੀ ਹੋ ਸਕਦਾ ਹੈ? ਜਦੋਂ ਤੱਕ ਬੰਬਈ ਮਹਾਰਾਸ਼ਟਰ ਦਾ ਹਿੱਸਾ ਰਿਹਾ ਹੈ, ਮਹਾਰਾਸ਼ਟਰੀਆਂ ਤੇ ਕੋਈ ਅਸਰ ਨਹੀਂ ਸੀ ਪੈਂਦਾ ਕਿ ਕਿਸ ਪ੍ਰਬੰਧਕੀ ਇਲਾਕੇ ਵਿਚ ਮਹਾਰਾਸ਼ਟਰ ਦੇ ਹਿੱਸੇ ਨੂੰ ਸ਼ਾਮਲ ਕੀਤਾ ਜਾਵੇ, ਪਰੰਤੂ ਜੇਕਰ ਬੰਬਈ ਨੇ ਅਲੱਗ ਪ੍ਰਾਂਤ ਬਣਨਾ ਹੈ ਤਾਂ ਮਹਾਰਾਸ਼ਟਰੀਆਂ ਨੂੰ ਆਪਣਾ ਇਲਾਕਾ ਛੱਡਣ ਅਤੇ ਬੰਬਈ ਨੂੰ ਮਹਾਂਨਗਰੀ ਮੰਨਣ ਅਤੇ ਆਰਥਕ ਦ੍ਰਿਸ਼ਟੀਕੋਣ ਤੋਂ ਸਮਰੱਥ ਬਣਨ ਵਿਚ ਅਜੇ ਬਹੁਤ ਸਮਾਂ ਲਗੇਗਾ। ਜੋ ਹੋਰ ਵੀ ਜ਼ਰੂਰੀ ਹੈ, ਉਹ ਇਹ ਹੈ ਕਿ ਬੰਬਈ ਮਹਾਂਨਗਰੀ ਦੀ ਯੋਜਨਾ ਭਾਸ਼ਾਈ ਰਾਜਾਂ ਦੇ ਕਮਿਸ਼ਨ ਤੇ ਜ਼ਿੰਮੇਵਾਰੀ ਪਾਉਂਦੀ ਹੈ ਕਿ ਕੀ ਉਹ ਗੁਜਰਾਤੀਆਂ ਦੀ ਮੰਗ ਮੰਨਣ ਲਈ ਮਹਾਰਾਸ਼ਟਰੀਆਂ ਨੂੰ ਨਿਆਂ ਪੂਰਵਕ ਆਪਣਾ ਇਲਾਕਾ ਛੱਡ ਕੇ ਜਾਣ ਲਈ ਅਤੇ ਇਸ ਤੋਂ ਵੀ ਵੱਧ ਬੰਬਈ ਨੂੰ ਸਮਰੱਥ ਪ੍ਰਾਂਤ ਬਣਾਉਣ ਲਈ ਮਹਾਰਾਸ਼ਟਰ ਦਾ ਇਲਾਕਾ ਦੇਣ ਦੀ ਮੰਗ ਦਾ ਫੈਸਲਾ ਕਰ ਸਕੇਗਾ। ਕਮਿਸ਼ਨ ਇਸ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ।

66. ਮਹਾਰਾਸ਼ਟਰ ਅਤੇ ਬੰਬਈ ਕੇਵਲ ਆਤਮ-ਨਿਰਭਰ ਹੀ ਨਹੀਂ ਉਹ ਮੂਲ ਰੂਪ ਵਿਚ ਇਕ ਅਤੇ ਅਖੰਡ ਹਨ। ਦੋਨਾਂ ਵਿਚ ਪਾੜ ਪਾਉਣਾ, ਦੋਨਾਂ ਲਈ ਮੰਦਭਾਗਾ ਹੋਵੇਗਾ। ਬੰਬਈ ਲਈ ਪਾਣੀ ਅਤੇ ਬਿਜਲੀ ਦੇ ਸੋਮੇ ਮਹਾਰਾਸ਼ਟਰ ਵਿਚ ਪੈਂਦੇ ਹਨ। ਮਹਾਰਾਸ਼ਟਰ ਦੇ ਬੁੱਧੀਜੀਵੀ ਬੰਬਈ ਵਿਚ ਰਹਿੰਦੇ ਹਨ। ਬੰਬਈ ਨੂੰ ਮਹਾਰਾਸ਼ਟਰ ਤੋਂ ਅਲੱਗ ਕਰਨਾ ਬੰਬਈ ਦੇ ਆਰਥਕ ਜੀਵਨ ਨੂੰ ਨਿਰਾਧਾਰ ਬਣਾਉਣਾ ਹੋਵੇਗਾ ਅਤੇ ਮਹਾਰਾਸ਼ਟਰ ਦੇ ਲੋਕਾਂ ਤੋਂ ਇਸ ਦੀ ਬੁੱਧੀਜੀਵਤਾ ਨਾਲ ਨਾਤਾ ਤੋੜਨਾ ਹੋਵੇਗਾ ਜਿਨ੍ਹਾਂ ਦੀ ਅਗਵਾਈ ਤੋਂ ਬਿਨਾਂ ਮਹਾਰਾਸ਼ਟਰ ਦੀ ਹੋਂਦ ਕਿਤੇ ਨਹੀਂ ਰਹੇਗੀ।

**ਪੰਚ ਫ਼ੈਸਲਾ ਹੀ ਇਸ ਦਾ ਹੱਲ ਹੈ**

67. ਕੁਝ ਪੱਖਾਂ ਵਲੋਂ ਦਿੱਤੇ ਗਏ ਸੁਝਾਵਾਂ ਵਿਚ ਮੈਂ ਇਹ ਦੇਖਿਆ ਹੈ ਕਿ ਬੰਬਈ ਦੀ ਮੁਸ਼ਕਲ ਦਾ ਹੱਲ ਵਿਚੋਲਗੀ ਜਾਂ ਪੰਚ ਫੈਸਲੇ ਨਾਲ ਕੀਤਾ ਜਾਣਾ ਚਾਹੀਦਾ ਹੈ। ਮੈਂ ਇਸ ਤੋਂ ਘਟੀਆ ਕੋਈ ਸੁਝਾਓ ਨਹੀਂ ਸੁਣਿਆਂ। ਇਹ ਇੰਨਾ ਬੇਤੁਕਾ ਹੈ ਜਿੰਨਾ ਕਿ ਵਿਵਾਹ ਸਬੰਧੀ ਵਿਚੋਲਗਦੀ ਦਾ ਸੁਝਾਓ। ਵਿਹਾਰਕ ਸਬੰਧ ਇਤਨੇ ਵਿਅਕਤੀਗਤ ਹੁੰਦੇ ਹਨ ਕਿ ਤੀਜੀ ਧਿਰ ਵਲੋਂ ਇਹ ਤੋੜੇ ਨਹੀਂ ਜਾ ਸਕਦੇ। ਬਾਈਬਲ ਦੀ ਉਕਤੀ ਅਨੁਸਾਰ ਪ੍ਰਮਾਤਮਾ ਨੇ ਬੰਬਈ ਅਤੇ ਮਹਾਰਾਸ਼ਟਰ ਨੂੰ ਇਕੱਠਿਆਂ ਬੰਨ੍ਹਿਆ ਹੈ। ਕੋਈ ਵੀ ਵਿਚੋਲਾ ਇਨ੍ਹਾਂ ਨੂੰ ਅੱਡ ਨਹੀਂ ਕਰ ਸਕਦਾ। ਇਕੱਲੀ ਏਜੰਸੀ ਜਿਸਨੂੰ ਅਜਿਹਾ ਕਰਨ ਦਾ ਅਧਿਕਾਰ ਹੈ, ਉਹ ਕਮਿਸ਼ਨ ਹੈ। ਕਮਿਸ਼ਨ ਨੂੰ ਫ਼ੈਸਲਾ ਕਰ ਲੈਣ ਦਿਉ।


ਮਹਾਰਾਸ਼ਟਰ
ਬੰਬਈ
ਗੋਆ
ਕੇਰਲ

# 4

# ਨਿਗਰਾਨੀ ਅਤੇ ਸੰਤੁਲਨ ਦੀ ਲੋੜ

ਭਾਸ਼ਾ ਤੇ ਆਧਾਰਤ ਰਾਜਾਂ ਤੇ ਨਿਬੰਧ

ਵੱਲੋਂ: ਦੀ ਟਾਈਮਜ਼ ਆਫ਼ ਇੰਡੀਆ, ਮਿਤੀ, 23 ਅਪ੍ਰੈਲ, 1953

# ਨਿਗਰਾਨੀ ਅਤੇ ਸੰਤੁਲਨ ਦੀ ਲੋੜ

ਅੰਗ੍ਰੇਜ਼, ਜਿਨ੍ਹਾਂ ਨੇ ਭਾਰਤ 'ਤੇ 150 ਸਾਲਾਂ ਤੋਂ ਵੀ ਵੱਧ ਸਮਾਂ ਰਾਜ ਕੀਤਾ, ਉਨ੍ਹਾਂ ਕਦੇ ਵੀ ਭਾਸ਼ਾ ਤੇ ਆਧਾਰਤ ਪ੍ਰਾਂਤ/ਰਾਜ ਬਣਾਉਣ ਦਾ ਨਹੀਂ ਸੀ ਸੋਚਿਆ। ਭਾਵੇਂ ਇਹ ਸਮੱਸਿਆ ਉਨ੍ਹਾਂ ਦੇ ਸਾਹਮਣੇ ਹਮੇਸ਼ਾਂ ਬਣੀ ਰਹੀ ਫਿਰ ਵੀ ਉਨ੍ਹਾਂ ਦੀ ਬਹੁਤੀ ਦਿਲਚਸਪੀ ਬਹੁ-ਭਾਸ਼ਾਈ ਖੇਤਰਾਂ ਵਿੱਚ ਲੋਕਾਂ ਦੀ ਸਦਾਚਾਰਕ ਇੱਛਾ ਪੂਰਤੀ ਦੀ ਬਜਾਏ ਦੇਸ਼ ਵਿੱਚ ਸਥਿਰ ਪ੍ਰਸ਼ਾਸਨ ਅਤੇ ਕਾਨੂੰਨ ਅਤੇ ਵਿਸਥਾ ਕਾਇਮ ਰੱਖਣ ਵਿੱਚ ਸੀ। ਇਹ ਬਿਲਕੁਲ ਠੀਕ ਹੈ ਕਿ ਉਨ੍ਹਾਂ ਨੇ ਆਪਣੇ ਰਾਜ-ਕਾਲ ਦੇ ਆਖਰੀ ਪੜਾਅ ਵਿੱਚ ਜਾਕੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਨੇ ਜਿਹੜਾ ਪ੍ਰਸ਼ਾਸਨਿਕ ਢਾਂਚਾ ਕਾਇਮ ਕੀਤਾ ਸੀ, ਉਸ ਵਿੱਚ ਭਾਸ਼ਾ ਤੇ ਆਧਾਰਤ ਸੋਚਾਂ ਦੇ ਨੁਕਤਾ ਨਿਗਾਹ ਤੋਂ ਉਨ੍ਹਾਂ ਕੇਸਾਂ ਵਿੱਚ ਜਿੱਥੇ ਭਾਸ਼ਾਵਾਂ ਦਾ ਮਿਲਗੋਭਾ ਜ਼ਿਆਦਾ ਸਪੱਸ਼ਟ ਨਜ਼ਰ ਆਉਂਦਾ ਸੀ ਉਥੇ ਹਰ ਕੀਮਤ ਤੇ ਦਰੁੱਸਤੀ ਕਰਨ ਦੀ ਲੋੜ ਸੀ। ਉਦਾਹਰਣ ਵਜੋਂ, ਉਨ੍ਹਾਂ ਨੇ ਭਾਰਤ ਛੱਡਣ ਤੋਂ ਪਹਿਲਾਂ ਬੰਗਾਲ, ਬਿਹਾਰ ਅਤੇ ਉੜੀਸਾ ਪ੍ਰਾਂਤ ਭਾਸ਼ਾਵਾਂ ਦੇ ਆਧਾਰ ਤੇ ਬਣਾਏ। ਇਹ ਕਹਿਣਾ ਬੜਾ ਕਠਿਨ ਹੈ ਕਿ ਜੇਕਰ ਉਹ ਰਾਜ ਕਰਦੇ ਰਹਿੰਦੇ ਤਾਂ ਕੀ ਉਹ ਭਾਸ਼ਾ ਤੇ ਆਧਾਰਤ ਪ੍ਰਾਂਤ ਬਣਾਉਣ ਦੇ ਰਾਹ ਤੇ ਤਾਰਕਿਕ ਪਰਿਣਾਮ ਪ੍ਰਾਪਤ ਕਰਨ ਤੱਕ ਚਲਦੇ ਰਹਿੰਦੇ।

ਪ੍ਰੰਤੂ ਅੰਗਰੇਜ਼ਾਂ ਵਲੋਂ ਭਾਸ਼ਾ ਤੇ ਆਧਾਰਿਤ ਪ੍ਰਾਂਤ ਬਣਾਉਣ ਬਾਰੇ ਸੋਚਣ ਤੋਂ ਬਹੁਤ ਪਹਿਲਾਂ ਹੀ ਕਾਂਗਰਸ 1920 ਵਿੱਚ ਮਹਾਤਮਾ ਗਾਂਧੀ ਦੀ ਸਰਪ੍ਰਸਤੀ ਅਧੀਨ ਭਾਸ਼ਾ ਤੇ ਆਧਾਰਤ ਪ੍ਰਾਂਤਾਂ ਦੀ ਬੁਨਿਆਦ ਤੇ ਆਪਣੇ ਲਈ ਇੱਕ ਵਿਧਾਨ ਬਣਾ ਚੁੱਕੀ ਸੀ। ਕੀ 1920 ਵਿੱਚ ਬਣਾਏ ਗਏ ਕਾਂਗਰਸ ਦੇ ਸੰਵਿਧਾਨ ਪਿੱਛੇ ਇਕ ਪਰਪੱਕ ਸੂਝਬੂਝ ਵਾਲੀ ਵਿਚਾਰਧਾਰਾ ਸੀ ਜਾਂ ਕਿ ਇਹ ਲੋਕਾਂ ਨੂੰ ਕਾਂਗਰਸ ਦੀ ਲਪੇਟ ਵਿੱਚ ਲਿਆਉਣ ਲਈ ਹੀ ਇੱਕ ਝਾਂਸਾ ਸੀ, ਇਸ ਬਾਰੇ ਅੱਜ ਵੀ ਸੋਚ ਵਿਚਾਰ ਕਰਨੀ ਛੱਡਣੀ ਨਹੀਂ ਚਾਹੀਦੀ। ਫਿਰ ਵੀ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੰਗਰੇਜ਼ਾਂ ਨੇ ਇਹ ਮਹਿਸੂਸ ਕੀਤਾ ਕਿ ਭਾਸ਼ਾ ਤੇ ਆਧਾਰਤ ਸੋਚਾਂ ਮਹੱਤਵਪੂਰਨ ਹਨ ਅਤੇ ਉਨ੍ਹਾਂ ਨੇ ਕੁਝ ਹੱਦ ਤੱਕ ਉਨ੍ਹਾਂ ਸੋਚਾਂ ਨੂੰ ਅਮਲੀ ਜਾਮਾ ਵੀ ਪਹਿਨਾਇਆ।

**ਵਿਰੋਧ**

ਬੇਸ਼ਕ ਕਾਂਗਰਸ ਨੂੰ ਸਾਲ 1945 ਤੱਕ ਆਪਣੀ ਉਸ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਲੋੜ ਨਹੀਂ ਪਈ ਸੀ ਜਿਹੜੀ ਉਸਨੇ 1920 ਵਿੱਚ ਆਪਣੇ ਸੰਵਿਧਾਨ ਰਾਹੀਂ ਆਪਣੇ ਲਈ ਨਿਰਧਾਰਤ ਕੀਤੀ ਸੀ। ਕੇਵਲ 1945 ਵਿੱਚ ਹੀ ਜਦ ਕਾਂਗਰਸ ਨੇ ਕਾਰਜਭਾਰ ਸੰਭਾਲਿਆ ਤਦ ਇਹ ਜ਼ਿੰਮੇਵਾਰੀ ਕਾਂਗਰਸ ਦੇ ਸਿਰ ਤੇ ਆ ਪਈ। ਇਸ ਵਿਸ਼ੇ ਤੇ ਹਾਲ ਹੀ ਦੇ ਇਤਿਹਾਸ

ਤੇ ਝਾਤ ਮਾਰਦੇ ਹੋਏ, ਸੰਸਦ ਦੇ ਇੱਕ ਮੈਂਬਰ ਵਲੋ ਭਾਰਤ ਵਿੱਚ ਭਾਸ਼ਾ ਤੇ ਆਧਾਰਤ ਪ੍ਰਾਂਤ ਬਣਾਉਣ ਲਈ ਇਕ ਮਤਾ ਪੇਸ਼ ਕਰਕੇ ਇਸ ਮਸਲੇ ਨੂੰ ਲੋੜੀਂਦਾ ਤੂਲ ਦਿੱਤਾ ਗਿਆ। ਸਰਕਾਰ ਵੱਲੋਂ ਇਸ ਬਹਿਸ ਦਾ ਜਵਾਬ ਦੇਣ ਦਾ ਕੰਮ ਮੈਨੂੰ ਸੌਂਪਿਆ ਗਿਆ। ਇਹ ਸੁਭਾਵਕ ਸੀ ਕਿ ਮੈਂ ਇਹ ਮਸਲਾ ਉਚ ਅਧਿਕਾਰਿਆਂ ਪਾਸ ਇਹ ਜਾਣਨ ਲਈ ਲੈ ਗਿਆ ਕਿ ਅਸਲ ਵਿੱਚ ਉਨ੍ਹਾਂ ਦਾ ਕੀ ਵਿਚਾਰ ਸੀ। ਬੜੀ ਹੈਰਾਨੀ ਦੀ ਗੱਲ ਸੀ ਕਿ ਮੈਨੂੰ ਇਹ ਚਾਨਣ ਹੋ ਗਿਆ ਕਿ ਉਚ-ਅਧਿਕਾਰੀ (ਹਾਈ ਕਮਾਂਡ) ਭਾਸ਼ਾ ਤੇ ਆਧਾਰਿਤ ਪ੍ਰਾਂਤ ਬਣਾਉਣ ਦੇ ਬਿਲਕੁਲ ਖਿਲਾਫ਼ ਸਨ। ਇਨ੍ਹਾਂ ਹਾਲਾਤ ਵਿੱਚ ਇਹ ਹੱਲ ਲਭਿਆ ਗਿਆ ਕਿ ਬੇਹਤਰ ਹੋਵੇਗਾ ਕਿ ਪ੍ਰਧਾਨ ਮੰਤਰੀ ਇਸ ਬਹਿਸ ਦਾ ਉੱਤਰ ਦੇਣ ਦੀ ਜ਼ਿੰਮੇਵਾਰੀ ਸੰਭਾਲਣ। ਪ੍ਰਧਾਨ ਮੰਤਰੀ ਵਲੋਂ ਬਹਿਸ ਦਾ ਜਵਾਬ ਦਿੰਦੇ ਹੋਏ ਬਿਆਨ ਦਿੱਤਾ ਗਿਆ ਕਿ ਬਹੁਤ ਹੀ ਜਲਦੀ ਆਂਧਰਾ ਪ੍ਰਾਂਤ ਬਣਾਇਆ ਜਾਵੇਗਾ। ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਬਿਆਨ ਦੇ ਆਧਾਰ ਤੇ ਮਤਾ ਵਾਪਸ ਲੈ ਲਿਆ ਗਿਆ। ਇਹ ਮਸਲਾ ਉਥੇ ਹੀ ਠੱਪ ਹੋ ਗਿਆ।

### ਦੂਜੀ ਵਾਰ

ਖਰੜਾ ਕਮੇਟੀ ਦੇ ਸਭਾਪਤੀ ਵਜੋਂ ਇਸ ਵਿਸ਼ੇ ਤੇ ਮੈਨੂੰ ਹੀ ਦੂਜੀ ਵਾਰੀ ਵਿਚਾਰ ਕਰਨਾ ਪਿਆ। ਜਦੋਂ ਸੰਵਿਧਾਨ ਦਾ ਖਰੜਾ ਮੁਕੰਮਲ ਹੋ ਗਿਆ, ਮੈਂ ਪ੍ਰਧਾਨ ਮੰਤਰੀ ਨੂੰ ਇਹ ਪੁੱਛਣ ਲਈ ਇੱਕ ਪੱਤਰ ਲਿਖਿਆ ਕਿ ਕੀ ਮੈਂ ਮਤੇ ਤੇ ਹੋਈ ਬਹਿਸ ਦੇ ਦੌਰਾਨ ਪ੍ਰਧਾਨ ਮੰਤਰੀ ਵਲੋਂ ਦਿੱਤੇ ਬਿਆਨ ਦੇ ਮੱਦੇਨਜ਼ਰ ਆਂਧਰਾ ਪ੍ਰਾਂਤ ਨੂੰ 'ਸੰਵਿਧਾਨ ਦੇ ਪ੍ਰਾਂਤ' ਪਾਰਟ 'ਏ' ਵਿੱਚ ਵੱਖਰੇ ਪ੍ਰਾਂਤ ਵਜੋਂ ਦਰਜ ਕਰ ਦਿਆਂ? ਮੈਨੂੰ ਹੁਣ ਯਾਦ ਨਹੀਂ ਕਿ ਅਸਲ ਵਿੱਚ ਕੀ ਹੋਇਆ ਸੀ? ਪ੍ਰੰਤੂ ਸੰਵਿਧਾਨ ਸਭਾ ਦੇ ਪ੍ਰਧਾਨ, ਡਾਕਟਰ ਰਜਿੰਦਰ ਪ੍ਰਸ਼ਾਦ ਨੇ ਉੱਤਰ ਪ੍ਰਦੇਸ਼ ਦੇ ਇਕ ਵਕੀਲ ਸ੍ਰੀ 'ਧਰ' ਦੀ ਪ੍ਰਧਾਨਗੀ ਹੇਠ ਭਾਸ਼ਾ ਤੇ ਆਧਾਰਿਤ ਪ੍ਰਾਂਤ ਬਣਾਉਣ ਦੇ ਕੰਮ ਦੀ ਘੋਖ ਕਰਨ ਲਈ ਇੱਕ ਕਮੇਟੀ ਗਠਿਤ ਕੀਤੀ।

ਲੋਕ, ਧਰ ਕਮੇਟੀ, ਨੂੰ ਜੇਕਰ ਹੋਰ ਕਿਸੇ ਗੱਲ ਲਈ ਨਹੀਂ, ਤਾਂ ਇੱਕ ਗੱਲ ਲਈ ਜ਼ਰੂਰ ਯਾਦ ਰੱਖਣਗੇ। ਕਮੇਟੀ ਨੇ ਕਿਹਾ ਕਿ ਜੇਕਰ ਮਹਾਂਰਾਸ਼ਟਰ ਭਾਸ਼ਾ ਦੇ ਆਧਾਰ ਤੇ ਪ੍ਰਾਂਤ ਬਣਾਇਆ ਜਾਵੇ ਤਾਂ ਬੰਬਈ ਸ਼ਹਿਰ ਨੂੰ ਕਿਸੇ ਵੀ ਹਾਲਤ ਵਿੱਚ ਮਹਾਂਰਾਸ਼ਟਰ ਵਿੱਚ ਸ਼ਾਮਲ ਨਾ ਕੀਤਾ ਜਾਵੇ। ਇਹ ਰਿਪੋਰਟ ਕਾਂਗਰਸ ਦੇ ਜੈਪੁਰ ਸੈਸ਼ਨ ਵਿੱਚ ਵਿਚਾਰੀ ਗਈ ਸੀ। ਜੈਪੁਰ ਕਾਂਗਰਸ ਸਭਾ ਵਲੋਂ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਜਿਸ ਦੇ ਮੈਂਬਰ ਪ੍ਰਧਾਨ ਮੰਤਰੀ, ਸ੍ਰੀ ਵਲਭ ਭਾਈ ਪਟੇਲ ਅਤੇ ਡਾ.ਪਟਾਭੀ ਸੀਤਾਰਮਈਆ ਸਨ। ਉਨ੍ਹਾਂ ਵਲੋਂ ਇੱਕ ਰਿਪੋਰਟ ਦਿੱਤੀ ਗਈ ਜਿਸ ਦਾ ਨਿਚੋੜ ਇਹ ਸੀ ਕਿ ਆਂਧਰਾ ਪ੍ਰਾਂਤ ਤੁਰੰਤ ਬਣਾਇਆ ਜਾਵੇ ਲੇਕਿਨ ਮਦਰਾਸ ਸ਼ਹਿਰ ਤਾਮਿਲਾਂ ਪਾਸ ਹੀ ਰਹਿਣਾ ਚਾਹੀਦਾ ਹੈ। ਇਸ ਮਸਲੇ ਨੂੰ ਵਿਸਥਾਰ ਪੂਰਵਕ ਵਿਚਾਰਨ ਲਈ ਇੱਕ ਕਮੇਟੀ ਬਣਾਈ ਗਈ। ਇਸ ਕਮੇਟੀ ਵੱਲੋਂ ਲਗਭਗ ਸਰਬਸੰਮਤੀ ਨਾਲ ਰਿਪੋਰਟ ਤਿਆਰ ਕੀਤੀ ਗਈ। ਪ੍ਰੰਤੂ ਸ੍ਰੀ ਪ੍ਰਕਾਸ਼ਮ ਸਮੇਤ ਆਂਧਰਾ ਦੇ ਬਹੁਤ ਸਾਰੇ ਲੋਕਾਂ ਵੱਲੋਂ ਇਸ ਰਿਪੋਰਟ ਦਾ ਵਿਰੋਧ ਕੀਤਾ ਗਿਆ ਜਿਹੜੇ ਮਦਰਾਸ ਸ਼ਹਿਰ ਤੇ ਆਪਣਾ ਦਾਅਵਾ ਛੱਡਣ ਨੂੰ ਤਿਆਰ ਨਹੀਂ ਸਨ ਅਤੇ ਇਹ ਮਾਮਲਾ ਉਥੇ ਹੀ ਠੱਪ ਹੋ ਗਿਆ।

ਉਸ ਉਪਰੰਤ ਸ੍ਰੀ ਪੋਤੀ ਸਰੀਰਾਮੂਲੂ ਦੀ ਘਟਨਾ ਆਉਂਦੀ ਹੈ ਜਿਸਨੇ ਆਂਧਰਾ ਪ੍ਰਾਂਤ ਦੀ

ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਹ ਟਿੱਪਣੀ ਸੱਤਾਧਾਰੀ ਪਾਰਟੀ ਲਈ ਬੜੀ ਖੇਦਜਨਕ ਹੈ ਕਿ ਸਰੀਰਾਮੁਲੂ ਨੂੰ ਉਸ ਮੰਤਵ ਲਈ ਸ਼ਹੀਦ ਹੋਣਾ ਪਿਆ ਜਿਸਦੀ ਵੈਧਤਾ ਕਾਂਗਰਸ ਦੇ ਸਾਰੇ ਮੈਂਬਰਾਂ ਵਲੋਂ ਸਵੀਕਾਰ ਕੀਤੀ ਗਈ ਸੀ। ਹੁਣ ਆਂਧਰਾ ਪ੍ਰਾਂਤ ਬਣਾਉਣ ਬਾਰੇ ਸੋਚਣਾ ਪ੍ਰਧਾਨ ਮੰਤਰੀ ਵੱਲੋਂ ਸ੍ਰੀ ਸਰੀਰਾਮੁਲੂ ਦੀ ਵਿਛੜੀ ਰੂਹ ਲਈ ਕੇਵਲ ਸ਼ਰਧਾਂਜ਼ਲੀ (ਪਿੰਡਦਾਨ) ਹੀ ਹੈ। ਕੀ ਕੋਈ ਹੋਰ ਮੁਲਕ ਸਰਕਾਰ ਦੀ ਅਜਿਹੀ ਕਾਰਵਾਈ ਨੂੰ ਬਰਦਾਸ਼ਤ ਕਰ ਸਕਦਾ ਇਹ ਇਕ ਅਜਿਹਾ ਮਾਮਲਾ ਹੈ ਜਿਸ ਤੇ ਵਿਚਾਰ ਕਰਨ ਦਾ ਕੋਈ ਲਾਭ ਨਹੀਂ ਹੈ।

ਮੇਰੇ ਵਿਚਾਰ ਅਨੁਸਾਰ ਭਾਸ਼ਾ ਤੇ ਆਧਾਰਿਤ ਪ੍ਰਾਂਤ ਬਣਾਉਣ ਤੋਂ ਪਹਿਲਾਂ, ਤਿੰਨ ਸ਼ਰਤਾਂ ਦਾ ਪੂਰੀਆਂ ਹੋਣਾ ਜ਼ਰੂਰੀ ਹੈ। ਪਹਿਲੀ ਸ਼ਰਤ ਇਹ ਹੈ ਕਿ ਪ੍ਰਾਂਤ ਆਰਥਿਕ ਤੌਰ ਤੇ ਮਜ਼ਬੂਤ ਹੋਵੇ। ਇਸ ਸਿਧਾਂਤ ਨੂੰ ਪੂਰਨ ਰੂਪ ਵਿੱਚ ਉਸ ਸਮੇਂ ਸਵੀਕਾਰ ਕੀਤਾ ਗਿਆ ਸੀ ਜਦੋਂ ਸੰਵਿਧਾਨ ਬਣਾਉਂਦੇ ਸਮੇਂ ਭਾਰਤੀ ਪ੍ਰਾਂਤਾਂ ਨੂੰ ਇਕੱਠੇ ਕਰਨ ਦੇ ਪ੍ਰਸ਼ਨ ਤੇ ਵਿਚਾਰ ਕੀਤਾ ਜਾ ਰਿਹਾ ਸੀ। ਕੇਵਲ ਉਹ ਪ੍ਰਾਂਤ ਹੀ ਸੁਤੰਤਰ ਰਹਿਣ ਦਿੱਤੇ ਗਏ ਸਨ ਜਿਹੜੇ ਆਰਥਿਕ ਤੌਰ ਤੇ ਮਜ਼ਬੂਤ ਸਨ। ਬਾਕੀ ਸਾਰੇ ਗੁਆਂਢੀ ਪ੍ਰਾਂਤਾਂ ਵਿੱਚ ਮਿਲਾ ਦਿੱਤੇ ਗਏ ਸਨ।

**ਇੱਕ ਸਹਾਰਾ ਵਰਗੀ ਸਥਿਤੀ**

ਕੀ ਪ੍ਰਸਤਾਵਿਤ ਆਂਧਰਾ ਪ੍ਰਾਂਤ ਆਰਥਿਕ ਤੌਰ ਤੇ ਇਕ ਮਜ਼ਬੂਤ ਪ੍ਰਾਂਤ ਹੈ? ਜਸਟਿਸ ਵਾਂਚੂ ਵਲੋਂ ਸਪੱਸ਼ਟ ਤੌਰ ਤੇ ਇਹ ਮੰਨਿਆ ਗਿਆ ਸੀ ਕਿ ਪ੍ਰਸਤਾਵਿਤ ਆਂਧਰਾ ਪ੍ਰਾਂਤ ਦਾ ਸਾਲਾਨਾ ਮਾਲੀ ਘਾਟਾ ਪੰਜ ਕਰੋੜ ਰੁਪਏ ਹੋਵੇਗਾ। ਕੀ ਪ੍ਰਸਤਾਵਿਤ ਆਂਧਰਾ ਪ੍ਰਾਂਤ ਲਈ ਕਰ ਵਧਾਕੇ ਜਾਂ ਖਰਚ ਘਟਾ ਕੇ ਇਸ ਅੰਤਰ ਨੂੰ ਘੱਟ ਕਰਨਾ ਸੰਭ ਹੋਵੇਗਾ? ਆਂਧਰਾ ਦੇ ਲੋਕਾਂ ਨੂੰ ਇਸ ਪ੍ਰਸ਼ਨ ਦਾ ਸਾਹਮਣਾ ਕਰਨਾ ਪਵੇਗਾ। ਕੀ ਕੇਂਦਰ ਇਸ ਘਾਟੇ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਲਵੇਗਾ? ਜੇਕਰ ਹਾਂ, ਤਾਂ ਕੀ ਇਹ ਜ਼ਿਮੇਵਾਰੀ ਕੇਵਲ ਪ੍ਰਸਤਾਵਿਤ ਆਂਧਰਾ ਪ੍ਰਾਂਤ ਲਈ ਹੀ ਸੀਮਤ ਰਹੇਗੀ ਜਾਂ ਕਿ ਇਹ ਦੂਜੇ ਅਜਿਹੇ ਕੇਸਾਂ ਲਈ ਵੀ ਉਪਲਬਧ ਹੋਵੇਗੀ? ਇਨ੍ਹਾਂ ਪ੍ਰਸ਼ਨਾਂ ਤੇ ਵਿਚਾਰ ਕਰਨ ਦੀ ਲੋੜ ਹੈ।

ਇਸ ਨਵੇਂ ਆਂਧਰਾ ਪ੍ਰਾਂਤ ਦੀ ਕੋਈ ਪੱਕੀ ਰਾਜਧਾਨੀ ਨਹੀਂ ਹੈ। ਇਹ ਵੀ ਇੱਕ ਸੰਯੋਗ ਦੀ ਗੱਲ ਹੈ ਕਿ ਮੈਂ ਕਦੇ ਵੀ ਨਹੀਂ ਸੁਣਿਆ ਕਿ ਕੋਈ ਪ੍ਰਾਂਤ ਰਾਜਧਾਨੀ ਤੋਂ ਬਿਨਾਂ ਹੀ ਹੋਂਦ ਵਿੱਚ ਆਇਆ ਹੋਵੇ। ਸ੍ਰੀ ਰਾਜਾਗੋਪਾਲਾਚਾਰੀ (ਪੱਕਾ ਤਾਮਿਲ ਕਬੀਲੇ ਨਾਲ ਸਬੰਧਤ) ਪ੍ਰਸਤਾਵਿਤ ਆਂਧਰਾ ਪ੍ਰਾਂਤ ਦੀ ਸਰਕਾਰ ਨੂੰ ਮਦਰਾਸ ਸ਼ਹਿਰ ਵਿੱਚ ਇਕ ਵੀ ਰਾਤ ਕੱਟਣ ਦੀ ਪ੍ਰਵਾਨਗੀ ਦੇਣ ਦੀ ਸੁਸ਼ੀਲਤਾ ਨਹੀਂ ਦਿਖਾਏਗਾ ਉਹ ਸੁਸ਼ੀਲਤਾ ਜਿਹੜੀ ਹਿੰਦੂ ਧਰਮ ਦੁਆਰਾ ਸਾਰੇ ਹਿੰਦੂਆਂ ਲਈ ਆਪਣੇ ਮਹਿਮਾਨ ਵਾਸਤੇ ਨਿਰਧਾਰਿਤ ਹੈ। ਨਵੀਂ ਸਰਕਾਰ ਤੇ ਖੁਦ ਆਪਣਾ ਆਵਾਸ ਚੁਣਨਾ ਅਤੇ ਆਪਣਾ ਕੰਮ ਕਾਰ ਚਲਾਉਣ ਲਈ ਆਪਣੇ ਨਿਵਾਸ ਸਥਾਨ ਬਣਾਉਣਾ ਛੱਡ ਦਿੱਤਾ ਗਿਆ। ਇਹ ਕਿਹੜਾ ਸਥਾਨ ਚੁਣ ਸਕਦੀ ਹੈ? ਇਹ ਆਪਣੇ ਨਿਵਾਸ ਸਥਾਨ ਕਾਹਦੇ ਨਾਲ ਬਣਾਏਗੀ? ਆਂਧਰਾ ਪ੍ਰਾਂਤ 'ਇੱਕ ਸਹਾਰਾ' ਹੈ ਅਤੇ ਇਸ ਵਿੱਚ ਕਿਧਰੇ ਪਾਣੀ ਜਾਂ ਹਰੀ ਭਰੀ ਥਾਂ ਨਹੀਂ ਹੈ। ਜੇਕਰ ਸਰਕਾਰ ਇਸ 'ਸਹਾਰਾ' ਵਿੱਚ ਕੋਈ ਜਗ੍ਹਾ ਚੁਣ ਵੀ ਲੈਂਦੀ ਹੈ, ਫਿਰ ਵੀ, ਉਸ ਨੂੰ ਆਪਣੇ ਮੁੱਖ ਦਫ਼ਤਰ ਕਿਸੇ ਹੋਰ ਵੱਧ ਸੁਹਾਵਣੀ ਜਗ੍ਹਾ ਬਦਲਣੇ ਹੀ ਪੈਣਗੇ ਅਤੇ ਇਸ ਅਸਥਾਈ ਮੁੱਖ ਸਥਾਨ ਤੇ ਕੀਤਾ ਗਿਆ ਖਰਚ ਵਿਅਰਥ ਜਾਵੇਗਾ। ਕਾਸ਼

ਸਰਕਾਰ ਕੇਸ ਦੇ ਇਸ ਪਹਿਲੂ ਤੇ ਵੀ ਵਿਚਾਰ ਕਰਦੀ? ਹੁਣੇ ਹੀ ਉਨ੍ਹਾਂ ਨੂੰ ਅਜਿਹੀ ਜਗ੍ਹਾ ਕਿਉਂ ਨਹੀਂ ਦਿੱਤੀ ਜਾਂਦੀ ਜਿੱਥੇ ਸਥਾਈ ਰਾਜਧਾਨੀ ਬਣਨ ਦੀ ਸੰਭਾਵਨਾ ਹੋਵੇ?

ਮੈਨੂੰ ਜਾਪਦਾ ਹੈ ਕਿ ਇਸ ਨਜ਼ਰੀਏ ਤੋਂ 'ਵਾਰੰਗਲ' ਸਭ ਤੋਂ ਵਧੀਆ ਤੇ ਢੁੱਕਵੀਂ ਜਗ੍ਹਾ ਹੈ। ਇਹ ਆਂਧਰਾ ਦੀ ਪ੍ਰਾਚੀਨ ਰਾਜਧਾਨੀ ਹੈ। ਇਥੇ ਰੇਲਵੇ ਜੰਕਸ਼ਨ ਹੈ। ਇਥੇ ਬਹੁਤ ਸਾਰੀਆਂ ਇਮਾਰਤਾਂ ਵੀ ਉਪਲਬਧ ਹਨ। ਇਹ ਠੀਕ ਹੈ ਕਿ ਇਹ ਆਂਧਰਾ ਦੇ ਉਸ ਹਿੱਸੇ ਵਿੱਚ ਪੈਂਦਾ ਹੈ ਜਿਹੜਾ ਹੈਦਰਾਬਾਦ ਰਿਆਸਤ ਦਾ ਹਿੱਸਾ ਹੈ। ਅਸਲ ਵਿੱਚ ਸਿਧਾਂਤਕ ਤੌਰ ਤੇ ਹੈਦਰਾਬਾਦ ਰਿਆਸਤ ਜੋ ਬਹੁਤ ਵੱਡੀ ਹੈ, ਵੰਡ ਦਿੱਤੀ ਜਾਣੀ ਚਾਹੀਦੀ ਹੈ ਅਤੇ ਪੂਰਨ ਆਂਧਰਾ ਪ੍ਰਾਂਤ ਬਣਾ ਦੇਣਾ ਚਾਹੀਦਾ ਹੈ। ਪ੍ਰੰਤੂ ਜੇਕਰ ਪ੍ਰਧਾਨ ਮੰਤਰੀ ਦੇ ਦਿਮਾਗ ਵਿੱਚ ਇਸ ਪ੍ਰਸਤਾਵ ਦੇ ਵਿਰੁੱਧ ਕੋਈ ਸੁਚੇਤ ਇਤਰਾਜ਼ ਹੈ ਤਾਂ ਕੀ ਉਹ ਹੈਦਰਾਬਾਦ ਦੇ ਆਂਧਰਾ ਹਿੱਸੇ ਨੂੰ ਪਰਾਏ ਪ੍ਰਾਂਤ ਵਿੱਚ ਹਿੱਸਾ (ਇਨਕਲੇਵ) ਕਰਾਰ ਨਹੀਂ ਦੇ ਸਕਦਾ ਅਤੇ ਇਸ ਨੂੰ ਨਵੇਂ ਆਂਧਰਾ ਪ੍ਰਾਂਤ ਵਿੱਚ ਨਹੀਂ ਮਿਲਾ ਸਕਦਾ ਅਤੇ 'ਵਾਰੰਗਲ' ਨੂੰ ਰਸਤਾ ਨਹੀਂ ਦੇ ਸਕਦਾ? ਭਾਰਤ ਵਿੱਚ ਪਰਾਏ ਪ੍ਰਾਂਤ ਵਿੱਚ ਟੁਕੜਾ (ਇਨਕਲੇਵ) ਬਣਾਉਣਾ ਕੋਈ ਨਵੀਂ ਚੀਜ਼ ਨਹੀਂ ਹੈ। ਲੇਕਿਨ ਪ੍ਰਧਾਨ ਮੰਤਰੀ ਹੈਦਰਾਬਾਦ ਅਤੇ ਕਸ਼ਮੀਰ ਵਿੱਚ ਰੱਬ ਦੀ ਮਰਜ਼ੀ ਦੇ ਖਿਲਾਫ਼ ਕੰਮ ਕਰਨਾ ਚਾਹੁੰਦਾ ਹੈ। ਮੇਰਾ ਵਿਸ਼ਵਾਸ ਹੈ ਕਿ ਇਸ ਦੇ ਨਤੀਜੇ ਉਸ ਨੂੰ ਜਲਦੀ ਹੀ ਪਤਾ ਲਗ ਜਾਣਗੇ।

### ਪਹਿਲੀ ਸ਼ਰਤ

ਇਹ ਕੇਵਲ ਸੰਯੋਗ ਦੀ ਗੱਲ ਹੈ ਕਿ ਮੇਰਾ ਮੁੱਖ ਨੁਕਤਾ ਹੈ ਕਿ ਭਾਸ਼ਾ ਤੇ ਆਧਾਰਿਤ ਪ੍ਰਾਂਤ ਮਾਲੀ ਤੌਰ ਤੇ ਸਮਰੱਥ ਹੋਣਾ ਜ਼ਰੂਰੀ ਹੈ। ਭਾਸ਼ਾ ਤੇ ਆਧਾਰਿਤ ਪ੍ਰਾਂਤ ਬਣਾਉਣ ਲਈ ਇਹ ਪਹਿਲੀ ਸੋਚ ਹੁੰਦੀ ਹੈ। ਦੂਸਰੀ ਸੋਚ ਇਹ ਦੇਖਣਾ ਹੁੰਦੀ ਹੈ ਕਿ ਭਾਸ਼ਾ ਤੇ ਆਧਾਰਿਤ ਪ੍ਰਾਂਤ ਦੇ ਅੰਦਰ ਕੀ ਵਾਪਰਨ ਦੀ ਸੰਭਾਵਨਾ ਹੈ। ਬਦਕਿਸਮਤੀ ਦੀ ਗੱਲ ਹੈ ਕਿ ਭਾਰਤ ਦੀ ਆਬਾਦੀ ਦਾ ਡੈਮੋਗ੍ਰਾਫਿਕ ਸਰਵੇਖਣ (ਜ਼ਾਤੀ ਜਾਂ ਗਰੁੱਪ ਦੇ ਆਧਾਰ ਤੇ) ਕਰਨ ਵੱਲ ਕਿਸੇ ਵੀ ਵਿਦਿਆਰਥੀ ਨੇ ਧਿਆਨ ਨਹੀਂ ਦਿੱਤਾ। ਅਸੀਂ ਕੇਵਲ ਆਪਣੀ ਮਰਦਮ-ਸ਼ੁਮਾਰੀ ਦੀ ਰਿਪੋਰਟਾਂ ਤੋਂ ਹੀ ਜਾਣਕਾਰੀ ਹਾਸਲ ਕਰਦੇ ਹਾਂ ਕਿ ਹਿੰਦੂ ਕਿੰਨੇ ਹਨ, ਮੁਸਲਮਾਨ ਕਿੰਨੇ ਹਨ, ਯਹੂਦੀ ਕਿੰਨੇ ਹਨ, ਈਸਾਈ ਕਿੰਨੇ ਹਨ ਅਤੇ ਅਛੂਤ ਕਿੰਨੇ ਹਨ। ਕੇਵਲ ਇਹ ਜਾਣਕਾਰੀ ਜੋ ਸਾਨੂੰ ਮਿਲਦੀ ਹੈ ਕਿ ਇੱਥੇ ਕਿੰਨੇ ਧਰਮ ਹਨ, ਦੇ ਇਲਾਵਾ ਇਸ ਸੂਚਨਾ ਦਾ ਕੋਈ ਮੁੱਲ ਨਹੀਂ ਹੈ। ਜੋ ਅਸੀਂ ਜਾਣਨਾ ਚਾਹੁੰਦੇ ਹਾਂ, ਉਹ ਵੱਖ ਵੱਖ ਭਾਸ਼ਾਈ ਖੇਤਰਾਂ ਵਿੱਚ ਜ਼ਾਤੀਆਂ ਦੀ ਵੰਡ ਬਾਰੇ ਹੈ। ਇਸ ਸਬੰਧੀ ਸਾਡੇ ਪਾਸ ਬਹੁਤ ਘੱਟ ਸੂਚਨਾ ਹੈ। ਆਪਣੇ ਹੀ ਗਿਆਨ ਅਤੇ ਸੂਚਨਾ ਤੇ ਨਿਰਭਰ ਹੋਣਾ ਪੈਂਦਾ ਹੈ। ਮੈਂ ਨਹੀਂ ਸਮਝਦਾ ਕਿ ਇਹ ਕਹਿਣਾ ਪਰਸਪਰ ਵਿਰੋਧੀ ਹੋਵੇਗਾ ਜੇਕਰ ਕਿਹਾ ਜਾਵੇ ਕਿ ਭਾਸ਼ਾਈ ਖੇਤਰਾਂ ਵਿੱਚ ਜ਼ਾਤੀ ਸਥਾਪਨਾ (ਢਾਂਚਾ) ਆਮ ਤੌਰ ਤੇ ਅਜਿਹੀ ਹੈ ਕਿ ਇਸ ਵਿੱਚ ਇਕ ਜਾਂ ਦੋ ਮੁੱਖ ਜ਼ਾਤੀਆਂ ਭਾਰੀ ਗਿਣਤੀ ਵਿੱਚ ਅਤੇ ਕੁਝ ਛੋਟੀਆਂ ਜ਼ਾਤੀਆਂ, ਮੁੱਖ ਤੇ ਨਿਰਭਰ ਉਨ੍ਹਾਂ ਦੇ ਅਧੀਨ ਰਹਿ ਰਹੀਆਂ ਹਨ।

### ਸੰਪਰਦਾਇਕ ਢਾਂਚਾ

ਮੈਂ ਕੁਝ ਉਦਾਹਰਣਾ ਦੇਣਾ ਚਾਹਵਾਂਗਾ ਜਿਵੇਂ ਕਿ ਪੰਜਾਬ ਦਾ ਪੈਪਸੂ। ਸਾਰੇ ਖੇਤਰ ਵਿੱਚ ਜੱਟਾਂ ਦੀ ਸਰਦਾਰੀ ਹੈ। ਅਛੂਤ ਉਨ੍ਹਾਂ ਤੇ ਨਿਰਭਰ ਅਤੇ ਅਧੀਨ ਰਹਿੰਦੇ ਹਨ। ਆਂਧਰਾ ਨੂੰ ਲੈ

ਲਵੋ ਸਾਰੇ ਭਾਸ਼ਾਈ ਖੇਤਰ ਵਿੱਚ ਦੋ ਜਾਂ ਤਿੰਨ ਮੁੱਖ ਜ਼ਾਤੀਆਂ ਹੀ ਫੈਲੀਆਂ ਹੋਈਆਂ ਹਨ। ਉਹ ਰੈਡੀ ਜਾਂ ਕਾਮਾ ਅਤੇ ਕਪੂਸ਼ ਹਨ। ਉਨ੍ਹਾਂ ਕੋਲ ਹੀ ਸਾਰੀ ਜ਼ਮੀਨ ਹੈ, ਸਾਰੇ ਦਫ਼ਤਰਾਂ ਵਿੱਚ ਵੀ ਉਨ੍ਹਾਂ ਦਾ ਕਬਜ਼ਾ ਹੈ ਅਤੇ ਵਪਾਰ ਵੀ ਉਨ੍ਹਾਂ ਦੇ ਹੱਥਾਂ ਵਿੱਚ ਹੈ। ਅਛੂਤ ਉਨ੍ਹਾਂ ਤੇ ਨਿਰਭਰ ਅਤੇ ਅਧੀਨ ਰਹਿੰਦੇ ਹਨ। ਮਹਾਂਰਾਸ਼ਟਰ ਨੂੰ ਲੈ ਲਵੋ-ਮਹਾਂਰਾਸ਼ਟਰਾ ਵਿੱਚ ਹਰ ਪਿੰਡ ਵਿੱਚ ਮਰਾਠਿਆਂ ਦੀ ਵੱਡੀ ਬਹੁ-ਗਿਣਤੀ ਹੈ। ਬ੍ਰਾਹਮਣ, ਗੁਜਰ, ਕੋਲੀ ਅਤੇ ਅਛੂਤ ਉਨ੍ਹਾਂ ਦੇ ਅਧੀਨ ਸਹਿਯੋਗ ਵਿੱਚ ਰਹਿੰਦੇ ਹਨ। ਕੋਈ ਸਮਾਂ ਸੀ ਕਿ ਬ੍ਰਾਹਮਣ ਤੇ ਬਾਣੀਏ ਬਿਨਾਂ ਕਿਸੇ ਡਰ ਦੇ ਰਹਿੰਦੇ ਸਨ। ਪ੍ਰੰਤੂ ਸਮਾਂ ਬਦਲ ਚੁੱਕਾ ਹੈ। ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਬ੍ਰਾਹਮਣ ਅਤੇ ਬਾਣੀਏ, ਮਰਾਠਿਆਂ ਤੋਂ ਏਨਾ ਲੁਕਣ ਲਗੇ ਹਨ ਕਿ ਬਚਾਅ ਕੇਂਦਰਾਂ ਵਜੋਂ ਸ਼ਹਿਰਾਂ ਵਿੱਚ ਭੱਜ ਗਏ ਹਨ। ਬਹੁ-ਗਿਣਤੀ ਮਰਾਠਾ ਬਰਾਦਰੀ ਦਾ ਜ਼ੁਲਮ ਸਹਿਣ ਲਈ ਪਿੰਡਾਂ ਵਿੱਚ ਕੇਵਲ ਨਾਚੀਜ਼ ਅਛੂਤ, ਕੋਲੀ ਅਤੇ ਮਾਲੀ ਹੀ ਰਹਿ ਗਏ ਹਨ। ਜਿਹੜਾ ਇਸ ਸੰਪ੍ਰਦਾਇਕ ਢਾਂਚੇ ਨੂੰ ਭੁਲਦਾ ਹੈ, ਉਹ ਅਜਿਹਾ ਆਪਣੇ ਜੋਖਮ ਤੇ ਕਰੇਗਾ।

ਭਾਸ਼ਾ ਤੇ ਆਧਾਰਿਤ ਪ੍ਰਾਂਤ ਵਿੱਚ ਘੱਟ ਗਿਣਤੀ ਜ਼ਾਤੀਆਂ ਲਈ ਕੀ ਬਚੇਗਾ? ਕੀ ਉਹ ਵਿਧਾਨ ਸਭਾ ਵਿਚ ਚੁਣੇ ਜਾਣ ਦੀ ਉਮੀਦ ਰੱਖ ਸਕਦੇ ਹਨ? ਕੀ ਉਹ ਪ੍ਰਾਂਤਕ ਸੇਵਾਂਵਾਂ ਵਿੱਚ ਨੌਕਰੀਆਂ ਲੈ ਸਕਣ ਦੀ ਉਮੀਦ ਰੱਖ ਸਕਦੇ ਹਨ? ਕੀ ਉਹ ਆਪਣੇ ਆਰਥਿਕ ਸੁਧਾਰ ਵੱਲ ਕੋਈ ਧਿਆਨ ਦੇਣ ਦੀ ਉਮੀਦ ਰੱਖ ਸਕਦੇ ਹਨ? ਇਨ੍ਹਾਂ ਹਾਲਾਤ ਵਿੱਚ ਭਾਸ਼ਾ ਤੇ ਆਧਾਰਤ ਪ੍ਰਾਂਤ ਬਨਾਉਣ ਦਾ ਅਰਥ ਹੈ, ਸੰਪਰਦਾਇਕ ਬਹੁ-ਗਿਣਤੀ ਨੂੰ ਸਵਰਾਜ ਸੌਂਪਣਾ। ਗਾਂਧੀ ਦੇ ਸਵਰਾਜ ਦਾ ਖ਼ਾਤਮਾ। ਜਿਹੜੇ ਸਮੱਸਿਆ ਦੇ ਇਸ ਪਹਿਲੂ ਨੂੰ ਨਹੀਂ ਸਮਝ ਸਕਦੇ, ਉਹ ਤਦ ਬੇਹਤਰ ਸਮਝਣਗੇ, ਜਦੋਂ ਅਸੀਂ ਭਾਸ਼ਾਈ ਪ੍ਰਾਂਤ ਦੀ ਬਜਾਏ ਜੱਟ ਪ੍ਰਾਂਤ, ਰੈਡੀ ਪ੍ਰਾਂਤ ਜਾਂ ਮਰਾਠਾ ਪ੍ਰਾਂਤ ਦੀ ਗੱਲ ਕਰਾਂਗੇ।

## ਤੀਸਰਾ ਮੁੱਦਾ

ਤੀਜੀ ਸਮੱਸਿਆ ਜਿਸ ਤੇ ਵਿਚਾਰ ਕਰਨ ਦੀ ਲੋੜ ਹੈ, ਉਹ ਹੈ ਕਿ ਕੀ ਭਾਸ਼ਾ ਤੇ ਆਧਾਰਤ ਪ੍ਰਾਂਤ ਬਣਾਉਣ ਦਾ ਅਰਥ ਇੱਕ ਪ੍ਰਾਂਤ ਵਿੱਚ ਇੱਕ ਬੋਲੀ ਬੋਲਣ ਵਾਲੇ ਲੋਕਾਂ ਨੂੰ ਇਕੱਠੇ ਕਰਨਾ ਹੈ? ਕੀ ਸਾਰੇ ਮਹਾਂਰਾਸ਼ਟਰੀ ਇੱਕ ਮਹਾਂਰਾਸ਼ਟਰ ਪ੍ਰਾਂਤ ਵਿੱਚ ਹੀ ਇਕੱਠੇ ਕਰ ਦਿੱਤੇ ਜਾਣ? ਕੀ ਸਾਰਾ ਆਂਧਰਾ ਖੇਤਰ ਇੱਕ ਆਂਧਰਾ ਪ੍ਰਾਂਤ ਵਿੱਚ ਹੀ ਪਾ ਦਿੱਤਾ ਜਾਵੇ? ਇਕੱਠੇ ਕਰਨ ਦਾ ਪ੍ਰਸ਼ਨ ਕੇਵਲ ਨਵੀਆਂ ਇਕਾਈਆਂ ਨਾਲ ਹੀ ਸਬੰਧਤ ਨਹੀਂ ਹੈ। ਇਹ ਮੌਜੂਦਾ ਭਾਸ਼ਾਈ ਪ੍ਰਾਂਤਾਂ ਨਾਲ ਵੀ ਸਬੰਧਤ ਹੈ ਜਿਵੇਂ ਕਿ ਉੱਤਰ ਪ੍ਰਦੇਸ਼, ਬਿਹਾਰ ਅਤੇ ਪੱਛਮੀ ਬੰਗਾਲ। ਸਾਰੇ ਹਿੰਦੀ ਬੋਲਣ ਵਾਲੇ ਲੋਕ ਇੱਕ ਹੀ ਪ੍ਰਾਂਤ ਵਿੱਚ ਕਿਉਂ ਜਮ੍ਹਾਂ ਕਰ ਦਿੱਤੇ ਜਾਣ। ਜਿਵੇਂ ਉਤਰ ਪ੍ਰਦੇਸ਼ ਵਿੱਚ ਹੋਇਆ ਹੈ? ਜਿਹੜੇ ਲੋਕ ਏਕੀਕਰਨ ਲਈ ਕਹਿੰਦੇ ਹਨ, ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਦੂਜੇ ਪ੍ਰਾਂਤਾਂ ਵਿਰੁੱਧ ਯੁੱਧ ਛੇੜਨਾ ਚਾਹੁੰਦੇ ਹਨ? ਜੇਕਰ ਏਕੀਕਰਨ ਵੱਖਰੀ ਚੇਤਨਾ ਪੈਦਾ ਕਰਦਾ ਹੈ ਤਾਂ ਸਾਡਾ ਭਾਰਤ ਸਮਾਂ ਪੈਣ ਉਪਰੰਤ ਉਹੋ ਜਿਹਾ ਭਾਰਤ ਹੋਵੇਗਾ ਜਿਹੜਾ ਮੋਰੀਆ ਸਾਮਰਾਜ ਦੇ ਟੁੱਟਣ ਤੋਂ ਬਾਅਦ ਸੀ। ਕੀ ਤਕਦੀਰ ਸਾਨੂੰ ਉਸ ਪਾਸੇ ਲਿਆ ਰਹੀ ਹੈ?

ਇਸ ਦਾ ਮਤਲਬ ਇਹ ਨਹੀਂ ਕਿ ਭਾਸ਼ਾ ਤੇ ਆਧਾਰਤ ਪ੍ਰਾਂਤ ਨਹੀਂ ਹੋਣੇ ਚਾਹੀਦੇ। ਇਸ

ਦਾ ਮਤਲਬ ਹੈ ਕਿ ਠੋਸ ਨਿਗਰਾਨੀ ਅਤੇ ਸੰਤੁਲਨ ਹੋਣਾ ਚਾਹੀਦਾ ਹੈ। ਤਾਕਿ ਭਾਸ਼ਾ ਤੇ ਆਧਾਰਤ ਪ੍ਰਾਂਤ ਦੀ ਆੜ ਵਿੱਚ ਬਹੁ-ਗਿਣਤੀ ਜ਼ਾਤੀ ਤਾਕਤ ਦੀ ਨਾਜਾਇਜ਼ ਵਰਤੋਂ ਨਾ ਕਰੇ।

# 5

# ਭਾਸ਼ਾ 'ਤੇ ਆਧਾਰਤ ਪ੍ਰਾਂਤਾਂ 'ਤੇ ਵਿਚਾਰ

ਪਹਿਲਾ ਪ੍ਰਕਾਸ਼ਨ: 1955

1955 ਦੇ ਅੰਕ ਤੋਂ ਦੁਬਾਰਾ ਛਪਿਆ।

# ਭੂਮਿਕਾ

ਭਾਸ਼ਾ ਤੇ ਆਧਾਰਤ ਪ੍ਰਾਂਤਾਂ ਦੀ ਸਿਰਜਣਾ ਅੱਜ ਦਾ ਭਖਦਾ ਮਸਲਾ ਹੈ। ਮੈਨੂੰ ਅਫ਼ਸੋਸ ਹੈ ਕਿ ਮੈਂ ਬੀਮਾਰੀ ਦੇ ਕਾਰਨ ਸੰਸਦ ਵਿੱਚ ਹੋਈ ਬਹਿਸ ਵਿੱਚ ਹਿੱਸਾ ਨਹੀਂ ਲੈ ਸਕਿਆ, ਜਿਹੜੀ ਤਰਫ਼ਦਾਰਾਂ ਵਲੋਂ ਆਪਣੇ ਵਿਚਾਰਾਂ ਦੇ ਪੱਖ ਵਿੱਚ ਚਲਾਈ ਜਾਂਦੀ ਕਿਸੇ ਮੁਹਿੰਮ ਨਾਲੋਂ ਵੀ ਕਿਤੇ ਘੱਟ ਸੀ। ਮੇਰੇ ਲਈ ਚੁਪ-ਚਾਪ ਇਸ ਮਸਲੇ ਤੇ ਸੌਂ ਜਾਣਾ ਬਹੁਤ ਹੀ ਮਹੱਤਵਪੂਰਨ ਹੈ। ਬਹੁਤੇ ਲੋਕਾਂ ਨੇ ਮੇਰੇ ਤੇ ਚੁੱਪ ਰਹਿਣ ਦਾ ਦੋਸ਼ ਲਾਇਆ ਕਿਉਂਕਿ ਉਹ ਨਹੀਂ ਸਨ ਜਾਣਦੇ ਕਿ ਕਾਰਨ ਕੀ ਹੈ। ਇਸ ਲਈ ਮੈਂ ਇਸ ਦਾ ਦੂਸਰਾ ਇਲਾਜ ਲੱਭਿਆ ਅਰਥਾਤ ਆਪਣੇ ਵਿਚਾਰ ਲਿਖਤੀ ਰੂਪ ਵਿੱਚ ਦੇਣਾ।

ਪਾਠਕ ਨੂੰ ਸ਼ਾਇਦ ਇਸ ਪੋਥੀ ਵਿੱਚ ਮੇਰੇ ਵਲੋਂ ਦਿੱਤੇ ਗਏ ਵਿਚਾਰ ਅਤੇ ਕੁਝ ਸਾਰਵਜਨਿਕ ਭਾਸ਼ਣਾਂ ਵਿੱਚ ਇਸ ਤੋਂ ਪਹਿਲਾਂ ਪ੍ਰਗਟ ਕੀਤੇ ਵਿਚਾਰਾਂ ਵਿੱਚ ਪ੍ਰਸਪਰ ਵਿਰੋਧਤਾ ਜਾਪੇਗੀ। ਮੇਰਾ ਵਿਸ਼ਵਾਸ ਹੈ ਕਿ ਮੇਰੇ ਵਿਚਾਰਾਂ ਵਿੱਚ ਅਜਿਹੀ ਤਬਦੀਲੀ ਦੀ ਬੜੀ ਘਾਟ ਹੈ। ਪਹਿਲੇ ਭਾਸ਼ਣ ਅਪੂਰਨ ਅੰਕੜਿਆਂ ਦੇ ਆਧਾਰ ਤੇ ਦਿੱਤੇ ਗਏ ਸਨ। ਉਸ ਸਮੇਂ ਮੇਰੇ ਮਨ ਵਿੱਚ ਮੁਕੰਮਲ ਤਸਵੀਰ ਨਹੀਂ ਸੀ। ਇਹ ਪਹਿਲੀ ਵਾਰੀ ਮੇਰੀ ਨਜ਼ਰ ਵਿਚ ਆਈ ਜਦੋਂ ਐਸ.ਆਰ.ਪੀ. ਦੀ ਰਿਪੋਰਟ ਬਾਹਰ ਆਈ। ਇਹ ਮੇਰੇ ਵਿਚਾਰਾਂ ਵਿੱਚ ਕਿਸੇ ਤਬਦੀਲੀ ਦੀ ਯੋਗ ਉਚਿਤਤਾ ਹੈ ਜੋ ਇਕ ਆਲੋਚਿਕ ਕਹਿ ਸਕੇਗਾ।

ਇਕ ਆਲੋਚਕ ਜਿਹੜਾ ਵਿਰੋਧੀ ਅਤੇ ਅਸ਼ੁਭਚਿੰਤਕ ਹੈ ਅਤੇ ਮੇਰੇ ਵਿਚਾਰਾਂ ਦੀ ਪ੍ਰਸਪਰ ਵਿਰੋਧਤਾ ਦਾ ਫ਼ਾਇਦਾ ਉਠਾਉਣਾ ਚਾਹੁੰਦਾ ਹੈ ਉਸ ਲਈ ਮੇਰਾ ਸਪੱਸ਼ਟ ਉੱਤਰ ਹੈ। 'ਐਮਰਸਨ' ਨੇ ਕਿਹਾ ਹੈ ਕਿ ਸਥਿਰਤਾ ਇੱਕ ਗਧੇ ਦੀ ਖੂਬੀ ਹੈ ਅਤੇ ਮੈਂ ਆਪਣੇ ਆਪ ਨੂੰ ਇਕ ਗਧਾ ਨਹੀਂ ਬਣਾਉਣਾ ਚਾਹੁੰਦਾ। ਸੋਚਣ ਵਾਲਾ ਕੋਈ ਵੀ ਵਿਅਕਤੀ ਸਥਿਰਤਾ ਦੇ ਨਾਂ ਤੇ ਇਕ ਵਾਰੀ ਪ੍ਰਗਟ ਕੀਤੇ ਵਿਚਾਰਾਂ ਨਾਲ ਬੰਨ੍ਹਿਆ ਨਹੀਂ ਜਾ ਸਕਦਾ। ਸਥਿਰਤਾ ਨਾਲੋਂ ਵੱਧ ਮਹੱਤਵਪੂਰਨ ਹੈ ਜ਼ਿੰਮੇਵਾਰੀ। ਇੱਕ ਜ਼ਿੰਮੇਵਾਰ ਵਿਅਕਤੀ ਨੂੰ ਸਿੱਖਣਾ ਚਾਹੀਦਾ ਹੈ ਕਿ ਜੋ ਉਸਨੇ ਸਿਖਿਆ ਹੈ ਉਸਨੂੰ ਭੁੱਲ ਸਕੇ। ਇਕ ਜ਼ਿੰਮੇਵਾਰ ਵਿਅਕਤੀ ਵਿਚ ਆਪਣੇ ਵਿਚਾਰਾਂ ਤੇ ਦੁਬਾਰਾ ਗੌਰ ਕਰਨ ਅਤੇ ਉਸਨੂੰ ਬਦਲਣ ਦਾ ਹੌਂਸਲਾ ਹਣਾ ਚਾਹੀਦਾ ਹੈ। ਬੇਸ਼ਕ, ਜੋ ਉਸਨੇ ਸਿੱਖਿਆ ਹੈ ਉਸ ਨੂੰ ਭੁੱਲਣ ਅਤੇ ਆਪਣੇ ਵਿਚਾਰਾਂ ਨੂੰ ਦੁਬਾਰਾ ਤਰਤੀਬ ਦੇਣ ਲਈ ਚੰਗੇ ਅਤੇ ਯੋਗ ਕਾਰਨ ਹੋਣੇ ਚਾਹੀਦੇ ਹਨ। ਸੋਚ ਦਾ ਕੋਈ ਅੰਤ ਨਹੀਂ ਹੋ ਸਕਦਾ।

ਭਾਸ਼ਾ ਤੇ ਆਧਾਰਤ ਪ੍ਰਾਂਤ ਬਣਾਉਣਾ, ਭਾਵੇਂ ਜ਼ਰੂਰੀ ਹੈ, ਪਰ ਇਸ ਵਿਸ਼ੇ ਤੇ ਹੁੱਲੜਬਾਜ਼ੀ ਨਾਲ ਫ਼ੈਸਲਾ ਨਹੀਂ ਲਿਆ ਜਾ ਸਕਦਾ। ਨਾ ਹੀ ਇਸ ਮਸਲੇ ਨੂੰ ਅਜਿਹੇ ਤਰੀਕੇ ਨਾਲ ਹੱਲ

ਕੀਤਾ ਜਾ ਸਕਦਾ ਹੈ ਕਿ ਕਿਸੇ ਧੜੇ ਦਾ ਫਾਇਦਾ ਹੁੰਦਾ ਹੋਵੇ। ਇਸ ਨੂੰ ਬੜੀ ਪਰਪੱਕ ਸੂਝਬੂਝ ਵਾਲੀ ਦਲੀਲ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਮੈਂ ਇਹ ਸਭ ਕੁਝ ਕੀਤਾ ਹੈ ਅਤੇ ਮੈਂ ਇਹੋ ਕੁਝ ਕਰਨ ਲਈ ਆਪਣੇ ਪਾਠਕਾਂ ਨੂੰ ਪ੍ਰਾਰਥਨਾ ਕਰਦਾ ਹਾਂ।

**ਭੀਮ ਰਾਉ ਅੰਬੇਡਕਰ**

23 ਦਸੰਬਰ 1955
ਮਿਲਿੰਦ ਮਹਾਵਿਦਿਆਲਾ,
ਨਾਰਾਸੈਨ ਬਨ, ਕਾਲਿਜ ਮਾਰਗ,
ਔਰੰਗਾਬਾਦ (ਦੱਖਣ)।

## ਭਾਗ-1

# ਆਯੋਗ (ਕਮਿਸ਼ਨ) ਦਾ ਕੰਮ

### ਅਧਿਆਇ-1

### ਭਾਸ਼ਾਵਾਦ ਹੀ ਮੂਲ ਸਮੱਸਿਆ

ਭਾਰਤ ਦਾ ਵਰਤਮਾਨ ਸੰਵਿਧਾਨ ਨਿਮਨਲਿਖਤ ਪ੍ਰਾਂਤਾਂ ਨੂੰ ਸਵੀਕਾਰ ਕਰਦਾ ਹੈ ਜਿਹੜੇ ਸੂਚੀ ਵਿੱਚ ਦਰਜ ਹਨ:-

| ਭਾਗ 'ਏ' ਪ੍ਰਾਂਤ | ਭਾਗ 'ਬੀ' ਪ੍ਰਾਂਤ | ਭਾਗ 'ਸੀ' ਪ੍ਰਾਂਤ |
|---|---|---|
| 1. ਆਂਧਰਾ | 1. ਹੈਦਰਾਬਾਦ | 1. ਅਜਮੇਰ |
| 2. ਆਸਾਮ | 2. ਜੰਮੂ ਅਤੇ ਕਸ਼ਮੀਰ | 2. ਭੂਪਾਲ |
| 3. ਬਿਹਾਰ | 3. ਮੱਧ-ਭਾਰਤ | 3. ਕੁਰਗ |
| 4. ਬੰਬਈ | 4. ਮੈਸੂਰ | 4. ਦਿੱਲੀ |
| 5. ਮੱਧ ਪ੍ਰਦੇਸ਼ | 5. ਪਟਿਆਲਾ | 5. ਹਿਮਾਚਲ ਪ੍ਰਦੇਸ਼ |
| 6. ਮਦਰਾਸ | 6. ਰਾਜਸਥਾਨ | 6. ਕੱਛ |
| 7. ਉੜੀਸਾ | 7. ਸੌਰਾਸ਼ਟਰਾ | 7. ਮਨੀਪੁਰ |
| 8. ਪੰਜਾਬ | 8. ਤਰਾਵਨ ਕੌਰ-ਕੋਚੀਨ | 8. ਤ੍ਰਿਪੁਰਾ |
| 9. ਉੱਤਰ ਪ੍ਰਦੇਸ਼ | | 9. ਵਿੰਧੀਆ ਪ੍ਰਦੇਸ਼ |

ਸੰਵਿਧਾਨ ਦਾ ਅਨੁਛੇਦ 3 ਨਵੇਂ ਪ੍ਰਾਂਤ ਬਣਾਉਣ ਲਈ ਸੰਸਦ ਨੂੰ ਅਖਤਿਆਰ ਦਿੰਦਾ ਹੈ। ਇਸ ਲਈ ਇਹ ਕੀਤਾ ਗਿਆ ਸੀ ਕਿ ਭਾਸ਼ਾ ਤੇ ਆਧਾਰਿਤ ਪ੍ਰਾਂਤ, ਜਿਨ੍ਹਾਂ ਲਈ ਮੰਗ ਬਹੁਤ ਸੀ, ਨੂੰ ਸਵੀਕਾਰ ਕਰਨ ਲਈ ਸਮਾਂ ਬਿਲਕੁਲ ਨਹੀਂ ਸੀ।

ਇਸ ਲਗਾਤਾਰ ਮੰਗ ਦੇ ਅਨੁਸਰਣ ਵਿੱਚ ਪ੍ਰਧਾਨ ਮੰਤਰੀ ਨੇ ਇਸ ਵਿਸ਼ੇ ਦੀ ਘੋਖ ਕਰਨ ਲਈ 'ਪ੍ਰਾਂਤ ਪੁਨਰਗਠਨ ਆਯੋਗ' ਨਿਯੁਕਤ ਕੀਤਾ। ਪ੍ਰਾਂਤ ਪੁਨਰਗਠਨ ਆਯੋਗ ਵਲੋਂ ਆਪਣੀ ਰਿਪੋਰਟ ਵਿੱਚ ਨਿਮਨਲਿਖਤ ਪ੍ਰਾਂਤਾਂ ਦੀ ਸਿਰਜਣਾ ਦੀ ਸਿਫ਼ਾਰਸ਼ ਕੀਤੀ ਗਈ:

| ਪ੍ਰਾਂਤ ਦਾ ਨਾਮ | ਖੇਤਰ (ਵਰਗਮੀਲਾਂ ਵਿੱਚ) | ਆਬਾਦੀ (ਕਰੋੜਾ ਵਿੱਚ) | ਭਾਸ਼ਾ |
|---|---|---|---|
| 1. ਮਦਰਾਸ | 50,170 | 3.00 | ਤਮਿਲ |
| 2. ਕੇਰਲਾ | 14,980 | 1.36 | ਮਲਿਆਲਮ |
| 3. ਕਰਨਾਟਕ | 72,730 | 1.90 | ਕੱਨੜ (ਕਾਨਾਰਸੀ) |
| 4. ਹੈਦਰਾਬਾਦ | 45,300 | 1.13 | ਤੇਲਗੂ |
| 5. ਆਂਧਰਾ | 64,950 | 2.09 | ਤੇਲਗੂ |
| 6. ਬੰਬਈ | 1,51,360 | 4.02 | ਮਿਸ਼ਰਤ ਬੋਲੀ |
| 7. ਵਿਦਰਭਾ | 36,880 | 0.76 | ਮਰਾਠੀ |
| 8. ਮੱਧ ਪ੍ਰਦੇਸ਼ | 1,71,200 | 2.61 | ਹਿੰਦੀ |
| 9. ਰਾਜਸਥਾਨ | 1,32,300 | 1.60 | ਰਾਜਸਥਾਨੀ |
| 10. ਪੰਜਾਬ | 58,140 | 1.72 | ਪੰਜਾਬੀ |
| 11. ਉੱਤਰ ਪ੍ਰਦੇਸ਼ | 1,13,410 | 6.32 | ਹਿੰਦੀ |
| 12. ਬਿਹਾਰ | 66,520 | 3.82 | ਹਿੰਦੀ |
| 13. ਪੱਛਮੀ ਬੰਗਾਲ | 34,530 | 2.65 | ਬੰਗਾਲੀ |
| 14. ਆਸਾਮ | 89,040 | 0.97 | ਆਸਾਮੀ |
| 15. ਉੜੀਸਾ | 60,140 | 1.46 | ਓੜੀਆ |
| 16. ਜੰਮੂ ਅਤੇ ਕਸ਼ਮੀਰ | 92,780 | 0.14 | ਕਸ਼ਮੀਰੀ |

ਪ੍ਰਾਂਤਾਂ ਦੇ ਆਕਾਰ ਦੀ ਤੁਲਨਾ ਕਰਨਾ ਮਹੱਤਵਪੂਰਨ ਗੱਲ ਹੈ:

ਆਬਾਦੀ ਮੁਤਾਬਕ ਤੁਲਨਾ ਕੀਤੀ ਜਾਵੇ ਤਾਂ ਨਿਮਨ-ਅਨੁਸਾਰ ਪਰਿਣਾਮ ਨਿਕਲਦਾ ਹੈ:

1. ਅੱਠ ਪ੍ਰਾਂਤ ਇੱਕ ਕਰੋੜ ਤੋਂ ਦੋ ਕਰੋੜ ਦੀ ਆਬਾਦੀ ਵਾਲੇ ਹਨ।
2. ਚਾਰ ਪ੍ਰਾਂਤ ਦੋ ਕਰੋੜ ਤੋਂ ਚਾਰ ਕਰੋੜ ਦੀ ਆਬਾਦੀ ਵਾਲੇ ਹਨ।
3. ਕੇਵਲ ਇੱਕ ਪ੍ਰਾਂਤ ਚਾਰ ਕਰੋੜ ਤੋਂ ਵੱਧ ਆਬਾਦੀ ਵਾਲਾ ਹੈ।
4. ਕੇਵਲ ਇੱਕ ਪ੍ਰਾਂਤ ਛੇ ਕਰੋੜ ਤੋਂ ਵੱਧ ਆਬਾਦੀ ਵਾਲਾ ਹੈ।

ਜੇ ਕੁਝ ਨਾ ਹੀ ਕਿਹਾ ਜਾਵੇ, ਪਰਿਣਾਮ ਚੰਗਾ ਨਹੀਂ ਹੈ। ਆਯੋਗ ਦੀ ਸੋਚ ਤੋਂ ਸਪਸ਼ਟ ਹੁੰਦਾ ਹੈ ਕਿ ਪ੍ਰਾਂਤ ਦੇ ਆਕਾਰ ਨਾਲ ਕੋਈ ਫ਼ਰਕ ਨਹੀਂ ਪੈਂਦਾ ਅਤੇ ਪ੍ਰਾਂਤ ਜਿਹੜੇ ਸੰਘ ਬਣਾਉਂਦੇ ਹਨ, ਦੇ ਆਕਾਰ ਵਿੱਚ ਬਰਾਬਰੀ ਦੀ ਲੋੜ ਨਹੀਂ ਹੈ।

ਆਯੋਗ ਨੇ ਇਹ ਸਭ ਤੋਂ ਪਹਿਲੀ ਅਤੇ ਬੜੀ ਵੱਡੀ ਗਲਤੀ ਕੀਤੀ। ਜੇਕਰ ਸਮੇਂ ਸਿਰ ਇਸ ਦੀ ਦਰੁੱਸਤੀ ਨਾ ਕੀਤੀ ਗਈ, ਭਾਰਤ ਨੂੰ ਇਸ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਵੇਗੀ।

*

## ਅਧਿਆਇ-2

# ਭਾਸ਼ਾਵਾਦ ਤੋਂ ਅੱਗੇ ਹੋਰ

ਪਹਿਲੇ ਅਧਿਆਏ ਵਿੱਚ ਦੱਸਿਆ ਗਿਆ ਹੈ ਕਿ ਪ੍ਰਾਂਤ ਪੁਨਰਗਠਨ ਆਯੋਗ ਦੀਆਂ ਸਿਫ਼ਾਰਸ਼ਾਂ ਦਾ ਇੱਕ ਪਰਿਣਾਮ ਹੈ, ਆਯੋਗ ਦੁਆਰਾ ਪ੍ਰਸਤਾਵਿਤ ਵੱਖ ਵੱਖ ਪ੍ਰਾਂਤਾਂ ਦੇ ਆਕਾਰ ਵਿੱਚ ਅਸਮਾਨਤਾ।

ਲੇਕਿਨ ਆਯੋਗ ਦੀਆਂ ਸਿਫ਼ਾਰਸ਼ਾਂ ਵਿੱਚ ਇੱਕ ਹੋਰ ਨੁਕਸ ਹੈ ਜੋ ਅਦਿੱਖ ਹੈ, ਐਪਰ ਸਚਾਈ ਹੈ।

ਇਹ ਹੈ, ਉੱਤਰ ਨੂੰ ਦੱਖਣ ਦੀ ਤਰ੍ਹਾਂ ਨਾ ਸਮਝਣਾ। ਇਹ ਨਿਮਨਲਿਖਤ ਸੂਚੀ ਤੋਂ ਸਪੱਸ਼ਟ ਹੋ ਜਾਵੇਗਾ।

| ਦੱਖਣੀ ਪ੍ਰਾਂਤ | | ਕੇਂਦਰੀ ਪ੍ਰਾਂਤ | | ਉੱਤਰੀ ਪ੍ਰਾਂਤ* | |
|---|---|---|---|---|---|
| ਨਾਮ | ਆਬਾਦੀ (ਕਰੋੜਾਂ ਵਿੱਚ) | ਨਾਮ | ਆਬਾਦੀ (ਕਰੋੜਾਂ ਵਿੱਚ) | ਨਾਮ | ਆਬਾਦੀ (ਕਰੋੜਾਂ ਵਿੱਚ) |
| ਮਦਰਾਸ | 3.00 | ਮਹਾਂਰਾਸ਼ਟਰ | 3.31 | ਉੱਤਰ ਪ੍ਰਦੇਸ਼ | 6.32 |
| ਕੇਰਲਾ | 1.36 | ਗੁਜਰਾਤ | 1.13 | ਬਿਹਾਰ | 3.85 |
| ਕਰਨਾਟਕਾ | 1.90 | ਸੌਰਾਸ਼ਟਰ | 0.4 | ਮੱਧ ਪ੍ਰਦੇਸ਼ | 2.61 |
| ਆਂਧਰਾ | 1.09 | ਕੱਛ | 0.5 | ਰਾਜਸਥਾਨ | 1.60 |
| ਹੈਦਰਾਬਾਦ | 1.13 | | | ਪੰਜਾਬ | 1.72 |

ਭਾਸ਼ਾਈ ਪ੍ਰਾਂਤਾਂ ਦੇ ਨਾਂ ਤੇ ਭਾਰਤ ਦੀ ਵੰਡ ਦੀ ਜੋ ਯੋਜਨਾ ਬਣਾਈ ਗਈ ਹੈ, ਉਸ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ। ਇਹ ਏਨੀ ਹਾਨੀ-ਰਹਿਤ ਨਹੀਂ ਹੈ, ਜਿਵੇਂ ਆਯੋਗ ਸੋਚਦਾ ਹੈ। ਇਸ ਵਿੱਚ ਪੂਰਨ ਜ਼ਹਿਰ ਹੈ। ਇਸ ਜ਼ਹਿਰ ਨੂੰ ਹੁਣੇ ਹੀ ਕੱਢਣਾ ਚਾਹੀਦਾ ਹੈ।

ਭਾਰਤ ਦੀ ਏਕਤਾ ਦਾ ਸੁਭਾਅ ਕੇਵਲ ਇਕ ਵਿਚਾਰ ਪ੍ਰਗਟ ਕਰਦਾ ਹੈ। ਇਹ ਕਿਸੇ ਪ੍ਰਾਪਤੀ ਦਾ ਸੰਕੇਤ ਨਹੀਂ ਹੈ। ਬਰਾਈਸ ਆਪਣੀ "ਅਮਰੀਕਨ ਕਾਮਨਵੈਲਥ" ਵਿੱਚ ਹੇਠ ਲਿਖੀ ਘਟਨਾ ਬਾਰੇ ਦੱਸਦਾ ਹੈ ਜੋ ਬਹੁਤ ਹੀ ਸਿਖਿਅਕ ਹੈ। ਉਹ ਇਵੇਂ ਕਹਿੰਦਾ ਹੈ:

ਕੁਝ ਸਾਲ ਪਹਿਲਾਂ ਅਮਰੀਕਨ ਪ੍ਰੋਟੈਸਟੈਂਟ ਐਪੀਸਕੋਪਲ ਚਰਚ ਪ੍ਰਾਰਥਨਾ ਪੁਸਤਕ ਨੂੰ ਸੁਧਾਰਨ ਲਈ ਆਪਣੇ ਸਾਲਾਨਾ ਸੰਮੇਲਨ ਵਿੱਚ ਰੁਝਿਆ ਹੋਇਆ ਸੀ। ਇਹ ਉਚਿਤ ਸਮਝਿਆ ਗਿਆ ਕਿ ਛੋਟੇ ਫਿਕਰਿਆਂ ਵਾਲੀਆਂ ਪ੍ਰਾਰਥਨਾਵਾਂ ਵਿੱਚ ਸਾਰੇ ਲੋਕਾਂ ਲਈ ਪ੍ਰਾਰਥਨਾ ਜੋੜੀ ਜਾਵੇ ਅਤੇ ਇੱਕ ਪ੍ਰਸਿੱਧ ਨਿਊ ਇੰਗਲੈਂਡ ਡਿਵਾਇਨ ਵਲੋਂ ਸ਼ਬਦਾਂ ਦਾ ਪ੍ਰਸਤਾਵ ਪੇਸ਼ ਕੀਤਾ ਗਿਆ, "ਐ ਖੁਦਾ, ਸਾਡੇ ਰਾਸ਼ਟਰ ਨੂੰ ਬਰਕਤ ਦੇ"। ਸਮੇਂ ਦੀ ਉਕਸਾਹਟ ਵਿੱਚ ਇੱਕ ਬਾਦ-ਦੁਪਹਿਰ ਸਵੀਕਾਰ ਕੀਤਾ ਗਿਆ ਇਹ ਫਿਕਰਾ ਅਗਲੇ ਦਿਨ ਦੁਬਾਰਾ ਵਿਚਾਰ ਕਰਨ ਲਈ

* ਮੈਂ ਕੁਝ ਕੇਂਦਰ ਸਥਿਤ ਪ੍ਰਾਂਤ ਵੀ ਸ਼ਾਮਲ ਕੀਤੇ ਹਨ ਕਿਉਂਕਿ ਭਾਸ਼ਾ ਦੁਆਰਾ ਉਹ ਇੱਕ ਦੂਜੇ ਨਾਲ ਸਬੰਧਤ ਹਨ।

ਪੇਸ਼ ਹੋਇਆ, ਜਦੋਂ 'ਰਾਸ਼ਟਰ' ਸ਼ਬਦ ਤੇ ਜਨ ਸਮੂਹ ਵੱਲੋਂ ਬਹੁਤ ਸਾਰੇ ਇਤਰਾਜ਼ ਕੀਤੇ ਗਏ ਜਿਵੇਂ ਰਾਸ਼ਟਰੀ ਏਕਤਾ, ਦੀ ਪੱਕੀ ਮਾਨਤਾ ਲਈ ਹੀ ਹੋਵੇ, ਉਹ ਸ਼ਬਦ ਛੱਡ ਦਿੱਤਾ ਗਿਆ ਸੀ ਅਤੇ ਉਸ ਦੀ ਬਜਾਏ, "ਐ ਖੁਦਾ, ਇਨ੍ਹਾਂ ਸੰਯੁਕਤ ਰਾਜਾਂ ਨੂੰ ਬਰਕਤ ਦੇ", ਦਾ ਵਾਕ ਸਵੀਕਾਰ ਕੀਤਾ ਗਿਆ ਸੀ।

ਭਾਰਤ ਆਪਣੇ ਆਪ ਨੂੰ ਸੰਯੁਕਤ ਰਾਜ ਭਾਰਤ ਕਹਿਣ ਦੇ ਲਈ ਵੀ ਦਿਮਾਗੀ ਅਤੇ ਨੈਤਿਕ ਤੌਰ ਤੇ ਯੋਗ ਨਹੀਂ ਹੈ। ਸਾਨੂੰ ਸੰਯੁਕਤ ਰਾਜ ਭਾਰਤ ਸਣਨ ਲਈ ਬਹੁਤ ਕੁਝ ਕਰਨਾ ਹੋਵੇਗਾ। ਭਾਰਤ ਦੀ ਏਕਤਾ, ਸੰਯੁਕਤ ਰਾਜ ਭਾਰਤ ਤੋਂ ਬਹੁਤ ਬਹੁਤ ਅੱਗੇ ਹੈ। ਪ੍ਰੰਤੂ ਇਸ ਤਰ੍ਹਾਂ ਉੱਤਰ ਭਾਰਤ ਦਾ ਏਕੀਕਰਨ ਅਤੇ ਦੱਖਣ ਨੂੰ ਵੰਡਣਾ ਭਾਰਤ ਦੀ ਏਕਤਾ ਦੀ ਪ੍ਰਾਪਤੀ ਦਾ ਕੋਈ ਢੰਗ ਨਹੀਂ ਹੈ।

## ਭਾਗ-2

# ਭਾਸ਼ਾਵਾਦ ਦੀਆਂ ਸੀਮਾਵਾਂ

## ਅਧਿਆਇ-3

### ਭਾਸ਼ਾ ਤੇ ਆਧਾਰਤ ਪ੍ਰਾਂਤ ਦੇ ਲਾਭ ਅਤੇ ਹਾਨੀਆਂ

"ਇੱਕ ਪ੍ਰਾਂਤ, ਇੱਕ ਭਾਸ਼ਾ" ਲਗਭਗ ਹਰ ਰਾਜ ਦੀ ਵਿਸ਼ਵ-ਵਿਆਪੀ ਵਿਸ਼ੇਸ਼ਤਾ ਹੁੰਦੀ ਹੈ। ਜਰਮਨੀ ਦੇ ਸੰਵਿਧਾਨ ਦਾ ਨਿਰੀਖਣ ਕਰੋ, ਫਰਾਂਸ ਦੇ ਸੰਵਿਧਾਨ ਦੀ ਘੋਖ ਕਰੋ, ਇਟਲੀ ਦਾ ਸੰਵਿਧਾਨ ਦੇਖੋ, ਇੰਗਲੈਂਡ ਦਾ ਸੰਵਿਧਾਨ ਪੜ੍ਹੋ, ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਦਾ ਵਿਸ਼ਲੇਸ਼ਣ ਕਰੋ, "ਇੱਕ ਪ੍ਰਾਂਤ, ਇੱਕ ਭਾਸ਼ਾ" ਦਾ ਨਿਯਮ ਹੈ।

ਜਿੱਥੇ ਕਿਤੇ ਵੀ ਇਸ ਨਿਯਮ ਨੂੰ ਤੋੜਿਆ ਗਿਆ, ਉਥੇ ਹੀ ਪ੍ਰਾਂਤ ਲਈ ਖਤਰਾ ਪੈਦਾ ਹੋਇਆ। ਸੰਯੁਕਤ ਪ੍ਰਾਂਤਾਂ ਦੀਆਂ ਉਦਾਹਰਣਾਂ ਪੁਰਾਣੀ ਆਸਟ੍ਰੀਅਨ ਸਲਤਨਤ ਅਤੇ ਪੁਰਾਣੀ ਤੁਰਕੀ ਸਲਤਨਤ ਵਿੱਚ ਮਿਲਦੀਆਂ ਹਨ। ਉਹ ਖਤਮ ਹੋ ਗਈ ਕਿਉਂਕਿ ਉਹ ਬਹੁ-ਭਾਸ਼ਾ ਪ੍ਰਾਂਤ ਸਨ ਜਿਨ੍ਹਾਂ ਵਿੱਚ ਬਹੁ-ਭਾਸ਼ਾ ਪ੍ਰਾਂਤਾਂ ਵਾਲੇ ਸਾਰੇ ਗੁਣ ਸਨ। ਭਾਰਤ ਇਸ ਹਾਲਤ ਤੋਂ ਬਚ ਨਹੀਂ ਸਕਦਾ ਜੇਕਰ ਇਹ ਸੰਯੁਕਤ ਪ੍ਰਾਂਤਾਂ ਦੇ ਸਮੂਹ ਵਜੋਂ ਚਲਦਾ ਰਿਹਾ।

ਇਕ ਭਾਸ਼ਾਈ ਪ੍ਰਾਂਤ ਸਥਿਰ ਅਤੇ ਬਹੁ-ਭਾਸ਼ਾਈ ਪ੍ਰਾਂਤ ਅਸਥਿਰ ਕਿਉਂ ਹੈ, ਇਸ ਦੇ ਕਾਰਨ ਬੜੇ ਸਪੱਸ਼ਟ ਹਨ। ਇਕ ਪ੍ਰਾਂਤ ਭਾਈਚਾਰੇ ਦੀ ਭਾਵਨਾ ਤੇ ਬਣਦਾ ਹੈ। ਇਹ ਭਾਈ ਚਾਰੇ ਦੀ ਭਾਵਨਾ ਕੀ ਹੈ? ਸੰਖੇਪ ਤੌਰ ਤੇ ਇਹ ਏਕਤਾ ਦੇ ਸਮਾਜਕ ਜਜ਼ਬਾਤ ਦੀ ਭਾਵਨਾ ਹੈ ਜਿਹੜੀ ਉਨ੍ਹਾਂ ਲੋਕਾਂ ਨੂੰ, ਜਿਹੜੇ ਇਸ ਤੋਂ ਸੁਚੇਤ ਹੁੰਦੇ ਹਨ, ਇਹ ਅਹਿਸਾਸ ਕਰਾਉਂਦੀ ਹੈ ਕਿ ਉਹ ਆਪਸ ਵਿੱਚ ਭਾਈ-ਭਰਾ ਅਤੇ ਰਿਸ਼ਤੇਦਾਰ ਹਨ। ਇਹ ਭਾਵਨਾ ਦੋ-ਧਾਰੀ ਭਾਵਨਾ ਹੁੰਦੀ ਹੈ। ਇਹ ਆਪਣੇ ਭਾਈ-ਭਰਾ ਅਤੇ ਰਿਸ਼ਤੇਦਾਰਾਂ ਲਈ ਸਾਥ-ਸੰਗ ਦੀ ਇਕ ਦਮ ਭਾਵਨਾ ਹੁੰਦੀ ਹੈ ਅਤੇ ਜਿਹੜੇ ਆਪਣੇ ਭਾਈ-ਬੰਧੂ ਨਹੀਂ ਹੁੰਦੇ ਉਨ੍ਹਾਂ ਲਈ ਇੱਕ ਦਮ ਨਫ਼ਰਤ ਦੀ ਭਾਵਨਾ ਹੁੰਦੀ ਹੈ। ਇਹ "ਜ਼ਾਤ ਦੀ ਚੇਤਨਤਾ" ਦੀ ਭਾਵਨਾ ਹੁੰਦੀ ਹੈ ਜਿਹੜੀ ਇਕ ਪਾਸੇ, ਉਨ੍ਹਾਂ ਲੋਕਾਂ

ਨੂੰ ਜੋੜਦੀ ਹੈ ਜਿਹੜੇ ਇਸ ਵਿੱਚ ਏਨੇ ਮਜ਼ਬੂਤ ਹੁੰਦੇ ਹਨ ਕਿ ਸਮਾਜਕ ਊਚ-ਨੀਚ ਅਤੇ ਆਰਥਿਕ ਝਗੜਿਆਂ ਤੋਂ ਉੱਪਰ ਉਠ ਕੇ ਸਾਰੇ ਫਰਕ ਮਿਟਾ ਦਿੰਦੇ ਹਨ, ਅਤੇ ਦੂਜੇ ਪਾਸੇ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਨਾਲੋਂ ਤੋੜਦੀ ਹੈ ਜਿਹੜੇ ਉਸ ਦੀ ਜ਼ਾਤ ਦੇ ਨਹੀਂ ਹੁੰਦੇ। ਇਹ ਕਿਸੇ ਹੋਰ ਧੜੇ ਨਾਲ ਨਾ ਜੁੜਨ ਦੀ ਇੱਛਾ ਹੁੰਦੀ ਹੈ।

ਇਸ ਭਾਈਚਾਰੇ ਦੀ ਭਾਵਨਾ ਦਾ ਹੋਣਾ ਸਥਿਰ ਅਤੇ ਲੋਕਤਾਂਤ੍ਰਿਕ ਪ੍ਰਾਂਤ ਦੀ ਬੁਨਿਆਦ ਹੈ।

ਇਹ ਇਕ ਕਾਰਨ ਹੈ ਕਿ ਭਾਸ਼ਾ ਤੇ ਆਧਾਰਤ ਪ੍ਰਾਂਤ ਦਾ ਹੋਣਾ ਜ਼ਰੂਰੀ ਹੈ। ਲੇਕਿਨ ਇਕ ਭਾਸ਼ਾਈ ਪ੍ਰਾਂਤ ਕਿਉਂ ਹੋਣਾ ਚਾਹੀਦਾ ਹੈ, ਇਸ ਦੇ ਹੋਰ ਵੀ ਕਾਰਣ ਹਨ। "ਇੱਕ ਪ੍ਰਾਂਤ, ਇੱਕ ਭਾਸ਼ਾ" ਕਿਉਂ ਜ਼ਰੂਰੀ ਹੈ, ਇਸ ਦੇ ਦੋ ਕਾਰਣ ਹਨ।

ਇੱਕ ਕਾਰਣ ਇਹ ਹੈ ਕਿ ਲੋਕਰਾਜ ਧੜੇਬੰਦੀ ਬਗੈਰ ਚਲ ਹੀ ਨਹੀਂ ਸਕਦਾ ਜਿੰਨਾ ਚਿਰ ਉਨ੍ਹਾਂ ਲੋਕਾਂ ਵਿੱਚ ਜੋ ਪ੍ਰਾਂਤ ਦੇ ਵਸਿੰਦੇ ਹਨ, ਭਾਈਚਾਰੇ ਦੀ ਭਾਵਨਾ ਨਹੀਂ ਹੁੰਦੀ ਹੈ। ਨੇਤਾਗਿਰੀ ਲਈ ਆਪਸੀ ਵਿਰੋਧਤਾ ਅਤੇ ਪ੍ਰਸ਼ਾਸਨ ਵਿੱਚ ਭਿੰਨ-ਭੇਦ ਕਰਨ ਵਰਗੇ ਪਹਿਲੂ ਮਿਲੇ ਜੁਲੇ ਪ੍ਰਾਂਤ ਵਿੱਚ ਹਮੇਸ਼ਾਂ ਮੌਜੂਦ ਹੁੰਦੇ ਹਨ ਅਤੇ ਲੋਕਤੰਤਰ ਨਾਲ ਬੇਮੇਲ ਹੁੰਦੇ ਹਨ। ਮਿਸ਼ਰਤ ਪ੍ਰਾਂਤ ਵਿੱਚ ਲੋਕਤੰਤਰ ਦੀ ਅਸਫ਼ਲਤਾ ਦੀ ਸਭ ਤੋਂ ਵਧੀਆ ਉਦਾਹਰਣ ਵਰਤਮਾਨ ਬੰਬਈ ਪ੍ਰਾਂਤ ਹੈ। ਮੈਂ ਪ੍ਰਾਂਤਕ ਪੁਨਰਗਠਨ ਆਯੋਗ ਦੁਆਰਾ ਦਿੱਤੇ ਗਏ ਸੁਝਾਅ ਤੇ ਹੈਰਾਨ ਹਾਂ ਕਿ ਵਰਤਮਾਨ ਬੰਬਈ ਪ੍ਰਾਂਤ ਹੋਂਦ ਵਿੱਚ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਸਾਨੂੰ ਤਜਰਬਾ ਪ੍ਰਾਪਤ ਹੋਵੇਗਾ ਕਿ ਮਿਸ਼ਰਤ ਪ੍ਰਾਂਤ ਕਿਵੇਂ ਵੱਧਦਾ ਫੁੱਲਦਾ ਹੈ। ਪਿਛਲੇ 20 ਸਾਲਾਂ ਤੋਂ ਬੰਬਈ ਬਤੌਰ ਮਿਸ਼ਰਤ ਪ੍ਰਾਂਤ ਦੇ ਤਜਰਬੇ, ਮਹਾਂਰਾਸ਼ਟਰੀਅਨਾਂ ਅਤੇ ਗੁਜਰਾਤੀਆਂ ਵਿਚਕਾਰ ਘੋਰ ਦੁਸ਼ਮਣੀ ਦੇ ਹੁੰਦੇ ਹੋਏ, ਅਜਿਹੀ ਬੇਹੂਦਾ ਤਜਵੀਜ਼, ਕੇਵਲ ਕੋਈ ਮੂਰਖ ਜਾਂ ਅਚੇਤ ਵਿਅਕਤੀ ਹੀ ਪੇਸ਼ ਕਰ ਸਕਦਾ ਹੈ। ਮਿਸ਼ਰਤ ਪ੍ਰਾਂਤ ਵਿੱਚ ਲੋਕਤੰਤਰ ਦੀ ਅਸਫ਼ਲਤਾ ਦੀ ਇੱਕ ਹੋਰ ਮਿਸਾਲ ਸਾਬਕ-ਮਦਰਾਸ ਪ੍ਰਾਂਤ ਹੈ। ਸੰਯੁਕਤ ਭਾਰਤ ਨੂੰ ਮਿਸ਼ਰਤ ਰਾਸ਼ਟਰ ਬਣਾਉਣ ਅਤੇ ਭਾਰਤ ਅਤੇ ਪਾਕਿਸਤਾਨ ਵਜੋਂ ਭਾਰਤ ਦੀ ਮਜਬੂਰੀ ਵੰਡ, ਇਕ ਮਿਸ਼ਰਤ ਰਾਜ ਵਿੱਚ ਲੋਕਤੰਤਰ ਕਾਇਮ ਰੱਖਣ ਦੀ ਅਸੰਭਵਤਾ ਦੀਆਂ ਉਦਾਹਰਣਾ ਹਨ।

"ਇੱਕ ਪ੍ਰਾਂਤ, ਇੱਕ ਭਾਸ਼ਾ" ਦਾ ਸਿਧਾਂਤ ਅਪਨਾਉਣਾ ਕਿਉਂ ਜ਼ਰੂਰੀ ਹੈ, ਦਾ ਇੱਕ ਹੋਰ ਕਾਰਨ ਇਹ ਹੈ ਕਿ ਨਸਲੀ ਅਤੇ ਸੰਸਕ੍ਰਿਤਕ ਝਗੜਿਆਂ ਦਾ ਇਹੋ ਇਕ ਹੱਲ ਹੈ।

ਤਾਮਿਲੀ ਆਂਧਰਾ ਨੂੰ ਆਂਧਰਾ ਤਾਮਿਲੀਆਂ ਨੂੰ ਕਿਉਂ ਨਫ਼ਰਤ ਕਰਦੇ ਹਨ? ਹੈਦਰਾਬਾਦ ਵਿੱਚ ਮਹਾਂਰਾਸ਼ਟਰੀਆਂ ਨੂੰ ਅਤੇ ਮਹਾਂਰਾਸ਼ਟਰੀ ਆਂਧਰਾ ਨੂੰ ਕਿਉਂ ਨਫ਼ਰਤ ਕਰਦੇ ਹਨ। ਗੁਜਰਾਤੀ ਮਹਾਂਰਾਸ਼ਟਰੀਆਂ ਨੂੰ ਅਤੇ ਮਹਾਂਰਾਸ਼ਟਰੀ ਗੁਜਰਾਤੀਆਂ ਨੂੰ ਕਿਉਂ ਘ੍ਰਿਣਾ ਕਰਦੇ ਹਨ। ਉੱਤਰ ਬੜਾ ਆਸਾਨ ਹੈ। ਅਜਿਹਾ ਇਸ ਕਰਕੇ ਹੀ ਨਹੀਂ ਹੈ ਕਿ ਇਨ੍ਹਾਂ ਦੋਨਾਂ ਵਿਚਕਾਰ ਕੋਈ ਸੁਭਾਵਕ ਵਿਰੋਧਤਾ ਹੈ। ਘ੍ਰਿਣਾ ਇਸ ਸਚਾਈ ਕਰਕੇ ਹੈ ਕਿ ਉਨ੍ਹਾਂ ਨੂੰ ਨੇੜਤਾ ਵਿੱਚ ਬੰਨ੍ਹਿਆ ਜਾਂਦਾ ਹੈ ਅਤੇ ਸ਼ਮੂਲੀਅਤ ਦੇ ਆਮ ਚੱਕਰ, ਜਿਵੇਂ ਕਿ ਸਰਕਾਰ, ਵਿੱਚ ਹਿੱਸਾ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ ਇਸ ਦਾ ਹੋਰ ਕੋਈ ਜਵਾਬ ਨਹੀਂ ਹੈ।

ਜਿੰਨਾਂ ਚਿਰ ਇਹ ਜਬਰਦਸਤੀ ਨੇੜਤਾ ਬਣੀ ਰਹੇਗੀ ਇਨ੍ਹਾਂ ਵਿਚਕਾਰ ਸ਼ਾਂਤੀ ਨਹੀਂ

ਹੋਵੇਗੀ।

ਕੁਝ ਲੋਕ ਕਨੇਡਾ, ਸਵਿਟਜ਼ਰਲੈਂਡ ਅਤੇ ਦੱਖਣੀ ਅਫ਼ਰੀਕਾ ਵਰਗੇ ਦੇਸ਼ਾਂ ਦੀ ਉਦਾਹਰਣ ਦੇਣਗੇ। ਪ੍ਰੰਤੂ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਭਾਰਤ ਦੀ ਬੁੱਧੀ ਕਨੇਡਾ, ਸਵਿਟਜ਼ਲੈਂਡ ਅਤੇ ਦੱਖਣੀ ਅਫ਼ਰੀਕਾ ਦੀ ਬੁੱਧੀ ਨਾਲੋਂ ਬਿਲਕੁਲ ਅਲੱਗ ਹੈ। ਭਾਰਤ ਦੀ ਬੁੱਧੀ ਵੰਡਣ ਵਾਲੀ ਅਤੇ ਸਵਿਟਜ਼ਰਲੈਂਡ, ਦੱਖਣੀ ਅਫ਼ਰੀਕਾ ਅਤੇ ਕਨੇਡਾ ਦੀ ਬੁੱਧੀ ਜੋੜਨ ਵਾਲੀ ਹੈ।

ਇਹ ਤੱਥ ਕਿ ਉਨ੍ਹਾਂ ਨੂੰ ਹੁਣ ਤੱਕ ਇਕੱਠੇ ਰੱਖਿਆ ਗਿਆ ਹੈ, ਆਮ ਪ੍ਰਬੰਧ ਨਾਲ ਮੇਲ ਨਹੀਂ ਖਾਂਦਾ। ਇਹ ਸਿਰਫ਼ ਇਸ ਕਰਕੇ ਹੈ ਕਿ ਉਹ ਦੋਨੋਂ ਕਾਂਗਰਸ ਅਨੁਸ਼ਾਸਨ ਨਾਲ ਬੰਨ੍ਹੇ ਹੋਏ ਹਨ। ਪ੍ਰੰਤੂ ਕਾਂਗਰਸ ਕਿੰਨਾ ਚਿਰ ਜਾਏਗੀ? ਕਾਂਗਰਸ ਪੰਡਤ ਨਹਿਰੂ ਹੈ, ਅਤੇ ਪੰਡਿਤ ਨਹਿਰੂ ਕਾਂਗਰਸ ਹੈ। ਲੇਕਿਨ ਕੀ ਪੰਡਿਤ ਨਹਿਰੂ ਅਨੰਤ ਹੈ? ਜੋ ਵੀ ਇਨ੍ਹਾਂ ਪ੍ਰਸ਼ਨਾਂ ਤੇ ਵਿਚਾਰ ਕਰੇ, ਉਹ ਮਹਿਸੂਸ ਕਰੇਗਾ ਕਿ ਕਾਂਗਰਸ ਉਦੋਂ ਤੱਕ ਨਹੀਂ ਰਹਿਣੀ ਜਦ ਤੱਕ ਸੂਰਜ ਅਤੇ ਚੰਦ ਰਹਿਣਗੇ। ਇੱਕ ਦਿਨ ਇਸ ਦਾ ਅੰਤ ਹੋਣਾ ਹੀ ਹੈ। ਇਸ ਦਾ ਅੰਤ, ਭਾਵੇਂ ਆਗਾਮੀ ਚੋਣਾ ਤੋਂ ਪਹਿਲਾਂ ਹੀ ਹੋ ਜਾਵੇ। ਜਦ ਅਜਿਹਾ ਹੋਵੇਗਾ, ਬੰਬਈ ਪ੍ਰਾਂਤ ਖ਼ਨਾਜੰਗੀ ਵਿੱਚ ਰੁਝਿਆ ਹੋਵੇਗਾ ਨਾ ਕਿ ਪ੍ਰਸ਼ਾਸਨ ਚਲਾਉਣ ਵਿੱਚ।

ਇਸ ਲਈ, ਅਸੀਂ ਦੋ ਕਾਰਨਾਂ ਕਰਕੇ ਹੀ ਭਾਸ਼ਾ ਤੇ ਆਧਾਰਤ ਪ੍ਰਾਂਤ ਚਾਹੁੰਦੇ ਹਾਂ। ਲੋਕਰਾਜ ਵੱਲ ਆਸਾਨ ਰਾਹ ਤਿਆਰ ਕਰਨ ਲਈ ਅਤੇ ਨਸਲੀ ਅਤੇ ਸੰਸਕ੍ਰਿਤਕ ਤਨਾਅ ਦੂਰ ਕਰਨ ਲਈ।

ਭਾਸ਼ਾ ਤੇ ਆਧਾਰਤ ਪ੍ਰਾਂਤ ਬਣਾਉਣਾ ਹੀ, ਭਾਰਤ ਦਾ ਸਹੀ ਰਾਹ ਤੇ ਚਲਣਾ ਹੈ। ਇਹ ਉਹ ਰਸਤਾ ਹੈ ਜਿਸ ਤੇ ਸਾਰੇ 'ਦੇਸ਼' ਚਲ ਚੁੱਕੇ ਹਨ। ਹੋਰ ਭਾਸ਼ਾ ਤੇ ਆਧਾਰਿਤ ਰਾਜਾਂ ਦੇ ਕੇਸ ਵਿੱਚ, ਉਹ ਸ਼ੁਰੂ ਤੋਂ ਹੀ ਅਜਿਹਾ ਕਰ ਚੁੱਕੇ ਹਨ। ਭਾਰਤ ਨੂੰ ਆਪਣਾ ਉਦੇਸ਼ ਪੂਰਾ ਕਰਨ ਲਈ ਆਪਣੇ ਆਪ ਨੂੰ ਪਿਛਾਂਹ ਮੋੜਨਾ ਪਵੇਗਾ। ਲੇਕਿਨ ਜੋ ਸਫਰ ਦਾ ਰਾਹ ਉਸਨੇ ਤਜਵੀਜ਼ ਕੀਤਾ ਹੈ ਉਹ ਚੰਗੀ ਤਰ੍ਹਾਂ ਅਜ਼ਮਾਇਆ ਹੋਇਆ ਹੈ। ਇਹ ਉਹ ਰਾਹ ਹੈ ਜੋ ਹੋਰ ਮੁਲਕਾਂ ਵਲੋਂ ਅਪਣਾਇਆ ਜਾਂਦਾ ਹੈ।

ਭਾਸ਼ਾ ਤੇ ਆਧਾਰਿਤ ਪ੍ਰਾਂਤਾਂ ਦੇ ਗੁਣ ਦੱਸਣ ਤੋਂ ਬਾਅਦ, ਮੈਂ ਉਸਦੇ ਔਗੁਣ ਵੀ ਜ਼ਰੂਰ ਦਸਾਂਗਾ।

ਭਾਸ਼ਾ ਤੇ ਆਧਾਰਿਤ ਪ੍ਰਾਂਤ ਆਪਣੀ ਪ੍ਰਦੇਸ਼ਕ ਭਾਸ਼ਾ ਦੇ ਸਰਕਾਰੀ ਭਾਸ਼ਾ ਹੋਣ ਕਰਕੇ ਬੜੀ ਆਸਾਨੀ ਨਾਲ ਸੁਤੰਤਰ ਰਾਸ਼ਟਰੀਅਤਾ ਵਿੱਚ ਬਦਲ ਸਕਦਾ ਹੈ। ਇਸ ਸੁਤੰਤਰ ਰਾਸ਼ਟਰ ਅਤੇ ਸੁਤੰਤਰ ਪ੍ਰਾਂਤ ਦੇ ਵਿਚਕਾਰ ਦਾ ਰਸਤਾ ਬਹੁਤ ਹੀ ਛੋਟਾ ਹੈ। ਜੇਕਰ ਅਜਿਹਾ ਹੋ ਜਾਂਦਾ ਹੈ, ਭਾਰਤ ਆਧੁਨਿਕ ਭਾਰਤ ਨਹੀਂ ਰਹੇਗਾ ਜੋ ਅੱਜ ਹੈ ਅਤੇ ਮੱਧ-ਕਾਲੀ ਭਾਰਤ ਬਣ ਜਾਵੇਗਾ ਜਿਸ ਵਿੱਚ ਬਹੁਤ ਕਿਸਮ ਦੇ ਪ੍ਰਾਂਤ ਆਪਸ ਵਿੱਚ ਦੁਸ਼ਮਣੀ ਅਤੇ ਲੜਾਈ ਝਗੜਿਆਂ ਵਿੱਚ ਰੁਝੇ ਹੋਣਗੇ।

ਇਹ ਖਤਰਾ ਬੇਸ਼ਕ, ਭਾਸ਼ਾ ਤੇ ਆਧਾਰਿਤ ਪ੍ਰਾਂਤਾਂ ਦੀ ਸਿਰਜਣਾ ਵਿੱਚ ਹੀ ਮੌਜੂਦ ਹੁੰਦਾ ਹੈ। ਭਾਸ਼ਾ ਤੇ ਆਧਾਰਿਤ ਪ੍ਰਾਂਤ ਨਾ ਬਣਾਉਣ ਵਿੱਚ ਵੀ ਬਰਾਬਰ ਦਾ ਹੀ ਖਤਰਾ ਹੈ। ਇੱਕ ਸਿਆਣਾ ਅਤੇ ਦ੍ਰਿੜ੍ਹ ਸਿਆਸਤਦਾਨ ਪਹਿਲੇ ਖਤਰੇ ਨੂੰ ਟਾਲ ਸਕਦਾ ਹੈ। ਪ੍ਰੰਤੂ ਮਿਸ਼ਰਤ ਪ੍ਰਾਂਤ

ਦੇ ਖ਼ਤਰੇ ਜ਼ਿਆਦਾ ਭਿਆਨਕ ਹੁੰਦੇ ਹਨ ਅਤੇ ਕਿਸੇ ਵੀ ਸਿਆਸਤਦਾਨ ਦੇ ਕਾਬੂ ਤੋਂ ਬਾਹਰ ਹੁੰਦੇ ਹਨ ਭਾਵੇਂ ਕਿੰਨਾ ਵੀ ਖਤਰਾ ਹੋਵੇ।

ਇਸ ਖ਼ਤਰੇ ਦਾ ਸਾਹਮਣਾ ਕਿਵੇਂ ਕੀਤਾ ਜਾ ਸਕਦਾ ਹੈ? ਇਸ ਖ਼ਤਰੇ ਦਾ ਸਾਹਮਣਾ ਕਰਨ ਲਈ, ਮੇਰੀ ਸਮਝ ਅਨੁਸਾਰ ਕੇਵਲ ਇਕੋ ਰਾਹ ਹੈ ਕਿ ਸੰਵਿਧਾਨ ਵਿੱਚ ਇਹ ਉਪਬੰਧ ਕੀਤਾ ਜਾਵੇ ਕਿ ਪ੍ਰਾਦੇਸ਼ਕ ਭਾਸ਼ਾ ਪ੍ਰਾਂਤ ਦੀ ਸਰਕਾਰੀ ਭਾਸ਼ਾ ਨਹੀਂ ਹੋਵੇਗੀ। ਪ੍ਰਾਂਤ ਦੀ ਸਰਕਾਰੀ ਭਾਸ਼ਾ ਹਿੰਦੀ ਹੋਵੇਗੀ ਅਤੇ ਜਿੰਨਾ ਚਿਰ ਭਾਰਤ ਇਸ ਮੰਤਵ ਨੂੰ ਪੂਰਾ ਕਰਨ ਵਿੱਚ ਸਮਰੱਥ ਨਹੀਂ ਹੁੰਦਾ, ਅੰਗਰੇਜ਼ੀ ਭਾਸ਼ਾ ਸਰਕਾਰੀ ਭਾਸ਼ਾ ਹੋਵੇਗੀ। ਕੀ ਭਾਰਤੀ ਇਸ ਨੂੰ ਸਵੀਕਾਰ ਕਰਨਗੇ? ਜੇਕਰ ਉਹ ਸਵੀਕਾਰ ਨਹੀਂ ਕਰਦੇ, ਭਾਸ਼ਾ ਤੇ ਆਧਾਰਿਤ ਪ੍ਰਾਂਤ ਆਸਾਨੀ ਨਾਲ ਇਕ ਖਤਰਾ ਬਣ ਸਕਦੇ ਹਨ।

ਇੱਕ ਭਾਸ਼ਾ ਲੋਕਾਂ ਨੂੰ ਇਕੱਠੇ ਕਰ ਸਕਦੀ ਹੈ। ਦੋ ਭਾਸ਼ਾਵਾਂ ਪੱਕੇ ਤੌਰ ਤੇ ਲੋਕਾਂ ਨੂੰ ਵੰਡ ਦਿੰਦੀਆਂ ਹਨ। ਇਹ ਇੱਕ ਕਠੋਰ ਕਾਨੂੰਨ ਹੈ। ਸੰਸਕ੍ਰਿਤੀ ਦੀ ਰੱਖਿਆ ਭਾਸ਼ਾ ਦੁਆਰਾ ਹੀ ਕੀਤੀ ਜਾਂਦੀ ਹੈ। ਕਿਉਂਕਿ ਭਾਰਤੀ ਏਕਤਾ ਚਾਹੁੰਦੇ ਹਨ ਅਤੇ ਸਾਂਝੀ ਸੰਸਕ੍ਰਿਤੀ ਵਿਕਸਤ ਕਰਨਾ ਚਾਹੁੰਦੇ ਹਨ ਅਤੇ ਸਾਰੇ ਭਾਰਤੀਆਂ ਦਾ ਜ਼ਰੂਰੀ ਕਰਤੱਵ ਹੈ ਕਿ ਆਪਣੀ ਬੋਲੀ ਦੇ ਤੌਰ ਤੇ ਹਿੰਦੀ ਨੂੰ ਅਪਨਾਉਣ।

ਜਿਹੜਾ ਵੀ ਭਾਰਤੀ ਇਸ ਪ੍ਰਸਤਾਵ ਨੂੰ ਭਾਸ਼ਾ ਤੇ ਆਧਾਰਿਤ ਪ੍ਰਾਂਤ ਦਾ ਅਟੁੱਟ ਅੰਗ ਨਹੀਂ ਮੰਨਦਾ, ਉਹ ਭਾਰਤੀ ਹੋਣ ਦਾ ਹੱਕ ਨਹੀਂ ਰੱਖਦਾ। ਉਹ ਭਾਵੇਂ ਸੌ ਪ੍ਰਤੀਸ਼ਤ ਮਹਾਂਰਾਸ਼ਟਰੀ, ਸੌ ਪ੍ਰਤੀਸ਼ਤ ਤਾਮਿਲੀ ਜਾਂ ਸੌ ਪ੍ਰਤਿਸ਼ਤ ਗੁਜਰਾਤੀ ਹੋਵੇ। ਪ੍ਰੰਤੂ ਉਹ ਸ਼ਬਦ ਦੇ ਸਹੀ ਅਰਥਾਂ ਵਿੱਚ ਭਾਰਤੀ ਨਹੀਂ ਹੋ ਸਕਦਾ, ਸਿਵਾਏ ਭੂਗੋਲਿਕ ਅਰਥਾਂ ਦੇ। ਜੇਕਰ ਮੇਰਾ ਸੁਝਾਅ ਨਹੀਂ ਮੰਨਿਆ ਜਾਂਦਾ, ਭਾਰਤ ਤਦ ਭਾਰਤ ਨਹੀਂ ਰਹੇਗਾ। ਇਹ ਵੱਖ ਵੱਖ ਕੌਮਾਂ ਦਾ ਸਮੂੰਹ ਹੋਵੇਗਾ ਜੋ ਇੱਕ ਦੂਸਰੇ ਨਾਲ ਦੁਸ਼ਮਣੀ ਅਤੇ ਜੰਗ ਵਿੱਚ ਰੁੱਝੀਆਂ ਹੋਣਗੀਆਂ।

ਜਾਪਦਾ ਹੈ ਕਿ ਰੱਬ ਨੇ ਭਾਰਤ ਅਤੇ ਭਾਰਤੀਆਂ ਨੂੰ ਬਹੁਤ ਵੱਡਾ ਸਰਾਪ ਦਿੱਤਾ ਹੋਇਆ ਹੈ, ਜਿਵੇਂ ਕਿਹਾ ਹੋਵੇ, 'ਤੁਸੀਂ ਭਾਰਤੀ, ਹਮੇਸ਼ਾਂ ਫੁੱਟੇ ਰਹੋਗੇ ਅਤੇ ਤੁਸੀਂ ਹਮੇਸ਼ਾਂ ਗੁਲਾਮ ਰਹੋਗੇ।'

ਮੈਨੂੰ ਬੜੀ ਖ਼ੁਸ਼ੀ ਹੋਈ ਕਿ ਭਾਰਤ ਪਾਕਿਸਤਾਨ ਤੋਂ ਅਲੱਗ ਹੋ ਗਿਆ। ਮੈਂ ਦਾਰਸ਼ਨਿਕ ਸੀ, ਪਾਕਿਸਤਾਨੀਆਂ ਨੂੰ ਅਜਿਹਾ ਕਹਿਣ ਲਈ। ਮੈਂ ਬਟਵਾਰੇ ਦੀ ਵਕਾਲਤ ਕੀਤੀ ਕਿਉਂਕਿ ਮੈਂ ਮਹਿਸੂਸ ਕੀਤਾ ਕਿ ਕੇਵਲ ਬਟਵਾਰੇ ਦੁਆਰਾ ਹੀ, ਹਿੰਦੂ ਕੇਵਲ ਸੁਤੰਤਰ ਹੀ ਨਹੀਂ ਬਲਕਿ ਆਜ਼ਾਦ ਹੋਣਗੇ। ਜੇਕਰ ਭਾਰਤ ਅਤੇ ਪਾਕਿਸਤਾਨ ਇਕ ਰਾਜ ਵਿੱਚ ਇਕੱਠੇ ਰਹਿੰਦੇ, ਹਿੰਦੂ ਸੁਤੰਤਰ ਭਾਵੇਂ ਹੁੰਦੇ ਪ੍ਰੰਤੂ ਮੁਸਲਮਾਨਾਂ ਦੀ ਦਇਆ ਤੇ ਰਹਿੰਦੇ। ਇਕ ਮਾਤਰ ਸੁਤੰਤਰ ਭਾਰਤ, ਹਿੰਦੂਆਂ ਦੇ ਨਜ਼ਰੀਏ ਤੋਂ ਆਜ਼ਾਦ ਭਾਰਤ ਨਾ ਹੁੰਦਾ। ਇਹ ਕੌਮਾਂ ਦੀ ਇੱਕ ਦੇਸ਼ ਵਿੱਚ ਇਕ ਸਰਕਾਰ ਹੁੰਦੀ ਅਤੇ ਇਨ੍ਹਾਂ ਦੋਹਾਂ ਵਿਚੋਂ, ਹਿੰਦੂ ਮਹਾਂ ਸਭਾ ਅਤੇ ਜਨਸੰਘ ਦੇ ਹੁੰਦੇ ਹੋਏ ਵੀ, ਮੁਸਲਮਾਨ ਅਵੱਸ਼ ਸੱਤਾਧਾਰੀ ਨਸਲ ਹੁੰਦੀ। ਜਦ ਬਟਵਾਰਾ ਹੋ ਗਿਆ, ਮੈਂ ਮਹਿਸੂਸ ਕੀਤਾ ਕਿ ਰੱਬ ਆਪਣਾ ਸਰਾਪ ਹਟਾਉਣਾ ਚਾਹੁੰਦਾ ਹੈ ਅਤੇ ਭਾਰਤ ਨੂੰ ਮਹਾਨ ਅਤੇ ਖ਼ੁਸ਼ਹਾਲ ਬਣਾਉਣਾ ਚਾਹੁੰਦਾ ਹੈ। ਪਰ ਮੈਨੂੰ ਡਰ ਹੈ ਕਿ ਇਹ ਲਾਹਨਤ ਫਿਰ ਨਾ ਆ ਪਵੇ। ਕਿਉਂਕਿ ਮੈਨੂੰ ਪਤਾ ਲਗਾ ਹੈ ਕਿ ਜਿਹੜੇ ਲੋਕ ਭਾਸ਼ਾ ਤੇ ਆਧਾਰਤਿ ਪ੍ਰਾਂਤਾਂ ਦੀ ਵਕਾਲਤ ਕਰਦੇ ਹਨ, ਉਹ

ਦਿਲੋਂ ਪ੍ਰਾਦੇਸ਼ਕ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਉਣ ਦਾ ਆਦਰਸ਼ ਰੱਖਦੇ ਹਨ।

ਸੰਯੁਕਤ ਭਾਰਤ ਦੇ ਇਹ ਵਿਚਾਰ ਕੀ ਮੌਤ ਲਈ ਮਾਤਮੀ ਘੰਟੇ ਦੀ ਆਵਾਜ਼ ਹੋਣਗੇ? ਪ੍ਰਾਦੇਸ਼ਕ ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਬਣਾਉਨ ਨਾਲ, ਭਾਰਤ ਨੂੰ ਇੱਕ ਸੰਯੁਕਤ ਭਾਰਤ ਅਤੇ ਭਾਰਤੀਆਂ ਨੂੰ, ਪਹਿਲਾਂ ਭਾਰਤੀ ਅਤੇ ਹਮੇਸ਼ਾਂ ਭਾਰਤੀ ਬਣਾਉਣ ਦਾ ਆਦਰਸ਼ ਬਰਬਾਦ ਹੋ ਜਾਵੇਗਾ। ਮੈਂ ਇੱਕ ਰਾਹ ਦੱਸਣ ਤੋਂ ਵੱਧ ਹੋਰ ਕੁਝ ਨਹੀਂ ਕਰ ਸਕਦਾ। ਇਸ ਤੇ ਵਿਚਾਰ ਕਰਨਾ ਭਾਰਤੀਆਂ ਦਾ ਕੰਮ ਹੈ।

## ਅਧਿਆਇ-4

## ਕੀ ਇੱਕ ਭਾਸ਼ਾ ਲਈ, ਇਕ ਪ੍ਰਾਂਤ ਹੋਣਾ ਜ਼ਰੂਰੀ ਹੈ?

ਭਾਸ਼ਾ ਤੇ ਆਧਾਰਿਤ ਪ੍ਰਾਂਤ ਦਾ ਕੀ ਅਰਥ ਹੈ?

ਇਸ ਦਾ ਅਰਥ ਦੋ ਗੱਲਾਂ ਵਿਚੋਂ ਹੋ ਸਕਦਾ ਹੈ। ਇਸ ਦਾ ਅਰਥ ਹੋ ਸਕਦਾ ਹੈ, ਇੱਕ ਭਾਸ਼ਾ ਬੋਲਣ ਵਾਲੇ ਸਾਰੇ ਲੋਕਾਂ ਨੂੰ ਇੱਕ ਪ੍ਰਾਂਤ ਦੇ ਅਧਿਕਾਰ ਖੇਤਰ ਵਿਚ ਜ਼ਰੂਰੀ ਲਿਆਂਦਾ ਜਾਵੇ। ਇਸ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਇਕ ਬੋਲੀ ਬੋਲਣ ਵਾਲੇ ਸਾਰੇ ਲੋਕਾਂ ਨੂੰ ਬਹੁਤੇ ਪ੍ਰਾਂਤਾਂ ਵਿੱਚ ਇਕੱਠੇ ਕੀਤਾ ਜਾਵੇ ਐਪਰ ਪ੍ਰਤੇਕ ਪ੍ਰਾਂਤ ਦੇ ਅਧਿਕਾਰ ਖੇਤਰ ਵਿੱਚ ਇਕ ਬੋਲੀ ਬੋਲਣ ਵਾਲੇ ਲੋਕ ਹੀ ਹੋਣ। ਕਿਹੜੀ ਵਿਆਖਿਆ ਸਹੀ ਹੈ?

ਆਯੋਗ ਦਾ ਵਿਚਾਰ ਸੀ ਕਿ ਇਕ ਅਤੇ ਉਹੀ ਭਾਸ਼ਾ ਬੋਲਣ ਵਾਲੇ ਸਾਰੇ ਲੋਕਾਂ ਲਈ ਕੇਵਲ ਇਕ ਪ੍ਰਾਂਤ ਬਣਾਉਣਾ ਹੀ ਇਕ ਮਾਤਰ ਸਿਧਾਂਤ ਲਾਗੂ ਹੋ ਸਕਦਾ ਸੀ।

ਪਾਠਕ ਨਕਸ਼ਾ ਨੰ: 1 ਤੇ ਨਜ਼ਰ ਮਾਰੇ ਤਾਂ ਉਸ ਨੂੰ ਇਕ ਦਮ ਉੱਤਰੀ ਅਤੇ ਦੱਖਣੀ ਪ੍ਰਾਂਤਾਂ ਵਿੱਚ ਅਸਮਾਨਤਾ ਨਜ਼ਰ ਆਵੇਗੀ। ਇਹ ਅਸਮਾਨਤਾ ਭਿਆਨਕ ਹੈ। ਵੱਡੇ ਪ੍ਰਾਂਤਾਂ ਦਾ ਭਾਰ ਛੋਟੇ ਪ੍ਰਾਂਤਾਂ ਲਈ ਸਹਿਣਾ ਅਸੰਭਵ ਹੋਵੇਗਾ।

ਇਹ ਅਸਮਾਨਤਾ ਕਿੰਨੀ ਖ਼ਤਰਨਾਕ ਹੈ, ਆਯੋਗ ਨੇ ਅਹਿਸਾਸ ਨਹੀਂ ਕੀਤਾ। ਬੇਸ਼ਕ ਅਜਿਹੀ ਅਸਮਾਨਤਾ ਸੰਯੁਕਤ ਰਾਜ ਅਮਰੀਕਾ ਵਿੱਚ ਵੀ ਪਾਈ ਜਾਂਦੀ ਹੈ। ਪ੍ਰੰਤੂ ਜੋ ਸ਼ਰਾਰਤ ਇਸ ਨਾਲ ਹੋ ਸਕਦੀ ਹੈ ਉਸ ਨੂੰ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿੱਚ ਉਪਬੰਧਾਂ ਰਾਹੀਂ ਰੋਕਿਆ ਗਿਆ ਹੈ।

ਸ੍ਰੀ ਪਾਨੀਕਰ ਵੱਲੋਂ ਰਿਪੋਰਟ (ਦੇਖੋ ਸੂਚੀ ਨੰ:2) ਨਾਲ ਆਪਣੇ ਅਸਹਿਮਤੀ ਲੇਖ ਵਿੱਚ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿੱਚ ਅਜਿਹੇ ਇੱਕ ਸੁਰੱਖਿਆ ਪ੍ਰਬੰਧ ਦਾ ਹਵਾਲਾ ਦਿੱਤਾ ਹੈ।

ਮੈਂ ਉਸਦੇ ਲੇਖ ਵਿੱਚੋਂ ਨਿਚੋੜ ਹੇਠ ਅਨੁਸਾਰ ਦਿੰਦਾ ਹਾਂ:-

"ਮੈਂ ਸੰਘ ਦੇ ਸਫ਼ਲ ਕੰਮ-ਕਾਰ ਲਈ ਇਹ ਜ਼ਰੂਰੀ ਸਮਝਦਾ ਹਾਂ ਕਿ ਇਕਾਈਆਂ ਸਾਫ਼ ਤੌਰ ਤੇ ਬਰਾਬਰ ਸੰਤੁਲਤ ਹੋਣੀਆਂ ਚਾਹੀਦੀਆਂ ਹਨ। ਬਹੁਤ ਜ਼ਿਆਦਾ ਅਸਮਾਨਤਾ ਨਾ ਕੇਵਲ ਸ਼ੱਕ ਅਤੇ ਰੋਸ ਪ੍ਰਗਟ ਕਰਦੀ ਹੈ ਬਲਕਿ ਇਹੋ ਜਿਹੀਆਂ ਤਾਕਤਾਂ ਪੈਦਾ ਕਰਦੀ ਹੈ ਜਿਨ੍ਹਾਂ ਨਾਲ ਸੰਘੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਹੁੰਦੀ ਹੈ ਅਤੇ ਉਸ ਨਾਲ ਦੇਸ਼ ਦੀ ਏਕਤਾ ਨੂੰ ਖ਼ਤਰਾ ਬਣਦਾ ਹੈ। ਇਹ ਸਪੱਸ਼ਟ ਤੌਰ ਤੇ ਹਰ ਜਗ੍ਹਾ ਮੰਨਿਆ ਜਾਂਦਾ ਹੈ। ਬਹੁਤ ਸਾਰੇ

ਸੰਘੀ ਸੰਵਿਧਾਨਾਂ ਵਿੱਚ ਵੱਡੇ ਪ੍ਰਾਂਤਾਂ ਦੇ ਪ੍ਰਭਾਵ ਅਤੇ ਅਧਿਕਾਰ ਸੀਮਤ ਰੱਖਣ ਦਾ ਧਿਆਨ ਰੱਖਿਆ ਜਾਂਦਾ ਹੈ।ਭਾਵੇਂ ਇਕਾਈ ਦੀ ਆਬਾਦੀ ਅਤੇ ਸਾਧਨਾਂ ਵਿੱਚ ਬਹੁਤ ਜ਼ਿਆਦਾ ਭਿੰਨਤਾ ਹੁੰਦੀ ਹੈ। ਇਸ ਲਈ ਸੰਯੁਕਤ ਰਾਜ ਅਮਰੀਕਾ ਵਿੱਚ, ਉਦਾਹਰਣ ਵਜੋਂ, ਭਾਵੇਂ ਰਾਜਾਂ ਦੀ ਆਬਾਦੀ ਅਤੇ ਸਾਧਨਾਂ ਵਿੱਚ ਭਿੰਨਤਾ ਹੈ ਅਤੇ ਨਿਊਯਾਰਕ ਦੇ ਰਾਜ ਦੀ ਆਬਾਦੀ, ਨੇਵਦਾ ਦੀ ਆਬਾਦੀ ਨਾਲੋਂ ਕਈ ਗੁਣਾਂ ਜ਼ਿਆਦਾ ਹੈ, ਪਰ ਸੈਨੇਟ ਵਿੱਚ ਹਰ ਰਾਜ ਦੀ ਬਰਾਬਰ ਨੁਮਾਇੰਦਗੀ ਦਾ ਉਪਬੰਧ ਸੰਵਿਧਾਨ ਵਿੱਚ ਹੈ।"

ਇਸ ਨੁਕਤੇ ਤੇ ਸ੍ਰੀ ਪਾਨੀਕਰ ਸੋਵੀਅਤ ਸੰਘ ਅਤੇ ਪੁਰਾਣੀ ਜਰਮਨੀ ਦਾ ਵੀ ਹਵਾਲਾ ਦਿੰਦਾ ਹੈ। ਉਹ ਇਹ ਕਹਿੰਦਾ ਹੈ:

"ਸੋਵੀਅਤ ਸੰਘ ਵਿੱਚ ਵੀ, ਜਿਸ ਵਿੱਚ ਮਹਾਨ ਰੂਸ ਦੀ ਆਬਾਦੀ, ਹੋਰ ਬਹੁਤ ਸਾਰੀਆਂ ਸੰਘ ਦੀਆਂ ਇਕਾਈਆਂ ਜੋੜ ਕੇ ਵੀ ਉਨ੍ਹਾਂ ਤੋਂ ਜ਼ਿਆਦਾ ਹੈ ਪਰ ਹਾਊਸ ਆਫ਼ ਨੈਸ਼ਨੇਲਿਟੀਜ਼ ਵਿੱਚ ਨੁਮਾਇੰਦਗੀ ਉਸਦੇ ਬਰਾਬਰ ਰੱਖੀ ਜਾਂਦੀ ਹੈ ਤਾਂ ਕਿ ਵੱਡੀ ਇਕਾਈ ਦੁਆਰਾ ਦੂਸਰੀਆਂ ਇਕਾਈਆਂ ਤੇ ਹਕੂਮਤ ਨਾ ਕੀਤੀ ਜਾ ਸਕੇ।ਬਿਸਮਾਰਕੀਅਨ ਰੀਕ ਵਿੱਚ ਵੀ, ਭਾਵੇਂ ਆਬਾਦੀ ਦੇ ਨੁਕਤਾ ਨਿਗਾਹ ਤੋਂ ਪਰੂਸ਼ੀਆਂ ਸਭ ਤੋਂ ਅੱਗੇ ਹੈ, ਉਸ ਨੂੰ ਰੀਕ ਸਰਾਤ ਜਾਂ ਰਾਜਾਂ ਦੀ ਪ੍ਰਤਿਨਿੱਧਤਾ ਕਰਨ ਵਾਲੀ ਸਭਾ ਵਿੱਚ ਉਸ ਤੋਂ ਘੱਟ ਨੁਮਾਇੰਦਗੀ ਦਿੱਤੀ ਗਈ ਸੀ ਜਿੰਨੀ ਦੀ ਉਹ ਹੱਕਦਾਰ ਸੀ। (ਇੱਕ ਤਿਹਾਈ ਤੋਂ ਵੀ ਘੱਟ) ਅਤੇ ਉਸ ਸਭਾ ਦੀ ਪੱਕੀ ਪ੍ਰਧਾਨਗੀ 'ਬਾਵਾਰੀਆ' ਨੂੰ ਦਿੱਤੀ ਗਈ ਅਤੇ ਇਹ ਸਪੱਸ਼ਟ ਤੌਰ ਤੇ ਦਿਖਾਇਆ ਗਿਆ ਕਿ ਇੱਥੇ ਵੀ, ਜਿਥੇ ਇਕ ਰਾਜ ਵਿੱਚ ਰਾਜਨੀਤਕ, ਫੌਜੀ ਅਤੇ ਆਰਥਿਕ ਸ਼ਕਤੀ ਜ਼ਿਆਦਾ ਜਮ੍ਹਾਂ ਸੀ-- ਇਹ ਜ਼ਰੂਰੀ ਸਮਝਿਆ ਗਿਆ ਸੀ ਕਿ, ਸੰਘ ਦੇ ਹਿਤ ਵਿੱਚ ਇਹ ਹੋਵੇਗਾ ਕਿ ਛੋਟੀ ਇਕਾਈਆਂ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਵੇ ਅਤੇ ਪਰੂਸ਼ੀਆਂ ਨੂੰ 'ਰੀਕਸਰਾਤਾ', ਰਾਜ ਪ੍ਰੀਸ਼ਦ ਜਿਸਨੂੰ ਰੀਕਸਤਾਰਾ ਜਾਂ ਲੋਕ ਸਭਾ ਤੋਂ ਵੀ ਵੱਧ ਅਖ਼ਤਿਆਰ ਪ੍ਰਾਪਤ ਹਨ, ਵਿੱਚ ਘੱਟ ਗਿਣਤੀ ਦੀ ਥਾਂ ਦਿੱਤੀ ਜਾਵੇ।"

ਫਿਰਵੀ, ਸ੍ਰੀ ਪਾਨੀਕਰ ਵਲੋਂ ਅਸਮਾਨਤਾ ਦੀ ਲਾਹਨਤ ਵਿਰੁੱਧ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿੱਚੋਂ ਇੱਕ ਹੋਰ ਸੁਰੱਖਿਆ ਪ੍ਰਬੰਧ ਦਾ ਵਰਣਨ ਨਹੀਂ ਕੀਤਾ ਗਿਆ। ਸਾਡੇ ਸੰਵਿਧਾਨ ਵਿੱਚ ਦੋਨੋਂ ਸਭਾਵਾਂ ਦੇ ਅਧਿਕਾਰ ਇਕ ਬਰਾਬਰ ਨਹੀਂ ਹਨ। ਪ੍ਰੰਤੂ ਸੰਯੁਕਤ ਰਾਜ ਅਮਰੀਕਾ ਵਿੱਚੋਂ ਦੋਨੋਂ ਸਭਾਵਾਂ ਦੇ ਅਧਿਕਾਰ ਇਕ ਬਰਾਬਰ ਹਨ। ਇਥੋਂ ਤੱਕ ਕਿ ਵਿੱਤ ਬਿਲ ਲਈ ਵੀ ਸੈਨੇਟ ਦੀ ਪ੍ਰਵਾਨਗੀ ਜ਼ਰੂਰੀ ਹੈ।ਭਾਰਤ ਵਿੱਚ ਇਸ ਤਰ੍ਹਾਂ ਨਹੀਂ ਹੈ।ਇਸ ਤਰ੍ਹਾਂ ਆਬਾਦੀ ਵਿੱਚ ਅਸਮਾਨਤਾ ਨਾਂਲ ਬੜਾ ਫਰਕ ਪੈਂਦਾ ਹੈ।

ਰਾਜਾਂ ਵਿੱਚ ਆਬਾਦੀ ਅਤੇ ਤਾਕਤ ਦੀ ਅਸਮਾਨਤਾ ਕਾਰਣ ਦੇਸ਼ ਦਾ ਬੇੜਾ ਗਰਕ ਹੋਣਾ ਜ਼ਰੂਰੀ ਹੁੰਦਾ ਹੈ। ਇਸ ਦਾ ਉਪਾਅ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।

## ਅਧਿਆਇ-5

# ਉੱਤਰ ਬਨਾਮ ਦੱਖਣ

ਆਯੋਗ ਦੁਆਰਾ ਉੱਤਰ ਪ੍ਰਦੇਸ਼ ਅਤੇ ਬਿਹਾਰ ਨੂੰ ਜਿਉਂ ਦਾ ਤਿਉਂ ਰੱਖਕੇ, ਉਨ੍ਹਾਂ ਦੇ ਨਾਲ

ਇਕ ਨਵੀਂ ਅਤੇ ਬਹੁਤ ਵੱਡੀ ਪ੍ਰਾਂਤ ਮੱਧ ਪ੍ਰਦੇਸ਼ ਤੇ ਰਾਜਸਥਾਨ ਜੋੜ ਕੇ, ਜੋ ਕੀਤਾ ਗਿਆ ਹੈ, ਉਹ ਰਾਜਾਂ ਵਿੱਚ ਕੇਵਲ ਅਸਮਾਨਤਾ ਹੀ ਨਹੀਂ ਹੈ ਬਲਕਿ ਉੱਤਰ ਬਨਾਮ ਦੱਖਣ ਦੀ ਇੱਕ ਨਵੀਂ ਸਮੱਸਿਆ ਪੈਦਾ ਕਰ ਦਿੱਤੀ ਹੈ।

ਉੱਤਰ ਹਿੰਦੀ ਭਾਸ਼ਾ ਬੋਲਦਾ ਹੈ। ਦੱਖਣ ਹਿੰਦੀ ਨਾ-ਬੋਲਣ ਵਾਲਾ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਪਤਾ ਨਹੀਂ ਹੈ ਕਿ ਹਿੰਦੀ ਬੋਲਣ ਵਾਲੇ ਲੋਕਾਂ ਦੀ ਆਬਾਦੀ ਕਿੰਨੀ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ 48 ਪ੍ਰਤੀਸ਼ਤ ਹੈ। ਇਸ ਤੱਥ ਤੇ ਮੱਦੇ ਨਜ਼ਰ ਕੋਈ ਇਹ ਕਰੇ ਬਗੈਰ ਨਹੀਂ ਰਹਿ ਸਕਦਾ ਕਿ ਆਯੋਗ ਦੀ ਇਸ ਕੋਸ਼ਿਸ਼ ਦਾ ਨਤੀਜਾ ਉੱਤਰ ਨੂੰ ਇਕੱਠਾ ਕਰਨਾ ਅਤੇ ਦੱਖਣ ਨੂੰ ਵੰਡਣਾ ਹੋਵੇਗਾ।

ਕੀ ਦੱਖਣ, ਉੱਤਰ ਦੀ ਹਕੂਮਤ ਬਰਦਾਸ਼ਤ ਕਰੇਗਾ।

ਹੁਣ ਇਹ ਭੇਤ-ਭੰਗ ਕਰਨ ਵਾਲੀ ਗੱਲ ਨਹੀਂ ਹੋਵੇਗੀ ਜੇਕਰ ਮੈਂ ਲੋਕਾਂ ਨੂੰ ਇਹ ਦੱਸ ਦਿਆਂ ਕਿ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਦੇ ਤੌਰ ਤੇ ਅਪਨਾਉਣ ਦੇ ਮਾਮਲੇ ਤੇ, ਜਦੋਂ ਭਾਰਤ ਦੇ ਖਰੜਾ ਸੰਵਿਧਾਨ ਤੇ ਵਿਚਾਰ ਹੋ ਰਿਹਾ ਸੀ, ਤਦ ਕਾਂਗਰਸ ਪਾਰਟੀ ਦੀ ਮੀਟਿੰਗ ਵਿੱਚ ਕੀ ਹੋਇਆ ਸੀ। ਅਨੁਛੇਦ 115 ਜੋ ਇਸ ਵਿਸ਼ੇ ਨਾਲ ਸਬੰਧਤ ਹੈ ਸਭ ਤੋਂ ਵੱਧ ਵਿਵਾਦ ਪੂਰਨ ਸਾਬਤ ਹੋਇਆ ਸੀ। ਹੋਰ ਕਿਸੇ ਅਨੁਛੇਦ ਦਾ ਏਨਾ ਵਿਰੋਧ ਨਹੀਂ ਹੋਇਆ। ਕਿਸੇ ਹੋਰ ਅਨੁਛੇਦ ਤੇ ਏਨੀ ਗਰਮਾ-ਗਰਮੀ ਨਹੀਂ ਹੋਈ। ਕਾਫ਼ੀ ਲੰਮੀ ਬਹਿਸ ਤੋਂ ਬਾਅਦ ਜਦ ਇਸ ਮਾਮਲੇ ਤੇ ਮਤਦਾਨ ਹੋਇਆ, ਤਦ ਦੋਨੋਂ ਪਾਸੇ 78-78 ਵੋਟ ਸਨ। ਝਗੜਾ ਨਿਪਟਾਇਆ ਨਾ ਜਾ ਸਕਿਆ। ਕਾਫ਼ੀ ਸਮੇਂ ਬਾਅਦ ਜਦ ਇਹ ਮਸਲਾ ਪਾਰਟੀ ਮੀਟਿੰਗ ਵਿੱਚ ਰੱਖਿਆ ਗਿਆ ਤਦ ਨਤੀਜਾ ਇਹ ਸੀ ਕਿ ਹਿੰਦੀ ਦੇ ਹੱਕ ਵਿੱਚ 78 ਅਤੇ ਵਿਰੁੱਧ 77 ਵੋਟ ਸਨ। ਹਿੰਦੀ ਰਾਸ਼ਟਰੀ ਭਾਸ਼ਾ ਦੀ ਥਾਂ ਲੈਣ ਲਈ ਇੱਕ ਵੋਟ ਤੇ ਜੇਤੂ ਰਹੀ। ਮੈਂ ਇਹ ਤੱਥ ਆਪਣੇ ਜ਼ਾਤੀ ਗਿਆਨ ਤੋਂ ਦੱਸ ਰਿਹਾ ਹਾਂ। ਖਰੜਾ ਕਮੇਟੀ ਦੇ ਸਭਾਪਤੀ ਵਜੋਂ, ਇਹ ਕੁਦਰਤੀ ਸੀ ਕਿ ਮੈਂ ਪਾਰਟੀ ਦੇ ਅਹਾਤੇ ਵਿੱਚ ਜਾ ਸਕਦਾ ਸੀ।

ਇਨ੍ਹਾਂ ਤੱਥਾਂ ਤੋਂ ਪਤਾ ਲਗਦਾ ਹੈ ਕਿ ਦੱਖਣ, ਉੱਤਰ ਨੂੰ ਕਿੰਨੀ ਘ੍ਰਿਣਾ ਕਰਦਾ ਹੈ। ਇਹ ਨਾ-ਪਸੰਦਗੀ ਨਫ਼ਰਤ ਵਿੱਚ ਬਦਲ ਸਕਦੀ ਹੈ ਜੇਕਰ ਉੱਤਰ ਇਕੱਠਾ ਰਹੇ ਅਤੇ ਦੱਖਣ ਦੇ ਟੁਕੜੇ ਹੋ ਜਾਣ ਅਤੇ ਜੇਕਰ ਉੱਤਰ, ਭਾਰਤ ਦੀ ਰਾਜਨੀਤੀ ਤੇ ਆਪਣਾ ਬੇਡੋਲ ਪ੍ਰਭਾਵ ਪਾਉਣਾ ਜਾਰੀ ਰੱਖੇਗਾ। (ਦੇਖੋ ਨਕਸ਼ਾ 1)

ਕਿਸੇ ਇੱਕ ਪ੍ਰਾਂਤ ਨੂੰ ਕੇਂਦਰ ਵਿੱਚ ਦੂਜਿਆਂ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੋਣ ਦੀ ਆਗਿਆ ਦੇਣਾ ਬਹੁਤ ਖ਼ਤਰਨਾਕ ਚੀਜ਼ ਹੈ।

ਸ੍ਰੀ ਪੈਨਨੀਕਰ ਨੇ ਮਾਮਲੇ ਦੇ ਇਸ ਪਹਿਲੂ ਦਾ ਵੀ ਹਵਾਲਾ ਦਿੱਤਾ ਹੈ। ਉਹ ਆਪਣੇ ਅਸਹਿਮਤੀ ਲੇਖ ਵਿੱਚ ਇਉਂ ਕਹਿੰਦਾ ਹੈ:

"ਮੌਜੂਦਾ ਅਸੰਤੁਲਨ, ਜੋ ਇਕਾਈਆਂ ਦੀ ਬਰਾਬਰੀ ਦੇ ਸੰਘੀ ਸਿਧਾਂਤ ਨੂੰ ਨਾ ਮੰਨਣ ਕਰਕੇ ਪੈਦਾ ਹੋਇਆ ਹੈ, ਦਾ ਪਰਿਣਾਮ, ਉੱਤਰ ਪ੍ਰਦੇਸ਼ ਤੋਂ ਬਾਹਰ ਸਾਰੇ ਪ੍ਰਾਂਤਾਂ ਵਿੱਚ ਅਵਿਸ਼ਵਾਸ ਅਤੇ ਰੋਸ ਦੀ ਭਾਵਨਾ ਪੈਦਾ ਕਰਨਾ ਹੀ ਰਿਹਾ ਹੈ। ਕੇਵਲ ਦੱਖਣੀ ਪ੍ਰਾਂਤਾਂ ਵਿੱਚ ਹੀ ਨਹੀਂ ਬਲਕਿ ਪੰਜਾਬ, ਬੰਗਾਲ ਅਤੇ ਹੋਰ ਥਾਵਾਂ ਤੇ ਵੀ ਆਯੋਗ ਦੇ ਸਾਹਮਣੇ ਆਮ ਤੌਰ

ਤੇ ਇਹ ਵਿਚਾਰ ਪ੍ਰਗਟ ਕੀਤਾ ਗਿਆ ਸੀ ਕਿ ਮੌਜੂਦਾ ਸਰਕਾਰ ਦੇ ਢਾਂਚੇ ਤੋਂ ਸਪੱਸ਼ਟ ਹੈ ਕਿ ਸਰਬ ਭਾਰਤੀ ਮਾਮਲਿਆਂ ਵਿੱਚ ਉੱਤਰ ਪ੍ਰਦੇਸ਼ ਦੀ ਹਕੂਮਤ ਹੋਵੇਗੀ। ਇਸ ਭਾਵਨਾ ਦਾ ਹੋਣਾ ਕਿਸੇ ਵੱਲੋਂ ਵੀ ਅਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾਵੇਗਾ ਕਿ ਇਹ ਸਾਡੀ ਏਕਤਾ ਲਈ ਖਤਰਾ ਹੋਵੇਗਾ, ਜੇਕਰ ਅਜਿਹੀਆਂ ਭਾਵਨਾਵਾਂ ਮੌਜੂਦ ਰਹਿਣ ਦਿੱਤੀਆਂ ਗਈਆਂ ਅਤੇ ਕੋਈ ਉਪਾਅ ਨਾ ਕੀਤੇ ਗਏ।"

ਉੱਤਰ ਅਤੇ ਦੱਖਣ ਵਿਚਕਾਰ ਵਿਸ਼ਾਲ ਅੰਤਰ ਹੈ। ਉੱਤਰ ਰੂੜੀਵਾਦੀ ਹੈ। ਦੱਖਣ ਪ੍ਰਗਤੀਵਾਦੀ ਹੈ। ਉੱਤਰ ਅੰਧ-ਵਿਸ਼ਵਾਸੀ ਹੈ ਤੇ ਦੱਖਣ ਸਮਝਦਾਰ ਹੈ। ਦੱਖਣ ਸਿੱਖਿਆ ਪੱਖੋਂ ਉੱਨਤ ਹੈ ਅਤੇ ਉੱਤਰ ਸਿੱਖਿਆ ਪੱਖੋਂ ਪੱਛੜਿਆ ਹੋਇਆ ਹੈ। ਦੱਖਣ ਦੀ ਸੰਸਕ੍ਰਿਤੀ ਆਧੁਨਿਕ ਹੈ ਉੱਤਰ ਦੀ ਸੰਸਕ੍ਰਿਤੀ ਪ੍ਰਾਚੀਨ ਹੈ।

ਕੀ ਪ੍ਰਧਾਨ ਮੰਤਰੀ, ਨਹਿਰੂ , 15 ਅਗਸਤ, 1947 ਨੂੰ ਬਨਾਰਸ ਦੇ ਬ੍ਰਾਹਮਣਾਂ ਦੁਆਰਾ ਆਜ਼ਾਦ ਅਤੇ ਸੁਤੰਤਰ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਹੋਣ ਦੀ ਖੁਸ਼ੀ ਵਿੱਚ ਕੀਤੇ ਗਏ ਸਜਨਾ ਵਿੱਚ ਨਹੀਂ ਬੈਠਿਆ ਅਤੇ ਬ੍ਰਾਹਮਣਾ ਦੁਆਰਾ ਉਸ ਨੂੰ ਦਿੱਤਾ ਗਿਆ ਰਾਜਡੰਡਾ ਉਸਨੇ ਨਹੀਂ ਪਹਿਨਿਆ ਅਤੇ ਉਨ੍ਹਾਂ ਵੱਲੋਂ ਲਿਆਂਦਾ ਗਿਆ ਗੰਗਾਜਲ ਨਹੀਂ ਪੀਤਾ?

ਪਿਛਲੇ ਦਿਨਾਂ ਵਿੱਚ ਕਿੰਨੀਆਂ ਔਰਤਾਂ ਨੂੰ ਸਤੀ ਹੋਣ ਅਤੇ ਆਪਣੇ ਮਰ ਗਏ ਪਤੀਆਂ ਦੀ ਚਿਤਾ ਵਿੱਚ ਸੜ ਕੇ ਮਰਨ ਲਈ ਮਜਬੂਰ ਕੀਤਾ ਗਿਆ ਹੈ। ਕੀ ਰਾਸ਼ਟਰਪਤੀ, ਹਾਲ ਹੀ ਵਿੱਚ, ਬਨਾਰਸ ਨਹੀਂ ਗਏ ਅਤੇ ਬ੍ਰਾਹਮਣਾਂ ਦੀ ਪੂਜਾ ਨਹੀਂ ਕੀਤੀ ਗਈ, ਉਨ੍ਹਾਂ ਦੇ ਪੈਰ ਨਹੀ ਧੋਏ ਅਤੇ ਪਾਣੀ ਨਹੀਂ ਪੀਤਾ?

ਉੱਤਰ ਵਿੱਚ ਹਾਲੇ ਵੀ ਸਤੀ ਹੈ ਤੇ ਨੰਗੇ ਸਾਧੂ ਵੀ ਹਨ। ਪਿਛਲੇ ਹਰਿਦੁਆਰ ਮੇਲੇ ਵਿੱਚ ਨੰਗੇ ਸਾਧੂਆਂ ਨੇ ਕਿੰਨੀ ਵੀਰਾਨੀ ਕੀਤੀ? ਕੀ ਉੱਤਰ ਪ੍ਰਦੇਸ਼ ਵਿੱਚ ਇਸਦੇ ਵਿਰੁੱਧ ਕਿਸੇ ਨੇ ਵੀ ਰੋਸ ਕੀਤਾ?

ਦੱਖਣ ਦੁਆਰਾ ਉੱਤਰ ਦੀ ਹਕੂਮਤ ਕਿਵੇਂ ਬਰਦਾਸ਼ਤ ਕੀਤੀ ਜਾਵੇਗੀ? ਪਹਿਲਾਂ ਹੀ ਉੱਤਰ ਤੋਂ ਵੱਖ ਹੋਣ ਲਈ ਦੱਖਣ ਦੀ ਇੱਛਾ ਦੇ ਚਿੰਨ੍ਹ ਮੌਜੂਦ ਹਨ।

ਸ੍ਰੀ ਰਾਜਾਗੋਪਾਲਾਚਾਰੀ ਨੇ ਪ੍ਰਾਂਤ ਪੁਨਰਗਠਨ ਆਯੋਗ ਦੀਆਂ ਸਿਫ਼ਾਰਸ਼ਾਂ ਤੇ ਇਕ ਬਿਆਨ ਦਿੱਤਾ ਹੈ ਜੋ 27 ਨਵੰਬਰ, 1955 ਨੂੰ ਟਾਈਮਜ਼ ਆਫ਼ ਇੰਡੀਆ ਵਿੱਚ ਛਪਿਆ ਹੈ। ਉਹ ਇੰਜ ਕਹਿੰਦਾ ਹੈ:

"ਜੇਕਰ ਪ੍ਰਾਂਤ ਪੁਨਰਗਠਨ ਸਕੀਮਾਂ ਨੂੰ ਆਉਣ ਵਾਲੇ 15 ਸਾਲਾਂ ਲਈ ਦਬਾਕੇ ਰੱਖਣਾ ਸੰਭਵ ਨਹੀਂ ਤਦ ਕੇਂਦਰ ਲਈ ਕੇਵਲ ਇਕ ਵਿਕਲਪ ਰਹਿ ਜਾਂਦਾ ਹੈ ਕਿ ਭਾਰਤ ਦਾ ਪ੍ਰਸ਼ਾਸਨ ਬਤੌਰ ਇਕਾਈ ਰਾਜ ਦੇ ਕਰੇ ਅਤੇ ਜ਼ਿਲ੍ਹਾ ਅਧਿਕਾਰੀਆਂ ਅਤੇ ਜ਼ਿਲ੍ਹਾ ਬੋਰਡਾਂ ਨਾਲ ਹਲਕਾ ਕਮਿਸ਼ਨਰਾਂ ਦੀ ਨਿਗਰਾਨੀ ਹੇਠ ਸਿੱਧਾ ਹੀ ਸੰਪਰਕ ਰੱਖੇ।"

"ਇਹ ਸਰਾਸਰ ਗ਼ਲਤ ਹੋਵੇਗਾ ਕਿ ਬੈਠਕਾਂ ਵਿੱਚ ਬੈਠ ਕੇ ਬਣਾਈਆਂ ਗਈਆਂ ਹੱਦਾਂ ਅਤੇ ਵੰਡਾਂ ਦੇ ਝਗੜਿਆਂ ਤੇ ਰਾਸ਼ਟਰੀ ਸ਼ਕਤੀ ਜ਼ਾਇਆ ਕੀਤੀ ਜਾਵੇ ਅਤੇ ਨਾ ਕਿ ਹਾਲਾਤ ਦੀ ਪਿਛੋਕੜ ਤੇ ਜਿਸਦਾ ਇਤਿਹਾਸਕ ਪਰਿਣਾਮ ਹੈ।"

"ਮੇਰੇ ਇਨ੍ਹਾਂ ਆਮ ਵਿਚਾਰਾਂ ਤੋਂ ਇਲਾਵਾ, ਮੈਂ ਸਮਝਦਾ ਹਾਂ ਕਿ ਦੇਸ਼ ਦੇ ਉਸ ਹਿੱਸੇ ਦੀ

ਰਾਜਨੀਤਕ ਮਹੱਤਤਾ ਬਣਾਏ ਰੱਖਣ ਲਈ ਇੱਕ ਵੱਡੇ ਦੱਖਣੀ ਪ੍ਰਾਂਤ ਦੀ ਸਖ਼ਤ ਲੋੜ ਹੈ। ਦੱਖਣ ਨੂੰ ਤਾਮਿਲ, ਮਲਿਆਲਮ ਅਤੇ ਹੋਰ ਛੋਟੇ ਪ੍ਰਾਂਤਾਂ ਵਿੱਚ ਵੰਡਣ ਦਾ ਮਾਤਰ ਪਰਿਣਾਮ ਹੋਵੇਗਾ ਹਰ ਇਕ ਦੀ ਮੁਕੰਮਲ ਬੇਕਦਰੀ ਅਤੇ ਸਾਫ਼ ਨਤੀਜਾ ਹੋਵੇਗਾ, ਭਾਵ ਪੂਰਨ ਤੌਰ ਤੇ ਹੋਰ ਕਮਜ਼ੋਰ।"

ਸ੍ਰੀ ਰਾਜਾ ਗੋਪਾਲਾਚਾਰੀ ਆਪਣੇ ਮੁਕੰਮਲ ਵਿਚਾਰ ਪ੍ਰਗਟ ਨਹੀਂ ਕਰ ਸਕੇ ਸਨ। ਉਨ੍ਹਾਂ ਨੇ ਮੁਕੰਮਲ ਅਤੇ ਖੁਲ੍ਹੇ ਤੌਰ ਤੇ ਆਪਣੇ ਵਿਚਾਰ ਮੇਰੇ ਪਾਸ ਪ੍ਰਗਟ ਕੀਤੇ ਜਦੋਂ ਉਹ ਦੇਸ਼ ਦੇ ਮੁੱਖੀ ਸਨ ਅਤੇ ਮੈਂ ਸੰਵਿਧਾਨ ਬਣਾਉਣ ਲਈ ਇੰਚਾਰਜ ਕਾਨੂੰਨ ਮੰਤਰੀ ਸੀ। ਮੈਂ ਸ੍ਰੀ ਰਾਜਾ ਗੋਪਾਲਾਚਾਰੀ ਪਾਸ ਆਪਣੀ ਰਸਮੀ ਮੁਲਾਕਾਤ ਲਈ ਗਿਆ ਜੋ ਉਨ੍ਹਾਂ ਦਿਨਾਂ ਵਿੱਚ ਪ੍ਰਥਾ ਸੀ। ਇਕ ਅਜਿਹੀ ਮੁਲਾਕਾਤ ਸਮੇਂ, ਸ੍ਰੀ ਰਾਜਾ ਗੋਪਾਲਾਚਾਰੀ ਨੇ ਸੰਵਿਧਾਨ ਦਾ ਹਵਾਲਾ ਦਿੰਦੇ ਹੋਏ, ਜੋ ਸੰਵਿਧਾਨ ਸਭਾ ਬਣਾ ਰਹੀ ਸੀ, ਮੈਨੂੰ ਕਿਹਾ, "ਤੁਸੀਂ ਇਕ ਬਹੁਤ ਵੱਡੀ ਗ਼ਲਤੀ ਕਰ ਰਹੇ ਹੋ। ਸਾਰੇ ਖੇਤਰਾਂ ਲਈ ਬਰਾਬਰ ਦੀ ਪ੍ਰਤੀਨਿਧਤਾ ਨਾਲ ਸਾਰੇ ਭਾਰਤ ਲਈ ਸੰਘ ਨਹੀਂ ਚਲੇਗਾ। ਅਜਿਹੇ ਸੰਘ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਹਮੇਸ਼ਾਂ ਹਿੰਦੀ ਭਾਸ਼ੀ ਖੇਤਰਾਂ ਦੇ ਹੋਇਆ ਕਰਨਗੇ। ਤੁਹਾਨੂੰ ਦੋ ਸੰਘ ਬਣਾਉਣੇ ਚਾਹੀਦੇ ਹਨ, ਇਕ ਸੰਘ ਉੱਤਰ ਦਾ ਅਤੇ ਇੱਕ ਸੰਘ ਦੱਖਣ ਦਾ ਅਤੇ ਉੱਤਰ ਅਤੇ ਦੱਖਣ ਦਾ ਮਹਾਂਸੰਘ ਅਤੇ ਕਾਨੂੰਨ ਬਣਾਉਣ ਲਈ ਮਹਾਂਸੰਘ ਪਾਸ ਤਿੰਨ ਵਿਸ਼ੇ ਹੋਣ ਅਤੇ ਦੋਨਾਂ ਸੰਘਾਂ ਦੀ ਬਰਾਬਰ ਪ੍ਰਤਿਨਿੱਧਤਾ ਹੋਵੇ।"

ਇਹ ਸ੍ਰੀ ਰਾਜਾ ਗੋਪਾਲਾਚਾਰੀ ਦੇ ਅਸਲੀ ਵਿਚਾਰ ਸਨ। ਇਹ ਵਿਚਾਰ ਮੇਰੇ ਪਾਸ ਇੱਕ ਰੌਸ਼ਨੀ ਦੀ ਤਰ੍ਹਾਂ ਇੱਕ ਕਾਂਗਰਸੀ ਦੇ ਦਿਲ ਦੀ ਤਹਿ ਤੋਂ ਉਠ ਕੇ ਆਏ। ਮੈਂ ਹੁਣ ਸ੍ਰੀ ਰਾਜਾ ਗੋਪਾਲਾਚਾਰੀ ਨੂੰ ਇੱਕ ਪੈਗੰਬਰ ਮੰਨਦਾ ਹਾਂ ਜਿਸਨੇ ਉੱਤਰ ਦੇ ਦੱਖਣ ਵਿੱਚ ਭਾਰਤ ਦੀ ਵੰਡ ਦੀ ਭਵਿੱਖਬਾਣੀ ਕੀਤੀ। ਸਾਨੂੰ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸ੍ਰੀ ਰਾਜਾ ਗੋਪਾਲਾਚਾਰੀ ਦੀ ਭਵਿਖਬਾਣੀ ਝੂਠੀ ਸਿੱਧ ਹੋਵੇ।

ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਉੱਤਰ ਅਤੇ ਦੱਖਣ ਵਿਚਕਾਰ ਖਾਨਾ-ਜੰਗ ਹੋਈ ਸੀ। ਭਾਰਤ ਵਿਚ ਵੀ ਉੱਤਰ ਅਤੇ ਦੱਖਣ ਵਿਚਕਾਰ ਖਾਨਾਜੰਗੀ ਹੋ ਸਕਦੀ ਹੈ। ਸਮੇਂ ਅਨੁਸਾਰ ਅਜਿਹੇ ਝਗੜੇ ਲਈ ਬਹੁਤ ਸਾਰੇ ਕਾਰਨ ਬਣ ਜਾਣਗੇ। ਇਹ ਬਿਲਕੁਲ ਨਹੀਂ ਭੁੱਲਣਾ ਚਾਹੀਦਾ ਕਿ ਉੱਤਰ ਅਤੇ ਦੱਖਣ ਵਿੱਚ ਵਿਸ਼ਾਲ ਸੰਸਕ੍ਰਿਤਕ ਅੰਤਰ ਹੈ ਅਤੇ ਸੰਸਕ੍ਰਿਤਕ ਅਸਮਾਨਤਾਵਾਂ ਅੱਗ ਭੜਕਾਊ ਹੁੰਦੀਆਂ ਹਨ।

ਉੱਤਰ ਨੂੰ ਇਕੱਠਿਆਂ ਕਰਨ ਅਤੇ ਦੱਖਣ ਨੂੰ ਵੰਡਣ ਵਿੱਚ, ਆਯੋਗ ਨੇ ਇਸ ਗੱਲ ਨੂੰ ਨਹੀਂ ਸਮਝਿਆ ਕਿ ਉਹ ਕੇਵਲ ਭਾਸ਼ਾਈ ਸਮੱਸਿਆ ਨਾਲ ਹੀ ਨਹੀਂ ਬਲਕਿ ਰਾਜਨੀਤਕ ਸਮੱਸਿਆ ਤੇ ਵਿਚਾਰ ਕਰ ਰਹੇ ਸਨ। ਅਜਿਹੀ ਵਾਰਦਾਤ ਹੋਣ ਤੋਂ ਰੋਕਣ ਲਈ ਜੇਕਰ ਹੁਣੇ ਹੀ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਇਹ ਬਹੁਤ ਵੱਡੀ ਮੂਰਖਤਾ ਹੋਵੇਗੀ। ਪਰੰਤੂ ਇਸਦਾ ਉਪਾਅ ਕੀ ਹੈ?

# ਭਾਗ-3

# ਹੱਲ

## ਅਧਿਆਇ-6

## ਉੱਤਰ ਦੀ ਵੰਡ

ਸਮੱਸਿਆ ਨੂੰ ਸਮਝਣ ਤੋਂ ਬਾਅਦ, ਹੁਣ ਸਾਨੂੰ ਇਸ ਦਾ ਹੱਲ ਜ਼ਰੂਰ ਲੱਭਣਾ ਚਾਹੀਦਾ ਹੈ।

ਇਸ ਦਾ ਹੱਲ ਸਪੱਸ਼ਟ ਤੌਰ ਤੇ, ਪ੍ਰਾਂਤ ਦਾ ਆਕਾਰ ਨਿਰਧਾਰਤ ਕਰਨ ਲਈ ਕੁਝ ਸਿਧਾਂਤ ਅਪਣਾਉਣ ਵਿੱਚ ਹੈ। ਅਜਿਹੇ ਸਿਧਾਂਤ ਨਿਯਤ ਕਰਨਾ ਕੋਈ ਸੌਖਾ ਨਹੀਂ ਹੈ। ਜੇਕਰ ਦੋ ਕਰੋੜ ਆਬਾਦੀ ਨੂੰ ਸਿਧਾਂਤਕ ਪੈਮਾਨਾ ਮੰਨ ਲਿਆ ਜਾਵੇ, ਤਦ ਬਹੁਤ ਸਾਰੇ ਦੱਖਣੀ ਪ੍ਰਾਂਤ ਮਿਸ਼ਰਤ ਪ੍ਰਾਂਤ ਬਣ ਜਾਣਗੇ। ਇਸ ਲਈ ਉੱਤਰੀ ਪ੍ਰਾਂਤਾਂ ਦੇ ਡਰ ਦਾ ਮੁਕਾਬਲਾ ਕਰਨ ਲਈ ਦੱਖਣੀ ਪ੍ਰਾਂਤਾਂ ਨੂੰ ਵੱਡਾ ਕਰਨਾ ਅਸੰਭਵ ਹੈ। ਉੱਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼ ਵਰਗੇ ਉੱਤਰੀ ਰਾਜਾਂ ਨੂੰ ਤੋੜਨਾ ਹੀ ਕੇਵਲ ਇਕ ਉਪਾਅ ਹੈ। ਮੇਰੀ ਸਮਝ ਤੋਂ ਬਾਹਰ ਹੈ ਕਿ ਇਹ ਹੱਲ ਕਾਂਗਰਸ ਕਾਰਜਕਰਣੀ ਕਮੇਟੀ ਦੇ ਦਿਮਾਗ ਵਿੱਚ ਕਿਉਂ ਨਹੀਂ ਆਇਆ। ਇਹ ਬੜਾ ਸਪੱਸ਼ਟ ਹੈ।

### ਉੱਤਰੀ ਪ੍ਰਾਂਤਾਂ ਦੀ ਵੰਡ

ਜਿਵੇਂ ਮੈਂ ਕਹਿ ਚੁੱਕਾ ਹਾਂ ਕਿ ਆਯੋਗ ਨੇ ਭਾਸ਼ਾ ਤੇ ਆਧਾਰਿਤ ਪ੍ਰਾਂਤਾਂ ਦੀ ਸਿਰਜਣਾ ਕਰਦੇ ਸਮੇਂ ਉੱਤਰ ਦਾ ਏਕੀਕਰਨ ਅਤੇ ਦੱਖਣ ਦੀ ਵੰਡ ਕਰ ਦਿੱਤੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਆਯੋਗ ਨੇ ਇਹ ਜਾਣਬੁੱਝ ਕੇ ਨਹੀਂ ਕੀਤਾ। ਪ੍ਰੰਤੂ ਜਾਣਬੁੱਝ ਕੇ ਜਾਂ ਅਣਜਾਣ ਵਿੱਚ ਹੋਇਆ ਹੈ ਤਾਂ ਇੱਕ ਸਚਾਈ ਹੈ। ਇਸ ਦੇ ਮਾੜੇ ਸਿੱਟੇ ਵੀ ਸਪੱਸ਼ਟ ਹਨ।

ਇਸ ਲਈ, ਇਹ ਜ਼ਰੂਰੀ ਹੈ ਕਿ ਇਸ ਸਥਿਤੀ ਨੂੰ ਸੁਧਾਰ ਲਿਆ ਜਾਵੇ। ਇਸ ਦਾ ਇੱਕੋ ਇਕ ਤਰੀਕਾ ਹੈ ਕਿ (1) ਉੱਤਰ ਪ੍ਰਦੇਸ਼ (2) ਬਿਹਾਰ ਅਤੇ (3) ਮੱਧ ਪ੍ਰਦੇਸ਼, ਤਿੰਨਾਂ ਪ੍ਰਾਂਤਾਂ ਨੂੰ ਛੋਟੀਆਂ ਇਕਾਈਆਂ ਵਿੱਚ ਵੰਡ ਦਿੱਤਾ ਜਾਵੇ।

ਇਸ ਸਬੰਧ ਵਿੱਚ ਮੈਂ ਕੁਝ ਅਸਥਾਈ ਤਜਵੀਜ਼ਾਂ ਪੇਸ਼ ਕਰਨ ਦਾ ਸਾਹਸ ਕਰਦਾ ਹਾਂ।

ਇਹ ਵੰਡ ਭਾਸ਼ਾ ਤੇ ਆਧਾਰਿਤ ਪ੍ਰਾਂਤ ਦੇ ਮੁੱਢਲੇ ਸਿਧਾਂਤ ਦੇ ਉਲਟ ਨਹੀਂ ਹੈ। ਕਿਉਂਕਿ, ਜੇਕਰ ਇਨ੍ਹਾਂ ਪ੍ਰਾਂਤਾਂ ਨੂੰ ਪ੍ਰਸਤਾਵਿਤ ਢੰਗ ਨਾਲ ਵੰਡਿਆ ਜਾਂਦਾ ਹੈ, ਤਦ ਹਰ ਇਕ ਨਵਾਂ ਪ੍ਰਾਂਤ ਭਾਸ਼ਾ ਤੇ ਆਧਾਰਿਤ ਪ੍ਰਾਂਤ ਹੋਵੇਗਾ।

ਮੈਨੂੰ ਖੁਸ਼ੀ ਹੈ ਕਿ ਸ੍ਰੀ ਪੰਤ ਨੇ ਹਾਲ ਹੀ ਵਿੱਚ ਇਸ ਵਿਸ਼ੇ ਤੇ ਸੰਸਦ ਵਿੱਚ ਹੋਈ ਬਹਿਸ ਦੇ ਦੌਰਾਨ ਕਿਹਾ ਸੀ ਕਿ ਉੱਤਰ ਪ੍ਰਦੇਸ਼ ਦੀ ਵੰਡ ਕਰਨ ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਜੋ ਕੁਝ ਵੀ ਉਨ੍ਹਾਂ ਨੇ ਉੱਤਰ ਪ੍ਰਦੇਸ਼ ਲਈ ਕਿਹਾ ਸੀ, ਉਹ ਬਿਹਾਰ ਅਤੇ ਮੱਧ ਪ੍ਰਦੇਸ਼ ਤੇ ਵੀ ਲਾਗੂ ਸਮਝਣਾ ਚਾਹੀਦਾ ਹੈ।

ਉੱਤਰ ਪ੍ਰਦੇਸ਼ ਦੀ ਵੰਡ:

(ਦੇਖੋ ਨਕਸ਼ਾ 2)। ਇਨ੍ਹਾਂ ਤਿੰਨਾਂ ਪ੍ਰਾਂਤਾਂ ਵਿਚੋਂ ਹਰ ਇਕ ਦੀ ਆਬਾਦੀ ਲਗਭਗ ਦੋ ਕਰੋੜ

ਹੋਣੀ ਚਾਹੀਦੀ ਹੈ ਜੋ ਕਿ ਇਕ ਪ੍ਰਾਂਤ ਨੂੰ ਅਸਰਦਾਰ ਢੰਗ ਨਾਲ ਚਲਾਉਣ ਲਈ ਆਬਾਦੀ ਦੇ ਪ੍ਰਮਾਣਿਤ ਆਕਾਰ ਵਜੋਂ ਮੰਨੀ ਜਾਣੀ ਚਾਹੀਦੀ ਹੈ। ਇਨ੍ਹਾਂ ਤਿੰਨਾਂ ਪ੍ਰਾਂਤਾਂ ਦੀਆਂ ਹੱਦਾਂ ਦੀਆਂ ਲਕੀਰਾਂ ਕਿਥੇ ਖਿੱਚੀਆਂ ਜਾਣ, ਮੈਂ, ਨੱਥੀ ਨਕਸ਼ਾ ਨੰ:2 ਵਿਚ ਦਰਸਾ ਚੁੱਕਾ ਹਾਂ।

ਉੱਤਰ ਪ੍ਰਦੇਸ਼ ਦੇ ਤਿੰਨੇ ਪ੍ਰਾਂਤ ਆਪਣੀ ਆਪਣੀ ਰਾਜਧਾਨੀ (1) ਮੇਰਠ (2) ਕਾਨਪੁਰ ਅਤੇ (3) ਅਲਾਹਾਬਾਦ ਬਣਾ ਸਕਦੇ ਹਨ।ਉਹ ਇਨ੍ਹਾਂ ਤਿੰਨਾਂ ਪ੍ਰਾਂਤਾਂ ਦੇ ਬਿਲਕੁਲ ਕੇਂਦਰ ਵਿਚ ਸਥਿਤ ਹਨ।

ਬਿਹਾਰ ਦੀ ਵੰਡ:

ਬਿਹਾਰ ਬਾਰੇ ਮੇਰਾ ਪ੍ਰਸਤਾਵ ਇਸ ਨੂੰ ਦੋ ਪ੍ਰਾਂਤਾਂ ਵਿੱਚ ਵੰਡਣ ਦਾ ਹੈ। (ਦੇਖੋ ਨਕਸ਼ਾ ਨੰ: 3) ਇਨ੍ਹਾਂ ਦੋਨਾਂ ਪ੍ਰਾਂਤਾਂ ਵਿੱਚ ਹਰ ਇਕ ਦੀ ਆਬਾਦੀ ਡੇਢ ਕਰੋੜ ਤੋਂ ਥੋੜ੍ਹੀ ਜਿਹੀ ਵੱਧ ਹੋਵੇਗੀ। ਏਨੀ ਆਬਾਦੀ ਇਕ ਸਰਕਾਰ ਦੁਆਰਾ ਪ੍ਰਬੰਧ ਕਰਨ ਲਈ ਘੱਟ ਨਹੀਂ ਹੈ।

ਸਰਹੱਦੀ ਲਕੀਰਾਂ ਕਿਥੇ ਖਿੱਚੀਆਂ ਜਾਣ, ਮੈਂ ਨੱਥੀ ਨਕਸ਼ਾ ਨੰ: 3 ਵਿੱਚ ਦਰਸਾ ਚੁੱਕਾ ਹਾਂ।

ਬਿਹਾਰ ਦੇ ਦੋਨੋਂ ਪ੍ਰਾਂਤ ਆਪਣੀ ਆਪਣੀ ਰਾਜਧਾਨੀ (1) ਪਟਨਾ ਅਤੇ (2) ਰਾਂਚੀ ਬਣਾ ਸਕਦੇ ਹਨ। ਇਹ ਦੋਨਾਂ ਪ੍ਰਾਂਤਾਂ ਦੇ ਬਿਲਕੁਲ ਕੇਂਦਰ ਵਿੱਚ ਸਥਿਤ ਹਨ।

ਮੱਧ ਪ੍ਰਦੇਸ਼ ਦੀ ਵੰਡ:

ਮੱਧ ਪ੍ਰਦੇਸ਼ ਸਾਡੇ ਸਾਹਮਣੇ ਦੋ ਰੂਪਾਂ ਵਿਚ ਪੇਸ਼ ਹੈ। ਪੁਰਾਣਾ ਮੱਧ ਪ੍ਰਦੇਸ਼ ਅਤੇ ਨਵਾਂ ਮੱਧ ਪ੍ਰਦੇਸ਼।

ਪੁਰਾਣੇ ਮੱਧ ਪ੍ਰਦੇਸ਼ ਵਿੱਚ ਆਉਂਦੇ ਹਨ:-

(1) ਸੀ.ਪੀ. ਅਤੇ ਬੇਰਾੜ ਵਜੋਂ, ਕਿਸੇ ਵਕਤ, ਜਾਣੇ ਜਾਂਦੇ ਪ੍ਰਾਂਤ, ਅਤੇ

(2) ਪੂਰਬੀ ਰਾਜਾਂ ਵਜੋਂ ਜਾਣੇ ਜਾਂਦੇ ਪ੍ਰਾਂਤਾਂ ਵਿਚੋਂ ਕੁਝ ਭਾਰਤੀ ਪ੍ਰੋਤ।

ਮੱਧ ਪ੍ਰਦੇਸ਼ ਦੇ ਪੁਰਾਣੇ ਪ੍ਰਾਂਤ ਦੀ ਆਬਾਦੀ ਢਾਈ ਕਰੋੜ ਸੀ। ਇਸ ਦੇ 22 ਜ਼ਿਲ੍ਹੇ ਸਨ। ਇਸ ਦੀ ਵਿਧਾਨ ਸਭਾ ਦੇ 233 ਮੈਂਬਰ ਸਨ।

ਆਯੋਗ ਦੁਆਰਾ ਜੋ ਨਵਾਂ ਮੱਧ ਪ੍ਰਦੇਸ਼ ਚਿਤਰਿਆ ਗਿਆ ਹੈ, ਉਸ ਵਿੱਚ ਹੋਣਗੇ:

(1) ਪੁਰਾਣੇ ਮੱਧ ਪ੍ਰਦੇਸ਼ ਦੇ 14 ਜ਼ਿਲ੍ਹੇ,

(2) ਪੂਰਾ ਭੂਪਾਲ

(3) ਪੂਰਾ ਵਿੰਧੀਆ ਪ੍ਰਦੇਸ਼

(4) ਮੱਧ ਭਾਰਤ ਸਿਵਾਏ: ਮੰਡਾਸੌਰ ਜ਼ਿਲ੍ਹੇ ਵਿੱਚ ਪੈਂਦਾ ਸੁਨੇਲ ਖੇਤਰ।

(5) ਰਾਜਸਥਾਨ ਦੇ ਕੋਟਾ ਜ਼ਿਲ੍ਹੇ ਦਾ ਸਿਰੌਂਜ ਉਪ-ਮੰਡਲ।

ਇਸ ਨਵੇਂ ਮੱਧ ਪ੍ਰਦੇਸ਼ ਦੀ ਕੁਲ ਆਬਾਦੀ ਦੋ ਕਰੋੜ 61 ਲੱਖ ਹੋਵੇਗੀ ਅਤੇ ਇਸ ਦਾ ਖੇਤਰ (ਰਕਬਾ) 171.200 ਵਰਗ ਮੀਲ ਹੋਵੇਗਾ।

ਮੇਰਾ ਸੁਝਾਅ ਹੈ ਕਿ ਇਸਨੂੰ ਦੋ ਪ੍ਰਾਂਤਾਂ ਵਿੱਚ ਵੰਡ ਦੇਣਾ ਚਾਹੀਦਾ ਹੈ:-

(1) ਉੱਤਰੀ ਮੱਧ ਪ੍ਰਦੇਸ਼ (2) ਦੱਖਣੀ ਮੱਧ ਪ੍ਰਦੇਸ਼ (ਦੇਖੋ ਨਕਸ਼ਾ ਨੰ:4)

ਨਵੇਂ ਉੱਤਰੀ ਮੱਧ ਪ੍ਰਦੇਸ਼ ਦੇ ਪ੍ਰਾਂਤ ਵਿੱਚ ਹੇਠ ਲਿਖੇ ਇਲਾਕੇ ਹੋਣੇ ਚਾਹੀਦੇ ਹਨ:

(1) ਪੂਰਾ ਵਿੰਧੀਆ ਪ੍ਰਦੇਸ਼

(2) ਪੂਰੀ ਭੂਪਾਲ

ਦੱਖਣੀ ਮੱਧ ਪ੍ਰਦੇਸ਼ ਦੇ ਪ੍ਰਾਂਤ ਵਿੱਚ ਹੋਣੇ ਚਾਹੀਦੇ ਹਨ:

(1) ਇੰਦੌਰ ਦੀ ਸਾਰੀ ਰਿਆਸਤ, ਅਤੇ

(2) ਮਹਾਂਕੌਸ਼ਲ ਦੇ 14 ਜ਼ਿਲ੍ਹੇ।

ਇਸ ਇੰਦੌਰ ਪ੍ਰਾਂਤ ਦੀ ਆਬਾਦੀ ਲਗਭਗ ਦੋ ਕਰੋੜ ਹੋਵੇਗੀ ਅਤੇ ਵਿੰਧੀਆ ਪ੍ਰਦੇਸ਼ ਦੀ ਆਬਾਦੀ ਤਕਰੀਬਨ 1.30 ਕਰੋੜ ਹੋਵੇਗੀ (ਦੇਖੋ ਨਕਸ਼ਾ ਨੰ:4)।

ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਆਯੋਗ ਨੇ ਇਹ ਏਨਾ ਵੱਡਾ ਪ੍ਰਾਂਤ ਕਿਉਂ ਬਣਾਇਆ। ਇਥੋਂ ਤੱਕ ਕਿ ਪ੍ਰਧਾਨ ਮੰਤਰੀ, ਨਹਿਰੂ ਵੀ ਇਸ ਦੀ ਸਿਰਜਣਾ ਤੇ ਹੈਰਾਨ ਸਨ। ਇਸ ਸਾਰੇ ਤੋਂ ਇਹੀ ਸਮਝਿਆ ਜਾ ਸਕਦਾ ਹੈ ਕਿ ਆਯੋਗ ਦੀ ਧਾਰਣਾ ਸੀ ਕਿ ਇਕ ਭਾਸ਼ਾ ਇਕ ਪ੍ਰਾਂਤ ਹੋਣਾ ਸਪੱਸ਼ਟ ਤੌਰ ਤੇ ਜ਼ਰੂਰੀ ਹੈ, ਜਿਸ ਤੋਂ ਬਚਿਆ ਨਹੀਂ ਜਾ ਸਕਦਾ। ਜਿਵੇਂ ਮੈਂ ਸਿੱਧ ਕਰ ਚੁੱਕਾ ਹਾਂ ਕਿ ਇਕ ਭਾਸ਼ਾ, ਇਕ ਪ੍ਰਾਂਤ ਕਦੇ ਵੀ ਜ਼ਰੂਰੀ ਨਹੀਂ ਹੈ। ਅਸਲ ਵਿੱਚ ਇਕ ਪ੍ਰਾਂਤ, ਇਕ ਭਾਸ਼ਾ ਦਾ ਸਿਧਾਂਤ ਹੋਣਾ ਚਾਹੀਦਾ ਹੈ। ਇਸ ਲਈ, ਇਕ ਭਾਸ਼ੀ ਲੋਕ ਆਪਣੇ ਆਪ ਨੂੰ ਅਨੇਕ ਪ੍ਰਾਂਤਾਂ ਵਿੱਚ ਵੰਡ ਸਕਦੇ ਹਨ।

## ਅਧਿਆਇ-7

## ਮਹਾਂਰਾਸ਼ਟਰ ਦੀਆਂ ਸਮੱਸਿਆਵਾਂ

ਮਹਾਂਰਾਸ਼ਟਰ ਨਾਲ ਨਜਿੱਠਣ ਦੇ ਪ੍ਰਸਤਾਵ

ਮਹਾਂਰਾਸ਼ਟਰ ਇਕ ਹੋਰ ਖੇਤਰ ਹੈ ਜੋ ਵਾਦਵਿਵਾਦ ਦਾ ਵਿਸ਼ਾ ਹੈ।

ਇਸ ਦੇ ਲਈ ਵਿਚਾਰਾਧੀਨ ਚਾਰ ਪ੍ਰਸਤਾਵ ਹਨ:

(1) ਬੰਬਈ ਰਿਆਸਤ ਨੂੰ ਜਿਉਂ ਦਾ ਤਿਉਂ ਰੱਖਣਾ ਅਰਥਾਤ ਮਹਾਂਰਾਸ਼ਟਰ, ਗੁਜਰਾਤ ਅਤੇ ਬੰਬਈ ਦੇ ਮਿਸ਼ਰਤ ਪ੍ਰਾਂਤ ਵਜੋਂ ਰੱਖਣਾ।

(2) ਮੌਜੂਦਾ ਰਿਆਸਤ ਨੂੰ ਤੋੜਨਾ ਅਤੇ ਮਹਾਂਰਾਸ਼ਟਰ ਤੇ ਗੁਜਰਾਤ ਨੂੰ ਵੱਖ ਕਰਨਾ ਅਤੇ ਉਨ੍ਹਾਂ ਨੂੰ ਦੋ ਅਲੱਗ ਅਲੱਗੀ ਪ੍ਰਾਂਤ ਬਣਾਉਣਾ।

(3) ਬੰਬਈ ਰਿਆਸਤ ਸਮੇਤ ਸੰਯੁਕਤ ਮਹਾਂਰਾਸ਼ਟਰ ਬਣਾਉਣਾ।

(4) ਬੰਬਈ ਨੂੰ ਮਹਾਂਰਾਸ਼ਟਰ ਤੋਂ ਅਲੱਗ ਕਰਨਾ ਅਤੇ ਇਸਨੂੰ ਵੱਖਰਾ ਸ਼ਹਿਰੀ ਪ੍ਰਾਂਤ ਬਣਾਉਣਾ।

ਮੈਂ ਆਪਣੇ ਪ੍ਰਸਤਾਵ ਦੱਸਣੇਂ ਚਾਹਵਾਂਗਾ। ਉਹ ਨਿਮਨ ਅਨੁਸਾਰ ਹਨ:

ਬੰਬਈ ਮਿਸ਼ਰਤ ਪ੍ਰਾਂਤ ਵਜੋਂ ਨਹੀਂ ਰਹਿਣਾ ਚਾਹੀਦਾ।

ਮੈਂ ਮਹਾਂਰਾਸ਼ਟਰ ਨੂੰ ਚਾਰ ਪ੍ਰਾਂਤਾਂ ਵਿੱਚ ਵੰਡਦਾ ਹਾਂ (ਦੇਖੋ ਨਕਸ਼ਾ 5):

(1) ਮਹਾਂਰਾਸ਼ਟਰ ਸ਼ਹਿਰੀ ਪ੍ਰਾਂਤ (ਬੰਬਈ)

(2) ਪੱਛਮੀ ਮਹਾਂਰਾਸ਼ਟਰ

(3) ਮੱਧ ਮਹਾਂਰਾਸ਼ਟਰ

(4) ਪੂਰਬੀ ਮਹਾਂਰਾਸ਼ਟਰ

ਮਹਾਂਰਾਸ਼ਟਰ ਸ਼ਹਿਰੀ ਪ੍ਰਾਂਤ:- ਬੰਬਈ ਸ਼ਹਿਰ ਅਤੇ ਮਹਾਂਰਾਸ਼ਟਰ ਦਾ ਉਹ ਇਲਾਕਾ ਜਿਸਨੂੰ ਮਿਲਾਉਣ ਨਾਲ ਇਹ ਇੱਕ ਵਧੀਆ ਅਤੇ ਮਜ਼ਬੂਤ ਸ਼ਹਿਰੀ ਪ੍ਰਾਂਤ ਬਣ ਸਕੇ।

ਪੱਛਮੀ ਮਹਾਂਰਾਸ਼ਟਰ: (1) ਥਾਨਾ (2) ਕੋਲਾਬਾ (3) ਰਤਨਾਗਿਰੀ (4) ਪੂਨਾ (5) ਉੱਤਰੀ ਸਤਾਰਾ (6) ਦੱਖਣੀ ਸਤਾਰਾ (7) ਕੋਹਲਾਪੁਰ ਅਤੇ (8) ਕਰਨਾਟਕਾ ਨੂੰ ਦਿੱਤੇ ਗਏ ਮਰਾਠੀ ਬੋਲੀ ਬੋਲਣ ਵਾਲੇ ਇਲਾਕੇ।

ਮੱਧ ਮਹਾਂਰਾਸ਼ਟਰ: (1) ਡਾਂਗ, (2) ਪੂਰਬੀ ਖਾਂਡੇਸ਼, (3) ਪੱਛਮੀ ਖਾਂਡੇਸ, (4) ਨਾਸਿਕ (5) ਅਹਿਮਦਨਗਰ (6) ਔਰੰਗਾਬਾਦ (7) ਨੰਦੇੜ, (8) ਪਾਰਭਾਨੀ, (9) ਬੀੜ, (10) ਉਸਮਾਨਾਬਾਦ, (11) ਸ਼ੋਲਾਹਪੁਰ ਸ਼ਹਿਰ ਅਤੇ ਸ਼ੋਲਾਹਪੁਰ ਜ਼ਿਲ੍ਹੇ ਦਾ ਮਰਾਠੀ ਬੋਲਦਾ ਖੇਤਰ ਅਤੇ (12) ਤੇ ਲੰਗਾਨਾ ਨੂੰ ਦਿੱਤੇ ਗਏ ਮਰਾਠੀ ਬੋਲਦੇ ਇਲਾਕੇ।

ਪੂਰਬੀ ਮਹਾਂਰਾਸ਼ਟਰ: (1) ਬੁਲਢਾਨਾ, (2) ਜਿਉਤਮਾਲ, (3) ਅਕੋਲਾ, (4) ਅਗਰਾਉਤੀ, (5) ਵਰਧਾ, (6) ਚੰਦਾ, (7) ਨਾਗਪੁਰ, (8) ਬਾਂਦਰਾ ਅਤੇ (9) ਹਿੰਦੀ ਪ੍ਰਾਂਤਾਂ ਨੂੰ ਦਿੱਤੇ ਗਏ ਮਰਾਠੀ ਬੋਲਦੇ ਇਲਾਕੇ।

ਇਸ ਤੋਂ ਅੱਗੇ, ਮੈਂ ਇਨ੍ਹਾਂ ਪ੍ਰਸਤਾਵਾਂ ਦੇ ਗੁਣਾਂ ਬਾਰੇ ਦੱਸਾਂਗਾ।

## ਮਹਾਂਰਾਸ਼ਟਰ ਦੇ ਲੋਕ ਮਿਸ਼ਰਤ ਪ੍ਰਾਂਤ ਅਧੀਨ ਰਹਿਣ

ਕੀ ਬੰਬਈ ਨੂੰ ਮਿਸ਼ਰਤ ਪ੍ਰਾਂਤ ਵਜੋਂ ਕਹਿਣਾ ਚਾਹੀਦਾ ਹੈ? ਇਹ ਇਕ ਬਹੁਤ ਹੀ ਅਸਾਧਾਰਣ ਤਰੀਕਾ ਹੈ। ਕਲਕੱਤਾ ਸ਼ਹਿਰ ਇੱਕ ਵੱਖਰਾ ਸ਼ਹਿਰੀ ਪ੍ਰਾਂਤ ਨਹੀਂ ਹੈ। ਮਦਰਾਸ ਇਕ ਵੱਖਰਾ ਸ਼ਹਿਰੀ ਪ੍ਰਾਂਤ ਨਹੀਂ ਹੈ। ਕੇਵਲ ਬੰਬਈ ਨੂੰ ਹੀ ਵੱਖਰਾ ਕਿਉਂ ਬਣਾਇਆ ਜਾਵੇ?

ਦੂਸਰਾ, ਇਹ ਪਹਿਲਾਂ ਹੀ ਮਿਸ਼ਰਤ ਪ੍ਰਾਂਤ ਹੈ। ਇਸ ਮਿਸ਼ਰਤ ਪ੍ਰਾਂਤ ਅਧੀਨ ਮਹਾਂਰਾਸ਼ਟਰ ਦੇ ਲੋਕਾਂ ਦਾ ਕੀ ਅਨੁਭਵ ਹੈ? ਇਸ ਮਿਸ਼ਰਤ ਪ੍ਰਾਂਤ ਵਿੱਚ ਮਹਾਂਰਾਸ਼ਟਰ ਦੇ ਲੋਕਾਂ ਨੇ ਬੁਰੀ ਤਰ੍ਹਾਂ ਦੁੱਖ ਸਹਿਆ ਹੈ।

ਬੰਬਈ ਮੰਤਰੀ ਮੰਡਲ ਵਿੱਚ ਮਹਾਂਰਾਸ਼ਟਰ ਦੇ ਲੋਕਾਂ ਦੀ ਕੀ ਹਾਲਤ ਹੈ?

ਆਓ ਮੰਤਰੀਆਂ ਦੇ ਅਹੁੱਦੇ ਦੀ ਵੰਡ ਤੇ ਵਿਚਾਰ ਕਰੀਏ:

| | | |
|---|---|---|
| ਗੁਜਰਾਤੀ ਮੰਤਰੀ | – | 4 |
| ਮਰਾਠੀ ਮੰਤਰੀ | – | 4 |
| ਕਨਾਡਾ ਮੰਤਰੀ | – | 1 |
| ਕੁੱਲ | – | 9 |

ਵਿਧਾਨ ਸਭਾ ਵਿੱਚ ਗੁਜਰਾਤੀ ਮੈਂਬਰ ਕੇਵਲ 106 ਹਨ, ਮਰਾਠੀ ਮੈਂਬਰ 149 ਹਨ ਅਤੇ ਫਿਰ ਵੀ ਗੁਜਰਾਤੀ ਮੰਤਰੀਆਂ ਦੀ ਗਿਣਤੀ ਮਰਾਠੀਆਂ ਮੰਤਰੀਆਂ ਦੇ ਬਰਾਬਰ ਹੈ।

ਆਉ ਉਪ-ਮੰਤਰੀਆਂ ਬਾਰੇ ਦੇਖੀਏ:

| | | |
|---|---|---|
| ਮਰਾਠੀ ਬੋਲਣ ਵਾਲੇ | – | 5 |
| ਗੁਜਰਾਤੀ ਬੋਲਣ ਵਾਲੇ | – | 2 |
| ਕਨਾਡਾ ਬੋਲਣ ਵਾਲੇ | – | 2 |
| ਕੁੱਲ | – | 9 |

ਕੇਵਲ ਉਪ-ਮੰਤਰੀਆਂ ਵਿੱਚ ਮਹਾਂਰਾਸ਼ਟਰੀਆਂ ਦੀ ਇਕ ਨਾਲ ਬਹੁਗਿਣਤੀ ਹੈ। ਪ੍ਰੰਤੂ ਮੰਤਰੀਆਂ ਅਤੇ ਉਪ-ਮੰਤਰੀਆਂ ਵਿੱਚ ਤਾਕਤ ਅਤੇ ਮਹਿਕਮੇ ਕਿਵੇਂ ਵੰਡੇ ਜਾਂਦੇ ਹਨ, ਜ਼ਿਆਦਾ ਮਹੱਤਵਪੂਰਨ ਗੱਲ ਹੈ। ਬੰਬਈ ਪ੍ਰਾਂਤ ਦੇ ਮਿਸ਼ਰਤ ਮੰਤਰੀ ਮੰਡਲ ਵਿੱਚ ਮਹਾਂਰਾਸ਼ਟਰ ਦੇ ਮੰਤਰੀਆਂ ਕੋਲ ਕੀ ਤਾਕਤ ਅਤੇ ਅਧਿਕਾਰ ਹਨ, ਇਸ ਤਰ੍ਹਾਂ ਹੈ:

## ਮੰਤਰੀਆਂ ਵਿੱਚ ਵਿਸ਼ਿਆਂ ਦੀ ਵੰਡ

| | |
|---|---|
| **ਗੁਜਰਾਤੀ ਮੰਤਰੀ** | |
| 1. ਮੁਰਾਰਜੀ ਦੇਸਾਈ | 105 ਵਿਸ਼ੇ |
| 2. ਦਿਨਕਰ ਰਾਓ ਦਿਸਾਈ | 26 ਵਿਸ਼ੇ |
| 3. ਜੀਵਰਾਜ ਮਹਿਤਾ | 43 ਵਿਸ਼ੇ |
| 4. ਸ਼ਾਂਤੀਲਾਲ ਸ਼ਾਹ | 28 ਵਿਸ਼ੇ |
| ਕੁੱਲ | 202 |
| **ਮਹਾਂਰਾਸ਼ਟਰ ਦੇ ਮੰਤਰੀ** | |
| 1. ਹਿਰੇ | 49 ਵਿਸ਼ੇ |
| 2. ਨਿਮਬਾਲਕਰ | 20 ਵਿਸ਼ੇ |
| 3. ਤਪਾਸੇ | 15 ਵਿਸ਼ੇ |
| 4. ਚਵਾਨ | 4 ਵਿਸ਼ੇ |
| ਕੁੱਲ | 88 |

ਉਪ-ਮੰਤਰੀਆਂ ਵੱਚ ਵਿਸ਼ਿਆਂ ਦੀ ਵੰਡ ਦੀ ਉਸੇ ਤਰੀਕੇ ਨਾਲ ਕੀਤੀ ਜਾਂਦੀ ਹੈ।

ਉਪ-ਮੰਤਰੀਆਂ ਵਿੱਚ ਵਿਸ਼ਿਆਂ ਦੀ ਵੰਡ

| | |
|---|---|
| **ਗੁਜਰਾਤੀ ਉਪ-ਮੰਤਰੀ** | |
| 1. ਇੰਦੂਮਤੀ ਸੇਠ | 12 ਵਿਸ਼ੇ |
| 2. ਬਾਬੂ ਭਾਈ ਜੇ.ਪਟੇਲ | 3 ਵਿਸ਼ੇ |
| ਕੁੱਲ | 15 |
| **ਮਹਾਂਰਾਸ਼ਟਰ ਦੇ ਉਪ-ਮੰਤਰੀ** | |
| 1. ਵਾਂਡਰੇਕਰ | 12 ਵਿਸ਼ੇ |
| 2. ਦੇਸ਼ਮੁਖ | 4 ਵਿਸ਼ੇ |
| 3. ਨਰਵਣੇ | 5 ਵਿਸ਼ੇ |
| 4. ਸਾਠੇ | 5 ਵਿਸ਼ੇ |
| 5. ਢੱਕੀ | 3 ਵਿਸ਼ੇ |
| ਕੁੱਲ | 29 |

ਆਉ ਹੁਣ ਇਸ ਗੱਲ ਤੇ ਵਿਚਾਰ ਕਰੀਏ ਕਿ ਮਹਾਂਰਾਸ਼ਟਰ ਅਤੇ ਗੁਜਰਾਤ ਵਿੱਚ ਵਿਕਾਸ ਦੇ ਕੰਮਾਂ ਤੇ ਕਿੰਨਾ ਕਿੰਨਾ ਧਨ ਖਰਚ ਹੁੰਦਾ ਹੈ। ਨਿਮਨ ਲਿਖਤ ਅੰਕੜਿਆਂ ਤੋਂ ਅੰਦਾਜ਼ਾ ਹੋ ਜਾਵੇਗਾ ਕਿ ਮਹਾਂਰਾਸ਼ਟਰ ਅਤੇ ਗੁਜਰਾਤ ਵਿੱਚ ਤਿੰਨ ਸਾਲਾਂ ਦੇ ਦੌਰਾਨ ਪ੍ਰਤੀ ਵਿਅਕਤੀ

ਕਿੰਨਾ ਕਿੰਨਾ ਖਰਚ ਹੋਇਆ।

ਵਿਕਾਸ ਦੇ ਕੰਮਾਂ ਤੇ ਪ੍ਰਤੀ ਵਿਅਕਤੀ ਖਰਚ:

(ਰੁਪਿਆਂ ਵਿੱਚ)

| | | ਸਾਲ | | |
|---|---|---|---|---|
| | ਆਬਾਦੀ | 1950-51 | 1951-52 | 1952-53 |
| 1. ਮਹਾਂਰਾਸ਼ਟਰ | 2,17,20,091 | 1.7 | 2.3 | 1.8 |
| 2. ਗੁਜਰਾਤ | 1,18,96,789 | 2.9 | 3.1 | 3.2 |

ਕਿੰਨਾ ਫਰਕ ਪੈਦਾ ਕਰਨ ਵਾਲਾ ਵਿਹਾਰ ਹੈ? ਕਿੰਨਾ ਭਿੰਨ-ਭੇਦ ਹੈ? ਕਿੰਨਾ ਅਨਿਆਂ ਹੈ? ਕੀ ਕੋਈ ਮਹਾਂਰਾਸ਼ਟਰ ਦੇ ਲੋਕਾਂ ਨੂੰ ਦੋਸ਼ ਦੇ ਸਕਦਾ ਹੈ, ਜੇਕਰ ਉਹ ਬੰਬਈ ਦੇ ਮਿਸ਼ਰਤ ਪ੍ਰਾਂਤ ਨੂੰ ਘ੍ਰਿਣਾ ਕਰਨ?

ਇਸ ਤਰ੍ਹਾਂ ਕੋਈ ਵੀ ਮਹਾਂਰਾਸ਼ਟਰੀ ਅਜਿਹੀ ਅਧੀਨਤਾ ਦੀ ਸਥਿਤੀ ਸਹਿਣ ਨਹੀਂ ਕਰ ਸਕਦਾ। ਮਿਸ਼ਰਤ ਪ੍ਰਾਂਤ ਦਾ ਵਿਚਾਰ ਹਮੇਸ਼ਾਂ ਹਮੇਸ਼ਾਂ ਲਈ ਖਤਮ ਕਰ ਦੇਣਾ ਚਾਹੀਦਾ ਹੈ।

**ਬੰਬਈ ਸ਼ਹਿਰ ਦੀ ਸਥਿਤੀ:**

ਬੰਬਈ ਸ਼ਹਿਰ ਇਕ ਅਜਿਹਾ ਖੇਤਰ ਰਿਹਾ ਹੈ ਜਿਹੜਾ ਹਮੇਸ਼ਾਂ ਹੀ ਵਾਦ-ਵਿਵਾਦ ਦਾ ਮੁੱਦਾ ਬਣਿਆ ਰਿਹਾ। ਇਹ ਵਾਦ-ਵਿਵਾਦ ਬਹੁਤ ਹੀ ਗੰਭੀਰ ਬਣ ਚੁਕਿਆ ਹੈ।

ਮਹਾਂਰਾਸ਼ਟਰੀ ਲੋਕ ਇਸ ਸ਼ਹਿਰ ਨੂੰ ਮਹਾਂਰਾਸ਼ਟਰ ਦਾ ਹਿੱਸਾ ਬਣਿਆ ਰਹਿਣ ਦੇਣਾ ਚਾਹੁੰਦੇ ਹਨ, ਜਦੋਂ ਕਿ ਗੁਜਰਾਤੀ ਇਸ ਸ਼ਹਿਰ ਨੂੰ ਇਕ ਵੱਖਰੀ ਰਿਆਸਤ ਬਣਾਈ ਰੱਖਣਾ ਚਾਹੁੰਦੇ ਹਨ। ਇਸ ਗੰਭੀਰ ਮਸਲੇ ਨੂੰ ਸੁਲਝਾਉਣ ਵਿਚ ਕਾਫੀ ਝਗੜਾ ਹੁੰਦਾ ਰਿਹਾ ਅਤੇ ਕੋਈ ਰਾਜ਼ੀਨਾਮਾ ਨਾ ਹੋ ਸਕਿਆ। ਇਸ ਲਈ ਇਸ ਮਸਲੇ ਨੂੰ ਸਮਝਣ ਲਈ ਇਸ ਦੀਆਂ ਜੜ੍ਹਾਂ, ਡੂੰਘਾਈਆਂ ਤੱਕ ਪੁੱਜਣ ਦੀ ਜ਼ਰੂਰਤ ਹੈ।

ਗੁਜਰਾਤੀ ਬੰਬਈ ਨੂੰ ਆਪਣਾ ਸ਼ਹਿਰ ਮੰਨਣ ਲਈ ਤਿਆਰ ਨਹੀਂ ਹਨ, ਪਰੰਤੂ ਇਸ ਤੋਂ ਆਪਣਾ ਹੱਕ ਛੱਡਣ ਲਈ ਵੀ ਤਿਆਰ ਨਹੀਂ ਹਨ। ਪਰ ਸ਼ਹਿਰ ਦੇ ਵਪਾਰ ਅਤੇ ਉਦਯੋਗ ਉਤੇ ਆਪਣਾ ਕੰਟਰੋਲ ਹੋਣ ਬਾਰੇ ਸੋਚਕੇ ਉਹ ਆਪਣੇ ਆਪ ਤੇ ਫਖਰ ਮਹਿਸੂਸ ਕਰਦੇ ਰਹੇ ਹਨ। ਮਸਲਾ ਇਹ ਹੈ ਕਿ ਕੀ ਇਹ ਮਹਾਂਰਾਸ਼ਟਰ ਦਾ ਹਿੱਸਾ ਹੋਣਾ ਚਾਹੀਦਾ ਹੈ ਜਾਂ ਅਲੱਗ ਰਿਆਸਤ ਦੇ ਤੌਰ ਤੇ ਸਥਾਪਿਤ ਕਰਨਾ ਚਾਹੀਦਾ ਹੈ। ਇਸ ਮੁੱਦੇ ਤੇ ਗੁਜਰਾਤੀ ਅਤੇ ਮਹਾਂਰਾਸ਼ਟਰੀ ਬਹੁਤ ਬੁਰੀ ਤਰ੍ਹਾਂ ਵੰਡੇ ਹੋਏ ਹਨ। ਮਹਾਂਰਾਸ਼ਟਰੀ ਇਸਨੂੰ ਸਿਰਫ ਨਵੀਂ ਮਹਾਂਰਾਸ਼ਟਰੀ ਰਿਆਸਤ ਦਾ ਹਿੱਸਾ ਬਣਿਆ ਰਹਿਣ ਦੇਣਾ ਚਾਹੁੰਦੇ ਹਨ। ਪਰ ਗੁਜਰਾਤੀਆਂ ਨੇ ਇਸਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਨੇ ਇਸਦੇ ਦੋ ਹੱਲ ਦੱਸੇ। ਇਕ ਇਹ ਹੈ ਕਿ ਬੰਬਈ ਰਿਆਸਤ ਦੀ ਵਰਤਮਾਨ ਦੁਭਾਸ਼ੀ ਹੋਂਦ ਨੂੰ ਤੋੜਕੇ ਗੁਜਰਾਤ ਅਤੇ ਮਹਾਂਰਾਸ਼ਟਰ ਨੂੰ ਦੋਭਾਸ਼ੀ ਰੂਪ ਵਿੱਚ ਨਾ ਵੰਡਿਆ ਜਾਵੇ। ਕਾਂਗਰਸ ਵਰਕਿੰਗ ਕਮੇਟੀ ਦਾ ਫ਼ੈਸਲਾ ਬੰਬਈ ਸ਼ਹਿਰ ਨੂੰ ਇਕ ਵੱਖਰੀ ਰਿਆਸਤ ਬਣਾਉਣ ਦਾ ਹੈ। ਗੁਜਰਾਤੀ ਖੁਸ਼ ਹਨ, ਪਰ ਮਹਾਂਰਾਸ਼ਟਰੀਆਂ ਦਾ ਨਾਰਾਜ਼ ਹੋਣਾ ਕੁਦਰਤੀ ਗੱਲ ਹੈ। ਮਹਾਂਰਾਸ਼ਟਰੀਆਂ ਦੀ ਨਾਰਾਜ਼ਗੀ ਕਾਫ਼ੀ ਹੱਦ ਤੱਕ ਜਾਇਜ਼ ਹੈ, ਐਪਰ ਮਹਾਂਰਾਸ਼ਟਰੀਆਂ ਦੇ ਦਾਅਵੇ ਵਿਰੁੱਧ ਦਿੱਤੀ ਗਈ ਦਲੀਲ ਵਿੱਚ ਬਿਲਕੁਲ ਕੋਈ ਦਮ ਨਹੀਂ

ਹੈ।

ਪਹਿਲੀ ਦਲੀਲ ਜੋ ਦਿਤੀ ਗਈ ਹੈ, ਉਹ ਇਹ ਹੈ ਕਿ ਬੰਬਈ ਵਿਚ ਮਰਾਠੀ ਬੋਲਣ ਵਾਲਿਆਂ ਦੀ ਆਬਾਦੀ ਸ਼ਹਿਰ ਦੀ ਕੁਲ ਆਬਾਦੀ ਦੇ ਮੁਕਾਬਲੇ ਤੇ ਬਹੁਤ ਘੱਟ ਹੈ। ਬੰਬਈ ਸ਼ਹਿਰ ਦੀ ਆਬਾਦੀ ਤਾਂ ਬਹੁਤ ਜ਼ਿਆਦਾ ਹੈ।(ਅੰਕੜਾ ਅਨੁਲੱਗ ਦੇਖੋ) ਪਰ ਉਸ ਵਿੱਚ ਮਰਾਠੀ ਬੋਲਣ ਵਾਲਿਆਂ ਦੀ ਗਿਣਤੀ 48% ਹੈ।

ਜੋ ਲੋਕ ਇਸ ਤਰ੍ਹਾਂ ਦੀ ਦਲੀਲ ਦਿੰਦੇ ਹਨ ਉਨ੍ਹਾਂ ਨੇ ਇਸ ਦੀ ਕਮਜ਼ੋਰੀ ਨੂੰ ਭਾਂਪਣ ਦੀ ਕੋਸ਼ਿਸ਼ ਨਹੀਂ ਕੀਤੀ ਹੁੰਦੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਹਿਰ ਦੀ ਮਰਾਠੀ ਆਬਾਦੀ 50% ਤੋਂ ਘੱਟ ਹੈ, ਪਰੰਤੂ ਇਹ ਦੋ ਤੱਥਾਂ ਤੇ ਆਧਾਰਿਤ ਹੈ। ਪਹਿਲਾ ਇਹ ਕਿ ਕੋਈ ਵੀ ਇਸ ਗੱਲੋਂ ਇਨਕਾਰ ਨਹੀਂ ਕਰ ਸਕਦਾ ਕਿ ਬੰਬਈ ਵਿੱਚ ਮਹਾਂਰਾਸ਼ਟਰੀਆਂ ਦੀ ਗਿਣਤੀ ਘੱਟ ਹੈ ਪਰ ਇਸ ਦੇ ਬਾਵਜੂਦ ਵੀ ਭੂਗੋਲਿਕ ਆਧਾਰ ਤੇ ਬੰਬਈ ਮਹਾਂਰਾਸ਼ਟਰ ਦਾ ਇੱਕ ਹਿੱਸਾ ਹੈ। ਇਥੋਂ ਤੱਕ ਕਿ ਗੁਜਰਾਤ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਆਪਣਾ ਭਾਸ਼ਨ ਦਿੰਦਿਆਂ ਸ੍ਰੀ ਮੋਰਾਰ ਜੀ ਦੇਸਾਈ ਨੇ ਵੀ ਇਹ ਮੰਨਿਆ ਹੈ ਕਿ ਬੰਬਈ ਮਹਾਂਰਾਸ਼ਟਰ ਦਾ ਹਿੱਸਾ ਹੈ।

ਦੂਸਰਾ ਤੱਥ ਜਿਹੜਾ ਜ਼ਿਆਦਾ ਵਜ਼ਨੀ ਹੈ ਉਹ ਇਹ ਹੈ ਕਿ ਆਬਾਦੀ ਵਿੱਚ ਲਗਾਤਾਰ ਵਾਧੇ ਦਾ ਕਾਰਨ ਭਾਰਤ ਦੇ ਦੂਜੇ ਰਾਜਾਂ ਵਿਚੋਂ ਲੋਕਾਂ ਦਾ ਮੁਨਾਫੇ ਜਾਂ ਰੋਜ਼ੀ ਰੋਟੀ ਕਮਾਉਣ ਦੀ ਖ਼ਾਤਰ ਬੰਬਈ ਵਿੱਚ ਆਉਣਾ ਹੈ। ਉਨ੍ਹਾਂ ਵਿੱਚੋਂ ਕਿਸੇ ਨੇ ਵੀ ਬੰਬਈ ਨੂੰ ਆਪਣਾ ਘਰ ਨਹੀਂ ਮੰਨਿਆ, ਕਿਉਂਕਿ ਉਹ ਸਾਰੇ ਬੰਬਈ ਸ਼ਹਿਰ ਵਿੱਚ ਪੱਕੇ ਤੌਰ ਤੇ ਨਹੀਂ ਸਨ ਆਏ ਜਾਂ ਇਹ ਕਹਿ ਲਉ ਕਿ ਉਹ ਸਾਰੇ ਬੰਬਈ ਦੇ ਪੱਕੇ ਨਾਗਰਿਕ ਨਹੀਂ ਹਨ। ਕਈ ਲੋਕ ਕੁਝ ਮਹੀਨਿਆਂ ਲਈ ਆਏ ਅਤੇ ਵਾਪਿਸ ਚਲੇ ਗਏ।

ਬੰਬਈ ਮਹਾਂਰਾਸ਼ਟਰੀਆਂ ਤੋਂ ਬਿਨਾਂ ਕਿਸੇ ਹੋਰ ਦਾ ਘਰ ਨਹੀਂ ਹੈ ਜਾਂ ਇਹ ਕਹਿ ਲਈਏ ਕਿ ਬੰਬਈ ਤੇ ਸਿਰਫ਼ ਮਹਾਂਰਾਸ਼ਟਰੀਆਂ ਦਾ ਹੀ ਹੱਕ ਹੈ। ਇਸ ਲਈ ਇਸ ਸਿੱਟੇ ਤੇ ਪਹੁੰਚਣਾ ਕੋਈ ਸੌਖਾ ਨਹੀਂ ਲੱਗਦਾ ਕਿ ਗ਼ੈਰ-ਮਹਾਂਰਾਸ਼ਟਰੀਆਂ ਦੀ ਬੰਬਈ ਸ਼ਹਿਰ ਵਿੱਚ ਬਹੁਗਿਣਤੀ ਕਿਸ ਕਾਰਨ ਕਰਕੇ ਹੋਈ ਹੈ।

ਫਿਰ ਇਹ ਵੀ ਅਨੁਭਵ ਨਹੀਂ ਕੀਤਾ ਗਿਆ ਕਿ ਬੰਬਈ ਵਿਚ ਗ਼ੈਰ-ਮਰਾਠੀ ਲੋਕਾਂ ਦੇ ਵਾਧੇ ਦਾ ਕਾਰਨ ਨਾਗਰਿਕਤਾ ਤੇ ਪਾਬੰਦੀ ਲਾਉਣ ਲਈ ਕਿਸੇ ਸਥਾਨਕ ਕਾਨੂੰਨ ਦੀ ਅਣਹੋਂਦ ਸੀ। ਜੇਕਰ ਬੰਬਈ ਰਾਜ ਵਿੱਚ ਅਜਿਹਾ ਕਾਨੂੰਨ ਹੁੰਦਾ ਤਾਂ ਭਾਰਤ ਦੇ ਬਾਕੀ ਸਾਰੇ ਹਿੱਸਿਆਂ ਵਿੱਚੋਂ ਲੋਕ ਬੰਬਈ ਆ ਕੇ ਨਾ ਵਸਦੇ ਅਤੇ ਮਹਾਂਰਾਸ਼ਟਰੀਆਂ ਦੀ ਬਹੁ-ਸੰਖਿਆ ਬਣੀ ਰਹਿਣੀ ਸੀ।

ਇਹ ਵੀ ਨਹੀਂ ਅਨੁਭਵ ਕੀਤਾ ਗਿਆ ਕਿ ਬੰਬਈ ਵਿੱਚ ਗੈਰ-ਮਹਾਂਰਾਸ਼ਟਰੀਆਂ ਦਾ ਆਉਣਾ ਇਸ ਕਰਕੇ ਹੈ ਕਿ ਬੰਬਈ ਇਕ ਬੰਦਰਗਾਹ ਹੈ ਅਤੇ ਬੰਦਰਗਾਹ ਵੀ ਪੱਛਮੀ ਕਿਨਾਰੇ ਤੇ ਹੈ। ਯੂਰਪ ਤੋਂ ਵੀ ਬੰਬਈ ਆਉਣ ਦਾ ਰਸਤਾ ਯੂਰਪ ਤੋਂ ਕਲਕੱਤਾ ਜਾਂ ਯੂਰਪ ਤੋਂ ਮਦਰਾਸ ਵਾਲੇ ਰਸਤੇ ਨਾਲੋਂ ਛੋਟਾ ਹੈ। ਇਸੇ ਕਰਕੇ ਭਾਰਤ ਦੇ ਦੂਜੇ ਭਾਗਾਂ ਵਿੱਚੋਂ ਵੱਡੀ ਗਿਣਤੀ ਵਿੱਚ ਗਰੀਬ ਲੋਕ ਆਪਣੇ ਘਰ ਛੱਡਕੇ ਆਰਜ਼ੀ ਤੌਰ ਤੇ ਬੰਬਈ ਸ਼ਹਿਰ ਵਿਖੇ ਵੱਸ ਗਏ। ਕਿਸੇ ਹੋਰ

ਸ਼ਹਿਰ ਨਾਲੋਂ ਬੰਬਈ ਵਿੱਚ ਕੰਮ-ਕਾਰ ਲੱਭਣਾ ਜ਼ਿਆਦਾ ਸੌਖਾ ਹੈ।

ਜੇਕਰ ਸੱਚ ਪੁੱਛਿਆ ਜਾਵੇ ਤਾਂ ਇਸ ਮਾਮਲੇ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਘੋਖਣਾ ਪੈਣਾ ਹੈ। ਲੋਕ ਪਿਛਲੇ ਦੋ ਸੌ ਸਾਲਾਂ ਤੋਂ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ ਬੰਬਈ ਆਕੇ ਵੱਸ ਰਹੇ ਹਨ। ਫਿਰ ਵੀ ਦੂਜੇ ਰਾਜਾਂ ਤੋਂ ਲੋਕਾਂ ਦਾ ਏਥੇ ਆਉਣਾ ਮਹਾਂਰਾਸ਼ਟਰੀਆਂ ਦੀ ਬੰਬਈ ਸ਼ਹਿਰ ਵਿੱਚ 48% ਆਬਾਦੀ ਨੂੰ ਨਹੀਂ ਘਟਾ ਸਕਿਆ। ਦੋ ਸੌ ਸਾਲਾਂ ਤੋਂ ਪਿਛੋਂ ਵੀ ਮਹਾਂਰਾਸ਼ਟਰੀਆਂ ਦੇ ਆਪਣੀ ਹੋਂਦ ਨੂੰ ਉਸੇ ਤਰ੍ਹਾਂ ਬਣਾਈ ਰੱਖਿਆ। ਇਹ ਇਸ ਸ਼ਹਿਰ ਦੀ ਪ੍ਰਾਸੀ ਖ਼ਾਸੀਅਤ ਹੈ (ਅਨੁਲੱਗ 3 ਦੇਖੋ) ਗੁਜਰਾਤੀ ਵੱਸੋਂ ਵੀ ਪ੍ਰਵਾਸੀ ਹੈ।

ਕਈ ਹੋਰ ਵੀ ਅਜਿਹੀਆਂ ਦਲੀਲਾਂ ਹਨ ਜੋ ਬੰਬਈ ਨੂੰ ਮਹਾਰਾਸ਼ਟਰ ਦਾ ਹਿੱਸਾ ਬਣੇ ਰਹਿਣ ਵਿੱਚ ਕਾਫ਼ੀ ਸਹਾਈ ਹੁੰਦੀਆਂ ਹਨ।

ਭਾਰਤ ਵਿੱਚ ਸਿਰਫ਼ ਬੰਬਈ ਹੀ ਸੰਯੁਕਤ ਸ਼ਹਿਰ ਨਹੀਂ ਹੈ। ਕਲਕੱਤਾ ਅਤੇ ਮਦਰਾਸ ਵੀ ਸੰਯੁਕਤ ਸ਼ਹਿਰ ਹਨ। ਜੇਕਰ ਕਲਕੱਤਾ ਪੱਛਮੀ ਬੰਗਾਲ ਅਤੇ ਮਦਰਾਸ ਮਦਰਾਸ ਰਾਜ ਦਾ ਹਿੱਸਾ ਹੋ ਸਕਦੇ ਹਨ ਤਾਂ ਬੰਬਈ ਦੇ ਮਹਾਰਾਸ਼ਟਰ ਦਾ ਹਿੱਸਾ ਹੋਣ ਵਿੱਚ ਕੀ ਇਤਰਾਜ਼ ਹੋ ਸਕਦਾ ਹੈ। ਹਰ ਮਹਾਰਾਸ਼ਟਰੀ ਇਹ ਹੀ ਸਵਾਲ ਪੁੱਛੇਗਾ। ਮੈਨੂੰ ਤਾਂ ਇਸਦਾ ਕੋਈ ਹੋਰ ਉੱਤਰ ਨਜ਼ਰ ਨਹੀਂ ਆਉਂਦਾ। ਸਿਰਫ਼ ਇਹੋ ਇਕ ਪ੍ਰਸ਼ਨ ਹੈ ਜੋ ਹਰ ਇਕ ਦੇ ਮਨ ਵਿੱਚ ਆਉਂਦਾ ਹੈ ਕਿ ਕਾਂਗਰਸ ਹਾਈ ਕਮਾਂਡ ਕਿਉਂ ਸੋਚਦੀ ਹੈ ਕਿ ਮਹਾਰਾਸ਼ਟਰੀ ਦੂਸਰਿਆਂ ਤੇ ਰਾਜ ਕਰਨ ਦੇ ਯੋਗ ਨਹੀਂ ਹਨ। ਇਹ ਤਾਂ ਮਹਾਰਾਸ਼ਟਰੀ ਇਖਲਾਕ ਤੇ ਹਮਲਾ ਹੈ। ਇਸ ਨੂੰ ਉਹ ਕਦੇ ਵੀ ਸਹਿਣ ਨਹੀਂ ਕਰਨਗੇ।

ਇਹ ਕਿਹਾ ਜਾਂਦਾ ਹੈ ਕਿ ਬੰਬਈ ਗ਼ੈਰ-ਮਹਾਰਾਸ਼ਟਰੀਆਂ ਦੇ ਪੈਸੇ ਨਾਲ ਬਣਿਆ ਹੈ। ਇਹ ਹੋ ਵੀ ਸਕਦਾ ਹੈ। ਪਰ ਕੀ ਮਦਰਾਸ ਮਦਰਾਸੀਆਂ ਦੇ ਪੈਸੇ ਨਾਲ ਬਣਿਆ ਹੈ? ਕੀ ਕਲਕੱਤਾ ਬੰਗਾਲੀਆਂ ਦੇ ਪੈਸੇ ਨਾਲ ਬਣਿਆ ਹੈ? ਜੇਕਰ ਯੂਰਪ ਵਾਲੇ ਪੈਸੇ ਨਾ ਲਾਉਂਦੇ ਤਾਂ ਮਦਰਾਸ ਅਤੇ ਕਲਕੱਤਾ ਵੀ ਪਿੰਡ ਹੀ ਬਣੇ ਰਹਿੰਦੇ। ਮਹਾਰਾਸ਼ਟਰੀਆਂ ਦੇ ਹੱਕ ਦੇ ਉਲਟ ਉਸ ਵੇਲੇ ਇਹ ਦਲੀਲ ਕਿਉਂ ਜਾਂਦੀ ਹੈ ਜਦੋਂ ਉਹ ਬੰਬਈ ਨੂੰ ਆਪਣਾ ਮੰਨਦੇ ਹਨ? ਮਹਾਰਾਸ਼ਟਰੀਆਂ ਨੇ ਪੂਰੀ ਮਿਹਨਤ ਕੀਤੀ ਹੈ। ਜੇਕਰ ਉਹ ਅਜਿਹਾ ਨਾ ਕਰਦੇ ਤਾਂ ਬੰਬਈ ਸ਼ਹਿਰ ਅਜਿਹਾ ਨਾ ਹੁੰਦਾ ਜੋ ਅੱਜ ਹੈ। ਇਹ ਹਮੇਸ਼ਾਂ ਯਾਦ ਰੱਖਿਆ ਜਾਵੇ ਕਿ ਬੰਬਈ ਦੀ ਜਿੰਦ-ਜਾਨ ਮਹਾਰਾਸ਼ਟਰ ਵਿੱਚ ਹੀ ਹੈ। ਇਸ ਦੀ ਬਿਜਲੀ ਦੇ ਸਾਧਨ ਮਹਾਰਾਸ਼ਟਰ ਦੇ ਹੀ ਹਨ। ਇਸ ਦੀ ਲੇਬਰ ਦੇ ਸਾਧਨ ਵੀ ਮਹਾਰਾਸ਼ਟਰ ਦੇ ਹੀ ਹਨ। ਮਹਾਰਾਸ਼ਟਰ ਜਦੋਂ ਚਾਹਵੇ ਬੰਬਈ ਸ਼ਹਿਰ ਨੂੰ ਮੁਰਦਿਆਂ ਦਾ ਸ਼ਹਿਰ "ਮਹਿੰਜੋਦਾੜੋ" ਬਣਾ ਸਕਦਾ ਹੈ।

ਗੁਜਰਾਤ ਵਾਸੀਆਂ ਦੇ ਦਿਲ ਵਿੱਚ ਇਹ ਡਰ ਹੈ ਕਿ ਮਹਾਰਾਸ਼ਟਰੀ ਉਨ੍ਹਾਂ ਵਿਰੁੱਧ ਕੋਈ ਭੇਦ-ਭਾਵ ਰੱਖਦੇ ਹਨ। ਪਰੰਤੂ ਸਾਡੇ ਸੰਵਿਧਾਨ ਵਿੱਚ ਪੱਖਪਾਤ ਇਸ ਕਰਕੇ ਸੰਭਵ ਨਹੀਂ ਕਿਉਂਕਿ ਇਸ ਵਿੱਚ ਅਜਿਹੇ ਬੁਨਿਆਦੀ ਹੱਕਾਂ ਅਤੇ ਸੁਧਾਰਾਂ ਦੀ ਸੂਚੀ ਹੈ ਜਿਨ੍ਹਾਂ ਰਾਹੀਂ ਕਿਸੇ ਵੀ ਗ਼ਲਤੀ ਨੂੰ ਦਰੁਸਤ ਕਰਾਉਣ ਲਈ ਰਿੱਟਾਂ ਦੀ ਸਹਾਇਤਾ ਨਾਲ ਹਾਈ ਕੋਰਟ ਅਤੇ ਸੁਪਰੀਮ ਕੋਰਟ ਕੋਲੋਂ ਤੁਰੰਤ ਅਦਾਲਤੀ ਹੁਕਮ ਪ੍ਰਾਪਤ ਕੀਤੇ ਜਾ ਸਕਦੇ ਹਨ। ਅਜਿਹੇ ਪੱਖਪਾਤੀ ਪ੍ਰਕਾਰ ਦੀ ਹਰ ਗ਼ਲਤੀ ਦੇ ਸੁਧਾਰ ਲਈ ਸੰਵਿਧਾਨ ਵਿੱਚ ਉਪਬੰਧ ਹੈ। ਫਿਰ ਗੁਜਰਾਤੀਆਂ ਨੂੰ ਕਿਸੇ

ਕਿਸਮ ਦਾ ਡਰ ਕਿਉਂ ਹੋਵੇ?

ਹੁਣ ਸੋਚਣ ਦੀ ਗੱਲ ਇਹ ਹੈ ਕਿ ਜੇ ਬੰਬਈ ਸ਼ਹਿਰ ਇਕ ਅਲੱਗ ਸਿਟੀ ਸਟੇਟ ਬਣ ਜਾਵੇ ਤਾਂ ਗੁਜਰਾਤੀਆਂ ਨੂੰ ਇਸ ਦਾ ਵੀ ਫ਼ਾਇਦਾ ਹੋਵੇਗਾ। ਬੰਬਈ ਰਾਜ ਵਿੱਚ ਉਨ੍ਹਾਂ ਦੀ ਆਬਾਦੀ ਸਿਰਫ਼ 10% ਹੈ। ਉਹ ਬੰਬਈ ਸਿਟੀ ਸਟੇਟ ਵਿੱਚੋਂ ਕਿੰਨੀਆਂ ਸੀਟਾਂ ਲੈ ਸਕਦੇ ਹਨ? ਇਥੋਂ ਤੱਕ ਕਿ 10% ਵੀ ਨਹੀਂ ਲੈ ਸਕਦੇ। ਉਨ੍ਹਾਂ ਦੇ 10% ਨੁਮਾਇੰਦੇ 90% ਨੁਮਾਇੰਦਿਆਂ ਦੇ ਸਾਹਮਣੇ ਕੀ ਹੈਸੀਅਤ ਰੱਖ ਸਕਦੇ ਹਨ।

ਇਹ ਗੱਲ ਜ਼ਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਮਹਾਰਾਸ਼ਟਰੀਆਂ ਅਤੇ ਗੁਜਰਾਤੀਆਂ ਵਿਚਾਲੇ ਆਪਸੀ ਮੱਤ-ਭੇਦ ਇੰਨੇ ਜ਼ਿਆਦਾ ਵੱਧ ਜਾਣਗੇ ਕਿ ਅਜਿਹਾ ਪਹਿਲਾਂ ਕਦੇ ਵੀ ਨਹੀਂ ਸੀ ਹੋਇਆ ਹੋਵੇਗਾ। ਮਹਾਰਾਸ਼ਟਰੀ ਨੁਮਾਇੰਦਾ ਗੁਜਰਾਤੀ ਨੁਮਾਇੰਦੇ ਨੂੰ ਵੋਟ ਨਹੀਂ ਪਾਵੇਗਾ ਅਤੇ ਨਾ ਹੀ ਗੁਜਰਾਤੀ ਮਹਾਰਾਸ਼ਟਰੀ ਨੂੰ ਵੋਟ ਪਾਵੇਗਾ। ਗੁਜਰਾਤੀਆਂ ਨੇ ਆਪਣੇ ਪੈਸੇ ਨਾਲ ਮਹਾਰਾਸ਼ਟਰ ਦੀ ਆਰਥਕ ਮੰਦਹਾਲੀ ਨੂੰ ਠੀਕ ਕੀਤਾ ਹੈ ਪਰ ਪੈਸਾ ਉਦੋਂ ਸਫ਼ਲ ਨਹੀਂ ਹੁੰਦਾ ਜਦੋਂ ਆਤਮ-ਸੰਮਾਨ ਜਾਗਰਿਤ ਹੋ ਜਾਵੇ। ਗੁਜਰਾਤੀਆਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸ਼ਹਿਰ ਦੀ ਸਰਕਾਰ ਵਿੱਚ ਤੁੱਛ ਜਿਹੇ ਹਿੱਸੇ ਨਾਲੋਂ ਨੇਕਨੀਤੀ ਜਾਂ ਸਦਭਾਵਨਾ ਸੁਰੱਖਿਆ ਲਈ ਵਧੇਰੇ ਚੰਗੀ ਹੁੰਦੀ ਹੈ।

ਉਂਝ ਤਾਂ ਮਹਾਰਾਸ਼ਟਰ ਦਾ ਪੱਖ ਫੌਲਾਦ ਦੀ ਤਰ੍ਹਾਂ ਮਜ਼ਬੂਤ ਹੈ, ਫਿਰ ਵੀ ਦੂਜੇ ਪਾਸੇ ਕੁਝ ਹੋਰ ਵੀ ਅਜਿਹੇ ਨੁਕਤੇ ਹਨ ਜਿਨ੍ਹਾਂ ਦੇ ਦ੍ਰਿਸ਼ਟੀਗਤ ਉਨ੍ਹਾਂ ਨੂੰ ਗੁੱਸੇ ਵਿੱਚ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ।

ਉਹ ਬੰਬਈ ਨੂੰ ਮਹਾਰਾਸ਼ਟਰ ਵਿੱਚ ਹੀ ਰੱਖਣਾ ਚਾਹੁੰਦੇ ਹਨ। ਪਰੰਤੂ ਜਿਸ ਪ੍ਰਸ਼ਨ ਨੂੰ ਵਿਚਾਰਨ ਦੀ ਲੋੜ ਹੈ ਉਹ ਇਹ ਹੈ ਕਿ: ਉਹ ਕੀ ਚਾਹੁੰਦੇ ਹਨ? ਕੀ ਉਹ ਖੁਸ਼ਹਾਲ ਬੰਬਈ ਚਾਹੁੰਦੇ ਹਨ ਜਾਂ ਉਹ ਢਹਿੰਦੀ ਕਲਾ ਵਾਲੀ ਬੰਬਈ ਦੇਖਣਾ ਚਾਹੁੰਦੇ ਹਨ? ਕੀ ਮਹਾਰਾਸ਼ਟਰ ਦੇ ਅਧੀਨ ਰਹਿਕੇ ਬੰਬਈ ਖੁਸ਼ਹਾਲ ਹੋ ਸਕਦਾ ਹੈ? ਦੂਜੇ ਸ਼ਬਦਾਂ ਵਿੱਚ ਇਸਦਾ ਮਤਲਬ ਇਹ ਹੈ ਕਿ ਕੀ ਮਹਾਰਾਸ਼ਟਰ ਇਤਨੇ ਪੈਸਿਆਂ ਦਾ ਉਪਬੰਧ ਕਰਨ ਲਈ ਸਮਰੱਥ ਹੈ ਕਿ ਉਹ ਸ਼ਹਿਰ ਦੀ ਵੱਧ ਰਹੀ ਤਜਾਰਤ ਅਤੇ ਉਦਯੋਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇ? ਕੋਈ ਮਹਾਰਾਸ਼ਟਰੀ ਇਸ ਪ੍ਰਸ਼ਨ ਦਾ ਉੱਤਰ ਹਾਂ ਵਿੱਚ ਨਹੀਂ ਦੇ ਸਕਦਾ। ਕੁਝ ਸਾਲਾਂ ਪਿਛੋਂ ਤਾਂ ਮਹਾਰਾਸ਼ਟਰੀ ਲੋੜ ਅਨੁਸਾਰ ਮੁਹੱਈਆ ਕਰਵਾਉਣ ਦੇ ਕਾਬਿਲ ਹੋ ਸਕਦੇ ਹਨ। ਪਰੰਤੂ ਹਾਲੇ ਬਿਲਕੁਲ ਨਹੀਂ।

ਦੂਸਰਾ ਨੁਕਤਾ ਇਹ ਹੈ ਕਿ ਜੇਕਰ ਸਰਮਾਏ ਦੀ ਕਮੀ ਜਾਂ ਵਪਾਰੀਆਂ ਦੇ ਹਟਣ ਨਾਲ ਸ਼ਹਿਰ ਦੀ ਪ੍ਰਫੁੱਲਤਾ ਵਿੱਚ ਗਿਰਾਵਟ ਆ ਜਾਵੇ ਤਾਂ ਬੰਬਈ ਵਿੱਚ ਰਹਿੰਦੇ ਮਹਾਰਾਸ਼ਟਰੀਆਂ ਦੇ ਰਹਿਣ ਦੇ ਮਿਆਰ ਤੇ ਕੀ ਅਸਰ ਪਵੇਗਾ? ਮਹਾਰਾਸ਼ਟਰੀਆਂ ਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਭਾਵੇਂ ਉਨ੍ਹਾਂ ਦੇ ਅਭਿਮਾਨ ਨੂੰ ਇਸ ਗੱਲ ਦੀ ਸੱਟ ਲੱਗੇ ਕਿ ਉਹ ਕਲਰਕਾਂ ਅਤੇ ਕੁਲੀਆਂ ਦੀ ਰਾਸ਼ਟਰ ਹਨ। ਗਿਰਾਵਟ ਵੱਲ ਜਾ ਰਹੇ ਸ਼ਹਿਰ ਵਿੱਚ ਉਨ੍ਹਾਂ ਨੂੰ ਕੀ ਰੋਜ਼ਗਾਰ ਮਿਲ ਸਕਦਾ ਹੈ? ਇਸ ਦ੍ਰਿਸ਼ਟੀ ਤੋਂ ਬੰਬਈ ਦੇ ਪ੍ਰਸ਼ਨ ਨੂੰ ਮਹਾਰਾਸ਼ਟਰੀਆਂ ਨੂੰ ਵਿਚਾਰਨਾ ਚਾਹੀਦਾ ਹੈ। ਇਕ ਪ੍ਰਚੱਲਤ ਕਹਾਵਤ ਹੈ:-

सर्वनाश सपुस्पन्ने अर्ध त्यजति पंडित:।

ਬੰਬਈ ਸ਼ਹਿਰ ਨੂੰ ਅਲੱਗ ਸਟੇਟ ਬਣਾਉਣ ਦਾ ਇਕ ਹੋਰ ਵੀ ਕਾਰਣ ਹੈ। ਘੱਟ ਗਿਣਤੀ ਅਤੇ ਅਨੁਸੂਚਿਤ ਜ਼ਾਤੀਆਂ ਜਿਹੜੀਆਂ ਪਿੰਡਾਂ ਵਿੱਚ ਰਹਿ ਰਹੀਆਂ ਹਨ, ਉਹ ਬਹੁਗਿਣਤੀ ਦੀਆਂ ਜ਼ਾਤੀਆਂ ਦੇ ਲੋਕਾਂ ਦੁਆਰਾ ਲਗਾਤਾਰ ਸਤਾਈਆਂ ਅਤੇ ਕੁਚਲੀਆਂ ਜਾ ਰਹੀਆਂ ਹਨ ਅਤੇ ਇਥੋਂ ਤੱਕ ਕਿ ਕਤਲ ਕੀਤੀਆਂ ਜਾ ਰਹੀਆਂ ਹਨ। ਘੱਟ ਗਿਣਤੀ ਦੇ ਲੋਕ ਇਕ ਅਜਿਹੀ ਪਨਾਹ ਦੀ ਤਲਾਸ਼ ਵਿੱਚ ਰਹਿੰਦੇ ਹਨ ਜਿਥੇ ਉਹ ਬਹੁਗਿਣਤੀ ਦੇ ਲੋਕਾਂ ਦੇ ਤਸੀਹਿਆਂ ਤੋਂ ਆਜ਼ਾਦ ਹੋ ਸਕਣ। ਜੇਕਰ ਸੰਯੁਕਤ ਮਹਾਰਾਸ਼ਟਰ ਨਾਲ ਬੰਬਈ ਨੂੰ ਮਿਲਾ ਦਿਤਾ ਜਾਵੇ ਤਾਂ ਉਹ ਆਪਣੇ ਬਚਾਉ ਲਈ ਕਿਥੇ ਜਾ ਸਕਦੇ ਹਨ? ਜਦੋਂ ਗੌਡਸੇ ਨੇ ਮਹਾਤਮਾ ਗਾਂਧੀ ਨੂੰ ਮਾਰਿਆ ਸੀ, ਬਿਲਕੁਲ ਇਸੇ ਪ੍ਰਕਾਰ ਦੇ ਤਸੀਹੇ ਪਿੰਡਾਂ ਵਿੱਚ ਰਹਿ ਰਹੇ ਬ੍ਰਾਹਮਣ, ਮਾਰਵਾੜੀ ਅਤੇ ਗੁਜਰਾਤੀਆਂ ਨੂੰ ਦਿਤੇ ਗਏ ਸਨ। ਸਾਰੇ ਹੀ ਬ੍ਰਾਹਮਣ, ਮਾਰਵਾੜੀ ਅਤੇ ਗੁਜਰਾਤੀ ਜਿਹੜੇ ਕਿਸੇ ਸਮੇਂ ਪਿੰਡਾਂ ਵਿੱਚ ਰਹਿ ਰਹੇ ਸਨ, ਉਹ ਹੁਣ ਦੌੜਕੇ ਸ਼ਹਿਰਾਂ ਵਿੱਚ ਆ ਕੇ ਰਹਿਣ ਲੱਗ ਪਏ ਸਨ। ਅਤੇ ਸੁਰੱਖਿਅਤ ਬੰਦਰਗਾਹ ਤੇ ਪਹੁੰਚਣ ਤੋਂ ਬਾਅਦ ਹੁਣ ਉਹ ਸੰਯੁਕਤ ਮਹਾਰਾਸ਼ਟਰ ਦੀ ਮੰਗ ਲਈ ਰੌਲਾ ਪਾ ਰਹੇ ਹਨ।

ਮੈਨੂੰ ਅਜਿਹਾ ਲੱਗਦਾ ਹੈ ਕਿ ਸਮਾਂ ਆਉਣ ਤੇ ਮਹਾਰਾਸ਼ਟਰੀ ਕਾਂਗਰਸ ਹਾਈ ਕਮਾਂਡ ਵੱਲੋਂ ਦਿਤੇ ਗਏ ਫ਼ੈਸਲੇ ਨੂੰ ਮਨਜ਼ੂਰ ਕਰ ਲੈਣਗੇ।

ਮਹਾਰਾਸ਼ਟਰੀਆਂ ਜਾਂ ਮਰਾਠੀਆਂ ਨੂੰ ਬੰਬਈ ਦੇ ਖੁੱਸ ਜਾਣ ਦਾ ਕੋਈ ਡਰ ਨਹੀਂ। ਕੋਈ ਵੀ ਮਰਾਠਿਆਂ ਨੂੰ ਬੰਬਈ ਵਿਚੋਂ ਹਟਾ ਨਹੀਂ ਸਕਦਾ। ਕੋਈ ਵੀ ਵਿਅੱਕਤੀ ਉਨ੍ਹਾਂ ਵਿਚੋਂ ਉਥੋਂ ਕਿਸੇ ਵੀ ਤਰ੍ਹਾਂ ਕੱਢਿਆ ਨਹੀਂ ਜਾ ਸਕਦਾ।

ਬੰਬਈ ਦੇ ਇਕ ਵੱਖਰੇ ਰਾਜ ਵਜੋਂ ਸਿਰਜਨ ਲਈ ਵਾਸਤਵਿਕ ਇਤਰਾਜ਼ ਇਸ ਤੱਥ ਤੋਂ ਪੈਦਾ ਹੁੰਦਾ ਹੈ ਕਿ ਬੰਬਈ ਦਾ ਨਾਂ ਇਸ ਤਰ੍ਹਾਂ ਨਾਲ ਨਹੀਂ ਕਹਿੰਦਾ ਜਿਵੇਂ ਕਿ ਇਹ ਮਹਾਰਾਸ਼ਟਰ ਦਾ ਇਕ ਹਿੱਸਾ ਹੋਵੇ। ਮੇਰਾ ਪ੍ਰਸਤਾਵ ਹੈ ਕਿ ਇਹ ਇਤਰਾਜ਼ ਦੂਰ ਹੋਣਾ ਚਾਹੀਦਾ ਹੈ ਕਿ ਬੰਬਈ ਦੀ ਨਵੀਂ ਰਿਆਸਤ ਦਾ ਦੁਬਾਰਾ ਨਾਮ ਰੱਖਿਆ ਜਾਵੇ ਜਿਸ ਤੋਂ ਪਹਿਲਾਂ ਸ਼ਬਦ ਮਹਾਰਾਸ਼ਟਰ ਜੁੜੇ।

ਇਸੇ ਸੁਝਾਉ ਨੂੰ ਜੇ ਮੰਨ ਕੇ ਤੁਰੀਏ ਅਤੇ ਕਹੀਏ ਕਿ ਬੰਬਈ ਨੂੰ ਇੱਕ ਅਲੱਗ ਰਾਜ ਬਣਾ ਦਿਤਾ ਜਾਵੇ, ਇਸ ਤੋਂ ਭਾਵ ਇਹ ਵੀ ਹੈ ਕਿ ਮਹਾਰਾਸ਼ਟਰ ਨੂੰ ਚਾਰ ਰਾਜਾਂ ਵਿੱਚ ਵੰਡ ਦਿਤਾ ਜਾਵੇ। (1) ਮਹਾਰਾਸ਼ਟਰ ਸਿਟੀ ਸਟੇਟ (ਜਿਹੜਾ ਬੰਬਈ ਸ਼ਹਿਰ ਹੈ) (2) ਪੱਛਮੀ ਮਹਾਰਾਸ਼ਟਰ (3) ਸੈਂਟਰਲ ਮਹਾਰਾਸ਼ਟਰ (4) ਪੂਰਬੀ ਮਹਾਰਾਸ਼ਟਰ, ਫਿਰ ਬੰਬਈ ਨੂੰ ਇੱਕ ਅਲੱਗ ਰਾਜ ਦੇ ਰੂਪ ਵਿੱਚ ਸਥਾਪਿਤ ਕਰਨ ਵਿਚ ਕੀ ਇਤਰਾਜ਼ ਹੋ ਸਕਦਾ ਹੈ?

ਬੰਬਈ ਸ਼ਹਿਰ ਦੀ ਅਲਹਿਦਗੀ ਇਸ ਦੁਆਲੇ ਵੀ ਘੁੰਮਦੀ ਹੈ। ਸ਼ਹਿਰ ਦੇ ਇਸ ਨਾਂ ਦੀ ਬਦਲੀ ਦੇ ਨਾਲ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕਿਹੜਾ ਮਹਾਰਾਸ਼ਟਰੀ ਬੰਬਈ ਦੀ ਹੋਂਦ ਨੂੰ ਅਲੱਗ ਸ਼ਹਿਰੀ ਰਾਜ ਦੇ ਰੂਪ ਵਿੱਚ ਇਸ ਤੱਥ ਨੂੰ ਆਧਾਰ ਮੰਨ ਕੇ ਇਸ ਦੀ ਵਿਰੋਧਤਾ ਕਰ ਸਕਦਾ ਹੈ ਕਿ ਇਹ ਸਕੀਮ ਬੰਬਈ ਨੂੰ ਮਹਾਰਾਸ਼ਟਰ ਤੋਂ ਅਲੱਗ ਕਰਦੀ ਹੈ। ਇਹ ਕਹਿਣਾ ਕਿ ਬੰਬਈ ਇਕ ਅਲੱਗ ਰਾਜ ਬਣਾਇਆ ਜਾਵੇ, ਮਹਾਰਾਸ਼ਟਰ ਨੂੰ ਚਾਰ ਰਾਜਾਂ ਵਿਚ ਵੰਡਣ ਦੇ ਬਰਾਬਰ ਹੈ। ਜੇਕਰ ਮਹਾਰਾਸ਼ਟਰ ਨੂੰ ਦੋ ਜਾਂ ਤਿੰਨ ਰਾਜਾਂ ਵਿੱਚ ਵੰਡਣ ਤੇ ਕੋਈ ਇਤਰਾਜ਼ ਨਹੀਂ

ਹੈ ਤਾਂ ਫਿਰ ਮਹਾਰਾਸ਼ਟਰ ਨੂੰ ਚਾਰ ਭਾਗਾਂ ਵਿੱਚ ਵੰਡਣ ਤੇ ਕੀ ਇਤਰਾਜ਼ ਹੋ ਸਕਦਾ ਹੈ? ਮੈਨੂੰ ਤੇ ਕੋਈ ਇਤਰਾਜ਼ ਨਜ਼ਰ ਨਹੀਂ ਆਉਂਦਾ। ਭਾਸ਼ਾ ਦੀ ਸਮਾਨਤਾ ਨੂੰ ਸਾਹਮਣੇ ਰੱਖਦੇ ਹੋਏ ਮੇਰਾ ਸੁਝਾਉ ਹੈ ਕਿ ਕਲਕੱਤੇ ਨੂੰ ਬੰਗਾਲ ਸਿਟੀ ਸਟੇਟ ਅਤੇ ਮਦਰਾਸ ਨੂੰ ਤਾਮਿਲ ਸਿਟੀ ਸਟੇਟ ਕਹਿ ਦੇਣਾ ਚਾਹੀਦਾ ਹੈ।

ਇਹੀ ਇਕ ਪ੍ਰਸਤਾਵ ਹੈ, ਜੋ ਮੈਂ ਦੇਣਾ ਚਾਹੁੰਦਾ ਹਾਂ ਤਾਕਿ ਮਰਾਠਿਆਂ ਅਤੇ ਗੁਜਰਾਤੀਆਂ ਵਿਚਲੇ ਤਣਾਉ ਨੂੰ ਘਟਾਇਆ ਜਾਵੇ।

ਮਹਾਰਾਸ਼ਟਰ ਸਿਟੀ ਸਟੇਟ ਇਕ ਵਾਧੂ ਰਾਜ ਬਣ ਜਾਵੇਗੀ। ਉਹ ਲੋਕ ਜਿਹੜੇ ਬੰਬਈ ਨਾਲ ਸੰਯੁਕਤ ਮਹਾਰਾਸ਼ਟਰ ਚਾਹੁੰਦੇ ਹਨ ਉਹ ਮਹਾਰਾਸ਼ਟਰ ਲਈ ਇਸ ਸਰਪਲੱਸ ਦਾ ਲਾਭ ਲੈਣ ਦੀ ਆਸ ਕਰ ਰਹੇ ਹਨ।

ਸਿਟੀ ਸਟੇਟ ਦੀ ਵਾਧੂ ਆਮਦਨ (ਸਰਪਲੱਸ ਰੈਵੇਨਿਊ) (1) ਜਾਇਦਾਦ ਕਰ ਅਤੇ (2) ਬਿਜਲੀ ਕਰ ਤੋਂ ਬਣਦੀ ਹੈ। ਕੀ ਇਨ੍ਹਾਂ ਦੋ ਸਰੋਤਾਂ ਤੋਂ ਪ੍ਰਾਪਤ ਹੋਇਆ ਮਾਲੀਆ ਮਹਾਰਾਸ਼ਟਰ ਦੇ ਨਮਿਤ ਹੋਵੇਗਾ ਜੇਕਰ ਬੰਬਈ ਸਿਟੀ ਸਟੇਟ ਬਣ ਜਾਂਦੀ ਹੈ?

ਬੰਬਈ ਸਿਟੀ ਸਟੇਟ ਦੇ ਜਾਇਦਾਦ ਕਰ ਵਿਚੋਂ ਜਾਇਦਾਦ ਕਰ ਦੀ ਪ੍ਰਾਪਤੀ ਵਿਚੋਂ ਕੁਝ ਵੀ ਨਹੀਂ ਲਿਆ ਜਾ ਸਕਦਾ। ਇਹ ਸਥਾਨਕ ਸਥਿਤ ਜਾਇਦਾਦ ਤੇ ਸਥਾਨਕ ਕਰ ਹੈ। ਜਿਸ ਰਾਜ ਵਿੱਚ ਜਾਇਦਾਦ ਸਥਿਤ ਹੋਵੇ, ਉਹ ਕਰ ਦੀ ਪ੍ਰਾਪਤੀ ਲਈ ਹੱਕਦਾਰ ਹੈ।

ਜਿਥੇ ਤੱਕ ਬਿਜਲੀ ਕਰ ਦਾ ਸੁਆਲ ਹੈ, ਉਹ ਇਸ ਤੋਂ ਭਿੰਨ ਹੈ।

ਜਦੋਂ ਗੁਜਰਾਤ ਅਤੇ ਮਹਾਰਾਸ਼ਟਰ ਅਲੱਗ ਹੋ ਜਾਣਗੇ ਤਾਂ ਗੁਜਰਾਤ ਵਿੱਚ ਪੈਦਾ ਹੋਣ ਵਾਲੀ ਅਤੇ ਖਪਤ ਹੋਣ ਵਾਲੀ ਬਿਜਲੀ ਤੋਂ ਪ੍ਰਾਪਤ ਆਮਦਨ ਤੇ ਗੁਜਰਾਤ ਦਾ ਹੱਕ ਹੋਵੇਗਾ। ਇਸੇ ਤਰ੍ਹਾਂ ਮਹਾਰਾਸ਼ਟਰ ਵਿਖੇ ਪੈਦਾ ਹੋਣ ਵਾਲੀ ਅਤੇ ਵਰਤੀ ਜਾਣ ਵਾਲੀ ਬਿਜਲੀ ਤੋਂ ਪ੍ਰਾਪਤ ਆਮਦਨ ਤੇ ਮਹਾਰਾਸ਼ਟਰ ਦਾ ਹੱਕ ਹੋਵੇਗਾ। ਬੰਬਈ ਸ਼ਹਿਰ ਵੀ ਇਕ ਸਟੇਟ ਹੋਣ ਦੇ ਨਾਤੇ ਅਜਿਹਾ ਹੀ ਕਰੇਗਾ।ਕੀ ਬੰਬਈ ਨੂੰ ਅਜਿਹਾ ਕਰਨ ਦੀ ਅਤੇ ਅਜਿਹੀ ਆਮਦਨ ਆਪਣੇ ਕਬਜ਼ੇ ਵਿੱਚ ਰੱਖਣ ਦੀ ਇਜਾਜ਼ਤ ਹੋਵੇਗੀ? ਕੀ ਇਹ ਉਚਿਤ ਹੋਵੇਗਾ? ਬੰਬਈ ਸ਼ਹਿਰ ਬਿਜਲੀ ਪੈਦਾ ਨਹੀਂ ਕਰਦਾ। ਇਹ ਬੰਬਈ ਸ਼ਹਿਰ ਤੋਂ ਬਾਹਰ ਮਹਾਰਾਸ਼ਟਰ ਵਿਖੇ ਪੈਦਾ ਹੁੰਦੀ ਹੈ। ਇਸ ਲਈ, ਬੰਬਈ ਸਿਟੀ ਸਟੇਟ ਨੂੰ ਕੋਈ ਹੱਕ ਨਹੀਂ ਕਿ ਉਹ ਬਿਜਲੀ ਤੋਂ ਪ੍ਰਾਪਤ ਹੋਣ ਵਾਲੀ ਸਾਰੀ ਆਮਦਨ ਤੇ ਆਪਣਾ ਹੱਕ ਰੱਖੇ। ਉਚਿੱਤ ਤਾਂ ਇਹੋ ਹੋਵੇਗਾ ਜਿਵੇਂ ਕਿ ਸਟੇਟ ਫਿਨਾਂਸ ਦੇ ਸਾਰੇ ਵਿਦਿਆਰਥੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਧਨ ਪ੍ਰਾਪਤੀ ਦੀ ਵੰਡ ਅਤੇ ਸੋਮਿਆਂ ਦੀ ਵੰਡ ਦੇ ਵਿਲਖਣਤਾਮਈ ਸਿਧਾਂਤ ਦੀ ਪਾਲਣਾ ਕੀਤੀ ਜਾਵੇ।

ਇਸ ਨੂੰ ਠੋਸ ਰੂਪ ਦੇਣ ਲਈ ਸੈਂਟਰ ਨੂੰ ਚਾਹੀਦਾ ਹੈ ਕਿ ਉਹ ਬਿਜਲੀ ਦੇ ਕਰ ਲਾਉਣ ਦੇ ਕੰਮ ਨੂੰ ਆਪਣੇ ਹੱਥ ਵਿੱਚ ਲਵੇ ਅਤੇ ਪ੍ਰਾਪਤ ਆਮਦਨੀ ਨੂੰ ਮਹਾਰਾਸ਼ਟਰ ਦੇ ਚਾਰ ਰਾਜਾਂ: (1) ਬੰਬਈ (2) ਪੱਛਮੀ ਮਹਾਰਾਸ਼ਟਰ (3) ਸੈਂਟਰਲ ਮਹਾਰਾਸ਼ਟਰ (4) ਪੂਰਬੀ ਮਹਾਰਾਸ਼ਟਰ ਵਿਚਕਾਰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਵੰਡੇ।

ਇਸ ਦੇ ਨਾਲ ਆਰਥਿਕ ਬੋਝ ਨੂੰ ਵੀ ਰਾਹਤ ਮਿਲੇਗੀ ਕਿਉਂਕਿ ਬੰਬਈ ਦੀ ਅਲਹਿਦਗੀ ਕਾਰਣ ਮਹਾਰਾਸ਼ਟਰ ਦੇ ਤਿੰਨ ਭਾਗਾਂ ਨੂੰ ਤੰਗੀ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੋਵੇਗੀ।

**ਇਕੱਠਾ ਜਾਂ ਵੰਡਿਆ ਹੋਇਆ?**

ਮੈਂ ਇਹ ਕਹਿ ਚੁੱਕਿਆ ਹਾਂ ਕਿ ਬੰਬਈ ਨੂੰ ਇਕ ਹੋਰ ਨਵਾਂ ਇਲਾਕਾ ਦੇ ਕੇ ਇਕ ਅਲੱਗ ਸਿਟੀ ਸਟੇਟ ਬਣਾਉਣੀ ਚਾਹੀਦੀ ਹੈ।

ਹੁਣ ਇਥੇ ਇਹ ਸੁਆਲ ਪੈਦਾ ਹੁੰਦਾ ਹੈ ਕਿ ਬਾਕੀ ਦੇ ਮਹਾਰਾਸ਼ਟਰ ਨਾਲ ਕਿਵੇਂ ਨਜਿੱਠਿਆ ਜਾਵੇ? ਮੇਰਾ ਸੁਝਾਉ ਹੈ ਕਿ ਮਹਾਰਾਸ਼ਟਰ ਦੇ ਬਾਕੀ ਭਾਗ ਨੂੰ ਤਿੰਨ ਰਾਜਾਂ ਵਿੱਚ ਵੰਡਣਾ ਚਾਹੀਦਾ ਹੈ।

ਇਤਿਹਾਸਕ ਤੌਰ ਤੇ ਪਹਿਲੀ ਵਾਰ ਮਹਾਰਾਸ਼ਟਰ ਅਸ਼ੋਕ ਦੇ ਸਮੇਂ ਦੌਰਾਨ ਜਾਣਿਆ ਗਿਆ। ਅਸ਼ੋਕ ਦੁਆਰਾ ਬੁੱਧ ਮੱਤ ਦੇ ਪ੍ਰਚਾਰ ਲਈ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਭੇਜੇ ਗਏ ਬੋਧੀ ਪ੍ਰਚਾਰਕਾਂ ਦੇ ਪ੍ਰਸੰਗ ਵਿੱਚ "ਮਹਾਵੰਸ" ਵਿੱਚ ਜ਼ਿਕਰ ਕੀਤਾ ਗਿਆ ਹੈ। ਪਰੰਤੂ ਇਸ ਤੋਂ ਬਾਅਦ ਪਾਲੀ ਸਾਹਿੱਤ ਵਿੱਚ ਵੀ ਤਰਾਈ ਮਹਾਰਾਸ਼ਟਰਰਿਕਾ ਜਾਂ ਤਿੰਨ ਮਹਾਰਾਸ਼ਟਰਾਂ ਬਾਰੇ ਵਰਣਨ ਹੈ।

ਇਸ ਦਾ ਮਤਲਬ ਹੈ ਬਹੁਤ ਪੁਰਾਤਨ ਸਮੇਂ ਤੋਂ ਤਿੰਨ ਮਹਾਰਾਸ਼ਟਰ ਹੋਂਦ ਵਿੱਚ ਰਹੇ ਹਨ। ਇਸ ਲਈ ਮੇਰਾ ਸੁਝਾਉ ਕੋਈ ਨਵਾਂ ਨਹੀਂ ਹੈ।

ਆਬਾਦੀ, ਰਕਬਾ ਅਤੇ ਮਾਲੀਆ ਦੀ ਵੰਡ ਟੇਬਲ ਵਿੱਚ ਦਰਸਾਏ ਗਏ ਹਨ। (ਦੇਖੋ ਪੰਨਾ 160)

ਨਕਸ਼ਾ ਨੰਬਰ (5) ਵਿੱਚ ਤਿੰਨ ਡਵੀਜ਼ਨਾਂ ਦੇ ਰਕਬੇ ਅਤੇ ਹੱਦਾਂ ਬਾਰੇ ਜਾਣਕਾਰੀ ਇਸ ਸਮੇਂ ਮਿਲਦੀ ਹੈ। ਤਿੰਨਾਂ ਡਵੀਜ਼ਨਾਂ ਦੇ ਰਕਬੇ ਅਤੇ ਆਬਾਦੀ ਦੇ ਮੱਦੇਨਜ਼ਰ ਕੋਈ ਸ਼ਿਕਾਇਤ ਨਹੀਂ ਹੈ।

ਬਹੁਤ ਪਹਿਲਾਂ ਸਮੇਂ ਤੋਂ ਤਰਾਈ ਮਹਾਰਾਸ਼ਟਰ ਬਾਰੇ ਜ਼ਿਕਰ ਹੁੰਦਾ ਆ ਰਿਹਾ ਹੈ।

ਵੰਡ, ਭਾਸ਼ਾ ਸਿਧਾਂਤ ਨੂੰ ਕਿਸੇ ਵੀ ਤਰ੍ਹਾਂ ਗ਼ਲਤ ਨਹੀਂ ਕਰਦੀ। ਦਰਅਸਲ ਜੇ ਤਿੰਨਾਂ ਹੀ ਮਹਾਰਾਸ਼ਟਰਾਂ ਦੀ ਭਾਸ਼ਾ ਇਕ ਹੈ ਤਾਂ ਇਸ ਨਾਲ ਮਰਾਠੀ ਭਾਸ਼ਾ ਨੂੰ ਉਨਤ ਹੋਣ ਵਿੱਚ ਮਦਦ ਮਿਲੇਗੀ।

ਆਰਥਕ ਨਿਰਭਰਤਾ ਦੇ ਮਾਮਲੇ ਨੂੰ ਮੈਂ ਫਿਰ ਵਿਚਾਰਾਂਗਾ। ਮੈਂ ਇਕ ਵੱਖਰੇ ਵਿਸ਼ੇਸ਼ ਅਧਿਆਇ ਵਿੱਚ ਇਸ ਨੂੰ ਉਲੀਕਾਂਗਾ।

ਬੰਬਈ ਬਾਰੇ ਉਦੋਂ ਕਿਸੇ ਨੂੰ ਪਤਾ ਹੀ ਨਹੀਂ ਸੀ। ਨਹੀਂ ਤਾਂ ਇਹ ਮਹਾਰਾਸ਼ਟਰ ਦਾ ਚੌਥਾ ਹਿੱਸਾ ਬਣ ਗਿਆ ਹੁੰਦਾ।

ਬਾਕੀ ਦੇ ਤਿੰਨ ਹਿੱਸਿਆਂ ਬਾਰੇ ਜਿਸ ਨੂੰ ਮੈਂ ਜਿਹੜਾ ਪੂਰਬੀ ਮਹਾਰਾਸ਼ਟਰ ਕਹਿੰਦਾ ਹਾਂ, ਉਹ ਪਹਿਲਾਂ ਤੋਂ ਹੀ ਇਕ ਅਲੱਗ ਸਟੇਟ ਹੈ। ਜੋ ਕੁਝ ਚਾਹੀਦਾ ਹੈ ਉਹ ਇਹ ਹੈ ਕਿ ਇਸ ਨੂੰ ਵੱਖਰਾ ਹੀ ਰਹਿਣ ਦਿਤਾ ਜਾਵੇ। ਇਥੇ ਸੁਚੱਜੀ ਪ੍ਰਬੰਧਕੀ ਪ੍ਰਣਾਲੀ ਹੈ ਅਤੇ ਪੂਰਨ ਸਥਾਪਿਤ ਨਿਆਂ ਪ੍ਰਣਾਲੀ ਵੀ ਹੈ। ਹਿੰਦੀ ਭਾਸ਼ੀ ਲੋਕਾਂ ਦੀ ਜਕੜ ਤੋਂ ਇਹ ਪਹਿਲਾਂ ਹੀ ਬਾਹਰ ਹੈ। ਸਿਰਫ਼ ਇਕੋ ਮਸਲਾ ਬਾਕੀ ਰਹਿੰਦਾ ਹੈ ਉਹ ਇਹ ਹੈ ਕਿ ਜਿਹੜਾ ਖੇਤਰ ਮਹਾਰਾਸ਼ਟਰ ਅਧੀਨ ਹੈ ਅਤੇ ਜੋ ਵਰਤਮਾਨ ਬੰਬਈ ਸਟੇਟ ਅਤੇ ਹੈਦਰਾਬਾਦ ਸਟੇਟ ਦੇ ਮਰਾਠਵਾੜਾ ਦਾ ਹਿੱਸਾ ਹੈ, ਨੂੰ ਕਿਸ ਤਰ੍ਹਾਂ ਵੰਡਿਆ ਜਾਵੇ?

ਪਹਿਲਾਂ ਦੋ ਭਾਗਾਂ ਨੂੰ ਇਕ ਵਿੱਚ ਜੋੜਨ ਅਤੇ ਫਿਰ ਇਸ ਨੂੰ ਤੀਜੇ ਨਾਲ ਜੋੜਨ ਦੀ ਬਜਾਏ, ਜਿਸ ਨੂੰ ਮੈਂ ਪੂਰਬੀ ਮਹਾਰਾਸ਼ਟਰ ਕਹਿੰਦਾ ਹਾਂ, ਬੰਬਈ ਦੇ ਹਿੱਸੇ ਮਹਾਰਾਸ਼ਟਰ ਅਤੇ ਮਰਾਠਵਾੜਾ ਨੂੰ ਦੋ ਬਰਾਬਰ ਦੀਆਂ ਸਟੇਟਾਂ ਵਿੱਚ ਕਿਉਂ ਨਾ ਵੰਡ ਦਿਤਾ ਜਾਵੇ? ਇਹ ਮੇਰੀ ਯੋਜਨਾ ਹੈ। ਮੈਂ ਬੰਬਈ ਦੇ ਭਾਗ ਮਹਾਰਾਸ਼ਟਰ ਦੇ ਅੱਠ ਜ਼ਿਲ੍ਹਿਆਂ ਨੂੰ ਤਬਦੀਲ ਕਰਦਾ ਹਾਂ ਅਤੇ ਮਰਾਠਵਾੜਾ ਦਾ ਉਨ੍ਹਾਂ ਨੂੰ ਹਿੱਸਾ ਬਣਾਉਂਦਾ ਹਾਂ। (ਦੇਖੋ ਨਕਸ਼ਾ ਨੰ:5) ਤਿੰਨਾਂ ਮਹਾਰਾਸ਼ਟਰਾਂ ਦਾ ਇਲਾਕਾ ਅਤੇ ਆਬਾਦੀ ਦੀ ਤਕਸੀਮ ਹੇਠ ਲਿਖੇ ਅਨੁਸਾਰ ਦਰਸਾਈ ਜਾਂਦੀ ਹੈ:

ਤਿੰਨ ਮਹਾਰਾਸ਼ਟਰੀ ਸਟੇਟਾਂ ਦੀ ਆਬਾਦੀ, ਖੇਤਰਫ਼ਲ ਅਤੇ ਮਾਲੀਆ ਅੰਦਾਜ਼ਨ ਹੇਠ ਲਿਖੇ ਅਨੁਸਾਰ ਹੈ:

| ਸਟੇਟ ਦਾ ਨਾਂ | ਕੁੱਲ ਆਬਾਦੀ (ਕਰੋੜਾਂ ਵਿੱਚ) | ਕੁੱਲ ਰਕਬਾ (ਵਰਗ ਮੀਲ ਵਿੱਚ) | ਕੁੱਲ ਆਮਦਨ | ਕੁੱਲ ਖਰਚਾ |
|---|---|---|---|---|
| ਪੱਛਮੀ ਮਹਾਰਾਸ਼ਟਰ | 1,26,77,316 | 30,028 | 26,24,20,441 | ਪਤਾ ਨਹੀਂ |
| ਸੈਂਟਰਲ ਮਹਾਰਾਸ਼ਟਰ | 1,24,09,044 | 55,482 | 21,63,80,095 | ਪਤਾ ਨਹੀਂ |
| ਪੂਰਬੀ ਮਹਾਰਾਸ਼ਟਰ | 80,27,130 | 39,004 | 9,41,11,012 | ਪਤਾ ਨਹੀਂ |
| ਕੁੱਲ | 3,31,13,490 | 1,24,514 | 57,29,11,548 | |

ਹੁਣ ਮੈਂ ਆਪਣੀ ਯੋਜਨਾ ਦੇ ਹੱਕ ਵਿੱਚ ਕਾਰਣ ਦਰਸਾਉਂਦਾ ਹਾਂ। ਮੈਂ ਕਹਿ ਚੁੱਕਿਆ ਹਾਂ ਕਿ ਮਹਾਰਾਸ਼ਟਰ ਹਮੇਸ਼ਾਂ ਹੀ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਇਹ ਇਕ ਇਤਿਹਾਸਕ ਦਲੀਲ ਹੈ।

ਇਸ ਤੋਂ ਘੱਟ ਤੋਂ ਘੱਟ ਇਹ ਤਾਂ ਪਤਾ ਚਲਦਾ ਹੈ ਕਿ ਸੰਯੁਕਤ ਮਹਾਰਾਸ਼ਟਰ ਦੀ ਪਰੰਪਰਾ, ਜ਼ਿਦਗੀ ਜਿਊਣ ਦਾ ਤਰੀਕਾ, ਸਮਾਜਿਕ ਅਤੇ ਆਰਥਿਕ ਹਾਲਤ ਇਕ ਨਹੀਂ ਹੈ। ਉਹ ਜਿਹੜੇ ਸੰਯੁਕਤ ਮਹਾਰਾਸ਼ਟਰ ਨੂੰ ਵੇਖਣ ਦੀ ਜਲਦੀ ਵਿੱਚ ਹਨ, ਨੂੰ ਇਹ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਪਰੰਤੂ ਇਥੇ ਕੁਝ ਅਜਿਹੀਆਂ ਦਲੀਲਾਂ ਹਨ, ਜੋ ਵਰਤਮਾਨ ਸਮੇਂ ਤੋਂ ਪੈਦਾ ਹੋਈਆਂ ਹਨ ਅਤੇ ਇਨ੍ਹਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਮੈਂ ਏਥੇ ਕੁਝ ਇਕ ਦਾ ਜ਼ਿਕਰ ਕਰਦਾ ਹਾਂ।

ਮੇਰੀ ਪਹਿਲੀ ਦਲੀਲ ਇਹ ਹੈ ਕਿ ਇਕਹਿਰੀ ਸਰਕਾਰ ਸੰਯੁਕਤ ਮਹਾਰਾਸ਼ਟਰ ਵਰਗੇ ਵੱਡੇ ਰਾਜ ਦਾ ਪ੍ਰਬੰਧ ਨਹੀਂ ਚਲਾ ਸਕਦੀ।

ਮਰਾਠੀ ਬੋਲਣ ਵਾਲੇ ਲੋਕਾਂ ਦੀ ਕੁੱਲ ਆਬਾਦੀ 3,31,13,490 ਹੈ, ਮਰਾਠੀ ਭਾਸ਼ੀ ਲੋਕਾਂ ਦੇ ਕਬਜ਼ੇ ਵਿਚਲਾ ਕੁਲ ਰਕਬਾ 1,24,514 ਵਰਗ ਮੀਲ ਹੈ। ਇਹ ਇਕ ਬਹੁਤ ਵੱਡਾ ਰਕਬਾ ਹੈ ਅਤੇ ਇਸ ਉਤੇ ਇਕ ਸਟੇਟ ਦੁਆਰਾ ਸਹੀ ਪ੍ਰਬੰਧ ਚਲਾਉਣਾ ਅਸੰਭਵ ਹੈ। ਮਹਾਰਾਸ਼ਟਰੀ ਲੋਕ ਜਿਹੜੇ ਸੰਯੁਕਤ ਮਹਾਰਾਸ਼ਟਰ ਦੀ ਗੱਲ ਕਰਦੇ ਹਨ, ਨੂੰ ਮਹਾਰਾਸ਼ਟਰ ਦੇ ਰਕਬੇ ਦੀ ਵਿਸ਼ਾਲਤਾ ਅਤੇ ਘਟੀ ਆਬਾਦੀ ਬਾਰੇ ਕੋਈ ਇਲਮ ਨਹੀਂ ਹੈ। ਪਰ ਉਥੇ ਕਿਉਂ ਇਕੱਲੀ ਮਹਾਰਾਸ਼ਟਰੀ ਸਟੇਟ ਹੋਣੀ ਚਾਹੀਦੀ ਹੈ, ਮੇਰੀ ਸਮਝ ਤੋਂ ਬਾਹਰ ਦੀ ਗੱਲ ਹੈ। ਵੱਖਰੀ ਮਹਾਰਾਸ਼ਟਰ ਸਟੇਟ ਦਾ ਹੋਣਾ ਇਕ ਗੱਲ ਹੈ, ਪਰੰਤੂ ਇਕੱਲੀ ਮਹਾਰਾਸ਼ਟਰ ਦਾ ਹੋਣਾ ਇਕ ਬਿਲਕੁਲ ਵੱਖਰੀ ਗੱਲ ਹੈ। ਮੈਂ ਇਕ ਵੱਖਰੀ ਮਹਾਰਾਸ਼ਟਰ ਸਟੇਟ ਦੇ ਹੱਕ ਵਿੱਚ ਹਾਂ ਜੋ

ਗੁਜਰਾਤੀਆਂ ਅਤੇ ਹਿੰਦੀ-ਭਾਸ਼ੀ ਲੋਕਾਂ ਤੋਂ ਇਕ ਵੱਖਰੀ ਮਹਾਰਾਸ਼ਟਰ ਸਟੇਟ ਹੋਵੇ। ਪਰੰਤੂ ਇਹ ਗੱਲ ਮੇਰੀ ਸਮਝ ਤੋਂ ਬਾਹਰ ਹੈ ਕਿ ਇਕ ਆਜ਼ਾਦ ਮਹਾਰਾਸ਼ਟਰ ਨੂੰ ਇਕ ਅਲੱਗ ਰਾਜ ਕਿਉਂ ਬਣਾਉਣਾ ਚਾਹੀਦਾ ਹੈ। ਮਹਾਰਾਸ਼ਟਰੀ ਲੋਕ ਯੂ.ਪੀ. ਵਿਰੁੱਧ ਲੜਾਈ ਕਰਨ ਦਾ ਕੋਈ ਵਿਚਾਰ ਨਹੀਂ ਰੱਖਦੇ। ਇਸ ਲਈ ਉਨ੍ਹਾਂ ਨੂੰ ਸਾਂਝਾ ਫਰੰਟ ਰੱਖਣ ਦੀ ਕੋਈ ਜ਼ਰੂਰਤ ਨਹੀਂ ਹੈ।

ਮਰਾਠੀਆਂ ਦੇ ਨਜ਼ਰੀਏ ਨੂੰ ਮੁੱਖ ਰੱਖਦੇ ਹੋਏ ਇਹ ਸੰਗਠਨ ਕਿਉਂ ਹੋਣਾ ਚਾਹੀਦਾ ਹੈ? ਸਿਤਾਰਾ ਦੇ ਮਰਾਠਿਆਂ ਦੀ ਔਰੰਗਾਬਾਦ ਦੇ ਮਰਾਠਿਆਂ ਨਾਲ ਕੀ ਸਾਂਝ ਹੈ? ਨਾਸਕ ਦੇ ਮਰਾਠਿਆਂ ਦੀ ਰਤਨਾਗਿਰੀ ਦੇ ਮਰਾਠਿਆਂ ਨਾਲ ਕੀ ਸਾਂਝ ਹੈ? ਸਿਤਾਰਾ ਦੇ ਮਰਾਠੇ ਔਰੰਗਾਬਾਦ ਦੇ ਮਰਾਠਿਆਂ ਦੀਆਂ ਸਮੱਸਿਆਵਾਂ ਦੀ ਰਾਖੀ ਅਤੇ ਹਿੱਤਾਂ ਦੀ ਪਾਲਣਾ ਕਰਨ ਲਈ ਕੀ ਯੋਗਦਾਨ ਪਾ ਸਕਦੇ ਹਨ? ਨਾਸਕ ਦਾ ਮਰਾਠਾ ਰਤਨਾਗਿਰੀ ਦੇ ਮਰਾਠੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀ ਰਾਖੀ ਅਤੇ ਹਿੱਤਾਂ ਦੀ ਪਾਲਣਾ ਕਰ ਸਕਦਾ ਹੈ? ਇਸ ਤਰ੍ਹਾਂ ਇਸ ਸੰਗਠਨ ਦਾ ਕੋਈ ਅਰਥ ਨਹੀਂ ਹੈ ਅਤੇ ਇਹ ਕਿਸੇ ਵੀ ਮਨੋਰਥ ਲਈ ਲਾਭਕਾਰੀ ਨਹੀਂ ਹੈ।

ਵਰਤਮਾਨ ਬੰਬਈ ਦੇ ਮੰਤਰੀ ਮੰਡਲ ਵਿੱਚ ਸਾਰੇ ਮੰਤਰੀ ਸਿਤਾਰਾ ਜਾਂ ਨਾਸਕ ਜ਼ਿਲ੍ਹਿਆਂ ਵਿਚੋਂ ਹੀ ਹਨ। ਕੋਈ ਵੀ ਕੋਂਕਨ ਵਿਚੋਂ ਨਹੀਂ ਹੈ।

ਦੂਸਰਾ ਵਿਚਾਰ ਮਹਾਰਾਸ਼ਟਰ ਦੇ ਤਿੰਨਾ ਹਿੱਸਿਆਂ ਵਿਚਕਾਰ ਆਰਥਿਕ ਅਸਮਾਨਤਾ ਦਾ ਹੈ। ਨਿਜ਼ਾਮ ਨੇ ਮਰਾਠਵਾੜਾ ਨੂੰ ਅਣਗੌਲਿਆ ਕੀਤਾ ਹੋਇਆ ਹੈ। ਇਸ ਗੱਲ ਦੀ ਕੀ ਗਰੰਟੀ ਹੈ ਕਿ ਦੂਜੇ ਦੋ ਮਹਾਰਾਸ਼ਟਰ ਉਸ ਮਹਾਰਾਸ਼ਟਰ ਦੇ ਲਾਭ ਦਾ ਖ਼ਿਆਲ ਰੱਖਣਗੇ ਜਿਸ ਨੂੰ ਮੈਂ ਸੈਂਟਰਲ ਮਹਾਰਾਸ਼ਟਰ ਕਹਿੰਦਾ ਹਾਂ?

ਤੀਸਰਾ ਵਿਚਾਰ ਮਹਾਰਾਸ਼ਟਰ ਦੇ ਤਿੰਨਾਂ ਹਿੱਸਿਆਂ ਵਿਚਕਾਰ ਉਦਯੋਗਿਕ ਅਸਮਾਨਤਾ ਹੈ। ਪੱਛਮੀ ਮਹਾਰਾਸ਼ਟਰ ਅਤੇ ਪੂਰਬੀ ਮਹਾਰਾਸ਼ਟਰ ਉਦਯੋਗਿਕ ਤੌਰ ਤੇ ਪੂਰੀ ਤਰ੍ਹਾਂ ਵਿਕਸਿਤ ਹਨ। ਸੈਂਟਰਲ ਮਹਾਰਾਸ਼ਟਰ ਬਾਰੇ ਕੀ ਹੈ? ਇਸਦੀ ਉਦਯੋਗਿਕ ਉਨਤੀ ਬਾਰੇ ਕੀ ਗਰੰਟੀ ਹੈ? ਕੀ ਪੱਛਮੀ ਮਹਾਰਾਸ਼ਟਰ ਅਤੇ ਪੂਰਬੀ ਮਹਾਰਾਸ਼ਟਰ ਸੈਂਟਰਲ ਮਹਾਰਾਸ਼ਟਰ ਦੀ ਉਦਯੋਗਿਕ ਉੱਨਤੀ ਵਿੱਚ ਦਿਲਚਸਪੀ ਲੈਣਗੇ?

ਚੌਥਾ ਵਿਚਾਰ ਪੂਰਬੀ ਤੇ ਪੱਛਮੀ ਮਹਾਰਾਸ਼ਟਰ ਦੀ ਵਿਦਿਅਕ ਅਸਮਾਨਤਾ ਹੈ। ਇਕ ਪਾਸੇ ਪੱਛਮੀ ਮਹਾਰਾਸ਼ਟਰ ਤੇ ਦੂਜੇ ਪਾਸੇ ਸੈਂਟਰਲ ਮਹਾਰਾਸ਼ਟਰ ਹੈ। ਉਨ੍ਹਾਂ ਵਿੱਚ ਅਸਮਾਨਤਾ ਸਪੱਸ਼ਟ ਹੈ। ਜੇਕਰ ਸੈਂਟਰਲ ਮਹਾਰਾਸ਼ਟਰ ਪੂੰਨਾ ਯੂਨੀਵਰਸਿਟੀ ਅਧੀਨ ਆ ਜਾਵੇ ਤਾਂ ਇਸ ਦੀ ਕਿਸਮਤ ਡੁੱਬ ਜਾਏਗੀ। ਮੈਂ ਮਰਾਠਵਾੜਾ ਬਾਰੇ ਬਹੁਤ ਜ਼ਿਆਦਾ ਚਿੰਤਤ ਹਾਂ। ਇਹ ਪਿਛਲੇ ਦੋ ਸੌ ਸਾਲਾਂ ਤੋਂ ਹੁਣ ਤੱਕ ਨਿਜ਼ਾਮ ਦੀ ਸਲਤਨਤ ਦਾ ਹਿੱਸਾ ਸੀ। ਨਿਜ਼ਾਮ ਨੇ ਇਸ ਖੇਤਰ ਨੂੰ ਬਹੁਤ ਬੁਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਹੋਇਆ ਸੀ। ਉਹ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ ਲੈਂਦਾ। ਮਰਾਠਵਾੜਾ ਵਿਖੇ ਸਿੰਜਾਈ ਲਈ ਇਕ ਮੀਲ ਲੰਬੀ ਨਹਿਰ ਵੀ ਨਹੀਂ ਹੈ। ਮਰਾਠਵਾੜਾ ਦੇ ਤਾਲੁੱਕਾ ਨਾਮੀ ਥਾਂ ਤੇ ਮੁਸ਼ਕਿਲ ਨਾਲ ਇਕ ਸਕੂਲ ਸੀ। ਮਰਾਠਵਾੜਾ ਦਾ ਮੁਸ਼ਕਿਲ ਨਾਲ ਹੀ ਕੋਈ ਜੁਆਨ ਨਿਜ਼ਾਮ ਦੀ ਸਿਵਲ ਸਰਵਿਸ ਵਿਚ ਹੋਵੇਗਾ। ਮੈਂ ਜਾਣਕਾਰੀ ਅਤੇ ਤਜ਼ਰਬੇ ਦੇ ਆਧਾਰ ਤੇ ਕਹਿੰਦਾ ਹਾਂ। ਕੇਵਲ ਗਰੀਬੜੇ ਹੀ ਨਹੀਂ ਹਨ ਬਲਕਿ ਉਹ ਮਾਸੂਮ

ਵੀ ਹਨ। ਉਹ ਦੋਹਾਂ ਪਾਸਿਉਂ ਤੋਂ ਅਮੀਰਾਂ ਹੱਥੋਂ ਲੁੱਟੇ ਜਾ ਰਹੇ ਹਨ। ਜਦੋਂ ਉਨ੍ਹਾਂ ਲਈ ਰੋਜ਼ਗਾਰ ਦੇ ਰਸਤੇ ਬੰਦ ਕਰ ਦਿਤੇ ਗਏ ਹਨ ਤਾਂ ਫਿਰ ਉਨ੍ਹਾਂ ਦੀ ਸਥਿੱਤੀ ਵਿਚ ਹੋਰ ਵੀ ਗਿਰਾਵਟ ਆਵੇਗੀ।

ਮੈਂ ਇਹ ਸੋਚਕੇ ਕੰਬ ਜਾਂਦਾ ਹਾਂ ਜਦੋਂ ਮੈਨੂੰ ਪਤਾ ਲਗੇਗਾ ਕਿ ਮਰਾਠਵਾੜਾ ਪੂੰਨਾ ਯੂਨੀਵਰਸਿਟੀ ਅਧੀਨ ਚਲਾ ਗਿਆ ਹੈ। ਪੂੰਨਾ ਯੂਨੀਵਰਸਿਟੀ ਅਧੀਨ ਸਕੂਲਾਂ ਅਤੇ ਕਾਲਜਾਂ ਦੀ ਪੜ੍ਹਾਈ ਦਾ ਮਿਆਰ ਇਨਾਂ ਉੱਚਾ ਹੈ ਕਿ ਮਰਾਠਵਾੜੇ ਦਾ ਕੋਈ ਵੀ ਲੜਕਾ ਉਥੋਂ ਇਮਤਿਹਾਨ ਪਾਸ ਕਰਨ ਦੀ ਉਮੀਦ ਨਹੀਂ ਕਰ ਸਕਦਾ। ਇਹ ਬਿਲਕੁਲ ਸੰਭਵ ਹੈ ਕਿ ਜਦੋਂ ਸੰਯੁਕਤ ਮਹਾਰਾਸ਼ਟਰ ਦੇ ਪਾਗ਼ਲਪਨ ਨਾਲ ਇਕੱਠੀ ਅਤੇ ਸਾਂਝੀ ਯੂਨੀਵਰਸਿਟੀ ਲਈ ਪਾਗ਼ਲਪਨ ਵਿਕਸਿਤ ਹੋਵੇਗਾ।

ਸੰਯੁਕਤ ਮਹਾਰਾਸ਼ਟਰ ਦੀ ਸਿਰਜਨਾ ਨਾਲ ਪੂੰਨਾ ਅਤੇ ਨਾਗਪੁਰ ਦੇ ਬ੍ਰਾਹਮਣਾਂ ਦੁਆਰਾ ਮਰਾਠਵਾੜਾ ਵਿਖੇ ਨੌਕਰੀਆਂ ਪ੍ਰਾਪਤ ਕਰਨ ਲਈ ਭੀੜ ਲੱਗ ਜਾਵੇਗੀ।

ਇਥੇ ਇਕ ਹੋਰ ਵੀ ਕਾਰਣ ਹੈ ਕਿ ਮਹਾਰਾਸ਼ਟਰ ਨੂੰ ਕਿਉਂ ਤਿੰਨ ਹਿੱਸਿਆਂ ਵਿੱਚ ਵੰਡਣਾ ਚਾਹੀਦਾ ਹੈ?

ਬੰਬਈ ਵਿਧਾਨ ਸਭਾ ਵਿੱਚ ਮੈਂਬਰਾਂ ਦੀ ਕੁੱਲ ਬਹੁਮੱਤ 315 ਹੈ। ਉਨ੍ਹਾਂ ਵਿਚੋਂ 149 ਮੈਂਬਰ ਮਰਾਠੀ ਬੋਲਣ ਵਾਲੇ ਹਨ। ਬੰਬਈ ਵਿਧਾਨ ਪਰਿਸ਼ਦ ਦੀ ਕੁੱਲ ਗਿਣਤੀ 72 ਹੈ ਅਤੇ ਉਨ੍ਹਾਂ ਵਿਚੋਂ 34 ਮਰਾਠੀ ਬੋਲਣ ਵਾਲੇ ਹਨ। ਜ਼ਾਹਿਰ ਹੈ ਕਿ ਕੋਈ ਕੁੱਲ ਮਰਾਠੀ ਬੋਲਣ ਵਾਲੇ ਬੰਬਈ ਰਾਜ ਦੇ ਮੁੱਖ ਮੰਤਰੀ ਰਹੇ ਹੋਣਗੇ। ਸ੍ਰੀ ਹੀਰੇ ਮੁੱਖ ਮੰਤਰੀ ਦੇ ਪਦ ਲਈ ਖੜੇ ਹੋਏ, ਪਰੰਤੂ ਕਾਂਗਰਸ ਹਾਈ ਕਮਾਂਡ ਨੇ ਉਸ ਨੂੰ ਬਿਠਾ ਦਿੱਤਾ। ਸ੍ਰੀ ਹੀਰੇ ਨੂੰ ਨਾ ਸਿਰਫ ਬਿਠਾਇਆ ਹੀ ਗਿਆ, ਬਲਕਿ ਉਸ ਨੂੰ ਜ਼ਬਰਦਸਤੀ ਸ੍ਰੀ ਮੋਰਾਰਜੀ ਡੇਸਾਈ ਨੂੰ ਮੁੱਖ ਮੰਤਰੀ ਬਣਾਉਣ ਲਈ ਪ੍ਰਸਤਾਵ ਪੇਸ਼ ਕਰਨ ਹਿਤ ਮਜ਼ਬੂਰ ਕੀਤਾ ਗਿਆ। ਇਕ ਮਹਾਰਾਸ਼ਟਰੀ ਨੇਤਾ ਦੀ ਕਿੰਨੀ ਹੇਠੀ ਹੈ? ਅਤੇ ਕਾਂਗਰਸ ਹਾਈ ਕਮਾਂਡ ਮਹਾਰਾਸ਼ਟਰੀਆਂ ਦੀ ਸਿਆਸੀ ਸੂਝ-ਬੂਝ ਨੂੰ ਵੀ ਮਹੱਤਵ ਦਿੰਦੀ ਹੈ?

ਪਹਿਲਾਂ ਦਰਸਾਏ ਗਏ ਵਿਸ਼ਿਆਂ ਦੀ ਵੰਡ ਤੋਂ ਮਰਾਠੀ ਮੰਤਰੀਆਂ ਦੀ ਅਸਮਰਥਾ ਬਾਰੇ ਸਪਸ਼ਟ ਹੋ ਜਾਂਦਾ ਹੈ।

ਉਪਰੋਕਤ ਤੱਥਾਂ ਤੋਂ ਪਤਾ ਲਗਦਾ ਹੈ ਕਿ ਮਰਾਠੇ ਲੋਕ ਸਿਆਸੀ ਯੋਗਤਾ ਤੋਂ ਹੀਣੇ ਹਨ। ਉਨ੍ਹਾਂ ਕੋਲ ਤਿਲਕ, ਗੋਖਲੇ ਜਾਂ ਰਾਨਾਡੇ ਵਰਗਾ ਕੋਈ ਉੱਘਾ ਵਿਅਕਤੀ ਨਹੀਂ ਹੈ। ਮਹਾਂਰਾਸ਼ਟਰੀ ਅੱਜ ਕਿਸੇ ਗਿਣਤੀ ਵਿੱਚ ਨਹੀਂ ਹਨ। ਮਹਾਰਾਸ਼ਟਰੀ ਕਾਂਗਰਸ ਵਿੱਚ ਵੀ ਕਾਂਗਰਸ ਦੀ ਜ਼ਿਆਦਾ ਪੁੱਛ-ਦਸ ਨਹੀਂ ਹੈ। ਇਸ ਲਈ ਸਿਆਸੀ ਜੀਵਨ ਵਿੱਚ ਮਹਾਰਾਸ਼ਟਰੀਆਂ ਨੂੰ ਸਿਖਲਾਈ ਦਿੱਤੀ ਜਾਣੀ ਬਿਲਕੁੱਲ ਲਾਜ਼ਮੀ ਹੈ। ਇਹ ਸਿਆਸੀ ਸਿਖਲਾਈ ਇਸ ਕਰਕੇ ਜ਼ਰੂਰੀ ਹੋ ਗਈ ਹੈ ਕਿਉਂਕਿ ਲੋਕਾਂ ਨੂੰ ਸ਼ਕਤੀ ਸੌਂਪ ਦਿੱਤੀ ਗਈ ਹੈ। ਮਰਾਠਾ ਸ਼ਬਦ ਦੋ ਅਰਥਾਂ ਵਿੱਚ ਵਰਤਿਆ ਗਿਆ ਹੈ। ਇਕ ਅਰਥ ਇਹ ਕਿ ਉਹ ਮਰਾਠੀ ਬੋਲੀ ਬੋਲਦੇ ਹਨ ਅਤੇ ਦੂਜੀ ਉਨ੍ਹਾਂ ਦੀ ਜ਼ਾਤ ਵੀ ਮਰਾਠੀ ਹੈ। ਇਨ੍ਹਾਂ ਸਾਰਿਆਂ ਨੂੰ ਇਸੇ ਕਰਕੇ ਮਰਾਠੀ ਕਿਹਾ ਜਾਂਦਾ ਹੈ। ਪਰ ਮਰਾਠੀ ਬੋਲਣ ਵਾਲੇ ਅਤੇ ਮਰਾਠੀ ਜ਼ਾਤ ਵਾਲੇ ਆਪਣੀ ਕੋਈ ਵੱਖਰੀ-ਵੱਖਰੀ ਪਛਾਣ ਨਹੀਂ ਬਣਾ ਸਕੇ। ਬ੍ਰਾਹਮਣਾਂ ਦੀਆਂ ਆਸਾਂ ਦੇ ਹੁੰਦਿਆਂ ਵੀ, ਮਰਾਠੀ ਬੋਲਣ ਵਾਲੇ ਮਹਾਰਾਸ਼ਟਰ

ਤੇ ਹਕੂਮਤ ਨਹੀਂ ਕਰਦੇ ਬਲਕਿ ਉਹ ਮਰਾਠੇ ਹਕੂਮਤ ਕਰਦੇ ਹਨ ਜੋ ਜ਼ਾਤ ਦੇ ਮਰਾਠੇ ਹਨ। ਹੁਣ ਇਸ ਗੱਲ ਤੋਂ ਇਨਕਾਰ ਨਹੀ ! ਕੀਤਾ ਜਾ ਸਕਦਾ ਕਿ ਮਰਾਠੇ ਸਿਆਸੀ ਤੌਰ ਤੇ ਬੇਹੱਦ ਪਛੜੇ ਹੋਏ ਹਨ। ਬੁਨਿਆਦੀ ਤੌਰ ਤੇ ਉਨ੍ਹਾਂ ਨੂੰ ਰਾਜਨੀਤਿਕ ਸਿਖਲਾਈ ਮਿਲਣੀ ਚਾਹੀਦੀ ਹੈ। ਜੇਕਰ ਇਥੇ ਇਕ ਹੀ ਮਹਾਰਾਸ਼ਟਰ ਹੋਵੇ ਤਾਂ ਸਿਰਫ ਇਕ ਮਰਾਠੇ ਨੂੰ ਮੁੱਖ ਮੰਤਰੀ ਦੇ ਤੌਰ ਤੇ ਅਤੇ ਪੰਜ ਜਾਂ ਛੇ ਨੂੰ ਮੰਤਰੀਆਂ ਦੇ ਤੌਰ ਤੇ ਸਿਖਲਾਈ ਦਿੱਤੀ ਜਾ ਸਕਦੀ ਹੈ। ਦੂਜੇ ਪਾਸੇ ਜੇਕਰ ਤਿੰਨ ਮਹਾਰਾਸ਼ਟਰ ਸਟੇਟਾਂ ਹੋਣ ਤਾਂ ਤਿੰਨ ਮਰਾਠੇ ਮੁਖ ਮੰਤਰੀ ਅਤੇ 30 ਮਰਾਠੇ ਮੰਤਰੀ ਦੇ ਤੌਰ ਤੇ ਸਿਖਲਾਈ ਲੈ ਸਕਦੇ ਹਨ। ਅਸੀਂ ਸਹੀ ਅਰਥਾਂ ਵਿੱਚ ਆਪਣੇ ਆਪ ਦੀ ਸੱਚੀ ਸੇਵਾ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਆਪਣੇ ਉਸਤਾਦਾਂ ਨੂੰ ਸਿਖਲਾਈ ਦੇਣ ਵਿੱਚ ਮਦਦ ਕਰੀਏ।

ਮਰਾਠੀਆਂ ਨੂੰ ਸਿਖਲਾਈ ਦੇਣ ਦਾ ਸਿਰਫ਼ ਇਕੋ ਹੀ ਤਰੀਕਾ ਹੈ ਕਿ ਉਨ੍ਹਾਂ ਦੀ ਨਿਪੁੰਨਤਾ ਨੂੰ ਤਰੱਕੀ ਦੇਣ ਲਈ ਜ਼ਿਆਦਾ ਖੇਤਰ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਨਿਪੁੰਨਤਾ ਨੂੰ ਪ੍ਰਯੋਗ ਵਿੱਚ ਲਿਆਂਦਾ ਜਾਵੇ। ਇਹ ਤਿੰਨ ਮਹਾਰਾਸ਼ਟਰਾਂ ਦੀ ਸਿਰਜਨਾ ਨਾਲ ਹੀ ਹੋ ਸਕਦਾ ਹੈ।

ਇਕ ਕਹਾਣੀ ਯਾਦ ਆ ਗਈ ਹੈ ਜੋ ਇਸ ਮੌਕੇ ਤੇ ਢੁੱਕਵੀਂ ਹੈ। ਇਕ ਨੌਜਵਾਨ ਲੜਕੀ ਦਾ ਪਿਤਾ ਉਸਨੂੰ ਘੁਮਾਉਣ ਲਈ ਜੰਗਲ ਵਿੱਚ ਲੈ ਗਿਆ। ਉਸ ਨੇ ਵੇਖਿਆ ਕਿ ਵੱਡੇ ਦਰਖ਼ਤਾਂ ਹੇਠ ਛੋਟੀਆਂ ਝਾੜੀਆਂ ਸਨ। ਵੱਡੇ ਰੁੱਖਾਂ ਅਤੇ ਝਾੜੀਆਂ ਨੂੰ ਇਕੋ ਜਿਹੇ ਮਾਹੌਲ ਵਿੱਚ ਦੇਖ ਕੇ ਉਸਨੇ ਆਪਣੇ ਪਿਤਾ ਤੋਂ ਪੁੱਛਿਆ ਕਿ ਇਨ੍ਹਾਂ ਵੱਡੇ ਦਰਖ਼ਤਾਂ ਹੇਠ ਝਾੜੀਆਂ ਕਿਉਂ ਨਹੀਂ ਵਧਦੀਆਂ। ਉਸਦਾ ਪਿਤਾ ਬਨਸਪਤੀ ਵਿਗਿਆਨੀ ਨਹੀਂ ਸੀ ਅਤੇ ਉਸਨੂੰ ਜੁਆਬ ਨਾ ਦੇ ਸਕਿਆ। ਇਸ ਲਈ, ਉਸਨੇ ਕਿਹਾ: ਉਹ ! ਮੈਨੂੰ ਇਸ ਬਾਰੇ ਪਤਾ ਨਹੀਂ ਹੈ। ਪਰ ਉਸਨੇ ਸੋਚਿਆ ਕਿ ਸੁਆਲ ਬਹੁਤ ਮਹੱਤਵ ਵਾਲਾ ਹੈ। ਉਹ ਇਕ ਕਾਲਜ ਵਿੱਚ ਪ੍ਰੋਫੈਸਰ ਸੀ। ਅਗਲੇ ਦਿਨ ਉਹ ਕਾਲਜ ਗਿਆ ਤੇ ਆਪਣੇ ਬਨਸਪਤੀ ਵਿਗਿਆਨੀ ਸਾਥੀ ਤੋਂ ਇਹ ਪ੍ਰਸ਼ਨ ਪੁੱਛਿਆ। ਉਸਨੇ ਜਵਾਬ ਦਿੱਤਾ: ਤੈਨੂੰ ਨਹੀਂ ਪਤਾ ! ਇਹ ਤਾਂ ਬਹੁਤ ਸਾਧਾਰਣ ਜਿਹਾ ਉੱਤਰ ਹੈ। ਵੱਡੇ ਦਰਖ਼ਤਾਂ ਕਰਕੇ ਉਨ੍ਹਾਂ ਤੱਕ ਸੂਰਜ ਦੀਆਂ ਕਿਰਨਾਂ ਨਹੀਂ ਪਹੁੰਚਦੀਆਂ। ਇਸ ਕਰਕੇ ਉਹ ਨਹੀਂ ਵਧਦੀਆਂ। ਮਰਾਠਵਾੜਾ ਦੇ ਲੋਕਾਂ ਨੂੰ ਇਸ ਕਹਾਣੀ ਦੀ ਸਿੱਖਿਆ ਨਹੀਂ ਭੁਲਣੀ ਚਾਹੀਦੀ।

ਸੰਯੁਕਤ ਮਹਾਰਾਸ਼ਟਰ ਦੇ ਹੱਕ ਵਿੱਚ ਸਿਰਫ਼ ਇਕ ਹੀ ਤਰਕ ਹੈ ਕਿ ਇਹ ਰਾਮਾਇਣ ਦੇ ਦੋ ਭਰਾ ਰਾਮ ਅਤੇ ਭਰਤ ਦੀ ਲੰਮੇ ਸਮੇਂ ਪਿੱਛੋਂ ਮਿਲਣੀ ਦੀ ਤਰ੍ਹਾਂ ਹੈ। ਇਹ ਇਕ ਮੂਰਖਾਂ ਵਾਲਾ ਤਰਕ ਹੈ, ਮਹੱਤਵਪੂਰਨ ਵਿਚਾਰ ਨਹੀਂ।

ਕੁਝ ਮਹਾਰਾਸ਼ਟਰੀ ਅਜਿਹੇ ਹਨ ਜਿਹੜੇ ਗਾਰੰਟੀ-ਸ਼ੁਦਾ ਰਿਆਇਤਾਂ ਮਿਲਣ ਕਰਕੇ ਪੱਛਮੀ ਮਹਾਰਾਸ਼ਟਰ ਨਾਲ ਰਾਜਨੀਤਕ ਸੰਧੀ ਦੇ ਰੂਪ ਵਿੱਚ ਸੰਤੁਸ਼ਟ ਹਨ। ਸੰਧੀਆਂ ਤਾ ਕਾਗਜ਼ਾਂ ਦੇ ਟੁਕੜਿਆਂ ਦੀ ਤਰ੍ਹਾਂ ਹਨ। ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਸਿਆਸੀ ਸੰਧੀਆਂ ਦੀ ਬਜਾਏ ਜਿਨ੍ਹਾਂ ਨੂੰ ਕੋਈ ਵੀ ਵਿਅਕਤੀ ਲਾਗੂ ਨਹੀਂ ਕਰਵਾ ਸਕਦਾ, ਤਾਂ ਕੀ ਇਹ ਠੀਕ ਨਹੀਂ ਹੈ ਕਿ ਸੱਤਾ ਹੀ ਆਪਣੇ ਹੱਥ ਵਿੱਚ ਲਈ ਜਾਵੇ।

ਬੰਬਈ ਸਰਕਾਰ ਵਿੱਚ ਮਹਾਰਾਸ਼ਟਰੀਆਂ ਦੀ ਕਿੰਨੀ ਭੱਦੀ ਅਤੇ ਘਟੀਆ ਸਥਿਤੀ ਹੈ। ਜੇਕਰ ਬਹੁਤ ਜ਼ਿਆਦਾ ਅਗਾਂਹ-ਵਧੂ ਅਤੇ ਪੜ੍ਹੇ-ਲਿਖੇ ਮਹਾਰਾਸ਼ਟਰੀਆਂ ਦੀ ਅਜਿਹੀ ਹਾਲਤ

ਹੈ ਤਾਂ ਮਰਾਠਵਾੜਾ ਦੇ ਲੋਕਾਂ ਕੋਲੋਂ ਕੀ ਉਮੀਦ ਕੀਤੀ ਜਾ ਸਕਦੀ ਹੈ?

ਮੈਂ ਮਰਾਠਵਾੜਾ ਜਾਂ ਕੇਂਦਰੀ ਮਹਾਰਾਸ਼ਟਰ ਦੇ ਲੋਕਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਹਕੂਮਤ ਆਪ ਬਣਾਉਣ ਤਾਂਕਿ ਉਹ ਆਪਣੀ ਜ਼ਮੀਨ ਨੂੰ ਆਪ ਸੁਧਾਰਨ ਦੇ ਸਮਰੱਥ ਹੋ ਸਕਣ ਅਤੇ ਉਹ ਖ਼ੁਦ ਆਪਣੀ ਤਕਦੀਰ ਬਣਾਉਣ ਲਈ ਤਾਕਤ ਆਪਣੇ ਹੱਥਾਂ ਵਿੱਚ ਲੈਣ।

## ਖੁੱਸੇ ਹੋਏ ਖੇਤਰ ਦਾ ਸੁਧਾਰ

ਕੀ ਸਾਰੇ ਮਰਾਠੀ ਬੋਲਣ ਵਾਲੇ ਲੋਕ ਇਕ ਸਟੇਟ ਵਿੱਚ ਗੱਡਮਡ ਹੋ ਕੇ ਰਹਿਣ ਦੇਣੇ ਚਾਹੀਦੇ ਹਨ? ਜਾਂ ਉਨ੍ਹਾਂ ਨੂੰ ਦੋ ਜਾਂ ਜ਼ਿਆਦਾ ਰਾਜਾਂ ਵਿੱਚ ਵੰਡ ਦੇਣਾ ਚਾਹੀਦਾ ਹੈ? ਬਾਕੀ ਬਚਦੇ ਦਾ ਨਿਪਟਾਰਾ ਕਿਵੇਂ ਹੋਵੇ, ਜਦੋਂ ਕਿ ਬੰਬਈ ਦੀ ਅਲਹਿਦਗੀ ਅਗਲਾ ਪ੍ਰਸ਼ਨ ਹੈ। ਬਾਕੀ ਬਚਦੇ ਦੋ ਭਾਗ ਹਨ (1) ਗੁਜਰਾਤ (2) ਮਹਾਰਾਸ਼ਟਰ।

ਮੇਰਾ ਸਬੰਧ ਤਾਂ ਮਹਾਰਾਸ਼ਟਰ ਨਾਲ ਹੈ।

ਭਾਸ਼ਾ ਦੇ ਆਧਾਰ ਤੇ ਸੂਬਿਆਂ ਦੀ ਸਿਰਜਣਾ ਕਰਦੇ ਹੋਏ ਕਮਿਸ਼ਨ ਨੇ ਮਰਾਠੀ ਬੋਲਣ ਵਾਲੇ ਖੇਤਰ ਗੈਰ-ਮਰਾਠੀ ਬੋਲਣ ਵਾਲੇ ਖੇਤਰ ਨੂੰ ਦੇ ਦਿੱਤੇ। ਅਜਿਹੇ ਕੱਢੇ ਗਏ ਖੇਤਰਾਂ ਦੀ ਗਿਣਤੀ ਇਸ ਪ੍ਰਕਾਰ ਹੈ:

(1) ਬੇਲਗਾਮ ਤਾਲੁਕਾ ਬੇਲਗਾਮ ਸ਼ਹਿਰਦੇ ਨਾਲ

(2) ਖਾਨਪੁਰ ਤਾਲੁਕਾ

(3) ਚਿਕੋਰੀ ਤਾਲੁਕਾ ਨਿਧਾਰੀ ਸਹਿਤ

(4) ਸੁਧਾ ਤਾਲੁਕਾ

(5) ਕਰਵਾਰ ਤਾਲੁਕਾ

(6) ਵਿਦੁਰ ਵਿੱਚ ਨਿਲੰਗਾ ਤਾਲੁਕਾ

(7) ਵਿਦੁਰ ਵਿੱਚ ਅਹਿਮਪੁਰ ਤਾਲੁਕਾ

(8) ਵਿਦੁਰ ਵਿੱਚ ਉਦਗੀਰ ਤਾਲੁਕਾ

(9) ਅਦੀਲਾਬਾਦ ਵਿੱਚ ਹਾਜਗੀਰ ਤਾਲੁਕਾ

(10) ਵਿਧਰਭਾ ਵਿੱਚੋਂ ਕੁੱਝ ਹਿੱਸਾ ਜੋ ਨਾਲ ਲਗਦੇ ਹਿੰਦੀ ਭਾਸ਼ੀ ਸਟੇਟ ਨੂੰ ਦਿੱਤਾ ਗਿਆ। ਮਹਾਰਾਸ਼ਟਰ ਵਿੱਚੋਂ ਕੱਢੇ ਗਏ ਮਹਾਰਾਸ਼ਟਰੀ ਲੋਕਾਂ ਦੀ ਗਿਣਤੀ 13,89,648 ਸੀ।

ਕਮਿਸ਼ਨ ਦੇ ਬੰਬਈ ਦੀ ਮਿਲੀ ਜੁਲੀ ਸਟੇਟ ਨੂੰ ਕਾਇਮ ਰੱਖਣ ਲਈ ਦੋ ਮਹੱਤਵਪੂਰਨ ਉਦੇਸ਼ ਸਨ। ਪਹਿਲੀ ਇਹ ਸੀ ਕਿ ਬੰਬਈ ਦੀ ਵਾਗਡੋਰ ਮਹਾਰਾਸ਼ਟਰੀਆਂ ਦੇ ਹੱਥਾਂ ਵਿੱਚ ਨਾ ਦਿੱਤੀ ਜਾਵੇ। ਇਹ ਕਮਿਸ਼ਨ ਨੇ ਮਿਲੀ ਜੁਲੀ ਸਟੇਟ ਸਿਰਜ ਕੇ ਕੀਤਾ। ਦੂਜੀ ਗੱਲ ਜੋ ਉਨ੍ਹਾਂ ਨੂੰ ਕਰਨੀ ਪਈ ਉਹ ਸੀ ਮਹਾਰਾਸ਼ਟਰੀਆਂ ਅਤੇ ਗੁਜਰਾਤੀਆਂ ਵਿਚਾਲੇ ਬਰਾਬਰੀ ਬਰਕਰਾਰ ਰੱਖਣਾ। ਭਵਿੱਖ ਵਿਚਲੇ ਬੰਬਈ ਰਾਜ ਦੇ ਵਿਧਾਨ ਮੰਡਲ ਵਿੱਚ ਦੋਹਾਂ ਦੇ ਦਰਮਿਆਨ ਬਰਾਬਰੀ ਰੱਖਣ ਦੀ ਲੋੜ, ਜਿਵੇਂ ਕਿ ਕਮਿਸ਼ਨ ਨੇ ਯੋਜਨਾ ਬਣਾਈ ਸੀ, ਜ਼ਰੂਰੀ ਹੋ ਗਈ ਸੀ। ਕਿਉਂਕਿ ਪੁਰਾਣੀ ਵਿਧਾਨ ਸਭਾ ਵਿੱਚ ਕਰਨਾਟਕ ਦੇ ਮੈਂਬਰ ਜੋ ਆਪਣੀ ਬਹੁ-ਗਿਣਤੀ ਲਈ ਉਨ੍ਹਾਂ ਤੇ ਗੁਜਰਾਤੀ ਨਿਰਭਰ ਕਰਦੇ ਸਨ, ਨਵੀਂ ਕਰਨਾਟਕ ਸਟੇਟ ਵਿੱਚੋਂ ਨਿਕਲ ਜਾਣੇ ਸਨ। ਇਸ ਕਮਿਸ਼ਨ ਨੇ ਮਰਾਠੀ ਬੋਲਣ ਵਾਲੇ ਲੋਕਾਂ ਨੂੰ ਗੈਰ-ਮਰਾਠੀ ਬੋਲਣ ਵਾਲਿਆਂ ਦੇ ਹਵਾਲੇ ਕਰਕੇ

ਮਹਾਰਾਸ਼ਟਰ ਦੇ ਖੰਭ ਕਟ ਦਿੱਤੇ। ਸਿਆਸੀ ਗੁੰਡਾਗਰਦੀ ਤੋਂ ਇਲਾਵਾ ਇਸਦਾ ਹੋਰ ਕੋਈ ਵੀ ਕਾਰਨ ਨਹੀਂ ਸੀ ਜਾਪਦਾ।

ਮਹਾਰਾਸ਼ਟਰੀਆਂ ਨਾਲ ਕਮਿਸ਼ਨ ਦੁਆਰਾ ਕੀਤੀ ਗਈ ਇਸ ਗਲਤੀ ਨੂੰ ਹੁਣ ਸੁਧਾਰਨਾ ਪਵੇਗਾ ਅਤੇ ਕਿਸਮਤ ਨਾਲ ਇਹ ਠੀਕ ਵੀ ਹੋ ਸਕਦੀ ਹੈ। ਮਿਸ਼ਰਤ ਸਟੇਟ ਵੀ ਖ਼ਤਮ ਹੋ ਗਈ ਹੈ। ਮਹਾਰਾਸ਼ਟਰੀਆਂ ਅਤੇ ਗੁਜਰਾਤੀਆਂ ਵਿੱਚ ਬਰਾਬਰੀ ਲਿਆਉਣ ਦੀ ਹੁਣ ਕੋਈ ਲੋੜ ਨਹੀਂ ਹੈ।

## ਅਧਿਆਇ 8

## ਮਸਲੇ ਨਾਲ ਸਬੰਧਤ ਸਿਧਾਂਤਾਂ ਦਾ ਸਾਰਾਂਸ਼

ਪਾਠਕਾਂ ਦੀ ਜਾਣਕਾਰੀ ਲਈ ਮੈਂ ਹੇਠਾਂ ਕੁਝ ਸਿਧਾਂਤ ਸੰਖੇਪ ਵਿੱਚ ਦਿੱਤੇ ਹਨ ਜੋ ਭਾਸ਼ਾ ਦੇ ਆਧਾਰ ਤੇ ਸੂਬੇ ਬਣਾਉਣ ਵਿੱਚ ਸਹਾਈ ਸਿੱਧ ਹੋਣਗੇ ਅਤੇ ਜਿਨ੍ਹਾਂ ਬਾਰੇ ਪਹਿਲੇ ਪੰਨਿਆਂ ਤੇ ਵਰਨਣ ਕੀਤਾ ਜਾ ਚੁੱਕਿਆ ਹੈ ਪਰ ਇਹ ਪਹਿਲਾਂ ਵਿਖਰੇ ਪਏ ਸਨ। ਇਹ ਸਿਧਾਂਤ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:-

1. ਮਿਸ਼ਰਤ ਸਟੇਟ ਦੇ ਵਿਚਾਰ ਨੂੰ ਪੂਰੀ ਤਰ੍ਹਾਂ ਤਿਆਗ ਦੇਣਾ ਚਾਹੀਦਾ ਹੈ।

2. ਹਰ ਸਟੇਟ ਇਕ ਭਾਸ਼ੀ ਹੋਣੀ ਚਾਹੀਦੀ ਹੈ। ਇਕ ਸਟੇਟ ਤੇ ਇਕ ਭਾਸ਼ਾ।

3. ਸੂਤਰ ਇਕ ਸਟੇਟ, ਇਕ ਭਾਸ਼ਾ ਅਤੇ ਇਕ ਭਾਸ਼ਾ, ਇਕ ਸਟੇਟ ਦੇ ਸੂਤਰ ਨਾਲ ਰਲਗੱਡ ਨਹੀਂ ਹੋਣਾ ਚਾਹੀਦਾ।

4. ਇਕ ਭਾਸ਼ਾ, ਇਕ ਰਾਜ ਦੇ ਸੂਤਰ ਤੋਂ ਭਾਵ ਹੈ ਸਾਰੇ ਲੋਕ ਜੋ ਇਕ ਭਾਸ਼ਾ ਬੋਲਦੇ ਹਨ ਇਕ ਸਰਕਾਰ ਅਧੀਨ ਲਿਆਉਣੇ ਚਾਹੀਦੇ ਹਨ ਬਿਨਾਂ ਇਸ ਗੱਲ ਦਾ ਧਿਆਨ ਰਖਦਿਆਂ ਕਿ ਉਨ੍ਹਾਂ ਦਾ ਰਕਬਾ, ਆਬਾਦੀ ਅਤੇ ਹੋਰ ਭਾਸ਼ਾ ਬੋਲਣ ਵਾਲੇ ਲੋਕਾਂ ਦੀਆਂ ਸ਼ਰਤਾਂ ਦੀ ਅਸਮਾਨਤਾ ਕੀ ਹੈ। ਇਹੋ ਵਿਚਾਰ ਹੈ ਜਿਸ ਅਧੀਨ ਬੰਬਈ ਸਮੇਤ ਸੰਯੁਕਤ ਮਹਾਰਾਸ਼ਟਰ ਦਾ ਅੰਦੋਲਨ ਚਲ ਰਿਹਾ ਹੈ। ਇਹ ਇਕ ਬੇਅਰਥਾ ਸੂਤਰ ਹੈ ਅਤੇ ਇਸ ਦੀ ਕੋਈ ਉਦਾਹਰਣ ਵੀ ਨਹੀਂ ਮਿਲਦੀ। ਇਸ ਨੂੰ ਛੱਡ ਦੇਣਾ ਚਾਹੀਦਾ ਹੈ। ਇਕ ਭਾਸ਼ਾ ਬੋਲਣ ਵਾਲੇ ਲੋਕ ਕਈ ਰਾਜਾਂ ਵਿੱਚ ਕੱਟੇ ਜਾ ਸਕਦੇ ਹਨ ਜਿਵੇਂ ਕਿ ਸੰਸਾਰ ਦੇ ਹੋਰ ਭਾਗਾਂ ਵਿੱਚ ਹੋਇਆ ਹੈ।

5. ਇਕ ਭਾਸ਼ਾ ਬੋਲਣ ਵਾਲੇ ਲੋਕਾਂ ਨੂੰ ਕਿੰਨੇ ਹਿੱਸਿਆਂ ਵਿੱਚ ਕੱਟੋਗੇ, ਇਹ (1) ਨਿਪੁੰਨ ਅਨੁਸ਼ਾਸਨ ਦੀਆਂ ਲੋੜਾਂ (2) ਭਿੰਨ ਭਿੰਨ ਖੇਤਰਾਂ ਦੀਆਂ ਲੋੜਾਂ (3) ਭਿੰਨ ਭਿੰਨ ਖੇਤਰਾਂ ਦੇ ਜਜ਼ਬਾਤ ਅਤੇ (4) ਬਹੁ-ਗਿਣਤੀ ਅਤੇ ਘੱਟ-ਗਿਣਤੀ ਦੇ ਵਿਚਕਾਰ ਅਨੁਪਾਤ ਤੇ ਨਿਰਭਰ ਕਰੇਗਾ।

6. ਜਿਵੇਂ ਜਿਵੇਂ ਸਟੇਟ ਦਾ ਖੇਤਰ ਵਧਦਾ ਹੈ ਘੱਟ-ਗਿਣਤੀ ਦਾ ਅਨੁਪਾਤ ਵੱਧ-ਗਿਣਤੀ ਦੇ ਅਨੁਪਾਤ ਤੇ ਘਟੇਗਾ ਅਤੇ ਘੱਟ-ਗਿਣਤੀ ਵਾਲਿਆਂ ਦੀ ਹਾਲਤ ਮੰਦੀ ਹੋ ਜਾਵੇਗੀ ਅਤੇ ਬਹੁ-ਗਿਣਤੀ ਦੇ ਲੋਕਾਂ ਲਈ ਘੱਟ-ਗਿਣਤੀ ਵਾਲੇ ਲੋਕਾਂ ਤੇ ਜ਼ੁਲਮ ਕਰਨ ਦੇ ਮੌਕੇ ਹੋਰ ਵੱਧ ਜਾਣਗੇ। ਇਸ ਲਈ ਸਟੇਟਾਂ ਛੋਟੀਆਂ ਹੀ ਹੋਣੀਆਂ ਚਾਹੀਦੀਆਂ ਹਨ।

7. ਬਹੁ-ਗਿਣਤੀ ਵਾਲਿਆਂ ਦੇ ਜ਼ੁਲਮ ਤੋਂ ਘੱਟ-ਗਿਣਤੀ ਵਾਲਿਆਂ ਨੂੰ ਬਚਾਉਣ ਲਈ

ਰਾਖੀ ਦਾ ਪ੍ਰਬੰਧ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਇਹ ਕਰਨ ਲਈ ਸੰਵਿਧਾਨ ਵਿੱਚ ਤਰਮੀਮ ਕੀਤੀ ਜਾਣੀ ਚਾਹੀਦੀ ਹੈ ਅਤੇ ਕੁਮੂਲੇਟਿਵ ਵੋਟਿੰਗ ਨਾਲ ਪਲੂਰਲ ਮੈਂਬਰ ਚੋਣ ਖੇਤਰ ਵਾਲੀ ਪ੍ਰਣਾਲੀ ਲਈ ਉਪਬੰਧ ਕੀਤੇ ਜਾਣੇ ਚਾਹੀਦੇ ਹਨ।

## ਭਾਗ IV

# ਭਾਸ਼ਾਈ ਰਾਜਾਂ ਦੀਆਂ ਸਮੱਸਿਆਵਾਂ

## ਅਧਿਆਇ 9

### ਅਰਥਯੋਗਤਾ

ਕੀ ਮਹਾਰਾਸ਼ਟਰੀਆ ਸਟੇਟਾਂ ਅਰਥਯੋਗਤਾ ਰੱਖਣਗੀਆਂ? ਕੀ ਉਨ੍ਹਾਂ ਦੇ ਖ਼ਰਚੇ ਪੂਰੇ ਕਰਨ ਲਈ ਮਾਲੀਆਂ ਕਾਫ਼ੀ ਹੋਵੇਗਾ? ਇਸ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ।

ਇਹੋ ਜਿਹਾ ਪ੍ਰਸ਼ਨ ਕੇਵਲ ਮਹਾਰਾਸ਼ਟਰ ਬਾਰੇ ਹੀ ਨਹੀਂ ਪੁੱਛਿਆ ਜਾ ਸਕਦਾ। ਭਾਰਤ ਦੇ ਬਹੁਤ ਸਾਰੇ ਬਾਕੀ ਰਾਜਾਂ ਬਾਰੇ ਵੀ ਪੁੱਛਿਆ ਜਾ ਸਕਦਾ ਹੈ।

ਭਾਗ ਏ ਸਟੇਟਾਂ, ਭਾਗ ਬੀ ਸਟੇਟਾਂ ਅਤੇ ਡਾ: ਜਾਹਨ ਮਠਾਈ ਦੀ ਪ੍ਰਧਾਨਗੀ ਹੇਠਲੀ ਟੈਕਸੇਸ਼ਨ ਇਨਕੁਆਇਰੀ ਕਮੇਟੀ ਦੀ ਰਿਪੋਰਟ ਦੇ ਭਾਗ 3 ਵਿੱਚੋਂ ਸੈਂਟਰਲ ਗੌਰਮਿੰਟ ਨਾਲ ਸਬੰਧਤ ਮੈਂ ਚਾਰ ਬਿਆਨ ਦਿੰਦਾ ਹਾਂ। (ਦੇਖੋ ਟੇਬਲ ਨੰ: 4,5,6, ਅਤੇ 7)।

ਇਨ੍ਹਾਂ ਬਿਆਨਾਂ ਵਿਚੋਂ ਨਿਮਨ-ਲਿਖਿਤ ਨੁਕਤੇ ਉਠਦੇ ਹਨ:-

(1) ਰਾਜਾਂ ਦੀ ਜ਼ਿੰਦਗੀ ਦੇ ਇਕ ਨਿਸ਼ਚਿਤ ਸਾਲ ਤੱਕ ਉਥੇ ਕੋਈ ਘਾਟਾ ਨਹੀਂ ਸੀ। ਉਹ ਸਾਰੇ ਆਰਥਕ ਤੌਰ ਤੇ ਆਤਮ-ਨਿਰਭਰ ਸਨ। ਕਾਂਗਰਸ ਦੇ ਤਾਕਤ ਵਿੱਚ ਆਉਣ ਤੋਂ ਹੀ ਇਹ ਨਿਰਭਰਤਾ ਖ਼ਤਮ ਹੋ ਗਈ।

(2) ਜਦੋਂ ਤੋਂ ਕਾਂਗਰਸ ਤਾਕਤ ਵਿੱਚ ਆਈ, ਆਬਕਾਰੀ ਆਮਦਨ ਘਟਣੀ ਸ਼ੁਰੂ ਹੋ ਗਈ। ਇਹ ਖ਼ਤਮ ਹੋ ਜਾਣ ਦੇ ਬਿੰਦੂ ਤੱਕ ਚਲੀ ਗਈ।

(3) ਆਮਦਨ ਕਰ ਅਤੇ ਵਿਕਰੀ ਕਰ ਹੱਦ ਤੋਂ ਜ਼ਿਆਦਾ ਵੱਧ ਗਏ ਹਨ। ਇਹੋ ਕਾਰਣ ਹਨ ਜਿਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਰਾਜਾਂ ਵਿਚ ਅਰਥਯੋਗਤਾ ਖ਼ਤਮ ਹੋ ਗਈ ਹੈ।

ਆਬਕਾਰੀ ਮਾਲੀਏ ਨੂੰ ਝੂਠੇ ਆਦਰਸ਼ਾਂ ਤੋਂ ਕੁਰਬਾਨ ਕਰ ਦਿੱਤਾ ਗਿਆ ਹੈ ਜਿਸਦਾ ਨਾਂ ਕੋਈ ਮਤਲਬ, ਨਾ ਅਰਥ ਅਤੇ ਨਾ ਹੀ ਕੋਈ ਸੱਚਾਈ ਹੈ। ਕਾਂਗਰਸ ਦੁਆਰਾ ਚਲਾਈ ਗਈ ਨਸ਼ਾਬੰਦੀ ਨੀਤੀ ਦੇ ਸਬੰਧ ਵਿੱਚ ਬਿਨਾਂ ਕਿਸੇ ਚਿਨੌਤੀ ਦੇ ਡਰ ਤੋਂ ਸਿੱਟੇ ਕੱਢੇ ਜਾ ਸਕਦੇ ਹਨ:-

(1) ਮਾਲੀਏ ਦੀ ਇਕ ਬਹੁਤ ਵੱਡੀ ਰਕਮ ਬਿਨਾਂ ਕਿਸੇ ਵਜ੍ਹਾ ਕੁਰਬਾਨ ਕਰ ਦਿੱਤੀ ਗਈ ਹੈ।

(2) ਲੋਕਾਂ ਨੇ ਸ਼ਰਾਬ ਪੀਣੀ ਬੰਦ ਨਹੀਂ ਕੀਤੀ। ਨਾਜਾਇਜ਼ ਸ਼ਰਾਬ ਦੀ ਉਪਜ ਵੱਧ, ਹੱਦ ਤੋਂ ਜ਼ਿਆਦਾ ਵੱਧ ਗਈ ਹੈ ਜੋ ਲੋਕਾਂ ਨੂੰ ਚੋਰੀ ਛੁਪੇ ਵੇਚੀ ਜਾਂਦੀ ਹੈ।

(3) ਸਰਕਾਰ ਦੁਆਰਾ ਖੁੱਸੀ ਰਕਮ ਨੂੰ ਗ਼ੈਰ-ਕਾਨੂੰਨੀ ਸ਼ਰਾਬ ਦੇ ਉਤਪਾਦਕਾਂ ਨੇ ਬੋਚ ਲਈ ਹੈ।

(4) ਨਸ਼ਾ-ਬੰਦੀ ਨੇ ਸਮਾਜ ਨੂੰ ਭ੍ਰਿਸ਼ਟ ਕਰ ਦਿਤਾ ਹੈ। ਪਹਿਲਾਂ ਪਰਿਵਾਰ ਦੇ ਸਿਰਫ਼ ਆਦਮੀ ਹੀ ਪੀਂਦੇ ਸਨ ਕਿਉਂਕਿ ਉਹ ਇਕੱਲੇ ਸ਼ਰਾਬ ਦੀ ਦੁਕਾਨ ਤੇ ਜਾ ਸਕਦੇ ਸਨ। ਹੁਣ ਨਜਾਇਜ਼ ਸ਼ਰਾਬ ਉਤਪਾਦਨ ਘਰੇਲੂ ਸਨਅਤ ਬਣ ਚੁੱਕੀ ਹੈ। ਹੁਣ ਘਰ ਵਿੱਚ ਬਣਾਈ ਜਾਣ ਵਾਲੀ ਸ਼ਰਾਬ ਆਦਮੀ ਅਤੇ ਔਰਤਾਂ ਦੋਵੇਂ ਪੀਂਦੇ ਹਨ।

(5) ਨਸ਼ਾਬੰਦੀ ਕਾਰਣ ਮਾਲੀਏ ਦੇ ਹੋਏ ਨੁਕਸਾਨ ਤੋਂ ਇਲਾਵਾ ਸਰਕਾਰ ਨੂੰ ਨਸ਼ਾਬੰਦੀ ਨੂੰ ਲਾਗੂ ਕਰਨ ਲਈ ਪੁਲਿਸ ਤੇ ਖ਼ਰਚਾ ਕਰਨਾ ਪਿਆ ਜਿਹੜਾ ਕਿ ਨਹੀਂ ਸੀ ਹੋਣਾ।

ਨਸ਼ਾਬੰਦੀ ਨੇ ਕੀ ਚੰਗਿਆਈ ਲਿਆਂਦੀ ਹੈ ਜੇਕਰ ਉਹ ਨਸ਼ਾਬੰਦੀ ਲਾਗੂ ਨਾ ਕਰ ਸਕੀ? ਕਾਂਗਰਸ ਨੇ ਨਸ਼ਾਬੰਦੀ ਨੂੰ ਸਾਰੇ ਭਾਰਤ ਵਿੱਚ ਲਾਗੂ ਕਰਨ ਦਾ ਡਰਾਵਾ ਦਿੱਤਾ। ਪ੍ਰਮਾਤਮਾ ਕਾਂਗਰਸ ਦਾ ਭਲਾ ਕਰੇ। ਇਹ ਕਿਹਾ ਜਾਂਦਾ ਹੈ ਕਿ ਪ੍ਰਮਾਤਮਾ ਪਹਿਲਾਂ ਉਨ੍ਹਾਂ ਨੂੰ ਪਾਗ਼ਲ ਬਣਾ ਦਿੰਦਾ ਹੈ ਜਿਸ ਨੂੰ ਉਹ ਬਰਬਾਦ ਕਰਨਾ ਚਾਹੁੰਦਾ ਹੈ। ਪ੍ਰਮਾਤਮਾ ਕਾਂਗਰਸੀਆਂ ਨਾਲ ਵੀ ਅਜਿਹਾ ਕਰ ਰਿਹਾ ਹੈ।

ਮੇਰਾ ਇੰਨਾ ਹੀ ਕਹਿਣਾ ਕਾਫ਼ੀ ਹੈ ਕਿ ਕਾਂਗਰਸ ਨਾਂ ਤਾਂ ਅਰਥਯੋਗਤਾ ਪੈਦਾ ਕਰ ਸਕਦੀ ਹੈ ਅਤੇ ਨਾ ਹੀ ਨਸ਼ਾਬੰਦੀ। ਮਾਲੀਆ-ਜ਼ਮੀਨ ਯਕੀਨਨ ਵਧਾਇਆ ਜਾ ਸਕਦਾ ਹੈ। ਪਰੰਤੂ ਕਾਂਗਰਸ ਵੋਟਾਂ ਸਮੇਂ ਨੁਕਸਾਨ ਉਠਾਉਣ ਦੇ ਡਰ ਕਾਰਨ ਕਾਸ਼ਤਕਾਰਾਂ ਨੂੰ ਛੇੜਨ ਤੋਂ ਡਰਦੀ ਹੈ। ਇਸ ਲਈ ਇਹ ਵਿਕਰੀ ਕਰ ਤੇ ਆਮਦਨ ਕਰ ਰਾਹੀਂ ਧਨ ਵਿੱਚ ਵਾਧਾ ਕਰੇਗੀ। ਜਿਨ੍ਹਾਂ ਦਾ ਪਹਿਲਾਂ ਹੀ ਸ਼ਹਿਰੀ ਸ਼੍ਰੇਣੀਆਂ ਤੇ ਕਾਫ਼ੀ ਬੋਝ ਪਿਆ ਹੋਇਆ ਹੈ। ਇਹ ਟੇਬਲ ਨੰਬਰ 6 ਵਿੱਚ ਦਰਸਾਇਆ ਗਿਆ ਹੈ।

ਇਸ ਲਈ ਇਹ ਸਾਫ਼ ਜ਼ਾਹਿਰ ਹੈ ਕਿ ਅਰਥਯੋਗਤਾ ਕੋਈ ਸਮੱਸਿਆ ਨਹੀਂ ਹੈ। ਸਿਰਫ਼ ਕਾਂਗਰਸ ਨੂੰ ਆਪਣੀ ਕਰ ਪਾਲਿਸੀ ਨੂੰ ਹੀ ਸੋਧਣਾ ਪੈਣਾ ਹੈ ਅਤੇ ਟੈਕਸ ਲਾਉਣ ਦੀ ਅਰਥਯੋਗਤਾ ਵਿੱਚ ਟੈਕਸਾਂ ਨੂੰ ਸਹਿਣ ਕਰਨ ਅਤੇ ਟੈਕਸ ਲਾਉਣ ਦੀ ਸਮਰੱਥਾ ਦਾ ਪ੍ਰਸ਼ਨ ਵੀ ਹੈ। ਸਮਰੱਥਾ ਤਾਂ ਚੋਖੀ ਹੈ। ਚਾਹੀਦਾ ਕੀ ਹੈ ਸਿਰਫ਼ ਇੱਛਾ। ਭਾਰਤ ਦੀ ਸਾਰੀ ਕਰ ਪ੍ਰਣਾਲੀ ਨੂੰ ਬਦਲੇ ਜਾਣ ਦੀ ਜ਼ਰੂਰਤ ਹੈ। ਇਹ ਸੰਵਿਧਾਨ ਨੂੰ ਬਦਲਣ ਦਾ ਸੁਆਲ ਹੈ। ਮੈਂ ਹੁਣ ਇਸ ਬਾਰੇ ਗੱਲਬਾਤ ਨਹੀਂ ਕਰਦਾ। ਮੈਨੂੰ ਇਸ ਨੂੰ ਕਿਸੇ ਹੋਰ ਮੌਕੇ ਲਈ ਰਾਖਵਾਂ ਰੱਖਣਾ ਚਾਹੀਦਾ ਹੈ।

## ਅਧਿਆਇ 10

## ਬਹੁ-ਗਿਣਤੀ ਅਤੇ ਘੱਟ-ਗਿਣਤੀ ਦੇ ਲੋਕ

ਰਾਜਨੀਤੀ ਕੁਝ ਵੀ ਨਹੀਂ ਜੇਕਰ ਉਸ ਵਿੱਚ ਵਾਸਤਵਿਕਤਾ ਨਹੀਂ ਹੈ। ਜੇਕਰ ਇਸ ਵਿੱਚ ਕੋਈ ਤੁੱਛ ਮਾਤਰ ਚੀਜ਼ ਹੈ ਤਾਂ ਉਹ ਹੈ ਅਕਾਦਮਿਕ। ਇਸ ਲਈ ਇਥੇ ਇਹ ਵਿਚਾਰ ਦਿਤਾ

ਜਾਂਦਾ ਹੈ ਕਿ ਸਿਆਸਤ ਦੀ ਕਿਸੇ ਸਕੀਮ ਤੇ ਕੋਈ ਨਿਰਣਾ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਉਸ ਦੀ ਗਰਾਊਂਡ ਪਲਾਨ ਤੇ ਵਿਚਾਰ ਕੀਤਾ ਜਾਵੇ। ਮੇਰਾ ਭਾਵ ਇਹ ਹੈ ਕਿ ਗਰਾਊਂਡ ਪਲਾਨ ਤੋਂ ਅਰਥ ਹੈ ਕਿਸੇ ਕਮਿਊਨਿਟੀ ਦਾ ਸਮਾਜਕ ਢਾਂਚਾ ਜਿਸ ਤੇ ਰਾਜਨੀਤਕ ਪਲਾਨ ਲਾਗੂ ਕੀਤੀ ਜਾਣੀ ਹੈ।

ਇਸ ਨੂੰ ਦਰਸਾਉਣ ਦੀ ਕੋਈ ਲੋੜ ਨਹੀਂ ਹੈ ਕਿ ਸਿਆਸੀ ਢਾਂਚਾ ਸਮਾਜਕ ਢਾਂਚੇ ਤੇ ਉਸਰਿਆ ਹੁੰਦਾ ਹੈ। ਇਸ ਦੀ ਵਰਕਿੰਗ ਵਿੱਚ ਇਸ ਨੂੰ ਸੋਧਿਆ ਜਾ ਸਕਦਾ ਹੈ। ਇਸ ਨੂੰ ਰੱਦ ਵੀ ਕੀਤਾ ਜਾ ਸਕਦਾ ਹੈ। ਇਸ ਦਾ ਠੱਠਾ ਵੀ ਉਡਾਇਆ ਜਾ ਸਕਦਾ ਹੈ।

ਭਾਰਤ ਦੇ ਮਾਮਲੇ ਵਿੱਚ ਸਮਾਜਕ ਢਾਂਚਾ ਜ਼ਾਤ-ਪ੍ਰਣਾਲੀ ਤੇ ਉਸਾਰਿਆ ਗਿਆ ਹੈ, ਜੋ ਕਿ ਹਿੰਦੂ ਸਭਿਆਚਾਰ ਅਤੇ ਸਦਾਚਾਰ ਦੀ ਵਿਸ਼ੇਸ਼ ਉਪਜ ਹੈ।

ਜ਼ਾਤ-ਪ੍ਰਣਾਲੀ ਇਤਨੀ ਜ਼ਿਆਦਾ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ ਕਿ ਇਸ ਦੀ ਪ੍ਰਕਿਰਤੀ ਨੂੰ ਸਪੱਸ਼ਟ ਕਰਨ ਲਈ ਕੋਈ ਉਡੀਕ ਨਹੀਂ ਕਰਨੀ ਪੈਂਦੀ। ਇਹ ਦਰਸਾਉਣ ਲਈ ਹਰ ਕੋਈ ਸਿੱਧਾ ਹੀ ਕਹਿ ਸਕਦਾ ਹੈ ਕਿ ਭਾਸ਼ਾਈ ਰਾਜਾਂ ਤੇ ਇਸ ਦੇ ਕੀ ਪ੍ਰਭਾਵ ਪੈਣ ਦੀ ਸੰਭਾਵਨਾ ਹੋ ਸਕਦੀ ਹੈ।

ਜ਼ਾਤ-ਪ੍ਰਣਾਲੀ ਦੇ ਵਿਸ਼ੇਸ਼ ਕੁਝ ਅੰਗ ਹਨ ਜਿਨ੍ਹਾਂ ਬਾਰੇ ਗੱਲ ਕੀਤੀ ਜਾ ਸਕਦੀ ਹੈ:-

(1) ਜ਼ਾਤਾਂ ਇਸ ਤਰ੍ਹਾਂ ਵੰਡੀਆਂ ਹੋਈਆਂ ਹਨ ਕਿ ਕਿਸੇ ਦੰਸੇ ਖ਼ੇਤਰ ਵਿੱਚ ਇਕ ਹੀ ਜ਼ਾਤੀ ਹੈ, ਜਿਹੜੀ ਬਹੁਤ ਵੱਡੀ ਹੈ ਅਤੇ ਕੁਝ ਦੂਜੀਆਂ ਹਨ ਜਿਹੜੀਆਂ ਛੋਟੀਆਂ ਹਨ ਅਤੇ ਉਨ੍ਹਾਂ ਦੀ ਤੁਲਨਾ ਵਿੱਚ ਵੱਡੀ ਜ਼ਾਤ ਦੇ ਅਧੀਨ ਹਨ ਅਤੇ ਉਨ੍ਹਾਂ ਦੀ ਆਰਥਕ ਨਿਰਭਰਤਾ ਵੱਡੀ ਜ਼ਾਤ ਤੇ ਇਸ ਕਰਕੇ ਹੈ ਕਿਉਂਕਿ ਪਿੰਡ ਵਿੱਚ ਉਨ੍ਹਾਂ ਕੋਲ ਕਾਫ਼ੀ ਜ਼ਮੀਨ ਹੈ।

(2) ਜ਼ਾਤ ਪ੍ਰਣਾਲੀ ਦਾ ਅਸਮਾਨਤਾ ਦੇ ਆਧਾਰ ਤੇ ਨਹੀਂ ਹੈ ਬਲਕਿ ਇਹ ਦਰਜਾ-ਬੱਧ ਅਸਮਾਨਤਾ ਪ੍ਰਣਾਲੀ ਕਰਕੇ ਹੈ। ਸਾਰੀਆਂ ਜ਼ਾਤਾਂ ਸਮਾਨ ਨਹੀਂ ਹਨ। ਉਹ ਇਕ ਦੂਜੇ ਤੋਂ ਉਪਰ ਹਨ। ਜੇ ਨਫ਼ਰਤ ਦੀ ਇਕ ਚੜ੍ਹਦੀ ਸਕੇਲ ਹੈ ਅਤੇ ਦੂਜੇ ਢਹਿੰਦੇ ਪਾਸੇ ਬੇਪਤੀ ਦਾ ਸਕੇਲ ਵੀ ਹੈ।

(3) ਇਕ ਜ਼ਾਤੀ ਪਾਸ ਸਾਰੀਆਂ ਮੁਕੰਮਲ ਸਹੂਲਤਾਂ ਹਨ ਅਤੇ ਫਖ਼ਰ ਹਾਸਲ ਹੈ, ਜੋ ਇਕ ਰਾਸ਼ਟਰ ਨੂੰ ਹੈ। ਇਸ ਲਈ, ਇਹ ਕਹਿਣਾ ਅਨੁਚਿਤ ਨਹੀਂ ਕਿ ਜ਼ਾਤੀਆਂ ਦਾ ਇਕੱਠ ਵੱਡੀਆਂ ਅਤੇ ਛੋਟੀਆਂ ਰਾਸ਼ਟਰਾਂ ਦਾ ਇਕੱਠ ਹੀ ਹੈ।

ਮੈਨੂੰ ਬਹੁਤ ਅਫ਼ਸੋਸ ਹੈ ਕਿ ਮੈਂ ਇਨ੍ਹਾਂ ਨੁਕਤਿਆਂ ਨੂੰ ਤੱਥਾਂ ਦੇ ਆਧਾਰ ਤੇ ਹਵਾਲਾ ਦੇ ਕੇ ਬਿਆਨ ਨਹੀਂ ਕਰ ਸਕਦਾ। ਮਰਦਮਸ਼ੁਮਾਰੀ ਜਿਹੜੀ ਇਨ੍ਹਾਂ ਨੁਕਤਿਆਂ ਦੀ ਜਾਣਕਾਰੀ ਲਈ ਇਕ ਮਾਤਰ ਸਾਧਨ ਹੈ, ਮੇਰੀ ਮਦਦ ਕਰਨ ਵਿੱਚ ਅਸਫ਼ਲ ਰਹੀ ਹੈ। ਪਿਛਲੀ ਮਰਦਮਸ਼ੁਮਾਰੀ ਵਿੱਚ ਜ਼ਾਤ ਸਾਰਣੀਆਂ ਛੱਡ ਹੀ ਦਿੱਤੀਆਂ ਗਈਆਂ ਸਨ ਜੋ ਕਿ ਭਾਰਤੀ ਮਰਦਮਸ਼ੁਮਾਰੀ ਵਿਭਾਗ ਦੇ ਆਰੰਭ ਤੋਂ ਹੀ ਇਕ ਮੂਲ ਸਾਧਨ ਰਹੀ ਹੈ। ਭਾਰਤ ਸਰਕਾਰ ਦਾ ਗ੍ਰਹਿ ਮੰਤਰੀ ਜੋ ਇਸ ਕੁਤਾਹੀ ਲਈ ਜ਼ਿੰਮੇਵਾਰ ਹੈ, ਦੀ ਰਾਇ ਸੀ ਕਿ ਜਿਥੇ ਸ਼ਬਦਕੋਸ਼ ਵਿੱਚ

ਸ਼ਬਦ ਦੀ ਹੋਂਦ ਨਾ ਹੋਵੇ ਤਾਂ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਸ਼ਬਦ ਜਿਸ ਲਈ ਸ਼ਬਦ ਬਣਿਆ ਹੈ, ਕੋਈ ਹੋਂਦ ਨਹੀਂ ਰੱਖਦਾ। ਲੇਖਕ ਦੀ ਘਟੀਆ ਸਿਆਣਪ ਤੇ ਅਫ਼ਸੋਸ ਹੀ ਪ੍ਰਗਟ ਕੀਤਾ ਜਾ ਸਕਦਾ ਹੈ।

ਸਿਆਸਤ ਉਤੇ ਜ਼ਾਤ ਪ੍ਰਣਾਲੀ ਦੇ ਸਿੱਟੇ ਬਹੁਤ ਸਪੱਸ਼ਟ ਹਨ। ਦਿਲਚਸਪ ਭਾਗ ਤਾਂ ਇਹ ਦੇਖਣ ਵਿੱਚ ਹੈ ਕਿ ਇਸ ਦਾ ਚੋਣਾਂ ਤੇ ਕੀ ਅਸਰ ਪੈਂਦਾ ਹੈ, ਜੋ ਪ੍ਰਤਿਨਿਧੀ ਸਰਕਾਰ ਦੀ ਬੁਨਿਆਦ ਹੈ ਅਤੇ ਜੋ ਇਕ ਮੈਂਬਰੀ ਚੋਣ ਹਲਕਿਆਂ ਦੀ ਪ੍ਰਣਾਲੀ ਤੇ ਉਸਰਿਆ ਹੈ।

ਅਸਰ ਨਿਮਨ ਪ੍ਰਕਾਰ ਦੇ ਹੋ ਸਕਦੇ ਹਨ:-

(1) ਵੋਟਾਂ ਹਮੇਸ਼ਾਂ ਸੰਪ੍ਰਦਾਇਕ ਹੁੰਦੀਆਂ ਹਨ। ਵੋਟ ਪਾਉਣ ਵਾਲਾ ਆਪਣੀ ਬਰਾਦਰੀ ਦੇ ਨੁਮਾਇੰਦੇ ਨੂੰ ਵੋਟ ਪਾਉਂਦਾ ਹੈ ਨਾ ਕਿ ਸਭ ਤੋਂ ਚੰਗੇ ਨੁਮਾਇੰਦੇ ਨੂੰ।

(2) ਬਹੁ-ਗਿਣਤੀ ਬਰਾਦਰੀ ਕੇਵਲ ਫਿਰਕੂ ਬਹੁ-ਗਿਣਤੀ ਕਾਰਣ ਸੀਟ ਲੈ ਜਾਂਦੀ ਹੈ।

(3) ਘੱਟ-ਗਿਣਤੀ ਦੇ ਫਿਰਕੇ ਨੂੰ ਬਹੁ-ਗਿਣਤੀ ਦੇ ਫਿਰਕੇ ਦੇ ਨੁਮਾਇੰਦੇ ਨੂੰ ਵੋਟ ਪਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ।

(4) ਘੱਟ-ਗਿਣਤੀ ਦੇ ਫਿਰਕੇ ਦੀਆਂ ਵੋਟਾਂ ਬਹੁ-ਗਿਣਤੀ ਦੇ ਫਿਰਕੇ ਦੇ ਨੁਮਾਇੰਦੇ ਦੇ ਮੁਕਾਬਲੇ ਵਿੱਚ ਚੋਣਾਂ ਜਿੱਤਣ ਲਈ ਕਾਫ਼ੀ ਨਹੀਂ ਹੁੰਦੀਆਂ।

(5) ਨਤੀਜੇ ਦੇ ਤੌਰ ਤੇ ਸਮਾਜਿਕ ਪ੍ਰਣਾਲੀ ਵਿੱਚ ਗਰੇਡ ਕੋਈ ਅਸਮਾਨਤਾ ਕਰਕੇ ਵੱਡੇ ਸੰਪਰਦਾਇ ਕਦੇ ਵੀ ਨਿਉਂਕੇ ਜਾਂ ਝੁੱਕ ਕੇ ਘੱਟ-ਗਿਣਤੀ ਦੇ ਨੁਮਾਇੰਦੇ ਨੂੰ ਵੋਟ ਨਹੀਂ ਪਾਉਂਦੇ। ਦੂਜੇ ਪਾਸੇ ਘੱਟ-ਗਿਣਤੀ ਸੰਪਰਦਾਇ ਦਾ ਵੋਟਰ ਜਿਹੜਾ ਸਮਾਜਿਕ ਤੌਰ ਤੇ ਘੱਟ ਦਰਜੇ ਦਾ ਹੈ, ਆਪਣੀ ਵੋਟ ਬਹੁ-ਗਿਣਤੀ ਸੰਪ੍ਰਦਾਇ ਦੇ ਨੁਮਾਇੰਦੇ ਨੂੰ ਪਾਉਣ ਵਿੱਚ ਫਖ਼ਰ ਮਹਿਸੂਸ ਕਰਦਾ ਹੈ। ਇਹ ਇਕ ਹੋਰ ਕਾਰਣ ਹੈ ਜਿਸ ਕਰਕੇ ਘੱਟ-ਗਿਣਤੀ ਫਿਰਕੇ ਦਾ ਨੁਮਾਇੰਦਾ ਚੋਣਾਂ ਵਿੱਚ ਹਾਰ ਜਾਂਦਾ ਹੈ।

ਕਾਂਗਰਸ ਹਮੇਸ਼ਾਂ ਜਿੱਤੀ ਹੈ, ਇਸੇ ਕਰਕੇ ਇਹ ਖੜ੍ਹੀ ਹੈ। ਪਰੰਤੂ ਕੋਈ ਨਹੀਂ ਪੁੱਛਦਾ ਕਿ ਕਾਂਗਰਸ ਕਿਉਂ ਜਿੱਤਦੀ ਹੈ ? ਜੁਆਬ ਹੈ ਕਿ ਕਾਂਗਰਸ ਬਹੁਤ ਹਰਮਨ ਪਿਆਰੀ ਹੈ। ਪਰ ਕਾਂਗਰਸ ਕਿਉਂ ਹਰਮਨ ਪਿਆਰੀ ਹੈ ? ਸੱਚਾ ਉੱਤਰ ਤਾਂ ਇਹ ਹੈ ਕਿ ਕਾਂਗਰਸ ਹਮੇਸਾਂ ਉਹੀ ਨੁਮਾਇੰਦੇ ਖੜ੍ਹੇ ਕਰਦੀ ਹੈ ਜਿਹੜੇ ਚੋਣ ਹਲਕੇ ਵਿੱਚ ਬਹੁ-ਗਿਣਤੀ ਦੀ ਜ਼ਾਤੀ ਨਾਲ ਸੰਬੰਧ ਰੱਖਦੇ ਹਨ। ਜ਼ਾਤੀ ਅਤੇ ਕਾਂਗਰਸ ਦਾ ਨਜ਼ਦੀਕੀ ਮੇਲ ਹੈ। ਕਾਂਗਰਸ ਦੇ ਜਿੱਤਣ ਦਾ ਕਾਰਣ ਜ਼ਾਤੀ ਪ੍ਰਣਾਲੀ ਨੂੰ ਸ਼ੋਸ਼ਿਤ ਕਰਨਾ ਹੈ।

ਜ਼ਾਤੀ ਪ੍ਰਣਾਲੀ ਦੇ ਇਹ ਭੈੜੇ ਨਤੀਜੇ ਭਾਸ਼ਾ ਦੇ ਆਧਾਰ ਤੇ ਬਣੇ ਰਾਜਾਂ ਦੇ ਹੋਂਦ ਵਿੱਚ ਆਉਣ ਕਰਕੇ ਤਿੱਖੇ ਹੋ ਚੁੱਕੇ ਹਨ। ਘੱਟ-ਗਿਣਤੀ ਸੰਪਰਦਾਇ ਕੁਚਲੇ ਜਾ ਸਕਦੇ ਹਨ। ਜੇਕਰ ਕੁਚਲੇ ਨਾ ਗਏ ਤਾਂ ਉਨ੍ਹਾਂ ਤੇ ਤਸੀਹੇ ਅਤੇ ਅੱਤਿਆਚਾਰ ਹੋ ਸਕਦੇ ਹਨ। ਉਨ੍ਹਾਂ ਨਾਲ ਜ਼ਰੂਰ ਵਿਤਕਰਾ ਹੋਵੇਗਾ ਅਤੇ ਉਨ੍ਹਾਂ ਨੂੰ ਕਾਨੂੰਨ ਸਾਹਮਣੇ ਬਰਾਬਰੀ ਦੇ ਹੱਕਾਂ ਤੋਂ ਨਾਂਹ ਮਿਲੇਗੀ ਅਤੇ

ਪਬਲਿਕ ਤੌਰ ਤੇ ਜੀਵਨ ਵਿੱਚ ਬਰਾਬਰ ਦਾ ਮੌਕਾ ਨਹੀਂ ਮਿਲੇਗਾ।

ਲਾਰਡ ਐਕਟਨ ਨੇ ਰਾਸ਼ਟਰਾਂ ਦੇ ਇਤਿਹਾਸ ਅਤੇ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਨੂੰ ਬੜੀ ਚੰਗੀ ਤਰ੍ਹਾਂ ਖੋਜਿਆ:

"ਪੁਰਾਣੀ ਯੂਰੋਪੀਅਨ ਪ੍ਰਣਾਲੀ ਵਿੱਚ ਰਾਸ਼ਟਰੀ ਹੱਕਾਂ ਬਾਰੇ ਨਾ ਹੀ ਸਰਕਾਰਾਂ ਦੁਆਰਾ ਮਾਨਤਾ ਦਿੱਤੀ ਗਈ ਸੀ ਤੇ ਨਾਂ ਹੀ ਲੋਕਾਂ ਦੁਆਰਾ ਸਮਰਥਨ ਮਿਲਿਆ ਸੀ। ਰਾਸ਼ਟਰੀ ਹਿੱਤ ਨਹੀਂ ਸਗੋਂ ਹਕੂਮਤ ਕਰਨ ਵਾਲੇ ਪਰਿਵਾਰਾਂ ਦੀ ਦਿਲਚਸਪੀ ਸਿਰਫ਼ ਉਨ੍ਹਾਂ ਰਾਸ਼ਟਰਾਂ ਵਿੱਚ, ਸਰਹੱਦਾਂ ਨੂੰ ਪਾਬੰਦ ਕਰਨ ਅਤੇ ਪ੍ਰਬੰਧ ਨੂੰ ਜਨਤਕ ਹਿੱਤਾਂ ਅਨੁਸਾਰ ਬਿਨਾਂ ਕਿਸੇ ਦਖਲ-ਅੰਦਾਜ਼ੀ ਦੇ ਚਲਾਉਣਾ ਸੀ। ਜਿਥੇ ਸਾਰੀਆਂ ਆਜ਼ਾਦੀਆਂ ਨੂੰ ਚਲਾਉਣਾ ਸੀ। ਜਿਥੇ ਸਾਰੀਆਂ ਆਜ਼ਾਦੀਆਂ ਨੂੰ ਕੁਚਲਿਆ ਜਾਂਦਾ ਸੀ, ਉਥੇ ਰਾਸ਼ਟਰੀ ਆਜ਼ਾਦੀ ਦੇ ਦਾਅਵੇ ਵੀ ਅਣਡਿੱਠ ਹੋਣੇ ਲਾਜ਼ਮੀ ਸਨ ਅਤੇ ਇਕ ਸ਼ਹਿਜ਼ਾਦੀ, ਫੈਨੇਲੋਨ ਦੇ ਸ਼ਬਦਾਂ ਵਿੱਚ, ਆਪਣੀ ਸ਼ਾਦੀ ਦੇ ਦਹੇਜ਼ ਵਿੱਚ ਸਖਸ਼ੀ ਹਕੂਮਤ ਨਾਲ ਲੈ ਕੇ ਜਾਂਦੀ ਸੀ।"

ਕੌਮੀਅਤਾਂ ਸਭ ਤੋਂ ਪਹਿਲਾਂ ਉਦਾਸੀਨ ਸਨ, ਜਦੋਂ ਉਹ ਸੁਚੇਤ ਹੋਈਆਂ:-

"ਉਹ ਸਭ ਤੋਂ ਪਹਿਲਾਂ ਆਪਣੇ ਵਿਜੇਤਾਵਾਂ ਦੇ ਵਿਰੁੱਧ ਕਾਨੂੰਨੀ ਤੌਰ ਤੇ ਜਾਇਜ਼ ਸ਼ਾਸਕਾਂ ਦੀ ਸੁਰੱਖਿਆ ਲਈ ਉੱਠੇ। ਉਨ੍ਹਾਂ ਨੇ ਅਨੁਚਿਤ ਅਧਿਕਾਰ ਜਗਾਉਣ ਵਾਲਿਆਂ ਅਧੀਨ ਹਕੂਮਤ ਸਹਿਣ ਤੋਂ ਨਾਂਹ ਕਰ ਦਿੱਤੀ।"

ਅੱਗੇ ਇਕ ਅਜਿਹਾ ਸਮਾਂ ਆਇਆ ਜਦੋਂ ਉਨ੍ਹਾਂ ਆਪਣੇ ਸ਼ਾਸਕਾਂ ਦੁਆਰਾ ਉਨ੍ਹਾਂ ਉਪਰ ਠੋਸੇ ਗਏ ਅਪਰਾਧਾਂ ਕਾਰਨ ਵਿਦਰੋਹ ਕੀਤਾ। ਠੋਸ ਸ਼ਿਕਾਇਤਾਂ ਰਾਹੀਂ ਪ੍ਰਮਾਣਤ ਵਿਸ਼ੇਸ਼ ਉਜ਼ਰਦਾਰੀਆਂ ਨਾਲ ਬਗਾਵਤਾਂ ਨੂੰ ਉਤੇਜਤ ਕੀਤਾ ਗਿਆ। ਫਿਰ ਫਰਾਂਸ ਦੀ ਕ੍ਰਾਂਤੀ ਆਈ, ਜਿਸਨੇ ਪੂਰਨ ਪਰਿਵਰਤਨ ਲਿਆਂਦਾ। ਇਸ ਨੇ ਲੋਕਾਂ ਨੂੰ ਪੜ੍ਹਾਇਆ ਕਿ ਉਹ ਆਪਣੀਆਂ ਇਛਾਵਾਂ ਅਤੇ ਲੋਕਾਂ ਦੀ ਕਦਰ ਕਰਨ ਕਿਉਂਕਿ ਜੋ ਕੁਝ ਉਨ੍ਹਾਂ ਨੂੰ ਚੰਗਾ ਲਗਦਾ ਹੈ ਉਹ ਕੁਝ ਕਰਨਾ ਉਨ੍ਹਾਂ ਦੇ ਹੱਕਾਂ ਲਈ ਉਚਿਤ ਹੈ। ਇਸ ਨੇ ਅਤੀਤ ਦੁਆਰਾ ਬਿਨਾਂ ਕੰਟਰੋਲ ਅਤੇ ਵਰਤਮਾਨ ਰਾਜ ਦੁਆਰਾ ਬਿਨਾਂ ਕੰਟਰੋਲ ਕੀਤੇ ਲੋਕਾਂ ਦੀ ਪ੍ਰਭੂਸੱਤਾ ਦੇ ਵਿਚਾਰ ਨੂੰ ਐਲਾਨਿਆ।

ਜ਼ਾਤੀ ਇਕ ਰਾਸ਼ਟਰ ਹੈ, ਪਰੰਤੂ ਇਕ ਜ਼ਾਤੀ ਦਾ ਦੂਜੀ ਉਤੇ ਰਾਜ ਕਰਨਾ ਉਸ ਤਰ੍ਹਾਂ ਨਹੀਂ ਕਬੂਲਿਆ ਜਾ ਸਕਦਾ, ਜਿਸ ਤਰ੍ਹਾਂ ਇਕ ਰਾਸ਼ਟਰ ਦੂਜੇ ਰਾਸ਼ਟਰ ਤੇ ਰਾਜ ਕਰਦਾ ਹੈ। ਮੰਨ ਲਿਆ ਕਿ ਸਮੱਸਿਆ ਹੁਣ ਤੱਕ ਉਠਾਈ ਨਹੀਂ ਗਈ, ਪਰੰਤੂ ਬਹੁ-ਗਿਣਤੀ ਅਤੇ ਘੱਟ-ਗਿਣਤੀ ਦੀ ਤੰਗ ਨਜ਼ਰੀ ਦਾ ਪ੍ਰਸ਼ਨ ਉਸੇ ਤਰ੍ਹਾਂ ਕਾਇਮ ਹੈ। ਬਹੁ-ਗਿਣਤੀ ਨੂੰ ਘੱਟ-ਗਿਣਤੀ ਤੇ ਰਾਜ ਕਰਨ ਦਾ ਕੀ ਹੱਕ ਹੈ?

ਉੱਤਰ ਹੈ ਕਿ ਕੀ ਜੋ ਵੀ ਬਹੁ-ਗਿਣਤੀ ਕਰਦੀ ਹੈ, ਉਹ ਠੀਕ ਹੈ? ਘੱਟ-ਗਿਣਤੀਆਂ ਕੀ ਸ਼ਿਕਾਇਤ ਕਰ ਸਕਦੀਆਂ ਹਨ?

ਲੋਕ ਜਿਹੜੇ ਬਹੁ-ਗਿਣਤੀ ਤੇ ਨਿਯਮਾਂ ਉਤੇ ਜ਼ੋਰ ਦਿੰਦੇ ਹਨ ਇਸ ਸਚਾਈ ਨੂੰ ਭੁੱਲ ਜਾਂਦੇ ਹਨ ਕਿ ਬਹੁ-ਗਿਣਤੀਆਂ ਦੋ ਪ੍ਰਕਾਰ ਦੀਆਂ ਹਨ:(1) ਫਿਰਕੂ ਬਹੁ-ਗਿਣਤੀ (2) ਰਾਜਨੀਤਿਕ ਬਹੁ-ਗਿਣਤੀ।

ਰਾਜਨੀਤਿਕ ਬਹੁ-ਗਿਣਤੀ ਪ੍ਰਬੰਧ ਦੀ ਸ਼੍ਰੇਣੀ ਕਾਰਨ ਪਰਿਵਰਤਨਸ਼ੀਲ ਹੈ। ਰਾਜਨੀਤਿਕ ਬਹੁ-ਗਿਣਤੀ ਉੱਗਦੀ ਹੈ। ਫਿਰਕੂ ਬਹੁ-ਗਿਣਤੀ ਜਨਮ ਲੈਂਦੀ ਹੈ। ਰਾਜਨੀਤਿਕ ਬਹੁ-ਗਿਣਤੀ ਵਿੱਚ ਦਾਖਲਾ ਖੁੱਲ੍ਹਾ ਹੈ। ਫਿਰਕੂ ਬਹੁ-ਗਿਣਤੀ ਲਈ ਦਰਵਾਜ਼ਾ ਬੰਦ ਹੈ।

ਰਾਜਨੀਤਿਕ ਬਹੁ-ਗਿਣਤੀ ਦੀ ਰਾਜਨੀਤੀ ਸਾਰਿਆਂ ਨੂੰ ਕਾਇਮ ਰੱਖਣ ਅਤੇ ਬਰਬਾਦ ਕਰਨ ਲਈ ਆਜ਼ਾਦ ਹੈ। ਫਿਰਕੂ ਬਹੁ-ਗਿਣਤੀ ਦੀ ਰਾਜਨੀਤੀ ਇਸਦੇ ਆਪਣੇ ਵਿਚੋਂ ਪੈਦਾ ਕੀਤੇ ਮੈਂਬਰਾਂ ਦੁਆਰਾ ਬਣਾਈ ਗਈ ਹੈ

ਇਕ ਰਾਜਨੀਤਿਕ ਬਹੁ-ਗਿਣਤੀ ਨੂੰ ਰਾਜ ਚਲਾਉਣ ਲਈ ਇਕ ਫਿਰਕੂ ਬਹੁ-ਗਿਣਤੀ ਕਿਸ ਤਰ੍ਹਾਂ ਮੁੱਖ ਕੰਮ ਸ਼ਾਸਨ ਕਰਨ ਵਾਲੀ ਰਾਜਨੀਤਿਕ ਬਹੁ-ਗਿਣਤੀ ਨੂੰ ਦੇ ਕੇ ਸ਼ਾਸਨ ਚਲਾ ਸਕਦੀ ਹੈ?

ਫਿਰਕੂ ਬਹੁ-ਗਿਣਤੀ ਨੂੰ ਅਜਿਹੇ ਮੁੱਖ ਕੰਮ ਸੌਂਪਣਾ ਪਿਤਾ ਪੁਰਖੀ ਸਰਕਾਰ ਨੂੰ ਸਥਾਪਿਤ ਕਰਨਾ ਹੈ ਅਤੇ ਉਸ ਬਹੁ-ਗਿਣਤੀ ਲਈ ਜ਼ੁਲਮ ਕਰਨ ਦਾ ਰਸਤਾ ਖੋਲ੍ਹਣਾ ਹੈ। ਫਿਰਕੂ ਬਹੁ-ਗਿਣਤੀ ਦਾ ਇਹ ਜ਼ੁਲਮ ਕੋਈ ਨੇਕ ਸੁਪਨਾ ਨਹੀਂ ਹੈ। ਇਹ ਬਹੁਤੀਆਂ ਘੱਟ-ਗਿਣਤੀਆਂ ਦਾ ਇਕ ਤਜਰਬਾ ਹੈ। ਮਹਾਰਾਸ਼ਟਰ ਦੇ ਬ੍ਰਾਹਮਣਾਂ ਦਾ ਇਹ ਹਰ ਰੋਜ਼ ਦਾ ਤਜ਼ਰਬਾ ਹੈ ਜੋ ਵਿਅਰਥ ਵਿਚ ਫੈਲਿਆ ਹੋਇਆ ਹੈ।

ਇਸ ਦਾ ਕੀ ਇਲਾਜ ਹੈ? ਇਸ ਵਿੱਚ ਕੋਈ ਸ਼ਕ ਨਹੀਂ ਕਿ ਇਸ ਫਿਰਕੂ ਜ਼ੁਲਮ ਦੇ ਵਿਰੁੱਧ ਕੁੱਝ ਬਚਾਉ ਦੇ ਸਾਧਨ ਜ਼ਰੂਰੀ ਹਨ। ਸਵਾਲ ਹੈ: ਉਹ ਕੀ ਸੋਚਦੇ ਹਨ? ਪਹਿਲਾ ਬਚਾਉ ਇਹ ਹੈ ਕਿ ਸਟੇਟ ਬਹੁਤ ਵੱਡੀ ਨਾ ਹੋਵੇ। ਬਹੁਤ ਵੱਡੀ ਸਟੇਟ ਵਿੱਚ ਰਹਿਣ ਵਾਲੇ ਘੱਟ-ਗਿਣਤੀ ਦੇ ਲੋਕਾਂ ਨਾਲ ਜੋ ਬੀਤਦੀ ਹੈ, ਉਸ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ। ਜਿੰਨੀ ਸਟੇਟ ਕੋਈ ਵੱਡੀ ਹੋਵੇਗੀ ਵੱਧ-ਗਿਣਤੀ ਦੇ ਮੁਕਾਬਲੇ ਤੇ ਘੱਟ-ਗਿਣਤੀ ਦਾ ਅਨੁਪਾਤ ਵੀ ਛੋਟਾ ਹੋਵੇਗਾ। ਇਕ ਉਦਾਹਰਣ ਹੈ: ਜੇ ਮਹਾਂ ਵਿਧਰਤਾ ਵੱਖਰਾ ਰਹਿ ਜਾਵੇ ਤਾਂ ਮੁਸਲਮਾਨਾਂ ਅੱਗੇ ਹਿੰਦੂਆਂ ਦਾ ਅਨੁਪਾਤ ਚਾਰ ਇਕ ਦਾ ਹੋ ਜਾਂਦਾ ਹੈ। ਸੰਯੁਕਤ ਮਹਾਰਾਸ਼ਟਰ ਵਿੱਚ ਇਹ ਅਨੁਪਾਤ ਚੌਦਾਂ ਇਕ ਹੋ ਜਾਂਦਾ ਹੈ। ਇਹੋ ਹਾਲਤ ਅਛੂਤਾਂ ਦੀ ਹੋਵੇਗੀ। ਇਕੱਠੀ ਬਹੁ-ਗਿਣਤੀ ਦਾ ਇਕ ਛੋਟਾ ਜਿਹਾ ਪੱਥਰ ਘੱਟ-ਗਿਣਤੀ ਦੀ ਛਾਤੀ ਤੇ ਰੱਖਿਆ ਪੱਥਰ ਤਾਂ ਸਹਿਣਯੋਗ ਹੈ ਪਰ ਜੇਕਰ ਇਕ ਬਹੁਤ ਵੱਡੇ ਪਹਾੜ ਦਾ ਭਾਰ ਪਾ ਦਿੱਤਾ ਜਾਵੇ ਤਾਂ ਸਹਾਰਨਾ ਬਹੁਤ ਔਖਾ ਹੈ। ਇਹ ਤਾਂ ਘੱਟ-ਗਿਣਤੀ ਨੂੰ ਕੁਚਲ ਕੇ ਰੱਖ ਦੇਵੇਗਾ। ਇਸ ਲਈ ਛੋਟੀਆਂ ਸਟੇਟਾਂ ਦੀ ਸਿਰਜਨਾ ਘੱਟ-ਗਿਣਤੀ ਦੇ ਲੋਕਾਂ ਲਈ ਇਕ ਬਚਾਉ ਹੈ।

ਦੂਜਾ ਉਪਾਅ ਹੈ ਵਿਧਾਨ ਮੰਡਲ ਵਿੱਚ ਪ੍ਰਤਿਨਿਧਤਾ ਦਾ ਕੁੱਝ ਉਪਬੰਧ ਕਰਵਾਉਣਾ। ਸੰਵਿਧਾਨ ਵਿੱਚ ਉਪਬੰਧਤ ਪੁਰਾਣੇ ਪ੍ਰਕਾਰ ਦੀ ਔਸ਼ਧੀ ਤਾਂ ਇਹ ਹੈ: (1) ਕੁਝ ਥਾਵਾਂ ਰਿਜ਼ਰਵ ਕਰਨੀਆਂ ਅਤੇ (2) ਵੱਖਰੇ ਚੋਣ ਹਲਕੇ। ਨਵੇਂ ਸੰਵਿਧਾਨ ਵਿੱਚ ਇਹ ਦੋਵੇਂ ਬਚਾਉ ਛੱਡ ਦਿੱਤੇ ਗਏ ਹਨ। ਲੋਲੇ ਦੀ ਉਨ ਲਾਹ ਦਿੱਤੀ ਗਈ ਹੈ। ਉਨ੍ਹਾਂ ਨੂੰ ਸਖ਼ਤ ਠੰਢ ਸਤਾ ਰਹੀ ਹੈ, ਕੁੱਝ ਉਨ੍ਹਾਂ ਦੀ ਗਰਮਾਇਸ਼ ਲਾਜ਼ਮੀ ਹੈ।

ਵੱਖਰੇ ਚੋਣ ਹਲਕੇ ਅਤੇ ਸੀਟਾਂ ਦਾ ਰਾਖਵਾਂਕਰਨ ਦੁਬਾਰਾ ਨਹੀਂ ਦੇਣੇ ਚਾਹੀਦੇ। ਬੇਹਤਰ ਹੈ ਬਹੁ-ਮੈਂਬਰੀ ਚੋਣ-ਹਲਕੇ (ਦੋ ਜਾਂ ਤਿੰਨ) ਬਣੇ ਰਹਿਣ। ਜਿਨ੍ਹਾਂ ਵਿੱਚ ਵਰਤਮਾਨ ਸੰਵਿਧਾਨ

ਵਿੱਚ ਦਿੱਤੀ ਗਈ ਇਕੱਲਾ-ਮੈਂਬਰ ਚੋਣ ਹਲਕਾ ਪ੍ਰਣਾਲੀ ਦੀ ਥਾਂ ਇਕੱਠੀਆਂ ਵੋਟਾਂ ਹੋਣ, ਇਸ ਨਾਲ ਭਾਸ਼ਾਈ ਰਾਜਾਂ ਬਾਰੇ ਜਿਹੜਾ ਘੱਟ-ਗਿਣਤੀ ਨੂੰ ਡਰ ਹੈ, ਉਹ ਦੂਰ ਹੋ ਜਾਵੇਗਾ।

## ਭਾਗ V

# ਦੂਜੀ ਰਾਜਧਾਨੀ ਦੀ ਲੋੜ

## ਅਧਿਆਇ 11

### ਉੱਤਰ ਅਤੇ ਦੱਖਣ ਵਿਚਕਾਰ ਤਣਾਉ ਨੂੰ ਦੂਰ ਕਰਨ ਦਾ ਉਪਾਅ

ਕੀ ਭਾਰਤ ਇਕ ਰਾਜਧਾਨੀ ਹੀ ਰੱਖ ਸਕਦਾ ਹੈ? ਕਿ ਭਾਰਤ ਪਾਸ ਇਸ ਵੇਲੇ ਇਕ ਰਾਜਧਾਨੀ ਹੈ, ਪ੍ਰਸ਼ਨ ਬੰਦ ਨਹੀਂ ਹੁੰਦਾ। ਜੇਕਰ ਭਾਰਤ ਦੀ ਰਾਜਧਾਨੀ ਤਸੱਲੀ ਬਖਸ਼ ਜਗ੍ਹਾ ਤੇ ਸਥਿਤ ਨਹੀਂ ਹੈ ਤਾਂ ਇਸ ਪ੍ਰਸ਼ਨ ਤੇ ਹੁਣ ਸਮਾਂ ਹੈ ਵਿਚਾਰ ਕਰ ਲਿਆ ਜਾਵੇ।

ਬਰਤਾਨੀਆ ਦੇ ਚਲੇ ਜਾਣ ਤੋਂ ਬਾਅਦ, ਭਾਰਤ ਕੋਲ ਸਿਰਫ਼ ਇਕ ਹੀ ਰਾਜਧਾਨੀ ਹੈ ਅਤੇ ਉਹ ਦਿੱਲੀ ਹੈ। ਬਰਤਾਨੀਆਂ ਤੋਂ ਪਹਿਲਾਂ ਭਾਰਤ ਦੀਆਂ ਹਮੇਸ਼ਾਂ 2 ਰਾਜਧਾਨੀਆਂ ਰਹੀਆਂ ਹਨ। ਮੁਗ਼ਲ ਕਾਲ ਸਮੇਂ ਦਿੱਲੀ ਭਾਰਤ ਦੀ ਇਕ ਰਾਜਧਾਨੀ ਹੁੰਦੀ ਸੀ ਅਤੇ ਕਸ਼ਮੀਰ ਵਿੱਚ ਸ੍ਰੀ ਨਗਰ ਦੂਜੀ ਰਾਜਧਾਨੀ ਹੁੰਦੀ ਸੀ। ਜਦੋਂ ਬਰਤਾਨਵੀ ਲੋਕ ਆਏ ਤਾਂ ਉਨ੍ਹਾਂ ਨੇ ਵੀ ਦੋ ਰਾਜਧਾਨੀਆਂ ਰੱਖੀਆਂ। ਇਕ ਕਲਕੱਤੇ ਤੇ ਦੂਜੀ ਸ਼ਿਮਲੇ। ਏਥੋਂ ਤੱਕ ਕਿ ਜਦੋਂ ਉਹ ਕਲਕੱਤਾ ਛੱਡ ਕੇ ਦਿੱਲੀ ਚਲੇ ਗਏ ਤਾਂ ਵੀ ਉਨ੍ਹਾਂ ਨੇ ਸ਼ਿਮਲੇ ਨੂੰ ਦੂਜੀ ਰਾਜਧਾਨੀ ਰੱਖਿਆ। ਦੋਹਾਂ ਰਾਜਧਾਨੀਆਂ ਨੂੰ ਮੁਗ਼ਲਾਂ ਅਤੇ ਬਰਤਾਨਵੀ ਲੋਕਾਂ ਦੁਆਰਾ ਕਾਇਮ ਰੱਖਣਾ ਮੌਸਮੀ ਹਵਾ-ਪਾਣੀ ਦੇ ਨਤੀਜੇ ਵੱਜੋਂ ਸਨ। ਨਾ ਮੁਗ਼ਲ ਤੇ ਨਾ ਹੀ ਬਰਤਾਨਵੀ ਲੋਕ ਦਿੱਲੀ ਅਤੇ ਕਲਕੱਤਾ ਲਗਾਤਾਰ 12 ਮਹੀਨੇ ਰਹਿ ਸਕਦੇ ਸੀ। ਮੁਗ਼ਲਾਂ ਲਈ ਗਰਮੀਆਂ ਦੇ ਮੌਸਮ ਵਿੱਚ ਦਿੱਲੀ ਰਹਿਣਾ ਬਹੁਤ ਕਠਿਨ ਸੀ। ਗਰਮੀਆਂ ਦੇ ਮਹੀਨਿਆਂ ਵਾਸਤੇ ਉਨ੍ਹਾਂ ਨੇ ਕਸ਼ਮੀਰ ਵਿੱਚ ਸ੍ਰੀ ਨਗਰ ਨੂੰ ਆਪਣੀ ਦੂਜੀ ਰਾਜਧਾਨੀ ਬਣਾਇਆ। ਇਸੇ ਤਰ੍ਹਾਂ ਕਲਕੱਤੇ ਵਿੱਚ ਗਰਮੀਆਂ ਦਾ ਮੌਸਮ ਵੀ ਉਸੇ ਤਰ੍ਹਾਂ ਦਾ ਬਰਤਾਨਵੀਆਂ ਲਈ ਅਸਹਿ ਸੀ। ਇਸ ਲਈ ਉਨ੍ਹਾਂ ਨੇ ਵੀ ਦੂਜੀ ਰਾਜਧਾਨੀ ਸਥਾਪਤ ਕੀਤੀ। ਇਨ੍ਹਾਂ ਪੌਣ ਪਾਣੀ ਦੀਆਂ ਸ਼ਰਤਾਂ ਵਿੱਚ ਹੁਣ ਤਿੰਨ ਹੋਰ ਸ਼ਰਤਾਂ ਸ਼ਾਮਿਲ ਹੋ ਗਈਆਂ ਹਨ। ਜਦੋਂ ਮੁਗ਼ਲਾਂ ਅਤੇ ਬਰਤਾਨਵੀਆਂ ਦਾ ਰਾਜ ਸੀ, ਉਸ ਵੇਲੇ ਹਰਮਨ ਪਿਆਰੀ ਸਰਕਾਰ ਨਹੀਂ ਸੀ। ਹੁਣ ਸਾਡੀ ਲੋਕਪ੍ਰਿਅ ਸਰਕਾਰ ਹੈ ਅਤੇ ਲੋਕ ਸੁਵਿਧਾ ਇਕ ਮਹੱਤਵਪੂਰਨ ਨੁਕਤਾ ਹੈ। ਦਿੱਲੀ ਦੱਖਣ ਦੇ ਲੋਕਾਂ ਲਈ ਅਸੁਵਿਧਾ-ਜਨਕ ਹੈ। ਉਹ ਠੰਢ ਨਾਲ ਪੀੜਤ ਹੁੰਦੇ ਹਨ ਅਤੇ ਸਫ਼ਰ ਨਾਲ ਵੀ। ਗਰਮੀ ਦੇ ਮਹੀਨਿਆਂ ਵਿੱਚ ਉੱਤਰੀ ਭਾਰਤ ਦੇ ਲੋਕਾਂ ਨੂੰ ਵੀ ਅਸੁਵਿਧਾ ਹੁੰਦੀ ਹੈ। ਉਹ ਇਸ ਕਰਕੇ ਸ਼ਿਕਾਇਤ ਨਹੀਂ ਕਰਦੇ ਕਿਉਂਕਿ ਉਨ੍ਹਾਂ ਦੇ ਘਰ ਨੇੜੇ ਹਨ ਅਤੇ ਉਹ ਸੱਤਾ ਦੀ ਕੁਰਸੀ ਦੇ ਨੇੜੇ ਹਨ। ਦੂਜਾ ਅਨੁਭਵ ਲੋਕਾਂ ਦਾ ਹੈ ਅਤੇ ਤੀਜੀ ਵਿਚਾਰਨ ਦੀ ਗੱਲ ਡਿਫੈਂਸ ਦੀ ਹੈ। ਦੱਖਣ ਦੇ ਲੋਕਾਂ ਦੀ ਇਹ ਭਾਵਨਾ ਹੈ ਕਿ ਉਨ੍ਹਾਂ ਦੇ ਦੇਸ਼ ਦੀ ਰਾਜਧਾਨੀ ਉਨ੍ਹਾਂ ਤੋਂ ਬਹੁਤ ਦੂਰ ਹੈ ਅਤੇ ਉਹ ਉੱਤਰੀ ਭਾਰਤ ਵੱਲੋਂ ਸ਼ਾਸਤ ਹੁੰਦੇ ਹਨ। ਤੀਜਾ ਨੁਕਤਾ ਇਸ ਤੋਂ ਜ਼ਿਆਦਾ ਮਹੱਤਵ ਵਾਲਾ ਹੈ। ਦਿੱਲੀ ਇਕ ਮਹਾਨ ਸਥਾਨ ਹੈ।

ਇਹ ਪੜੋਸੀ ਦੇਸ਼ਾ ਦੇ ਬੰਬ-ਫ਼ਾਸਲੇ ਦੇ ਅੰਦਰ ਹੈ।ਭਾਵੇਂ ਭਾਰਤ ਆਪਣੇ ਪੜੋਸੀਆਂ ਨਾਲ ਅਮਨ ਵਿੱਚ ਰਹਿਣ ਦਾ ਯਤਨ ਕਰ ਰਿਹਾ ਹੈ। ਪਰ ਇਹ ਨਹੀਂ ਮੰਨਿਆ ਜਾ ਸਕਦਾ ਕਿ ਭਾਰਤ ਨੂੰ ਕਿਸੇ ਵੇਲੇ ਯੁੱਧ ਦਾ ਸਾਹਮਣਾ ਨਹੀਂ ਕਰਨਾ ਪੈ ਸਕਦਾ ਹੈ। ਜੇ ਕਦੇ ਯੁੱਧ ਹੋਇਆ, ਭਾਰਤ ਸਰਕਾਰ ਨੂੰ ਦਿੱਲੀ ਛੱਡ ਕੇ ਜਾਣਾ ਪਵੇਗਾ ਅਤੇ ਇਸ ਮਨੋਰਥ ਲਈ ਕੋਈ ਹੋਰ ਥਾਂ ਲੱਭਣੀ ਪਵੇਗੀ। ਉਹ ਕਿਹੜੀ ਥਾਂ ਹੈ ਜਿਥੇ ਭਾਰਤ ਸਰਕਾਰ ਜਾਣਾ ਲੋੜੇਗੀ? ਇਹ ਤਾਂ ਕਲਕੱਤਾ ਹੀ ਹੋ ਸਕਦੀ ਹੈ। ਪਰ ਕਲਕੱਤਾ ਵੀ ਬੰਬ-ਫਾਸਲੇ ਦੇ ਨੁਕਤਾ-ਨਿਗਾਹ ਤੋਂ ਤਿਬਤ ਦੇ ਲਾਗੇ ਪੈਂਦਾ ਹੈ। ਭਾਵੇਂ ਅੱਜ ਭਾਰਤ ਅਤੇ ਚੀਨ ਮਿੱਤਰ ਹਨ। ਇਹ ਕੋਈ ਕੁੱਝ ਨਹੀਂ ਕਹਿ ਸਕਦਾ ਕਿ ਇਹ ਮਿੱਤਰਤਾ ਕਿੰਨੀ ਦੇਰ ਤੱਕ ਚਲ ਸਕਦੀ ਹੈ। ਭਾਰਤ ਅਤੇ ਚੀਨ ਦਰਮਿਆਨ ਝਗੜਾ ਤਾਂ ਰਹਿੰਦਾ ਹੀ ਹੈ ਇਸ ਤਰ੍ਹਾਂ ਕਲਕੱਤਾ ਵੀ ਲਾਭਕਾਰੀ ਨਾ ਹੋਇਆ। ਦੂਜੀ ਜਗ੍ਹਾ ਬੰਬਈ ਹੈ ਜਿਥੇ ਭਾਰਤ ਸਰਕਾਰ ਆਪਣਾ ਟਿਕਾਣਾ ਬਣਾ ਸਕਦੀ ਹੈ। ਪਰ ਬੰਬਈ ਬੰਦਰਗਾਹ ਹੈ ਅਤੇ ਸਾਡੀ ਬਹਿਰੀ ਫੌਜ਼ ਵਿੱਚ ਇਤਨੀ ਸਮਰੱਥਾ ਨਹੀਂ ਹੈ ਕਿ ਉਹ ਭਾਰਤ ਸਰਕਾਰ ਦੀ ਰਾਖੀ ਕਰ ਸਕੇ, ਜੇ ਕਦੇ ਇਹ ਬੰਬਈ ਆ ਜਾਵੇ। ਕੀ ਕੋਈ ਚੌਥੀ ਜਗ੍ਹਾ ਵੀ ਹੈ ਜਿਸ ਬਾਰੇ ਸੋਚਿਆ ਜਾ ਸਕਦਾ ਹੋਵੇ? ਮੈਨੂੰ ਹੈਦਰਾਬਾਦ ਅਜਿਹੀ ਜਗ੍ਹਾ ਚੰਗੀ ਜਾਪਦੀ ਹੈ। ਹੈਦਰਾਬਾਦ, ਸਿਕੰਦਰਾਬਾਦ ਅਤੇ ਬੋਲਾਰਮ ਚੀਫ਼ ਕਮਿਸ਼ਨਰਜ਼ ਪ੍ਰੋਵੰਸ ਬਣਾ ਦੇਣਾ ਚਾਹੀਦਾ ਹੈ ਅਤੇ ਇਸਨੂੰ ਭਾਰਤ ਦੀ ਦੂਜੀ ਰਾਜਧਾਨੀ ਬਣਾ ਦੇਣਾ ਚਾਹੀਦਾ ਹੈ। ਭਾਰਤ ਲਈ ਵੀ ਰਾਜਧਾਨੀ ਲਈ ਸਾਰੀਆਂ ਲੋੜਾ ਹੈਦਰਾਬਾਦ ਪੂਰੀਆਂ ਕਰਦਾ ਹੈ। ਹੈਦਰਾਬਾਦ ਸਾਰੀਆਂ ਸਟੇਟਾਂ ਤੋਂ ਬਰਾਬਰ ਦੇ ਫਾਸਲੇ 'ਤੇ ਹੈ। ਜੋ ਵੀ ਹੇਠ ਲਿਖਿਆ ਟੇਬਲ ਦੇਵੇਗਾ ਉਹ ਇਸ ਗੱਲ ਨੂੰ ਭਾਂਪੇਗਾ:

| | | ਦਿੱਲੀ ਤੋਂ ਮੀਲ | ਹੈਦਰਾਬਾਦ ਤੋਂ ਮੀਲ |
|---|---|---|---|
| ਬੰਬਈ | .. | 798 | 440 |
| ਕਲਕੱਤਾ | .. | 868 | 715 |
| ਮਦਰਾਸ | .. | 1198 | 330 |
| ਕੁਰਨੂਲ | .. | 957 | 275 |
| ਤ੍ਰਿਵੇਂਦਰਮ | .. | 1521 | 660 |
| ਪਟਿਆਲਾ | .. | 124 | 990 |
| ਚੰਡੀਗੜ੍ਹ | .. | 180 | 1045 |
| ਲਖਨਊ | .. | 275 | 770 |

ਸੁਰੱਖਿਆ ਦੀ ਦ੍ਰਿਸ਼ਟੀ ਤੋਂ ਕੇਂਦਰੀ ਸਰਕਾਰ ਨੂੰ ਇਹ ਸੁਰੱਖਿਆ ਦੇਵੇਗਾ। ਭਾਰਤ ਦੇ ਸਾਰੇ ਹਿੱਸਿਆਂ ਤੋਂ ਫ਼ਾਸਲਾ ਇਕੋ ਜਿਹਾ ਹੈ। ਦੱਖਣੀ ਭਾਰਤ ਦੇ ਲੋਕਾਂ ਨੂੰ ਇਹ ਸੰਤੁਸ਼ਟੀ ਦੇਵੇਗਾ ਕਿ ਇਨ੍ਹਾਂ ਦੀ ਸਰਕਾਰ ਵੀ ਕਿਸੇ ਵੇਲੇ ਉਨ੍ਹਾਂ ਨਾਲ ਹੈ। ਗੌਰਮਿੰਟ ਭਾਵੇਂ ਸਰਦੀਆਂ ਵਿੱਚ ਦਿੱਲੀ ਰਹੇ ਅਤੇ ਬਾਕੀ ਮਹੀਨਿਆਂ ਵਿੱਚ ਇਹ ਹੈਦਰਾਬਾਦ ਰਹੇ। ਹੈਦਰਾਬਾਦ ਵਿੱਚ ਵੀ ਉਹ ਸਾਰੀਆਂ ਸਹੂਲਤਾਂ ਹਨ ਜੋ ਦਿੱਲੀ ਵਿੱਚ ਮਿਲਦੀਆਂ ਹਨ। ਦਿੱਲੀ ਨਾਲੋਂ ਵੀ ਇਹ ਵਧੀਆ ਸ਼ਹਿਰ ਹੈ। ਜਿਹੜੀ ਦਿੱਲੀ ਦੀ ਸ਼ਾਨ ਹੈ ਉਸੇ ਤਰ੍ਹਾਂ ਦੀ ਹੈਦਰਾਬਾਦ ਦੀ ਵੀ ਹੈ। ਇਮਾਰਤਾਂ ਸਸਤੀਆਂ ਵੀ ਹਨ ਅਤੇ ਸੁਹਣੀਆਂ ਵੀ। ਦਿੱਲੀ ਨਾਲੋਂ ਵੀ ਵੱਧ ਸੋਹਣੀਆਂ ਹਨ। ਸਾਰੀਆਂ ਵਿਕਾਊ ਹਨ।

ਇਕ ਸਿਰਫ਼ ਪਾਰਲੀਮੈਂਟ ਹਾਊਸ ਬਣਨ ਵਾਲਾ ਹੈ ਜੋ ਭਾਰਤ ਸਰਕਾਰ ਬਹੁਤ ਛੇਤੀ ਬਣਵਾ ਸਕਦੀ ਹੈ। ਇਹ ਉਹ ਜਗ੍ਹਾ ਹੈ ਜਿਥੇ ਪਾਰਲੀਮੈਂਟ ਸਾਰਾ ਸਾਲ ਕੰਮ ਕਰ ਸਕਦੀ ਹੈ ਜੋ ਕਿ ਇਹ ਦਿੱਲੀ ਨਹੀਂ ਕਰ ਸਕਦੀ। ਮੈਨੂੰ ਤਾਂ ਇਸ ਵਿੱਚ ਕੋਈ ਇਤਰਾਜ਼ ਵਾਲੀ ਗੱਲ ਨਹੀਂ ਜਾਪਦੀ ਕਿ ਹੈਦਰਾਬਾਦ ਨੂੰ ਦੂਜੀ ਰਾਜਧਾਨੀ ਬਣਾ ਦਿਤਾ ਜਾਵੇ। ਜਦੋਂ ਕਿ ਅਸੀਂ ਸਟੇਟਾਂ ਦਾ ਪੁਨਰਗਠਨ ਕਰ ਰਹੇ ਹਾਂ ਸਾਨੂੰ ਇਹ ਛੇਤੀ ਹੀ ਕਰਨਾ ਚਾਹੀਦਾ ਹੈ।


ਹੈਦਰਾਬਾਦ, ਸਿਕੰਦਰਾਬਾਦ ਅਤੇ ਬੋਲਾਰਮ ਭਾਰਤ ਦੀ ਦੂਜੀ ਰਾਜਧਾਨੀ ਲਈ ਇਕੱਠੇ ਕਰ ਦੇਣੇ ਚਾਹੀਦੇ ਹਨ। ਖੁਸ਼ਕਿਸਮਤੀ ਨਾਲ ਇਹ ਸਾਰੇ ਦੱਖਣੀ ਭਾਰਤ, ਮਹਾਰਾਸ਼ਟਰ ਅਤੇ ਆਂਧਰਾ ਦੀ ਸੰਤੁਸ਼ਟੀ ਲਈ ਆਸਾਨੀ ਨਾਲ ਹੀ ਹੋ ਸਕਦਾ ਹੈ।

ਉੱਤਰ ਅਤੇ ਦੱਖਣ ਵਿਚਕਾਰਲੇ ਤਣਾਉ ਨੂੰ ਘਟਾਉਣ ਲਈ ਇਹ ਇਕ ਦੂਜੀ ਰਾਹਤ ਹੈ।


# ਭਾਗ VI

## ਨਕਸ਼ੇ

ਚਿਤਰ ਨੰ: 2



ਉੱਤਰ ਪ੍ਰਦੇਸ਼ ਦੀ ਵੰਡ
ਦੇਹਰਾਦੂਨ
ਗੜ੍ਹਵਾਲ
ਅਲਮੋੜਾ
ਪੱਛਮੀ ਉੱਤਰ ਪ੍ਰਦੇਸ਼
ਮੇਰਠ
ਮੱਧ ਉੱਤਰ ਪ੍ਰਦੇਸ਼
ਅਲੀਗੜ੍ਹ
ਸ਼ਾਹਜਹਾਂਪੁਰ
ਏਟਾ
ਅੰਗੀਰਾ
ਲਖਨਊ
ਕਾਨਪੁਰ
ਗੋਰਖਪੁਰ
ਰਾਏ ਬਰੇਲੀ
ਫੈਜ਼ਾਬਾਦ
ਬਾਂਦਾ
ਇਲਾਹਾਬਾਦ
ਬਨਾਰਸ
ਝਾਂਸੀ
ਪੂਰਬੀ ਉੱਤਰ ਪ੍ਰਦੇਸ਼

ਚਿਤਰ ਨੰ : 1





ਭਾਰਤ
ਉੱਤਰ ਬਨਾਮ ਦੱਖਣ

## ਚਿਤਰ ਨੰ: 2


ਉੱਤਰ ਪ੍ਰਦੇਸ਼ ਦੀ ਵੰਡ
ਦੇਹਰਾਦੂਨ
ਗੜ੍ਹਵਾਲ
ਅਲਮੋੜਾ
ਪੱਛਮੀ ਉੱਤਰ ਪ੍ਰਦੇਸ਼
ਮੇਰਠ
ਮੱਧ ਉੱਤਰ ਪ੍ਰਦੇਸ਼
ਸ਼ਾਹਜਹਾਂਪੁਰ
ਅਲੀਗੜ੍ਹ
ਏਟਾ
ਅੰਗੀਰਾ
ਲਖਨਊ
ਗੋਰਖਪੁਰ
ਕਾਨਪੁਰ
ਰਾਏ ਬਰੇਲੀ
ਫੈਜ਼ਾਬਾਦ
ਬਾਂਦਾ
ਇਲਾਹਾਬਾਦ
ਬਨਾਰਸ
ਝਾਂਸੀ
ਪੂਰਬੀ ਉੱਤਰ ਪ੍ਰਦੇਸ਼


ਚਿਤਰ ਨੰ: 3



ਬਿਹਾਰ ਦੀ ਵੰਡ
ਉੱਤਰੀ ਬਿਹਾਰ
ਚੰਪਾਰਨ
ਦਰਭੰਗਾ
ਪਟਨਾ
ਪੂਰਣੀਆ
ਸ਼ਾਹਬਾਦ
ਗਯਾ
ਸੰਥਾਲ ਪਰਗਨਾ
ਹਜ਼ਾਰੀਬਾਗ
ਰਾਂਚੀ
ਦੱਖਣੀ ਬਿਹਾਰ

ਚਿਤਰ ਨੰ: 4

ਮੱਧ ਪ੍ਰਦੇਸ਼ ਦੀ ਵੰਡ



## ਚਿਤਰ ਨੰ: 5

### ਮਹਾਰਾਸ਼ਟਰ ਦੀ ਵੰਡ



# ਭਾਗ VII

## ਅੰਕੜਿਆਂ ਦੇ ਅਨੁਲੱਗ

## ਅੰਤਿਕਾ - 1

## ਭਾਸ਼ਾਈ ਪਰਿਵਾਰਾਂ ਅਨੁਸਾਰ ਆਬਾਦੀ

| ਭਾਸ਼ਾਈ ਸਮੂੰਹ | ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਗਿਣਤੀ | ਮਾਤਰੀ ਭਾਸ਼ਾ ਅਤੇ ਗੌਣ ਭਾਸ਼ਾ ਦੇ ਰੂਪ ਵਿੱਚ ਬੋਲਣ ਵਾਲਿਆਂ ਦੀ ਗਿਣਤੀ 1931 (ਦੁਭਾਸ਼ੀਆਂ ਦੀ ਗਿਣਤੀ ਦੋ ਵਾਰ ਦਿਖਾਈ ਗਈ ਹੈ) | ਬੋਲਣ ਵਾਲਿਆਂ ਦੀ ਗਿਣਤੀ 1931 | ਮਾਤਰੀ ਭਾਸ਼ਾ ਦੇ ਰੂਪ ਵਿੱਚ ਬੋਲਣ ਵਾਲਿਆਂ ਦੀ ਗਿਣਤੀ ਸਿਰਫ 1931 | ਕਾਲਮ 4 ਅਤੇ 5 ਦਾ ਅੰਤਰ (1931 ਵਿੱਚ ਵਾਧਾ+ਕਮੀ–) | ਕਾਲਮ 4 ਅਤੇ 3 ਦਾ ਫਰਕ (ਵਾਧਾ + ਕਮੀ–) |
|---|---|---|---|---|---|---|
| 1 | 2 | 3 | 4 | 5 | 6 | 7 |
| ੳ. ਭਾਰਤ ਅਤੇ ਬਰਮਾ ਦੀ ਭਾਸ਼ਾ | 225 | 366,430,537 | 315,525,177 | 349,887,527 | +94,362,350 | +50,905,360 |
| (i) ਆਸਟ੍ਰਿਕ ਭਾਸ਼ਾਵਾਂ | | | | | | |
| 1. ਇੰਡੋਨੇਸ਼ਿਆਈ ਭਾਸ਼ਾਵਾਂ | 2 | 6,542 | 5,561 | 6,542 | +981 | +981 |
| 2. ਮੋਨ–ਖ਼ਮੇਰ ਭਾਸ਼ਾਵਾਂ | 10 | 734,204 | 549,917 | 726,578 | +176,661 | +184,287 |
| 3. ਮੁੰਡਾ ਭਾਸ਼ਾਵਾਂ* | 7 | 4,710,685 | 3,973,873 | 4,609,588 | +635,715 | +736,812 |
| (ii) ਤਿਬਤ–ਚੀਨੀ ਭਾਸ਼ਾਵਾਂ | | | | | | |
| 1. ਤਿਬਤੀ–ਬਰਮੀ ਭਾਸ਼ਾਵਾਂ | 128 | 14,167,611 | 11,959,011 | 12,982,840 | +1,023,829 | +2,208,600 |
| 2. ਤਾਈ–ਚੀਨੀ ਭਾਸ਼ਾਵਾਂ | 11 | 1,150,220 | 926,335 | 1,027,656 | +101,321 | +223,885 |
| 3. ਮਾਨ ਅਤੇ ਕਾਰਨ ਭਾਸ਼ਾਵਾਂ | 17 | 1,351,291 | 1,114,617 | 1,342,278 | +227,661 | +236,674 |
| (iii) ਦਰਾਵੜੀ ਭਾਸ਼ਾਵਾਂ | | | | | | |
| 1. ਦਰਾਵੜੀ ਭਾਸ਼ਾਵਾਂ | 7 | 47,032,874 | 37,285,594 | 41,454,593 | +4,168,999 | +9,747,280 |
| 2. ਮਧਿਆਵਰਤੀ ਭਾਸ਼ਾਵਾਂ | 5 | 3,661,277 | 3,056,598 | 3,609,418 | +552,820 | +604,679 |
| 3. ਆਂਧਰ ਭਾਸ਼ਾ | 1 | 28,195,824 | 23,601,492 | 26,373,727 | +2,772,235 | +4,594,332 |
| 4. ਉੱਤਰ–ਪੱਛਮ ਭਾਸ਼ਾ | 1 | 231,581 | 184,368 | 207,049 | +22,681 | +47,213 |

| 1 | 2 | 3 | 4 | 5 | 6 | 7 |
|---|---|---|---|---|---|---|
| (iv) ਇੰਡੋ-ਯੂਰਪੀ ਭਾਸ਼ਾਵਾਂ | | | | | | |
| 1. ਇਰਾਨੀ ਭਾਸ਼ਾ | 3 | 2,457,134 | 1,981,675 | 2,270,466 | +288,791 | +475,459 |
| 2. ਦਾਰਦਿਕ ਭਾਸ਼ਾ | 5 | 1,254,031 | 1,304,319 | 1,522,936 | +218,617 | +238,712 |
| 3. ਇੰਡੋ-ਆਰੀਆ ਭਾਸ਼ਾ | 19 | 261,105,909 | 229,560,555 | 253,699,403 | +24,138,848 | +31,545,354 |
| (v) ਅਵਰਗੀਕ੍ਰਿਤ ਭਾਸ਼ਾਵਾਂ | | | | | | |
| 1. ਅੰਡਮਾਨੀ | 2 | 466 | 580 | 466 | +114 | −114 |
| 2. ਬੁਰਸ਼ਸਕੀ | 1 | 26,076 | ...... | 26,076 | +26,076 | +26,076 |
| 3. ਜਿਪਸੀ ਬੋਲੀਆਂ | 6 | 25,999 | 15,018 | 25,999 | +10,981 | +10,981 |
| 4. ਉਹ ਭਾਸ਼ਾਵਾਂ ਜਿਨ੍ਹਾਂ ਦਾ ਵਿਵਰਣ ਨਹੀਂ ਦਿੱਤਾ ਗਿਆ ਅਤੇ ਜੋ ਨਹੀਂ ਭੇਜੀਆਂ ਗਈਆਂ | .... | ++29,813 | 5,664 | 2,912 | +3,752 | +24,149 |
| ਅ. ਹੋਰ ਏਸ਼ਿਆਈ ਦੇਸ਼ਾਂ ਅਤੇ ਅਫ਼ਰੀਕਾ ਦੀਆਂ ਭਾਸ਼ਾਵਾਂ | 17 | 305,386 | 211,894 | 302,324 | +90,430 | +93,492 |
| ੲ. ਯੂਰਪ ਦੀਆਂ ਭਾਸ਼ਾਵਾਂ | 10 | 452,099 | 319,112 | 339,706 | +20,594 | +132,987 |

(*) ਇਨ੍ਹਾਂ ਦੋ ਭਾਸ਼ਾਵਾਂ ਦਾ ਸਹੀ ਵਰਗੀਕਰਨ ਸ਼ੱਕੀ ਹੈ। ਪਿਜ਼ਿਲੁਸਕੀ ਇਨ੍ਹਾਂ ਨੂੰ ਤਾਈ ਮੰਨਦਾ ਹੈ (ਮੈਲੇਟ ਅਤੇ ਕੋਹੇਨ ਲੈਂਗਵੇਜ਼ ਡੂ ਮਾਂਡ 380), ਪਰ ਇਹ ਸੰਭਵ ਹੈ ਕਿ ਇਹ ਆਸਟ੍ਰਿਕ ਭਾਸ਼ਾਵਾਂ ਨਾਲ ਮਿਲਦੀਆਂ ਹੋਣ।

\+ ਇਹ ਬੋਲੀਆਂ ਵੱਖ ਵੱਖ ਭਾਰਤੀ ਭਾਸ਼ਾਵਾਂ ਵਿੱਚੋਂ ਨਿਕਲੀਆਂ ਹਨ ਅਤੇ ਇਨ੍ਹਾਂ ਵਿੱਚ ਭਿੰਨ ਭਿੰਨ ਤੱਤ ਹਨ, ਜਿਸ ਕਾਰਨ ਇਨ੍ਹਾਂ ਨੂੰ ਇਕ ਪਰਿਵਾਰ ਵਿੱਚ ਰੱਖਣਾ ਅਤੇ ਦੂਜੇ ਵਿੱਚ ਨਾ ਰੱਖਣਾ ਉਚਿਤ ਨਹੀਂ ਹੈ।

++ ਇਨ੍ਹਾਂ ਵਿੱਚ ਪਹਾੜੀ ਅਤੇ ਗੌਣ ਭਾਸ਼ਾਵਾਂ ਸ਼ਾਮਲ ਹਨ (27,841)।

## ਅੰਤਿਕਾ - 2

# ਸੰਯੁਕਤ ਰਾਜ ਅਮਰੀਕਾ ਦੇ ਸੂਬਿਆਂ ਦਾ ਖੇਤਰਫਲ ਅਤੇ ਆਬਾਦੀ

| ਸੂਬੇ ਦਾ ਨਾਮ<br>1 | | | ਖੇਤਰਫਲ ਵਰਗ ਮੀਲ ਵਿੱਚ<br>2 | ਆਬਾਦੀ 1944 ਵਿੱਚ ਸਥਾਪਿਤ<br>3 |
|---|---|---|---|---|
| 1. ਅਲਾਧਮਾ | -- | -- | 51,609 | 2,818,083 |
| 2. ਅਰੀਜ਼ੋਨਾ | -- | -- | 113,909 | 638,412 |
| 3. ਅਰਕਾਨਸਸ | -- | -- | 53,102 | 1,776,446 |
| 4. ਕੈਲੀਫੋਰਨੀਆ | -- | -- | 158,693 | 8,746,989 |
| 5. ਕਲੋਰਾਡੋ | -- | -- | 104,247 | 1,147,269 |
| 6. ਕੋਨੈਨਟੀਕਸ | -- | -- | 5,009 | 1,176,807 |
| 7. ਡੇਲਾਵਰੇ | -- | -- | 2,057 | 283,802 |
| 8. ਫਲੋਰੀਡਾ | -- | -- | 58,560 | 3,367,217 |
| 9. ਜਾਰਜੀਆ | -- | -- | 58,876 | 3,223,727 |
| 10. ਈਡਾਹੋ | -- | -- | 83,557 | 531,573 |
| 11. ਈਲੀਟੋਆਇਸ | -- | -- | 56,400 | 7,729,720 |
| 12. ਇੰਡੀਆਨਾ | -- | -- | 36,291 | 3,419,707 |
| 13. ਜੋਵਾ | -- | -- | 56,280 | 2,269,759 |
| 14. ਕਨਸਸ | -- | -- | 82,276 | 1,774,447 |
| 15. ਕੈਨਟੁਕੀ | -- | -- | 40,395 | 2,630,194 |
| 16. ਲਾਉਸਿਆਨਾ | -- | -- | 48,523 | 2,535,385 |
| 17. ਮੇਨ | -- | -- | 33,215 | 793,600 |
| 18. ਮੇਰੀਲੈਂਡ | -- | -- | 10,577 | 2,127,874 |
| 19. ਮਸਾਚੂਸੇਟਸ | -- | -- | 8,257 | 4,162,815 |
| 20. ਮੀਚੀਗਨ | -- | -- | 58,216 | 5,429,641 |
| 21. ਮੀਨੈਸੋਟਾ | -- | -- | 84,008 | 2,508,663 |
| 22. ਮੀਸੀਸਿੱਪੀ | -- | -- | 47,716 | 2,175,877 |
| 23. ਮਿਸੌਰੀ | -- | -- | 69,674 | 3,589,538 |
| 24. ਮੋਨਟਾਨਾ | -- | -- | 147,138 | 464,999 |
| 25. ਨੈਬਰਾਸਕਾ | -- | -- | 77,237 | 1,213,792 |
| 26. ਨੇਵਾਦਾ | -- | -- | 110,540 | 156,445 |
| 27. ਨਿਊ ਹੈਮਪਸ਼ਾਇਰ | -- | -- | 9,304 | 457,231 |
| 28. ਨਿਊ ਜਰਸੀ | -- | -- | 7,836 | 4,167,840 |

| 1 | | | 2 | 3 |
|---|---|---|---|---|
| 29. ਨਿਊ ਮੈਕਸਿਕੋ | -- | -- | 121,666 | 532,212 |
| 30. ਨਿਊ ਯਾਰਕ | -- | -- | 49,576 | 12,632,890 |
| 31. ਉਤਰੀ ਕੈਲੀਫੋਰਨੀਆ | -- | -- | 52,712 | 3,534,545 |
| 32. ਉਤਰੀ ਡਾਕੋਟਾ | -- | -- | 70,665 | 528,071 |
| 33. ਉਹੀਓ | -- | -- | 41,222 | 638,667 |
| 34. ਐਕਲਾਹੋਮਾ | -- | -- | 69,919 | 2,064,679 |
| 35. ਓਰੇਗਨ | -- | -- | 96,981 | 1,214,226 |
| 36. ਪੈਨਸੀਲਵਾਨੀਆ | -- | -- | 45,332 | 9,247,088 |
| 37. ਰੋਡੇ-ਦੀਪ | -- | -- | 1,214 | 778,972 |
| 38. ਦੱਖਣੀ ਕਾਰੋਲੀਨਾ | -- | -- | 31,055 | 1,923,354 |
| 39. ਦੱਖਣੀ ਡਾਕੋਟਾ | -- | -- | 77,047 | 558,629 |
| 40. ਟੈਨਿਸੀ | -- | -- | 42,246 | 2,870,158 |
| 41. ਟੈਕਸਸ | -- | -- | 267,339 | 6,876,248 |
| 42. ਉਤਾਹ | -- | -- | 84,916 | 606,994 |
| 43. ਵਰਮੌਂਟ | -- | -- | 9,609 | 310,941 |
| 44. ਵਰਜੀਨੀਆ | -- | -- | 40,815 | 3,119,115 |
| 45. ਵਾਸ਼ਿੰਗਟਨ | -- | -- | 68,192 | 2,055,378 |
| 46. ਪੱਛਮੀ ਵਰਜੀਨਿਆ | -- | -- | 24,181 | 1,715,984 |
| 47. ਵਿਸਕੋਨਸੀਨ | -- | -- | 56,154 | 2,975,910 |
| 48. ਵਿਉਮਿੰਗ | -- | -- | 97,914 | 257,108 |

## ਅੰਤਿਕਾ - 3

# ਬੰਬਈ ਸ਼ਹਿਰ ਦੀ ਆਬਾਦੀ 1941 ਦੀ ਮਰਦਮਸ਼ੁਮਾਰੀ ਵਿੱਚ ਦਿੱਤੇ ਫਿਰਕਿਆਂ ਮੁਤਾਬਿਕ ਹੇਠ ਲਿਖੇ ਅਨੁਸਾਰ ਹੈ:-

| | | | | |
|---|---|---|---|---|
| ਹਿੰਦੂ | -- | -- | -- | 8,99,398 |
| ਅਨੁਸੂਚਿਤ ਜ਼ਾਤੀਆਂ | -- | -- | -- | 1,21,352 |
| ਮੁਸਲਮਾਨ | -- | -- | -- | 2,51,518 |
| ਭਾਰਤੀ ਈਸਾਈ | -- | -- | -- | 1,22,683 |
| ਐਂਗਲੋ-ਇੰਡੀਅਨ | -- | -- | -- | 8,787 |
| ਪਾਰਸੀ | -- | -- | -- | 58,813 |
| ਸਿੱਖ | -- | -- | -- | 2,418 |
| ਜੈਨੀ | -- | -- | -- | 33,281 |
| ਬੋਧੀ | -- | -- | -- | 912 |
| ਕਬੀਲੇ | -- | -- | -- | 4,606 |
| ਹੋਰ | -- | -- | -- | 29,847 |
| ਜੋੜ | -- | -- | -- | 1,489,883 |

1941 ਦੀ ਮਰਦਮਸ਼ੁਮਾਰੀ ਮੁਤਾਬਿਕ ਬੰਬਈ ਸ਼ਹਿਰ ਦਾ ਖੇਤਰਫਲ 30 ਵਰਗ ਮੀਲ ਸੀ।

## ਅੰਤਿਕਾ - 3 ੳ

## ਭਾਰਤ ਵਿੱਚ ਅੰਤਰ-ਰਾਜੀ ਆਵਾਸੀ ਅਤੇ ਪ੍ਰਵਾਸੀ

## ਭਾਰਤ ਵਿੱਚ ਹੋਏ ਪ੍ਰਵਾਸ ਵਿੱਚ 1921 ਦੀ ਤੁਲਨਾ ਵਿੱਚ ਭਿੰਨਤਾ

| ਰਿਆਸਤ ਜਾਂ ਸੂਬਾ | ਕੁਲ ਲਾਭ+ ਜਾਂ ਘਾਟਾ− | 1931 | | ਕੁਲ ਲਾਭ+ ਜਾਂ ਘਾਟਾ− | 1921 | | 1921−31 ਵਿੱਚ ਭਿੰਨਤਾ | |
|---|---|---|---|---|---|---|---|---|
| | | ਆਵਾਸੀ | ਪ੍ਰਵਾਸੀ | | ਆਵਾਸੀ | ਪ੍ਰਵਾਸੀ | ਆਵਾਸੀ | ਪ੍ਰਵਾਸੀ |
| 1 | 2 | 3 | 4 | 5 | 6 | 7 | 8 | 9 |
| ਰਿਆਸਤਾਂ ਜਾਂ ਸੂਬੇ | | | | | | | | |
| ਆਸਾਮ | +1,241,011 | 1,314,047 | 73,036 | +1,140,752 | 1,216,661 | 75,090 | +97,386 | −2,873 |
| ਬੰਗਾਲ | +771,936 | 1,726,370 | 954,434 | 1,132,192 | 1,817,775 | 685,581 | −91,405 | +268,853 |
| ਬਰਮਾ | +593,324 | 617,521 | 24,197 | +553,471 | 572,530 | 19,059 | +44,991 | +5,138 |
| ਬੰਬਈ | +596,707 | 1,188,901 | 592,194 | +472,023* | 1,039,622 | 567,599* | +256,074 | +318,280* |
| ਕੇਂਦਰੀ ਰਿਆਸਤਾਂ ਅਤੇ ਬਰਾਰ | +27,003 | 649,064 | 422,061 | +197,323 | 603,924 | 406,601 | +45,140 | +15,460 |
| ਮੈਸੂਰ | +215,462 | 340,700 | 125,238 | +210,064 | 309,850 | 99,786 | +30,850 | +25,452 |
| ਦਿੱਲੀ | +189,736 | 259,163 | 69,427 | +113,158 | 182,485 | 69,327 | +76,678 | +100 |
| ਬੜੌਦਾ | +127,907 | 333,077 | 105,176 | +10,674 | 231,880 | 221,206 | +101,197 | −16,031 |
| ਕੇਂਦਰੀ ਭਾਰਤ ਸ਼ਾਖ | +115,566 | 598,102 | 482,536 | +58,056 | 544,688 | 486,632 | +53,414 | −4,096 |
| ਤਰਾਵਨਕੋਰ | +83,919 | 133,852 | 49,933 | +49,732 | 71,973 | 22,241 | +61,879 | +27,692 |
| ਅਜਮੇਰ-ਰਵਾੜਮਾ | +44,029 | 104,938 | 60,909 | +66,033 | 108,452 | 42,419 | −3,514 | +18,490 |
| ਕੋਚੀਨ | +41,424 | 87,214 | 45,790 | +15,792 | 39,689 | 23,897 | +47,525 | +21,893 |

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਕੁਰਗ | +35,388 | 38,619 | 3,231 | +30,988 | 33,838 | 2,850 | +4,781 | +381 |
| ਬਲੋਚਿਸਤਾਨ | +23,779 | 66,542 | 42,763 | +5,924 | 66,166 | 60,242 | +376 | -17,479 |
| ਉੱਤਰ ਦੱਖਣੀ | | | | | | | | |
| ਸੀਮਾਂਵਰਤੀ ਪ੍ਰਾਂਤ | +21,187 | 111,868 | 90,681 | +50,835 | 118,395 | 67,560 | -6,527 | +23,121 |
| ਅੰਡੇਮਾਨ ਤੇ ਨਿਕੋਬਾਰ | +13,703 | 14,255 | 582 | +14,080 | 14,396 | 316 | -141 | +236 |
| ਪ੍ਰਾਂਤ ਜਾਂ ਸੂਬੇ ਜਿਹੜੇ | | | | | | | | |
| ਘਾਟੇ ਵਿੱਚ ਹਨ: | | | | | | | | |
| ਸਿੱਕਮ | -4,782 | 2,403 | 7,212 | -2,297 | 1,836 | 4,133 | +594 | +3,079 |
| ਗਵਾਲੀਅਰ | -14,471 | 281,350 | 296,821 | +632 | 289,657 | 289,025 | -8,307 | +7,796 |
| ਜੰਮੂ ਤੇ ਕਸ਼ਮੀਰ | -33,266 | 61,189 | 94,445 | -22,685 | 61,561 | 84,246 | -372 | +10,029 |
| ਪੰਜਾਬ | -67,792 | 635,025 | 702,817 | +60,940 | 591,885 | 530,942 | +43,140 | +171,875 |
| ਹੈਦਰਾਬਾਦ | -19,788 | 332,814 | 332,602 | -166,326 | 197,127 | 363,453 | +115,687 | -30,851 |
| ਪੱਛਮੀ ਭਾਰਤ | | | | | | | | |
| ਰਾਜ ਸ਼ਾਖਾ | -186,890 | 106,795 | 293,685 | | | | | |
| ਰਾਜਪੂਤਾਨਾ | -516,898 | 329,913 | 864,811 | -625,650 | 242,234 | 867,893 | +87,670 | -21,082 |
| ਮਦਰਾਸ | -888,339 | 246,892 | 1,135,231 | -718,183 | 196,609 | 914,792 | +50,283 | +220,439 |
| ਸੰਯੁਕਤ ਪ੍ਰਾਂਤ | -1,063,143 | 494,308 | 1,557,451 | -974,642 | 425,152 | 1,399,794 | +69,156 | +157,657 |
| ਬਿਹਾਰ ਤੇ ਉੜੀਸਾ | -1,291,567 | 466,563 | 1,758,130 | -1,567,968 | 387,068 | 1,955,036 | +79,495 | -196,906 |

* ਪੱਛਮੀ ਭਾਰਤ ਸ਼ਾਖਾ ਸਮੇਤ ਹੈ। o ਪੰਜਾਬ ਰਾਜ ਏਜੰਸੀ ਸ਼ਾਮਲ ਹੈ।

ਟਿੱਪਣੀ: ਪ੍ਰਾਂਤਾਂ ਦੇ ਅੰਕੜਿਆਂ ਵਿੱਚ ਬਾਕੀ ਰਾਜਾਂ ਦੇ ਜੋ ਉਨ੍ਹਾਂ ਨਾਲ ਜੁੜੇ ਹੋਏ ਹਨ, ਅੰਕੜੇ ਸ਼ਾਮਲ ਹਨ, ਸਿਵਾਇ ਮਦਰਾਸ ਦੇ ਜਿਥੇ ਉਨ੍ਹਾਂ ਵਿੱਚ ਕੋਚੀਨ-ਟ੍ਰਾਵਨਕੋਰ ਸ਼ਾਮਲ ਨਹੀਂ ਹੈ।

## ਅੰਤਿਕਾ 4

# ਪ੍ਰਾਂਤਕ/ਸੂਬਾਈ ਆਮਦਨ

| | ਉਪਲਬਧੀ (ਕਰੋੜਾਂ ਰੁਪਏ ਵਿੱਚ) | | | | | ਕੁਲ ਆਮਦ ਵਿੱਚ ਹਿੱਸਾ (ਪ੍ਰਤੀ ਸੈਂਕੜਾ) | | | | |
|---|---|---|---|---|---|---|---|---|---|---|
| | 1921-22 | 1936-37 | 1938-39 | 1944-45 | 1953-54 ਦੁਹਰਾਏ ਅਨੁਮਾਨ | 1921-22 | 1936-37 | 1938-39 | 1944-45 | 1953-54 ਦੁਹਰਾਏ ਅਨੁਮਾਨ |
| | 1 | 2 | 3 | 4 | 5 | 6 | 7 | 8 | 9 | 10 |
| ਕੁਲ ਲਗਾਨ | 58.48 | 74.86 | 76.78 | 193.87 | 462.04 | 100.0 | 100.0 | 100.0 | 100.0 | 100.0 |
| ਭੂਮੀ ਲਗਾਨ | 29.08 | 25.96 | 25.40 | 30.21 | 69.20 | 49.7 | 34.7 | 33.1 | 15.6 | 15.0 |
| ਰਾਜਸੀ ਮਹਿਸੂਲ ਚੁੰਗੀ | 15.67 | 13.63 | 13.8 | 43.42 | 44.81 | 26.8 | 18.2 | 17.0 | 22.4 | 9.7 |
| ਟਿਕਟਾਂ | 10.14 | 10.80 | 9.53 | 15.20 | 23.50 | 17.3 | 14.4 | 12.4 | 7.8 | 5.1 |
| ਦਾਖਲਾ | 1.07 | 1.11 | 1.09 | 2.39 | 3.91 | 1.8 | 1.5 | 1.4 | 1.2 | 0.9 |
| ਆਮ ਵਿਕਰੀ ਕਰ | -- | -- | -- | 7.91 | 57.25 | -- | -- | -- | 4.1 | 12.4 |
| ਜੰਗਲਾਤ(ਕੁਲ) | 0.66 | 0.71 | 0.63 | 4.58 | 10.82 | 1.1 | 0.9 | 0.8 | 2.4 | 2.3 |
| ਸਿੰਚਾਈ ਦੇ ਕੰਮ ਜਿਨ੍ਹਾਂ ਦੇ ਕੈਪੀਟਲ ਵੇਰਵੇ ਰਖੇ ਜਾਂਦੇ ਹਨ (ਕੁਲ) | 5.55 | 7.53 | 7.57 | 10.14 | 8.09 | 9.5 | 10.09 | 9.9 | 5.2 | 1.8 |
| ਇੰਤਕਾਲ ਦੀ ਆਮਦਨ ਅਤੇ ਕੇਂਦਰੀ ਸਹਾਇਤਾ (-) | 9.02 | 2.67 | 6.45 | 36.89 | 117.92 | -- | 3.6 | 8.4 | 19.1 | 25.6 |

| | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਰਾਜਾਂ ਦਾ ਆਮਦਨ ਕਰ ਵਿੱਚ ਹਿੱਸਾ | 3.09 | 0.04 | 1.47 | 25.75 | 56.90 | 5.3 | 0.1 | 1.9 | 13.3 | 12.3 |
| ਰਾਜਾਂ ਨੂੰ ਸੌਂਪੇ ਗਏ ਜੂਟ ਕਰ ਦਾ ਹਿੱਸਾ | -- | 2.13 | 2.51 | 1.48 | -- | -- | 2.8 | 3.3 | 0.8 | -- |
| ਰਾਜਾਂ ਨੂੰ ਸੌਂਪੇ ਗਏ ਕੇਂਦਰੀ-ਉਤਪਾਦਕ ਸ਼ੁਲਕ ਦਾ ਹਿੱਸਾ | -- | -- | -- | -- | 15.94 | -- | -- | -- | -- | 3.5 |
| ਕੇਂਦਰ ਵੱਲੋਂ ਸਹਾਇਤਾ | 12.11 | 0.50 | 2.47 | 9.66 | 45.08 | -- | 0.7 | 3.2 | 5.0 | 9.8 |

1921 ਅਤੇ 1922 ਲਈ ਜਿਹੜੇ ਅੰਕੜੇ ਦਿਤੇ ਗਏ ਹਨ, ਉਨ੍ਹਾਂ ਵਿੱਚ ਬਰਮਾ ਲਈ ਅੰਕੜੇ ਸ਼ਾਮਲ ਨਹੀਂ ਹਨ। ਲੇਕਿਨ ਉਨ੍ਹਾਂ ਵਿੱਚ ਸਿੰਧ ਨੂੰ ਬੰਬਈ ਦੇ ਹਿੱਸੇ ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ। 1936-37 ਲਈ ਅੰਕੜਿਆਂ ਵਿੱਚ ਬਰਮਾਂ, ਸਿੰਧ ਅਤੇ ਪਛਮ-ਉੱਤਰ ਸੀਮਾ ਪ੍ਰਾਂਤ ਸ਼ਾਮਲ ਨਹੀਂ ਹਨ। 1938 ਅਤੇ 1939 ਅਤੇ 1944 ਅਤੇ 1945 ਲਈ ਅੰਕੜੇ ਨੌਂ ਪ੍ਰਾਂਤਾਂ ਲਈ ਹਨ, ਜਿਨ੍ਹਾਂ ਵਿੱਚ ਸਿੰਧ ਅਤੇ ਪੱਛਮ-ਉੱਤਰ ਸੀਮਾਂ ਪ੍ਰਾਂਤ ਸ਼ਾਮਲ ਨਹੀਂ ਹਨ। 1953-54 ਲਈ ਅੰਕੜੇ ਭਾਗ (ੳ) ਅਤੇ ਭਾਗ (ਅ) ਅਤੇ ਭਾਗ (ੲ) ਛੇ ਰਾਜਾਂ ਨਾਲ ਸਬੰਧਤ ਹਨ। ਖਜ਼ਾਨੇ ਵਿੱਚੋਂ ਤਬਾਦਲਾ ਸ਼ਾਮਲ ਨਹੀਂ ਹੈ। ਬਣਾਂ ਵਿੱਚੋਂ ਪ੍ਰਾਪਤ ਆਮਦਨ ਵਿੱਚੋਂ ਘਟਾਕੇ ਸ਼ੁੱਧ ਰੂਪ ਵਿੱਚ ਦਰਸਾਈ ਗਈ ਹੈ। ਹੋਰ ਸਾਰੀਆਂ ਉਪਯੋਕਤਾਵਾਂ ਅਤੇ ਰਾਜ ਉਪਕਰਮ ਲਈ ਸ਼ੁਧ ਆਮਦਨ (ਕਾਰਜਪਾਲਕ) ਘਟਾਉਣ ਤੋਂ ਬਾਅਦ (ਸ਼ਾਮਲ ਕੀਤੇ ਗਏ ਹਨ)।

## ਅੰਤਿਕਾ 5

# ਆਮਦਨ ਲੇਖੇ ਵਿੱਚ ਸੂਬਿਆਂ ਦੀ ਬਜਟ ਸਬੰਧੀ ਹਾਲਤ

### ਭਾਗ (ੳ) ਸੂਬੇ

| | 1950-51 | 1951-52 | 1952-53 | 1953-54 (ਦੁਹਰਾਇਆ ਅਨੁਮਾਨ) | 1954-55 (ਬਜਟ ਅਨੁਮਾਨ) |
|---|---|---|---|---|---|
| ਆਮਦਨ | 214.37 | 315.60 | 229.32 | 357.49 | 367.17 |
| ਖਰਚ | 273.08 | 309.10 | 329.37 | 371.64 | 400.89 |
| ਵਾਧਾ (+) ਜਾਂ ਘਾਟਾ (-) | (+)1.29 | (+)6.50 | (-)0.15 | (-)14.15 | (-)33.72 |
| ਵਾਧਾ (+) ਜਾਂ ਘਾਟਾ (-) ਆਮਦਨ ਰਾਖਵਾਂ ਫੰਡ ਤੋਂ ਅਤੇ ਤਬਾਦਲੇ ਨੂੰ ਕੱਢ ਕੇ | (-)3.15 | (+)2.25 | (-)12.01 | (-)20.82 | (-)39.86 |

## ਅੰਤਿਕਾ 6

# ਆਮਦਨ ਲੇਖੇ ਵਿੱਚ ਸੂਬਿਆਂ ਦੀ ਬਜਟ ਸਬੰਧੀ ਹਾਲਤ

### ਭਾਗ (ਅ) ਸੂਬੇ

| | 1950–51 | 1951–52 | 1952–53 | 1953–54<br>+(ਦੁਹਰਾਇਆ ਅਨੁਮਾਨ) | 1954–55<br>(ਬਜਟ ਅਨੁਮਾਨ) |
|---|---|---|---|---|---|
| ਆਮਦਨ | 93.33 | 106.70 | 108.12 | 112.21 | 121.76 |
| ਖਰਚ | 81.93 | 100.53 | 105.88 | 115.85 | 127.65 |
| ਵਾਧਾ (+) ਜਾਂ ਘਾਟਾ (–) | (+)1.45 | (+)6.17 | (+)3.24 | (–)3.64 | (–)5.89 |
| ਵਾਧਾ (+) ਜਾਂ ਘਾਟਾ (–) ਆਮਦਨ ਰਾਖਵਾਂ ਫੰਡ ਤੋਂ ਅਤੇ ਤਬਾਦਲੇ ਨੂੰ ਕੱਢ ਕੇ | (+)1.45 | (+)5.97 | (+)3.24 | (–)3.64 | (–)5.89 |

+ 1953–54 ਦੇ ਅੰਕੜਿਆਂ ਵਿੱਚ ਮਦਰਾਸ ਦੇ ਮਿਲਦੇ ਰਾਜਾਂ ਦੇ ਬਜਟ ਅਨੁਮਾਨ ਸ਼ਾਮਲ ਹਨ ਅਤੇ ਦੁਹਰਾਏ ਅਨੁਮਾਨ ਵਾਦਕ ਛੇ ਮਹੀਨੇ ਲਈ ਹੀ ਪ੍ਰਾਪਤ ਹੋਏ ਹਨ।

## ਅੰਤਿਕਾ 7

# ਕੇਂਦਰੀ ਆਮਦਨ (ਚੋਣਵੇਂ ਸਾਲਾਂ ਲਈ)

| | 1921-22 | | 1936-37 | | 1938-39 | | 1944-45 | | 1953-54 (ਦੁਹਰਾਇਆ ਅਨੁਮਾਨ) | |
|---|---|---|---|---|---|---|---|---|---|---|
| ਕੁਲ ਆਮਦਨ | 80.00 | 100 | 81.45 | 100 | 82.90 | 100 | 344.40 | 100 | 394.34 | 100 |
| ਸੀਮਾ ਕਰ (ਕੁਲ) | 31.61 | 39.5 | 38.11 | 46.8 | 40.51 | 48.9 | 39.77 | 11.9 | 160.00 | 40.6 |
| ਆਮਦਨ ਕਰ (ਕੁਲ) | 18.74 | 23.4 | 15.33 | 18.8 | 13.74 | 16.6 | 80.52 | 24.1 | 69.31 | 17.6 |
| ਨਿਗਮ ਕਰ | -- | -- | -- | -- | 2.04 | 2.5 | 84.22 | 25.2 | 38.40 | 9.7 |
| ਕੇਂਦਰੀ ਉਤਪਾਦਨ ਸ਼ੁਲਕ (ਕੁੱਲ) | 2.80 | 3.5 | 13.35 | 16.4 | 8.66 | 10.5 | 38.14 | 11.4 | 78.00 | 19.8 |
| ਨਮਕ ਕਰ | | | | | | | | | | |
| ਵਿਉਪਾਰਕ ਵਿਭਾਗ | 6.34 | 7.9 | 8.81 | 10.8 | 8.12 | 9.8 | 9.29 | 2.8 | -- | -- |
| ਰੇਲ (ਕੁਲ ਹਿੱਸਾ) | (-)9.09 | -- | -- | -- | 1.37 | 1.7 | 32.00 | 9.6 | 7.50 | 1.9 |
| ਡਾਕ ਅਤੇ ਤਾਰ (ਕੁਲ) | -- | -- | 0.14 | 0.2 | 0.19 | 0.2 | 10.25 | 3.1 | 2.02 | 0.5 |

ਕੁਲ ਰਾਜਾਂ ਵਿੱਚ ਅਫੀਮ, ਸਿੰਚਾਈ, ਵਣ ਅਤੇ ਸੜਕ ਟਰਾਂਸਪੋਰਟ ਵਿੱਚ ਹੋਣ ਵਾਲੀ ਕੁਲ ਆਮਦਨ ਸ਼ਾਮਲ ਹੈ। 1921-22 ਅਤੇ 1936-37 ਲਈ ਦਿੱਤੇ ਗਏ ਅੰਕੜੇ ਵੀ ਸ਼ਾਮਲ ਹਨ। 1938-39 ਅਤੇ 1944-45 ਦੇ ਅੰਕੜੇ ਅਣਵੰਡੇ ਭਾਰਤ ਨਾਲ ਸਬੰਧ ਰਖਦੇ ਹਨ।

## ਅੰਤਿਕਾ 8

# ਭਾਰਤੀ ਸੰਘ ਦੇ ਫਿਰਕਿਆਂ ਦੀ ਜਨਸੰਖਿਆ

| ਰਾਜ | ਹਿੰਦੂ | | | | | | | | | ਮੁਸਲਮਾਨ | | |
|---|---|---|---|---|---|---|---|---|---|---|---|---|
| | ਜਨਸੰਖਿਆ | | | ਅਨੁਸੂਚਿਤ ਜ਼ਾਤੀਆਂ | | | ਹੋਰ | | | | | |
| | ਵਿਅਕਤੀ | ਪੁਰਸ਼ | ਇਸਤਰੀਆਂ | ਵਿਅਕਤੀ | ਪੁਰਸ਼ | ਇਸਤਰੀਆਂ | ਵਿਅਕਤੀ | ਪੁਰਸ਼ | ਇਸਤਰੀਆਂ | ਵਿਅਕਤੀ | ਪੁਰਸ਼ | ਇਸਤਰੀਆਂ |
| | 1 | 2 | 3 | 4 | 5 | 6 | 7 | 8 | 9 | 10 | 11 | 12 |
| ਮਦਰਾਸ | 49,841 | 24,800 | 25,040 | 8,152 | 4,064 | 4,088 | 35,095 | 17,466 | 17,630 | 3,927 | 1,939 | 1,987 |
| ਬੰਬਈ | 29,384 | 15,184 | 14,200 | 2,526 | 1,217 | 1,256 | 20,691 | 10,680 | 10,011 | 2,463 | 1,321 | 1,142 |
| ਪੱਛਮੀ ਬੰਗਾਲ | 21,837 | 11,834 | 10,003 | 3,520 | 1,847 | 1,673 | 11,206 | 6,160 | 5,046 | 5,544 | 3,011 | 2,533 |
| ਸੰਘ ਪ੍ਰਾਂਤ | 56,346 | 29,542 | 26,804 | 11,931 | 6,128 | 5,803 | 34,923 | 18,411 | 16,512 | 8,692 | 4,574 | 4,117 |
| ਪੂਰਬੀ ਪੰਜਾਬ | 12,697 | 6,853 | 5,844 | 1,028 | 540 | 487 | 4,489 | 2,435 | 2,053 | 4,427 | 2,380 | 2,047 |
| ਬਿਹਾਰ | 36,546 | 18,325 | 18,220 | 4,344 | 2,135 | 2,209 | 22,263 | 11,252 | 11,010 | 4,719 | 2,340 | 2,379 |
| ਸੀ.ਪੀ ਅਤੇ ਬਰਾਰ | 19,948 | 9,845 | 9,802 | 3,310 | 1,639 | 1,671 | 10,920 | 5,491 | 5,428 | 811 | 425 | 387 |
| ਆਸਾਮ | 7,685 | 4,068 | 3,617 | 377 | 203 | 174 | 2,885 | 1,564 | 1,321 | 1,754 | 939 | 815 |
| ਉੜੀਸਾ | 13,768 | 6,706 | 7,062 | 1,865 | 906 | 956 | 8,187 | 3963 | 4,224 | 166 | 81 | 85 |
| ਅਜਮੇਰ | 589 | 310 | 279 | 1 | 0.5 | 0.5 | 380 | 198 | 182 | 90 | 49 | 41 |

| | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਅੰਡੇਮਾਨ ਤੇ ਨਿਕੋਬਾਰ ਦੀਪ | 34 | 21 | 12 | -- | -- | -- | 8 | 6 | 3 | 8 | 6 | 2 |
| ਬਿਲਾਸਪੁਰ | 110 | 57 | 53 | 16 | 8 | 7 | 93 | 48 | 45 | 1 | 0.8 | 0.6 |
| ਭੁਪਾਲ | 785 | 410 | 375 | 187 | 96 | 91 | 410 | 215 | 195 | 110 | 59 | 51 |
| ਕੁਰਗ | 169 | 92 | 76 | 26 | 15 | 11 | 105 | 56 | 49 | 14 | 9 | 6 |
| ਕੱਛ | 501 | 239 | 262 | 39 | 19 | 20 | 279 | 135 | 144 | 117 | 57 | 60 |
| ਦਿੱਲੀ | 918 | 535 | 383 | 123 | 69 | 53 | 445 | 262 | 182 | 305 | 176 | 128 |
| ਹਿਮਾਚਲ ਪ੍ਰਦੇਸ਼ | 935 | 495 | 441 | 229 | 120 | 109 | 672 | 356 | 316 | 29 | 16 | 13 |
| ਮਨੀਪੁਰ | 512 | 249 | 263 | -- | -- | -- | 304 | 148 | 156 | 30 | 15 | 15 |
| ਤ੍ਰਿਪੁਰਾ | 513 | 272 | 241 | 12 | 6 | 6 | 336 | 178 | 158 | 124 | 66 | 57 |

| | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਵਿੰਧੀਆ ਪ੍ਰਦੇਸ਼ | 3,569 | 1,819 | 1,750 | 399 | 202 | 197 | 2,851 | 1,455 | 1,397 | 95 | 49 | 46 |
| ਮੱਧ ਭਾਰਤ | 7,141 | 3,734 | 3,407 | 437 | 221 | 216 | 5,025 | 2,648 | 2,377 | 475 | 251 | 224 |
| ਪੈਪਸੂ | 3,424 | 1,868 | 1,557 | 214 | 112 | 102 | 978 | 530 | 448 | 899 | 483 | 416 |
| ਰਾਜਸਥਾਨ | 13,085 | 6,868 | 6,217 | -- | -- | -- | 9,878 | 5,196 | 4,682 | 1,256 | 663 | 593 |
| ਸਾਉਰਾਸ਼ਟਰਾ | 3,556 | 1,809 | 1,747 | 242 | 122 | 120 | 2,737 | 1,402 | 1,336 | 436 | 220 | 226 |
| ਤਰਾਵਨਕੋਰ ਕੋਚੀਨ | 7,493 | 3,742 | 3,751 | 537 | 269 | 268 | 3,902 | 1,931 | 1,971 | 543 | 276 | 268 |
| ਹੈਦਰਾਬਾਦ | 16,339 | 8,347 | 7,992 | 2,928 | 1,487 | 1,442 | 10,382 | 5,303 | 5,073 | 2,097 | 1,080 | 1,017 |
| ਕਸ਼ਮੀਰ | 4,022 | 2,130 | 1,892 | 113 | 61 | 53 | 694 | 369 | 325 | 3,074 | 1,627 | 1,446 |
| ਮੈਸੂਰ | 7,329 | 3,763 | 3,566 | 1,405 | 723 | 682 | 5,282 | 2,702 | 2,580 | 485 | 258 | 227 |

## ਅੰਤਿਕਾ 9

# ਮੁੱਖ ਜ਼ਾਤਾਂ ਦੇ ਅੰਕੜੇ

| ਜ਼ਾਤ | ਸੰਖਿਆ | ਮੁਖ ਤੌਰ ਤੇ ਪਾਏ ਜਾਣ ਵਾਲੇ ਸਥਾਨ |
|---|---|---|
| ਅਗਰੀ | 265,285 | ਬੰਬਈ |
| ਅਹਰ, ਅਹੀਰ, ਗੋਪੀ, ਗੋਸ਼ੀ, ਗੋਆਲਾ, ਗੋਲਾ, ਗੋਵਾਰੀ, ਗੌਰਾ, ਦਬੂਨਦਾਨ ਇਦੈਨ | 14,170,032 | ਬਹੁਤ ਸਾਰੇ ਪ੍ਰਾਂਤ |
| ਅਹੋਮ | 249,434 | ਆਸਾਮ |
| ਅਰੈਨ, ਕੁੱਜਰਾ, ਕਏਰੀ, ਕਾਛੀ ਮੁਰਾਵ | 5,048,849 | ਬਹੁਤ ਸਾਰੇ ਪ੍ਰਾਂਤ |
| ਅਰੋੜਾ, ਭੰਸਾਲੀ, ਲੋਹਾਨਾ | 1,499,407 | ਬਲੋਚਿਸਤਾਨ, ਬੰਬਈ, ਉਤਰ ਪੱਛਮੀ ਸੀਮਾਵਰਤੀ ਪ੍ਰਾਂਤ, ਪੰਜਾਬ, ਜੰਮੂ ਅਤੇ ਕਸ਼ਮੀਰ |
| ਬਭਾਨ, ਭੂਈਹਾਰ | 1,113,541 | ਬਿਹਾਰ ਅਤੇ ਉੜੀਸਾ, ਉਤਰ ਪ੍ਰਦੇਸ਼, ਮਧ ਪ੍ਰਦੇਸ਼ |
| ਬੇਦਯਾ | 110,739 | ਬੰਗਾਲ |
| ਬੈਗਾ, ਭੈਨਾ, ਬਿੰਜਵਾਰ, ਭਾਰੀਆ, ਕਾਡਰ, ਭੂਮੀਆ, ਭੂੰਜੀਆ, ਭੂਈਆ, ਘਟਵਾਰ, ਨੈਯਾ, ਪਾਓ | 1,050,760 | ਬੰਗਾਲ, ਬਿਹਾਰ ਅਤੇ ਉੜੀਸਾ, ਸੀ.ਪੀ., ਸੀ.ਆਈ, ਰਾਜਪੁਤਾਨਾ, ਸਿਕਮ |
| ਬੈਰਾਗੀ | 838,285 | ਬਹੁਤ ਸਾਰੇ ਪ੍ਰਾਂਤ |
| ਬਲੋਚ | 1,333,215 | ਬਲੋਚਸਤਾਨ, ਬੰਬਈ, ਪੰਜਾਬ, ਉਤਰ ਪੱਛਮੀ ਸੀਮਾਂਵਰਤੀ ਪ੍ਰਾਂਤ |
| ਬਨੀਆ, ਭਾਟੀਆ, ਚੈਟੀ, ਖੱਤਰੀ, ਕਮਾਤੀ (ਵੈਸ਼ਯਾ) | 5,176,383 | ਬਹੁਤ ਸਾਰੇ ਪ੍ਰਾਂਤ |
| ਬਨਜਾਰਾ, ਲਮਬਾਦੀ, ਲਬਣਾ, ਲਮਾਨੀ | 951,022 | ਬੰਬਈ, ਸੀ.ਪੀ., ਸੀ.ਆਈ, ਗਵਾਲੀਅਰ, ਹੈਦਰਾਬਾਦ, ਮੈਸੂਰ, ਰਾਜਪੁਤਾਨਾ |
| ਬਾਰੀਆ, ਭਾਲੀਆ, ਚੋਧਰਾ, ਗੇਡੀਆ, ਖਾਟ, ਕੋਲੀ, ਕੋਤਵਾਲ, ਨੈਕਦਾ, ਪਟੇਲੀਆ ਪਾਟਨਵਾਡੀਆ, ਠਾਕਰਦਾ, ਤਲਬਦਾ, ਬਲਵੀ | 3,418,643 | ਬਹੁਤ ਸਾਰੇ ਪ੍ਰਾਂਤ |

| ਜ਼ਾਤ | ਸੰਖਿਆ | ਮੁਖ ਤੌਰ ਤੇ ਪਾਏ ਜਾਣ ਵਾਲੇ ਸਥਾਨ |
|---|---|---|
| ਬਾਉਰੀ, ਬਾਗੜੀ | 1,671,481 | ਬੰਗਾਲ, ਬਿਹਾਰ, ਉੜੀਸਾ ਅਤੇ ਰਾਜਪੂਤਾਨਾ |
| ਬਾਵਰੀਆ,ਬਾਵੂਰੀ,ਬਾਉਰੀ,ਬਾਗੜੀ,ਬਿਹਾਰੀ | 309,720 | ਬਹੁਤ ਸਾਰੇ ਪ੍ਰਾਂਤ |
| ਬਯਾਰ, ਬਰਮਾਣੂ, ਧਨਗਰ, ਮੁਸਹਰ | 8,11,746 | ਬੰਗਾਲ, ਬਿਹਾਰ ਅਤੇ ਉੜੀਸਾ, ਉਤਰ ਪ੍ਰਦੇਸ਼, ਕੇਂਦਰੀ ਭਾਰਤ |
| ਬੇਦਾਰ, ਬੋਇਆ | 991,536 | ਬੰਬਈ, ਮਦਰਾਸ, ਹੈਦਰਾਬਾਦ, ਮੱਧ ਪ੍ਰਦੇਸ਼ |
| ਭੰਡਾਰੀ, ਈਡੀਗਾ, ਇਰੂਵਨ, ਸਿਆਲ | 1,253,403 | ਬਿਹਾਰ, ਅਤੇ ਉੜੀਸਾ, ਕੋਚੀਨ, ਮੈਸੂਰ, ਮਦਰਾਸ, ਤਰਾਵਨਕੋਰ, ਰਾਜਪੂਤਾਨਾ, ਬੜੌਦਾ |
| ਭੰਗੀ | 797,599 | ਅਜਮੇਰ-ਮੇਰਵਾੜਾ, ਬੰਬਈ, ਉੱਤਰ ਪ੍ਰਦੇਸ਼, ਬੜੌਦਾ, ਗਵਾਲੀਅਰ ਰਾਜਪੂਤਾਨਾ, ਪੱਛਮ ਭਾਰਤੀ ਸੂਬੇ |
| ਭਰਵਾੜ, ਧਨਗੜ, ਗਡਰੀਆ, ਕੁਰੂਬਾ | 1,816,283 | ਬਹੁਤ ਸਾਰੇ ਪ੍ਰਾਂਤ |
| ਭੱਟ, ਬ੍ਰਹਮਭੱਟ, ਚਾਰਣ, ਜਸੌਂਧੀ | 397,274 | ਬਹੁਤ ਸਾਰੇ ਪ੍ਰਾਂਤ |
| ਭਾਟੜਾ, ਪਰਧਾਨਾ, ਪਰਜਾ | 353,183 | ਮਦਰਾਸ, ਕੇਂਦਰੀ ਪ੍ਰਦੇਸ਼ ਅਤੇ ਬੇਰਾੜ |
| ਭੀਲ, ਬਰੇਲਾ, ਭਿਲਾਲਾ, ਢਾਂਕਾ, ਮੰਕਰ ਮਾਵਚੀ, ਪਠੀਆ, ਰਠੀਆ, ਤਾਦਵੀ | 1,454,144 | ਬਹੁਤ ਸਾਰੇ ਪ੍ਰਾਂਤ |
| ਭਿਸ਼ਤੀ, ਭੋਈ, ਧੀਮਰ, ਝੀਂਵਰ, ਝਵਰ, ਕਹਾਰ, ਮਾਛੀ, ਤੀਆਰ | 3,595,941 | ਬਹੁਤ ਸਾਰੇ ਪ੍ਰਾਂਤ |
| ਬੋਹਰਾ | 212,752 | ਬੰਬਈ, ਬੜੌਦਾ, ਕੇਂਦਰੀ ਭਾਰਤ, ਗਵਾਲੀਅਰ, ਕੇਂਦਰੀ ਪ੍ਰਦੇਸ਼, ਰਾਜਪੂਤਾਨਾ, ਪੱਛਮ-ਭਾਰਤੀ ਸੂਬੇ, ਤਰਾਵਨਕੋਰ। |
| ਬ੍ਰਾਹਮਣ | 15,207,277 | ਬਹੁਤ ਸਾਰੇ ਪ੍ਰਾਂਤ |
| ਬਰਹੁਈ | 224,415 | ਬਲੋਚਸਤਾਨ, ਬੰਬਈ |
| ਚਮਾਰ, ਖਲਪਾ, ਸਾਮਗਰਾ | 12,195,516 | ਬਹੁਤ ਸਾਰੇ ਪ੍ਰਾਂਤ |
| ਚਾਸਾ, ਰਾਜੂ | 835,236 | ਬੰਗਾਲ, ਬਿਹਾਰ ਅਤੇ ਉੜੀਸਾ |
| ਚਾਸੀ, ਕਜਬਰਤਾ (ਮਹਾਸਿਆ) | 2,381,266 | ਬੰਗਾਲ |

| ਜ਼ਾਤ | ਸੰਖਿਆ | ਮੁਖ ਤੌਰ ਤੇ ਪਾਏ ਜਾਣ ਵਾਲੇ ਸਥਾਨ |
|---|---|---|
| ਚੂੜ੍ਹਾ | 721,981 | ਉਤਰ-ਪੱਛਮੀ ਸੀਮਾਂਵਰਤੀ ਪ੍ਰਾਂਤ, ਪੰਜਾਬ, ਦਿੱਲੀ। |
| ਧਾਨੁਕ, ਕਾਂਦਰਾ | 758,671 | ਬਿਹਾਰ ਅਤੇ ਉੜੀਸਾ, ਬੰਗਾਲ, ਕੇਂਦਰੀ ਪ੍ਰਦੇਸ਼, ਕੇਂਦਰੀ ਭਾਰਤ, ਅਜਮੇਰ, ਮੇਰਵਾੜਾ, ਰਾਜਪੂਤਾਨਾ, ਦਿੱਲੀ, ਗਵਾਲੀਅਰ। |
| ਧੋਬੀ, ਪਾਰਿਤ, ਵਨਰਨ, ਵਲੂਟੇਟਨ | 3,161,428 | ਬਹੁਤ ਸਾਰੇ ਪ੍ਰਾਂਤ। |
| ਡੋਮ, ਡੋਮਵਰ, ਬਾਂਸਫੋੜ, ਧਰਦਰ, ਢੋਲੀ | 907,776 | ਬਹੁਤ ਸਾਰੇ ਪ੍ਰਾਂਤ |
| ਢੋਰ, ਚਕਲੀਆਂ | 671,926 | ਬੰਬਈ, ਕੇਂਦਰੀ ਪ੍ਰਾਂਤ, ਮਦਰਾਸ, ਕੋਚੀਨ, ਤਰਾਵਨਕੋਰ, ਪੱਛਮੀ ਭਾਰਤੀ ਪ੍ਰਾਂਤ। |
| ਦੁਸਾਂਧ | 1,400,878 | ਬੰਗਾਲ, ਬਿਹਾਰ, ਉੜੀਸਾ, ਉੱਤਰ ਪ੍ਰਦੇਸ਼ |
| ਫਕੀਰ | 820,577 | ਪੰਜਾਬ, ਉਤਰ ਪ੍ਰਦੇਸ਼, ਕੇਂਦਰੀ ਪ੍ਰਦੇਸ਼ ਰਾਜਪੂਤਾਨਾ, ਕੇਂਦਰੀ ਭਾਰਤ, ਏਜੰਸੀ ਗਵਾਲੀਅਰ |
| ਗਾਰੋ, ਹਾਜੋਂਗ, ਕਚਾਰੀ, ਮੇਚ, ਰਭਾ | 695,648 | ਅਸਾਮ, ਬੰਗਾਲ |
| ਗੋਂਡ, ਧਨਵਰਾ, ਕਲੋਟਾ, ਕਮਾਰ, ਕਰਵਾਰ, ਕੋਲਮ, ਕੋਂਧ, ਕੋਂਡਾ, ਦੋਰਾ, ਕੋਇਆ, ਮਰੀਆ, ਮੁਰੀਆ, ਨਗਰਚੀ | 4,719,222 | ਅੰਡੇਮਾਨ ਅਤੇ ਨਿਕੋਬਾਰ, ਬੰਗਾਲ, ਬਿਹਾਰ, ਉੜੀਸਾ, ਬੰਬਈ, ਕੇਂਦਰੀ ਪ੍ਰਦੇਸ਼ ਅਤੇ ਬੇਰਾੜ, ਮਦਰਾਸ, ਉਤਰ ਪ੍ਰਦੇਸ਼, ਕੇਂਦਰੀ ਭਾਰਤ, ਹੈਦਰਾਬਾਦ, ਗਵਾਲੀਅਰ, ਰਾਜਪੂਤਾਨਾ, ਮੱਧ ਪ੍ਰਦੇਸ਼। |
| ਗੁੱਜਰ | 2,430,669 | ਅਜਮੇਰ, ਮਾਰਵਾੜਾ, ਬੰਬਈ, ਕੇਂਦਰੀ ਪ੍ਰਦੇਸ਼, ਬਰਾੜ, ਦਿੱਲੀ, ਉੱਤਰ ਪੱਛਮੀ ਸੀਮਾਂਵਰਤੀ ਪ੍ਰਾਂਤ, ਪੰਜਾਬ, ਉੱਤਰ ਪ੍ਰਦੇਸ਼, ਕੇਂਦਰੀ ਭਾਰਤ, ਰਾਜਪੂਤਾਨਾ। |
| ਗੁਰੀਆ, ਹਲਵਾਈ | 246,583 | ਬਿਹਾਰ, ਉੜੀਸਾ, ਉਤਰ ਪ੍ਰਦੇਸ਼, ਕੇਂਦਰੀ ਭਾਰਤ, ਰਾਜਪੂਤਾਨਾ, ਗਵਾਲੀਅਰ। |

| ਜ਼ਾਤ | ਸੰਖਿਆ | ਮੁਖ ਤੌਰ ਤੇ ਪਾਏ ਜਾਣ ਵਾਲੇ ਸਥਾਨ |
|---|---|---|
| ਹਜ਼ਾਮ, ਅੰਬਟੱਨ, ਭੰਡਾਰੀ, ਕੇਲਾਸ਼ੀ ਮਹਾਲੀ, ਨਾਡਿਗ, ਨਾਈ, ਨਾਈ-ਬ੍ਰਾਹਮਣ, ਨਾਪਿਤ, ਨਹਾਵੀ, ਪਾਂਡੀਥਰ, ਵੇਲੁਕਟਲਵਨ | 3,725,860 | ਬਹੁਤ ਸਾਰੇ ਪ੍ਰਾਂਤ |
| ਹਾੜੀ | 418,830 | ਆਸਾਮ, ਬੰਗਾਲ, ਬਿਹਾਰ, ਉੜੀਸਾ, ਮਦਰਾਸ। |
| ਜਾਟ | 8,377,819 | ਉੱਤਰ-ਪੱਛਮੀ ਸੀਮਾਂਵਰਤੀ ਪ੍ਰਾਂਤ, ਪੰਜਾਬ, ਉੱਤਰ ਪ੍ਰਦੇਸ਼, ਕਸ਼ਮੀਰ, ਰਾਜਪੂਤਾਨਾ। |
| ਯੋਗੀ | 111,586 | ਗਵਾਲੀਅਰ, ਕੇਂਦਰੀ ਭਾਰਤ ਤੇ ਏਜੰਸੀ, ਰਾਜਪੂਤਾਨਾ, ਜੰਮੂ ਅਤੇ ਕਸ਼ਮੀਰ |
| ਕੈਕੋਲਾਨ | 419,078 | ਮਦਰਾਸ, ਕੋਚੀਨ, ਤਰਾਵਨਕੋਰ। |
| ਕਲਾਰ | 1,017,179 | ਅਜਮੇਰ-ਮੇਰਵਾੜ, ਬੰਗਾਲ, ਕੇਂਦਰੀ ਪ੍ਰਦੇਸ਼,ਬੇਰਾੜ, ਉੱਤਰ ਪ੍ਰਦੇਸ਼,ਬੜੌਦਾ, ਕੇਂਦਰੀ ਭਾਰਤ, ਗਵਾਲੀਅਰ, ਹੈਦਰਾਬਾਦ, ਰਾਜਪੂਤਾਨਾ, ਸਿੱਕਮ |
| ਕੱਲਾਵਨ, ਮਰਵਨ ਕਮਲਨ ਵਿਸ਼ਵ ਬਰਾਹਮਣ | 948,630 | ਮਦਰਾਸ, ਕੋਚੀਨ, ਤਰਾਵਨਕੋਰ |
| ਪੰਚਾਲ | 7,735,939 | ਬਹੁਤ ਸਾਰੇ ਪ੍ਰਾਂਤ |
| ਕਰੇਨ | 1,367,673 | ਬਰਮਾ |
| ਕਾਇਸਥ, ਕਰਣ, ਪ੍ਰਭੂ | 2,946,228 | ਬਹੁਤ ਸਾਰੇ ਪ੍ਰਾਂਤ |
| ਕੇਵਟ, ਕੈਵਰਤ | 1,813,278 | ਅਸਾਮ, ਬੰਗਾਲ ਬਿਹਾਰ, ਉੜੀਸਾ, ਕੇਂਦਰੀ ਪ੍ਰਦੇਸ਼ ਅਤੇ ਬਰਾੜ, ਉੱਤਰ ਪ੍ਰਦੇਸ਼ |
| ਕੋਲੀਟਾ | 109,250 | ਬਿਹਾਰ ਅਤੇ ਉੜੀਸਾ, ਕੇਂਦਰੀ ਪ੍ਰਦੇਸ਼ ਅਤੇ ਬੇਰਾੜ |
| ਕੋਸ਼ਠੀ, ਦੇਵਾਂਗ | 921,201 | ਬੰਗਾਲ, ਬੰਬਈ, ਕੇਂਦਰੀ ਪ੍ਰਦੇਸ਼ ਅਤੇ ਬਰਾੜ, ਮਦਰਾਸ, ਕੇਂਦਰੀ ਭਾਰਤ, ਹੈਦਰਾਬਾਦ, ਮੈਸੂਰ, ਗਵਾਲੀਅਰ, ਕੋਚੀਨ। |
| ਖੰਡਾਇਤ, ਪਾਇਕ | 1,060,587 | ਬਿਹਾਰ ਅਤੇ ਉੜੀਸਾ, ਬੰਗਾਲ, ਮਦਰਾਸ |

| ਜ਼ਾਤ | ਸੰਖਿਆ | ਮੁਖ ਤੌਰ ਤੇ ਪਾਏ ਜਾਣ ਵਾਲੇ ਸਥਾਨ |
|---|---|---|
| ਕਿਸਾਨ | 431,044 | ਬੰਗਾਲ, ਬਿਹਾਰ ਅਤੇ ਉੜੀਸਾ, ਉੱਤਰ ਪ੍ਰਦੇਸ਼ |
| ਖਾਸੀ, ਸਿੰਟੋਂਗ | 232,595 | ਅਸਾਮ, ਅੰਡੇਮਾਨ ਅਤੇ ਨਿਕੋਬਾਰ |
| ਖਟੀਕ, ਚਿੱਕ | 412,520 | ਉੱਤਰ ਪ੍ਰਦੇਸ਼, ਕੇਂਦਰੀ ਪ੍ਰਦੇਸ਼, ਬੰਗਾਲ, ਦਿੱਲੀ, ਅਜਮੇਰ, ਮੇਰਵਾੜ, ਬਲੋਚਸਤਾਨ, ਹੈਦਰਾਬਾਦ, ਰਾਜਪੂਤਾਨਾ, ਗਵਾਲੀਅਰ |
| ਕੋਰੀ, ਕਾਟਿਯਾ, ਬਲਾਈ, ਚਉਪਾਲ ਜੁੱਗੀ | 2,165,953 | ਬਹੁਤ ਸਾਰੇ ਪ੍ਰਾਂਤ |
| ਕੋਰਕੂ, ਕੋਰਬਾ | 246,765 | ਬਿਹਾਰ ਅਤੇ ਉੜੀਸਾ, ਕੇਂਦਰੀ ਪ੍ਰਾਂਤ, ਕੇਂਦਰੀ ਭਾਰਤ, ਉੱਤਰ ਪ੍ਰਦੇਸ਼ |
| ਕੁਮਾਰ, ਕੁਸਵਨ | 3,580,143 | ਬਹੁਤ ਸਾਰੇ ਪ੍ਰਾਂਤ |
| ਕੁੰਬੀ, ਕਰਬੀ, ਕੁਰਮੀ, ਕਸ਼ੱਤਰੀ ਕਾਪੂ, ਕਪੇਵਾਰ, ਰੇਡੀ, ਵੇਲੇਲਾ, ਵੱਕਲਿਗਾ | 11,082,108 | ਬਹੁਤ ਸਾਰੇ ਪ੍ਰਾਂਤ |
| ਲੱਬਾਈ | 374,829 | ਕੁਰਗ, ਮਦਰਾਸ,ਮੈਸੂਰ, ਤਰਾਵਨਕੋਰ |
| ਲੋਧੀ | 1,742,470 | ਕੇਂਦਰੀ ਪ੍ਰਦੇਸ਼, ਅਤੇ ਬਰਾੜ, ਉੱਤਰ ਪ੍ਰਦੇਸ਼, ਕੇਂਦਰੀ ਭਾਰਤ, ਬੰਗਾਲ, ਦਿੱਲੀ, ਰਾਜਪੂਤਾਨਾ, ਹੈਦਰਾਬਾਦ, ਗਵਾਲੀਅਰ |
| ਲੂਸ਼ੇਈ, ਸੋਕਟੇ, ਥਾਡੋ | 192,520 | ਅਸਾਮ, ਬੰਗਾਲ, ਬਰਮਾ |
| ਮਹਾਰ, ਮੈਹਰਾ, ਢੇਡ, ਵਨਕਰ ਹੌਲੀਆ, ਪੁਲਿਅਨ, ਚੇਰੂਮਨ | 4,729,405 | ਬਹੁਤ ਸਾਰੇ ਪ੍ਰਾਂਤ |
| ਮਾਲਾ | 852,050 | ਕੇਂਦਰੀ ਪ੍ਰਾਂਤ ਅਤੇ ਬੇਰਾੜ, ਮਦਰਾਸ |
| ਮਾਲੀ, ਫੁੱਲਮਾਲੀ, ਸੈਣੀ, ਮਾਲਾਕਰ | 2,332,143 | ਬਹੁਤ ਸਾਰੇ ਪ੍ਰਾਂਤ |
| ਮੱਲਾ, ਗੋਰੀਆ, ਗੋਂਡੀ | 894,951 | ਬੰਗਾਲ, ਬਿਹਾਰ ਅਤੇ ਉੜੀਸਾ, ਉੱਤਰ ਪ੍ਰਦੇਸ਼, ਉੱਤਰ ਪੱਛਮੀ ਸੀਮਾਂਵਰਤੀ ਪ੍ਰਾਂਤ, ਕੇਂਦਰੀ ਭਾਰਤ, ਗਵਾਲੀਅਰ, ਰਾਜਪੂਤਾਨਾ |
| ਮੰਗ, ਮੇਘ, ਮੇਘਵਾਲ ਮਦਗੀ, ਮਦੀਗਾ | 2,556,765 | ਬਹੁਤ ਸਾਰੇ ਪ੍ਰਾਂਤ |
| ਮਪੀਲਾ | 139,621 | ਤਰਾਵਨਕੋਰ, ਕੋਚੀਨ, ਕੁਰਗ, ਬਰਮਾ |

| ਜ਼ਾਤ | ਸੰਖਿਆ | ਮੁਖ ਤੌਰ ਤੇ ਪਾਏ ਜਾਣ ਵਾਲੇ ਸਥਾਨ |
|---|---|---|
| ਮੇਥੀ | 330,545 | ਅਸਾਮ, ਬਰਮਾ |
| ਮਰਾਠਾ | 6,113,061 | ਬੰਬਈ, ਕੇਂਦਰੀ ਪ੍ਰਾਂਤ ਅਤੇ ਬੇਰਾੜ, ਗਵਾਲੀਅਰ, ਹੈਦਰਾਬਾਦ, ਬੜੌਦਾ, ਮੈਸੂਰ, ਕੇਂਦਰੀ ਭਾਰਤ। |
| ਮੀਨਾ, ਮੇਵ | 1,110,479 | ਬਹੁਤ ਸਾਰੇ ਪ੍ਰਾਂਤ |
| ਮਿਰਾਸੀ | 283,635 | ਪੰਜਾਬ, ਉੱਤਰ-ਪੱਛਮੀ,ਸੀਮਾਵਰਤੀ, ਰਾਜਪੂਤਾਨਾ, ਅਜਮੇਰ-ਮੇਰਵਾੜ, ਜੰਮੂ-ਕਸ਼ਮੀਰ, ਕੇਂਦਰੀ ਭਾਰਤ, ਗਵਾਲੀਅਰ। |
| ਮੋਚੀ, ਜਿੰਗਰ, ਦਬਗਰ | 1,026,405 | ਬਹੁਤ ਸਾਰੇ ਪ੍ਰਾਂਤ |
| ਮੋਮਨ | 3,122,100 | ਬਹੁਤ ਸਾਰੇ ਪ੍ਰਾਂਤ |
| ਮੁੰਡਾ, ਮੋਵਾਸੀ, ਹੋ, ਕੋਲ ਖਰਬਾਰ, ਖਰੀਆ, ਭੌਂਗੀਆ, ਭੂਮਜੀ, ਨੇਗ | 2,315,276 | ਬਿਹਾਰ ਅਤੇ ਉੜੀਸਾ, ਬੰਗਾਲ, ਕੇਂਦਰੀ ਪ੍ਰਦੇਸ਼, ਬਰਾੜ, ਕੇਂਦਰੀ ਭਾਰਤ, ਉੱਤਰ ਪ੍ਰਦੇਸ਼, ਰਾਜਪੂਤਾਨਾ |
| ਨਾਗਾ | 272,529 | ਅਸਾਮ, ਬਰਮਾ, ਗਵਾਲੀਅਰ |
| ਨਾਮਸ਼ੂਦਰ | 2,265,476 | ਅਸਾਮ, ਬੰਗਾਲ |
| ਨਾਇਰ | 1,550,641 | ਮਦਰਾਸ, ਤਰਾਵਨਕੋਰ, ਕੋਚੀਨ |
| ਨੇਪਾਲੀ | 371,906 | ਬਹੁਤ ਸਾਰੇ ਪ੍ਰਾਂਤ |
| ਨੂਨੀਆ, ਔੜ, ਬੇਲਦਾਰ, ਬੀਂਡ ਰੇਡਗੜ | 561,962 | ਬਹੁਤ ਸਾਰੇ ਪ੍ਰਾਂਤ |
| ਔਰਾਂਬ. | 1,021,334 | ਬੰਗਾਲ, ਬਿਹਾਰ ਅਤੇ ਉੜੀਸਾ, ਕੇਂਦਰੀ ਪ੍ਰਦੇਸ਼, ਬੇਰਾੜ |
| ਪੱਲਣ | 825,224 | ਮਦਰਾਸ |
| ਪੰਨ, ਪਨਕਾ, ਗੰਡਾ, ਬਰਾਇਕ, ਪੈਡੀ | 1,241,322 | ਬੰਗਾਲ, ਬਿਹਾਰ ਅਤੇ ਉੜੀਸਾ, ਕੇਂਦਰੀ ਪ੍ਰਦੇਸ਼, ਬੇਰਾੜ, ਮਦਰਾਸ, ਕੇਂਦਰੀ ਭਾਰਤ |
| ਪਰਾਈਆਂ, ਤੁਰੀ | 1,277,365 | ਮਦਰਾਸ, ਬੰਬਈ, ਬੜੌਦਾ, ਕੋਚੀਨ, ਪੱਛਮ ਭਾਰਤੀ ਪ੍ਰਾਂਤ, ਕੁਰਗ |
| ਪਾਸੀ, ਅਰਖ | 1,743,166 | ਬਿਹਾਰ ਅਤੇ ਉੜੀਸਾ, ਉੱਤਰ ਪ੍ਰਦੇਸ਼, ਬੰਗਾਲ, ਕੇਂਦਰੀ ਭਾਰਤ |

| ਜ਼ਾਤ | ਸੰਖਿਆ | ਮੁਖ ਤੌਰ ਤੇ ਪਾਏ ਜਾਣ ਵਾਲੇ ਸਥਾਨ |
|---|---|---|
| ਔਇਨਜਾਰਾ, ਸਰਾਹਿਰਾ, ਧੁਨੀਆ | 865,254 | ਉੱਤਰ ਪ੍ਰਦੇਸ਼, ਬੰਬਈ, ਰਾਜਪੂਤਾਨਾ, ਗਵਾਲੀਅਰ, ਉੱਤਰ ਪੱਛਮੀ ਸੀਮਾਂਵਰਤੀ ਪ੍ਰਾਂਤ, ਪੰਜਾਬ, ਕੇਂਦਰੀ ਭਾਰਤ, ਮੈਸੂਰ, ਪੱਛਮੀ ਭਾਰਤ ਸੂਬੇ, ਜੰਮੂ ਅਤੇ ਕਸ਼ਮੀਰ |
| ਰਾਜਭਰ, ਰੱਝਰ, ਰਜਵਾਰ, ਭਾਰ | 630,708 | ਉੱਤਰ ਪ੍ਰਦੇਸ਼, ਬਿਹਾਰ, ਉੜੀਸਾ, ਬੰਗਾਲ, ਕੇਂਦਰੀ ਪ੍ਰਦੇਸ਼, ਬੇਰਾੜ |
| ਰਾਜਪੂਤ | 10,743,001 | ਬਹੁਤ ਸਾਰੇ ਪ੍ਰਾਂਤ |
| ਸੰਥਾਲ, ਸਾਉਤਾ, ਕਰਮਾਲੀ | 2,524,472 | ਬੰਗਾਲ, ਬਿਹਾਰ ਅਤੇ ਉੜੀਸਾ, ਕੇਂਦਰੀ ਭਾਰਤ |
| ਸਾਊਣ | 480,131 | ਉੱਤਰ ਪ੍ਰਦੇਸ਼, ਕੇਂਦਰੀ ਭਾਰਤ |
| ਸਵਾਰਾ, ਸਾਨਵਰ, ਸਾਵਰ | 675,628 | ਬਿਹਾਰ ਅਤੇ ਉੜੀਸਾ, ਕੇਂਦਰੀ ਪ੍ਰਾਂਤ ਮਦਰਾਸ, ਉੱਤਰ ਪ੍ਰਦੇਸ, ਕੇਂਦਰੀ ਭਾਰਤ, ਰਾਜਪੂਤਾਨਾ, ਗਵਾਲੀਅਰ |
| ਸ਼ਾਹਾ, ਸੁਨਰੀ | 533,825 | ਬੰਗਾਲ, ਮਦਰਾਸ, ਸਿੱਕਮ |
| ਸ਼ਾਨ | 900,204 | ਬਰਮਾ |
| ਸ਼ਿਲਪਕਾਰ | 333,036 | ਉੱਤਰ ਪ੍ਰਦੇਸ਼ |
| ਸਿੰਗਫੋ, ਕਾਚੀਨ | 156,253, | ਬਰਮਾ, ਅਸਾਮ |
| ਤਲਾਵਾ, ਦੁਬਲਾ | 229,190 | ਬੰਬਈ, ਬੜੌਦਾ, ਪੱਛਮ ਭਾਰਤੀ ਸੂਬੇ |
| ਤੰਬੋਲੀ, ਬਰਾਈ | 452,423 | ਬੰਗਾਲ, ਉੱਤਰ ਪ੍ਰਦੇਸ਼, ਕੇਂਦਰੀ ਭਾਰਤ, ਰਾਜਪੂਤਾਨਾ, ਗਵਾਲੀਅਰ, ਬੜੌਦਾ। |
| ਤੰਕਸ਼ਤਰੀਆ | 926,274 | ਬਹੁਤ ਸਾਰੇ ਪ੍ਰਾਂਤ |
| ਤਾਂਤੀ, ਤਟਵਾ, ਭੁਲੀਆ, ਚੱਦਰ ਸਲੀ | 1,132,563 | ਬੰਗਾਲ, ਬਿਹਾਰ ਅਤੇ ਉੜੀਸਾ, ਬੰਬਈ, ਕੇਂਦਰੀ ਪ੍ਰਾਂਤ, ਅਤੇ ਬੇਰਾੜ |
| ਤੇਲਗਾ | 1,669,559 | ਕੇਂਦਰੀ ਭਾਰਤ |
| ਤੇਲੀ, ਤਿਲੀ, ਚੱਕਣ, ਗਲੀਗਾ, ਚਾਂਚੀ, ਵਨੀਆਨ | 5,024,496 | ਮਦਰਾਸ, ਹੈਦਰਾਬਾਦ, ਕੁਰਗ |
| ਠੱਕਰ, ਰਾਠੀ, ਰਾਵਤ, ਕਨੇਤ, ਧੀਰਥ | 714,503 | ਬੰਬਈ, ਪੰਜਾਬ, ਕੇਂਦਰੀ ਭਾਰਤ, ਗਵਾਲੀਅਰ, ਜੰਮੂ ਅਤੇ ਕਸ਼ਮੀਰ, ਰਾਜਪੂਤਾਨਾ |

## ਅੰਤਿਕਾ 10

## ਵੱਖ ਵੱਖ ਫਿਰਕਿਆਂ ਦੀ ਸਬੰਧਤ ਜਨ ਸੰਖਿਆ

### 1921 ਅਤੇ 1931 ਮੁਤਾਬਕ ਭਾਰਤ ਦੇ ਪ੍ਰਾਂਤਾਂ ਅਤੇ ਸੂਬਿਆਂ ਦੇ 10,000 ਵਿਅਕਤੀਆਂ ਦੀ ਧਰਮ ਮੁਤਾਬਕ ਵੰਡ

| ਪ੍ਰਾਂਤ ਆਦਿ | ਸਾਲ | ਹਿੰਦੂ | ਮੁਸਲਮਾਨ | ਬੋਧੀ | ਕਬੀਲੇ | ਈਸਾਈ | ਸਿੱਖ | ਜੈਨੀ | ਹੋਰ |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਭਾਰਤ | 1921 | 6,856 | 2,174 | 366 | 309 | 150 | 103 | 37 | 5 |
| | 1931 | 6,824 | 2,216 | 365 | 236 | 179 | 124 | 36 | 20 |
| ਪ੍ਰਾਂਤ | 1921 | 6,606 | 2,407 | 465 | 280 | 123 | 96 | 18 | 5 |
| | 1931 | 6,548 | 2,469 | 468 | 213 | 142 | 118 | 17 | 25 |
| ਅਜਮੇਰ-ਮੇਰਵਾੜ | 1921 | 7,356 | 2,055 | -- | 96 | 112 | 4 | 372 | 5 |
| | 1931 | 7,755 | 1,734 | -- | 27 | 124 | 6 | 348 | 6 |
| ਅੰਡੇਮਾਨ ਅਤੇ ਨਿਕੋਬਾਰ | 1921 | 3,278 | 1,515 | 979 | 3,387 | 586 | 144 | -- | 111 |
| | 1931 | 2,586 | 2,280 | 988 | 3,379 | 496 | 220 | -- | 51 |
| ਅਸਾਮ | 1921 | 5,434 | 2,896 | 17 | 1,479 | 168 | 1 | 5 | -- |
| | 1931 | 5,720 | 3,196 | 17 | 825 | 235 | 3 | 3 | 1 |
| ਬਲੋਚਿਸਤਾਨ | 1921 | 920 | 8,731 | 4 | -- | 159 | 182 | -- | 4 |
| | 1931 | 894 | 8,744 | 1 | 1 | 174 | 181 | 1 | 4 |

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਬੰਗਾਲ | 1921 | 4,327 | 5,399 | 57 | 181 | 31 | -- | 3 | 2 |
| | 1931 | 4,304 | 5,487 | 63 | 105 | 36 | 2 | 2 | 1 |
| ਬਿਹਾਰ ਅਤੇ ਉੜੀਸਾ | 1921 | 8,284 | 1,085 | -- | 533 | 76 | 1 | 1 | -- |
| | 1931 | 8,231 | 1,132 | -- | 544 | 91 | 1 | 1 | -- |
| ਬੰਬਈ | 1921 | 7,658 | 1,974 | 1 | 64 | 137 | 4 | 111 | 51 |
| | 1931 | 7,605 | 2,039 | 1 | 59 | 145 | 10 | 92 | 49 |
| ਬਰਮਾ | 1921 | 368 | 380 | 8,506 | 534 | 195 | 4 | 1 | 12 |
| | 1931 | 390 | 399 | 8,430 | 444 | 226 | 7 | 1 | 103 |
| ਮੱਧ ਪ੍ਰਦੇਸ਼ ਅਤੇ ਬਰਾੜ | 1921 | 8,354 | 405 | -- | 1,160 | 30 | 1 | 49 | 1 |
| | 1931 | 8,601 | 440 | -- | 872 | 33 | 3 | 50 | 1 |
| ਕੁਰਗ | 1921 | 7,733 | 795 | 1 | 1,265 | 194 | -- | 12 | -- |
| | 1931 | 8,939 | 844 | -- | -- | 210 | -- | 5 | 2 |
| ਦਿੱਲੀ | 1921 | 6,569 | 2,904 | -- | ---- | 273 | 57 | 96 | 1 |
| | 1931 | 6,285 | 3,253 | 1 | -- | 267 | 101 | 84 | 9 |
| ਮਦਰਾਸ | 1921 | 8,864 | 671 | -- | 137 | 322 | -- | 6 | -- |
| | 1931 | 8,831 | 707 | -- | 75 | 380 | -- | 7 | -- |
| ਉੱਤਰ ਪੱਛਮੀ | 1921 | 666 | 9,162 | -- | -- | 47 | 125 | -- | -- |

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਸੀਮਾਂਵਰਤੀ ਪ੍ਰਾਂਤ | 1931 | 590 | 9,184 | -- | -- | 51 | 175 | -- | -- |
| ਪੰਜਾਬ | 1921 | 3,181 | 5,533 | 1 | -- | 159 | 1,109 | 17 | -- |
| | 1931 | 2,684 | 5,655 | 2 | -- | 176 | 1,299 | 15 | 169 |
| ਸੰਯੁਕਤ ਪ੍ਰਾਂਤ | 1921 | 8,509 | 1,428 | -- | -- | 44 | 3 | 15 | 1 |
| | 1931 | 8,440 | 1,484 | -- | -- | 42 | 10 | 14 | ---- |
| ਸੂਬੇ | 1921 | 7,748 | 1,343 | 12 | 415 | 250 | 126 | 104 | 2 |
| | 1931 | 7,771 | 1,347 | 12 | 316 | 307 | 141 | 101 | 5 |

ਵਿਸ਼ੇਸ਼ ਨੋਟ:- ਖਾਲੀ ਜਗ੍ਹਾ ਦਰਸਾਂਦੀ ਹੈ ਕਿ ਅੰਕੜਾ ਪ੍ਰਤਿ 10,000 ਹੈ। 0 ਤੋਂ ਪਤਾ ਲਗਦਾ ਹੈ ਕਿ ਕੋਈ ਵੀ ਵਾਪਸ ਨਹੀਂ ਪਰਤਿਆ। ਆਸਾਮ ਦੀ ਸੂਰਤ ਵਿੱਚ ਖਾਸੀ ਸਟੇਟਸ 1921 ਦੇ ਅੰਕੜਿਆਂ ਵਿੱਚ ਸ਼ਾਮਲ ਹਨ, ਨਹੀਂ ਤਾਂ ਸਾਰੀਆਂ ਸਟੇਟਾਂ ਸੂਬਿਆਂ ਵਿਚੋਂ ਬਾਹਰ ਰਖੀਆਂ ਗਈਆਂ ਹਨ।

# ਭਾਗ III
# ਨਾਇਕ ਅਤੇ ਨਾਇਕ-ਪੂਜਾ

# 6

# ਰਾਨਾਡੇ, ਗਾਂਧੀ ਅਤੇ ਜਿੱਨਾਹ

ਗੋਖਲੇ ਮੈਮੋਰੀਅਲ ਹਾਲ, ਪੂਨਾ ਵਿੱਚ
18 ਜਨਵਰੀ, 1943
ਨੂੰ
**ਮਹਾਦਿਉ ਗੋਵਿੰਦ ਰਾਨਾਡੇ**
ਦੇ 101-ਵੇਂ ਜਨਮ ਦਿਵਸ ਸਮਾਰੋਹ
ਸਮੇਂ ਦਿੱਤਾ ਗਿਆ
ਭਾਸ਼ਣ

ਪਹਿਲਾ ਪ੍ਰਕਾਸ਼ਨ: 1943
1943 ਦੀ ਪਹਿਲੀ ਛਾਪ ਤੋਂ ਪੁਨਰ ਮੁਦ੍ਰਿਤ

(ਮੇਰੇ ਪਿਆਰੇ ਮਨੋਹਰ,

ਮੁਆਫ਼ ਕਰਨਾ 19 ਮਾਰਚ ਦੇ ਆਪ ਜੀ ਦੇ ਪੱਤਰ ਦਾ ਦਸ ਦਿਨ ਪਹਿਲਾਂ ਮੈਂ ਉੱਤਰ ਨਹੀਂ ਦੇ ਸਕਿਆ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਤੁਸੀਂ ਮੇਰੇ ਰਾਨਾਡੇ ਬਾਰੇ ਭਾਸ਼ਣ ਨੂੰ ਪਸੰਦ ਕੀਤਾ ਹੈ। ਫੂੱਲੇ ਨਾਲ ਸਬੰਧਤ ਭਾਗ ਵਿੱਚਲੀ ਗ਼ਲਤੀ ਤੇ ਮੈਂ ਤੁਹਾਡੇ ਨਾਲ ਸ਼ਰੀਕ ਹੁੰਦਾ ਹਾਂ। ਫਿਰ ਵੀ, ਮੈਂ ਇਸ ਦੇ ਮਹੱਤਵ ਨੂੰ ਅੱਖੋਂ ਉਹਲੇ ਨਹੀਂ ਕਰਦਾ। ਮੈਂ ਇਸ ਨੂੰ ਕੁਝ ਹੋਰ ਵਿਸਥਾਰ ਦੇ ਕੇ ਪ੍ਰਕਾਸ਼ਤ ਕਰਾਂਗਾ। ਮੈਨੂੰ ਸਮਝ ਨਹੀਂ ਆਈ ਕਿ ਠਾਕਰੇ ਨੇ ਰਾਨਾਡੇ ਨਾਲ ਕੀ ਕੀਤਾ ਹੈ। ਉਨ੍ਹਾਂ ਵੱਲੋਂ ਮੈਨੂੰ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਮੈਂ ਹੁਣ ਪਾਕਿਸਤਾਨ ਦੇ ਨਵੇਂ ਸੰਸਕਰਣ ਵਿੱਚ ਰੁਝਿਆ ਹੋਇਆ ਹਾਂ। ਮੈਂ ਉਸ ਲਈ ਹੋਰ ਅਧਿਆਇ ਲਿਖ ਰਿਹਾ ਹਾਂ। ਉਹ ਸੰਖੇਪ ਹੀ ਹੋਣਗੇ। ਮੇਰਾ ਖਿਆਲ ਹੈ ਮੈਂ ਇਨ੍ਹਾਂ ਅਧਿਆਵਾਂ ਨੂੰ ਸਿੱਟਿਆਂ ਦੇ ਰੂਪ ਵਿੱਚ ਪੇਸ਼ ਕਰਾਂਗਾ। ਮੈਂ ਆਪ ਜੀ ਦਾ ਧੰਨਵਾਦੀ ਹਾਂ।)

(ਇਹ ਪੱਤਰ ਪ੍ਰੋਫੈਸਰ ਐਮ.ਬੀ. ਚਿਟਨਸ ਨੂੰ ਲਿਖਿਆ ਗਿਆ ਸੀ)

# ਭੂਮਿਕਾ

ਦੱਖਣ ਸਭਾ, ਪੂਨਾ ਨੇ, 18 ਜਨਵਰੀ 1940 ਨੂੰ, ਜਸਟਿਸ ਮਹਾਂਦੇਵ ਗੋਬਿੰਦ ਰਾਨਾਡੇ ਦਾ 101ਵਾਂ ਜਨਮ ਦਿਹਾੜਾ ਮਨਾਉਣਾ ਸੀ। ਸਭਾ ਨੇ ਮੈਨੂੰ ਉਸ ਜਸ਼ਨ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ, ਤੇ ਨਾਲੇ ਇਸ ਮੌਕੇ ਤੇ ਭਾਸ਼ਣ ਦੇਣ ਨੂੰ ਵੀ ਕਿਹਾ। ਮੈਨੂੰ ਦਿਲੋਂ ਇਸ ਸੱਦੇ ਨੂੰ ਪ੍ਰਵਾਨ ਕਰਨ ਦਾ ਇਰਾਦਾ ਨਹੀਂ ਸੀ। ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮੇਰੇ ਸਮਾਜਿਕ ਤੇ ਰਾਜਨੀਤਕ ਵਿਚਾਰ ਤੇ ਉਨ੍ਹਾਂ ਸੰਬੰਧੀ ਉਲਝਣਾਂ ਮੇਰੇ ਸਰੋਤਿਆਂ ਲਈ, ਖਾਸ ਕਰਕੇ ਦੱਖਣ ਸਭਾ ਦੇ ਮੈਂਬਰਾਂ ਲਈ, ਕੋਈ ਬਹੁਤੀ ਖੁਸ਼ੀ ਦਾ ਸਾਧਨ ਨਹੀ ਬਣਨ ਲਗੀਆਂ ਤੇ ਰਾਨਾਡੇ ਬਾਰੇ ਗੱਲਬਾਤ ਵਿੱਚ ਇਹ ਮੁੱਦੇ ਉਠਾਣੇ ਲਾਜ਼ਮੀ ਹੀ ਸਨ। ਪਰ ਅਖੀਰ ਇਹ ਸੱਦਾ ਮੈਂ ਮੰਨ ਹੀ ਲਿਆ। ਜਦੋਂ ਮੈਂ ਆਪਣਾ ਇਹ ਵਿਖਿਆਣ ਦਿਤਾ, ਮੇਰਾ ਇਸਨੂੰ ਛਪਵਾਉਣ ਦਾ ਕੋਈ ਇਰਾਦਾ ਨਹੀਂ ਸੀ। ਮੇਰੇ ਵਿਚਾਰ ਵਿੱਚ ਇਹੋ ਜਹੇ ਮਹਾਂਪੁਰਸ਼ਾਂ ਦੇ ਵਾਰਸ਼ਿਕ ਸਮਾਗਮ ਰਸਮੀ ਜਹੇ ਹੀ ਹੁੰਦੇ ਨੇ, ਜਿਹਨਾਂ ਵਿੱਚ ਸਥਾਈ ਕਦਰਾਂ ਕੀਮਤਾਂ ਦੀ ਥਾਂ ਹੀ ਨਹੀਂ ਹੁੰਦੀ। ਮੈਨੂੰ ਇਹ ਖਿਆਲ ਹੀ ਨਹੀਂ ਸੀ ਕਿ ਮੇਰਾ ਵਿਖਿਆਨ ਸਵੈ-ਨਵੇਕਲਾ ਹੋਵੇਗਾ। ਪਰ ਮੈਨੂੰ ਦੁਖੀ ਕਰਨ ਵਾਲੇ ਮੇਰੇ ਕੁਝ ਦੋਸਤਾਂ ਨੇ ਮੈਨੂੰ ਆਪਣੇ ਪੂਰੇ ਦੇ ਪੂਰੇ ਵਿਖਿਆਨ ਨੂੰ ਛਪਵਾਉਣ ਲਈ ਮਜ਼ਬੂਰ ਕਰ ਦਿਤਾ। ਮੈਂ ਤਾਂ ਇਸ ਖਿਆਲ ਤੋਂ ਬੇਪਰਵਾਹ ਜਿਹਾ ਹੀ ਰਿਹਾ। ਮੈਂ ਤਾਂ ਜਿਤਨੀ ਕੁ ਇਸ ਨੂੰ ਮਜ਼ਹੂਰੀ ਮਿਲੀ ਉਸ ਤੇ ਹੀ ਸੰਤੁਸ਼ਟ ਸੀ ਤੇ ਹੋਰ ਲੈਣ ਦੀ ਚਾਹ ਹੀ ਨਹੀਂ ਰਖਦਾ ਸੀ। ਨਾਲ ਹੀ ਮੈਂ ਸੋਚਦਾ ਹਾਂ ਕਿ ਜੇ ਕੁਝ ਲੋਕ ਚਾਹੁੰਦੇ ਨੇ ਕਿ ਇਹਨਾਂ ਵਿਚਾਰਾਂ ਨੂੰ ਵਕਤ ਦੀ ਧੂੜ ਵਿਚ ਰੁਲਣ ਤੋਂ ਬਚਾਉਣ ਤੇ ਜ਼ੋਰ ਦੇ ਰਹੇ ਹਨ ਤਾਂ ਮੈਨੂੰ ਕੋਈ ਕਾਰਨ ਨਹੀਂ ਲਭਦਾ ਕਿ ਉਹਨਾਂ ਨੂੰ ਨਿਰਾਸ਼ ਕੀਤਾ ਜਾਵੇ।

ਜਿਹੜਾ ਭਾਸ਼ਣ ਮੈਂ ਦਿਤਾ, ਇਹ ਵਿਖਿਆਨ ਉਸ ਨਾਲੋਂ ਦੋ ਪਹਿਲੂਆਂ ਤੋਂ ਵੱਖਰਾ ਹੈ। ਪਹਿਲਾ: ਸੈਕਸ਼ਨ ਦਸ, ਵਕਤ ਦੀ ਘਾਟ ਕਰਕੇ ਕਟਨਾ ਪਿਆ ਤਾਂ ਕਿ ਭਾਸ਼ਣ ਲੋੜ ਨਾਲੋਂ ਵੱਧ ਥੋਥਾ ਨਾ ਹੋ ਜਾਵੇ। ਇਸ ਤੋਂ ਬਿਨਾਂ ਹੀ ਉਸ ਤੇ ਡੇਢ ਘੰਟਾ ਲਗ ਗਿਆ ਸੀ। ਇਹ ਪਹਿਲਾ ਅੰਤਰ ਹੈ। ਦੂਜਾ ਅੰਤਰ: ਸੈਕਸ਼ਨ ਅੱਠ ਨਾਲ ਸਬੰਧ ਰਖਦਾ ਹੈ। ਇਸ ਵਿੱਚ ਵਿਸ਼ੇਸ਼ਕਰ ਰਾਨਾਡੇ ਤੇ ਫੂਲੇ ਦੀ ਤੁਲਨਾ ਕੀਤੀ ਗਈ ਸੀ ਤੇ ਇਸ ਮੁੱਦੇ ਤੇ ਦੋ ਕਾਰਨਾਂ ਕਰਕੇ ਜ਼ੋਰ ਨਹੀਂ ਦਿਤਾ ਗਿਆ। ਇਕ ਤਾਂ ਇਹ ਸੀ ਕਿ ਦੋਵੇਂ ਸ਼ਕਸੀਅਤਾਂ ਦੀ ਤੁਲਨਾ ਬੜੀ ਲੰਬ ਚੌੜੀ ਨਹੀਂ ਸੀ ਤੇ ਨਾਂ ਹੀ ਇਹ ਕਿ ਬਹੁਤੇ ਵਿਸਥਾਰ ਕੀਤੇ ਬਿਨਾਂ ਇਨਸਾਫ ਕੀਤਾ ਗਿਆ ਹੋਵੇ। ਦੂਜੀ ਗੱਲ ਇਹ ਸੀ ਕਿ ਕਾਗਜ਼ ਦੀ ਘਾਟ ਕਾਰਨ ਜਦੋਂ ਕਾਟਾ ਛਾਂਟੀ ਕਰਨੀ ਪਈ ਤਾਂ ਇਸੇ ਨੂੰ ਕੱਟ ਦੇਣਾ ਠੀਕ ਸਮਝਿਆ ਗਿਆ।

ਬੜੇ ਅਜੀਬੋ-ਗਰੀਬ ਹਾਲਾਤ ਵਿੱਚ ਇਸ ਵਿਖਿਆਨ ਦਾ ਪ੍ਰਕਾਸ਼ਨ ਹੋਇਆ ਹੈ।

ਅਕਸਰ ਛਪ ਜਾਣ ਤੋਂ ਬਾਅਦ ਨਿਰੀਖਣ ਕੀਤਾ ਜਾਂਦਾ ਹੈ। ਇਸ ਕੇਸ ਵਿੱਚ ਸਥਿਤੀ ਉਲਟ ਗਈ ਹੈ। ਇਸ ਤੋਂ ਹੋਰ ਮਾੜੀ ਗੱਲ ਇਹ ਹੈ ਕਿ ਇਸ ਭਾਸ਼ਨ ਦਾ ਨਿਰੀਖਣ ਕਰਨ ਵਾਲਿਆਂ ਨੇ ਇਸ ਦੀ ਬਹੁਤ ਬੁਰੀ ਤਰ੍ਹਾਂ ਟਿੱਪਣੀ ਕੀਤੀ ਤੇ ਇਸ ਨੂੰ ਨਸ਼ਟ ਕਰ ਦੇਣ ਦਾ ਬੀੜਾ ਹੀ ਚੁਕ ਲਿਆ। ਵੈਸੇ ਇਹ ਤਾਂ ਪ੍ਰਕਾਸ਼ਕਾਂ ਦੀ ਸਿਰ-ਦਰਦੀ ਹੈ। ਮੈਨੂੰ ਤਾਂ ਇਹੋ ਖੁਸ਼ੀ ਹੈ ਕਿ ਪ੍ਰਕਾਸ਼ਕ ਨੂੰ ਇਸ ਮੁਸ਼ਕਲ ਬਾਰੇ ਪਤਾ ਸੀ ਤੇ ਫੇਰ ਵੀ ਉਸ ਨੇ ਇਸ ਨੂੰ ਹੱਸ ਕੇ ਅਪਨਾ ਲਿਆ। ਇਸ ਤੋਂ ਵੱਧ ਹੋਰ ਕੁਝ ਕਹਿਣ ਦੀ ਲੋੜ ਨਹੀਂ ਹੈ ਸਿਵਾ ਇਸਦੇ ਕਿ ਹਾਲਾਤ ਮੁਤਾਬਿਕ ਮੇਰੇ ਦੋਸਤਾਂ ਦੇ ਵਿਚਾਰਾਂ ਦੀ ਪੁਸ਼ਟੀ ਹੋ ਗਈ ਹੈ। ਉਹ ਇਹ ਕਿ ਭਾਸ਼ਣ ਵਿੱਚ ਅਜਿਹੀ ਸਮੱਗਰੀ ਹੈ ਜਿਸ ਦੀ ਕੀਮਤ ਅਸਲ ਨਾਲੋਂ ਵੱਧ ਹੈ ਤੇ ਇਹ ਲਿਖਤੀ ਢੰਗ ਨਾਲ ਸੰਭਾਲਣ ਯੋਗ ਹੈ। ਮੈਨੂੰ ਆਪਣੇ ਆਪ ਵਿੱਚ ਕਿਸੇ ਕਿਸਮ ਦੀ ਦੁਬਿਧਾ ਨਹੀਂ ਹੈ, ਭਾਵੇਂ ਪ੍ਰੈਸ ਨੇ ਹਰ ਤਰ੍ਹਾਂ ਦੀ ਟਿਪੱਣੀ ਕਰਨ ਦੀ ਕਸਰ ਨਹੀਂ ਛੱਡੀ। ਇਸ ਤਰ੍ਹਾਂ ਦੀ ਟਿਪਣੀ ਦਾ ਅਧਾਰ ਕੀ ਹੋ ਸਕਦਾ ਹੈ? ਇਸ ਤਰ੍ਹਾਂ ਦੀ ਨੁਕਤਾ ਚੀਨੀ ਕਰਨ ਦਾ ਬੀੜਾ ਕੌਣ ਚੁੱਕ ਸਕਦਾ ਹੈ। ਮੇਰੀ ਨੁਕਤਾ ਚੀਨੀ ਇਸੇ ਕਰਕੇ ਹੁੰਦੀ ਹੈ ਕਿ ਮੈਂ ਮਿਸਟਰ ਗਾਂਧੀ ਤੇ ਮਿਸਟਰ ਜਿੱਨਾਹ ਦੇ ਖ਼ਿਲਾਫ਼ ਹਾਂ। ਜੋ ਗੰਧਲਾਪਨ ਭਾਰਤੀ ਰਾਜਨੀਤੀ ਵਿੱਚ ਪਿਆ ਹੈ ਉਸ ਦਾ ਮੈਂ ਇਹਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦਾ ਹਾਂ। ਇਸ ਕਰਕੇ ਮੇਰੇ ਤੇ ਇਲਜ਼ਾਮ ਹੈ ਕਿ ਮੈਂ ਉਹਨਾਂ ਦੀ ਇਜ਼ਤ ਹੀ ਨਹੀਂ ਕਰਦਾ ਸਗੋਂ ਉਹਨਾਂ ਨੂੰ ਨਫ਼ਰਤ ਤੇ ਉਨ੍ਹਾਂ ਦੀ ਬੇਅਦਬੀ ਵੀ ਕਰਦਾ ਹਾਂ। ਇਸ ਦੋਸ਼ ਦੇ ਜਵਾਬ ਵਿੱਚ ਮੈਂ ਇਹੋ ਕਹਿ ਸਕਦਾ ਹਾਂ ਕਿ ਮੈਂ ਟਿਪਣੀ ਕਰਦਾ ਹਾਂ ਤੇ ਕਰਾਂਗਾ ਵੀ। ਇਹ ਭਾਵੇਂ ਮੇਰੀ ਗ਼ਲਤੀ ਹੀ ਹੋਵੇ, ਪਰ ਮੈਂ ਮਹਿਸੂਸ ਕਰਦਾ ਹਾਂ ਕਿ ਗ਼ਲਤੀਆਂ ਕਰਨੀਆਂ ਚੰਗੀਆਂ ਹੁੰਦੀਆਂ ਨੇ, ਬਨਿਸਪਤ ਹੋਰਾਂ ਦੇ ਕਹਿਣ ਤੇ ਦੱਸਣ ਨੂੰ ਚੁੱਪ-ਚਾਪ ਬੈਠ ਕੇ ਮੰਨ ਲੈਣਾ ਤੇ ਹਾਲਾਤ ਨੂੰ ਹੋਰ ਵੀ ਭੈੜੇ ਰਾਹ ਤੇ ਰੋੜ ਦੇਣਾ। ਜਿਨ੍ਹਾਂ ਲੋਕਾਂ ਮੇਰੇ ਤੇ ਨਫ਼ਰਤ ਨੂੰ ਹਵਾ ਦੇਣ ਦਾ ਦੋਸ਼ ਲਗਾਇਆ ਹੈ ਉਹ ਦੋ ਗੱਲਾਂ ਭੁੱਲ ਗਏ ਹਨ। ਪਹਿਲੀ, ਜਿਹੜੀ 'ਨਫ਼ਰਤ' ਮੇਰੇ ਤੇ ਥੋਪੀ ਗਈ ਹੈ ਉਹ ਕਿਸੇ ਜ਼ਾਤੀ ਮਸਲੇ ਦੇ ਕਾਰਨ ਨਹੀਂ ਹੈ। ਜੇ ਮੈਂ ਉਹਨਾਂ ਦੇ ਖ਼ਿਲਾਫ਼ ਹਾਂ, ਤਾਂ ਇਸ ਕਰਕੇ ਕਿ ਮੈਂ ਚਾਹੁੰਦਾ ਹਾਂ ਕਿ ਉਹ ਕੋਈ ਹੱਲ ਲੱਭਕੇ ਫ਼ੈਸਲਾ ਕਰਨ। ਮੈਂ ਕਿਸੇ ਆਦਰਸ਼ਵਾਦੀ ਸਮਝੌਤੇ ਦੀ ਉਡੀਕ ਕਰਨ ਲਈ ਤਿਆਰ ਨਹੀਂ। ਕਿਸੇ ਤਰ੍ਹਾਂ ਦਾ ਵੀ ਫ਼ੈਸਲਾ ਹੋਵੇ, ਹੋਵੇ ਜ਼ਰੂਰ। ਨਾ ਹੀ ਮੈਂ ਇਹ ਸਹਿਣ ਕਰ ਸਕਦਾ ਹਾਂ ਕਿ ਕਿਸੇ ਦੀ ਮਰਜ਼ੀ ਤੇ ਝੁੱਕ ਕੇ, ਆਦਮੀ ਅਣੱਖ ਦੇ ਦਾਉ ਤੇ ਕੋਈ ਗੱਲ ਮੰਨ ਲਈ ਜਾਵੇ, ਜਿਵੇਂ ਮੁਗ਼ਲ ਸਮਰਾਟ ਦੇ ਦਰਬਾਰੀ ਕਰਿਆ ਕਰਦੇ ਸਨ। ਦੂਜ ਕੋਈ ਵੀ ਇਹ ਖਾਹਸ਼ ਨਹੀਂ ਰੱਖ ਸਕਦਾ ਕਿ ਉਹ ਵਕਤ ਤੇ ਆਪਣੀ ਛਾਪ, ਬਿਨਾਂ ਪਿਆਰ ਤੇ ਨਫ਼ਰਤ ਵਿੱਚ ਫਰਕ ਕੀਤਿਆਂ ਛੱਡ ਸਕਦਾ ਹੈ, ਤੇ ਸਿਧਾਂਤਕ ਲੜਾਈ ਕਿਸੇ ਵਿਸ਼ੇਸ਼ ਵਿਸ਼ੇ ਲਈ ਲੜ ਸਕਦਾ ਹੈ। ਮੈਂ ਬੇਇਨਸਾਫ਼ੀ, ਅਤਿਆਚਾਰ ਆਡੰਬਰ, ਛਲ-ਕਪਟ ਨੂੰ ਨਫ਼ਰਤ ਕਰਦਾ ਹਾਂ ਤੇ ਮੇਰੀ ਨਫ਼ਰਤ ਉਹਨਾਂ ਸਾਰਿਆਂ ਨੂੰ ਲਪੇਟ ਲੈਂਦੀ ਹੈ ਜੋ ਇਹਨਾਂ ਨੂੰ ਅਪਨਾਉਣ ਲਈ ਗੁਨਾਹਗਾਰ ਹਨ। ਮੇਰੀ ਨੁਕਤਾ-ਚੀਨੀ ਕਰਨ ਵਾਲਿਆਂ ਨੂੰ ਮੈਂ ਆਪਣੇ ਵਿਚਾਰ ਦੱਸਣਾ ਚਾਹਾਂਗਾ ਕਿ ਨਫ਼ਰਤ ਦੀ ਭਾਵਨਾ ਹੀ ਮੇਰੀ ਅਸਲੀ ਤਾਕਤ ਹੈ। ਇਹ ਤਾਂ ਮੇਰੇ ਉਸ ਪਿਆਰ ਦੀ ਪਰਛਾਈਂ ਹੈ, ਜਿਹੜੀ ਮੈਂ ਕਿਸੇ ਮੁੱਦੇ ਦੇ ਵਿਸ਼ਵਾਸ ਤੇ ਰੱਖੀ ਹੈ ਤੇ ਮੈਨੂੰ ਇਸ ਲਈ ਕੋਈ ਸ਼ਰਮਿੰਦਗੀ ਵੀ ਨਹੀਂ। ਇਹਨਾ ਕਾਰਨਾਂ ਕਰਕੇ ਮੈਨੂੰ ਆਪਣੇ ਤੇ ਟਿਪਣੀ ਕਰਨ 'ਤੇ ਸਫ਼ਾਈ ਦੇਣ ਦੀ ਲੋੜ ਨਹੀਂ ਕਿ ਮੈਂ ਮਿਸਟਰ

ਗਾਂਧੀ ਜਾਂ ਮਿਸਟਰ ਜਿੱਨਹਾਂ ਤੇ ਕਿੰਤੂ ਕਿਉਂ ਕਰਦਾ ਹਾਂ। ਇਹਨਾਂ ਦੋਵਾਂ ਨੇ ਹੀ ਹਿੰਦੁਸਤਾਨ ਦੀ ਰਾਜਨੀਤੀ ਨੂੰ ਹੋੜ ਲਾਈ ਹੈ ਤੇ ਇਕ ਥਾਂ ਅੜਾ ਦਿੱਤਾ ਹੈ।

ਮੇਰੇ ਤੇ ਨੁਕਤਾ-ਚੀਨੀ ਕਰਨ ਵਾਲਾ ਕਾਂਗਰਸ ਪ੍ਰੈਸ ਹੈ। ਮੈਂ ਇਸ ਕਾਂਗਰਸ ਪ੍ਰੈਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਇਸ ਦੀ ਆਲੋਚਨਾ ਨੂੰ ਕੋਈ ਮਹੱਤਵ ਨਹੀਂ ਦਿੰਦਾ। ਇਸ ਨੇ ਕਦੇ ਵੀ ਮੇਰੇ ਤਰਕ ਦਾ ਵਿਰੋਧ ਨਹੀਂ ਕੀਤਾ। ਇਹ ਸਿਰਫ਼ ਨੁਕਤਾ-ਚੀਨੀ ਕਰਨ, ਧਮਕਾਉਣ ਤੇ ਮੈਨੂੰ ਗਾਲ੍ਹਾਂ ਕਢਣ ਤੱਕ ਹੀ ਸੀਮਤ ਹੈ। ਜੋ ਕੁਝ ਵੀ ਮੈਂ ਕਰਾਂ, ਉਸ ਦੀ ਗ਼ਲਤ ਬਿਆਨੀ ਕਰਨਾ, ਉਸਦਾ ਉਲਟਾ-ਪੁਲਟਾ ਮਤਲਬ ਕੱਢਣਾ ਤੇ ਮੇਰੇ ਹਰ ਉਚੇਰੇ ਸ਼ਬਦ ਨੂੰ ਉਲਟਾ ਕੇ ਪੇਸ਼ ਕਰਨਾ ਹੀ ਇਸ ਦਾ ਕੰਮ ਰਹਿ ਗਿਆ ਹੈ। ਮੈਂ ਕੁਝ ਵੀ ਕਰ ਲਵਾਂ, ਕੁਝ ਵੀ ਕਾਂਗਰਸ ਪ੍ਰੈਸ ਨੂੰ ਖੁਸ਼ ਨਹੀਂ ਕਰ ਸਕਦਾ। ਇਹ ਕਾਂਗਰਸ ਪ੍ਰੈਸ ਦੀ ਮੇਰੇ ਲਈ ਦੁਸ਼ਮਣੀ, ਉਸ ਨਫ਼ਰਤ ਦਾ ਝਲਕਾਰਾ ਹੈ ਜੋ ਹਿੰਦੂਆਂ ਦਾ ਅਛੂਤਾਂ ਲਈ ਹੈ। ਇਹ ਦੁਸ਼ਮਣੀ ਨਿਜੀ ਬਣ ਗਈ ਹੈ, ਕਿਉਂਕਿ ਇਹੀ ਸਾਫ਼ ਨਜ਼ਰ ਆ ਰਿਹਾ ਹੈ। ਕਾਂਗਰਸ ਪ੍ਰੈਸ ਦੀ ਨਰਾਜ਼ਗੀ ਇਸ ਗੱਲੋਂ ਵਧੀ, ਜਦੋਂ ਮੈਂ ਮਿਸਟਰ ਜਿੱਨਾਹ ਬਾਰੇ ਕਿਹਾ ਕਿ ਉਹ ਕਾਂਗਰਸ ਦੇ ਕਈ ਸਾਲਾਂ ਤੋਂ ਸ਼ਿਕਾਰ ਬਣੇ ਹੋਏ ਹਨ। ਜਿੰਨਾ ਮਰਜ਼ੀ ਗੰਦਾ ਤੇ ਜ਼ੋਰਦਾਰ ਗਾਲੀ ਗਲੋਚ ਕਾਂਗਰਸ ਪ੍ਰੈਸ ਕਰੀ ਜਾਵੇ, ਮੈਂ ਆਪਣੀ ਜ਼ਿੰਮੇਵਾਰੀ ਨਿਭਾਈ ਹੀ ਜਾਵਾਂਗਾ। ਮੈਂ ਕਿਸੇ ਵੀ ਤਰ੍ਹਾਂ ਦਾ ਮੂਰਤੀ ਪੂਜਕ ਨਹੀਂ ਹਾਂ। ਮੈਂ ਇਸ ਨੂੰ ਤੋੜਨ ਵਿੱਚ ਯਕੀਨ ਰਖਦਾ ਹਾਂ। ਮੈਂ ਜ਼ੋਰ ਦੇ ਕੇ ਕਹਾਂਗਾ ਕਿ ਜੇ ਮੈਂ ਮਿਸਟਰ ਗਾਂਧੀ ਤੇ ਮਿਸਟਰ ਜਿੱਨਾਂਹ ਨੂੰ ਨਫ਼ਰਤ ਕਰਦਾ ਹਾਂ-ਮੈਂ ਉਹਨਾਂ ਨੂੰ ਪਸੰਦ ਨਹੀਂ ਕਰਦਾ-ਮੈਂ ਉਨ੍ਹਾਂ ਨੂੰ ਨਫ਼ਰਤ ਨਹੀਂ ਕਰਦਾ-ਇਹ ਇਸ ਕਰਕੇ ਕਿ ਮੈਂ ਹਿੰਦੁਸਤਾਨ ਨੂੰ ਜ਼ਿਆਦਾ ਪਿਆਰ ਕਰਦਾ ਹਾਂ। ਇਹੀ ਇਕ ਰਾਸ਼ਟਰਵਾਦੀ ਦਾ ਸੱਚਾ ਧਰਮ ਹੈ। ਮੇਰੀ ਬਹੁਤ ਵੱਡੀ ਖ਼ਾਹਿਸ਼ ਹੈ ਕਿ ਮੇਰੇ ਦੇਸ਼ਵਾਸੀ, ਕਿਸੇ ਦਿਨ ਇਹ ਸਬਕ ਸਿਖ ਸਕਣ ਕਿ ਦੇਸ਼ ਬੰਦਿਆਂ ਨਾਲੋਂ ਵੱਡਾ ਹੈ। ਮਿਸਟਰ ਗਾਂਧੀ ਤੇ ਮਿਸਟਰ ਜਿੱਨਾਂਹ ਦੀ ਭਗਤੀ ਤੇ ਦੇਸ਼ ਦੀ ਸੇਵਾ ਦੋ ਬਹੁਤ ਵੱਡੀਆਂ ਫਰਕ ਵਾਲੀਆਂ ਗੱਲਾਂ ਹਨ। ਇਹ ਵੀ ਹੋ ਸਕਦਾ ਹੈ ਕਿ ਇਹ ਦੋ ਇਕ ਦੂਜੇ ਦੇ ਬਿਲਕੁਲ ਉਲਟ ਹੋਣ।

**ਭੀਮ ਰਾਉ ਅੰਬੇਡਕਰ**

22, ਪ੍ਰਿਥਵੀਰਾਜ ਰੋਡ,
ਨਵੀਂ ਦਿੱਲੀ,
15 ਮਾਰਚ, 1943

# "ਰਾਨਾਡੇ, ਗਾਂਧੀ ਤੇ ਜਿੱਨਾਹ"

## 1

ਮੈਂ ਇਹ ਜ਼ਰੂਰ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਇਸ ਨਿਮੰਤ੍ਰਣ ਤੇ ਖੁਸ਼ ਨਹੀਂ ਹਾਂ। ਮੈਨੂੰ ਡਰ ਹੈ ਕਿ ਮੈਂ ਇਸ ਮੌਕੇ ਨਾਲ ਬਹੁਤ ਇਨਸਾਫ਼ ਨਹੀਂ ਕਰ ਸਕਾਂਗਾ। ਪਿਛਲੇ ਸਾਲ ਜਦੋਂ ਰਾਨਾਡੇ ਦਾ 100 ਸਾਲਾ ਜਨਮ ਦਿਨ ਸਮਾਰੋਹ ਬੰਬਈ ਵਿੱਚ ਮਨਾਇਆ ਗਿਆ ਸੀ, ਉਦੋਂ ਪੂਜਯ ਸ੍ਰੀ ਨਿਵਾਸ ਸ਼ਾਸਤ੍ਰੀ ਨੂੰ ਭਾਸ਼ਣ ਦੇਣ ਲਈ ਚੁਣਿਆ ਗਿਆ ਸੀ। ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਨਿਭਾਉਣ ਲਈ ਕਈ ਪੱਖੋਂ ਯੋਗ ਸਮਝਿਆ ਗਿਆ ਸੀ। ਉਨ੍ਹਾਂ ਦਾ ਰਾਨਾਡੇ ਦੇ ਜੀਵਨ ਦੇ ਕੁਝ ਹਿੱਸੇ ਲਈ ਤਤਕਾਲੀਨ ਸਾਥੀ ਹੋਣ ਦਾ ਵੀ ਦਾਵਾ ਹੈ। ਉਨ੍ਹਾਂ ਨੇ ਰਾਨਾਡੇ ਨੂੰ ਬੜੇ ਨਜ਼ਦੀਕ ਤੋਂ ਵੇਖਿਆ, ਤੇ ਉਨ੍ਹਾਂ ਦੇ ਕੰਮਾਂ ਦੇ ਚਸ਼ਮਦੀਦ ਗਵਾਹ ਵੀ ਸਨ ਕਿ ਕਿਵੇਂ ਉਨ੍ਹਾਂ ਆਪਣੇ ਜੀਵਨ ਦਾ ਤਿਆਗ ਕੀਤਾ। ਸ਼ਾਸਤ੍ਰੀ ਨੂੰ ਉਨ੍ਹਾਂ ਨਾਲ ਰਹਿਣ ਦਾ ਮੌਕਾ ਮਿਲਿਆ ਸੀ। ਇਸ ਕਰਕੇ ਉਹ ਉਨ੍ਹਾਂ ਦੇ ਕੰਮਾਂ ਦਾ ਲੇਖਾ ਜੋਖਾ ਕਰਕੇ ਉਨ੍ਹਾਂ ਨੂੰ ਆਪਣੇ ਬਾਕੀ ਸਾਥੀਆਂ ਨਾਲ ਮੇਲ ਸਕਦਾ ਸੀ। ਇਸੇ ਕਰਕੇ ਉਹ ਰਾਨਾਡੇ ਦੇ ਵਿਚਾਰਾਂ ਦੀ ਦ੍ਰਿੜ੍ਹਤਾ ਨਾਲ ਪੁਸ਼ਟੀ ਕਰ ਸਕਦਾ ਸੀ। ਨਾਲੇ ਉਨ੍ਹਾਂ ਦੀ ਮਿੱਤ੍ਰਤਾ ਵਿਚੋਂ ਉਨ੍ਹਾਂ ਦੀ ਅਪਣੱਤ ਵੀ ਝਲਕਦੀ ਸੀ। ਉਹ ਤਾਂ ਰਾਨਾਡੇ ਦੀ ਛੋਟੀ ਜਿਹੀ ਗੱਲ ਨੂੰ ਵੀ ਇਸ ਢੰਗ ਨਾਲ ਉਜਾਗਰ ਕਰ ਸਕਦੇ ਸਨ ਕਿ ਵੇਖਣ-ਸੁਣਨ ਵਾਲਿਆਂ ਅੱਗੇ ਉਨ੍ਹਾਂ ਦੀ ਮੂਰਤੀ ਹੀ ਉਲੀਕੀ ਜਾਂਦੀ ਸੀ। ਸਾਰੀਆਂ ਖੂਬੀਆਂ ਮੇਰੇ ਲਈ ਤਾਂ ਮੁਹੱਈਆ ਨਹੀਂ ਹਨ। ਮੇਰਾ ਤਾਂ ਰਾਨਾਡੇ ਨਾਲ ਨਾਮ ਮਾਤਰ ਜਿਹਾ ਹੀ ਸੰਬੰਧ ਸੀ। ਮੈਂ ਉਨ੍ਹਾਂ ਨੂੰ ਦੇਖਿਆ ਵੀ ਨਹੀਂ ਹੈ। ਉਨ੍ਹਾਂ ਬਾਰੇ ਤਾਂ ਮੈਂ ਦੋ ਹੀ ਘਟਨਾਵਾਂ ਯਾਦ ਕਰ ਸਕਦਾ ਹਾਂ। ਪਹਿਲੀ ਉਨ੍ਹਾਂ ਦੀ ਮ੍ਰਿਤੂ ਨਾਲ ਸੰਬੰਧ ਰਖਦੀ ਹੈ। ਮੈਂ ਉਦੋਂ ਸਤਾਰਾ ਹਾਈ ਸਕੂਲ ਦਾ ਪਹਿਲੀ ਜਮਾਤ ਦਾ ਵਿਦਿਆਰਥੀ ਸੀ। 16 ਜਨਵਰੀ 1901 ਨੂੰ ਹਾਈ ਸਕੂਲ ਬੰਦ ਹੋ ਗਿਆ ਤੇ ਸਾਨੂੰ ਮੁੰਡਿਆਂ ਨੂੰ ਛੁੱਟੀ ਹੋ ਗਈ। ਅਸੀਂ ਸਕੂਲ ਬੰਦ ਹੋਣ ਦਾ ਕਾਰਨ ਪੁੱਛਿਆ ਤੇ ਸਾਨੂੰ ਦੱਸਿਆ ਗਿਆ ਕਿ ਇਹ ਛੁੱਟੀ ਇਸ ਲਈ ਹੋਈ ਹੈ ਕਿਉਂਕਿ ਰਾਨਾਡੇ ਦੀ ਮ੍ਰਿਤੂ ਹੋ ਗਈ ਹੈ। ਮੈਂ ਉਦੋਂ ਨੌ ਕੁ ਸਾਲ ਦਾ ਹੋਵਾਂਗਾ। ਮੈਨੂੰ ਰਾਨਾਡੇ ਬਾਰੇ ਕੁਝ ਪਤਾ ਨਹੀਂ ਸੀ ਕਿ ਉਹ ਕੌਣ ਹਨ, ਉਨ੍ਹਾਂ ਕੀ ਕੀਤਾ ਹੈ, ਹੋਰ ਲੜਕਿਆਂ ਵਾਂਗ ਮੈਂ ਛੁੱਟੀ ਹੋ ਜਾਣ ਤੇ ਹੀ ਖੁਸ਼ ਸੀ ਤੇ ਇਹ ਜਾਨਣ ਦੀ ਵੀ ਕੋਸ਼ਿਸ਼ ਨਹੀਂ ਕੀਤੀ ਕਿ ਕੌਣ ਮਰ ਗਿਆ। ਦੂਜੀ ਘਟਨਾ ਜਿਹੜੀ ਮੈਨੂੰ ਰਾਨਾਡੇ ਦੀ ਯਾਦ ਦਿਵਾਉਂਦੀ ਹੈ, ਉਹ ਪਹਿਲੀ ਨਾਲੋਂ ਕਿਤੇ ਬਾਅਦ ਦੀ ਹੈ। ਇਕ ਵਾਰ ਮੈਂ ਆਪਣੇ ਪਿਤਾ ਜੀ ਦੇ ਪੁਰਾਣੇ ਕਾਗਜ਼ਾਂ ਦੀ ਛਾਣ-ਬੀਣ ਕਰ ਰਿਹਾ ਸੀ ਕਿ ਉਨ੍ਹਾਂ ਵਿਚੋਂ ਮੈਨੂੰ ਇਕ ਕਾਗਜ਼ ਲਭ ਪਿਆ। ਇਸ ਕਾਗਜ਼ ਦਾ ਸੰਬੰਧ ਭਾਰਤ ਸਰਕਾਰ ਦੇ, 1892 ਦੇ ਉਸ ਕਾਨੂੰਨ ਦੇ ਖ਼ਿਲਾਫ਼ ਭਾਵਅਰਥ ਅਰਜ਼ੀ

ਸੀ, ਜਿਸ ਰਾਹੀਂ ਮਹਾਰ ਬਰਾਦਰੀ ਤੇ ਅਗਿਆਤ ਤੇ ਗ਼ੈਰ-ਅਗਿਆਤ ਅਧਿਕਾਰੀਆਂ ਦੀ ਫ਼ੌਜ ਵਿੱਚ ਭਰਤੀ ਤੇ ਰੁਕਾਵਟ ਲਾਈ ਗਈ ਸੀ। ਛਾਣ-ਬੀਣ ਕਰਨ ਤੇ ਮੈਨੂੰ ਦੱਸਿਆ ਗਿਆ ਕਿ ਇਹ ਉਸ ਅਰਜ਼ੀ ਦੀ ਹੀ ਕਾਪੀ ਹੈ, ਜੋ ਰਾਨਾਡੇ ਨੇ ਤਿਆਰ ਕੀਤੀ ਸੀ, ਤਾਂ ਕਿ ਜਿਹੜਾ ਧੱਕਾ ਮਹਾਰਾਂ ਨਾਲ ਹੋਇਆ ਹੈ, ਉਸ ਨੂੰ ਦੂਰ ਕੀਤਾ ਜਾ ਸਕੇ। ਇਨ੍ਹਾਂ ਦੋਵਾਂ ਘਟਨਾਵਾਂ ਨੂੰ ਛੱਡ ਕੇ ਮੈਨੂੰ ਹੋਰ ਕੋਈ ਵੀ ਗੱਲ ਰਾਨਾਡੇ ਬਾਰੇ ਯਾਦ ਨਹੀਂ ਆ ਰਹੀ। ਉਨ੍ਹਾਂ ਬਾਰੇ ਮੇਰਾ ਗਿਆਨ ਬਿਲਕੁਲ ਓਪਰਾ ਜਿਹਾ ਹੀ ਹੈ। ਮੇਰੀ ਜਾਣਕਾਰੀ ਜੋ ਕੁਝ ਮੈਂ ਉਨ੍ਹਾਂ ਦੇ ਕੰਮਾਂ ਬਾਰੇ ਪੜ੍ਹਿਆ ਹੈ ਉਸ ਤੇ ਹੀ ਅਧਾਰਿਤ ਹੈ ਜਾਂ ਫੇਰ ਜੋ ਕੁਝ ਮੈਂ ਹੋਰਾਂ ਤੋਂ ਉਨ੍ਹਾਂ ਬਾਰੇ ਸੁਣਿਆ ਹੈ ਉਸ ਤੇ ਨਿਰਭਰ ਹੈ। ਤੁਹਾਨੂੰ ਇਹ ਉਮੀਦ ਨਹੀਂ ਕਰਨੀ ਚਾਹੀਦੀ ਕਿ ਮੈਂ ਉਨ੍ਹਾਂ ਦੇ ਨਿੱਜੀ ਚਰਿਤ੍ਰ ਬਾਰੇ ਕੁਝ ਕਹਿ ਸਕਾਂਗਾ, ਭਾਵੇਂ ਆਪ ਨੂੰ ਉਸ ਲਈ ਦਿਲਚਸਪੀ ਹੋਵੇਗੀ ਤੇ ਉਸ ਵਿੱਚ ਆਪ ਲਈ ਆਦੇਸ਼ ਹੋ ਸਕਦਾ ਹੈ। ਮੇਰਾ ਸੁਝਾਅ ਇਹੀ ਹੈ ਕਿ ਮੈਂ ਉਨ੍ਹਾਂ ਦੇ ਆਪਣੇ ਵਕਤਾਂ ਦੇ ਬਾਰੇ ਹੀ ਦੱਸਾਂ, ਜਿਸ ਤੋਂ ਭਾਰਤ ਦੀ ਸਿਆਸਤ ਵਿੱਚ ਉਨ੍ਹਾਂ ਦੇ ਸਥਾਨ ਦਾ ਪਤਾ ਲਗ ਸਕੇ।

## 2

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਰਾਨਾਡੇ ਦੇ ਐਸੇ ਦੋਸਤ ਵੀ ਹਨ ਜੋ ਕਿ ਉਨ੍ਹਾਂ ਨੂੰ ਵੱਡੇ ਮਹਾ-ਪੁਰਸ਼ ਵਾਂਗ ਮੰਨਣ ਤੋਂ ਗੁਰੇਜ਼ ਨਹੀਂ ਕਰਦੇ ਤੇ ਐਸੇ ਲੋਗ ਵੀ ਹਨ, ਜੋ ਉਨ੍ਹਾਂ ਨੂੰ ਇਹ ਉੱਚ-ਕੋਟੀ ਦੀ ਜਗ੍ਹਾ ਨਹੀਂ ਦੇਣਾ ਚਾਹੁੰਦੇ। ਸਚਾਈ ਕਿਥੇ ਟਿਕੀ ਹੋਈ ਹੈ, ਮੇਰੇ ਖ਼ਿਆਲ ਵਿੱਚ ਇਹ ਸਵਾਲ ਇੰਤਜ਼ਾਰ ਕਰ ਸਕਦਾ ਹੈ। ਕਿਉਂਕਿ ਇਕ ਹੋਰ ਸਵਾਲ ਸਾਹਮਣੇ ਹੈ। ਉਹ ਇਹ ਕਿ ਇਤਿਹਾਸ ਵੱਡੇ ਲੋਕਾਂ ਦੀਆਂ ਜੀਵਨੀਆਂ ਹੀ ਹੈ? ਇਹ ਸਵਾਲ ਠੀਕ ਵੀ ਹੈ ਤੇ ਜ਼ਰੂਰੀ ਵੀ। ਕਿਉਂਕਿ ਜੇ ਵੱਡੇ ਲੋਕਾਂ ਨੇ ਇਤਿਹਾਸ ਨਾ ਬਣਾਇਆ ਹੁੰਦਾ, ਤਾਂ ਫੇਰ ਕੋਈ ਐਸਾ ਕਾਰਨ ਹੀ ਨਹੀਂ ਸੀ ਕਿ ਅਸੀਂ ਉਨ੍ਹਾਂ ਨੂੰ ਫ਼ਿਲਮੀ ਸਤਾਰਿਆਂ ਨਾਲੋਂ ਕੋਈ ਵੱਧ ਮਹੱਤਤਾ ਦਿੰਦੇ। ਵਿਚਾਰ ਵੱਖ ਵੱਖ ਹੁੰਦੇ ਹਨ। ਕੁਝ ਇਸ ਰਾਏ ਤੇ ਜ਼ੋਰ ਦਿੰਦੇ ਹਨ ਕਿ ਕੋਈ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਉਹ ਵਕਤ ਦਾ ਹੀ ਕੀੜਾ ਹੈ-ਵਕਤ ਨੇ ਉਸ ਨੂੰ ਅੱਗੇ ਬੁਲਾਇਆ। ਵਕਤ ਨੇ ਹੀ ਸਭ ਕੁਝ ਕੀਤਾ। ਉਸ ਨੇ ਕੁਝ ਨਹੀਂ ਕੀਤਾ। ਜਿਨਹਾਂ ਦਾ ਇਹ ਵਿਚਾਰ ਹੈ, ਮੇਰੇ ਖ਼ਿਆਲ ਵਿੱਚ ਉਹ ਇਤਿਹਾਸ ਦਾ ਗ਼ਲਤ ਤਰੀਕੇ ਨਾਲ ਲੇਖਾ-ਜੋਖਾ ਕਰਦੇ ਹਨ। ਇਤਿਹਾਸਕ ਤਬਦੀਲੀਆਂ ਲਈ ਤਿੰਨ ਵੱਡੇ ਵਿਚਾਰ ਤੇ ਕਾਰਨ ਦਿਤੇ ਗਏ ਹਨ। ਸਾਡੇ ਸਨਮੁੱਖ "ਆਰਾਸਤਿਅਨ" ਸਿਧਾਂਤਿਕ ਇਤਿਹਾਸ ਰਿਹਾ ਹੈ। ਇਸ ਦੇ ਆਧਾਰ ਤੇ ਇਤਿਹਾਸ ਮਾਨਵਤਾ ਦੇ ਸਾਹਮਣੇ ਇਕ ਦੈਵੀ ਢਾਂਚਾ ਖੋਲ ਕੇ ਰਖਦਾ ਹੈ। ਲੜਾਈਆਂ ਤੇ ਦੁੱਖਾਂ ਵਿਚੋਂ ਦੀ ਲੰਘਦਾ ਇਹ ਦੈਵੀ ਢਾਂਚਾ ਉਸ ਦਿਨ ਪੂਰਾ ਹੋਵੇਗਾ ਜਦੋਂ ਇਨਸਾਫ ਦਾ ਦਿਨ ਆਏਗਾ। "ਬਕਲ" ਦਾ ਵਿਚਾਰ ਇਕ ਹੋਰ ਹੈ। ਉਸ ਮੁਤਾਬਿਕ ਇਤਿਹਾਸ ਦਾ ਆਧਾਰ ਭੂਗੋਲ ਤੇ ਭੌਤਿਕ ਵਿਗਿਆਨ ਤੋਂ ਉਭਰਦਾ ਹੈ। ਕਾਰਲ ਮਾਰਕਸ ਨੇ ਤੀਸਰਾ ਵਿਚਾਰ ਦਿਤਾ ਹੈ। ਉਸ ਮੁਤਾਬਿਕ ਆਰਥਿਕ ਬੰਧਨਾਂ ਵਿਚੋਂ ਦੀ ਜੋ ਨਤੀਜਾ ਨਿਕਲਦਾ ਹੈ ਉਹ ਇਤਿਹਾਸ ਹੈ। ਇਹ ਤਿਨੋਂ ਸਿਧਾਂਤ ਇਹ ਨਹੀਂ ਮੰਨਦੇ ਕਿ ਇਤਿਹਾਸ ਵੱਡੇ ਲੋਕਾਂ ਦੀਆਂ ਜੀਵਨੀਆਂ ਤੇ ਪਲਦਾ ਹੈ। ਇਹ ਤਾਂ ਸਗੋਂ ਇਨਸਾਨ ਨੂੰ ਇਤਿਹਾਸ ਬਨਾਉਣ ਵਿੱਚ ਜਗ੍ਹਾ ਹੀ ਨਹੀਂ ਦਿੰਦੇ। ਆਰਾਸਤਿਅਨ ਸਿਧਾਂਤ ਨੂੰ ਅਧਿਆਤਮਕ ਵਾਦੀਆਂ ਤੋਂ ਬਿਨਾਂ ਹੋਰ ਕੋਈ ਇਤਿਹਾਸ ਉਲੀਕਣ ਵਿੱਚ ਜਗ੍ਹਾ ਨਹੀਂ ਦਿੰਦਾ। ਫੇਰ ਬਕਲ

ਤੇ ਮਾਰਕਸ ਜੋ ਕਹਿ ਰਹੇ ਹਨ ਠੀਕ ਹੈ, ਪਰ ਉਹਨਾਂ ਦੇ ਵਿਚਾਰ ਪੂਰੀ ਸਚਾਈ ਨੂੰ ਨਹੀਂ ਪੇਸ਼ ਕਰਦੇ। ਉਹ ਕਾਫੀ ਗ਼ਲਤ ਹਨ। ਉਹ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਭਾਵਵਾਚਿਕ ਤਾਕਤਾਂ ਹੀ ਸਭ ਕੁਝ ਹਨ ਤੇ ਬੰਦੇ ਦਾ ਇਤਿਹਾਸ ਘੜਣ ਵਿਚ ਕੋਈ ਅੰਸ਼ ਹੀ ਨਹੀਂ ਹੈ। ਇਹ ਨਹੀਂ ਕਿ ਭਾਵਵਾਚਿਕ ਤਾਕਤਾਂ, ਇਕ ਯਕੀਨੀ ਅੰਸ਼ ਨਹੀਂ ਹੈ। ਪਰ ਭਾਵਵਾਚਿਕ ਤਾਕਤਾਂ ਦਾ ਪ੍ਰਭਾਵ ਬੰਦੇ ਤੇ ਨਿਰਧਾਰਿਤ ਹੈ, ਇਹ ਜ਼ਰੂਰ ਹੀ ਮੰਨਿਆ ਜਾਣਾ ਚਾਹੀਦਾ ਹੈ। ਚਮਕਦਾ ਪੱਥਰ ਹਰ ਥਾਂ ਭਾਵੇਂ ਨਾ ਲਭਦਾ ਹੋਵੇ। ਪਰ ਜਿਥੇ ਉਸ ਦੀ ਹੋਂਦ ਹੋਵੇਗੀ ਉਥੇ ਆਦਮੀ ਦੀ ਲੋੜ ਪਵੇਗੀ ਜੋ ਉਸ ਪੱਥਰ ਉਤੇ ਸਟ ਮਾਰ ਮਾਰ ਕੇ ਘੋਗਾ ਪੈਦਾ ਕਰੇਗਾ। ਬੀਜ਼ ਵੀ ਹਰ ਥਾਂ ਤੇ ਨਹੀਂ ਲਭ ਸਕਦੇ। ਪਰ ਜਿਥੇ ਉਹਨਾਂ ਦੀ ਹੋਂਦ ਹੋਵੇਗੀ ਉਥੇ ਆਦਮੀ ਹੀ ਉਹਨਾਂ ਨੂੰ ਪੀਹ ਕੇ ਬਰੀਕ ਚੂਰੇ ਵਿੱਚ ਬਦਲ ਸਕੇਗਾ। ਬੰਦਾ ਹੀ ਉਸ ਨੂੰ ਖੁਸ਼ਨੁਮਾ ਤੇ ਪੋਸ਼ਣ ਅਧਾਰ ਨੁਮਾ ਮਜੂਨ ਬਨਾਉਂਦਾ ਹੈ। ਇਹਨਾਂ ਮੁੱਦਿਆਂ ਤੇ ਹੀ ਖੇਤੀਬਾੜੀ ਦਾ ਨੀਂਹ ਪੱਥਰ ਧਰਿਆ ਗਿਆ ਹੈ। ਕਈ ਥਾਵਾਂ ਧਾਤੂਆਂ ਤੋਂ ਰਹਿਤ ਹਨ। ਪਰ ਜਿਥੇ ਉਹਨਾਂ ਦੀ ਹੋਂਦ ਹੈ ਉਥੇ ਆਦਮੀ ਮਸ਼ੀਨਾ ਤੇ ਕਲ ਪੁਰਜ਼ੇ ਬਣਾਉਂਦਾ ਹੈ, ਤੇ ਇਹਨਾਂ ਤੇ ਸਭਿਅਤਾ ਤੇ ਸੰਸਕ੍ਰਿਤੀ ਟਿਕੀ ਹੋਈ ਹੈ।

ਸਮਾਜਿਕ ਤਾਕਤਾਂ ਨੂੰ ਹੀ ਲੈ ਲਓ। ਬਹੁਤ ਤਰ੍ਹਾਂ ਦੀਆਂ ਦੁਖਦਾਈ ਘਟਨਾਵਾਂ ਵਾਪਰਦੀਆਂ ਹਨ। ਇਹੋ ਜਹੀ ਹੀ ਇਕ ਸਥਿਤੀ ਉਹ ਹੈ ਜਿਸ ਦਾ ਵਰਣਨ ਥੇਯਰ ਨੇ ਥਿਉਡੋਰ ਰੂਜ਼ਵੈਲਟ ਦੀ ਜੀਵਨੀ ਵਿੱਚ ਕੀਤਾ ਹੈ। ਉਨ੍ਹਾਂ ਕਿਹਾ ਹੈ: "ਇਕ ਵਕਤ ਇਹੋ ਜਿਹਾ ਹਰ ਕਬੀਲੇ, ਪਾਰਟੀ ਤੇ ਗਠਬੰਧਨ ਵਿੱਚ ਆਉਂਦਾ ਹੈ ਜਦੋਂ ਉਹ ਹੋਰ ਅੱਗੇ ਵੱਧਦਾ-ਫੁਲਦਾ ਰੁਕ ਜਾਂਦਾ ਹੈ। ਉਸ ਵਕਤ ਉਹਦੀਆਂ ਨਸਾਂ ਸਖ਼ਤ ਹੋ ਜਾਂਦੀਆਂ ਹਨ, ਉਸ ਦੇ ਨੌਜਵਾਨ ਬੰਦਿਆਂ ਲਈ ਕੋਈ ਦੂਰ-ਅੰਦੇਸ਼ੀ ਨਹੀਂ ਰਹਿੰਦੀ, ਬਜ਼ੁਰਗ ਕੋਈ ਸੁਪਨਿਆਂ ਦੀ ਦੁਨੀਆਂ ਨਹੀਂ ਵੇਖਦੇ। ਉਹ ਪੁਰਾਣੇ ਵਕਤ ਵਿੱਚ ਹੀ ਜੀਵਨ ਲਭਦੇ ਹਨ ਤੇ ਬੇਤਹਾਸ਼ਾ ਪੁਰਾਣੇ ਵਕਤਾਂ ਨੂੰ ਹੀ ਸਥਾਈ ਬਣਾਉਂਣ ਵਿੱਚ ਲਗੇ ਰਹਿੰਦੇ ਹਨ। ਰਾਜਨੀਤੀ ਵਿੱਚ ਜਦੋਂ ਇਸ ਤਰ੍ਹਾਂ ਦੀ ਪੱਥਰ ਨੁਮਾ ਸਥਿਤੀ ਆ ਜਾਂਦੀ ਹੈ ਤਾਂ ਅਸੀਂ ਇਸ ਨੂੰ ਪਿਛਾਂਹ ਖਿੱਚੂ ਵਿਚਾਰ ਕਹਿੰਦੇ ਹਾਂ। ਪਿਛਾਂਹ ਖਿੱਚੂ ਵਿਚਾਰ ਦੀ ਇਹੋ ਪੱਕੀ ਨਿਸ਼ਾਨੀ ਹੁੰਦੀ ਹੈ ਕਿ ਬੰਦੇ ਨੂੰ ਉਵੇਂ ਹੀ ਪਤਾ ਨਹੀਂ ਲਗਦਾ ਹੈ ਜਿਵੇਂ ਜਿਗਰ ਦੇ ਕੈਂਸਰ ਬਾਰੇ ਮਰੀਜ਼ ਨੂੰ ਪਤਾ ਨਹੀਂ ਲਗਦਾ। ਉਸ ਨੂੰ ਆਪਣਾ ਕੋਈ ਇਲਾਜ਼ ਲਭਣ ਦਾ ਵੀ ਕਾਰਨ ਨਹੀਂ ਮਹਿਸੂਸ ਹੁੰਦਾ। ਆਪਣੇ ਆਪ ਨੂੰ ਜਦੋਂ ਉਹ ਮਾਹੌਲ ਵਿੱਚ ਢਾਲਣ ਤੋਂ ਅਸਮਰਥ ਹੋ ਜਾਂਦਾ ਹੈ ਤਾਂ ਉਹ ਆਪਣੇ ਅਤੀਤ ਤੇ ਹੋਰ ਨਿਰਭਰ ਹੋ ਜਾਂਦਾ ਹੈ। ਉਵੇਂ ਹੀ ਜਿਵੇਂ ਇਕ ਬਜ਼ੁਰਗ ਆਪਣੀ ਘੱਸੀ-ਪੁਰਾਣੀ ਕੁਰਸੀ ਵਿੱਚ ਧੱਸ ਪੈਂਦਾ ਹੈ।"

ਦੂਜੇ ਕਿਸਮ ਦੇ ਹਾਲਾਤ ਵਿੱਚ ਸਿਰਫ ਨਿਘਾਰ ਹੀ ਨਹੀਂ ਨਾਸ਼ ਵੀ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤ ਤਾਂ ਉਸ ਹਰ ਜਗ੍ਹਾ ਹੋਣਗੇ ਜਿਥੇ ਭਿਅੰਕਰਤਾ ਦੇ ਆਸਾਰ ਹੋਣਗੇ। ਪੁਰਾਣੇ ਤਰੀਕੇ, ਪੁਰਾਣੇ ਵਿਚਾਰ ਤੇ ਪੁਰਾਣੀਆਂ ਆਦਤਾਂ ਸਮਾਜ ਨੂੰ ਉਪਰ ਚੁੱਕੇ ਕੇ, ਠੀਕ ਸੇਧ ਦੇ ਸਕਣ ਵਿੱਚ ਅਸਮਰੱਥ ਰਹਿੰਦੀਆਂ ਹਨ। ਜਿੰਨੀ ਦੇਰ ਨਵੇਂ ਨਹੀਂ ਲਭੇ ਜਾਂਦੇ, ਉਨੀ ਦੇਰ ਜ਼ਿੰਦਗੀ ਦੇ ਸਥਾਈ ਰਹਿ ਸਕਣ ਵਿੱਚ ਵੀ ਅਸਥਿਰਤਾ ਰਹਿੰਦੀ ਹੈ। ਕਿਸੇ ਵੀ ਸਮਾਜ ਵਿੱਚ ਸਾਰਾ ਕੁਝ ਸਾਰਾ ਵਕਤ ਠੀਕ ਨਹੀਂ ਨਿਭਦਾ ਰਹਿੰਦਾ। ਇਹੋ ਜਹੇ ਵਕਤ ਵੀ ਆਉਂਦੇ ਹਨ ਜਦੋਂ ਨਿਘਾਰ ਹੀ ਨਿਘਾਰ ਹੁੰਦਾ ਜਾਂਦਾ ਹੈ, ਤੇ ਉਸ ਦੇ ਢਾਹੂ ਅਸਰ ਨਜ਼ਰ ਆਉਂਦੇ ਹਨ, ਜਿਨ੍ਹਾਂ

ਵਿਚੋਂ ਦੀ ਸਮਾਜ ਨੂੰ ਲੰਘਣਾ ਪੈਂਦਾ ਹੈ। ਅਜਿਹੇ ਹਾਲਾਤ ਵਿਚੋਂ ਕੁਝ ਬਚ ਨਿਕਲਦੇ ਹਨ, ਕੁਝ ਉਜੜ ਹੀ ਜਾਂਦੇ ਹਨ ਤੇ ਕੁਝ ਇਕੋ ਥਾਂ ਅੜ ਜਾਂਦੇ ਨੇ ਤੇ ਨਸ਼ਟ ਹੋ ਜਾਂਦੇ ਹਨ। ਇੰਜ ਕਿਉਂ ਹੁੰਦਾ ਹੈ? ਇੰਜ ਕਿਵੇਂ ਹੋ ਜਾਂਦਾ ਹੈ, ਕੁਝ ਜਿਉਂਦੇ ਕਿਵੇਂ ਰਹਿ ਜਾਂਦੇ ਹਨ? ਇਸ ਦਾ ਜਵਾਬ ਕਾਰਲੇ ਨੇ ਦਿਤਾ ਹੈ। ਉਹ ਆਪਣੇ ਹੀ ਤਰੀਕੇ ਨਾਲ, ਦੱਸਦੇ ਹਨ "ਕੋਈ ਵਕਤ" ਨਾਸ਼ ਦੇ ਰਾਹ ਨਹੀਂ ਪੈ ਸਕਦਾ, ਜੇ ਕਿਧਰੇ ਉਸ ਨੂੰ ਉਚੇ, ਸਮਝਦਾਰ ਸਿਆਣੇ ਤੇ ਚੰਗੇ ਆਦਮੀ ਮਿਲਦੇ ਰਹਿਣ। ਜੇ ਕਿਧਰੇ ਇਤਨੀ ਸਿਆਣਤ ਲਭ ਜਾਂਦੀ ਜਿਸ ਨਾਲ ਸਹੀ ਤਰੀਕੇ ਨਾਲ ਵਕਤ ਦੀ ਲੋੜ ਦਾ ਭੇਦ ਮਿਲ ਜਾਂਦਾ, ਪੂਰੀ ਤਾਕਤ ਨਾਲ ਸਿਧੇ ਰਾਹ ਤੇ ਰਹਿਨੁਮਾਈ ਕਰਨ ਦਾ ਢੰਗ ਲਭਦਾ ਸਮਾਜ ਕਿਸੇ ਵੀ ਵਕਤ ਵਿੱਚ ਆਪਣੀ ਮੁਕਤੀ ਲਭ ਸਕਦੇ ਸੀ।

ਮੈਨੂੰ ਤਾਂ ਇਹੋ ਇਕ ਫੈਸਲਾ-ਕੁੰਨ ਜਵਾਬ, ਉਹਨਾਂ ਲੋਕਾਂ ਲਈ ਪ੍ਰਤੀਤ ਹੁੰਦਾ ਹੈ ਜੋ ਇਤਿਹਾਸ ਦੇ ਬਹਾਉ ਵਿੱਚ ਬੰਦੇ ਨੂੰ ਕੋਈ ਥਾਂ ਹੀ ਨਹੀਂ ਦਿੰਦਾ। ਸੰਕਟਕਾਲ ਦਾ ਮੁਕਾਬਲਾ ਤਾਂ ਨਵੇਂ ਰਾਹ ਲਭਕੇ ਹੀ ਹੋ ਸਕਦਾ ਹੈ। ਜਿਥੇ ਕਿਧਰੇ ਨਵੇਂ ਰਾਹ ਨਹੀਂ ਲਭਦੇ ਉਥੇ ਸਮਾਜ ਨਿਘਰਦਾ ਹੀ ਹੈ। ਵਕਤ ਨਾਲ ਵੀ ਨਵੇਂ ਰਾਹ ਲਭ ਸਕਦੇ ਹਨ। ਪਰ ਠੀਕ ਰਾਹ ਤੇ ਪੈਰ ਧਰ ਸਕਣਾ ਵਕਤ ਦਾ ਕੰਮ ਨਹੀਂ ਹੈ। ਇਹ ਆਦਮੀ ਦਾ ਹੀ ਕੰਮ ਹੈ। ਬੰਦਾ, ਇਸ ਲਈ, ਇਤਿਹਾਸ ਬਨਾਉਣ ਦਾ ਇਕ ਅੰਸ਼ ਹੈ ਤੇ ਵਾਤਾਵਰਨ ਦਾ ਜ਼ੋਰ, ਭਾਵੇਂ ਇਕਲੇ ਦਾ ਹੋਵੇ ਜਾਂ ਪੂਰੇ ਸਮਾਜ ਦਾ ਭਾਵੇਂ ਪਹਿਲਾ ਹੋਵੇ, ਉਹ ਕਦੇ ਅਖ਼ੀਰਲਾ ਤਰੀਕਾ ਨਹੀਂ ਹੋ ਸਕਦਾ।

## 3

ਮਹਾਨ ਆਦਮੀ ਕਿਸ ਨੂੰ ਕਿਹਾ ਜਾਵੇ? ਜੇ ਫੌਜ਼ੀ ਯੋਧਿਆਂ ਨੂੰ ਕਿਹਾ ਜਾਵੇ ਜਿਵੇਂ ਸਿਕੰਦਰ, ਅਤਿੱਲਾ, ਸੀਜ਼ਰ ਤੇ ਤੈਮੂਰ ਤਾਂ ਸਵਾਲ ਦਾ ਜਵਾਬ ਮੁਸ਼ਕਲ ਨਹੀਂ ਹੈ। ਫੌਜੀ ਆਦਮੀ ਯੁੱਧ ਕਰਦੇ ਹਨ ਤੇ ਯੁੱਧ ਨਾਲ ਵੱਡੇ ਵੱਡੇ ਬਦਲਾਉ ਲਿਆਉਂਦੇ ਹਨ। ਉਹ ਆਪਣੀਆਂ ਬੇਮਿਸਾਲ ਬਹਾਦਰੀਆਂ ਸਦਕਾ ਆਪਣੇ ਸਮਕਾਲੀਨ ਲੋਕਾਂ ਨੂੰ ਚਕਾਚੌਂਦ ਕਰਦੇ ਹਨ। ਉਹਨੂੰ ਮਹਾਨ ਕਹਿਣ ਕਹਾਉਣ ਲਈ ਇਜ਼ਹਾਰ ਨਹੀਂ ਕਰਨਾ ਪੈਂਦਾ। ਉਹ ਤਾਂ ਹੁੰਦੇ ਹੀ ਮਹਾਨ ਹਨ। ਜਿਵੇਂ ਬੱਬਰ ਸ਼ੇਰ ਹਿਰਨਾਂ ਵਿੱਚ ਹੁੰਦਾ ਹੈ, ਉਵੇਂ ਹੀ ਇਹ ਹੋਰਾਂ ਆਦਮੀਆਂ ਵਿੱਚ ਹੁੰਦੇ ਹਨ। ਪਰ ਇਹ ਵੀ ਉਨਾਂ ਹੀ ਸੱਚ ਹੈ ਕਿ ਇਨ੍ਹਾਂ ਦੇ ਸਥਾਈ ਰੂਪ ਵਿੱਚ ਮਾਨਵ ਇਤਿਹਾਸ ਤੇ ਬਹੁਤ ਥੋੜ੍ਹਾ ਅਸਰ ਹੁੰਦਾ ਹੈ। ਇਨ੍ਹਾਂ ਦੀਆਂ ਜਿੱਤਾਂ ਤੇ ਹਾਰਾਂ ਸੁੰਗੜ ਕੇ ਰਹਿ ਜਾਂਦੀਆਂ ਹਨ। ਨੈਪੋਲੀਅਨ ਜਿਹੇ ਮਹਾਨ ਜਰਨੈਲ ਨੇ ਆਪਣੀਆਂ ਇਤਨੀਆਂ ਲੜਾਈਆਂ ਦੀਆਂ ਜਿੱਤਾਂ ਬਾਅਦ ਵੀ ਫਰਾਂਸ ਨੂੰ ਉਸ ਤੋਂ ਛੋਟਾ ਹੀ ਬਣਾਇਆ, ਜਿਹੜਾ ਉਸ ਨੂੰ ਮਿਲਿਆ ਸੀ। ਦੂਰ ਤੋਂ ਜਦੋਂ ਵੇਖੀਏ ਤੇ ਜੇ ਜ਼ਰੂਰੀ ਹੀ ਹੋਵੇ ਤਾਂ ਉਹ ਸੰਸਾਰ ਦੀਆਂ ਘਟਨਾਵਾਂ ਤੇ ਘਾਲਣਾ ਵਿੱਚ ਕੁਝ ਵਕਤ ਲਈ ਹੀ ਦਿਸਦੇ ਹਨ। ਉਹ ਕਿਸੇ ਵੀ ਤਰ੍ਹਾਂ ਸਮਾਜ ਤੇ ਆਚਰਣ ਤੇ ਸਥਾਈ ਛਾਪ ਨਹੀਂ ਛੱਡਦੇ, ਜਿਸ ਵਿੱਚ ਉਹ ਰਹਿੰਦੇ ਹਨ। ਉਨ੍ਹਾਂ ਦੇ ਜੀਵਨ ਵਿਸਥਾਰ ਤੇ ਇਖ਼ਲਾਕ ਦੀਆਂ ਕਹਾਣੀਆਂ ਦਿਲਚਸਪ ਤਾਂ ਹੋ ਸਕਦੀਆਂ ਹਨ, ਪਰ ਉਹ ਸਮਾਜ ਤੇ ਅਸਰ ਨਹੀਂ ਕਰਦੀਆਂ ਤੇ ਕਿਸੇ ਵੀ ਤਰ੍ਹਾਂ ਉਸ ਦੇ ਪਰਿਵਰਤਨ ਤੇ ਨਾ ਪ੍ਰਭਾਵ ਪਾ ਸਕਦੀਆਂ ਹਨ ਤੇ ਨਾ ਹੀ ਕੋਈ ਪਰਿਵਰਤਨ ਲਿਆਉਣ ਵਿੱਚ ਸਫਲ ਹੁੰਦੀਆਂ ਹਨ।

ਜਦੋਂ ਪ੍ਰਸ਼ਨ ਕਿਸੇ ਅਜਿਹੇ ਵਿਅਕਤੀ ਬਾਰੇ ਪੁੱਛਿਆ ਜਾਵੇ ਜੋ ਫੌਜੀ ਜਰਨੈਲ ਨਾ ਹੋਵੇ

ਤਾਂ ਜਵਾਬ ਦੇਣਾ ਔਖਾ ਹੋ ਜਾਂਦਾ ਹੈ ਕਿਉਂਕਿ ਉਸ ਵੇਲੇ ਇਹ ਪ੍ਰਸ਼ਨ ਕਸੌਟੀ ਜਾਂ ਜਾਂਚ ਦਾ ਪ੍ਰਸ਼ਨ ਹੋ ਜਾਂਦਾ ਹੈ। ਵੱਖਰੇ ਲੋਕਾਂ ਦੀ ਵੱਖਰੀ ਕਸੌਟੀ ਹੁੰਦੀ ਹੈ।

ਨਾਇਕ ਪੂਜਕਾਂ ਦੇ ਸਮਰੱਥ ਕਾਰਲਾਇਲ ਨੇ ਆਪਣੀ ਕਸੌਟੀ ਆਪ ਹੀ ਬਣਾਈ ਸੀ। ਉਸਦੀ ਵਿਆਖਿਆ ਇਉਂ ਹੈ:- ਲੇਕਿਨ ਵਿਸ਼ੇਸ਼ ਰੂਪ ਵਿੱਚ ਮਹਾਪੁਰਸ਼ ਦੇ ਬਾਰੇ ਮੈਂ ਦ੍ਰਿੜ੍ਹ ਨਿਸ਼ਚੇ ਨਾਲ ਇਹ ਕਹਿਣ ਦਾ ਅਹਿਸਾਸ ਕਰਾਂਗਾ ਕਿ ਉਸ ਵਿਅਕਤੀ ਤੇ ਤਾਂ ਵਿਸ਼ਵਾਸ ਹੀ ਨਹੀਂ ਕੀਤਾ ਜਾ ਸਕਦਾ ਜਿੰਨਾ ਚਿਰ ਤਕ ਉਹ ਸੰਪੂਰਨ ਵਿਅਕਤੀ ਨਾ ਹੋਵੇ। ਮੈਂ ਉਸ ਨੂੰ ਨਿਸ਼ਠਾਵਾਨ ਵਿਅਕਤੀ ਕਹਾਂਗਾ। ਇਹ ਨਿਸ਼ਠਾ ਵੀ ਡੂੰਘੀ ਅਤੇ ਖਰੀ ਹੋਣੀ ਚਾਹੀਦੀ ਹੈ। ਸਾਰੇ ਬਹਾਦਰਾਂ ਵਿੱਚ ਗੁਣ ਸਰਵ ਸਮਰੱਥ ਹੈ।

ਕਾਰਲਾਇਕ ਨੇ ਨਿਸ਼ਚਤ ਢੰਗ ਨਾਲ ਸੱਚਾਈ ਦੀ ਆਪਣੀ ਪਰਿਭਾਸ਼ਾ ਵਿਸ਼ੇਸ਼ ਰੂਪ ਵਿੱਚ ਦਿੱਤੀ ਹੈ ਅਤੇ ਅਜਿਹਾ ਕਰਨ ਵਿੱਚ ਪਾਠਕਾਂ ਨੂੰ ਇਸ ਗੱਲ ਦੀ ਚਿਤਾਵਨੀ ਦਿੱਤੀ ਹੈ ਕਿ ਇਸਦੀ ਵਿਆਖਿਆ ਕਰਨ ਵਿੱਚ ਸੱਚਾਈ ਦੇ ਮਜ਼ਮੂਨ ਤੇ ਉਨ੍ਹਾਂ ਦੇ ਇਹ ਵਿਚਾਰ ਹਨ: ਉਹ ਸੱਚਾਈ ਨਹੀਂ ਹੈ ਜੋ ਖ਼ੁਦ ਨੂੰ ਸੱਚਾ ਕਹਿੰਦੀ ਹੈ। ਉਹ ਬਿਲਕੁਲ ਨਹੀਂ। ਉਹ ਅਸਲ ਵਿੱਚ ਤੁੱਛ ਜਿਹੀ ਗੱਲ ਹੈ। ਇਹ ਇਕ ਖੋਖਲੀ ਆਤਮ-ਵਿਰੋਧੀ, ਸਵੈ-ਆਰੋਪਿਤ ਸੱਚਾਈ ਜੋ ਜ਼ਿਆਦਾਤਰ ਅਭਿਮਾਨ ਅਤੇ ਹੰਕਾਰ ਭਰੀ ਹੁੰਦੀ ਹੈ। ਮਹਾਪੁਰਸ਼ ਦੀ ਸੱਚਾਈ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਉਸ ਦੇ ਸਬੰਧ ਵਿੱਚ ਉਹ ਕੁਝ ਬੋਲ ਹੀ ਨਹੀਂ ਸਕਦਾ। ਉਸ ਦਾ ਤਾਂ ਉਸ ਨੂੰ ਗਿਆਨ ਹੀ ਨਹੀਂ ਹੁੰਦਾ।

ਲਾਰਡ ਰੋਜ਼ਬਰੀ ਨੇ ਨੈਪੋਲੀਅਨ ਸਬੰਧੀ ਇਕ ਹੋਰ ਵੀ ਮਿਆਰ ਸਥਾਪਤ ਕਰ ਲਿਆ ਸੀ। ਨੈਪੋਲੀਅਨ ਜਿਥੇ ਇਕ ਬਹੁਤ ਵੱਡਾ ਜਰਨੈਲ ਸੀ ਉਥੇ ਉਹ ਬਹੁਤ ਵੱਡਾ ਪ੍ਰਸ਼ਾਸਕ ਵੀ ਸੀ। ਕੀ ਨੈਪੋਲੀਅਨ ਮਹਾਨ ਸੀ ? ਇਸ ਸਵਾਲ ਦਾ ਉੱਤਰ ਦਿੰਦੇ ਹੋਏ ਰੋਜ਼ਬਰੀ ਨੇ ਨਿਮਨ ਲਿਖਤ ਭਾਸ਼ਾ ਵਰਤੀ ਹੈ:

"ਜੇ ਮਹਾਨ" ਨੂੰ ਇਖ਼ਲਾਕੀ ਖੂਬੀਆਂ ਦੇ ਨਾਲ ਲਿਆਕਤ ਦਾ ਜੋੜ ਕਿਹਾ ਜਾਵੇ ਤਾਂ ਉਹ ਕਦੇ ਵੀ ਮਹਾਨ ਨਹੀਂ ਹੋ ਸਕਦੇ। ਲੇਕਿਨ ਜੇ ਇਹ ਮੰਨਿਆ ਜਾਵੇ ਉਹ ਮਹਾਨ ਇਸ ਕਰਕੇ ਸੀ, ਕਿਉਂਕਿ ਉਹ ਬਹੁਤ ਹੀ ਵਿਸ਼ੇਸ਼ ਤੇ ਉਚ ਕੋਟੀ ਦਾ ਸੀ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਹੋਵੇਗਾ। ਜੇ ਪ੍ਰਮੁੱਖ ਢੰਗ ਨਾਲ ਮਹਾਨਤਾ ਕੁਦਰਤੀ ਤਾਕਤਾਂ ਨਾਲ ਬਣੀ ਹੋਈ ਹੈ, ਜਿਵੇਂ ਮਾਨਵਤਾ ਮਨੁੱਖ ਤੋਂ ਉਚੇਰੀ ਹੋਵੇ, ਤਾਂ ਫਿਰ ਨੈਪੋਲੀਅਨ ਪੱਕੇ ਤੌਰ ਤੇ ਮਹਾਨ ਹੈ। ਇਸ ਤੋਂ ਇਲਾਵਾ, ਨਾ ਬਿਆਨਿਆ ਜਾਣ ਵਾਲਾ ਉਹ ਲਿਸ਼ਕਾਰਾ, ਜਿਸ ਨੂੰ ਅਸੀਂ ਪ੍ਰਮੁੱਖ ਬੁੱਧੀਵਾਨ ਕਹਿ ਸਕਦੇ ਹਾਂ, ਉਹ ਲਿਆਕਤ ਤੇ ਤਾਕਤ ਦੇ ਗੰਢ-ਜੋੜ ਦੇ ਬੰਧਨ ਦੀ ਪ੍ਰਤੀਬੱਧਤਾ ਕਰਦਾ ਹੈ, ਜਿਸ ਦੀ ਸ਼ਾਇਦ ਕਦੇ ਵੀ ਕਿਸੇ ਨੇ ਬਰਾਬਰੀ ਨਾਂ ਕੀਤੀ ਹੋਵੇ, ਅਤੇ ਨਾ ਹੀ ਕਦੇ ਉਸ ਨੂੰ ਕੋਈ ਲਿਤਾੜ ਸਕਿਆ ਹੋਵੇ।"

ਇੱਕ ਹੋਰ ਤੀਜੀ ਜਾਂਚ-ਮਿਆਰ ਦਾਰਸ਼ਨਿਕਾਂ ਨੇ ਸੁਝਾਈ ਹੈ। ਯਾ ਇਉਂ ਕਹੋ, ਲੋਕ ਕਹਿੰਦੇ ਹਨ ਕਿ ਜੋ ਆਦਮੀ ਕਾਰ-ਵਿਹਾਰ ਤੇ ਦੈਵੀ-ਮਾਰਗ ਦਰਸ਼ਨ ਵਿੱਚ ਯਕੀਨ ਕਰਦਾ ਹੈ ਉਨ੍ਹਾਂ ਦਾ ਆਦਮੀ ਦੇ ਮਹਾਨ ਹੋਣ ਦਾ ਨੁਕਤਾ ਹੀ ਵਖ਼ਰਾ ਹੁੰਦਾ ਹੈ। ਉਨ੍ਹਾਂ ਦੇ ਵਿਚਾਰਾਂ ਦਾ ਸਾਰਾਂਸ਼ ਇਹੋ ਹੈ ਜਿਵੇਂ ਰੋਜ਼ਬਰੀ ਨੇ ਕਿਹਾ ਹੈ, ਮਹਾਨ ਆਦਮੀ ਇਸ ਧਰਤੀ ਤੇ ਭੇਜਿਆ

ਜਾਂਦਾ ਹੈ, ਜੋ ਇਕ ਕੁਦਰਤੀ ਤੇ ਮਹਾਂ-ਕੁਦਰਤੀ ਤਾਕਤ ਵਾਂਗ ਝਾੜੂ-ਬਰਦਾਰ ਤੇ ਸਫ਼ਾਈ ਕਰਨ ਵਾਲਾ ਵਰਦਾਨ ਪ੍ਰਾਪ੍ਤ ਵਿਅਕਤੀ ਹੁੰਦਾ ਹੈ ਜੋ ਸਮਾਜ ਨੂੰ ਸਾਫ਼ ਕਰਦਾ ਹੈ ਤੇ ਠੀਕ ਰਾਹ ਤੇ ਚਲਣ ਦੀ ਸੇਧ ਦਿੰਦਾ ਹੈ ਤੇ ਉਹ ਇਕ ਬਹੁਤ ਵੱਡੇ ਚੀਰ-ਫਾੜ ਦੇ ਕੰਮ ਵਿੱਚ ਜੁੱਟਿਆ ਰਹਿੰਦਾ ਹੈ। ਉਹ ਇਸ ਤਰ੍ਹਾਂ ਇੱਕ ਤੇ ਵਰਾਟਰੂਪੀ ਕਾਰਜ ਕਰ ਰਿਹਾ ਹੁੰਦਾ ਹੈ। ਇਹ ਸਭ ਕੁਝ ਸਮਾਜ ਨੂੰ ਪੁਨਰਜਨਮ ਦੇਣ ਲਈ ਹੀ ਕਰਦਾ ਹੈ।

ਇਨ੍ਹਾਂ ਵਿਚੋਂ ਕਿਹੜੀ ਕਸੌਟੀ ਸੱਚੀ ਹੈ? ਮੇਰੇ ਵਿਚਾਰ ਵਿੱਚ ਸਾਰੀਆਂ ਕਸੌਟੀਆਂ ਅਧੂਰੀਆਂ ਹਨ ਤੇ ਕੋਈ ਵੀ ਪੂਰੀ ਨਹੀਂ ਹੈ। ਦ੍ਰਿੜ੍ਹਤਾ ਜਾਂ ਸੱਚਾਈ ਮਹਾਂਪੁਰਸ਼ ਦਾ ਬਹੁਤ ਜ਼ਰੂਰੀ ਮਿਆਰ ਹੈ। ਕਲੀਮਿਨਸਉ ਨੇ ਇਕ ਵਾਰੀ ਕਿਹਾ ਹੈ ਕਿ ਬਹੁਤ ਰਾਜਨੇਤਾ ਕੁਕਰਮੀ ਹੁੰਦੇ ਹਨ। ਰਾਜ-ਨੇਤਾ ਜ਼ਰੂਰੀ ਨਹੀਂ ਕਿ ਮਹਾਨ ਆਦਮੀ ਹੋਣ ਤੇ ਇਹ ਬਹੁਤ ਹੱਦ ਤੱਕ ਦਰੁਸਤ ਹੋਵੇ ਕਿ ਇਨ੍ਹਾਂ ਦਾ ਵਿਚਾਰ ਉਨ੍ਹਾਂ ਦੇ ਆਪਣੇ ਤਜ਼ਰਬਿਆਂ ਦਾ ਸਿੱਟਾ ਹੋਵੇ, ਜਿਨ੍ਹਾਂ ਵਿੱਚ ਭਰੋਸੇ ਦੀ ਘਾਟ ਰਹੀ ਹੋਵੇ। ਫਿਰ ਵੀ ਇਹ ਮੰਨਣ ਲਈ ਕੋਈ ਵੀ ਤਿਆਰ ਨਹੀਂ ਹੋਵੇਗਾ ਕਿ ਭਰੋਸਾ ਪਹਿਲੀ ਤੇ ਕੱਲਮਕਲੀ ਕਸਵੱਟੀ ਹੈ। ਕਿਉਂ ਕਿ ਭਰੋਸਾ ਹੀ ਕਾਫ਼ੀ ਨਹੀਂ। ਇਸ ਲਈ ਮਹਾਨ ਆਦਮੀ ਪਾਸ ਦ੍ਰਿੜ੍ਹਤਾ ਜ਼ਰੂਰੀ ਹੋਣੀ ਚਾਹੀਦੀ ਹੈ। ਇਹ ਤਾਂ ਸਾਰੀਆਂ ਸਿਧਾਂਤਕ ਖੂਬੀਆਂ ਦਾ ਨਿਚੋੜ ਹੈ, ਇਸ ਤੋਂ ਬਗੈਰ ਕੋਈ ਵੀ ਆਦਮੀ ਮਹਾਨ ਨਹੀਂ ਕਹਿਲਾ ਸਕਦਾ। ਲੇਕਿਨ, ਇਸ ਤੋਂ ਇਲਾਵਾ ਹੋਰ ਵੀ ਕੁਝ ਗੁਣ ਹੋਵੇਗਾ। ਨਿਰੇ ਭਰੋਸੇ ਤੇ ਟਿਕ ਕੇ ਹੀ ਆਦਮੀ ਮਹਾਨ ਨਹੀਂ ਬਣ ਸਕਦਾ। ਆਦਮੀ ਭਰੋਸੇਯੋਗ ਹੋ ਸਕਦਾ ਹੈ ਤੇ ਨਾਲ ਹੀ ਬੇਵਕੂਫ ਵੀ ਹੋ ਸਕਦਾ ਹੈ ਇਕ ਮੂਰਖ ਆਦਮੀ ਤੇ ਇਕ ਮਹਾਪੁਰਖ ਦੇ ਉਲਟ ਹੁੰਦਾ ਹੈ। ਅਜਿਹਾ ਆਦਮੀ ਉਹੀ ਮਹਾਨ ਹੁੰਦਾ ਹੈ ਜਿਹੜਾ ਸਮਾਜ ਉਤੇ ਪਈ ਬਿਪਤਾ ਦੀ ਘੜੀ ਉਸ ਨੂੰ ਬਚਾਉਣ ਦਾ ਰਾਹ ਲਭ ਸਕਦਾ ਹੋਵੇ। ਪਰ ਕਿਹੜੀ ਸ਼ਹਿ ਉਸ ਨੂੰ ਇਹ ਰਾਹ ਲਭਣ ਦਾ ਢੰਗ ਦੱਸੇਗੀ। ਇਹ ਉਹ ਸਿਰਫ਼ ਆਪਣੀ ਲਿਆਕਤ ਦੇ ਜ਼ੋਰ ਤੇ ਹੀ ਕਰ ਸਕਦਾ ਹੈ। ਲਿਆਕਤ ਹੀ ਰੌਸ਼ਨੀ ਹੈ। ਇਸ ਤੋਂ ਇਲਾਵਾ ਹੋਰ ਕੁਝ ਵੀ ਕੰਮ ਨਹੀਂ ਆ ਸਕਦਾ। ਇਹ ਇਕ ਠੋਸ ਗੱਲ ਹੈ ਕਿ ਭਰੋਸੇ ਤੇ ਲਿਆਕਤ ਤੋਂ ਬਗ਼ੈਰ ਕੋਈ ਆਦਮੀ ਮਹਾਨ ਨਹੀਂ ਬਣ ਸਕਦਾ। ਕੀ ਇਤਨਾ ਹੀ ਕਾਫ਼ੀ ਹੈ ਜੋ ਆਦਮੀ ਨੂੰ ਮਹਾਨ ਬਣਾ ਦੇਵੇ। ਇਸ ਥਾਂ ਆ ਕੇ ਸਾਨੂੰ, ਮੇਰੇ ਵਿਚਾਰ ਵਿੱਚ, ਇਕ ਮੰਨੇ ਪਰਮੰਨੇ ਵਿਅਕਤੀ ਵਿੱਚ ਤੇ ਮਹਾਨ ਆਦਮੀ ਵਿੱਚ ਫ਼ਰਕ ਜ਼ਰੂਰ ਲੱਭਣਾ ਚਾਹੀਦਾ ਹੈ। ਕਿਉਂ ਜੋ ਮੈਨੂੰ ਯਕੀਨ ਹੈ ਕਿ ਇਕ ਮਹਾਨ ਆਦਮੀ ਕਾਫ਼ੀ ਹੱਦ ਤੱਕ ਇਕ ਮੰਨੇ ਪ੍ਰਮੰਨੇ ਵਿਅਕਤੀ ਤੋਂ ਵੱਖਰਾ ਹੁੰਦਾ ਹੈ। ਨਿਸ਼ਕਪਟਤਾ ਤੇ ਲਿਆਕਤ ਕਾਫ਼ੀ ਹਨ, ਜਿਸ ਨਾਲ ਕਿਸੇ ਆਦਮੀ ਦਾ ਹੋਰਨਾਂ ਨਾਲੋਂ ਪ੍ਰਸਿੱਧੀ ਦੇ ਪੱਖੋਂ ਫਰਕ ਕੀਤਾ ਜਾ ਸਕਦਾ ਹੈ। ਪਰ ਇਹ ਕਾਫ਼ੀ ਨਹੀਂ ਹਨ ਜਿਸ ਨਾਲ ਮਹਾਨ ਆਦਮੀ ਹੋਣ ਦਾ ਮਾਣ ਮਿਲ ਸਕੇ। ਮਹਾਨ ਆਦਮੀ ਕੋਲ ਇਕ ਸਿਰਫ ਪ੍ਰਸਿੱਧ ਆਦਮੀ ਨਾਲੋਂ, ਕੁਝ ਵੱਧ ਹੋਰ ਲੋੜੀਂਦਾ ਹੈ। ਲੋੜੀਂਦੀ ਸ਼ੈ ਕੀ ਹੋ ਸਕਦੀ ਹੈ। ਇਥੇ ਸਿਧਾਂਤਕ ਦੀ ਮਹਾਨ ਆਦਮੀ ਬਾਰੇ ਦਿੱਤੀ ਵਿਆਖਿਆ ਦੀ ਵਿਸ਼ੇਸ਼ਤਾ ਸਹਮਣੇ ਆਉਂਦੀ ਹੈ। ਮਹਾਨ ਆਦਮੀ ਆਪਣੇ ਦ੍ਰਿੜ੍ਹ ਇਰਾਦਿਆਂ ਨਾਲ ਸ਼ਕਤੀਸ਼ਾਲੀ ਤਾਕਤਾਂ ਸਮੇਤ ਸਮਾਜਕ ਰੁਝਾਂਣਾਂ ਵਿੱਚ, ਜ਼ਰੂਰ ਹੀ ਜੁਟਿਆ ਹੁੰਦਾ ਹੈ ਜ਼ਰੂਰ ਹੀ ਆਪਣੇ ਸਮਾਜ ਦਾ ਝਾੜੂ ਬਰਦਾਰ ਤੇ ਸਫ਼ਾਈ ਦਾ ਮੋਢੀ ਹੋ ਕੇ ਕੰਮ ਕਰਦਾ ਹੈ। ਇਹੋ ਜ਼ਰੂਰੀ ਅੰਸ਼ ਹਨ ਜੋ ਇੱਕ ਪ੍ਰਸਿੱਧ ਆਦਮੀ ਨਾਲੋਂ ਮਹਾਨ ਆਦਮੀ ਨੂੰ ਵੱਖਰਾ ਕਰਦੇ

ਹਨ ਤੇ ਉਸਦੇ ਕੰਮਾਂ ਨੂੰ ਇੱਜ਼ਤ ਤੇ ਸ਼ਰਧਾ ਦੇ ਨਾਮਾਂ ਨਾਲ ਨਿਵਾਜਦੇ ਹਨ।

## 4

ਕੀ ਰਾਨਾਡੇ ਮਹਾਨ ਪੁਰਖ ਸਨ? ਯਕੀਨਨ ਉਹ ਆਪਣੇ ਆਪ ਵਿੱਚ ਮਹਾਨ ਸਨ। ਉਨ੍ਹਾਂ ਦਾ ਸਡੌਲ ਸਰੀਰ ਸੀ ਉਨ੍ਹਾਂ ਦਾ ਸੁਭਾ ਬੜਾ ਹੀ ਹਸਮੁੱਖ ਸੀ। ਉਹ ਹੋਰਾਂ ਲਈ ਖੁਸ਼ੀ ਦਾ ਸੋਮਾ ਸਨ। ਹਰ ਮਾਹੌਲ ਵਿੱਚ ਹਰ ਤਰ੍ਹਾਂ ਦੇ ਲੋਕਾਂ ਵਿੱਚ ਢਲਕੇ ਉਹ ਖੁਦ ਹੀ ਖੁਸ਼ੀ ਅਨੁਭਵ ਕਰਦੇ ਸਨ। ਉਨ੍ਹਾਂ ਪਾਸ ਉਹ ਸਰਬਗਤਾ ਸੀ ਜੋ ਸਾਰੇ ਨੀਤੀਵਾਨਾਂ ਕੋਲ ਹੁੰਦੀ ਹੈ। ਇਹ ਸਰਬਗਤਾ ਉਹੀ ਹੈ ਜਿਸ ਦਾ ਵਿਖਿਆਨ ਕਾਰਲਾਇਲ ਨੇ ਕੀਤਾ ਹੈ। ਇਹ ਕੋਈ ਸੁਚੇਤ ਸ਼ੇਖੀਵਾਜੀ ਸਰਬਗਤਾ ਨਹੀਂ ਸੀ। ਉਹ ਕੁਦਰਤੀ ਸੀ। ਉਹ ਸਿਹਤ ਵਲੋਂ ਹੀ ਸਡੌਲ ਨਹੀਂ ਸਨ ਬਲਕਿ ਪ੍ਰਤਿਭਾ ਦੇ ਵੀ ਧਨੀ ਸਨ। ਉਨ੍ਹਾਂ ਦੇ ਉਚ ਕੋਟੀ ਦੇ ਗਿਆਨ ਬਾਰੇ ਕੋਈ ਸਵਾਲ ਨਹੀਂ ਉਠ ਸਕਦਾ। ਉਹ ਸਿਰਫ ਇਕ ਵਕੀਲ ਨਹੀਂ ਸਨ ਤੇ ਨਾ ਹੀ ਹਾਈ ਕੋਰਟ ਦੇ ਇੱਕ ਜੱਜ, ਉਹ ਤਾਂ ਪਹਿਲੇ ਦਰਜੇ ਦੇ ਅਰਥਸ਼ਾਸਤਰੀ, ਅਵਲ ਦਰਜੇ ਦੇ ਇਤਿਹਾਸਕਾਰ, ਪਹਿਲੇ ਦਰਜੇ ਦੇ ਸਿਖਿਆ ਦੇਣ ਵਾਲੇ ਅਤੇ ਅਵੱਲ ਦਰਜੇ ਦੇ ਦੈਵੀ ਸ਼ਕਤੀ ਦੇ ਮਾਲਕ ਵੀ ਸਨ। ਉਹ ਰਾਜਨੀਤੀਵਾਨ ਨਹੀਂ ਸਨ। ਸ਼ਾਇਦ ਇਹ ਚੰਗਾ ਹੀ ਹੈ ਕਿ ਉਹ ਨਹੀਂ ਸਨ, ਕਿਉਂਕਿ ਜੇ ਉਹ ਹੁੰਦੇ ਤਾਂ ਸ਼ਾਇਦ ਉਹ ਮਹਾਨ ਨਾ ਹੁੰਦੇ। ਅਬਰਾਹੀਮ ਲਿੰਕਨ (Abraham Licoln) ਦੇ ਕਹਿਣ ਮੁਤਾਬਕ ਰਾਜਨੀਤੀਵਾਨ ਉਸ ਕਿਸਮ ਦੇ ਆਦਮੀ ਹੁੰਦੇ ਹਨ, ਜਿਨ੍ਹਾਂ ਦਾ ਹਿੱਤ ਲੋਕਾਂ ਦੇ ਹਿੱਤ ਨਾਲੋਂ ਵਖ਼ਰਾ ਹੁੰਦਾ ਹੈ ਅਤੇ ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਸਮੂਹ ਦੇ ਰੂਪ ਵਿੱਚ ਲਿਆ ਜਾਂਦਾ ਹੈ ਅਤੇ ਉਹ ਇਮਾਨਦਾਰ ਲੋਕਾਂ ਨਾਲੋਂ ਵੀ ਕਾਫ਼ੀ ਵੱਖਰੀ ਕਿਸਮ ਦੇ ਹੁੰਦੇ ਹਨ। ਰਾਨਾਡੇ ਰਾਜਸੀ ਵਿਦਵਾਨ ਨਾ ਹੁੰਦੇ ਹੋਏ ਵੀ ਸਿਆਸੀ ਵਿਦਿਆ ਦੇ ਗੰਭੀਰ ਵਿਦਿਆਰਥੀ ਸਨ। ਇਹ ਹਕੀਕਤ ਹੈ ਕਿ ਭਾਰਤ ਦੇ ਇਤਿਹਾਸ ਵਿੱਚ, ਰਾਨਾਡੇ ਦੇ ਮਾਪ-ਤੋਲ ਵਿੱਚ ਆਉਣ ਵਾਲਾ ਸ਼ਾਇਦ ਹੀ ਕੋਈ ਆਦਮੀ ਲਭ ਸਕੇ, ਜੋ ਉਨ੍ਹਾਂ ਦੇ ਬਰਾਬਰ ਦਾ ਵਿਦਵਾਨ ਹੋਵੇ। ਉਨ੍ਹਾਂ ਦੀ ਬੁੱਧੀ ਦੀ ਚੌੜਾਈ ਤੱਕ ਪਹੁੰਚ ਸਕੇ ਤੇ ਉਨ੍ਹਾਂ ਦੀ ਦੂਰ ਅੰਦੇਸ਼ੀ ਦੀ ਲੰਬਾਈ ਮਾਪ ਸਕੇ। ਕੋਈ ਵੀ ਐਸਾ ਵਿਸ਼ਾ ਨਹੀਂ ਹੈ ਜਿਸ ਨੂੰ ਉਨ੍ਹਾਂ ਛੋਹਿਆ ਨਾ ਹੋਵੇ ਤੇ ਉਸ ਵਿੱਚ ਉਨ੍ਹਾਂ ਵਿਸ਼ੇਸ਼ਤਾ ਹਾਸਲ ਨਾ ਕੀਤੀ ਹੋਵੇ। ਉਨ੍ਹਾਂ ਲਈ ਕਿਤਾਬਾਂ ਪੜ੍ਹਨਾ ਬਹੁਤ ਵੱਡੇ ਚੌੜੇ ਪੈਮਾਨੇ ਤੇ ਸੀ ਤੇ ਉਹ ਹਰ ਵਿਸ਼ੇ ਦੇ ਵਿਦਵਾਨ ਸਨ। ਉਹ ਆਪਣੇ ਵਕਤ ਮੁਤਾਬਕ ਹੀ ਵੱਡੇ ਨਹੀਂ ਸਨ, ਉਹ ਤਾਂ ਹਰ ਮਾਪ ਤੋਲ ਦੇ ਹਰ ਲਿਹਾਜ਼ ਨਾਲ ਵੱਡੇ ਸਨ। ਜਿਸ ਤਰ੍ਹਾਂ ਮੈ ਕਿਹਾ ਕਿ ਕਿਸੇ ਦੇ ਮਹਾਨ ਹੋਣ ਦਾ ਦਾਅਵਾ ਆਪਣੀ ਦ੍ਰਿੜ੍ਹਤਾ ਤੇ ਵਿਦਿਵਤਾ ਨੂੰ ਇਕੱਲਿਆਂ ਇਕੱਠੇ ਕਰਨ ਨਾਲ ਹੀ ਨਹੀਂ ਬਣਦਾ। ਰਾਨਾਡੇ ਨੂੰ ਸਿਰਫ ਇਨ੍ਹਾਂ ਕਾਬਲੀਅਤਾਂ ਕਰਕੇ ਹੀ ਮਹਾਨ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਦਾ ਮਹਾਪੁਰਖ ਹੋਣ ਦਾ ਇਹ ਰੁਤਬਾ ਉਨ੍ਹਾਂ ਦੇ ਸਮਾਜ ਸੁਧਾਰ ਲਈ ਚੁੱਕੇ ਕਦਮਾਂ ਸਦਕਾ ਹੈ ਤੇ ਜਿਸ ਪ੍ਰਕਾਰ ਉਨ੍ਹਾਂ ਨੇ ਇਸ ਸਮਾਜ ਦੀ ਸੇਵਾ ਕੀਤੀ ਹੈ। ਇਸ ਵਿੱਚ ਤਾਂ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਸੀ, ਰਾਨਾਡੇ ਇਕ ਇਤਿਹਾਸਕਾਰ, ਇਕ ਅਰਥਸ਼ਾਸਤਰੀ ਤੇ ਇੱਕ ਸ਼ਿਕਸ਼ਕ ਨਾਲੋਂ ਕਿਧਰੇ ਵੱਧ ਸਮਾਜ ਸੁਧਾਰਕ ਮੰਨੇ ਗਏ। ਉਨ੍ਹਾਂ ਦਾ ਸਾਰਾ ਜੀਵਨ ਸਮਾਜ ਸੁਧਾਰ ਲਈ ਕਠਨ ਲੜਾਈ ਲੜਦਿਆਂ ਬੀਤਿਆ। ਉਨ੍ਹਾਂ ਨੇ ਜੋ ਕੁਝ ਬਤੌਰ ਇਕ ਸਮਾਜ ਸੁਧਾਰਕ ਦੇ ਕੀਤਾ, ਉਸੇ ਲਈ ਉਨ੍ਹਾਂ ਨੂੰ ਮਹਾਂਪੁਰਖ ਦਾ ਖਿਤਾਬ ਦਿੱਤਾ ਗਿਆ ਸੀ। ਰਾਨਾਡੇ ਪਾਸ ਦੂਰ

ਅੰਦੇਸ਼ੀ ਵੀ ਸੀ ਤੇ ਹੌਂਸਲਾ ਵੀ, ਜੋ ਇਕ ਸਮਾਜ ਸੁਧਾਰਕ ਲਈ ਲੋੜੀਂਦੇ ਸਨ। ਜਿਨ੍ਹਾਂ ਹਾਲਤਾਂ ਵਿੱਚ ਉਨ੍ਹਾਂ ਦਾ ਜਨਮ ਹੋਇਆ, ਉਨ੍ਹਾਂ ਦੀ ਦੂਰ-ਅੰਦੇਸ਼ੀ ਤੇ ਹੌਂਸਲੇ ਦੇ ਗੁਣਾਂ ਨੇ ਹੀ ਉਨ੍ਹਾਂ ਨੂੰ ਅੱਗੇ ਲੈ ਆਂਦਾ। ਉਨ੍ਹਾਂ ਨੇ ਆਪਣੇ ਅੰਦਰ ਇਕ ਗੈਂਗੰਬਰ ਵਾਂਗੂ ਦੂਰ ਅੰਦੇਸ਼ੀ ਨੂੰ ਦ੍ਰਿੜ ਕੀਤਾ। ਮੈਂ ਏਥੇ ਇਹ ਸ਼ਬਦ ਯਹੂਦੀਆਂ ਦੇ ਵਿਚਾਰਾਂ ਵਾਂਗ ਵਰਤ ਰਿਹਾ ਹਾਂ, ਤੇ ਇਹ ਹੈਰਾਨੀ ਭਰੀ ਗੱਲ ਹੀ ਹੈ, ਜੇ ਅਸੀਂ ਉਸ ਵਕਤ ਦਾ ਅੰਦਾਜ਼ ਲਾਈਏ, ਜਿਸ ਵਿੱਚ ਉਨ੍ਹਾਂ ਦਾ ਜਨਮ ਹੋਇਆ। ਰਾਨਾਡੇ ਦਾ ਜਨਮ 1842 ਵਿੱਚ ਹੋਇਆ। ਕਿਰਕੀ ਦੀ ਲੜਾਈ ਦੇ ਕਰੀਬ 24 ਸਾਲਾਂ ਬਾਅਦ, ਜਿਸਨੇ ਮਰਾਠਿਆਂ ਦੇ ਰਾਜ ਭਾਗ ਦਾ ਅੰਤ ਕਰਕੇ ਰੱਖ ਦਿੱਤਾ। ਮਰਾਠਿਆਂ ਦੇ ਰਾਜ ਦੇ ਪਤਨ ਦਾ ਅਸਰ ਵੱਖ ਵੱਖ ਬੰਦਿਆਂ ਤੇ ਵੱਖਰਾ ਵੱਖਰਾ ਪਿਆ। ਲਾਡੂ ਵਰਗੇ ਬੰਦੇ ਵੀ ਸੀ, ਜੋ ਹਾਲਾਤ ਲਈ ਸਹਾਇਕ ਵਜੋਂ ਕੰਮ ਕਰਦੇ ਰਹੇ। ਕੁਝ ਕੁ ਬੰਦੇ ਸਨ ਜੋ ਆਪਣੇ ਆਪ ਨੂੰ ਹਾਲਾਤ ਲਈ ਬਾਅਦ ਵਿੱਚ ਸਹਾਇਕ ਬਣਾ ਸਕੇ, ਇਥੋਂ ਤੱਕ ਕਿ ਉਹ ਖੁਸ਼ ਸਨ ਕਿ ਬ੍ਰਾਹਮਣ ਪੇਸ਼ਵਾ ਦੇ ਨਫ਼ਰਤ ਭਰੇ ਰਾਜ ਦਾ ਖਾਤਮਾ ਹੋ ਗਿਆ। ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਮਹਾਰਾਸ਼ਟਰ ਦੇ ਬਹੁਤੇ ਲੋਕ ਤਾਂ ਇਸ ਲੜਾਈ ਤੋਂ ਬਾਅਦ ਗੁੰਮ-ਸੁੰਮ ਹੀ ਹੋ ਗਏ। ਜਦੋਂ ਪੂਰੇ ਭਾਰਤ ਤੇ ਹੀ ਚੜ੍ਹੀ ਆ ਰਹੀ ਵਿਦੇਸ਼ੀ ਹੇੜ੍ਹ ਨੇ ਆਪਣਾ ਗਲਬਾ ਪਾਇਆ ਹੋਇਆ ਸੀ, ਤੇ ਇਹਦੇ ਲੋਕ ਹੌਲੀ ਹੌਲੀ ਗੁਲਾਮੀ ਦੀ ਜਕੜ ਵਿੱਚ ਆ ਰਹੇ ਸੀ, ਉਦੋਂ ਮਹਾਰਾਸ਼ਟਰ ਦੇ ਇਸ ਨਿੱਕੇ ਜਿਹੇ ਕੋਨੇ ਵਿੱਚ ਇਕ ਤਕੜਾ ਕਬੀਲਾ ਵੱਸ ਰਿਹਾ ਸੀ, ਜਿਸ ਨੂੰ ਪਤਾ ਸੀ ਕਿ ਆਜ਼ਾਦੀ ਕੀ ਹੁੰਦੀ ਹੈ, ਤੇ ਉਹ, ਇਸ ਲਈ, ਇਕ ਇਕ ਇੰਚ ਲਈ ਜੂਝਦੇ ਰਹੇ, ਤੇ ਮੀਲੋ-ਮੀਲ ਇਸ ਨੂੰ ਕਾਇਮ ਰੱਖਿਆ। ਬਰਤਾਨੀਆ ਲਈ ਕੀਮਤੀ ਜਾਇਦਾਦ ਸੀ। ਕੋਈ ਵੀ ਇਹ ਅਨੁਮਾਨ ਲਗਾ ਸਕਦਾ ਹੈ ਕਿ ਮਹਾਰਾਸ਼ਟਰ ਦੇ ਸਭ ਤੋਂ ਵੱਧ ਬੁਧੀਜੀਵੀ ਦੇ ਦਿਲ ਤੇ ਕੀ ਅਸਰ ਪਿਆ ਹੋਵੇਗਾ। ਅੰਗਰੇਜ਼ਾਂ ਦੀ ਜਿੱਤ ਨਾਲ ਉਨ੍ਹਾਂ ਦੀ ਅਨਮੋਲ ਛਾਤੀ ਸਮਾਪਤ ਹੋ ਗਈ ਸੀ। ਇਸ ਗੱਲ ਦੀ ਕਲਪਨਾ ਕੀਤੀ ਜਾ ਸਕਦੀ ਹੈ ਕਿ ਮਹਾਰਾਸ਼ਟਰ ਦੀ ਸਰਬੋਤਮ ਪ੍ਰਤਿਭਾ ਕਿਸ ਪ੍ਰਕਾਰ ਪੂਰੀ ਤਰ੍ਹਾਂ ਭੈਭੀਤ ਹੋ ਗਈ ਸੀ ਤੇ ਉਸ ਦੇ ਸਾਹਮਣੇ ਪੂਰੀ ਤਰ੍ਹਾਂ ਹਨੇਰਾ ਛਾ ਗਿਆ ਸੀ। ਇਸ ਭਿਆਨਕ ਮਹਾਨ ਵਿਪਤਾ ਦੇ ਸਾਹਮਣੇ ਕੋਈ ਸੁਭਾਵਕ ਪ੍ਰਤਿਕਿਰਿਆ ਹੋ ਸਕਦੀ ਸੀ। ਇਨ੍ਹਾਂ ਹਾਲਾਤ਼ ਵਿੱਚ ਝੁਕਣ ਤੋਂ ਇਲਾਵਾ ਹੋਰ ਕੀ ਹੋ ਸਕਦਾ ਸੀ? ਰਾਨਾਡੇ ਨੇ ਇਸਦਾ ਕਿਵੇਂ ਸਾਹਮਣਾ ਕੀਤਾ ਹੋਵੇਗਾ ਇਹ ਅਨੁਮਾਨ ਨਹੀਂ ਲਾਇਆ ਜਾ ਸਕਦਾ। ਉਨ੍ਹਾਂ ਨੂੰ ਇਹ ਪੱਕੀ ਆਸ ਸੀ ਕਿ ਜਿਹੜੇ ਗਿਰ ਗਏ ਹਨ ਫੇਰ ਜ਼ਰੂਰ ਉਠਣਗੇ। ਇਸ ਨਾਲ ਉਨ੍ਹਾਂ ਇਕ ਨਵੇਂ ਵਿਸ਼ਵਾਸ ਨੂੰ ਸੇਧ ਦਿੱਤੀ, ਜਿਸ ਨੇ ਆਪਣੀ ਆਸ ਨੂੰ ਟੇਕ ਵੀ ਦਿੱਤੀ। ਮੈਨੂੰ ਏਥੇ ਉਨ੍ਹਾਂ ਦੇ ਸਬਦ ਦੱਸਣ ਦੀ ਆਗਿਆ ਦਿਓ। ਉਨ੍ਹਾਂ ਕਿਹਾ:

"ਮੈਂ ਪੂਰੇ ਵਿਸ਼ਵਾਸ ਨਾਲ ਬਿਨਾਂ ਕਿਸੇ ਸ਼ੰਕਾ ਦੇ ਆਪਣੇ ਨਿੱਜੀ ਸਰਮ ਸਿਧਾਂਤਾਂ ਤੋਂ ਕਹਿ ਸਕਦਾ ਹਾਂ ਕਿ ਸਾਡਾ ਦੇਸ਼ ਆਸ਼ਾਵਾਦ ਦਾ ਸਾਕਾਰ ਰੂਪ ਹੈ। ਅਤੇ ਸਾਡੀ ਜ਼ਾਤੀ ਸਰਵ-ਸ੍ਰੇਸ਼ਟ ਜ਼ਾਤੀ ਹੈ।"

ਉਨ੍ਹਾਂ ਇਸ ਵਿਸ਼ਵਾਸ ਤੇ ਚੁੱਪ ਚੁਪੀਤੇ ਹੀ ਤਸੱਲੀ ਨਹੀਂ ਕਰ ਲਈ। ਉਨ੍ਹਾਂ ਆਪਣਾ ਮਨ ਇਸ ਸਵਾਲ ਨੂੰ ਹੱਲ ਕਰਨ ਲਈ ਲਾ ਦਿੱਤਾ ਕਿ ਕਿਵੇਂ ਇਸ ਦੀ ਪਹਿਲੀ ਅਵਸਥਾ ਨੂੰ ਵਿਸ਼ਵਾਸ ਪੂਰਨਤਾ ਦਾ ਨਵਾਂ ਜਾਮਾਂ ਪਹਿਨਾਇਆ ਜਾਵੇ। ਇਸਲਈ, ਪਹਿਲੀ ਲੋੜ ਇਹ ਸੀ

ਕਿ ਬੇਲਾਗ ਤੇ ਵਿੱਤਕਰੇ ਬਗੈਰ ਗਿਰਾਵਟ ਦੇ ਕਾਰਨ ਕੁਝ ਐਸੀਆਂ ਹਿੰਦੂ ਸਮਾਜ ਦੀਆਂ ਕਮਜ਼ੋਰੀਆਂ ਹਨ, ਜਿੰਨੀ ਦੇਰ ਤੱਕ ਉਹ ਕਮਜ਼ੋਰੀਆਂ ਦੂਰ ਨਹੀਂ ਕੀਤੀਆਂ ਜਾਣਗੀਆਂ, ਤਦ ਤੱਕ ਆਸ਼ਾ ਦੀ ਕਿਰਨ ਪ੍ਰਾਪਤ ਨਹੀਂ ਹੋ ਸਕੇਗੀ। ਇਸ ਨਵੀਂ ਧਾਰਮਿਕ ਜਹੀ ਸੋਚ ਤੋਂ ਬਾਅਦ ਕਰਤੱਵ ਦੀ ਪ੍ਰਾਪਤੀ ਲਈ ਜਤਨ ਕੀਤਾ। ਇਹ ਕਰਤੱਵ ਹਿੰਦੂ ਸਮਾਜ ਨੂੰ ਸੁਧਾਰਨ ਬਿਨ੍ਹਾਂ ਹੋਰ ਕੋਈ ਨਹੀਂ ਸੀ। ਇਸ ਕਰਕੇ ਉਨ੍ਹਾਂ ਦੇ ਜੀਵਨ ਦਾ ਵਿਸ਼ੇਸ਼ ਤੇ ਮੁੱਢਲਾ ਲਕਸ਼ ਸਮਾਜ ਸੁਧਾਰ ਹੀ ਬਣ ਗਿਆ। ਉਨ੍ਹਾਂ ਲਈ ਸਮਾਜ ਸੁਧਾਰ ਹੀ ਇੱਕ ਵੱਡੀ ਲਗਨ ਦੀ ਜੜ੍ਹ ਬਣ ਗਈ ਸੀ ਤੇ ਇਸ ਨੂੰ ਵਿਕਸਤ ਕਰਨ ਲਈ ਕੋਈ ਐਸਾ ਕੰਮ ਨਹੀਂ ਸੀ ਜੋ ਉਹਨਾਂ ਨਾ ਕੀਤਾ ਹੋਵੇ। ਉਹਨਾਂ ਦੇ ਢੰਗ ਤਰੀਕਿਆਂ ਵਿੱਚ ਮੀਟਿੰਗਾਂ, ਸੰਸਥਾਵਾਂ, ਭਾਸ਼ਨਾਂ, ਵਿਆਖਿਆਵਾਂ, ਲੇਖ, ਮੁਲਾਕਾਤਾਂ, ਚਿੱਠੀ-ਪੱਤਰ ਆਦਿ ਕਰਨਾ ਇਕ ਅਣਥੱਕ ਲਗਨ ਹੀ ਸੀ। ਉਹਨਾਂ ਨੇ ਕਈ ਸਭਾਵਾਂ ਸਥਾਪਿਤ ਕੀਤੀਆਂ। ਉਹਨਾਂ ਲਈ ਰਸਾਲੇ ਸ਼ੁਰੂ ਕੀਤੇ। ਪਰ ਉਹਨਾਂ ਨੂੰ ਇਸ ਨਾਲ ਵੀ ਕੋਈ ਤਸੱਲੀ ਨਾ ਹੋਈ। ਉਹ ਚਾਹੁੰਦੇ ਸਨ ਕਿ ਕੁਝ ਹੋਰ ਸਥਾਈ ਕੰਮ ਹੋਵੇ, ਕੁਝ ਹੋਰ ਨਵੇਂ ਢੰਗ-ਤਰੀਕੇ ਦਾ ਹੋਵੇ, ਤਾਂਕਿ ਸਮਾਜ ਸੁਧਾਰਾਂ ਨੂੰ ਵਿਕਾਸ ਮਿਲੇ। ਤਾਂ ਹੀ ਉਹਨਾਂ ਸਮਾਜਿਕ ਸੰਮੇਲਣ ਇਕ ਅਖਿਲ ਭਾਰਤੀ ਸੰਸਥਾ ਸਥਾਪਿਤ ਕੀਤੀ, ਜਿਹੜੀ ਇੰਡੀਅਨ ਨੈਸ਼ਨਲ ਕਾਂਗਰਸ (Indian National Congress) ਦਾ ਇਕ ਅਟੁੱਟ ਅੰਗ ਵਜੋਂ ਚਲਦੀ ਰਹੀ। ਸਾਲ ਦਰ ਸਾਲ ਇਹ ਕਾਨਫਰੰਸ ਜੁੜਦੀ ਤੇ ਇਸ ਵਿੱਚ ਸਮਾਜਿਕ ਬੁਰਾਈਆਂ ਬਾਰੇ ਵਿਚਾਰਾਂ ਤੇ ਵਾਰਤਾਲਾਪ ਹੁੰਦੇ ਰਹਿੰਦੇ ਸਨ ਤਾਂ ਜੋ ਸੁਧਾਰ ਦੇ ਢੰਗ ਤਰੀਕੇ ਲੱਭੇ ਜਾ ਸਕਣ। ਸਾਲੋ-ਸਾਲ ਰਾਨਾਡੇ ਨੇ ਇਨ੍ਹਾਂ ਸਮਾਗਮਾਂ ਵਿੱਚ ਆਪਣੀ ਹਾਜ਼ਰੀ ਭਰੀ ਜਿਵੇਂ ਇਹ ਇਕ ਯਾਤਰਾ ਹੀ ਹੋਵੇ। ਇਸ ਤਰ੍ਹਾਂ ਸਮਾਜ ਸੁਧਾਰਾਂ ਦੇ ਕੰਮਾਂ ਦੀ ਉਨ੍ਹਾਂ ਨੇ ਪਾਲਨਾ ਕੀਤੀ।

ਸਮਾਜ ਸੁਧਾਰਾਂ ਦੇ ਕੰਮਾਂ ਦੀ ਪਾਲਨਾ ਕਰਦੇ ਰਾਨਾਡੇ ਨੇ ਬਹੁਤ ਦਲੇਰੀ ਵਿਖਾਈ। ਅੱਜ ਦੀ ਪੁਸ਼ਤ ਦੇ ਬਹੁਤ ਲੋਕ ਇਸ ਦਾਵੇ ਦੀ ਖਿਲੀ ਉੜਾਉਂਣਗੇ। ਭਾਰਤ ਵਿੱਚ ਜੇਲ੍ਹ ਜਾਣ ਲਈ, ਗਿਰਫ਼ਤਾਰੀ ਦੇਣੀ, ਸ਼ਹੀਦੀ ਜਾਮਾ ਪਾਉਣਾ, ਇਕ ਚਲਨ ਬਣ ਗਿਆ ਹੈ। ਇਸ ਨੂੰ ਦੋਵੇਂ ਹੀ, ਦੇਸ਼ ਭਗਤੀ ਦੇ ਤੇ ਬਹਾਦਰੀ ਦੇ ਕਾਰਨਾਮੇ ਮੰਨਿਆ ਗਿਆ ਹੈ। ਬਹੁਤੇ ਲੋਕ ਅਜਿਹੇ ਹਨ ਜਿਨ੍ਹਾਂ ਵਲ ਵੈਸੇ ਕਿਸੇ ਦੀ ਨਜ਼ਰ ਵੀ ਨਹੀਂ ਸੀ ਪੈਂਦੀ ਤੇ ਇਹ ਵੀ ਠੀਕ ਹੈ ਕਿ ਕਈ ਬਦਮਾਸ਼ਾਂ ਨੇ ਰਾਜਨੀਤੀ ਨਾਲ ਜੁੜ ਕੇ ਆਪਣੇ ਆਪ ਲਈ ਆਸਰੇ ਲੱਭ ਲਏ ਤਾਂ ਕਿ ਉਹ ਜੇਲ੍ਹਾਂ ਵਿੱਚ ਜਾਕੇ ਸ਼ਹੀਦ ਕਰਾਉਣ ਤੇ ਆਪਣੇ ਲਈ ਨਾਮ ਵੀ ਖੱਟ ਲੈਣ ਤੇ ਇਜ਼ਤ ਵੀ। ਇਹ ਸਥਿਤੀ ਘਟੋ ਘਟ ਬਹੁਤ ਘਬਰਾਹਟ ਪੈਦਾ ਕਰਨ ਵਾਲੀ ਸਥਿਤੀ ਹੈ। ਇਹ ਵਿਚਾਰ ਕਾਫ਼ੀ ਤਕੜਾ ਲਗੇਗਾ, ਜੇ ਕਿਧਰੇ ਤਿਲਕ ਵਰਗੇ ਬੰਦਿਆਂ ਵਾਂਗੂ ਸਾਰਿਆਂ ਨੂੰ ਅਜਿਹੇ ਕਠੋਰ ਕਸ਼ਟ ਝਲਣੇ ਪੈਂਦੇ ਜਿਵੇਂ ਕਿ ਉਹਨਾਂ ਦੀ ਪੁਸ਼ਤ ਨੂੰ ਸਹਿਣੇ ਪਏ। ਅੱਜ ਜੇਲ੍ਹ-ਜੀਵਨ ਦਾ ਡਰ ਖੌਫ਼ ਗੁੰਮ ਹੋ ਗਿਆ ਹੈ। ਹੁਣ ਤਾਂ ਇਹ ਨਜ਼ਰਬੰਦੀ ਹੀ ਰਹਿ ਗਈ ਹੈ। ਸਿਆਸੀ ਕੈਦੀਆਂ ਨਾਲ ਹੁਣ ਗੁਨਾਹਗਾਰਾਂ ਵਾਲਾ ਵਿਹਾਰ ਨਹੀਂ ਕੀਤਾ ਜਾਂਦਾ। ਉਹਨਾਂ ਨੂੰ ਤਾਂ ਅਲੱਗ ਜਮਾਤ ਵਿੱਚ ਹੀ ਰਖਿਆ ਜਾਂਦਾ ਹੈ। ਕਿਸੇ ਕਿਸਮ ਦੇ ਕਸ਼ਟ ਨਹੀਂ ਸਹਿਣੇ ਪੈਂਦੇ ਨਾ ਕਿਸੇ ਤਰ੍ਹਾਂ ਦੀ ਪ੍ਰਸਿੱਧੀ ਅਤੇ ਇਜ਼ਤ-ਮਾਣ ਵਿੱਚ ਕਿਸੇ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਕਿਸੇ ਤਾਕਤ ਦੀ ਲੋੜ ਨਹੀਂ। ਫੇਰ ਵੀ ਜੇਲ੍ਹ-ਜੀਵਨ ਜਦੋਂ ਕਸ਼ਟਾਂ ਭਰਿਆ ਸੀ, ਜਿਵੇਂ ਤਿਲਕ ਜੀ ਦੇ ਵੇਲੇ ਸੀ,

ਰਾਜਸੀ ਕੈਦੀ ਕਿਸੇ ਵੀ ਤਰ੍ਹਾਂ ਇਕ ਸਮਾਜ ਸੁਧਾਰਕ ਨਾਲੋਂ ਜ਼ਿਆਦਾ ਅਹਿਮੀਅਤ ਦਾ ਦਾਵਾ ਨਹੀਂ ਕਰ ਸਕਦੇ। ਬਹੁਤ ਲੋਕ ਇਹ ਮਹਿਸੂਸ ਹੀ ਨਹੀਂ ਕਰ ਸਕਦੇ ਕਿ ਸਮਾਜ ਕਿਤੇ ਦਹਿਸ਼ਤਾਨਾ ਚਲਣ ਸਦਕਾ ਇਕ ਬੰਦੇ ਦੇ ਵਿਰੁੱਧ ਹੋ ਕੇ ਕਿੰਨੀ ਕੁ ਹੱਦ ਤੱਕ ਉਸ ਨੂੰ ਦਬਾ ਸਕਦਾ ਹੈ, ਤੇ ਇਹ ਸਰਕਾਰ ਦੇ ਵਤੀਰੇ ਨਾਲੋਂ ਕਈ ਗੁਣਾਂ ਵਧੀਕ ਹੈ। ਸਮਾਜ ਲਈ ਤਰੀਕੇ ਤੇ ਦਾਇਰੇ ਦੋਵੇਂ ਇਤਨੇ ਖੁਲ੍ਹੇ ਸਨ ਜਿਨ੍ਹਾਂ ਰਾਹੀਂ ਦਬਾਇਆ ਕੁਚਲਿਆ ਜਾ ਸਕਦਾ ਹੈ, ਜਿਸ ਦਾ ਪਾਂਸਕ ਵੀ ਸਰਕਾਰ ਪਾਸ ਨਹੀਂ ਹੈ ਤੇ ਇਹਨਾਂ ਦੇ ਅਸਰ ਵੀ ਬਹੁਤ ਠੋਸ ਹੁੰਦੇ ਹਨ। ਕਾਨੂੰਨੀ ਪ੍ਰਣਾਲੀ ਦੀਆਂ ਸਜਾਵਾਂ ਦਾ ਇਹ ਕੀ ਮੁਕਾਬਲਾ ਕਰ ਸਕਣਗੇ ਜਦੋਂ ਹੁਕਾ-ਪਾਣੀ ਬੰਦ ਹੋਣ ਦੀ ਸਖ਼ਤਾਈ ਹੀ ਮੁੱਕ ਜਾਵੇ? ਕਿਹੜਾ ਵਧੇਰੇ ਤਾਕਤਵਰ ਹੈ, ਇਕ ਸਮਾਜ ਸੁਧਾਰਕ, ਜੋ ਸਮਾਜ ਨੂੰ ਹਲੂਣਦਾ ਹੈ ਤੇ ਆਪਣੇ ਹੁੱਕੇ-ਪਾਣੀ ਤੋਂ ਛੇਕੇ ਜਾਣ ਨੂੰ ਘਟਾਉਂਦਾ ਹੈ। ਇਕ ਰਾਜਸੀ ਕੈਦੀ ਜਿਹੜਾ ਸਰਕਾਰ ਦਾ ਮੁਕਾਬਲਾ ਕਰਦਾ ਹੈ, ਤੇ ਕੁਝ ਮਹੀਨਿਆਂ ਜਾਂ ਕੁਝ ਸਾਲਾਂ ਦੀ ਕੈਦ ਆਪਣੇ ਗਲ ਪਾ ਲੈਂਦਾ ਹੈ। ਇਕ ਜੇਹੜਾ ਹੋਰ ਫਰਕ ਹੈ, ਉਹ ਹੈ ਜੋ ਜ਼ਾਹਿਰਾ ਸਾਹਮਣੇ ਆਉਂਦਾ ਹੈ, ਜਿਸ ਨਾਲ ਸਮਾਜ ਸੁਧਾਰਕਾਂ ਦੀ ਸ਼ਖਸੀਅਤ ਤੇ ਦੇਸ਼ ਭਗਤ ਦੇ ਪਿਆਰ ਦਾ ਨਰੀਖਣ ਕਰੀਦਾ ਹੈ। ਜਦੋਂ ਸਮਾਜ ਸੁਧਾਰਕ ਸਮਾਜ ਨੂੰ ਵੰਗਾਰਦਾ ਹੈ ਉਸ ਨਾਲ ਕੋਈ ਵੀ ਉਸ ਨੂੰ ਸ਼ਹੀਦ ਕਹਿਣ ਦਾ ਨਾਅਰਾ ਮਾਰਨ ਨੂੰ ਤਿਆਰ ਨਹੀਂ ਹੁੰਦਾ। ਕੋਈ ਉਸ ਦਾ ਸਾਥੀ ਬਣਨ ਨੂੰ ਹੀ ਤਿਆਰ ਨਹੀਂ ਹੁੰਦਾ। ਉਸ ਨੂੰ ਘਟੀਆ ਸਮਝਿਆ ਜਾਂਦਾ ਹੈ ਤੇ ਉਸ ਤੋਂ ਗੁਰੇਜ਼ ਵੀ ਕੀਤਾ ਜਾਂਦਾ ਹੈ। ਪਰ ਰਾਜਸੀ ਦੇਸ਼-ਭਗਤ ਸਰਕਾਰ ਨੂੰ ਜਦੋਂ ਵੰਗਾਰਦਾ ਹੈ ਉਦੋਂ ਸਮਾਜ ਉਸ ਦੀ ਮਦਦ ਕਰਦਾ ਹੈ। ਉਸ ਦੀ ਪ੍ਰਸ਼ੰਸਾ ਹੁੰਦੀ ਹੈ, ਉਸ ਨੂੰ ਸਤਕਾਰਿਆ ਜਾਂਦਾ ਹੈ ਤੇ ਉਸ ਨੂੰ ਮੁਕਤੀਦਾਤਾ ਦੀ ਪਦਵੀ ਤੱਕ ਪਹੁੰਚਾ ਦਿੱਤਾ ਜਾਂਦਾ ਹੈ। ਵੱਧ ਤਾਕਤ ਦੀ ਹੋਂਦ ਤੇ ਵਿਖਾਵਾ ਕਿਸ ਪਾਸ ਹੈ- ਸਮਾਜ ਸੁਧਾਰਕ ਜਿਹੜਾ ਇਕੱਲਾ ਹੀ ਲੜਦਾ ਹੈ, ਯਾਂ ਰਾਜਸੀ ਦੇਸ਼-ਭਗਤ ਜਿਹੜਾ ਅਥਾਹ ਸਮਰਥਕਾਂ ਦੀ ਮਦਦ ਨਾਲ ਲੜਾਈ ਲੜਦਾ ਹੈ? ਇਹ ਫ਼ਜ਼ੂਲ ਹੀ ਹੈ ਜੇ ਰਾਨਾਡੇ ਬਾਰੇ ਇਹ ਨਾ ਮੰਨਿਆ ਜਾਵੇ ਕਿ ਉਹਨਾਂ ਸਮਾਜ ਸੁਧਾਰ ਲਈ ਬੜੀ ਹਿੰਮਤ ਵਿਖਾਈ। ਉਹਨਾਂ ਬੜੀ ਉਚ ਦਰਜੇ ਦੀ ਹਿੰਮਤ ਤੇ ਦਲੇਰੀ ਵਿਖਾਈ। ਇਥੇ ਇਹ ਯਾਦ ਰਖਣਾ ਅਤਿ ਜ਼ਰੂਰੀ ਹੈ ਕਿ ਉਹ ਉਹਨਾਂ ਵਕਤਾਂ ਵਿੱਚ ਜੀਵੇ ਜਦੋਂ ਸਮਾਜਿਕ ਤੇ ਧਾਰਮਿਕ ਰਸਮੋ ਰਿਵਾਜ਼ ਬਹੁਤ ਭਾਰੀ ਤੇ ਹਾਵੀ ਸੀ, ਭਾਵੇਂ ਕਿੰਨੇ ਵੀ ਚਰਿਤ੍ਰਹੀਨ ਸੀ, ਪਰ ਉਹ ਅਤਿਅੰਤ ਪਵਿਤ੍ਰ ਮੰਨੇ ਜਾਂਦੇ ਸੀ। ਜਦੋਂ ਕੋਈ ਸ਼ੱਕੀ ਸਵਾਲ ਉਹਨਾਂ ਦੀ ਪਵਿਤ੍ਰਤਾ ਅਤੇ ਚਰਿਤ੍ਰ ਤੇ ਉਠਾਉਂਦਾ ਹੈ ਤਾਂ ਉਸ ਨੂੰ ਪਖੰਡੀ, ਅਸਹਿਯੋਗੀ, ਦੰਭੀ ਨਿੰਦਕ ਤੇ ਪਵਿਤ੍ਰਤਾ ਨਾਸਿਕ ਸਮਝਿਆ ਜਾਂਦਾ ਤੇ ਇਹ ਸਾਰਾ ਕੁਝ ਅਸਹਿ ਹੁੰਦਾ ਸੀ।

## 5

ਇਸ ਸੁਧਾਰਕ ਦੇ ਰੂਪ ਵਿੱਚ ਉਨ੍ਹਾਂ ਦੇ ਸੁਧਾਰ ਦਾ ਰਾਹ ਸਿੱਧਾ ਪੱਧਰਾ ਨਹੀਂ ਸੀ। ਇਸ ਵਿੱਚ ਕਈ ਪਾਸਿਉਂ ਅੜਿਕੇ ਲਗੇ ਹੋਏ ਸਨ। ਉਨ੍ਹਾਂ ਬੰਦਿਆਂ ਦੇ ਮਤ ਤੇ ਭਾਵਨਾਵਾਂ, ਜਿਨ੍ਹਾਂ ਦਾ ਉਹ ਸੁਧਾਰ ਕਰਨਾ ਚਾਹੁੰਦੇ ਸੀ, ਪੁਰਾਤਨ ਵਕਤਾਂ ਵਿਚ ਪੂਰੀ ਤਰ੍ਹਾਂ ਖੁੱਭੇ ਹੋਏ ਸਨ। ਉਨ੍ਹਾਂ ਦਾ ਇਹੋ ਵਿਸ਼ਵਾਸ ਸੀ ਕਿ ਉਨ੍ਹਾਂ ਦੇ ਬਜ਼ੁਰਗ ਬੜੇ ਸੂਝ ਬੂਝ ਵਾਲੇ ਤੇ ਦਿਆਨਤਦਾਰ ਪੁਰਖ ਸਨ, ਤੇ ਜਿਹੜਾ ਸਮਾਜਿਕ ਢਾਂਚਾ ਉਨ੍ਹਾਂ ਨੇ ਅਖ਼ਤਿਆਰ ਕਰ ਲਿਆ ਸੀ ਉਹੀ ਬਹੁਤ ਉਚ ਕੋਟੀ ਦਾ ਤੇ ਇਖ਼ਲਾਕੀ ਆਚਰਣ ਭਰਪੂਰ ਸੀ। ਜੇ ਰਾਨਾਡੇ ਨੂੰ ਹਿੰਦੂ ਸਮਾਜ ਦੀਆਂ

ਸ਼ਰਮਿੰਦਗੀਆਂ ਤੇ ਗ਼ਲਤੀਆਂ ਦਿਸਦੀਆਂ ਸਨ ਤਾਂ ਉਨ੍ਹਾਂ ਲਈ ਆਪਣੇ ਧਰਮ ਦੀ ਪਵਿਤ੍ਰਤਾ ਦੇ ਪ੍ਰਤੀਕ ਸਨ। ਆਮ ਸਾਧਾਰਣ ਆਦਮੀ ਦਾ ਇਹੋ ਰਵਈਆ ਸੀ। ਬੁਧੀਜੀਵੀ ਦੋ ਵਰਗਾਂ ਵਿੱਚ ਵੰਡਿਆ ਹੋਇਆ ਸੀ। ਇਕ ਵਰਗ ਸੀ ਜਿਹੜਾ ਆਪਣੇ ਦ੍ਰਿੜ੍ਹ ਧਰਮ ਨਾਲ ਬੱਝਾ ਹੋਇਆ ਸੀ ਜੋ ਦੇਖਣ ਵਿੱਚ ਰਾਜਨੀਤਿਕ ਨਹੀਂ ਸੀ। ਤੇ ਦੂਜਾ ਵਰਗ, ਜਿਹੜਾ ਨਵਾਂ ਸੀ, ਉਸ ਦੀ ਸੋਚ ਵਿਸ਼ੇਸ਼ਕਰ ਬੁਨਿਆਦੀ ਰਾਜਨੀਤੀ ਦੇ ਆਸ਼ੇ ਤੇ ਸਿਧਾਤਾਂ ਤੇ ਟਿਕੀ ਹੋਈ ਸੀ। ਪਹਿਲੇ ਦੇ ਸੰਚਾਲਕ ਸ੍ਰੀ ਚਿੱਪਲੰਕਰ ਤੇ ਦੂਜੇ ਦੇ ਸ੍ਰੀ ਤਿਲਕ ਸਨ। ਦੋਵੇਂ ਰਾਨਾਡੇ ਦੇ ਖ਼ਿਲਾਫ਼ ਇਕੱਠੇ ਹੋ ਗਏ ਤੇ ਜਾਣ ਬੁੱਝ ਕੇ ਉਨ੍ਹਾਂ ਲਈ ਮੁਸ਼ਕਲਾਂ ਪੈਦਾ ਕਰਦੇ ਰਹੇ। ਇਨ੍ਹਾਂ ਨੇ ਸਮਾਜ ਸੁਧਾਰਾਂ ਨੂੰ ਵੀ ਬਹੁਤ ਜ਼ਬਰਦਸਤ ਨੁਕਸਾਨ ਪਹੁੰਚਾਏ। ਸਗੋਂ, ਤਜ਼ਰਬਿਆਂ ਦੇ ਆਧਾਰ ਤੇ ਇਹ ਦਿਸਦਾ ਹੈ ਕਿ ਇਨ੍ਹਾਂ ਨੇ ਭਾਰਤੀ ਰਾਜਨੀਤੀ ਵਿਚਲੇ ਸੁਧਾਰਾਂ ਨੂੰ ਵੀ ਵੱਧ ਤੋਂ ਵੱਧ ਨੁਕਸਾਨ ਪਹੁੰਚਾਇਆ। ਭਾਵੇਂ ਗੁਰ ਰਾਜਨੀਤਿਕ ਹੋਵੇ ਤੇ ਭਾਵੇਂ ਕਠੋਰ ਧਾਰਮਿਕ ਵਿਚਾਰ ਹੋਣ, ਦੋਵੇਂ ਹਿਗਲੀਅਨ ਵਿਚਾਰਾਂ ਵਿੱਚ ਵਿਸ਼ਵਾਸ ਰਖਦੇ ਸੀ। ਮੇਰੇ ਲਈ ਇਕ ਬੁਝਾਰਤ ਹੈ– ਉਹ ਇਹ ਹੈ "ਦਾਰਸ਼ਨਿਕਤਾ" ਦੀ ਪਛਾਣ ਤੇ ਹਕੀਕਤ ਨੂੰ ਦਾਰਸ਼ਨਿਕਤਾ ਦਾ ਜਾਮਾ ਪਹਿਨਾ ਦੇਣਾ। ਇਸ ਵਿੱਚ ਤਾਂ ਅਤਿ ਦੀ ਗ਼ਲਤੀ ਹੈ। ਹਿੰਦੂ ਧਰਮ ਤੇ ਸਮਾਜਿਕ ਢਾਂਚਾ ਇਹੋ ਜਿਹਾ ਹੈ ਕਿ ਤੁਸੀਂ ਅਗ੍ਹਾਂ ਵੱਧ ਕੇ ਇਸ ਦੀ ਦਾਰਸ਼ਨਿਕਤਾ ਨੂੰ ਅਸਲੀਅਤ ਦਾ ਜਾਮਾ ਨਹੀਂ ਪਵਾ ਸਕਦੇ। ਦਾਰਸ਼ਨਿਕਤਾ ਬੁਰੀ ਹੈ, ਨਾ ਹੀ ਤੁਸੀਂ ਹੰਭਲਾ ਮਾਰ ਕੇ ਅਸਲੀਅਤ ਨੂੰ ਇਤਨਾ ਉਚਾ ਚੁੱਕ ਸਕਦੇ ਹੋ ਕਿ ਉਹ ਦਾਰਸ਼ਨਿਕਤਾ ਦੀ ਉਚਾਈ ਤੱਕ ਪਹੁੰਚ ਸਕੇ, ਕਿਉਂਕਿ ਅਸਲੀਅਤ, ਜਿਸ ਤਰ੍ਹਾਂ ਦੀ ਅੱਜ ਦੇ ਹਾਲਾਤ ਹਨ, ਖਰਾਬ ਤੋਂ ਖਰਾਬ ਹੈ। ਇਹ ਕੋਈ ਵਧਾਈ ਚੜ੍ਹਾਈ ਕਥਨੀ ਨਹੀਂ ਹੈ। ਹਿੰਦੂ ਧਾਰਮਿਕ ਬਣਤਰ ਲਓ ਜਾਂ ਹਿੰਦੂ ਸਮਾਜਿਕ ਢਾਂਚਾ ਲਓ, ਤੇ ਉਸ ਦਾ ਸਮਾਜਿਕ ਲਾਹੇਵੰਦੀ ਤੇ ਸਮਾਜਿਕ ਨਿਆ ਵਜੋਂ ਨਿਰੀਖਣ ਕਰੋ, ਤਾਂ ਇਹੀ ਕਿਹਾ ਜਾਂਦਾ ਹੈ ਕਿ ਧਰਮ ਉਹੀ ਚੰਗਾ ਹੈ ਜੋ ਟਕਸਾਲ ਵਿਚੋਂ ਨਿਕਲਦਾ ਹੋਵੇ। ਪਰ ਹਿੰਦੂ ਧਰਮ ਤਾਂ ਬੁਨਿਆਦੀ ਤੌਰ ਤੇ ਮਾੜਾ ਸਿੱਟਾ ਰਿਹਾ ਹੈ। ਹਿੰਦੂ ਸਮਾਜ ਦੇ ਆਦਰਸ਼, ਜੋ ਹਿੰਦੂ ਧਰਮ ਨੇ ਸੁਝਾਏ ਹਨ, ਬਹੁਤ ਹੀ ਨੈਤਿਕ ਪਤਨ ਤੇ ਦਰਜਾ ਘਟਾਊ ਹਿੰਦੂ ਸਮਾਜ ਤੇ ਅਸਰ ਪਾਉਂਦੇ ਹਨ। ਰੂਪ ਅਤੇ ਸਾਰੰਸ਼ ਵਿੱਚ ਨਿਤਸ਼ੇ ਦੇ ਵਿਚਾਰਾਂ ਵਰਗਾ ਹੈ। ਨਿਤਸ਼ੇ ਤੋਂ ਕਾਫ਼ੀ ਦੇਰ ਪਹਿਲਾਂ ਮਨੂੰ ਪੈਦਾ ਹੋਇਆ ਸੀ ਜਿਸ ਦੀ ਵਿਚਾਰਧਾਰਾ ਨੂੰ ਨਿਤਸ਼ੇ ਦੇ ਪਰਚਾਰਨਾ ਚਾਹਿਆ ਸੀ। ਇਹ ਉਹ ਧਰਮ ਹੈ, ਜਿਸ ਦਾ ਮੁੱਦਾ ਹੀ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦੀ ਨੀਂਹ ਨੂੰ ਠੋਸ ਬਣਾਉਣਾ ਹੈ। ਇਹ ਤਾਂ ਸਿਧਾਂਤਕ ਹੀ ਪਰਸ਼ੋਤਮ ਬੰਦੇ ਦੀ ਪੂਜਾ ਕਰਨ ਦੀ ਡੌਂਡੀ ਪਿੱਟਦਾ ਹੈ, ਉਹ ਬੰਦਾ ਹੈ ਬ੍ਰਾਹਮਣ ਜੋ ਬਾਕੀ ਹਿੰਦੂ ਸਮਾਜ ਵਿੱਚ ਬੜੀ ਜ਼ਬਰਦਸਤ ਥਾਂ ਰੱਖਦਾ ਹੈ। ਇਹ ਪੁਰਜ਼ੋਰ ਤਰੀਕੇ ਨਾਲ ਸਮਝਾਉਂਦਾ ਹੈ ਕਿ ਇਸ ਜ਼ਬਰਦਸਤ ਆਦਮੀ ਦਾ ਜਨਮ ਜਿਊਣ ਲਈ ਤੇ ਰਾਜ ਕਰਨ ਲਈ ਹੋਇਆ ਹੈ। ਬਾਕੀ ਸਾਰਿਆਂ ਦਾ ਜਨਮ ਉਸਦੀ ਸੇਵਾ ਕਰਨ ਲਈ ਹੀ ਹੈ, ਤੇ ਇਸ ਤੋਂ ਵੱਧ ਕੁਝ ਵੀ ਨਹੀਂ। ਉਨ੍ਹਾਂ ਦਾ ਆਪਣਾ ਜੀਵਨ ਆਪਣੇ ਜੀਣ ਲਈ ਨਹੀਂ ਤੇ ਉਨ੍ਹਾਂ ਨੂੰ ਇਹ ਵੀ ਹੱਕ ਨਹੀਂ ਕਿ ਉਹ ਆਪਣੀ ਸ਼ਖਸੀਅਤ ਨੂੰ ਪ੍ਰਚਲਤ ਕਰ ਸਕਣ। ਇਹੋ ਹਿੰਦੂ ਧਰਮ ਦਾ ਸਾਰਮਿਕ ਸਿਧਾਂਤ ਹੈ। ਹਿੰਦੂ ਦਾਰਸ਼ਨਿਕਤਾ, ਭਾਵੇਂ ਉਹ ਵੇਦਾਂ ਦੀ ਹੋਵੇ ਭਾਵੇਂ ਸਾਂਖ ਨਿਆਂ, ਜਾਂ ਵੈਸ਼ੇਸ਼ਕ ਦੀ ਹੋਵੇ, ਉਹ ਆਪਣੇ ਚੌਗਿਰਦੇ ਹੀ ਘੁੰਮਦੀ ਰਹੀ ਤੇ ਕਿਸੇ ਤਰ੍ਹਾਂ ਦਾ ਹਿੰਦੂ ਧਰਮ ਤੇ ਅਸਰ ਨਹੀਂ

ਪਾਇਆ। ਇਸ ਪਾਸ ਉਹ ਹੌਂਸਲਾ ਹੀ ਨਹੀਂ ਸੀ ਕਿ ਇਹ ਉਸ ਸਿਧਾਂਤ ਦਾ ਟਾਕਰਾ ਕਰ ਸਕੇ। ਹਿੰਦੂ ਦਰਸ਼ਨ ਇਹੋ ਸਮਝਾਉਂਦਾ ਹੈ ਕਿ ਬ੍ਰਹਮਾਂ ਹੀ ਸਭ ਕੁਝ ਹੈ, ਪਰ ਇਹ ਵਿਦਵਾਨਾਂ ਤੱਕ ਹੀ ਸੀਮਤ ਰਿਹਾ। ਇਹ ਕਦੇ ਵੀ ਸਮਾਜਕ ਸ਼ਾਸਤਰ ਨਹੀਂ ਬਣ ਸਕਿਆ। ਹਿੰਦੂ ਦਰਸ਼ਨ ਨੇ ਸ਼ਾਸਤਰ ਤੇ ਮੈਨੂੰ, ਦੋਹਾਂ ਨੂੰ ਵੱਖਰੇ ਵੱਖਰੇ ਤੱਥਾਂ ਵਿੱਚ ਫੜ ਕੇ ਇਕ ਦੂਜੇ ਤੋਂ ਦੂਰ ਰੱਖਿਆ, ਇਤਨਾ ਦੂਰ ਕਿ ਸੱਜੇ ਨੂੰ ਪਤਾ ਹੀ ਨਹੀਂ ਲਗਿਆ ਕਿ ਖੱਬਾ ਕੀ ਕਰ ਰਿਹਾ ਹੈ। ਹਿੰਦੂ ਨੂੰ ਕਦੇ ਇਸ ਗੱਲ ਦਾ ਅਹਿਸਾਸ ਨਹੀਂ ਹੋਇਆ ਕਿ ਇਹ ਸਾਰਾ ਕੁਝ ਇਕ ਠੋਸ ਤੇ ਪੱਕੀ ਬੁਨਿਆਦ ਤੇ ਟਿਕਿਆ ਹੀ ਨਹੀਂ। ਸਮਾਜਕ ਢਾਂਚੇ ਲਈ ਹੋਰ ਇਸ ਤੋਂ ਵੱਧ ਬੁਰਾ ਹੋ ਵੀ ਕੀ ਸਕਦਾ ਹੈ। ਜ਼ਾਤ-ਪਾਤ ਦਾ ਢਾਂਚਾ ਆਪਣੇ ਆਪ ਵਿੱਚ ਹੀ ਘਿਨਾਉਣਾ ਹੈ। ਜ਼ਾਤ-ਪਾਤ ਚਤੁਰਵਰਨ ਦਾ ਘਿਰਣਿਤ ਰੂਪ ਹੈ ਤੇ ਇਹੀ ਹਿੰਦੂ ਧਰਮ ਦਾ ਆਦਰਸ਼ ਹੈ। ਕੋਈ ਵੀ ਐਸਾ ਜਮਾਂਦਰੂ ਬੇਵਕੂਫ਼ ਨਹੀਂ ਹੋਇਆ ਜਿਹੜਾ ਚਤੁਰਵਰਨ ਨੂੰ ਹੀ ਸਮਾਜ ਦੀ ਬੁਨਿਆਦ ਮੰਨ ਲਵੇ। ਵਿਅਕਤੀਗਤ ਅਤੇ ਸਮਾਜਕ ਤੌਰ ਤੇ ਵੀ ਇਹ ਗ਼ਲਤੀ ਹੀ ਨਹੀਂ, ਜੁਰਮ ਵੀ ਹੈ। ਇਕ ਜਮਾਤ ਹੈ ਜੋ ਸਿਰਫ਼ ਵਿਦਿਆ ਅਤੇ ਸਿੱਖਿਆ ਹਾਸਲ ਕਰੇ, ਇਹ ਕਿਥੋਂ ਦਾ ਅਧਿਕਾਰ ਹੈ? ਇਕ ਜਮਾਤ ਤੇ ਸਿਰਫ਼ ਇਕੋ ਹੀ ਜਮਾਤ ਹਥਿਆਰ ਰੱਖਣ ਦਾ ਹੱਕ ਰਖਦੀ ਹੋਵੇ। ਇਕ ਤੇ ਸਿਰਫ਼ ਇਕੋ ਜਮਾਤ ਵਪਾਰ ਕਰੇ। ਇਕ ਤੇ ਸਿਰਫ਼ ਇਕੋ ਜਮਾਤ ਸੇਵਾ ਕਰੇ। ਹਰ ਇੱਕ ਲਈ ਇਸ ਦੇ ਨਤੀਜੇ ਸਪੱਸ਼ਟ ਹਨ। ਤੁਹਾਨੂੰ ਕਿਥੋਂ ਇਹੋ ਜਿਹਾ ਬੰਦਾ ਲਭੇਗਾ, ਜਿਸ ਪਾਸ ਰੋਜ਼ੀ-ਰੋਟੀ ਦੇ ਸਾਧਨ ਨਾ ਹੋਣ ਤੇ ਫਿਰ ਵੀ ਉਹ ਆਪਣੀ ਵਿਦਿਆ ਨੂੰ ਨੀਚੇ ਨਹੀਂ ਗਿਰਾਏਗਾ? ਤੁਹਾਨੂੰ ਕਿਥੋਂ ਇਹੋ ਜਿਹਾ ਬੰਦਾ ਮਿਲੇਗਾ ਜੋ ਸਿਪਾਹੀ ਹੋਵੇ, ਪਰ ਅਨਪੜ੍ਹ ਹੋਵੇ ਤੇ ਫਿਰ ਵੀ ਸਹੀ ਨੀਤੀ ਬਣਾਵੇ। ਕੀ ਉਹ ਆਪਣੇ ਹਥਿਆਰ ਠੀਕ ਚੁੱਕੇਗਾ? ਕੀ ਉਹ ਬਿਨਾਂ ਤੋੜ ਫੋੜ ਕੀਤਿਆਂ ਗੱਲਬਾਤ ਕਰ ਸਕੇਗਾ? ਤੁਹਾਨੂੰ ਕਿਥੋਂ ਇਹੋ ਜਿਹਾ ਵਪਾਰੀ ਮਿਲੇਗਾ ਜਿਸ ਪਾਸ ਕੁਝ ਨਾ ਹੋਵੇ ਤੇ ਅੰਦਰਲੀ ਪ੍ਰਵਿਰਤੀ ਦੇ ਅਨੁਸਾਰ ਹੀ ਸਾਰੇ ਪਾਸੇ ਵਧੇ। ਕੀ ਉਹ ਇਤਨਾ ਨਹੀਂ ਗਿਰੇਗਾ ਕਿ ਸ਼ੈਤਾਨ ਬਣ ਜਾਵੇ। ਤੁਹਾਨੂੰ ਇਹੋ ਜਿਹਾ ਚਾਕਰ ਮਿਲੇਗਾ, ਜਿਹੜਾ ਵਿਦਿਆ, ਨਹੀਂ ਲੈ ਸਕਦਾ, ਆਪ ਹਥਿਆਰ ਨਹੀਂ ਲੈ ਸਕਦਾ ਤੇ ਆਪਣੀ ਰੋਜ਼ੀ-ਰੋਟੀ ਲਈ ਹੋਰ ਸਾਧਨ ਨਹੀਂ ਜੁਟਾ ਸਕਦਾ। ਉਹ ਉਹ ਕੁਝ ਬਣਿਆ ਰਹੇ ਜੋ ਉਸ ਦਾ ਬਣਾਉਣ ਵਾਲਾ ਉਸ ਨੂੰ ਬਣਾਉਣਾ ਚਾਹੁੰਦਾ ਹੋਵੇ? ਜੇ ਇਹ ਬੰਦਸ਼ਾਂ ਹਨ ਤਾਂ ਕੀ ਇਨਸਾਨ ਤੇ ਉਹ ਸਾਰਾ ਸਮਾਜ ਸੁਖਾਂਵੇ ਮਾਹੌਲ ਵਿੱਚ, ਸਮਾਜਿਕ ਬਣਤਰ ਦਾ ਚੰਗੇ ਬਣੇ ਰਹਿਣਾ ਹੀ ਕਾਫ਼ੀ ਨਹੀਂ ਹੈ। ਉਸ ਵਿੱਚ ਕਾਬਲੀਅਤ ਹੋਣੀ ਚਾਹੀਦੀ ਹੈ ਤਾਂਕਿ ਉਹ ਤੁਫਾਨਾਂ ਦਾ ਵੀ ਸਾਹਮਣਾ ਕਰ ਸਕੇ। ਕੀ ਹਿੰਦੂ ਜ਼ਾਤ ਬਰਾਦਰੀ ਦਾ ਢਾਂਚਾ ਇੱਕ ਜ਼ੋਰਦਾਰ ਹਵਾ ਤੇ ਤੂਫਾਨਾਂ ਅੱਗੇ ਖੜ੍ਹਾ ਹੋ ਸਕਦਾ ਹੈ? ਇਹ ਨਿਸਚਿਤ ਹੈ ਕਿ ਇਹ ਨਹੀਂ ਹੋਵੇਗਾ। ਭਾਵੇਂ ਪਹਿਲ ਕਰਨੀ ਹੋਵੇ ਯਾ ਆਪਣਾ ਬਚਾਵ, ਸਮਾਜ ਇਸ ਲਾਇਕ ਤਾਂ ਹੋਣਾ ਚਾਹੀਦਾ ਹੈ ਕਿ ਉਹ ਆਪਣੀਆਂ ਤਾਕਤਾਂ ਨੂੰ ਹਰਕਤ ਵਿੱਚ ਲਿਆ ਸਕੇ। ਜਦੋਂ ਜ਼ਿੰਮੇਵਾਰੀਆਂ ਦੇ ਕੰਮ-ਕਾਜ ਬੜੇ ਖੁੱਲ੍ਹੇ ਪੈਮਾਨੇ ਨਾਲ ਵੰਡੇ ਗਏ ਤੇ ਚੁਪਚਾਪ ਦਿੱਤੇ ਗਏ ਤਾਂ ਸਭ ਕਾਸੇ ਵਿਚ ਹਰਕਤ ਕਿਵੇਂ ਤੇ ਕਿਹੜੇ ਢੰਗ ਨਾਲ ਆ ਸਕਦੀ ਹੈ। 99% ਹਿੰਦੂ-ਬ੍ਰਾਹਮਣ, ਵੈਸ਼ ਤੇ ਸ਼ੂਦਰ-ਹਿੰਦੂ ਸਮਾਜਿਕ ਢਾਂਚੇ ਵਿੱਚ ਹਥਿਆਰ ਨਹੀਂ ਸੀ ਚੁੱਕ ਸਕਦੇ। ਕਿਵੇਂ ਕੋਈ ਦੇਸ਼ ਆਪਣੇ ਆਪ ਨੂੰ ਸੁਰੱਖਿਅਤ ਰੱਖ ਸਕਦਾ ਹੈ। ਜੋ ਜੋਖ਼ਿਮ ਦੀ ਘੜੀ ਵਿੱਚ ਉਹਦੀਆਂ ਫੋਜਾਂ ਵਧੀਆ ਨਹੀਂ, ਵਧਾਈਆਂ ਨਹੀਂ

ਜਾ ਸਕੀਆਂ। ਇਹ ਬੁੱਧੀ ਨਹੀਂ ਸੀ, ਜਿਵੇਂ ਕਿ ਆਮ ਸਮਝਿਆ ਜਾਂਦਾ ਹੈ, ਜਿਸ ਨੇ ਹਿੰਦੂ ਸਮਾਜ ਨੂੰ ਅਹਿੰਸਾ ਦੇ ਸਿਧਾਂਤ ਸਦਕਾ ਕਮਜ਼ੋਰ ਕੀਤਾ। ਇਸ ਲਈ, ਤਾਂ ਚਤੁਰਵਰਨ ਦੇ ਬ੍ਰਹਾਮਨੀ ਸਿਧਾਂਤ ਜ਼ਿੰਮੇਵਾਰ ਹਨ, ਜਿਹੜੇ ਸਿਰਫ਼ ਹਾਰ ਲਈ ਹੀ ਨਹੀਂ ਜ਼ਿੰਮੇਵਾਰ ਬਲਕਿ ਹਿੰਦੂ ਸਮਾਜ ਦੇ ਪਤਨ ਦੇ ਵੀ ਜ਼ਿੰਮੇਵਾਰ ਹਨ। ਕੁਝ ਕੁ ਤੁਹਾਡੇ ਵਿੱਚ ਇਸ ਨੂੰ ਬੁਰਾ ਮਨਾਉਣਗੇ, ਜੋ ਮੈਂ ਕਿਹਾ ਹੈ ਕਿ ਹਿੰਦੂ ਸਮਾਜਿਕ-ਧਾਰਮਿਕ ਸਿਧਾਂਤਾਂ ਕਰਕੇ ਹਿੰਦੂ ਸਮਾਜ ਵਿਚ ਗਿਰਾਵਟ ਆਈ ਹੈ। ਪਰ ਸਚਾਈ ਕੀ ਹੈ? ਕੀ ਇਸ ਇਲਜ਼ਾਮ ਤੋਂ ਮੁਕਰਿਆ ਜਾ ਸਕਦਾ ਹੈ। ਕੀ ਸੰਸਾਰ ਵਿੱਚ ਕੋਈ ਇਹੋ ਜਿਹਾ ਸਮਾਜ ਹੈ ਜਿਸ ਤੱਕ ਪਹੁੰਚਿਆ ਨਾ ਜਾ ਸਕੇ, ਜਿਸ ਤੇ ਹੋਰ ਕਿਸੇ ਦਾ ਪਰਛਾਵਾਂ ਨਾ ਪੈ ਸਕਦਾ ਹੋਵੇ ਤੇ ਕੋਈ ਹੋਰ ਉਸ ਨੂੰ ਦੇਖ ਨਾ ਸਕੇ? ਕੀ ਹੋਰ ਕੋਈ ਇਹੋ ਜਿਹਾ ਸਮਾਜ ਹੈ ਜਿਸ ਦੀ ਆਬਾਦੀ ਵਿੱਚ ਜਰਾਇਮ ਪੇਸ਼ਾ ਕਬੀਲੇ ਹੋਣ? ਕੀ ਅੱਜ ਹੋਰ ਕੋਈ ਇਹੋ ਜਿਹਾ ਸਮਾਜ ਹੈ ਜਿਸ ਵਿੱਚ ਆਦਿਕਾਲੀਨ ਲੋਕ ਵਸਦੇ ਹੋਣ, ਜਿਹੜੇ ਜੰਗਲਾਂ ਵਿੱਚ ਰਹਿੰਦੇ ਹੋਣ, ਜੋ ਆਪਣੇ ਆਪ ਨੂੰ ਕਪੜੇ ਨਾਲ ਢੱਕਣਾ ਵੀ ਨਾ ਜਾਣਦੇ ਹੋਣ, ਇਹੋ ਜਿਹੇ ਗਿਣਤੀ ਦੇ ਕਿੰਨੇ ਕੁ ਲੋਕ ਹਨ? ਇਹ ਸੈਂਕੜਿਆਂ ਦਾ ਮਸਲਾ ਹੈ ਜਾਂ ਹਜ਼ਾਰਾਂ ਦਾ? ਮੇਰੀ ਖਾਹਿਸ਼ ਹੈ ਕਿ ਇਨ੍ਹਾਂ ਦੀ ਗਿਣਤੀ ਥੋੜ੍ਹੀ ਹੋਵੇ। ਬਦਕਿਸਮਤੀ ਇਹ ਹੈ ਕਿ ਇਨ੍ਹਾਂ ਦੀ ਗਿਣਤੀ ਲੱਖਾਂ ਵਿੱਚ ਹੈ। ਲੱਖਾਂ ਹੀ ਅਛੂਤ ਲੱਖਾਂ ਹੀ ਜਰਾਇਮ ਪੇਸ਼ਾ ਕਬੀਲੇ, ਲੱਖਾਂ ਹੀ ਪੁਰਾਤਨ ਆਦਮ ਕਬੀਲੇ ਵੇਖ ਕੋਈ ਹੈਰਾਨ ਹੀ ਹੁੰਦਾ ਹੈ, ਇਹ ਸੋਚ ਕੇ ਕੀ ਇਹ ਹਿੰਦੂ ਸੰਸਕ੍ਰਿਤੀ ਸਭਿਅਤਾ ਹੈ ਯਾਂ ਇੱਕ ਬਦਮਾਸ਼ੀ? ਇਹ ਤਾਂ ਉਚ ਕੋਟੀ ਦੇ ਆਦਰਸ਼ਾਂ ਬਾਰੇ ਹੈ। ਹੁਣ ਮੁਹਾਂਦਰਾ ਮੋੜ ਲਓ ਤੇ ਇਸ ਗੱਲ ਵੱਲ ਧਿਆਨ ਦਿਉ ਕਿ ਇਸ ਮਾਹੌਲ ਵਿੱਚ ਪ੍ਰਏ ਉਦੋਂ ਦੇ ਦਰਾੜ ਕਿਹੋ ਜਿਹੇ ਹੋਣਗੇ ਜਦੋਂ ਰਾਨਾਡੇ ਆਏ। ਇਸ ਵਕਤ ਉਦੋਂ ਦੇ ਗਿਰਾਵਟ ਦੇ ਹਾਲਾਤ ਦਾ ਜਾਇਜ਼ਾ ਲੈਣਾ ਬਹੁਤ ਔਖਾ ਹੈ, ਤੇ ਜਦੋਂ ਅੰਗ੍ਰੇਜ਼ ਆਏ ਤਾਂ ਇਹੋ ਜਿਹੇ ਮਾਹੌਲ ਦਾ ਰਾਨਾਡੇ ਵਰਗੇ ਸੁਧਾਰਕਾਂ ਨੂੰ ਸਾਹਮਣਾ ਕਰਨਾ ਪਿਆ।

ਸਭ ਤੋਂ ਪਹਿਲਾਂ, ਮੈਂ ਬੁੱਧੀ ਜੀਵੀਆਂ ਦੀ ਜਮਾਤ ਨੂੰ ਲਵਾਂਗਾ। ਬੁੱਧੀ ਜੀਵੀਆਂ ਦੀ ਜਮਾਤ ਤੇ ਹੀ ਤਾਂ ਸੰਸਕ੍ਰਿਤੀ ਦਾ ਪਾਲਣ-ਪੋਸ਼ਣ ਤੇ ਦਿਸ਼ਾ ਨਿਰਦੇਸ਼ ਹੁੰਦਾ ਹੈ-ਉਹੀ ਜੋ ਬ੍ਰਾਹਮਣ ਨੇ ਵਿਖਾਇਆ। ਪੁਰਾਣੇ ਹਿੰਦੂ ਕਾਨੂੰਨ ਤਹਿਤ ਬ੍ਰਾਹਮਣ ਨੂੰ ਧਾਰਮਿਕ ਆਗੂ ਦੇ ਸਾਰੇ ਹੱਕ ਮੁਹੱਈਆ ਸਨ ਤੇ ਉਸ ਨੂੰ ਫਾਂਸੀ ਤੇ ਨਹੀਂ ਸੀ ਚੜ੍ਹਾਇਆ ਜਾ ਸਕਦਾ, ਭਾਵੇਂ ਉਹ ਖ਼ੂਨ ਹੀ ਕਿਉਂ ਨਾ ਕਰ ਦੇਵੇ। ਈਸਟ ਇੰਡੀਆ ਕੰਪਨੀ ਨੇ ਵੀ 1817 ਤੱਕ ਇਹੋ ਹੱਕ ਕਾਇਮ ਰੱਖੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਇਸ ਧਰਤੀ ਦੀ ਨਸਲ ਬਣ ਗਏ। ਪਰ ਕੀ ਉਸ ਵਿੱਚੋਂ ਕੋਈ ਵਿਅਕਤੀ ਬਚ ਸਕਿਆ ਹੈ? ਉਸ ਦੇ ਕਿੱਤੇ ਦੀ ਵਡਿਆਈ ਮੁੱਕ ਚੁੱਕੀ ਸੀ। ਉਹ ਇੱਕ ਖੇਤ ਨੂੰ ਖਾਣ ਵਾਲਾ ਕੀੜਾ ਬਣ ਗਿਆ ਸੀ। ਬ੍ਰਾਹਮਣ ਨੇ ਇੱਕ ਬੜੇ ਯੋਜਨਾਬਧ ਸਮਾਜ ਨੂੰ ਆਪਣਾ ਸ਼ਿਕਾਰ ਬਣਾਈ ਰੱਖਿਆ ਤੇ ਧਰਮ ਨੂੰ ਆਪਣਾ ਆਧਾਰ ਬਣਾ ਲਿਆ। ਜਿੰਨ੍ਹੀ ਦਿਨੀਂ ਪੁਰਾਣਾ ਤੇ ਸ਼ਾਸਤਰਾਂ ਦੀ ਰਚਨਾਂ ਬ੍ਰਾਹਮਣਾਂ ਨੇ ਕੀਤੀ ਉਹ ਉਨ੍ਹਾਂ ਲੋਕਾਂ ਦੀ ਅਨਮੋਲ ਖੋਜ ਹੈ ਜਿਨ੍ਹਾਂ ਦੀ ਕੁਵਰਤੋਂ ਬ੍ਰਾਹਮਣਾ ਨੇ ਹੋਰਾਂ ਨੂੰ ਬੇਵਕੂਫ ਬਣਾਉਣ ਲਈ ਕੀਤੀ, ਉਹ ਸਧਾਰਨ ਗਰੀਬ ਅਨਪੜ੍ਹ ਤੇ ਅੰਧਵਿਸ਼ਵਾਸੀ ਹਿੰਦੂਆਂ ਨੂੰ ਬੇਵਕੂਫ ਬਣਾਕੇ, ਬੇਢੰਗੇ ਧੋਖੇ ਦਿੰਦੇ ਰਹੇ ਅਤੇ ਬਹਿਕਾ ਕੇ ਠਗਦੇ ਰਹੇ। ਇਸ ਭਾਸ਼ਣ ਵਿੱਚ ਉਨ੍ਹਾਂ ਸਬੰਧੀ ਕਹਿਣਾ ਮੁਸ਼ਕਿਲ ਹੈ। ਇਥੇ ਸਿਰਫ਼ ਉਨ੍ਹਾਂ ਕਾਇਦਿਆਂ ਬਾਰੇ ਹੀ ਦਸਾਂਗਾ ਜਿਹਨਾਂ ਵਿੱਚ ਬ੍ਰਾਹਮਣ ਨੇ ਆਪਣੇ ਮਤਲਬ ਲਈ

ਪਵਿੱਤਰ ਰਸਮਾ ਰਾਹੀਂ ਹਿੰਦੂ ਦੇ ਖਿਲਾਫ਼ ਵਰਤਿਆ ਤੇ ਉਸ ਤੋਂ ਆਪਣੇ ਹੱਕ ਤੇ ਲਾਭ ਲਏ। ਜਿਹੜੇ ਜਾਣਨਾ ਚਾਹੁੰਦੇ ਹਨ ਉਹ 1795 ਦੇ ਰੈਗੂਲੇਸ਼ਨ ਦੀ ਪ੍ਰਸਤਾਵਨਾ 21 ਪੜ੍ਹ ਲੈਣ। ਉਸ ਹਿਸਾਬ ਨਾਲ ਤਾਂ ਇਹੋ ਹੈ ਕਿ ਬ੍ਰਾਹਮਣ ਜੋ ਕੁਝ ਵੀ ਲੈਣਾ ਚਾਹੁੰਦਾ ਹੋਵੇ, ਲੈ ਸਕਦਾ ਸੀ ਜੋ ਇਹ ਸਹਿਜੇ ਹੀ ਉਸ ਨੂੰ ਆਪਣੇ ਸ਼ਿਕਾਰ ਤੋਂ ਮਿਲ ਨਹੀਂ ਸੀ ਸਕਦਾ। ਉਹ ਉਸ ਨੂੰ ਕਈ ਤਰ੍ਹਾਂ ਦੇ ਤਸੀਹੇ ਦੇਣ ਤੱਕ ਉਤਰ ਆਉਂਦਾ ਸੀ। ਇੱਥੋਂ ਤੱਕ ਕਿ ਛੁਰਿਆਂ ਤੇ ਚਾਕੂਆਂ ਨਾਲ ਚੀਰ-ਫਾੜ ਕਰ ਦਿੰਦਾ ਯਾ ਇਸ ਤੋਂ ਵੀ ਵੱਧ ਉਸ ਨੂੰ ਜ਼ਹਿਰ ਨਿਗਲਨ ਲਈ ਵੀ ਮਜ਼ਬੂਰ ਕਰ ਦਿੰਦਾ ਸੀ। ਇਹ ਉਸ ਦੀਆਂ ਚਾਲਾਂ ਆਪਣੇ ਮਨਸੂਬੇ ਪੂਰੇ ਕਰਨ ਲਈ ਹੁੰਦੀਆਂ। ਹੋਰ ਵੀ ਕਈ ਢੰਗ, ਬ੍ਰਾਹਮਣ ਹਿੰਦੂ ਨੂੰ ਦੁਖੀ ਕਰਨ ਨੂੰ ਵਰਤਦੇ ਜੋ ਕਿ ਬੇਹੱਦ ਵਿੱਤੋਂ ਬਾਹਰੇ ਸ਼ਰਮਨਾਕ ਹਨ। ਆਮ ਪ੍ਰਚਲਤ ਢੰਗ ਹੁੰਦਾ ਕਿ ਆਪਣੇ ਸ਼ਿਕਾਰ ਦੇ ਘਰ ਦੇ ਸਾਹਮਣੇ ਇੱਕ ਚਿਤਾ ਉਸਾਰੀ ਜਾਂਦੀ ਸੀ। ਇਹ ਇੱਕ ਲਕੜੀਆਂ ਚਿਣਿਆ ਗੋਲ ਦਾਇਰੇ ਵਾਲਾ ਥੜ੍ਹਾ ਹੁੰਦਾ ਸੀ। ਉਸ ਉੱਪਰ ਇੱਕ ਬੁੱਢੀ ਔਰਤ ਨੂੰ ਬਿਠਾ ਦਿੱਤਾ ਜਾਂਦਾ ਸੀ ਤੇ ਉਸਨੂੰ ਸਾੜਨ ਦੀ ਧਮਕੀ ਦਿੱਤੀ ਜਾਂਦੀ ਜੇ ਉਸ ਦੀ ਮੰਗ ਪੂਰੀ ਨਾ ਕੀਤੀ ਜਾਂਦੀ। ਦੂਜਾ ਢੰਗ ਸੀ ਆਪਣੇ ਸ਼ਿਕਾਰ ਦੇ ਘਰ ਦੇ ਬੱਚੇ ਤੇ ਔਰਤਾਂ ਉਸ ਦੇ ਸਾਹਮਣੇ ਇਕੱਠੇ ਕਰਕੇ ਉਨ੍ਹਾਂ ਦਾ ਸਿਰ ਧੜੋਂ ਅਲਹਿਦਾ ਕਰਨ ਦੀ ਧਮਕੀ ਦਿੱਤੀ ਜਾਂਦੀ। ਤੀਜਾ ਸੀ ਧਰਨਾ, ਆਪਣੇ ਸ਼ਿਕਾਰ ਦੇ ਘਰ ਦੇ ਬੂਹੇ ਅੱਗੇ ਭੁੱਖ ਹੜਤਾਲ ਕਰਨੀ। ਇੱਥੇ ਹੀ ਬਸ ਨਹੀਂ। ਬ੍ਰਾਹਮਣਾ ਨੇ ਗੈਰ-ਬ੍ਰਾਹਮਣ ਔਰਤਾਂ ਦਾ ਬਲਾਤਕਾਰ ਕਰਨ ਦਾ ਹੱਕ ਵੀ ਜਤਲਾਉਂਣਾ ਸ਼ੁਰੂ ਕਰ ਦਿੱਤਾ ਸੀ। ਇਹ ਵਤੀਰਾ ਕਾਲੀਕਟ ਦੇ ਜੇਮੋਰਿਨ ਦੇ ਪਰਿਵਾਰ ਵਿੱਚ ਅਤੇ ਵੈਸ਼ਨਵਾਂ ਦੇ ਵਲਭਚਾਰੀ ਬਰਾਦਰੀ ਵਿੱਚ ਪ੍ਰਚਲਤ ਸੀ। ਬ੍ਰਾਹਮਣ ਕਿਸ ਹੱਦ ਤੱਕ ਗਿਰ ਚੁੱਕੇ ਸੀ। ਜਿਵੇਂ ਅੰਜੀਲ ਵਿੱਚ ਕਿਹਾ ਹੈ। "ਜਦੋਂ ਲੂਣ ਦੀ ਖੁਸ਼ਬੂ ਹੀ ਉੱਡ ਜਾਵੇ ਤਾਂ ਇਸ ਨੂੰ ਹੋਰ ਕਿਸ ਪਦਾਰਥ ਵਿੱਚ ਮਿਲਾਇਆ ਜਾਵੇ?" ਕੋਈ ਹੈਰਾਨੀ ਨਹੀਂ ਕਿ ਹਿੰਦੂ ਸਮਾਜ ਨੇ ਨੈਤਿਕ ਬੰਧਨ ਕਿਸ ਖਤਰਨਾਕ ਢੰਗ ਨਾਲ ਤੇ ਕਿਸ ਹੱਦ ਤੱਕ ਢਿੱਲੇ ਕੀਤੇ ਹੋਏ ਸਨ। ਈਸਟ ਇੰਡੀਆ ਕੰਪਨੀ ਨੇ 1819 ਵਿੱਚ ਰੈਗੂਲੇਸ਼ਨ 7 ਰਾਹੀਂ ਇਸ ਇਖ਼ਲਾਕੀ ਗਿਰਾਵਟ ਤੇ ਪਾਬੰਦੀ ਲਾ ਦਿੱਤੀ। ਰੈਗੂਲੇਸ਼ਨ ਦੇ ਮੁੱਢਲੇ ਸ਼ਬਦ ਹਨ – ਇਹੋ ਜਿਹੇ ਹਰਬੇ ਵਰਤੇ ਜਾਂਦੇ ਕਿ ਔਰਤਾਂ ਨੂੰ ਥੋਕ ਵਿੱਚ ਇਸ ਕਦਰ ਲੁਭਾਇਆ ਜਾਂਦਾ ਤੇ ਵਹੁੱਟੀਆਂ ਤੇ ਕੁਆਰੀਆਂ ਬੱਚੀਆਂ ਨੂੰ ਬਜ਼ਾਰੀ ਔਰਤ ਦੇ ਕਿੱਤੇ ਤੇ ਲਾ ਦਿੱਤਾ ਜਾਂਦਾ। ਇਹ ਆਮ ਪ੍ਰਚਲਤ ਸੀ ਕਿ ਪਤੀ ਤੇ ਪਿਤਾ ਆਪਣੇ ਪਰਿਵਾਰਾਂ ਤੇ ਬੱਚਿਆਂ ਨੂੰ ਤਿਆਗ ਦਿੰਦੇ ਸਨ। ਸਮਾਜਿਕ ਨੈਤਿਕਤਾ ਕਿਧਰੇ ਹੈ ਹੀ ਨਹੀਂ ਸੀ। ਬੇਗ਼ੈਰਤ ਆਤਮਾ ਦੇ ਪੱਖੋਂ ਇਹ ਫਜ਼ੂਲ ਸੀ ਕਿ ਉਨ੍ਹਾਂ ਵਿਚੋਂ ਸਮਾਜਿਕ ਕੁਰੀਤੀਆਂ ਵਿਰੁੱਧ ਨੈਤਿਕ ਗੁੱਸਾ ਲੱਭਿਆ ਜਾਵੇ। ਅਸਲੀਅਤ ਤਾਂ ਇਹ ਸੀ ਕਿ ਬ੍ਰਾਹਮਣ ਨੂੰ ਆਪ ਬਚਾਓ ਕਰਨ ਲਈ, ਗਲਤੀਆਂ ਤੇ ਪੜਦਾ ਪਾਉਣ ਲਈ ਕਿਸੇ ਹੋਰ ਬ੍ਰਾਹਮਣ ਨੂੰ ਸੱਦਿਆ ਜਾਂਦਾ ਸੀ। ਉਹ ਅਛੂਤਪੁਣੇ ਦਾ ਹੀ ਪੱਖ ਪੂਰਦੇ, ਇਸ ਰਾਹੀਂ ਲੱਖਾਂ ਹੀ ਲੋਕ ਦਾਸਤਾ ਲਈ ਮਜ਼ਬੂਰ ਹੋ ਜਾਂਦੇ। ਉਹ ਜ਼ਾਤ-ਪਾਤ ਨੂੰ ਬਚਾਉਂਦੇ, ਬੱਚੀਆਂ ਦੇ ਬਾਲ-ਵਿਆਹ ਦਾ ਹੱਕ ਪੂਰਦੇ, ਤੇ ਉਹ ਵਿਧਵਾਵਾਂ ਨੂੰ ਮਜ਼ਬੂਰ ਰੰਡੇਪਾ ਕੱਟਣ ਨੂੰ ਠੀਕ ਦੱਸਦੇ। ਇਹੀ ਦੋਵੇਂ ਜ਼ਾਤ-ਪਾਤ ਪ੍ਰਣਾਲੀ ਦੇ ਵੱਡੇ ਕਲੰਕ ਹਨ। ਉਹ ਵਿਧਵਾਵਾਂ ਦੇ ਜਲਾਏ ਜਾਣ ਨੂੰ ਠੀਕ ਸਿੱਧ ਕਰਨ ਦੀ ਰਾਖੀ ਕਰਦੇ ਤੇ ਉਹ ਉਸ ਸਮਾਜਿਕ ਢਾਂਚੇ ਦੀ ਰਾਖੀ ਕਰਦੇ ਜਿਸ ਵਿੱਚ ਦਰਜਾ-ਬ-ਦਰਜਾ

ਭੇਦ-ਭਾਵ ਮੌਜੂਦ ਰਹਿਣ। ਕਿਸ ਨੇ ਰੀਤ ਰਿਵਾਜ਼ ਨੂੰ ਜਨਮ ਦਿੱਤਾ ਜਿਸ ਰਾਹੀਂ ਆਦਮੀਆਂ ਨੂੰ ਨੀਵੀਂ ਜ਼ਾਤ ਦੀਆਂ ਔਰਤਾਂ ਨਾਲ ਵਿਆਹ ਕਰ ਲੈਣ ਦੀ ਛੋਟ ਮਿਲੀ, ਇਸ ਨਾਲ ਰਾਜਪੂਤਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਨਵ ਜੰਮੀਆਂ ਬੱਚੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਉਨ੍ਹਾਂ ਦੀਆਂ ਮਾਵਾਂ ਨੀਵੀਂ ਜ਼ਾਤ ਦੀਆਂ ਸਨ। ਕੀ ਸ਼ਰਮਿੰਦਗੀ ਹੈ? ਕੀ ਗੁਨਾਹ ਹੈ? ਕੀ ਇਹੋ ਜਿਹਾ ਸਮਾਜ ਆਪਣੀ ਸ਼ਕਲ ਵਿਕਸਿਤ ਸਭਿਆਚਾਰ ਵਾਲੇ ਦੇਸ਼ਾਂ ਨੂੰ ਦਿਖਾ ਸਕਦਾ ਹੈ? ਕੀ ਇਹੋ ਜਿਹੇ ਸਮਾਜ ਨੂੰ ਜਿਊਂਦੇ ਰਹਿਣ ਦਾ ਕੋਈ ਹੱਕ ਹੈ? ਇਹੋ ਜਿਹੇ ਹੀ ਸੁਧਾਰ ਸਨ ਜਿਹੜੇ ਰਾਨਾਡੇ ਨੇ ਲਿਆਂਦੇ। ਉਸ ਦਾ ਸਾਰਾਂਸ਼ ਇਹ ਸੀ ਕਿ ਜੇ ਜੀਊਂਦੇ ਰਹਿਣਾ ਹੈ ਤਾਂ ਸਖ਼ਤ ਤੋਂ ਸਖ਼ਤ ਸਮਾਜਿਕ ਸੁਧਾਰ ਕਰਨੇ ਪੈਣਗੇ।

## 6

ਭਾਵੇਂ ਉਨ੍ਹਾਂ ਦੇ ਸਭ ਤੋਂ ਵੱਡੇ ਜਬਰਦਸਤ ਵਿਰੋਧੀ ਸਿਆਸੀ ਖੇਤਰ ਦੇ ਬੁਧੀਜੀਵੀ ਹੀ ਸਨ ਪਰ ਰਾਜਨੀਤਕਾਂ ਨੇ ਨਵਾਂ ਖੋਜ ਪੱਤਰ ਵਿਸਤ੍ਰਿਤ ਕੀਤਾ। ਇਸ ਖੋਜ ਪੱਤਰ ਮੁਤਾਬਿਕ ਰਾਜਸੀ ਸੁਧਾਰ ਸਮਾਜਿਕ ਸੁਧਾਰ ਤੋਂ ਅਗਾਂਹ ਹੋਣੇ ਚਾਹੀਦੇ ਹਨ। ਇਸ ਮੁੱਦੇ ਨੂੰ ਲੈ ਕੇ ਹਰ ਮੰਚ ਤੇ ਇਸ ਦੇ ਹੱਕ ਵਿਚ ਮੰਨੇ ਪ੍ਰਮੰਨੇ ਲੋਕਾਂ ਨੇ ਬਹਿਸ ਕੀਤੀ। ਇਨ੍ਹਾਂ ਲੋਕਾਂ ਵਿੱਚ ਬੰਬਈ ਹਾਈ ਕੋਰਟ ਦੀ ਬਹਿਸ ਵਿੱਚ ਮਾਹਰ ਤੇ ਤਕੜੇ ਵਕੀਲ ਮਿਸਟਰ ਜਸਟਿਸ ਤਿਲੰਗ ਵੀ ਸਨ। ਇਸ ਮੁੱਦੇ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ। ਜੇ ਕੋਈ ਸਮਾਜ ਸੁਧਾਰ ਦੀ ਰਫ਼ਤਾਰ ਨੂੰ ਰੁਕਾਵਟ ਪਾਉਣ ਵਾਲਾ ਮੰਨਿਆ ਜਾਵੇ ਤਾਂ ਉਹ ਰਾਜਨੀਤਿਕ ਸੁਧਾਰ ਦਾ ਇਕ ਰੌਲਾ ਹੀ ਸੀ। ਇਸ ਮੁੱਦੇ ਨੂੰ ਕਿਸੇ ਦੀ ਮਦਦ ਨਹੀਂ ਸੀ। ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਨਾਡੇ ਦੇ ਵਿਰੋਧੀ ਗ਼ਲਤ ਸਨ ਤੇ ਇਸ ਤੇ ਜ਼ੋਰ ਦੇ ਕੇ ਤਕੜੇ ਕਰਨ ਵਿੱਚ ਉਨ੍ਹਾਂ ਨੇ ਦੇਸ਼ ਦਾ ਚੰਗਾ ਪੱਖ ਨਹੀਂ ਪੂਰਿਆ। ਜਿਸ ਤਰ੍ਹਾਂ ਮਿਸਟਰ ਜਸਟਿਸ ਤਿਲੰਗ ਨੇ ਜੋ ਰਾਜਸੀ ਲੋਕਾਂ ਨੂੰ ਦਲੀਲਾਂ ਰਾਹੀਂ ਬਚਾਇਆ ਹੈ ਉਹ ਤਰਕ ਸ਼ਾਸਤਰ ਦਾ ਆਧਾਰ ਕਾਰਨ ਤਾਂ ਠੀਕ ਸੀ ਪਰ ਉਹ ਬਿਲਕੁੱਲ ਭੁੱਲ ਗਏ ਕਿ ਤਰਕ ਸ਼ਾਸਤਰ ਅਧਾਰ ਕਾਰਨਾਂ ਤੇ ਨਿਰਧਾਰਿਤ ਨਹੀਂ ਹੁੰਦਾ ਅਤੇ ਸਾਹਸ ਤਰਕ ਨਹੀਂ ਹੁੰਦਾ। ਉਨ੍ਹਾਂ ਨੂੰ ਸਮਾਜ ਤੇ ਰਾਜਨੀਤੀ ਦੇ ਇੱਕ ਦੂਜੇ ਵਿੱਚ ਫਸੇ ਸਬੰਧਾਂ ਬਾਰੇ ਸਹੀ ਸਮਝ ਨਹੀਂ ਸੀ ਜਿਹੜੀ ਇਸ ਸਬੰਧ ਵਿੱਚ ਰਾਨਾਡੇ ਨੂੰ ਸੀ। ਹੁਣ ਆਪਾਂ ਖੋਜ-ਪੱਤਰ ਦੀ ਜਾਂਚ ਕਰੀਏ। ਜਿਹੜੇ ਅਗਾਂਹ ਵਧੂ ਸਨ ਉਨ੍ਹਾਂ ਦਾ ਕੋਈ ਬਹੁਤਾ ਵਧੀਆ ਅਸਰ ਨਹੀਂ ਸੀ ਪਿਆ ਪਰ ਮੈਂ ਤਾਂ ਬਹੁਤ ਵਧੀਆ ਦਲੀਲ ਤੇ ਤਰਕਾਂ ਦੀਆਂ ਨੁਕਤਾ ਚੀਨੀਆਂ ਦਾ ਵੀ ਸਾਮ੍ਹਣਾ ਕਰਨ ਨੂੰ ਤਿਆਰ ਹਾਂ। ਫਿਰ ਵੀ ਇਹ ਖੋਜ-ਪੱਤਰ ਟਿਕ ਨਹੀਂ ਸਕੇਗਾ। ਮੈਨੂੰ ਤਾਂ ਜਿਹੜਾ ਮੌਕਾ ਦਿੱਤਾ ਗਿਆ ਉਸ ਨੇ ਹੀ ਕੀਲਿਆ ਹੈ। ਪਹਿਲੀ ਜਗ੍ਹਾ ਤੇ ਇਹੋ ਕਿਹਾ ਜਾ ਸਕਦਾ ਹੈ ਕਿ ਸਾਨੂੰ ਪਹਿਲਾਂ ਰਾਜਸੀ ਤਾਕਤ ਚਾਹੀਦੀ ਹੈ ਤਾਂ ਜੋ ਅਸੀਂ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਕਰ ਸਕੀਏ। ਇਹ ਹੱਲ ਉਸ ਸਰਕਾਰੀ ਕਿਫਾਇਤੀ ਸੋਚ ਵਿਚੋਂ ਨਿਕਲਿਆ ਹੈ ਜਿਹੜਾ ਅਮਰੀਕਾ ਦੇ ਸਿਆਸਤਦਾਨ ਜੈਫਰਸਨ ਨੇ ਕੀਤਾ ਸੀ। ਉਨ੍ਹਾਂ ਮੁਤਾਬਿਕ ਰਾਜਨੀਤੀ ਇੱਕੋ-ਇੱਕ ਸਾਧਨ ਹੈ ਜਿਸ ਰਾਹੀਂ ਸਰਕਾਰ ਆਪਣੇ ਆਪ ਦੇ ਹੱਕਾਂ ਦੀ ਰਾਖੀ ਬਿਨ੍ਹਾਂ ਕਿਸੇ ਰੋਕ-ਟੋਕ ਤੇ ਅੜਚਨ ਦੇ ਕਰ ਸਕਦੀ ਹੈ ਅਤੇ ਨੀਤੀ ਰਾਹੀਂ ਹੀ ਸਰਕਾਰ ਇਸ ਲਈ ਰਾਹ ਲੱਭ ਸਕਦੀ ਹੈ ਤਾਂ ਸਮਝੋ ਕਿ ਇਹ ਸਿਧਾਂਤ ਠੋਸ ਹੈ। ਸਵਾਲ ਹੋਵੇਗਾ ਕਿ ਜੇ ਅਧਿਕਾਰ ਹੁੰਦਾ ਹੀ ਨਾ ਤਾਂ ਸਰਕਾਰੀ ਸ਼ਾਸਨ

ਦੀ ਕਿਹੜੀ ਲੋੜ ਸੀ? ਹੱਕ ਤਾਂ ਪਹਿਲਾਂ ਹੀ ਹੋਣੇ ਚਾਹੀਦੇ ਨੇ ਜਿਨ੍ਹਾਂ ਦੀ ਰਾਖੀ ਇੱਕ ਜੁੱਟ ਹੋ ਕੇ ਠੋਸ ਮੁੱਦੇ ਅਖ਼ਤਿਆਰ ਕਰਕੇ ਹੀ ਕੀਤੀ ਜਾ ਸਕਦੀ ਹੈ। ਇਹ ਮੁੱਦਾ ਕਿ ਕੀ ਰਾਜਸੀ ਸੁਧਾਰ ਸਮਾਜ ਸੁਧਾਰ ਤੋਂ ਅੱਗੇ ਹੋਣੇ ਚਾਹੀਦੇ ਹਨ? ਇਹ ਇੱਕ ਬੇਤੁੱਕਾ ਜਿਹਾ ਹੀ ਪ੍ਰਸਤਾਵ ਹੈ। ਇਹ ਤਾਂ ਫਜ਼ੂਲ ਜਿਹਾ ਨੁਕਤਾ ਹੀ ਬਣਕੇ ਰਹਿ ਜਾਂਦਾ ਹੈ ਜਦੋਂ ਤੱਕ ਕਿ ਇਸ ਨੁਕਤੇ ਨੂੰ ਸਰਕਾਰ ਵੱਲੋਂ ਉਨ੍ਹਾਂ ਨੂੰ ਬਣਾਉਣ ਦੇ ਸਾਧਨ ਤੇ ਰਾਹ ਨਹੀਂ ਲਭ ਪੈਂਦੇ। ਸਰਕਾਰ ਨੇ ਆਪਣੇ ਵਿੱਚ ਸਾਰੇ ਅਧਿਕਾਰ ਸਮਾ ਲਏ ਤਾਂ ਜੋ ਕੋਈ ਇਸ ਦਾ ਵਿਰੋਧ ਕਰਨ ਵਾਲਾ ਹੀ ਨਾ ਰਹੇ। ਦੂਜਾ ਨੁਕਤਾ ਇਹ ਵੀ ਹੋ ਸਕਦਾ ਹੈ ਜੋ ਇਸੇ ਮੁੱਦੇ ਦੀ ਸਹਾਇਤਾ ਕਰ ਸਕੇ ਕਿ ਰਾਜਸੀ ਤਾਕਤ ਤਾਂ ਉਨ੍ਹਾਂ ਨੂੰ ਲੋੜੀਂਦੀ ਹੈ ਜੋ ਚਾਹੁੰਦੇ ਹਨ ਕਿ ਹਰ ਇੱਕ ਆਦਮੀ ਨੂੰ ਕੁਝ ਬੁਨਿਆਦੀ ਕਾਨੂੰਨ ਤਹਿਤ ਅਧਿਕਾਰ ਦਿੱਤੇ ਜਾਣ ਤੇ ਇਹ ਰਾਜਸੀ ਅਧਿਕਾਰ ਉਦੋਂ ਤੱਕ ਮੁਹੱਈਆ ਨਹੀਂ ਹੋ ਸਕਦੇ ਜਦੋਂ ਤੱਕ ਪਹਿਲਾਂ ਰਾਜਸੀ ਤਾਕਤ ਨਾ ਆ ਜਾਵੇ। ਸੁਣਨ ਨੂੰ ਤਾਂ ਇਹ ਸਭ ਕੁਝ ਮੁਮਕਿਨ ਜਿਹਾ ਹੀ ਲਗਦਾ ਹੈ ਪਰ ਕੀ ਇਸ ਵਿੱਚ ਕੋਈ ਠੋਸ ਮਕਸਦ ਵੀ ਹੈ? ਬੁਨਿਆਦੀ ਅਧਿਕਾਰਾਂ ਦਾ ਵਿਚਾਰ ਉਦੋਂ ਤੋਂ ਹੀ ਘਰ ਕਰ ਗਿਆ ਹੈ ਜਦੋਂ ਤੋਂ ਪਹਿਲਾਂ ਪਹਿਲ ਅਮਰੀਕਨ ਸੰਵਿਧਾਨ ਤੇ ਬਾਅਦ ਵਿੱਚ ਫਰਾਂਸੀਸੀ ਕ੍ਰਾਂਤੀ ਦੇ ਸੰਵਿਧਾਨ ਨੇ ਇਸ ਨੂੰ ਸੰਵਿਧਾਨਿਕ ਢਾਂਚੇ ਵਿੰਚ ਢਾਲ ਲਿਆ। ਬਿਨਾਂ ਸ਼ੱਕ ਹਰ ਇੱਕ ਨੂੰ ਬੁਨਿਆਦੀ ਅਧਿਕਾਰਾਂ ਦਾ ਤੋਹਫਾ ਦੇ ਕੇ ਨਿਵਾਜ਼ ਦੇਣਾ ਬੜਾ ਲਾਲਚ ਭਰਪੂਰ ਹੈ। ਪਰ ਸਵਾਲ ਇਹ ਹੈ ਕਿ ਇਨ੍ਹਾਂ ਨੂੰ ਅਮਲੀ ਜਾਮਾ ਕਿਵੇਂ ਪਵਾਇਆ ਜਾਵੇਗਾ? ਪ੍ਰਚਲਿਤ ਵਿਚਾਰ ਤਹਿਤ ਇਹ ਤਾਂ ਠੀਕ ਹੋ ਗਿਆ ਹੈ ਕਿ ਜਿਹੜੇ ਅਧਿਕਾਰ ਇੱਕ ਵਾਰ ਕਾਨੂੰਨ ਵਿੱਚ ਸ਼ਾਮਿਲ ਹੋ ਜਾਂਦੇ ਹਨ ਉਨ੍ਹਾਂ ਦੀ ਰਾਖੀ ਯਕੀਨੀ ਹੋ ਜਾਂਦੀ ਹੈ। ਇਹ ਵੀ ਬਿਨਾਂ ਅਧਿਕਾਰ ਇੱਕ ਮੰਨ ਲੈਣ ਵਾਲੀ ਵਿਚਾਰ ਹੀ ਹੈ। ਤਜ਼ਰਬੇ ਇਹੋ ਦਸਦੇ ਹਨ ਕਿ ਅਧਿਕਾਰਾਂ ਦੀ ਰਾਖੀ ਕਾਨੂੰਨ ਨਹੀਂ ਕਰਦੇ ਸਮਾਜ ਤੇ ਸਮਾਜਿਕ ਇਖ਼ਲਾਕੀ ਚੇਤਨਾ ਹੀ ਕਰ ਸਕਦੇ ਹਨ। ਜੇ ਸਮਾਜਿਕ ਚੇਤਨਾ ਇਸ ਲਈ ਤਿਆਰ ਹੈ ਕਿ ਉਹ ਕਾਨੂੰਨ ਤਹਿਤ ਲਿਆਂਦੇ ਅਧਿਕਾਰਾਂ ਲਈ ਅਖ਼ਤਿਆਰ ਨੂੰ ਮੰਨੇਗਾ ਤਾਂ ਅਧਿਕਾਰ ਬਚੇ ਵੀ ਰਹਿਣਗੇ ਤੇ ਮਜ਼ਬੂਤ ਵੀ ਹੋਣਗੇ। ਪਰ ਜੇ ਕਿਧਰੇ ਬੁਨਿਆਦੀ ਅਧਿਕਾਰਾਂ ਦਾ ਸਮਾਜ ਵਿਰੋਧ ਕਰਦਾ ਹੈ ਤਾਂ ਨਾ ਕੋਈ ਕਾਨੂੰਨ, ਨਾ ਪਾਰਲੀਮੈਂਟ, ਨਾ ਇਨਸਾਫ ਪ੍ਰਣਾਲੀ ਅਸਲੀ ਅਰਥਾਂ ਵਿੱਚ ਇਸਦੀ ਰਾਖੀ ਦੀ ਸਹੁੰ ਖਾ ਸਕਦੀ ਹੈ। ਬੁਨਿਆਦੀ ਅਧਿਕਾਰਾਂ ਦਾ ਅਮਰੀਕਾ ਦੇ ਹਬਸ਼ੀਆਂ ਨੂੰ ਜਾਂ ਜਰਮਨੀ ਦੇ ਯਹੂਦੀਆਂ ਨੂੰ ਯਾ ਭਾਰਤ ਦੇ ਅਛੂਤਾਂ ਨੂੰ ਕੀ ਲਾਭ? ਬਰਕ ਨੇ ਜਿਵੇਂ ਕਿਹਾ ਹੈ ਕਿ ਇਸ ਤਰ੍ਹਾਂ ਦਾ ਕੋਈ ਤਰੀਕਾ ਨਹੀਂ ਲਭਿਆ ਗਿਆ ਜਿਸ ਨਾਲ ਗੁਨਾਹਗਾਰਾਂ ਨੂੰ ਸਜਾਵਾਂ ਦਿੱਤੀਆਂ ਜਾ ਸਕਣ। ਕਾਨੂੰਨ ਹੇਠ ਗੈਰ ਕਾਨੂੰਨੀ ਕਰਨ ਵਾਲੇ ਗੁਨਾਹਗਾਰਾਂ ਨੂੰ ਹੀ ਸਜ਼ਾ ਦੇ ਸਕਦਾ ਹੈ। ਕਾਨੂੰਨ ਪੂਰੇ ਦੇ ਪੂਰੇ ਉਨ੍ਹਾਂ ਬੰਦਿਆਂ ਦੀਆਂ ਟੋਲੀਆਂ ਦੇ ਖਿਲਾਫ਼ ਕਦੇ ਵੀ ਹਰਕਤ ਵਿੱਚ ਨਹੀਂ ਆ ਸਕਦਾ ਜੋ ਇਸ ਦੇ ਖ਼ਿਲਾਫ ਰਹਿਣ ਦਾ ਪੱਕਾ ਨਿਸ਼ਚਾ ਕਰੀ ਬੈਠੇ ਹੋਣ। ਕੋਲਰਿਜ ਦੇ ਵਿਖਿਆਨ ਮੁਤਾਬਿਕ "ਸਮਾਜਿਕ ਚੇਤਨਾ ਆਤਮਾ ਦਾ ਇਕ ਉਹ ਸ਼ਾਂਤ ਅਤੇ ਬੇਲਾਗ ਅੰਤਰ ਆਤਮਿਕ ਵਿਧਾਨ ਹੈ ਜਿਸ ਅੱਗੇ ਹੋਰ ਸਾਰੀਆਂ ਤਾਕਤਾਂ ਆਪਸ ਵਿੱਚ ਟਕਰਾਉਣਗੀਆਂ ਇਹੋ ਇੱਕ ਬੁਨਿਆਦੀ ਤੇ ਬੇ-ਬੁਨਿਆਦੀ ਹੱਕਾਂ ਦੀ ਰਾਖੀ ਦਾ ਦਾਅਵਾ ਕਰ ਸਕਦਾ ਹੈ।"

ਤੀਜੀ ਦਲੀਲ ਜਿਹੜੀ ਰਾਜਨੀਤੀ ਦੇ ਅਧਾਰ ਤੇ ਦਿੱਤੀ ਜਾ ਸਕਦੀ ਹੈ ਉਹ ਹੈ - ਸਵੈ-

ਸਰਕਾਰ ਦਾ ਅਧਿਕਾਰ। ਇਹ ਕਹਿਣਾ ਕਿ ਸਵੈ-ਸਰਕਾਰ ਚੰਗੀ ਸਰਕਾਰ ਨਾਲੋਂ ਵਧੀਆ ਹੈ ਅੱਜ ਦਾ ਨਾਅਰਾ ਬਣ ਗਿਆ ਹੈ ਪਰ ਇਸ ਦੀ ਕੀਮਤ ਇਕ ਨਾਅਰੇ ਨਾਲੋਂ ਵੱਧ ਨਹੀਂ ਹੈ। ਸਾਰੇ ਇਹੋ ਪਸੰਦ ਕਰਨਗੇ ਕਿ ਪਹਿਲਾਂ ਸਵੈ-ਸਰਕਾਰ ਚੰਗੀ ਹੋਣੀ ਯਕੀਨਨ ਬਣੇ। ਇਸ ਵਿੱਚ ਕੋਈ ਸ਼ਕ ਨਹੀਂ ਕਿ ਰਾਜਨੀਤਕ ਲੋਕ ਉਤਮ ਸ਼ਾਸਕ ਹਨ ਅਤੇ ਉਨ੍ਹਾਂ ਦਾ ਮੰਤਵ ਲੋਕ-ਤੰਤਰੀ ਸ਼ਾਸਨ ਦੀ ਸਥਾਪਨਾ ਹੁੰਦਾ ਹੈ। ਪਰ ਉਨ੍ਹਾਂ ਨੇ ਵੀ ਸ਼ਾਂਤ ਮਨ ਹੋ ਕੇ ਇਸ ਗੱਲ ਤੇ ਵਿਚਾਰ ਨਹੀਂ ਕੀਤਾ ਕਿ ਕੀ ਜਨਤੰਤਰ ਆਧਾਰਤ ਸਰਕਾਰ ਮੁਮਕਿਨ ਵੀ ਹੋ ਸਕੇਗੀ। ਉਨ੍ਹਾਂ ਦੇ ਵਿਚਾਰਾਂ ਦੀ ਬੁਨਿਆਦ ਗ਼ਲਤ ਸੋਚ-ਸਮਝ ਦੇ ਸਿੱਟੇ ਉੱਪਰ ਹੈ। ਗਣਤੰਤ੍ਰ ਢੰਗ ਦੀ ਸਰਕਾਰ ਲਈ ਪਹਿਲਾਂ ਗਣਤੰਤ੍ਰਕ ਰੂਪਰੇਖਾ ਵਾਲੇ ਸਮਾਜ ਦੀ ਲੋੜ ਹੈ। ਉਪਰ ਜਿਹੇ ਗਣਤੰਤ੍ਰਕ ਢਾਂਚੇ ਦਾ ਕੋਈ ਮੁੱਲ ਨਹੀਂ ਹੈ। ਇਹੋ ਜਿਹਾ ਗਣਤੰਤ੍ਰ ਤਾਂ ਬਿਲਕੁੱਲ ਠੁੱਸ ਹੀ ਹੋ ਜਾਵੇਗਾ ਜੇ ਉੱਥੇ ਕਿਸੇ ਕਿਸਮ ਦਾ ਸਮਾਜਿਕ ਗਣਤੰਤ੍ਰ ਮੌਜੂਦ ਹੀ ਨਹੀਂ। ਸਿਆਸਤਦਾਨਾਂ ਨੇ ਕਦੇ ਇਹ ਜਾਣਿਆ ਹੀ ਨਹੀਂ ਕਿ ਗਣਤੰਤਰ ਕੋਈ ਸਰਕਾਰੀ ਬੁਨਿਆਦ ਦਾ ਢਾਂਚਾ ਨਹੀਂ, ਇਹ ਤਾਂ ਜ਼ਰੂਰਤ ਤੋਂ ਹੀ ਸਮਾਜਿਕ ਢਾਂਚਾ ਹੈ। ਇਹ ਜ਼ਰੂਰੀ ਨਹੀਂ ਕਿ ਗਣਤੰਤਰ ਸਮਾਜਿਕ ਢਾਂਚੇ ਵਿੱਚ ਅਖੰਡਤਾ ਦਾ ਚਿੰਨ੍ਹ ਹੋਵੇ ਯਾ ਭਾਈ ਕਬੀਲੇ ਮਤਲਬ ਨਾਲ ਨਾ ਜੁੜੇ ਹੋਣ, ਯਾ ਸਮਾਜਿਕ ਮੰਤਵਾਂ ਲਈ ਵਫ਼ਾਦਾਰੀ ਹੋਵੇ ਤੇ ਯਾ ਇੱਕ ਦੂਜੇ ਲਈ ਹਮਦਰਦੀ ਹੋਵੇ। ਪਰ ਬਿਨ੍ਹਾਂ ਸ਼ਕ ਦੋ ਚੀਜ਼ਾਂ ਦੀ ਇਸ ਲਈ ਵਿਸ਼ੇਸ਼ ਲੋੜ ਹੈ। ਪਹਿਲੀ ਹੈ, ਮਨਾਂ ਦੇ ਵਤੀਰੇ ਦੀ, ਵਤੀਰਾ ਜਿਹੜਾ ਦੂਜੇ ਲਈ ਬਰਾਬਰੀ ਤੇ ਇੱਜ਼ਤ ਦਾ ਸੋਮਾ ਹੋਵੇ। ਦੂਜਾ ਹੈ ਸਮਾਜਿਕ ਸੰਗਠਨ ਜਿਹੜੀ ਕਠੋਰ ਸਮਾਜਿਕ ਬੰਧਨਾਂ ਤੋਂ ਅਜ਼ਾਦ ਹੋਵੇ। ਗਣਤੰਤ੍ਰ ਜੇ ਕੱਟਿਆ ਵੱਡਿਆ ਇਕੱਲਾ ਹੀ ਨਿਤਰੇ ਤਾਂ ਉਹ ਸੰਗੀਤਹੀਨ ਤੇ ਪਰਸਪਰ ਵਿਰੋਧੀ ਬਣ ਕੇ ਰਹਿ ਜਾਵੇਗਾ। ਨਤੀਜੇ ਵੱਜੋਂ ਹੱਕਾਂ ਵਾਲਿਆਂ ਅਤੇ ਹੱਕਾਂ ਤੋਂ ਵੰਚਿਤ ਲੋਕਾਂ ਵਿੱਚ ਫਰਕ ਆ ਜਾਵੇਗਾ। ਬਦਕਿਸਮਤੀ ਨਾਲ ਰਾਨਾਡੇ ਦੇ ਵਿਰੋਧੀਆਂ ਨੇ ਕਦੇ ਇਸ ਠੋਸ ਸਚਾਈ ਦੀ ਗਹਿਰਾਈ ਤੱਕ ਪਹੁੰਚ ਕੇ ਇਸ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜੇ ਕੋਈ ਇਸ ਮੁੱਦੇ ਦਾ ਨਿਰੀਖਣ ਕਰਕੇ ਇਨਸਾਫ ਕਰੇ ਤਾਂ ਉਸ ਨੂੰ ਇਹੋ ਸਮਝ ਆਵੇਗੀ ਕਿ ਰਾਨਾਡੇ ਨੇ ਜਿਹੜਾ ਵਿਵਾਦ ਚੁੱਕਿਆ ਤੇ ਆਪਣੇ ਕੰਮ ਕਾਜ ਦਾ ਢੰਗ ਬਣਾਇਆ ਉਹ ਠੀਕ ਵਿਧੀ ਉੱਤੇ ਸੀ ਤੇ ਬੁਨਿਆਦੀ ਵੀ ਸੀ ਭਾਵੇਂ ਉਹ ਰਾਜਸੀ ਸੁਧਾਰਾਂ ਲਈ ਪੂਰਨ ਨਹੀਂ ਸੀ। ਰਾਨਾਡੇ ਨੇ ਬਹਿਸ ਕੀਤੀ ਕਿ ਹਿੰਦੂ ਸਮਾਜ ਵਿੱਚ ਕੋਈ ਅਧਿਕਾਰ ਨਹੀਂ ਹਨ ਜਿਹੜੇ ਦੇਵਆਤਮਿਕ ਤੌਰ ਤੇ ਆਦਮੀ ਪ੍ਰਵਾਨ ਕਰ ਲਵੇ। ਉੱਥੇ ਅਖ਼ਤਿਆਰ ਤੇ ਬੇਕਾਇਦਗੀਆਂ ਹਨ ਇਖ਼ਤਿਆਰ ਥੋੜ੍ਹਿਆਂ ਨੂੰ ਤੇ ਬੇਕਾਇਦਗੀਆਂ ਅਵਾਮ ਲਈ ਹਨ। ਰਾਨਾਡੇ ਨੇ ਹੱਕਾਂ ਲਈ ਜੱਦੋ ਜਹਿਦ ਕੀਤੀ। ਰਾਨਾਡੇ ਚਾਹੁੰਦੇ ਸੀ ਕਿ ਹਿੰਦੂ ਸਮਾਜ ਦੀ ਆਤਮਿਕਤਾ ਨੂੰ ਤਾਕਤਵਰ ਬਣਾਇਆ ਜਾ ਸਕੇ, ਜੋ ਕਿ ਇਸ ਵੇਲੇ ਮਰਨ ਕਿਨਾਰੇ ਤੇ ਕਲੰਕਿਤ ਹੋਈ ਹੈ। ਰਾਨਾਡੇ ਨੇ ਇਕ ਸਹੀ ਸੱਚਾ ਗਣਤੰਤ੍ਰ ਸਮਾਜ ਸਿਰਜਣ ਦਾ ਬੀੜਾ ਚੁੱਕਿਆ ਸੀ ਕਿਉਂਕਿ ਇਸ ਦੇ ਬਗ਼ੈਰ ਕੋਈ ਵੀ ਪੱਕੀ ਤੇ ਠੋਸ ਰਾਜਨੀਤੀ ਟਿੱਕ ਨਹੀਂ ਸੀ ਸਕਦੀ। ਇਹੋ ਮੁਖ਼ਾਲਫ਼ਤ ਦਾ ਮੁੱਦਾ ਬਣ ਗਿਆ ਤੇ ਸਵਾਲ ਇਸ ਵਿਚਾਰ ਮਗਰ ਘੁੰਮਦਾ ਰਿਹਾ ਕਿ ਦੋਹਾਂ ਵਿਚੋਂ ਕੌਮ ਲਈ ਕਿਹੜਾ ਜ਼ਰੂਰੀ ਹੈ ਰਾਜਸੀ ਅਜ਼ਾਦੀ ਯਾ ਤਕੜਾ ਆਤਮਿਕ ਤਾਣਾ-ਬਾਣਾ। ਰਾਨਾਡੇ ਦੇ ਵਿਚਾਰ ਮੁਤਾਬਿਕ ਆਤਮਿਕ ਤਾਕਤ ਰਾਜਸੀ ਅਜ਼ਾਦੀ ਨਾਲੋਂ ਜ਼ਿਆਦਾ ਜ਼ਰੂਰੀ ਹੈ। ਇਹੋ ਹੀ ਵਿਚਾਰ ਲੱਕੀ ਦੇ

ਹਨ ਜੋ ਇੱਕ ਵੱਡਾ ਇਤਿਹਾਸਕਾਰ ਹੈ। ਉਨ੍ਹਾਂ ਦੇ ਇਹੋ ਵਿਚਾਰ ਉਦੋਂ ਮਜ਼ਬੂਤ ਹੋਏ ਜਦੋਂ ਉਨ੍ਹਾਂ ਨੇ ਪੂਰੇ ਧਿਆਨ ਨਾਲ ਵਰਤਮਾਨ ਦੇ ਇਤਿਹਾਸ ਦਾ ਤੁਲਨਾਤਮਕ ਅਧਿਐਨ ਕੀਤਾ ਅਤੇ ਨਿਚੋੜ ਕੱਢਿਆ।

"ਇੱਕ ਰਾਸ਼ਟਰ ਦੀ ਸ਼ਕਤੀ ਅਤੇ ਸਮਰਿਧੀ ਦੀ ਨੀਂਹ ਦੇ ਆਧਾਰ ਇਹ ਹੁੰਦੇ ਹਨ: ਵਿਸ਼ੁੱਧ ਘਰੇਲੂ ਜੀਵਨ, ਵਪਾਰ ਵਿੱਚ ਇਮਾਨਦਾਰੀ, ਨੈਤਿਕਤਾ ਅਤੇ ਲੋਕ ਹਿੱਤ ਦੇ ਉੱਚੇ ਗਿਆਤ ਸਾਦਾ ਜੀਵਨ, ਸਾਹਸ, ਸਚਾਈ ਅਤੇ ਫ਼ੈਸਲੇ ਵਿੱਚ ਦਲੀਲ ਅਤੇ ਉਦਾਰਤਾ ਦੀ ਨਿਸ਼ਚਤ ਪੁੱਠ ਹੋਵੇ, ਅਤੇ ਜਿਸ ਵਿੱਚ ਚਰਿੱਤਰ ਅਤੇ ਬੋਧਿਕ ਪਰਤਿਭਾ ਦਾ ਬਰਾਬਰ ਯੋਗਦਾਨ ਹੋਵੇ, ਜਦੋਂ ਤੁਸੀਂ ਕਿਸੇ ਰਾਸ਼ਟਰ ਦੇ ਭਵਿੱਖ ਲਈ ਇਕ ਅਕਲ ਤੇ ਆਧਾਰਤ ਇਨਸਾਫ਼ ਕਰਦੇ ਹੋ ਤਾਂ ਧਿਆਨ ਨਾਲ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਕੀ ਇਨ੍ਹਾਂ ਵਿੱਚ ਗੁਣਾਂ ਦੀ ਵਰਤੋਂ ਹੋ ਰਹੀ ਹੈ। ਜਾਂ ਔਗੁਣਾਂ ਦੀ। ਧਿਆਨ ਦਿਓ ਕਿ ਸਮੁੱਚੇ ਜੀਵਨ ਵਿੱਚ ਕਿੰਨੇ ਗੁਣਾਂ ਦਾ ਸਭ ਤੋਂ ਜ਼ਿਆਦਾ ਮਹੱਤਵ ਹੁੰਦਾ ਹੈ। ਕੀ ਚਰਿੱਤਰ ਦਾ ਮਹੱਤਵ ਵੱਧ ਰਿਹਾ ਹੈ ਜਾਂ ਘੱਟ ਰਿਹਾ ਹੈ? ਜਿਹੜੇ ਲੋਕ ਰਾਸ਼ਟਰ ਵਿੱਚ ਉਚੀਆਂ ਥਾਵਾਂ ਤੇ ਹਨ, ਕੀ ਉਹ ਉਨ੍ਹਾਂ ਵਿੱਚੋਂ ਹਨ ਜਿਨ੍ਹਾਂ ਦਾ ਨਾਮ ਨਿੱਜੀ ਜੀਵਨ ਵਿੱਚ ਪਾਰਟੀ ਦਾ ਲਿਹਾਜ਼ ਤੇ ਬਿਨਾਂ ਸਮਰਥ ਪਾਰਖੂ ਲੋਕ ਸੱਚੀ ਸ਼ਰਧਾ ਨਾਲ ਲੈਂਦੇ ਹਨ। ਕੀ ਉਹ ਸੱਚੇ ਵਿਸ਼ਵਾਸ ਵਾਲੇ ਸੁਚੱਜੇ ਪ੍ਰਭਾਵ ਵਾਲੇ ਅਤੇ ਨਿਰਵਿਵਾਦ ਸੱਚੀ ਨਿਸ਼ਟਾ ਵਾਲੇ ਵਿਅਕਤੀ ਹਨ? ਕੇਵਲ ਇਸ ਧਾਰਾ ਨੂੰ ਦੇਖ ਕੇ ਹੀ ਤੁਸੀਂ ਕਿਸੇ ਰਾਸ਼ਟਰ ਦੀ ਜਨਮ ਪੱਤਰੀ ਤਿਆਰ ਕਰ ਸਕਦੇ ਹੋ?"

## 7

ਰਾਨਾਡੇ ਸਿਰਫ ਬੁਧੀਵਾਨ ਹੀ ਨਹੀਂ ਸਨ ਉਹ ਤਰਕਸ਼ੀਲ ਵੀ ਸਨ। ਉਨ੍ਹਾਂ ਆਪਣੇ ਵਿਰੋਧੀਆਂ ਦੀ ਆਲੋਚਨਾ ਕੀਤੀ ਕਿ ਉਹ ਆਪਣਾ ਰਾਜਸੀ ਮੌਲਿਕਤਾ ਤੇ ਸਮਾਜੀ ਹੀਰੋਜ਼ ਵਾਲਾ ਪਾਰਟ ਅਦਾ ਨਾ ਕਰਨ ਅਤੇ ਉਨ੍ਹਾਂ ਸਾਫ ਤੇ ਖੁਲ੍ਹੇ ਲਫ਼ਜ਼ਾਂ ਵਿੱਚ ਉਨ੍ਹਾਂ ਨੂੰ ਤਾੜਨਾ ਕੀਤੀ।

"ਤੁਸੀਂ ਅੱਧੇ ਕੁ ਤਰੀਕੇ ਨਾਲ ਖੁਲ੍ਹ ਦਿਲੇ ਨਹੀਂ ਹੋ ਸਕਦੇ। ਤੁਸੀਂ ਰਾਜਨੀਤੀ ਵਿੱਚ ਖੁੱਲ੍ਹ-ਦਿੱਲੇ ਹੋ ਹੀ ਨਹੀਂ ਸਕਦੇ ਜਦ ਤੱਕ ਧਰਮ ਵਿੱਚ ਪਿਛਾਂਹ ਖਿੱਚੂ ਰਹੋ। ਦਿਲ ਤੇ ਦਿਮਾਗ ਜ਼ਰੂਰ ਇਕੱਠੇ ਹੀ ਚਲਣੇ ਚਾਹੀਦੇ ਹਨ। ਤੁਸੀਂ ਆਪਣੀ ਲਿਆਕਤ ਨੂੰ ਵਧਾ ਫੁਲਾ ਨਹੀਂ ਸਕਦੇ। ਆਪਣਾ ਮਨ ਉਚਾ ਨਹੀਂ ਚੁੱਕ ਸਕਦੇ, ਆਪਣੇ ਰਾਜਸੀ ਅਧਿਕਾਰਾਂ ਅਤੇ ਵਿਸ਼ੇਸ਼ ਅਧਿਕਾਰਾਂ ਦਾ ਦਾਇਰਾ ਚੌੜਾ ਨਹੀਂ ਕਰ ਸਕਦੇ, ਜਦੋਂ ਤੱਕ ਤੁਸੀਂ ਆਪਣੇ ਮਨ ਤੇ ਦਿਲਾਂ ਨੂੰ ਬੰਦ ਕਰਕੇ ਤੇ ਜਕੜ ਕੇ ਰੱਖੋਗੇ। ਇਹ ਤਾਂ ਇਕ ਸਵਰਗੀ ਸੁਫਨਾ ਹੈ ਕਿ ਬੇੜੀਆਂ ਵਿੱਚ ਜਕੜਿਆਂ ਬੰਦਿਆਂ ਤੇ, ਜੋ ਆਪ ਹੀ ਆਪਣੀ ਅੰਧਵਿਸ਼ਵਾਸੀ ਤੇ ਸਮਾਜਕ ਕੁਰੀਤੀਆਂ ਦਾ ਸ਼ਿਕਾਰ ਹੋਣ, ਇਹ ਤਜਰਬਿਆਂ ਨੇ ਦਰਸਾਇਆ ਹੈ ਕਿ ਰਾਨਾਡੇ ਦੇ ਇਹ ਸ਼ਬਦ ਬਿਲਕੁਲ ਸੱਚ ਨਿਕਲੇ, ਸੱਚ ਹੀ ਨਹੀਂ ਬਲਕਿ ਪੈਗੰਬਰੀ ਸਾਬਤ ਹੋਏ ਹਨ। ਜਿਹੜੇ ਇਹ ਨਾ ਮੰਨਦੇ ਹੋਣ ਉਹ ਸੋਚਣ: ਅੱਜ ਅਸੀਂ ਰਾਜਨੀਤੀ ਵਿੱਚ ਕਿਥੇ ਹਾਂ ਤੇ ਕਿਉਂ ਹਾਂ। ਹੁਣ ਤਾਂ ਨੈਸ਼ਨਲ ਕਾਂਗਰਸ ਨੂੰ ਜਨਮ ਲਿਆਂ ਵੀ 50 ਸਾਲ ਗੁਜ਼ਰ ਗਏ ਹਨ। ਇਸਦੀ ਵਾਗਡੋਰ ਕਈ ਹੱਥਾਂ ਵਿਚੋਂ ਲੰਘੀ ਹੈ। ਮੈਂ ਕਦੇ ਨਹੀਂ ਕਹਾਂਗਾ ਕਿ ਇਹ ਸੂਝਵਾਨ ਕੋਲੋਂ ਬੇਵਕੂਫ ਕੋਲ ਜਾਂ ਯਥਾਰਵਾਦੀਆਂ ਕੋਲੋਂ ਆਦਰਸ਼ਵਾਦੀਆਂ

ਕੋਲ ਗਈ ਹੈ, ਬਲਕਿ ਇਹ ਸ਼ਾਂਤ ਸੁਭਾਅ ਕੋਲੋਂ ਤੇਜ਼ ਸੁਭਾਅ ਵਾਲਿਆਂ ਕੋਲ ਗਈ ਹੈ। ਅੱਜ 50 ਸਾਲਾਂ ਬਾਅਦ ਸਾਡਾ ਦੇਸ਼ ਆਪਣੀ ਰਾਜਸੀ ਤੋਰ ਵਿੱਚ ਕਿਥੇ ਕੁ ਖੜ੍ਹਾ ਹੈ? ਇਸ ਅਟੁੱਟ ਜਿਹੀ ਚੁਪ ਦਾ ਕਾਰਨ ਕੀ ਹੈ? ਜਵਾਬ ਸਿਧਾ ਹੈ। ਇਸ ਚੁੱਪੀ ਕਾ ਕਾਰਨ ਹੈ ਸੰਪਰਦਾਇਕ ਮਸਲਿਆਂ ਦੇ ਹੱਲ ਦੀ ਗ਼ੈਰ ਮੌਜੂਦਗੀ। ਪੁਛੋ ਕਿ ਰਾਜਸੀ ਗਠਨ ਲਈ ਸੰਪਰਦਾਇਕ ਮਸਲਿਆਂ ਦੇ ਹੱਲ ਦੀ ਜ਼ਰੂਰਤ ਕਿਉਂ ਹੈ? ਇਥੇ ਤੁਸੀਂ ਆਪ ਹੀ ਰਾਨੇਡੇ ਦੇ ਬੁਨਿਆਦੀ ਵਿਸ਼ੇਸ਼ਤਾ ਤੇ ਆ ਖੜੇ ਮਹਿਸੂਸ ਕਰੋਗੇ। ਕਿਉਂ ਜੋ ਇਸ ਸਵਾਲ ਦਾ ਜਵਾਬ ਲਭੇਗਾ ਗ਼ਲਤ ਸਮਾਜਕ ਪ੍ਰਣਾਲੀ ਤੋਂ, ਜਿਹੜੀ ਕਿ ਬਿਲਕੁਲ ਗਣਤੰਤ੍ਰ ਰਹਿਤ ਹੈ, ਬਹੁਤ ਹੀ ਜ਼ਾਤੀਆਂ ਦੇ ਪੱਖ ਪੂਰਨ ਸਦਕਾ ਦਬਾਉ ਥੱਲੇ ਦਬੀ ਹੋਈ ਹੈ ਜੋ ਮਧਮ ਆਦਮੀ ਦੇ ਵਿਰੁੱਧ ਹੈ ਜੋ ਜ਼ਾਤ-ਪਾਤ ਲਈ ਸਜੀਵ ਰਹਿੰਦੀ ਹੈ ਤੇ ਬਹੁਤ ਹੀ ਬੁਰੀ ਤਰ੍ਹਾਂ ਸੰਪਰਦਾਇਕ ਮਨੋਬਿਰਤੀਆਂ ਭਰੀ ਹੈ ਤੇ ਜੇ ਇਸ ਦੀ ਬੁਨਿਆਦ ਇਨ੍ਹਾਂ ਤਥਾਂ ਤੇ ਧਰੀ ਗਈ ਤਾਂ ਇਉਂ ਰਾਜਸੀ ਗਣਤੰਤ੍ਰ ਬਿਲਕੁਲ ਹੀ ਹਾਸੋ ਹੀਣਾ ਬਣਕੇ ਰਹਿ ਜਾਵੇਗਾ। ਇਸ ਕਰਕੇ ਉਚ ਦਰਜੇ ਦੇ ਹਿੰਦੂਆਂ ਬਗ਼ੈਰ ਕਿਸੇ ਹੋਰ ਨੇ ਰਾਜਸੀ ਗਣਤੰਤ੍ਰ ਲਈ ਰਜ਼ਾਮੰਦ ਹੀ ਨਹੀਂ ਹੋਣਾ। ਵਿਸ਼ੇਸ਼ ਕਰਕੇ ਜੋ ਦਲ-ਬਦਲੀਆਂ ਨਾ ਕੀਤੀਆਂ ਗਈਆਂ। ਵੈਸੇ ਕਈ ਲੋਕ ਹੋਰਾਂ ਦੀ ਤਸੱਲੀ ਲਈ ਇਹ ਵੀ ਸਮਝਾਉਣਗੇ ਕਿ ਇਹ ਚੁੱਪੀ ਅੰਗਰੇਜ਼ੀ ਸਰਕਾਰ ਦੀ ਕਾਢ ਹੈ। ਲੋਕ ਆਪਣੇ ਵਿਚਾਰਾਂ ਤੇ ਮਨਾਂ ਦੀ ਤਸੱਲੀ ਲਈ ਵੰਨ-ਸੁਵੰਨੇ ਵਿਚਾਰਾਂ ਨੂੰ ਹਵਾ ਦਿੰਦੇ ਰਹਿੰਦੇ ਹਨ। ਇੰਜ ਜ਼ਿਮੇਵਾਰੀ ਹੋਰ ਧਿਰ ਵੱਲ ਧੱਕੀ ਜਾਂਦੇ ਹਨ। ਇਹ ਆਪਣਾ ਪੱਖ ਬਚਾਉਣ ਦਾ ਵਧੀਆ ਮਨੋਵਿਗਿਆਨਕ ਤਰੀਕਾ ਹੈ। ਪਰ ਇਸਨੂੰ ਤਾਂ ਨਹੀਂ ਬਦਲਿਆ ਜਾ ਸਕਦਾ। ਇਹ ਸਮਾਜ ਦੀਆਂ ਗਲਤ ਨੀਤੀਆਂ ਦੇ ਕਾਰਨ ਹੈ। ਇਸ ਨਾਲ ਸੰਪਰਦਾਇਕਤਾ ਲਈ ਇਕ ਮੁਸ਼ਕਲ ਆਣ ਬਣੀ ਹੈ। ਇਹੋ ਭਾਰਤ ਦੀ ਰਾਜਨੀਤਕ ਤਾਕਤ ਲਈ ਵੱਡਾ ਅੜਿੱਕਾ ਬਣੀ ਹੈ।

ਰਾਨਾਡੇ ਦਾ ਉਦੇਸ਼ ਇਸ ਪੁਰਾਣੇ ਵਤੀਰੇ ਨੂੰ ਬਦਲਣਾ ਹੀ ਨਹੀਂ ਸੀ, ਬਲਕਿ ਉਹ ਨਵੀਂ ਵਿਵਸਥਾ ਬਣਾਉਣਾ ਚਾਹੁੰਦੇ ਸਨ ਉਨ੍ਹਾਂ ਇਸੇ ਵਿਚਾਰ ਤੇ ਜ਼ੋਰ ਦਿਤਾ ਕਿ ਭਾਰਤੀ ਸਮਾਜ ਦਾ ਆਤਮਿਕ ਵਤੀਰਾ ਚੰਗਾ ਬਣੇ। ਜੇ ਇਸ ਨੂੰ ਚੰਗੀ ਤਰ੍ਹਾਂ ਸੁਣਿਆ ਜਾਂਦਾ ਤੇ ਅਮਲ ਵਿੱਚ ਲਿਆਂਦਾ ਜਾਂਦਾ ਤਾਂ ਇਸ ਦਾ ਘਟੋ-ਘੱਟ ਸਖ਼ਤੀ ਤੇ ਕਠੋਰਪੁਣਾ ਤਾਂ ਮੁਕ ਜਾਂਦਾ। ਜੇ ਇਹ ਸੰਪਰਦਾਇਕ ਸਮਝੌਤਾ ਨਾ ਵੀ ਕਰ ਸਕਦਾ ਤਾਂ ਇਸਨੂੰ ਅਸਾਨ ਤਾਂ ਬਣਾ ਹੀ ਦਿੰਦਾ। ਉਨ੍ਹਾਂ ਦੇ ਕੰਮਾਂ ਲਈ ਉਨ੍ਹਾਂ ਪਾਸ ਭਾਵੇਂ ਸਾਧਨ ਗਿਣਵੇ-ਚੁਣਵੇਂ ਹੀ ਸਨ ਪਰ ਉਹ ਇਕ ਦੂਜੇ ਲਈ ਭਰੋਸੇਮਈ ਰਾਹ ਜ਼ਰੂਰ ਦਰਸਾ ਸਕਦੇ ਸਨ। ਪਰ ਰਾਜਨੀਤਕ ਲੋਕ ਤਾਂ ਰਾਜਸੀ ਤਾਕਤਾਂ ਲਈ ਹੀ ਜੁਟੇ ਹੋਏ ਸਨ। ਇਸਨੇ ਉਨ੍ਹਾਂ ਨੂੰ ਇਸ ਕਦਰ ਅਨਿਆਸ਼ੀਲ ਬਣਾ ਰਖਿਆ ਸੀ ਕਿ ਉਨ੍ਹਾਂ ਨੂੰ ਕਿਸੇ ਹੋਰ ਵਿੱਚ ਕੋਈ ਵਿਸ਼ੇਸ਼ ਗੁਣ ਹੀ ਨਹੀਂ ਸੀ ਦਿਸਦਾ। ਰਾਨਾਡੇ ਨੂੰ ਆਪਣੀ ਕਰਨੀ ਦਾ ਫਲ ਮਿਲਿਆ। ਕੀ ਰਾਜਸੀ ਸੁਰਖਿਆ ਦੀ ਪ੍ਰਵਾਨਗੀ ਸਮਾਜਕ ਸੁਧਾਰ ਦੀ ਜ਼ਰੂਰਤ ਨੂੰ ਠੁਕਰਾਉਣ ਦੀ ਸਜ਼ਾ ਨਹੀਂ?

ਰਾਨਾਡੇ ਨੇ ਆਪਣੇ ਦਾਇਰੇ ਵਿੱਚ ਕਿੰਨੀ ਕੁ ਸਫ਼ਲਤਾ ਹਾਸਲ ਕੀਤੀ? ਇਸ ਵਿੱਚ ਉਨ੍ਹਾਂ ਦਾ ਕਿਤਨਾ ਯੋਗਦਾਨ ਰਿਹਾ? ਕਿਸੇ ਹੱਦ ਤੱਕ ਇਹ ਸਵਾਲ ਕੋਈ ਬਹੁਤੀ ਅਹਮੀਅਤ ਨਹੀਂ ਰਖਦਾ। ਕਿਸੇ ਦੇ ਵਡੱਪਣ ਦਾ ਮਾਪਤੋਲ ਉਸ ਦੀਆਂ ਕਾਮਯਾਬੀਆਂ ਤੇ ਨਿਰਭਰ ਨਹੀਂ ਹੈ ਜਿਵੇਂ

ਕਾਰਲਾਇਲ ਨੇ ਕਿਹਾ ਹੈ "ਉਫ! ਸਾਨੂੰ ਪਤਾ ਹੈ ਕਿ ਅਧਿਆਤਮਿਕ ਆਸ਼ੇ ਕਦੇ ਵੀ ਚਲਣ ਵਿੱਚ ਪੂਰੇ ਨਹੀਂ ਉਤਰਦੇ। ਆਤਮਿਕਤਾ ਤਾਂ ਹਮੇਸ਼ਾਂ ਹੀ ਅਸਲੀਅਤ ਤੋਂ ਦੂਰ ਦੁਰਾਡੇ ਰਹਿੰਦੀ ਹੈ; ਤੇ ਸਾਨੂੰ ਸਚੀਂ ਹੀ ਧੰਨਵਾਦੀ ਹੋਣਾ ਚਾਹੀਦਾ ਹੈ, ਜਦੋਂ ਅਸੀਂ ਆਪਣੇ ਆਪਨੂੰ ਅਸਹਿ ਜਿਹੀ ਸਥਿਤੀ ਤੋਂ ਦੂਰ ਰੱਖ ਸਕਦੇ ਹੋਵਾਂਗੇ।" ਸ਼ਿਲਰ ਨੇ ਸ਼ਿਕਾਇਤ ਨੂੰ ਸਨਮੁੱਖ ਰਖਕੇ ਕਿਹਾ ਹੈ "ਸਾਡੇ ਇਸ ਗਰੀਬ ਜਿਹੇ ਸੰਸਾਰ ਵਿੱਚ ਨਿਪੁੰਨਤਾ ਦੇ ਸ਼ਿਖਰ ਦਾ ਮਾਪਤੋਲ ਕਿਸੇ ਦੀ ਤੁੱਛ ਜਿਹੀ ਅਸਲੀਅਤ ਦੀ ਉਪਜ ਨਾਲ ਨਹੀਂ ਜੋੜਨਾ ਚਾਹੀਦਾ।" ਅਸੀਂ ਉਸਨੂੰ ਕਿਸੇ ਤਰ੍ਹਾਂ ਵੀ ਕਾਮਯਾਬ ਸਿਆਣੇ ਦੇ ਬਰਾਬਰ ਨਹੀਂ ਕਹਾਂਗੇ। ਅਸੀਂ ਉਸਨੂੰ ਨਾਖੁਸ਼, ਅਸ਼ਾਂਤ ਜਿਹੇ ਗਰੀਬੜੇ ਨੂੰ ਬੇਵਕੂਫ ਆਦਮੀ ਕਹਾਂਗੇ ਤੇ ਫੇਰ ਵੀ ਰਾਨਾਡੇ ਦੀਆਂ ਕਾਮਯਾਬੀਆਂ ਦੀ ਲੜੀ ਐਵੇਂ ਹੀ ਖਾਲੀ ਜਿਹੀ ਨਹੀਂ ਹੈ। ਉਨ੍ਹਾਂ ਵਕਤਾਂ ਦੇ ਸਮਾਜ ਸੁਧਾਰਕਾਂ ਅਗੇ ਸਮਾਜ ਸੁਧਾਰਾਂ ਲਈ ਇੱਕ ਵਿਖਿਆਨ ਵਿੱਚ ਦਰਜ ਕੀਤੇ ਨੁਕਤੇ ਸਨ, ਜੋ ਰਾਏ ਬਹਾਦੁਰ ਪੀ. ਆਨੰਦ ਚਾਰਲੀ ਨੇ ਤਿਆਰ ਕੀਤੇ ਸੀ। ਇਹ ਪੰਜ ਸਨ:

(1) ਛੋਟੀ ਉਮਰ ਦਾ ਵਿਆਹ।
(2) ਵਿਧਵਾਵਾਂ ਦਾ ਪੁਨਰ ਵਿਆਹ।
(3) ਆਪਣੇ ਦੇਸ਼ ਵਾਸੀਆਂ ਲਈ ਫੇਰੇ ਤੋਰੇ ਦੀ ਖੁਲ ਦੇ ਨਾਲ ਹੀ ਥੋੜ੍ਹੇ ਜਿਹੇ ਸਮੇਂ ਲਈ ਵਿਦੇਸ਼ ਜਾਣ ਦੀ ਵੀ।
(4) ਔਰਤਾਂ ਦਾ ਜਾਇਦਾਦ ਵਿੱਚ ਹੱਕ।
(5) ਔਰਤਾਂ ਲਈ ਵਿਦਿਆਲਯ।

ਇਨ੍ਹਾਂ ਪ੍ਰੋਗਰਾਮਾਂ ਵਿੱਚ ਉਨ੍ਹਾਂ ਨੇ ਕਾਫ਼ੀ ਛਾਲਾਂ ਮਾਰੀਆਂ ਜੇ ਪੂਰਨ ਰੂਪ ਵਿੱਚ ਕਾਮਯਾਬੀ ਨਹੀਂ ਮਿਲੀ ਤਾਂ ਇਸ ਕਰਕੇ ਕਿ ਹਾਲਾਤ ਉਨ੍ਹਾਂ ਦੇ ਖਿਲਾਫ਼ ਸਨ। ਪਰ ਸਾਨੂੰ ਇਹ ਤੱਥ ਭੁੱਲਣਾ ਨਹੀਂ ਚਾਹੀਦਾ। ਹੋਸ਼ਿਆਰ ਤੇ ਬੇਮੁਹਤਾਜ਼ ਬੁਧੀਜੀਵੀਆਂ ਨੇ ਅਗਾਂਹ ਵਧਕੇ, ਪੁਰਾਣੀ ਕਠੋਰਤਾ ਦੀ ਰਾਖੀ ਕਰਕੇ ਰਾਨਾਡੇ ਨੂੰ ਬੜੀ ਗੰਭੀਰ ਲੜਾਈ ਲੜਨ ਨੂੰ ਦਿੱਤੀ। ਸਾਰਾ ਮਾਹੌਲ ਹੀ ਉਤਸ਼ਾਹ ਪੂਰਨ ਸੀ, ਉਨਾਂ ਹੀ ਜਿਨਾਂ ਲੜਾਈ ਦੇ ਮੈਦਾਨ ਵਿੱਚ ਕਿਸੇ ਗੰਭੀਰ ਸਿਪਾਹੀ ਦਾ ਹੁੰਦਾ ਹੈ। ਮੈਦਾਨੇ ਜੰਗ ਦੀ ਹੀ ਤਾਂ ਇਹ ਲੜਾਈ ਹੈ। ਕੋਈ ਵੀ ਉਨ੍ਹਾਂ ਵਕਤਾਂ ਦੇ ਵਾਤਾਵਰਣ ਨੂੰ ਆਪਣੇ ਸਾਹਮਣੇ ਨਹੀਂ ਲਿਆ ਸਕਦਾ ਜਿਹੜਾ ਸਮਾਜ ਸੁਧਾਰਕਾਂ ਨੂੰ ਮੁੱਖ ਰਖਦੇ ਦੇਸ਼ ਵਿੱਚ ਵਾਦ-ਵਿਵਾਦ ਦਾ ਹਿੱਸਾ ਬਣੇ। ਇਹ ਕੋਈ ਸਭਿਆਚਾਰਕ ਇਖ਼ਲਾਕ ਨਹੀਂ ਕਿ ਉਦੋਂ ਦੇ ਕਟੜ ਪੰਥੀਆਂ ਵੱਲੋਂ ਸਮਾਜ ਸੁਧਾਰਕ ਲਈ ਕਢੀ ਗਾਲੀ-ਗਲੋਚ ਨੂੰ ਦੁਹਰਾਈਏ ਯਾ ਉਸਨੂੰ ਜੋ ਊਲ ਜਲੂਲ ਬੋਲਿਆ ਗਿਆ, ਜੋ ਹੱਥਕੰਡੇ ਹਰਬੇ ਇਖ਼ਤਿਆਰ ਕੀਤੇ ਗਏ ਸਨ ਉਨ੍ਹਾਂ ਦਾ ਜ਼ਿਕਰ ਕਰੀਏ। ਇਹ ਬੜਾ ਹੀ ਨਾਮੁਮਕਿਨ ਜਿਹਾ ਕੰਮ ਹੈ ਕਿ ਉਨ੍ਹਾਂ ਵੇਲਿਆਂ ਦੇ ਕਟੜ ਤੇ ਕਠੋਰ ਲੋਕਾਂ ਬਾਰੇ ਪੜ੍ਹਿਆ ਜਾਵੇ। ਅਜੇਹੇ ਲੋਕਾਂ ਬਾਰੇ ਜਿਨ੍ਹਾਂ ਨੇ ਉਮਰ ਬਾਰੇ ਸਹਿਮਤੀ ਵਾਲੇ ਬਿਲ ਦਾ ਵਿਰੋਧ ਕੀਤਾ ਉਨ੍ਹਾਂ ਨੂੰ ਇਹ ਅਹਿਸਾਸ ਹੀ ਨਹੀਂ ਸੀ ਕਿ ਕਹਿੰਦੇ ਕਹਾਉਂਦੇ ਆਗੂ ਗਿਰਾਵਟ ਦੀ ਕਿਸ ਹੱਦ ਤੱਕ ਗਿਰ ਚੁੱਕੇ ਸਨ। ਇਸ ਬਿਲ ਦਾ ਮਕਸਦ ਉਸ ਪਤੀ ਨੂੰ ਸਜ਼ਾ ਦੇਣਾ ਸੀ ਜਿਹੜਾ ਆਪਣੀ 12 ਸਾਲਾਂ ਤੋਂ ਘੱਟ ਉਮਰ ਵਾਲੀ ਵਹੁਟੀ ਨਾਲ ਲਿੰਗ-ਭੋਗ ਦੇ ਸਬੰਧ ਰਖੇ। ਕੀ ਕੋਈ ਅਕਲ ਵਾਲਾ ਆਦਮੀ, ਕੋਈ ਆਦਮੀ ਮਾਮੂਲੀ ਜਿਹੀ ਵੀ ਸ਼ਰਮ ਦਾ

ਮਾਲਿਕ, ਇਸ ਛੋਟੀ ਜਿਹੀ ਸਾਦੀ ਰੁਕਾਵਟ ਦੇ ਖਿਲਾਫ਼ ਹੋ ਸਕਦਾ ਸੀ? ਪਰ ਇਸ ਦਾ ਵਿਰੋਧ ਹੋਇਆ ਤੇ ਰਾਨਾਡੇ ਨੂੰ ਵੀ ਉਸ ਦੀ ਅੱਗ ਦੇ ਜ਼ਖਮ ਝੱਲਣੇ ਪਏ, ਜਿਹੜੀ ਅੱਗ ਕਟੜ ਵਾਦੀ ਪਾਗਲਾਂ ਨੇ ਲਾਈ ਸੀ। ਇਹ ਜੇ ਮੰਨ ਲਿਆ ਜਾਵੇ ਕਿ ਰਾਨਾਡੇ ਨੂੰ ਕਾਮਯਾਬੀਆਂ ਹਾਸਲ ਕਰਨ ਦੀ ਥਾਂ ਹਾਰ ਦਿਤੀ। ਇਹ ਕੋਈ ਬਹੁਤਾ ਖੁਸ਼ ਹੋਣ ਦਾ ਕਾਰਨ ਵੀ ਨਹੀਂ ਹੈ। ਸਮਾਜ ਸੁਧਾਰ ਦੇ ਕੰਮਾਂ ਵਿੱਚ ਗਿਰਾਵਟ ਆ ਜਾਣੀ ਕੁਦਰਤੀ ਜਿਹੀ ਗੱਲ ਹੈ। ਸਮਾਜ ਸੁਧਾਰ ਲਈ ਨਫ਼ਰਤ ਬਹੁਤ ਵੱਧ ਸੀ। ਰਾਜਸੀ ਤਾਕਤ ਦੇ ਲਾਲਚ ਵੀ ਮਨ ਲੁਭਾਉਣ ਲਈ ਕਾਫ਼ੀ ਸਨ। ਨਤੀਜਾ ਇਹ ਹੋਇਆ ਕਿ ਸਮਾਜ ਸੁਧਾਰਾਂ ਲਈ ਸਹਾਇਤਾ ਘੱਟ ਤੋਂ ਘੱਟ ਹੀ ਹੁੰਦੀ। ਸਮਾਜ ਸੁਧਾਰ ਕਾਨਫਰੰਸ ਨੂੰ ਨਿਰਜਿੰਦ ਛੱਡ ਕੇ ਲੋਕ ਹੁਮ ਹੁਮਾ ਕੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਜਲਾਸ ਵਿੱਚ ਖੂਬ ਬਿਰਾਜੇ। ਰਾਜਨੀਤਕਾਂ ਦੀ ਸਮਾਜ ਸੁਧਾਰਕਾਂ ਦੇ ਮੁਕਾਬਲੇ ਭਾਰੀ ਜਿਤ ਹੋਈ। ਮੈਨੂੰ ਯਕੀਨ ਹੈ ਕਿ ਅੱਜ ਕੋਈ ਵੀ ਉਸ ਸ਼ਾਨਦਾਰ ਜਿੱਤ ਦੇ ਮਸਲੇ ਉਵੇਂ ਹੀ ਸ਼ਾਨ ਨਾਲ ਉਠਾ ਕੇ ਮਾਣ ਨਹੀਂ ਕਰੇਗਾ। ਅਸਲ ਵਿੱਚ ਇਹ ਬੜਾ ਦੁਖਦਾਈ ਮਸਲਾ ਸੀ। ਰਾਨਾਡੇ ਭਾਵੇਂ ਪੂਰੀ ਤਰ੍ਹਾਂ ਜਿੱਤ ਦੀ ਬੁਕਲ ਵਿੱਚ ਨਹੀਂ ਸੀ, ਪਰ ਉਹ ਗ਼ਲਤ ਪਾਸੇ ਵੀ ਨਹੀਂ ਸੀ ਇਹ ਤਾਂ ਬਿਲਕੁਲ ਹੀ ਠੀਕ ਨਹੀਂ ਕਿ ਉਹ ਗ਼ਲਤ ਸਨ, ਜਿਵੇਂ ਕਿ ਉਸ ਦੇ ਵਿਰੋਧੀਆਂ ਦਾ ਵਿਚਾਰ ਹੈ।

## 8

ਰਾਨਾਡੇ ਹੋਰਾਂ ਦਾ ਮੁਕਾਬਲਾ ਕਿੰਨ੍ਹਾਂ ਲੋਕਾਂ ਨਾਲ ਕੀਤਾ ਜਾਵੇ? ਮੁਕਾਬਲੇ ਸਦਾ ਹੀ ਨਾਖੁਸ਼ਗਵਾਰ ਹੁੰਦੇ ਹਨ। ਫੇਰ ਇਹ ਵੀ ਕਿਹਾ ਜਾ ਸਕਦਾ ਹੈ ਕਿ ਮੁਕਾਬਲਿਆਂ 'ਤੇ ਵਧੇਰੇ ਰੌਸ਼ਨੀ ਪਾਉਣ ਵਾਲਾ ਹੋਰ ਕੋਈ ਤਰੀਕਾ ਵੀ ਤਾਂ ਨਹੀਂ। ਇਹ ਜ਼ਰੂਰੀ ਹੈ। ਹਰ ਇਕ ਦੀ ਆਪਣੇ ਹਿੱਤ ਵਿੱਚ ਦਿਲਚਸਪੀ ਹੋਣ ਦੇ ਬਾਵਜੂਦ ਕੁਝ ਸੁਝਵਾਨਾਂ ਵਾਲੇ ਮੁਕਾਬਲੇ ਹੋਣੇ ਚਾਹੀਦੇ ਹਨ। ਇਨ੍ਹਾਂ ਵਿੱਚ ਭਾਵੇਂ ਕੁਝ ਮੇਲ ਖਾਂਦੇ ਤੱਥ ਵੀ ਹੋਣ। ਚੰਗੇ ਭਾਗਾਂ ਨੂੰ ਮੁਕਾਬਲਿਆਂ ਦਾ ਦਾਇਰਾ ਹੈ। ਰਾਨਾਡੇ ਇਕ ਸਮਾਜ ਸੁਧਾਰਕ ਸਨ ਤੇ ਇਕ ਸਮਾਜ ਸੁਧਾਰਕ ਦੀ ਲਾਹੇਵੰਦ ਤੁਲਨਾ ਦੂਜੇ ਸਮਾਜ ਸੁਧਾਰਕ ਨਾਲ ਹੀ ਹੋ ਸਕਦੀ ਹੈ। ਖਾਸ ਕਰਕੇ, ਇਕ ਰੌਸ਼ਨੀ ਚਿਰਾਗ ਵਾਂਗ ਰਾਨਾਡੇ ਤੇ ਜੋਤ ਸ੍ਰੀ ਫੂਲੇ ਵਿਚਕਾਰ ਹੀ ਤੁਲਨਾ ਠੀਕ ਰਹੇਗੀ। ਸ੍ਰੀ ਫੂਲੇ ਦਾ ਜਨਮ 1827 ਵਿੱਚ ਹੋਇਆ ਤੇ ਮੌਤ 1890 ਵਿੱਚ। ਰਾਨਾਡੇ ਦਾ ਜਨਮ 1842 ਵਿੱਚ ਹੋਇਆ ਤੇ ਮੌਤ 1901 ਵਿੱਚ। ਇਸ ਤਰ੍ਹਾਂ ਸ੍ਰੀ ਫੂਲੇ ਤੇ ਰਾਨਾਡੇ ਇਕ ਦੂਜੇ ਦੇ ਸਮਕਾਲੀ ਸਨ। ਕੁੱਝ ਅਜੇਹੇ ਲੋਕ ਦੋ ਚਿਤੀ ਵਿੱਚ ਪੈ ਸਕਦੇ ਹਨ, ਜੋ ਉਹ ਆਪਣੀ ਬੁਧੀ ਅਨੁਸਾਰ ਰਾਨਾਡੇ ਦਾ ਮੁਕਾਬਲਾ ਰਾਜਨੀਤਕਾਂ ਨਾਲ ਕਰਦੇ ਹਨ। ਇਹ ਕਹਿਣਾ ਕਿ ਰਾਨਾਡੇ ਰਾਜਨੀਤੀਵਾਨ ਨਹੀਂ ਸਨ, ਇਕ ਬੜਾ ਹੀ ਤੰਗ ਨਜ਼ਰੀਆ ਤੇ ਬਹੁਤ ਹੀ ਛੋਟੇ ਦਾਇਰੇ ਵਾਲੇ ਰਾਜਨੀਤੀਵਾਨਾਂ ਵਾਲਾ ਅੰਦਾਜ਼ ਹੈ। ਰਾਜਸੀ ਲੋਕ ਸਿਰਫ਼ ਨਿਜੀ ਰਾਜਨੀਤੀ ਦੇ ਦਾਇਰੇ ਵਿੱਚ ਹੀ ਨਹੀਂ ਵਿਚਰਦੇ, ਸਗੋਂ ਉਹ ਤਾਂ ਦੋਵਾਂ ਪਾਸਿਆਂ ਦੀ ਪ੍ਰਤਿਨਿਧਤਾ ਕਰਦੇ ਹਨ, ਜੋ ਕਿ ਤਰੀਕਿਆਂ ਦੇ ਨਾਲ ਨਾਲ ਸਿਆਸਤ ਦੀ ਆਤਮਕ ਵਿਦਿਆ ਵੀ ਹੈ। ਰਾਨਾਡੇ ਨੇ ਸਿਆਸਤ ਦੇ ਉਸ ਸਿਧਾਂਤ ਦੀ ਬੁਨਿਆਦ ਰਖੀ ਜਿਹੜੀ ਹੋਰਾਂ ਨਾਲੋਂ ਬਿਲਕੁਲ ਅਲੱਗ ਰਹੀ ਤੇ ਜਿਸਦੇ ਤਰੀਕੇ ਤੇ ਆਤਮਿਕ ਵਿਦਿਆ ਹੋਰ ਹੀ ਸਨ। ਇਸੇ ਆਸ਼ੇ ਨਾਲ ਰਾਨਾਡੇ ਇਕ ਸਿਆਸਤਦਾਨ ਹਨ, ਤੇ ਉਨ੍ਹਾਂ ਦਾ ਬੜੇ ਲਾਹੇਵੰਦ ਢੰਗ ਨਾਲ ਹੋਰ ਸਿਆਸਤਦਾਨਾਂ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। ਰਾਨਾਡੇ ਦਾ ਮੁਕਾਬਲਾ

ਭਾਵੇਂ ਸਮਾਜ ਸੁਧਾਰਕ ਨਾਲ ਕਰੀਏ ਤੇ ਭਾਵੇਂ ਸਿਆਸਤਦਾਨ ਨਾਲ, ਉਹ ਹਰ ਪਾਸਿਉਂ ਰਹਿਨੁਮਾਈ ਕਰਦੇ ਹਨ। ਇਸ ਮੁਕਾਬਲੇ ਵਿੱਚ ਭਾਵੇਂ ਬਹੁਤ ਹੀ ਮਿਸਾਲਾਂ ਪਈਆਂ ਹਨ। ਅਸਲ ਵਿੱਚ ਇਹ ਸਵਾਲ ਤਾਂ ਵਕਤ ਤੇ ਪਸੰਦ ਨਾਲ ਬਝਾ ਹੋਇਆ ਹੈ। ਵਕਤ ਨੇ ਇਤਨਾ ਮੌਕਾ ਨਹੀਂ ਦਿਤਾ ਕਿ ਰਾਨਾਡੇ ਦਾ ਮੁਕਾਬਲਾ ਖੁਲੇ-ਡੁਲੇ ਢੰਗ ਨਾਲ ਕੀਤਾ ਸਮਾਜ ਸੁਧਾਰਕ ਅਤੇ ਸਿਆਸਤਦਾਨਾਂ ਨਾਲ ਕੀਤਾ ਜਾ ਸਕੇ। ਮੈਨੂੰ ਇਸ ਦੀ ਚੋਣ ਕਰਨੀ ਹੀ ਪਵੇਗੀ ਕਿ ਰਾਨਾਡੇ ਦੀ ਤੁਲਣਾ ਸਮਾਜ ਸੁਧਾਰਕ ਨਾਲ ਕਰਾਂ ਤੇ ਸਿਆਸਤਦਾਨ ਨਾਲ। ਇਹ ਵੀ ਪਸਿੰਦ ਦਾ ਹੀ ਮੁਦਾ ਹੈ। ਮੈਂ ਜੇ ਆਪਣੇ ਆਪ ਤੇ ਹੀ ਨਿਰਭਰ ਕਰਨਾ ਹੋਵੇ ਤਾਂ ਮੈਂ ਆਪਣਾ ਕੀਮਤੀ ਵਕਤ ਰਾਨਾਡੇ ਤੇ ਫੂਲੇ ਦਾ ਹੀ ਮੁਕਾਬਲਾ ਕਰਨ ਤੇ ਲਾਵਾਂ ਤੇ ਇਹ ਇਸ ਲਈ ਕਿ ਮੈਂ ਸਮਾਜ ਸੁਧਾਰ ਨੂੰ ਸਿਆਸਤੀ ਸੁਧਾਰਾਂ ਨਾਲੋਂ ਵਧ ਬੁਨਿਆਦੀ ਸਮਝਦਾ ਹਾਂ। ਬਦਕਿਸਮਤੀ ਨਾਲ, ਮੇਰਾ ਨੁਕਤਾ ਮੇਰੇ ਸਰੋਤਿਆਂ ਦੇ ਨੁਕਤੇ ਨਾਲੋਂ ਵੱਖਰਾ ਹੈ। ਤੇ ਮੈਂ ਮਹਿਸੂਸ ਕਰਦਾ ਹਾਂ ਕਿ ਜੇ ਮੈਂ ਆਪਣੇ ਸਰੋਤਿਆਂ ਨੂੰ ਰੋਕੀ ਰਖਣਾ ਹੈ ਤਾਂ ਮੈਂ ਇਹੀ ਆਦੇਸ਼ ਲਵਾਂਗਾ ਕਿ ਮੈਂ ਉਨ੍ਹਾਂ ਦੀ ਪਸੰਦ ਤੇ ਨਾਪਸੰਦ ਨੂੰ ਆਪਣੀ ਪਸੰਦ ਨਾਲੋਂ ਵਧ ਅਹਮਿਅਤ ਦੇਵਾਂਗਾ। ਸਮਾਜ ਸੁਧਾਰਾਂ ਦਾ ਜੋਸ਼ ਠੰਢਾ ਪੈ ਚੁੱਕਾ ਹੈ। ਸਿਆਸਤ ਲਈ ਖਿਚ ਕਮਲੀ ਹੋਈ ਪਈ ਹੈ ਤੇ ਇਸੇ ਖਿਚ ਨੇ ਭਾਰਤੀ ਲੋਕਾਂ ਨੂੰ ਆਪਣੀ ਜਕੜ ਵਿੱਚ ਬੰਨ੍ਹਿਆ ਹੋਇਆ ਹੈ। ਰਾਜਨੀਤੀ ਲਈ ਭੁੱਖ ਵੱਧ ਗਈ ਹੈ। ਇਹ ਇੱਕ ਐਸੀ ਖੁਸ਼ਬੂ ਹੈ ਜਿਸਦਾ ਜੇ ਇਕ ਵਾਰ ਸਵਾਦ ਪੈ ਜਾਵੇ ਤਾਂ ਉਸ ਲਈ ਹੋਰ ਮਚਲਾਹਟ ਪੈਦਾ ਹੋ ਜਾਂਦੀ ਹੈ। ਜਿਹੜਾ ਕੰਮ ਮੈਂ ਆਪਣੇ ਜੁੰਮੇ ਲੈ ਰਿਹਾ ਹਾਂ ਉਹ ਬਹੁਤ ਖੁਸ਼ਗਵਾਰ ਨਹੀਂ ਹੈ, ਤੇ ਜੇ ਮੈਂ ਇਸ ਨੂੰ ਹੱਥ ਪਾਵਾਂਗਾ ਤਾਂ ਇਹ ਇਸ ਲਈ ਕਿ ਇਹ ਮੇਰੀ ਜ਼ੁੰਮੇਵਾਰੀ ਹੈ। ਮੇਰਾ ਫਰਜ਼ ਹੈ ਮੈਂ ਇਸ ਨੂੰ ਪੂਰੀ ਤਰ੍ਹਾਂ ਖੋਲ ਕੇ ਰਖਾਂ। ਅਵਾਮ ਦੀ ਚਾਹ ਹੈ ਕਿ ਉਹ ਰਾਨਾਡੇ ਦੀ ਸਹੀ ਕਦਰ ਕਰ ਸਕਣ। ਉਹ ਜਾਣਨਾ ਚਾਹੁਦੇ ਹਨ ਕਿ ਉਨ੍ਹਾਂ ਦੀ ਅਜ ਦੀ ਸਿਆਸਤ ਵਿੱਚ ਕੀ ਜਗ੍ਹਾ ਹੈ।

ਅਜ ਦੇ ਉਹ ਕਿਹੜੇ ਸਿਆਸਤਦਾਨ ਹਨ ਜਿਨ੍ਹਾਂ ਨਾਲ ਰਾਨਾਡੇ ਦੀ ਤੁਲਨਾ ਕੀਤੀ ਜਾ ਸਕਦੀ ਹੈ। ਉਹ ਆਪਣੇ ਵਕਤ ਦੇ ਵਡੇ ਸਿਆਸਤਦਾਨ ਹੋਏ ਹਨ। ਇਸ ਲਈ ਉਨ੍ਹਾਂ ਦਾ ਮੁਕਾਬਲਾ ਅੱਜ ਦੇ ਤਕੜੇ ਸਿਆਸਤਦਾਨ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਲਈ ਸਾਡੇ ਸਾਹਮਣੇ ਭਾਰਤ ਦੇ ਦੌਰ ਵਿੱਚ ਦੋ ਹੀ ਵੱਡੇ ਆਦਮੀ ਹਨ ਜੋ ਬਿਨਾਂ ਦੱਸਿਆਂ ਹੀ ਸਮਝੇ ਜਾ ਸਕਦੇ ਹਨ: ਉਹ ਹਨ ਗਾਂਧੀ ਤੇ ਜਿਨਹਾਂ। ਉਹ ਕਿਹੋ ਜਿਹਾ ਇਤਿਹਾਸ ਬਨਾਉਣਗੇ ਇਹ ਦਸਣ ਦਾ ਜ਼ਿੰਮਾਂ ਤਾਂ ਆਉਣ ਵਾਲੀ ਪੁਸ਼ਤ ਦਾ ਹੈ। ਸਾਡੇ ਲਈ ਤਾਂ ਇਹੋ ਹੀ ਕਾਫੀ ਹੈ ਕਿ ਉਹ ਬਿਨਾਂ ਸ਼ਕ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਪੂਰੀ ਥਾਂ ਲੈ ਰਹੇ ਹਨ। ਉਹ ਤਾਂ ਰਸੀ ਦੇ ਦੋਵੇਂ ਕਿਨਾਰਿਆਂ ਨੂੰ ਫੜੀ ਬੈਠੇ ਹਨ। ਇਕ ਹਿੰਦੂਆਂ ਦੀ ਰਹਿਨੁਮਾਈ ਕਰ ਰਿਹਾ ਹੈ ਤੇ ਦੂਜਾ ਮੁਸਲਮਾਨਾਂ ਦੀ। ਉਹ ਤਾਂ ਅੱਜ ਦੀ ਘੜੀ ਇਸ਼ਟ ਦੇ ਬਰਾਬਰ ਹਨ। ਮੇਰੇ ਸੁਝਾਅ ਮੁਤਾਬਿਕ ਇਨ੍ਹਾਂ ਦੀ ਤੁਲਨਾ ਰਾਨਾਡੇ ਨਾਲ ਹੋਣੀ ਚਾਹੀਦੀ ਹੈ। ਇਹ ਰਾਨਾਡੇ ਨਾਲ ਮੁਕਾਬਲੇ ਵਿੱਚ ਕਿਵੇਂ ਉਤਰਨਗੇ? ਇਹ ਜ਼ਰੂਰੀ ਹੈ ਕਿ ਉਨ੍ਹਾਂ ਦੇ ਸੁਭਾ ਤੇ ਤਰੀਕਿਆਂ ਨੂੰ ਸਮਝਿਆ ਜਾਵੇ ਜਿਨ੍ਹਾਂ ਨਾਲ ਇਨ੍ਹਾਂ ਸਾਨੂੰ ਜਾਣੂ ਕਰਵਾਇਆ ਹੈ। ਮੈਂ ਤਾਂ ਇਨ੍ਹਾਂ ਬਾਰੇ ਆਪਣੇ ਵਿਚਾਰ ਹੀ ਦੇ ਸਕਦਾ ਹਾਂ ਕਿ ਇਹ ਕਿੰਨੀ ਕੁ ਹੈਸੀਅਤ ਦੇ ਮਾਲਕ ਹਨ। ਪਹਿਲੀ ਚੀਜ਼ ਜਿਹੜੀ ਮੈਨੂੰ ਟੁੰਬਦੀ ਹੈ ਉਹ

ਇਹ ਹੈ ਕਿ ਇਹ ਬਹੁਤ ਮੁਸ਼ਕਿਲ ਹੈ ਕਿ ਅਜਿਹੇ ਦੋ ਬੰਦੇ ਲਭੇ ਜਾਣ ਜੋ ਇਨ੍ਹਾਂ ਤੋਂ ਵੱਧ ਆਪਣੇ ਸਵਾਰਥ ਵਿੱਚ ਫਸੇ ਹੋਣ। ਜਿਨ੍ਹਾਂ ਲਈ ਆਪਣੀ ਨੇਤਾਗਿਰੀ ਹੀ ਸਭ ਕੁਝ ਹੋਵੇ, ਭਾਵੇਂ ਉਹ ਸਹਿਜ ਇੱਕ ਨਿਕਾ ਸੀਖਾਂ ਵਾਲਾ ਕੋਨਾ ਹੈ ਹੋਰ ਕੁਝ ਵੀ ਨਹੀਂ। ਇਨ੍ਹਾਂ ਨੇ ਭਾਰਤ ਦੀ ਰਾਜਨੀਤੀ ਨੂੰ ਆਪਣੇ ਜ਼ਾਤੀ ਝਗੜੇ ਦਾ ਅਖਾੜਾ ਬਣਾ ਲਿਆ ਹੈ। ਇਸ ਦੇ ਕੀ ਨਤੀਜੇ ਨਿਕਲਣਗੇ, ਇਸ ਦਾ ਇਨ੍ਹਾਂ ਨੂੰ ਕੋਈ ਡਰ ਨਹੀਂ। ਵੈਸੇ ਜਦੋਂ ਉਹ ਵਾਪਰ ਹੀ ਜਾਣਗੇ ਤਾਂ ਇਹ ਸਜਣ ਭੁੱਲ ਹੀ ਜਾਣਗੇ ਕਿ ਉਨ੍ਹਾਂ ਦੇ ਕਾਰਨ ਕੀ ਸਨ। ਜੇ ਉਹ ਯਾਦ ਰੱਖਣਗੇ ਤਾਂ, ਇੱਕ ਓਪਰੀ ਨਜ਼ਰ ਨਾਲ ਵੇਖ ਸਭ ਕੁਝ ਨਜ਼ਰ ਅੰਦਾਜ਼ ਕਰਕੇ ਸੰਤੁਸ਼ਟ ਹੋ ਜਾਣਗੇ। ਸਭ ਪਾਸਿਓਂ ਸਾਫ-ਸੁਥਰੇ ਨਿਕਲ ਜਾਣਗੇ। ਇਨ੍ਹਾਂ ਆਪਣੇ ਲਈ ਅਜਿਹਾ ਇੱਕ ਉੱਚਾ ਤੇ ਪੱਧਰਾ ਆਸਣ ਚੁਣਿਆ ਹੋਇਆ ਹੈ। ਜਿਸ ਤੇ ਉਹ ਇਕੱਲੇ ਹੀ ਆਪਣੀ ਆਨ-ਸ਼ਾਨ ਬਣਾ ਸਕਣ। ਇਨ੍ਹਾਂ ਆਪਣੇ ਦੁਆਲੇ ਐਸੀ ਚੋਗਿਰਦੇ ਵਾਲੀ ਦੀਵਾਰ ਬਣਾ ਲਈ ਹੈ ਤਾਂ ਕਿ ਉਹ ਆਪਣੇ ਬਰਾਬਰ ਵਾਲਿਆਂ ਤੋਂ ਦੂਰ ਰਹਿ ਸਕਣ। ਇਹ ਆਪਣੇ ਆਪ ਨੂੰ ਆਪਣੇ ਨਾਲੋਂ ਨੀਵਿਆਂ ਵਿੱਚ ਵਿਚਰਦਿਆਂ ਹੀ ਪਸੰਦ ਕਰਦੇ ਹਨ। ਉਦੋਂ ਉਦਾਸ ਹੁੰਦੇ ਹਨ ਜਦੋਂ ਆਪਣੀ ਆਲੋਚਨਾ ਸੁਣਦੇ ਹਨ, ਤੇ ਉਸ ਤੋਂ ਬਹੁਤ ਘਬਰਾਉਂਦੇ ਹਨ, ਤੇ ਉਦੋਂ ਬਹੁਤ ਖੁਸ਼ ਹੁੰਦੇ ਹਨ ਜਦੋਂ ਖੁਸ਼ਾਮਦਗਾਰ ਨੋਕਰਾਂ-ਚਾਕਰਾਂ ਵਾਂਗ ਇਨ੍ਹਾਂ ਦੇ ਅਗੇ ਪਿੱਛੇ ਫਿਰਦੇ ਹੋਣ। ਦੋਹਾਂ ਨੇ ਨਾਟਕ ਮੰਚ ਦੀਆਂ ਖੂਬੀਆਂ ਬੜੀਆਂ ਵਧੀਆ ਤਰੀਕੇ ਨਾਲ ਹਾਸਲ ਕੀਤੀਆਂ ਹਨ। ਇਹ ਹਾਲਾਤ ਨੂੰ ਇਸ ਤਰ੍ਹਾਂ ਦੀ ਤਰਤੀਬ ਦਿੰਦੇ ਹਨ ਤਾਂ ਕਿ ਇਹ ਆਪ ਸਦਾ ਹੀ ਹਰ ਤਰ੍ਹਾਂ ਨਾਲ ਮੋਢੀ ਰਹਿ ਸਕਣ। ਦੋਵੇਂ ਹੀ ਆਪਣੇ ਆਪ ਨੂੰ ਦੂਜੇ ਨਾਲੋਂ ਉੱਚਾ ਮੰਨਦੇ ਹਨ। ਜੇ ਉੱਚਾ ਰਹਿਣਾ ਹੀ ਇਨ੍ਹਾਂ ਦਾ ਲਕਸ਼ ਹੋਵੇ ਤਾਂ ਇਹ ਕੋਈ ਹੈਰਾਨੀ ਦੀ ਗੱਲ ਨਹੀਂ। ਇਸ ਤੋਂ ਵੀ ਵੱਧ ਇਹ ਆਪਣੇ ਲਈ ਨਿਸਚਿਤਾ ਹੀ ਦਾਅਵਾ ਕਰਦੇ ਹਨ। ਪਿਉਸ 9 ਨੇ ਆਪਣੀ ਉੱਚ ਕੋਟੀ ਦੀ ਪਵਿੱਤਰ ਪਾਦਰੀ ਦੀ ਪੋਪ ਦੀ ਪਦਵੀ ਪ੍ਰਾਪਤੀ ਵੇਲੇ ਚੋਣ ਦੇ ਸਵਾਲ ਤੇ ਕਿਹਾ "ਮੈਂ ਪੋਪ ਬਣਨ ਤੋਂ ਪਹਿਲਾਂ ਪੋਪ ਦੇ ਸ਼ਾਸਨ ਨੂੰ ਨਿਸ਼ਚਿਤ ਮੰਨਦਾ ਸੀ। ਹੁਣ ਮੈਂ ਮਹਿਸੂਸ ਕਰਦਾ ਹਾਂ।" ਬਿਲਕੁੱਲ ਇਹੋ ਗੱਲ ਸਾਡੇ ਇਨ੍ਹਾਂ ਦੋਨੋ ਨੇਤਾਵਾਂ ਦੀ ਹੈ ਜਿਨ੍ਹਾਂ ਨੂੰ ਦੇਵ ਵੱਲੋਂ ਸਾਨੂੰ ਰਹਿਨੁਮਾਈ ਦੇਣ ਲਈ ਸਥਾਪਿਤ ਕੀਤਾ ਗਿਆ ਹੈ। ਮੈਂ ਤਾਂ ਇਹੋ ਕਹਾਂਗਾ ਕਿ ਇਹ ਉਸ ਕੋਲੋਂ ਅਵੇਸਲੇ ਹੀ ਹੋ ਗਿਆ ਹੈ। ਇਸੇ ਬੜ੍ਹਪਨ ਤੇ ਨਿਸ਼ਚੇ ਨੂੰ ਪੱਤਰਕਾਰੀ ਨੇ ਹੋਰ ਵੀ ਮਜ਼ਬੂਤ ਕੀਤਾ ਹੈ ਅੱਜ ਇਹ ਕਹਿਣ ਵਿੱਚ ਕੋਈ ਵੀ ਗੁਰੇਜ਼ ਨਹੀਂ ਕਰੇਗਾ।

ਗਾਰਡੀਨ ਨੇ ਨਾਰਥ ਕਲਿਫ ਮਾਰਕੇ ਦੀ ਪੱਤਰਕਾਰੀ ਬਾਰੇ ਜਿਵੇਂ ਆਪਣੀ ਬੋਲੀ ਵਿੱਚ ਕਿਹਾ ਹੈ, ਉਹ ਮੇਰੇ ਵਿਚਾਰ ਵਿੱਚ ਬਿਲਕੁੱਲ ਠੀਕ ਹੀ ਤਤਾਂ ਨਾਲ ਅੱਜ ਦੇ ਭਾਰਤ ਦੀ ਪੱਤਰਕਾਰੀ ਤੇ ਢੁਕਦਾ ਹੈ। ਇਕ ਵਕਤ ਸੀ, ਜੋ ਭਾਰਤ ਦੀ ਪੱਤਰਕਾਰੀ ਵਿੱਚ ਚੰਗਾ ਰੋਜ਼ਗਾਰ ਸੀ। ਅੱਜ ਉਹ ਇਕ ਵਪਾਰ ਬਣ ਗਿਆ ਹੈ। ਇਸ ਲਈ ਇਸਦੀ ਕੋਈ ਅਹਿਮੀਅਤ ਹੀ ਨਹੀਂ ਰਹਿ ਜਾਂਦੀ। ਇਹ ਉਂਜ ਹੀ ਹੋ ਗਈ ਹੈ ਜਿਵੇਂ ਇਕ ਸਾਬਣ ਬਣਾਉਣ ਵਾਲਾ ਕਾਰਖਾਨਾ ਹੋਵੇ। ਇਹ ਆਪਣੇ ਆਪ ਨੂੰ ਇਸ ਲਾਇਕ ਸਮਝਦੇ ਹੀ ਨਹੀਂ ਕਿ ਇਹ ਅਵਾਮ ਨੂੰ ਜ਼ਿੰਮੇਵਾਰੀ ਦੀ ਸਲਾਹ ਦੇ ਸਕਣ। ਉਹ ਖ਼ਬਰਾਂ ਦੇਣ ਜਿਹੜੀਆਂ ਸਹੀ ਹੋਣ ਤੇ ਵਾਧੂ-ਘਾਟੂ ਜੋੜ ਕੇ ਨਾ ਬਣਾਈਆਂ ਹੋਣ। ਜਿਸ ਵਿੱਚ ਕੋਈ ਮਰਜ਼ ਨਾ ਛੁਪਿਆ ਹੋਵੇ, ਕੋਈ ਇਹੋ ਜਿਹੇ ਵਿਚਾਰ ਪੇਸ਼ ਕਰਨ ਜਿਸ ਨਾਲ ਅਵਾਮ ਨੂੰ ਕੋਈ ਸੇਧ ਮਿਲ ਸਕੇ, ਜਿਹੜੇ ਇਹ ਦਸ ਸਕਣ ਕਿ ਸਮਾਜ ਲਈ

ਬਿਹਤਰ ਕੀ ਹੋਵੇਗਾ। ਕੁਝ ਠੀਕ ਠੀਕ ਕਰਨ ਤੇ ਸੁਧਾਰ ਦਾ ਰਾਹ ਅਪਣਾਉਣ ਉਨ੍ਹਾਂ ਲੋਕਾਂ ਕੋਲੋਂ ਨਿਡਰ ਹੋਣ, ਭਾਵੇਂ ਉਹ ਕਿੰਨੇ ਹੀ ਵੱਡੇ ਕਿਉਂ ਨਾ ਹੋਣ, ਜਿਨ੍ਹਾਂ ਦੇ ਗਲਤ ਰਸਤੇ ਉਜਾੜ ਵੱਲ ਹੀ ਜਾਂਦੇ ਹੋਣ। ਇਹ ਸਭ ਭਾਰਤ ਦੀ ਪੱਤਰਕਾਰੀ ਦੇ ਪਹਿਲੇ ਤੇ ਜ਼ਰੂਰੀ ਕਰਤੱਵ ਨਹੀਂ ਬਣ ਸਕੇ। ਕਿਸੇ ਨੂੰ ਇਸ਼ਟ ਮੰਨ ਕੇ, ਉਸਦੀ ਭਗਤੀ ਕਰਨਾ ਇਕ ਸਿਧਾਂਤਕ ਕਾਰਜ ਬਣ ਗਿਆ ਹੈ। ਇਸ ਤਹਿਤ ਖ਼ਬਰਾਂ ਨੂੰ ਸਨਸਨੀਖੇਜ਼ ਬਣਾਉਣਾ, ਠੋਸ ਵਿਚਾਰਾਂ ਦੀ ਥਾਂ ਤੇ ਬੇ-ਬੁਨਿਆਦੀ ਮੋਨ-ਇਛਾਵਾਂ ਨੂੰ ਉਤਸਾਹ ਦੇਣਾ ਆਮ ਹੋ ਗਿਆ ਹੈ। ਜ਼ਿੰਮੇਵਾਰ ਬੰਦਿਆਂ ਦੇ ਮਨਾਂ ਨੂੰ ਟੁੰਬਣਾ ਤਾਂ ਕਿ ਉਹ ਮਨੋਵਿਗਿਆਨਕ ਢੰਗ ਨਾਲ ਕਾਬੂ ਪਾ ਕੇ ਗ਼ੈਰ-ਜ਼ੰਮੇਵਾਰੀ ਨੂੰ ਠੀਕ ਸੇਧ ਦੇ ਸਕਣ, ਕਿਧਰੇ ਆਉਂਦਾ ਹੀ ਨਹੀਂ। ਲਾਰਡ ਸੇਲਿਸਬਰੀ ਨੇ ਨਾਰਥਕਲਿਫ ਦੀ ਪੱਤਰਕਾਰੀ ਨੂੰ ਦਫ਼ਤਰੀ ਕਰਮਚਾਰੀਆਂ ਵੱਲੋਂ ਲਿਖੀ ਦਫ਼ਤਰੀ ਕਰਮਚਾਰੀਆਂ ਲਈ ਚਿੱਠੀ ਕਿਹਾ ਹੈ। ਭਾਰਤੀ ਪੱਤਰਕਾਰੀ ਵੀ ਕੁੱਝ ਇਹੋ ਜਿਹੀ ਹੀ ਹੈ। ਇਸਤੋਂ ਵੀ ਵੱਧ ਇਹ ਤਾਂ ਢੋਲਚੀ ਮੁੰਡਿਆਂ ਵਲੋਂ ਲਿਖਿਆ ਆਪਣੇ ਇਸ਼ਟ ਦਾ ਜਸ਼ੋਗਾਨ ਹੀ ਹੈ। ਦੇਸ਼ ਦੇ ਹਿਤਾਂ ਨੂੰ ਕਦੇ ਵੀ ਐਨੀ ਬੇਰਹਿਮੀ ਨਾਲ ਬਲੀ ਤੇ ਨਹੀਂ ਚੜ੍ਹਾਇਆ ਗਿਆ। ਇਸ਼ਟ ਪੂਜਾ ਨੂੰ ਵਧਾਇਆ-ਫੁਲਾਇਆ ਜਾ ਰਿਹਾ ਹੈ। ਕਦੇ ਵੀ ਇਸ਼ਟ ਪੂਜਾ ਇਸ ਤਰ੍ਹਾਂ ਅੱਖਾਂ ਬੰਦ ਕਰਕੇ ਨਹੀਂ ਕੀਤੀ ਜਾਂਦੀ ਜਿਵੇਂ ਅੱਜ ਭਾਰਤ ਵਿੱਚ ਹੋ ਰਹੀ ਹੈ। ਮੈਨੂੰ ਇਹ ਦਸਦਿਆਂ ਖੁਸ਼ੀ ਹੋ ਰਹੀ ਹੈ ਕਿ ਕਿਧਰੇ ਕਿਧਰੇ ਇਸ ਤੋਂ ਬਚੇ ਲੋਕ ਵੀ ਨਜ਼ਰ ਆਉਂਦੇ ਹਨ। ਪਰ ਇਹ ਆਉਂਦੇ ਬਹੁਤ ਘੱਟ ਗਿਣਤੀ ਵਿੱਚ ਹਨ ਤੇ ਉਨ੍ਹਾਂ ਦੀ ਅਵਾਜ਼ ਸੁਣਨ ਵਿੱਚ ਹੀ ਨਹੀਂ ਆਉਂਦੀ। ਪੱਤਰਕਾਰੀ ਦੀ ਸਾਬਾਸ਼ੀ ਲਈ ਉਹ ਡੂੰਘੀ ਖਾਈ ਖੋਦੀ ਹੈ ਜਿਸ ਵਿੱਚ ਇਨ੍ਹਾਂ ਦੋਹਾਂ ਮਹਾਨ ਹਸਤੀਆਂ ਦੇ ਅਧਿਕਾਰ ਦੀ ਛਾਪ ਦਾ ਨਜ਼ਾਰਾ ਨਜ਼ਰ ਆਉਂਦਾ ਹੈ। ਇਸ ਨੇ ਸਭ ਹੱਦਾਂ ਪਾਰ ਕਰ ਲਈਆਂ ਹਨ। ਆਪਣੇ ਅਧਿਕਾਰਾਂ ਸਦਕਾ ਇਨ੍ਹਾਂ ਨੇ ਆਪਣੇ ਸਹਿਕਾਰਆਂ ਨੂੰ ਬੇਹਦ ਚਰਿਤ੍ਰਹੀਣ ਕੀਤਾ ਹੈ ਤੇ ਨਾਲ ਹੀ ਸਿਆਸਤ ਨੂੰ ਵੀ ਭ੍ਰਸ਼ਟ ਕਰ ਦਿਤਾ। ਆਪਣੇ ਅਧਿਕਾਰਾਂ ਸਦਕਾ ਇਨ੍ਹਾਂ ਆਪਣੇ ਅਧੇ ਸਹਿਯੋਗੀਆਂ ਨੂੰ ਬੇਵਕੂਫ ਬਣਾਇਆ ਤੇ ਦੂਜੇ ਅਧਿਆਂ ਨੂੰ ਆਪਣੇ ਵੱਸ ਵਿੱਚ ਕਰ ਲਿਆ ਹੋਇਆ ਹੈ। ਆਪਣਾ ਵੱਡਪਣ ਕਾਇਮ ਕਰਨ ਲਈ ਇਨ੍ਹਾਂ ਵੱਡੇ ਵਪਾਰਕ ਘਰਾਣਿਆਂ ਤੇ ਧਨਾਡਾਂ ਦੀ ਮਦਦ ਲਈ। ਪਹਿਲੀ ਵਾਰ ਸਾਡੇ ਦੇਸ਼ ਵਿੱਚ ਧਨ ਨੇ ਇਕ ਸੰਗਠਿਤ ਰੂਪ ਵਿੱਚ ਇਸ ਦਾਇਰੇ ਅੰਦਰ ਤਾਕਤ ਲਈ ਹੈ। ਜਿਹੜੇ ਸਵਾਲ ਪ੍ਰੈਜ਼ੀਡੈਂਟ ਰੂਜ਼ਵੈਲਟ ਨੇ ਅਮਰੀਕਾ ਦੀ ਜਨਤਾ ਸਾਹਮਣੇ ਵਿਚਾਰਣ ਲਈ ਖੋਲ੍ਹ ਕੇ ਰਖੇ ਸਨ, ਉਹੀ ਏਥੇ ਵੀ ਉਠਣਗੇ ਜੇ ਉਹ ਹੁਣ ਤੱਕ ਨਹੀ ਉਠੇ। ਰਾਜ ਕੌਣ ਕਰੇਗਾ-ਧਨ ਯਾ ਆਦਮੀ? ਕੌਣ ਅਗੇ ਚਲੇਗਾ-ਪੈਸਾ ਯਾ ਲਿਆਕਤ? ਕੌਣ ਜਨਤਕ ਅਦਾਰਿਆਂ ਦੀ ਥਾਂ ਪੂਰੇਗਾ-ਪੜ੍ਹੇ ਲਿਖੇ, ਦੇਸ਼ ਭਗਤ ਅਜ਼ਾਦ ਯਾ ਪੂੰਜੀਵਾਦੀ ਯਾ ਪੈਸੇ ਦੇ ਗਠਬੰਧਨ ਦੇ ਪੂਜਕ? ਵਰਤਮਾਨ ਭਾਰਤੀ ਸਿਆਸਤ ਲਈ ਹਿੰਦੂ ਵਰਗ, ਜਿਸ ਨੇ ਆਪਣੇ ਅੰਦਰੂਨੀ ਗੁਣਾਂ ਨੂੰ ਨਾ ਉਤਸ਼ਾਹਿਤ ਕਰਕੇ ਉਸਨੂੰ ਪੂਰੀ ਤਰ੍ਹਾਂ ਵਿਆਪਾਰਕ ਬਣਾ ਲਿਆ ਹੈ। ਭ੍ਰਿਸ਼ਟਾਚਾਰ ਦਾ ਸਮਾਨਾਰਥਕ ਬਣ ਗਿਆ ਹੈ। ਸਿਆਸਤ ਇਕ ਕਿਸਮ ਦੀ ਗੰਦਗੀ ਢੋਣ ਵਾਲੀ ਨਾਲੀ ਦਾ ਦਾਇਰਾ ਬਣ ਗਈ ਹੈ। ਇਸ ਦੀ ਅਸਹਿ ਬਦਬੋ ਤੇ ਗੰਦਗੀ ਤਾਂ ਇਸਦਾ ਕੇਂਦਰ ਹੀ ਬਣ ਗਿਆ ਹੈ। ਸਿਆਸਤਦਾਨ ਬਣਨਾ ਗੰਦਗੀ ਦੀ ਨਾਲੀ ਵਿੱਚ ਕੰਮ ਕਰਨ ਵਾਂਗੂ ਹੀ ਹੈ। ਰਾਜਨੀਤੀ ਵਿੱਚ ਹਿੱਸਾ ਲੈਣ ਅਤੇ ਗੰਦੀ ਨਾਲੀ ਸਾਫ਼ ਕਰਨ ਵਿੱਚ ਕੋਈ ਫਰਕ ਨਹੀਂ

ਰਹਿ ਗਿਆ।

ਇਨ੍ਹਾਂ ਦੋਵਾਂ ਮਹਾਨ ਹਸਤੀਆਂ ਲਈ ਪੈਸੇ ਦਾ ਖਰਚ ਤੇ ਉਜਾੜਾ ਹੀ ਮੁਕਾਬਲਾ ਬਣ ਗਿਆ ਹੈ। ਜੇ ਮਿਸਟਰ ਗਾਂਧੀ ਨੂੰ ਮਹਾਤਮਾ ਕਰਕੇ ਜਾਣਿਆ ਜਾਣ ਲਗਿਆ ਤਾਂ ਮਿਸਟਰ ਜਿਨਾਹ ਨੂੰ ਕਾਇਦੇ-ਆਜ਼ਮ ਕਰਕੇ ਜਾਣਿਆ ਜਾਣਾ ਜ਼ਰੂਰੀ ਹੈ। ਜੇ ਗਾਂਧੀ ਪਾਸ ਕਾਂਗਰਸ ਹੈ ਤਾਂ ਮਿਸਟਰ ਜਿਨਾਹ ਕੋਲ ਮੁਸਲਿਮ ਲੀਗ ਹੋਣੀ ਜ਼ਰੂਰੀ ਹੈ। ਜੇ ਕਾਂਗਰਸ ਦੀ ਵਰਕਿੰਗ ਕਮੇਟੀ ਤੇ ਅਖਿਲ ਭਾਰਤੀ ਕਾਂਗਰਸ ਕਮੇਟੀ ਹੈ ਤਾਂ ਮੁਸਲਿਮ ਲੀਗ ਕੋਲ ਵੀ ਜ਼ਰੂਰ ਉਸ ਦੀ ਵਰਕਿੰਗ ਕਮੇਟੀ ਤੇ ਉਸ ਦੀ ਕੌਂਸਿਲ ਹੋਣੀ ਚਾਹੀਦੀ ਹੈ। ਕਾਂਗਰਸ ਦਾ ਇਜਲਾਸ ਹੋਵੇ ਤਾਂ ਮਗਰ ਹੀ ਮੁਸਲਿਮ ਲੀਗ ਦਾ ਵੀ ਜ਼ਰੂਰ ਹੋਵੇ। ਜੇ ਕਾਂਗਰਸ ਨੇ ਕੋਈ ਅਵੈਦਨ ਪੱਤਰ ਪੇਸ਼ ਕੀਤਾ, ਲੀਗ ਨੇ ਵੀ ਉਹ ਜ਼ਰੂਰ ਕਰਨਾ ਹੈ। ਜੇ ਕਾਂਗਰਸ ਨੇ 17,000 ਅਖਰੀ ਪ੍ਰਸਤਾਵ ਪੇਸ਼ ਕੀਤਾ ਤਾਂ ਮੁਸਲਿਮ ਲੀਗ ਦੇ ਪ੍ਰਤਾਵ ਵਿੱਚ ਘੱਟ ਤੋਂ ਘੱਟ 1,000 ਅੱਖਰ ਵੱਧ ਕਿਉਂ ਨਾ ਹੋਣ। ਜੇ ਕਾਂਗਰਸ ਪ੍ਰਧਾਨ ਨੇ ਪੱਤਰਕਾਰਾਂ ਦੀ ਕਾਨਫਰੰਸ ਬੁਲਾਈ, ਤਾਂ ਮੁਸਲਿਮ ਲੀਗ ਪ੍ਰਧਾਨ ਨੇ ਆਪਣੀ ਸਦਣੀ ਹੀ ਹੈ। ਜੇ ਕਾਂਗਰਸ ਨੇ ਯੁਨਾਇਟਿਡ ਨੇਸ਼ਨਜ਼ ਵਿੱਚ ਬਿਨੈ ਪੱਤਰ ਪੇਸ਼ ਕੀਤਾ ਤਾਂ ਮੁਸਲਿਮ ਲੀਗ ਆਪਣੇ ਆਪ ਨੂੰ ਬਾਹਰ ਰੱਖਣ ਲਈ ਮਜ਼ਬੂਰ ਕਿਉਂ ਹੋਵੇ ਤੇ ਉਹ ਵੀ ਉਵੇਂ ਕਿਉਂ ਨਾ ਕਰੇ। ਇਹ ਸਭ ਕਦੋਂ ਮੁਕੇਗਾ? ਕਦੋਂ ਇਨ੍ਹਾਂ ਦਾ ਰਲਣ ਤੇ ਸਮਝੌਤਾ ਹੋਵੇਗਾ? ਨੇੜੇ ਦੇ ਭਵਿਖ ਵਿੱਚ ਤਾਂ ਨਜ਼ਰ ਨਹੀਂ ਆਉਂਦਾ। ਇਹ ਕਦੇ ਮਿਲ ਹੀ ਨਹੀਂ ਸਕਦੇ, ਸਿਵਾਏ ਜਦੋਂ ਮੂਰਖਤਾਈ ਦੀ ਹੱਦ ਹੋ ਜਾਵੇ ਜਿਨਾਹ ਇਹੋ ਜ਼ੋਰ ਦਿੰਦੇ ਰਹੇ ਕਿ ਗਾਂਧੀ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਉਹ ਹਿੰਦੂ ਹਨ। ਗਾਂਧੀ ਇਸ ਤੇ ਜ਼ੋਰ ਦਿੰਦੇ ਰਹੇ ਕਿ ਜਿਨਾਹ ਮੰਨਣ ਕਿ ਉਹ ਮੁਸਲਮਾਨਾਂ ਦੇ ਨੇਤਾ ਹਨ। ਕਦੇ ਵੀ ਇਸ ਤਰ੍ਹਾਂ ਦਾ ਰਾਸ਼ਟਰੀਅਤਾ ਦਾ ਦਿਵਾਲਾ ਨਹੀਂ ਨਿਕਲਿਆ, ਜਿਹੋ ਜਿਹਾ ਇਨ੍ਹਾਂ ਦੋਵਾਂ ਨੇਤਾਵਾਂ ਨੇ ਕਢਾਇਆ।

ਇਹ ਤਾਂ ਲੰਬੀਆਂ ਤੇ ਗੁੰਝਲਦਾਰ ਤਕਰੀਰਾਂ ਦਿੰਦੇ ਰਹੇ, ਜਿਵੇਂ ਕਿ ਵਕੀਲ ਦਿੰਦੇ ਹਨ। ਜਿਨ੍ਹਾਂ ਦਾ ਕਿੱਤਾ ਹੀ ਇਹੋ ਹੈ ਕਿ ਉਹ ਹਰ ਗੱਲ ਤੇ ਰੌਲਾ ਪਾ ਲੈਣ, ਕੁਝ ਨਾ ਦੇਣ ਤੇ ਘੰਟਿਆਂ ਬਧੀ ਬੋਲੀ ਜਾਣ। ਇਨ੍ਹਾਂ ਦੋਵਾਂ ਵਿਚੋਂ ਕਿਸੇ ਨੂੰ ਵੀ ਕਿਸੇ ਕਿਸਮ ਦੀ ਕੋਈ ਸਲਾਹ ਦਿਓ ਜਿਸ ਨਾਲ ਇਹ ਚੁੱਪ ਸਾਦਕ ਹੋਣ ਤੇ ਫੈਸਲਾ ਹੋ ਸਕੇ, ਉਸਦਾ ਉੱਤਰ ਹਮੇਸ਼ਾਂ ਇਕੋ ਹੀ 'ਨਾਂਹ' ਵਿੱਚ ਹੋਵੇਗਾ। ਕੋਈ ਵੀ ਇਹ ਨਹੀਂ ਸੋਚ ਸਕਦਾ ਕਿ ਹਰ ਮੁਸ਼ਕਿਲ ਸਥਾਈ ਨਹੀਂ ਹੈ ਤੇ ਉਸਦਾ ਹੱਲ ਲਭਿਆ ਜਾ ਸਕਦਾ ਹੈ। ਇਨ੍ਹਾਂ ਦੋਵਾਂ ਵਿਚਾਲੇ ਭਾਰਤੀ ਰਾਜਨੀਤੀ ਇਕ ਦਮ ਜੰਮ ਗਈ ਹੈ। ਪ੍ਰਸਿਧ ਵਪਾਰੀ ਅਖਾਣ ਅਨੁਸਾਰ ਉਨ੍ਹਾਂ ਦੇ ਚਕਰ ਵਿੱਚ ਫਸ ਕੇ ਰਾਜਨੀਤੀ ਦਾ ਦਿਵਾਲਾ ਨਿਕਲ ਗਿਆ ਹੈ ਹੋਰ ਕੋਈ ਵੀ ਰਾਜਨੀਤਕ ਲੈਣ ਦੇਣ ਨਹੀ ਹੋ ਸਕਦਾ।

ਇਨ੍ਹਾਂ ਦੋਹਾਂ ਸਾਹਮਣੇ ਰਾਨਾਡੇ ਦੀ ਜਗ੍ਹਾ ਕਿਥੇ ਕੁ ਹੈ? ਮੇਰਾ ਕੋਈ ਇਸ ਬਾਰੇ ਨਿਜੀ ਵਿਚਾਰ ਨਹੀਂ ਹੈ, ਪਰ ਜੋ ਹੋ ਰਿਹਾ ਹੈ ਉਹ ਪੜ੍ਹ ਕੇ ਮੈਂ ਸੋਚਦਾ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਉਹ ਕਿਹੋ ਜਿਹੇ ਹੋਣਗੇ। ਉਨ੍ਹਾਂ ਵਿੱਚ ਕਿਸੇ ਕਿਸਮ ਦਾ ਵੀ ਹਉਮੈ ਦਾ ਅੰਸ਼ ਨਹੀਂ ਸੀ। ਉਨ੍ਹਾਂ ਦੀਆਂ ਲਿਆਕਤੀ ਉਪਲਭਧੀਆਂ ਸਦਕਾ ਉਨ੍ਹਾਂ ਨੂੰ ਆਪਣੇ ਆਪ ਤੇ ਮਾਣ ਕਰਨਾ ਜ਼ਾਇਜ਼ ਹੀ ਨਹੀਂ ਹੈ ਬਲਕਿ ਹੰਕਾਰ ਨੁਮਾ ਵੀ ਹੋ ਸਕਦਾ ਹੈ। ਪਰ ਉਹ ਤਾਂ ਬਹੁਤ ਹੀ ਸਰਲ ਤੇ ਸਜਣ ਸੁਭਾ ਦੇ ਸਨ। ਗੰਭੀਰ ਨੌਜਵਾਨ ਉਨ੍ਹਾਂ ਦੀ ਲਿਆਕਤ ਤੇ ਖੁਸ਼ ਸੁਭਾਅ ਉਤੇ ਕੀਲੇ ਜਾਂਦੇ। ਬਹੁਤੇ

ਆਪਣੇ ਆਪ ਨੂੰ ਪੂਰੀ ਤਰ੍ਹਾਂ ਉਨ੍ਹਾਂ ਦੇ ਅਧੀਨ ਕਰਕੇ, ਉਨ੍ਹਾਂ ਦੇ ਉਚ ਵਿਚਾਰਾਂ ਦੇ ਪ੍ਰਭਾਵ ਹੇਠ ਆ ਕੇ, ਆਪਣੇ ਕਲ ਦੇ ਜੀਵਨ ਨੂੰ ਉਨ੍ਹਾਂ ਦੇ ਹੀ ਸਾਂਚੇ ਵਿੱਚ ਪੂਰੀ ਸ਼ਰਧਾ ਤੇ ਲਗਨ ਨਾਲ ਢਾਲਣ ਵਿੱਚ ਲਗ ਜਾਂਦੇ, ਤੇ ਆਪਣੇ ਸਤਿਕਾਰਯੋਗ ਦੀ ਅਧੀਨਤਾ ਮੰਨ ਲੈਂਦੇ। ਬੇਵਕੂਫ਼ਾਂ ਤੋਂ ਮਿਲੀ ਤਾਰੀਫ਼ ਉਨ੍ਹਾਂ ਨੂੰ ਕੋਈ ਤਸੱਲੀ ਨਹੀਂ ਸੀ ਦੇ ਸਕਦੀ। ਉਨ੍ਹਾਂ ਨੂੰ ਕਦੇ ਕੋਈ ਡਰ ਨਹੀਂ ਭਾਇਆ। ਉਹ ਆਪਣੇ ਬਰਾਬਰ ਦਿਆਂ ਵਿੱਚ ਵਿਚਰਦੇ ਕਦੇ ਨਹੀਂ ਘਬਰਾਏ ਤੇ ਉਨ੍ਹਾਂ ਦੇ ਦੇਣ-ਲੈਣ ਦੇ ਸਹਿਯੋਗ ਵਿੱਚ ਕਦੇ ਅੜਿੱਕਾ ਨਹੀਂ ਬਣੇ। ਉਨ੍ਹਾਂ ਨੇ ਕਦੇ ਇਹ ਦਾਅਵਾ ਹੀ ਨਹੀਂ ਕੀਤਾ ਕਿ ਉਹ ਆਪਣੀ ਅੰਤਰ ਆਤਮਾ ਦੇ ਹੀ ਅਧੀਨ ਹੈ ਉਸੇ ਦੀ ਅਵਾਜ਼ ਸੁਣਦੇ ਹਨ। ਉਹ ਸਮਝਦਾਰ ਹੁੰਦੇ ਹੋਏ ਵੀ ਆਪਣੇ ਵਿਚਾਰਾਂ ਨੂੰ ਹਰ ਕਸੌਟੀ ਤੇ ਪਰਖਣ ਦਾ ਆਪਣੇ ਤਰਕ ਤੇ ਤਜਰਬੇ ਸਦਕਾ ਮੌਕਾ ਦਿੰਦੇ ਹਨ। ਉਨ੍ਹਾਂ ਦਾ ਵੱਡਪਣ ਕੁਦਰਤੀ ਸੀ। ਉਨ੍ਹਾਂ ਨੂੰ ਕਿਸੇ ਸਹਿਯੋਗ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਕਿਸੇ ਮੰਚ ਦੀ ਲੋੜ ਨਹੀਂ ਸੀ ਤੇ ਨਾ ਵਿਰੋਧ ਦਾ ਸਾਹਮਣਾ ਕਰਨ ਲਈ ਹਰਬਿਆਂ ਦੇ ਸਹਿਯੋਗ ਦੀ ਯਾ ਖਰੀਦੇ ਹੋਏ ਪੱਤਰਕਾਰਾਂ ਦੇ ਵਤੀਰਿਆਂ ਦੀ ਲੋੜ ਸੀ। ਜਿਵੇਂ ਕਿ ਮੈਂ ਦੱਸ ਚੁੱਕਾ ਹਾਂ ਕਿ ਰਾਨਾਡੇ ਅਧਿਆਤਮਕ ਪੱਖੋਂ ਸਮਾਜ ਸੁਧਾਰਕ ਸਨ। ਉਹ ਉਸ ਕਿਸਮ ਦੇ ਸਿਆਸਤਦਾਨ ਨਹੀਂ ਸਨ, ਜਿਸ ਤਰ੍ਹਾਂ ਦੇ ਰਾਜਨੀਤੀ ਨੂੰ ਵਪਾਰ ਬਣਾਉਣ ਵਾਲੇ ਕਰ ਲੈਂਦੇ ਹਨ। ਪਰ ਉਨ੍ਹਾਂ ਨੇ ਭਾਰਤ ਦੀ ਰਾਜਨੀਤੀ ਦੀ ਪ੍ਰਗਤੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਕਈ ਸਿਆਸਤਦਾਨਾਂ ਲਈ ਉਹ ਇਕ ਅਧਿਆਪਕਨੁਮਾ ਸਨ, ਜਿਨ੍ਹਾਂ ਵਿਚੋਂ ਇਕੱਲਿਆਂ ਹੀ ਕਾਮਯਾਬੀਆਂ ਪ੍ਰਾਪਤ ਕੀਤੀਆਂ ਕਿ ਉਨ੍ਹਾਂ ਦੇ ਆਲੋਚਕ ਵੀ ਉਨ੍ਹਾਂ ਦੀ ਤੀਬਰ ਬੁੱਧੀ ਵੇਖ ਕੇ ਚਕਾਚੌਂਧ ਹੋ ਗਏ। ਕਈਆਂ ਲਈ ਉਹ ਰਹਿਨੁਮਾ ਸਨ, ਪਰ ਬਾਕੀ ਸਾਰਿਆਂ ਲਈ ਉਹ ਦਾਰਸ਼ਨਿਕ ਹੀ ਸਮਝੇ ਜਾਂਦੇ ਤੇ ਉਹ ਹਰਕਤਾਂ ਵੀ ਇਵੇਂ ਹੀ ਕਰਦੇ ਸਨ।

ਰਾਨਾਡੇ ਦੀ ਰਾਜਨੀਤਕ ਦਾਰਸ਼ਨਿਕਤਾ ਕੀ ਸੀ? ਇਸ ਸਾਰੀ ਦਾ ਨਿਚੋੜ ਤਿੰਨ ਭਾਗਾਂ ਵਿੱਚ ਕੀਤਾ ਜਾ ਸਕਦਾ ਹੈ:

(1) ਸਾਨੂੰ ਆਪਣੀ ਆਤਮਿਕਤਾ ਹੱਦੋਂ ਵੱਧ ਨਹੀਂ ਲੈ ਜਾਣੀ ਚਾਹੀਦੀ ਕਿ ਉਹ ਮਹਿਜ਼ ਇਕ ਹਵਾਈ ਕਿਲੇ ਵਾਂਗ ਇਕ ਵਿਚਾਰ ਹੀ ਰਹਿ ਜਾਵੇ। ਕੋਈ ਵੀ ਆਤਮਿਕ ਸਿਧਾਂਤ ਇਹੋ ਜਿਹਾ ਹੀ ਹੋਣਾ ਚਾਹੀਦਾ ਹੈ ਜੋ ਆਪਣੇ ਲਈ ਇਕ ਵਚਨ-ਬੱਧਤਾ ਰਖਦਾ ਹੋਇਆ ਵਿਹਾਰਕ ਰੂਪ ਵੀ ਲੈ ਸਕਦਾ ਦਿਸੇ।

(2) ਸਿਆਸਤ ਵਿੱਚ ਬੰਦਿਆਂ ਦੀ ਭਾਵੁਕਤਾ ਤੇ ਵਿਚਾਰ ਉਸਦੀ ਲਿਆਕਤ ਤੇ ਸਿਧਾਂਤਾਂ ਤੋਂ ਉਪਰ ਉਠਦੇ ਹਨ। ਅਸਲੀਅਤ ਵਿੱਚ ਇਹੋ ਵਿਸ਼ੇ ਸੰਵਿਧਾਨ ਬਨਾਉਣ ਵਿੱਚ ਉਸਦੇ ਠੋਸ ਸਾਧਨ ਬਣਦੇ ਹਨ। ਸੰਵਿਧਾਨ ਦਾ ਪਸੰਦ ਨਾਲ ਉਨਾਂ ਹੀ ਡੂੰਘਾ ਸਬੰਧ ਹੈ ਜਿਨਾਂ ਕਿ ਪਸੰਦ ਦਾ ਕਪੜੇ ਪਾਉਣ ਲਈ ਹੁੰਦਾ ਹੈ। ਦੋਹਾਂ ਨੂੰ ਇਕ ਦੂਜੇ ਵਿਚ ਸਮਾਉਣਾ ਵੀ ਹੁੰਦਾ ਹੈ ਤੇ ਇਕ ਦੂਜੇ ਨੂੰ ਖੁਸ਼ ਵੀ ਕਰਨਾ ਹੁੰਦਾ ਹੈ।

(3) ਸਿਆਸਤ ਤੇ ਗਠਜੋੜ ਵਿੱਚ ਕਾਇਦੇ ਕਾਨੂੰਨ ਉਹੀ ਹੋਣੇ ਚਾਹੀਦੇ ਹਨ ਜਿਹੜੇ ਮੁਮਕਿਨ ਹੋਣ। ਇਸਦਾ ਇਹ ਮਤਲਬ ਨਹੀਂ ਕਿ ਅਸੀਂ ਉਸੇ ਤੇ ਸੰਤੁਸ਼ਟ ਹੋ ਜਾਈਏ ਜੋ ਸਾਨੂੰ ਮਿਲ ਜਾਵੇ। ਇਸ ਦਾ ਇਹ ਮਤਲਬ ਹੈ ਕਿ ਜੋ ਸਾਨੂੰ ਮਿਲੇ ਉਸ ਨੂੰ 'ਨਾਂਹ' ਨਾ ਕਰੀਏ, ਭਾਵੇਂ ਸਾਨੂੰ ਪਤਾ ਵੀ ਹੋਵੇ ਕਿ ਜੋ ਸਾਡੀ ਮੰਗ ਸੀ ਤੇ ਅਸੀਂ ਵਿਰੋਧੀਆਂ

ਨੂੰ ਵਧ ਲਈ ਮਜ਼ਬੂਰ ਕਰ ਰਹੇ ਸੀ, ਉਸ ਤੋਂ ਉਹ ਕਿਤੇ ਹੀ ਥੋੜ੍ਹਾ ਹੈ।

ਇਹੋ ਜਿਹੇ ਹੀ ਰਾਨਾਡੇ ਦੇ ਰਾਜਨੀਤਕ ਦਰਸ਼ਨ ਦੇ ਵਿਸ਼ੇਸ਼ ਵਿਚਾਰ ਹਨ। ਇਨ੍ਹਾਂ ਦਾ ਵਿਸਥਾਰ ਕਰਨਾ ਬਹੁਤ ਆਸਾਨ ਹੈ। ਇਹ ਉਨ੍ਹਾਂ ਦੀਆਂ ਲਿਖਤਾਂ ਤੇ ਤਕਰੀਰਾਂ ਵਿੱਚ ਮੌਜੂਦ ਹਨ। ਇਸ ਲਈ ਨਾ ਵਕਤ ਹੈ ਤੇ ਨਾ ਹੀ ਲੋੜ ਹੈ। ਇਹ ਹਰ ਉਸ ਵਿਦਿਆਰਥੀ ਦੀ ਸਮਝ ਦੇ ਅਨੁਕੂਲ ਹਨ ਜੋ ਰਾਨਾਡੇ ਦੀਆਂ ਤਕਰੀਰਾਂ ਤੇ ਲਿਖਤਾਂ ਵਿੱਚ ਦਿਲਚਸਪੀ ਲੈਂਦਾ ਹੈ। ਇਨ੍ਹਾਂ ਤਿੰਨਾਂ ਗੱਲਾਂ ਤੇ ਰਾਨਾਡੇ ਨਾਲ ਕੌਣ ਝਗੜਾ ਪਾ ਸਕਦਾ ਹੈ? ਜੇ ਹੋਵੇ ਤਾਂ ਕਿਹੜੇ ਤੇ। ਪਹਿਲੇ ਲਈ ਤਾਂ ਕੋਈ ਹਵਾਈ ਕਿਲੇ ਉਸਾਰਨ ਵਾਲਾ ਹੀ ਪੰਗਾ ਪਾਊਗਾ। ਉਸ ਵੱਲ ਤਾਂ ਧਿਆਨ ਦੇਣ ਦੀ ਕੋਈ ਲੋੜ ਹੀ ਨਹੀਂ। ਦੂਜੇ ਬਾਰੇ ਸਾਫ਼ ਹੈ ਕਿ ਕੋਈ ਅਣਗਹਿਲੀ ਨਹੀਂ ਵਿਖਾਈ ਜਾ ਸਕਦੀ ਤਾਂ ਜੋ ਕੋਈ ਸ਼ੱਕ ਹੀ ਪੈਦਾ ਨਾ ਹੋਵੇ। ਤੀਜੇ ਲਈ ਕੋਈ ਨਾ ਕੋਈ ਵਿਚਾਰਾਂ ਦੇ ਟਕਰਾਵਾਂ ਦੀ ਸੰਭਾਵਨਾ ਹੋ ਸਕਦੀ ਹੈ। ਇਹੋ ਤਾਂ ਮੁੱਦਾ ਸੀ ਜਿਸਨੇ ਲਿਬਰਲਜ਼ ਨੂੰ ਕਾਂਗਰਸੀਆਂ ਤੋਂ ਦੂਰ ਕਰ ਦਿਤਾ। ਮੈਂ ਕੋਈ ਦਾਨੀ ਨਹੀਂ ਹਾਂ। ਪਰ ਮੈਂ ਇਹ ਵਿਚਾਰ ਤਾਂ ਦੇ ਹੀ ਸਕਦਾ ਹਾਂ ਕਿ ਜੋ ਰਾਨਾਡੇ ਦੇ ਵਿਚਾਰ ਹਨ ਉਹ ਠੀਕ ਹਨ। ਸਿਧਾਂਤਕ ਰੂਪ ਰੇਖਾ ਤੇ ਕੋਈ ਸਮਝੌਤਾ ਨਹੀਂ ਹੁੰਦਾ ਤੇ ਹੋਣਾ ਵੀ ਨਹੀਂ ਚਾਹੀਦਾ। ਪਰ ਜਦੋਂ ਇਕ ਵਾਰ ਉਸਨੂੰ ਮੰਨ ਲਿਆ ਜਾਵੇ, ਇਸ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਭਾਵੇਂ ਉਹ ਛੋਟੇ ਛੋਟੇ ਹਿੱਸਿਆਂ ਵਿੱਚ ਵੀ ਅਪਣਾਇਆ ਜਾ ਸਕੇ। ਸਿਆਸਤ ਵਿੱਚ ਉਚ ਵਿਦਿਆ ਬਹੁਤ ਲਾਜ਼ਮੀ ਚੀਜ਼ ਹੈ ਤੇ ਜਦੋਂ ਸਿਧਾਂਤਕ ਢੰਗ ਮੰਨ ਲਿਆ ਜਾਵੇ ਤਾਂ ਇਸਦਾ ਕੋਈ ਨੁਕਸਾਨ ਨਹੀਂ ਹੋ ਸਕਦਾ ਤੇ ਕਈ ਹਾਲਤਾਂ ਵਿੱਚ ਉਸਦੇ ਕਈ ਫਾਇਦੇ ਹੋ ਜਾਂਦੇ ਹਨ। ਇਸ ਤੀਜੇ ਮੁੱਦੇ ਤੇ, ਉਨ੍ਹਾਂ ਤੇ ਤਿਲਕ ਵਿੱਚ ਕੋਈ ਵਿਸ਼ੇਸ਼ ਫਰਕ ਨਹੀਂ ਸੀ, ਸਿਵਾਏ ਇਸਦੇ ਕਿ ਤਿਲਕ ਉਨ੍ਹਾਂ ਨੂੰ ਵੱਧ ਤੋਂ ਵੱਧ ਵਧਾ ਕੇ ਬਹੁਤੀਆਂ ਕਾਇਦਗੀਆਂ ਮੰਨਵਾ ਲੈਂਦੇ: ਰਾਨਾਡੇ ਇਸ ਵੱਲ ਧਿਆਨ ਹੀ ਨਾ ਦਿੰਦੇ। ਇਹ ਵੀ ਬਹੁਤ ਹੈ। ਬਾਕੀ ਤੇ ਤਾਂ ਰਜ਼ਾਮੰਦੀ ਹੀ ਸੀ। ਕਿਸੇ ਵੀ ਤਰ੍ਹਾਂ ਕਾਇਦਗੀਆਂ ਦੀ ਗ਼ੈਰਹਾਜ਼ਰੀ ਰਾਨਾਡੇ ਦੇ ਸਿਆਸੀ ਫਲਸਫ਼ੇ ਨੂੰ ਆਪਣੀ ਕਦਰ ਤੋਂ ਨਹੀਂ ਘਟਾਉਂਦੀ। ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਮਨਜ਼ੂਰੀਆਂ ਸਾਨੂੰ ਮਿਲ ਹੀ ਜਾਂਦੀਆਂ ਹਨ। ਅਸੀਂ ਇਹ ਸਾਰੀਆਂ ਵਰਤਕੇ ਵੇਖ ਲਈਆਂ ਹਨ ਪੁਰਾਣੀਆਂ ਵੀ ਤੇ ਨਵੀਆਂ ਵੀ ਮੈਨੂੰ ਏਥੇ ਰੁਕ ਕੇ ਦਸਣ ਦੀ ਲੋੜ ਨਹੀਂ।

## 9

ਰਾਨਾਡੇ ਦਾ ਜਨਮ ਦਿਹਾੜਾ ਮਨਾਉਂਦਿਆਂ ਹੋਇਆਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਆਲੋਚਨਾ ਕਰਨ ਵਾਲੇ ਤੇ ਵਿਰੋਧੀ ਕੀ ਕਹਿਣਗੇ। ਆਲੋਚਨਾ ਕਰਨ ਵਾਲੇ ਪੁੱਛਣਗੇ ਕਿ ਰਾਨਾਡੇ ਦਾ ਜਨਮ ਦਿਨ ਮਨਾਉਣ ਦਾ ਕੀ ਮਕਸਦ ਹੈ? ਉਨ੍ਹਾਂ ਦੀ ਬਹਿਸ ਦਾ ਮੁੱਦਾ ਹੋਵੇਗਾ ਕਿ ਨਾਇਕ ਪੂਜਾ ਦੇ ਦਿਨ ਚਲੇ ਗਏ ਹਨ। ਵਿਰੋਧੀ ਕਹਿਣਗੇ ਕਿ ਜਦੋਂ ਮੂਰਤੀ ਪੂਜਾ ਦੇ ਪੱਖੋਂ ਸ੍ਰੀ ਗਾਂਧੀ ਯਾ ਸ੍ਰੀ ਜਿਨਾਹ ਦੇ ਹੱਕ ਵਿੱਚ ਨਹੀਂ ਤਾਂ ਮੈਂ ਰਾਨਾਡੇ ਨੂੰ ਕਿਉਂ ਮੂਰਤੀ ਪੂਜਣ ਵੱਲ ਲੈ ਜਾ ਰਿਹਾ ਹਾਂ? ਇਹ ਤਾਂ ਬੜੇ ਹੀ ਢੁਕਵੇਂ ਜਿਹੇ ਸਵਾਲ ਹਨ। ਸੱਚ ਵੀ ਹਨ। ਹੁਣ ਨਾਇਕ ਪੂਜਾ ਆਪਣੇ ਅੰਤ ਵੱਲ ਜਾ ਰਹੀ ਹੈ। ਇਸ ਵਿੱਚ ਤਾਂ ਕੋਈ ਸ਼ੱਕ ਹੀ ਨਹੀਂ। ਇਹ ਤਾਂ ਵੈਸੇ ਕਾਰਲੇ ਦੇ ਦਿਨਾਂ ਵਿੱਚ ਹੀ ਆਪਣੀ ਮੌਤ ਵਲ ਜਾ ਰਹੀ ਸੀ। ਉਸਨੇ ਆਪਣੇ ਵਕਤ ਦੇ ਹਾਲਾਤ ਦੇਖ ਕੇ ਬੜੇ ਢੁਕਵੇਂ ਢੰਗ ਨਾਲ ਗਿਲਾ ਕੀਤਾ ਸੀ। ਹੁਣ ਉਹ ਜ਼ਮਾਨਾ ਆ ਪਹੁੰਚਾ ਸੀ।

ਹੁਣ ਜ਼ਮਾਨਾ ਆ ਪਹੁੰਚਾ ਹੈ ਜਦੋਂ ਮਹਾਂਪੁਰਖਾਂ ਦੀ ਕੋਈ ਹੋਂਦ ਹੀ ਨਹੀਂ ਮੰਨੀ ਜਾਇਆ ਕਰੇਗੀ ਅਤੇ ਮਹਾਨ ਹਸਤੀਆਂ ਦੀ ਲੋੜ ਵੀ ਨਹੀਂ ਮਹਿਸੂਸ ਕੀਤੀ ਜਾਇਆ ਕਰੇਗੀ। ਸਾਡੇ ਆਲੋਚਕਾਂ ਨੂੰ ਕੋਈ ਵੱਡਾ ਮਹਾਂਪੁਰਸ਼ ਵਿਖਾਓ "ਉਨ੍ਹਾਂ ਬਾਰੇ ਹਿਸਾਬ-ਕਿਤਾਬ ਦਿਓ, ਉਨ੍ਹਾਂ ਦੀ ਪੂਜਾ ਨਾ ਕਰੋ, ਦਰਜ਼ੀ ਵਾਂਗ, ਉਸਦੀ ਗਿਣਤੀ-ਮਿਣਤੀ ਕਰੋ।"

ਪਰ ਭਾਰਤ ਵਿੱਚ ਤਾਂ ਨਾਇਕ ਪੂਜਾ ਖ਼ਤਮ ਨਹੀਂ ਹੋਈ। ਮੂਰਤੀ-ਪੂਜਾ ਵਿੱਚ ਤਾਂ ਅੱਜ ਵੀ ਪੂਰਨ ਨਿਪੁੰਨ ਹੈ। ਧਰਮ ਵਿੱਚ ਮੂਰਤੀ ਪੂਜਾ ਪ੍ਰਧਾਨ ਹੈ, ਸਿਆਸਤ ਵਿੱਚ ਮੂਰਤੀ ਪੂਜਾ ਹੈ। ਨਾਇਕ ਅਤੇ ਨਾਇਕ-ਪੂਜਾ ਬਦਕਿਸਮਤ ਭਾਰਤ ਦੀ ਰਾਜਨੀਤੀ ਦੀ ਬੜੀ ਕਠੋਰ ਸੱਚਾਈ ਹੈ। ਮੈਂ ਮੰਨਦਾ ਹਾਂ ਕਿ ਇਸ਼ਟ ਪੂਜਾ ਆਪਣੇ ਭਗਤ ਨੂੰ ਆਤਮਿਕ ਸ਼ਕਤੀ ਤੋਂ ਵੰਚਿਤ ਕਰਦੀ ਹੈ। ਇਹ ਦੇਸ਼ ਲਈ ਬਹੁਤ ਹੀ ਹਾਨੀਕਾਰਕ ਸਾਬਤ ਹੋਈ ਹੈ। ਮੈਂ ਉਸ ਕਿੰਤੂ ਦਾ ਜ਼ਰੂਰ ਸਵਾਗਤ ਕਰਾਂਗਾ ਜਿਹੜਾ ਮੈਨੂੰ ਸਾਵਧਾਨ ਕਰ ਸਕੇ। ਮੈਨੂੰ ਆਪਣੇ ਉਸ ਆਦਮੀ ਬਾਰੇ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ, ਜੋ ਐਡਾ ਵੱਡਾ ਹੈ ਕਿ ਉਸ ਦੀ ਪੂਜਾ ਕੀਤੀ ਜਾ ਸਕੇ। ਬਦਕਿਸਮਤੀ ਨੂੰ ਇਹ ਕੋਈ ਆਸਾਨ ਕੰਮ ਨਹੀਂ ਹੈ। ਅੱਜ ਜਦੋਂ ਪੱਤਰਕਾਰੀ ਹੱਥ ਵਿੱਚ ਹੋਵੇ ਤਾਂ ਵੱਡੇ ਬੰਦੇ ਘੜ ਲੈਣਾ ਬੜਾ ਹੀ ਆਸਾਨ ਹੋ ਗਿਆ ਹੈ। ਕਾਰਲਾਇਲ ਨੇ ਇਕ ਮਜ਼ਾਕੀਆ ਫਿਕਰਾ ਘੜਿਆ। ਜਦੋਂ ਉਸਨੇ ਇਤਿਹਾਸ ਦੇ ਵੱਡੇ ਬੰਦਿਆਂ ਦੀ ਤੁਲਨਾ ਬੈਂਕ ਦੇ ਨੋਟਾਂ ਨਾਲ ਕੀਤੀ, ਜਿਵੇਂ ਬੈਂਕ ਦੇ ਨੋਟ ਸੋਨੇ ਦੀ ਪ੍ਰਤੀਨਿਧਤਾ ਕਰਦੇ ਹਨ, ਤਾਂ ਇਹ ਕੁਝ ਇਸੇ ਤਰ੍ਹਾਂ ਦੀ ਇਕ ਗਲਤੀ ਵੀ ਹੈ। ਸਾਡਾ ਦੇਖਣ ਦਾ ਤਾਂ ਇਹੋ ਕੰਮ ਰਹਿ ਜਾਂਦਾ ਹੈ ਕਿ ਕਿਤੇ ਉਹ ਜਾਅਲੀ ਨੋਟ ਤਾਂ ਨਹੀਂ, ਮੈਂ ਇਹ ਮੰਨਦਾ ਹਾਂ ਕਿ ਸਾਨੂੰ ਆਪਣੇ ਮਹਾਨ ਪੁਰਖਾਂ ਦੀ ਪੂਜਾ ਕਰਦਿਆਂ ਹੋਰ ਵੀ ਸਿਆਣਪ ਤੇ ਸਾਵਧਾਨੀ ਵਰਤਣੀ ਚਾਹੀਦੀ ਹੈ। ਇਸ ਦੇਸ਼ ਵਿੱਚ ਹੁਣ ਸ਼ਾਇਦ ਅਸੀਂ ਉਸ ਥਾਂ ਤੇ ਆ ਕੇ ਖੜੇ ਹੋ ਗਏ ਹਾਂ ਜਿਥੇ ਸੂਚਨਾ-ਪੱਟੀ ਤੇ ਲਿਖਿਆ ਹੈ "ਜੇਬਕਤਰਿਆਂ ਤੋਂ ਬਚ ਕੇ ਰਹਿਣਾ।" ਸਾਨੂੰ ਤਾਂ ਉਹੋ ਜਿਹੀ ਸੂਚਨਾ-ਪੱਟੀ ਚਾਹੀਦੀ ਹੈ ਜੋ ਕਹਿ ਸਕੇ "ਵੱਡੇ ਆਦਮੀਆਂ ਤੋਂ ਬਚ ਕੇ ਰਹਿਣਾ।" ਨਾਇਕ ਪੂਜਾ ਦੇ ਸਮਰਥਕ ਕਾਰਲਾਇਲ ਨੇ ਵੀ ਆਪਣੇ ਪਾਠਕਾਂ ਨੂੰ ਚੇਤੰਨ ਹੋਕੇ ਕਿਹਾ ਸੀ: ਕਿ "ਆਦਮੀਆਂ ਦੀ ਵੱਡੀ ਗਿਣਤੀ, ਜੋ ਇਤਿਹਾਸ ਵਿੱਚ ਵੱਡੇ ਹੋਣ ਦਾ ਦਾਅਵਾ ਰੱਖਦੀ ਹੈ ਅਸਲ ਵਿੱਚ ਉਹ ਥੋਥੀ, ਝੂਠੀ ਤੇ ਮਤਲਬੀ ਹੀ ਸੀ।" ਉਨ੍ਹਾਂ ਨੇ ਡੂੰਘਾ ਦੁੱਖ ਪ੍ਰਗਟਾਂਦੇ ਹੋਏ ਕਿਹਾ ਹੈ, ਸੰਸਾਰ ਦੀਆਂ ਦਿਹਾੜੀਆਂ (ਸ਼ਰਧਾ) ਦੀ ਆਮਦਨ, ਜੋ ਅਖੌਤੀ ਵੱਡੇ ਲੋਕ ਹਨ, ਉਨ੍ਹਾਂ ਦੀਆਂ ਜੇਬਾਂ ਵਿੱਚ ਹੀ ਜਾਂਦੀ ਹੈ। ਦੁਨੀਆਂ ਦਾ ਕੰਮ ਤਾਂ ਨਹੀਂ ਰੁਕਦਾ। ਨਾਇਕ ਤਾਂ ਬਾਹਰ ਹੋ ਗਏ ਹਨ ਅਤੇ "ਨੀਮ ਹਕੀਮਾਂ ਨੇ ਇਨ੍ਹਾਂ ਦੀ ਥਾਂ ਮੱਲ ਲਈ ਹੈ।"

ਰਾਨਾਡੇ ਨੂੰ ਉਹ ਖਿਤਾਬ ਕਦੇ ਹਾਸਲ ਨਹੀਂ ਹੋਏ ਜਿਸ ਨਾਲ ਉਨ੍ਹਾਂ ਨੂੰ ਦੇਵ ਤੁੱਲ ਮਹਾਪੁਰਖ ਮੰਨਿਆ ਜਾ ਸਕਦਾ ਜਿਵੇਂ ਕਿ ਅੱਜ ਦੇ ਭਾਰਤ ਦੇ ਲੋਕਾਂ ਦੇ ਭਾਗਾਂ ਵਿੱਚ ਅਜਿਹਾ ਕੁਝ ਪ੍ਰਾਪਤ ਕਰਨਾ ਸੌਖਾ ਹੈ ਇਸ ਨੂੰ ਮਿਲਦਾ ਵੀ ਕਿਵੇਂ? ਉਨ੍ਹਾਂ ਪਾਸ ਸਿੱਧੇ ਤੌਰ ਤੇ ਕੋਈ ਈਸ਼ਵਰੀ ਸੰਦੇਸ਼ ਦੇਣ ਲਈ ਨਹੀਂ ਸੀ। ਉਨ੍ਹਾਂ ਨੇ ਕੋਈ ਚਮਤਕਾਰ ਨਹੀਂ ਕੀਤੇ, ਅਤੇ ਨਾ ਹੀ ਕੋਈ ਚਮਤਕਾਰ ਕਰਨ ਦਾ ਕੋਈ ਵਾਇਦਾ ਕੀਤਾ ਸੀ ਨਾ ਸਰਸਵਤੀ ਦੇ ਇਹ ਅਵਤਾਰ ਸਨ ਅਤੇ ਨਾ ਹੀ ਉਨ੍ਹਾਂ ਪਾਸ ਕੋਈ ਦੇਵ ਗੁਣ ਸਨ ਕੇਵਲ ਉਨ੍ਹਾਂ ਪਾਸ ਅਤਿ ਮਹਾਨ ਇਨਸਾਨੀ ਗੁਣ ਹੀ ਸਨ। ਪਰ ਇਨ੍ਹਾਂ ਘਾਟਾਂ ਨੂੰ ਉਨ੍ਹਾਂ ਨੇ ਆਪਣੇ ਗੁਣਾਂ ਨਾਲ ਪੂਰਾ ਕੀਤਾ। ਭਾਵੇਂ ਰਾਨਾਡੇ

ਨੇ ਕੋਈ ਵਿਸ਼ੇਸ਼ ਅਦਭੁੱਤੀ ਚਮਤਕਾਰ ਦੀ ਕੋਈ ਨੁਮਾਇਸ਼ ਨਹੀਂ ਲਾਈ, ਪਰ ਅਜਿਹਾ ਕੋਈ ਪੁੱਠਾ ਕੰਮ ਵੀ ਨਹੀਂ ਕੀਤਾ ਜਿਸ ਨਾਲ ਦੇਸ਼ ਜਾਂ ਮਾਨਵਤਾ ਦੀ ਇੱਜ਼ਤ ਘਟੀ ਹੋਵੇ। ਜੇ ਉਨ੍ਹਾਂ ਪਾਸ ਕੋਈ ਅਤਿ ਮਹਾਂਸ਼ਕਤੀ ਦੇ ਗੁਣ ਭਾਰਤ ਦੀ ਸੇਵਾ ਕਰਨ ਲਈ ਹੁੰਦੇ ਤਾਂ ਸਮਝੋ ਕਿ ਉਨ੍ਹਾਂ ਭਾਰਤ ਨੂੰ ਇਕ ਵੱਡੀ ਲਾਹਣਤ ਤੋਂ ਬਚਾ ਲਿਆ ਹੁੰਦਾ। ਜੇ ਉਹ ਦੇਵਗੁਣਾਂ ਦੇ ਮਾਲਕ ਨਹੀਂ ਸਨ ਤਾਂ ਉਨ੍ਹਾਂ ਐਸਾ ਵੀ ਕੋਈ ਦਿਖਾਵਾ ਨਹੀਂ ਕੀਤਾ, ਜਿਹੜਾ ਕਿਸੇ ਕਿਸਮ ਦੀ ਵਿਗੜੀ ਹੋਈ ਲਿਆਕਤ ਦਾ ਪ੍ਰਮਾਣ ਹੋਵੇ। ਉਸਨੇ ਆਪਣੇ ਮਨ ਦਾ ਅਜਿਹਾ ਕੋਈ ਨਿਕੰਮਾ ਵਰਤਾਰਾ ਨਹੀਂ ਦਿਖਾਇਆ, ਜਿਹੜਾ ਉਸ ਨੂੰ ਬੇਇਮਾਨ ਸਾਬਤ ਕਰਦਾ ਜਾਂ ਕਿਸੇ ਕਿਸਮ ਦੇ ਬੇਵਿਸ਼ਵਾਸੀ ਦੇ ਬੀਜ ਬੀਜ ਸਕਦਾ ਕਿਸੇ ਕਿਸਮ ਦੇ ਫੈਸਲੇ ਦੀ ਸਫਲਤਾ ਲਈ ਮੁਸ਼ਕਲ ਪੈਦਾ ਕਰਦਾ। ਉਨ੍ਹਾਂ ਵਿੱਚ ਕੁਝ ਵੀ ਤਾਂ ਆਪੇ ਤੋਂ ਬਾਹਰ ਜਾਣ ਵਾਲਾ ਅਤੇ ਫਜ਼ੂਲ ਖਰਚੀਲਾ ਪਨ ਨਹੀਂ ਸੀ। ਅਤਿਵਾਦੀ ਜਿਹੇ ਕੰਮ ਕਰਕੇ ਉਨ੍ਹਾਂ ਕਦੇ ਵੀ ਸਸਤੀ ਬਦਨਾਮ ਸ਼ੋਹਰਤ ਨਹੀਂ ਖੱਟੀ, ਬਲਕਿ ਕਈ ਵਾਰੀ ਸ਼ੋਹਰਤ ਤੋਂ ਸਾਫ਼ ਨਾਂਹ ਕਰ ਦਿੱਤੀ। ਉਨ੍ਹਾਂ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਵੀ ਨਾਂਹ ਹੀ ਕੀਤੀ, ਤੇ ਕਿਸੇ ਤਰ੍ਹਾਂ ਵੀ ਲੋਕਾਂ ਦੀਆਂ ਦੇਸ਼-ਭਗਤੀ ਦੀਆਂ ਪ੍ਰਵਿਰਤੀਆਂ ਨੂੰ ਉਲਝਾਉਣ ਦੀ ਕੋਸ਼ਸ਼ ਨਹੀਂ ਕੀਤੀ। ਉਨ੍ਹਾਂ ਇਸ ਗੱਲ ਤੋਂ ਗੁਰੇਜ਼ ਕੀਤਾ ਕਿ ਉਹ ਕਿਸੇ ਵੀ ਤਰ੍ਹਾਂ ਉਨ੍ਹਾਂ ਤਰੀਕਿਆਂ ਦੇ ਭਾਗੀਦਾਰ ਬਣਨ ਜਿਨ੍ਹਾਂ ਦਾ ਲੋਕਾਂ ਤੇ ਵਜ਼ਨ ਜ਼ਿਆਦਾ ਪੈਂਦਾ ਹੋਵੇ ਤੇ ਅਸਰ ਵੀ ਘੱਟ ਹੁੰਦਾ ਹੋਵੇ। ਉਸਨੇ ਅਜਿਹਾ ਕੋਈ ਕੰਮ ਨਹੀਂ ਕੀਤਾ ਜਿਹੜਾ ਨਾ ਪੂਰੀ ਤਰ੍ਹਾਂ ਲਾਭਕਾਰੀ ਹੋਵੇ, ਬੇਈਮਾਨੀ ਵਾਲਾ, ਕੁਰਾਹੇ ਪਾਊ ਤੇ ਰੋਕਵਾਲਾ ਹੋਵੇ। ਜਿਹੜਾ ਵੱਡੇ ਤੋਂ ਵੱਡੇ ਇਜ਼ਤਦਾਰ ਤੇ ਲਾਭਕਾਰੀ ਤੇ ਭਰੋਸੇਯੋਗ ਦੇਸ਼ ਸੇਵਕਾਂ ਦੀ ਕਮਰ ਨਾ ਤੋੜਦਾ ਹੋਵੇ। ਆਮ ਲੋਕਾਂ ਵਿੱਚ ਸ਼ੋਰ ਤਾਂ ਹੁੰਦਾ ਪਰ ਜ਼ੋਰ ਨਹੀਂ ਉਹ ਨਾ ਤਾਂ ਤਰੁੱਟੀਹੀਨ ਹੁੰਦੇ ਅਤੇ ਨਾ ਹੀ ਘਿਰਣਾ ਚਰਚਿਤ ਹੁੰਦੇ ਹਨ। ਕੁਲ ਮਿਲਾ ਕੇ ਰਾਨਾਡੇ ਜਹਾਜ਼ ਦੇ ਉਸ ਕਪਤਾਨ ਵਾਂਗੂ ਸੀ, ਜਿਸਨੂੰ ਪਤਾ ਸੀ ਕਿ ਉਸਦੀ ਜ਼ਿੰਮੇਵਾਰੀ ਕੀ ਹੈ ਅਤੇ ਉਹ ਜਾਣਦਾ ਸੀ ਕਿ ਜਹਾਜ਼ ਲਈ ਚਾਲਾਕੀ ਤੇ ਚਾਲਵਾਜ਼ੀਆਂ ਦੀ ਖੇਡ ਕੰਮ ਨਹੀਂ ਆਉਂਦੀ। ਉਹ ਸਮਝਦਾ ਹੈ ਕਿ ਜਹਾਜ਼ ਦਾ ਸਮੁੰਦਰ ਵਿਚਕਾਰ ਤਮਾਸ਼ਾ ਨਾ ਵੇਖਿਆ ਜਾਵੇ, ਬਲਕਿ ਇਸ ਜਹਾਜ਼ ਨੂੰ ਬਚਾ ਕੇ ਸਹੀ ਬੰਦਰਗਾਹ ਤੇ ਪਹੁੰਚਾ ਦੇਵੇ। ਥੋੜ੍ਹੇ ਲਫ਼ਜ਼ਾਂ ਵਿੱਚ ਇਹੋ ਹੈ ਕਿ ਰਾਨਾਡੇ ਬੈਂਕ ਦੇ ਇਕ ਜਾਅਲੀ ਨੋਟ ਨਹੀਂ ਸਨ ਤੇ ਜੇ ਉਨ੍ਹਾਂ ਦੀ ਪੂਜਾ ਹੋ ਰਹੀ ਹੈ ਤਾਂ ਇਹ ਕਿਸੇ ਗ਼ਲਤ ਆਦਮੀ ਅੱਗੇ ਗੋਡੇ ਟੇਕਣਾ ਨਹੀਂ ਹੈ।

ਦੂਜੀ ਗੱਲ ਇਹ ਕਿ ਰਾਨਾਡੇ ਦਾ ਜਨਮ ਦਿਨ ਮਨਾਉਣਾ ਕੋਈ ਐਸਾ ਕੰਮ ਨਹੀਂ, ਜਿਸਨੂੰ ਨਾਇਕ ਪੂਜਾ ਕਿਹਾ ਜਾ ਸਕੇ। ਨਾਇਕ ਪੂਜਾ ਇਕ ਤਰ੍ਹਾਂ ਨਾਲ ਉਹ ਚੀਜ਼ ਹੈ ਜੋ ਆਪਣੀ ਬੇ-ਹਿਸਾਬੀ ਸ਼ਰਧਾ ਕਿਸੇ ਪ੍ਰਤੀ ਪੇਸ਼ ਕਰ ਦੇਣੀ ਕਹਿਲਾਉਂਦੀ ਹੈ। ਆਪਣੇ ਨਾਇਕ ਨੂੰ ਪੂਰੀ ਤਰ੍ਹਾਂ ਮੰਨ ਲੈਣਾ ਹੋਰ ਗੱਲ ਹੈ ਤੇ ਨਾਇਕ ਪੂਜਾ ਹੋਰ। ਪਹਿਲੇ ਵਿੱਚ ਤਾਂ ਕੋਈ ਗ਼ਲਤੀ ਨਹੀਂ ਹੈ ਪਰ ਮਗਰਲੇ ਵਿੱਚ ਹਾਨੀਕਾਰਕ ਤੱਥ ਰਲੇ ਹਨ। ਪਹਿਲੇ ਵਿੱਚ ਸਿਰਫ਼ ਬੰਦੇ ਦੀ ਉਹ ਇੱਜ਼ਤ ਛੁਪੀ ਹੈ ਜੋ ਚੰਗੀ ਚੀਜ਼ ਲਈ ਹੋ ਸਕਦੀ ਹੈ। ਇਸ ਵਿੱਚ ਇਕ ਵੱਡਾ ਆਦਮੀ ਇਕ ਸਜੀ-ਮੂਰਤੀ ਵਾਂਗ ਹੁੰਦਾ ਹੈ। ਮਗਰਲੇ ਵਿੱਚ ਸ਼ੈਤਾਨ ਦੀ ਆਪਣੇ ਲਈ ਵਫ਼ਾਦਾਰੀ ਛੁਪੀ ਹੁੰਦੀ ਹੈ। ਪਹਿਲੇ ਵਿੱਚ ਇਜ਼ਤ ਦਾ ਲਗਾਤਾਰ ਬਹਾਉ ਹੈ ਪਰ ਮਗਰਲੇ ਵਿੰਚ ਗਿਰਾਵਟ ਦੇ ਨਿਸ਼ਾਨ ਪ੍ਰਤੱਖ ਹਨ।

ਪਹਿਲਾ ਆਪਣੀ ਲਿਆਕਤ ਤੇ ਜਿਸ ਵਿੱਚ ਇਨਸਾਨ ਅਕਲ ਨੂੰ ਗਹਿਣੇ ਨਹੀਂ ਪਾਉਂਦਾ। ਇਸ ਲਈ ਕਿ ਉਹ ਆਜ਼ਾਦੀ ਨਾਲ ਕੁਝ ਸੋਚ ਨਾ ਸਕੇ, ਕੁਝ ਕਰ ਨ ਸਕੇ। ਮਗਰਲਾ ਆਪਣੇ ਆਪਨੂੰ ਬੇਵਕੂਫ ਬਣਾਉਂਦਾ ਹੈ। ਪਹਿਲਾ ਗੱਲ ਨੂੰ ਤਬਾਹ ਕਰਨ ਤੇ ਨਹੀਂ ਤੁਲਿਆ ਰਹਿੰਦਾ ਮਗਰਲਾ ਸਦਾ ਹੀ ਖ਼ਤਰੇ ਦਾ ਸਹੀ ਕਾਰਨ ਬਣਿਆ ਰਹਿੰਦਾ ਹੈ। ਆਖਰ ਵਿੱਚ ਇਹੋ ਕਿਹਾ ਜਾ ਸਕਦਾ ਹੈ ਕਿ ਰਾਨਾਡੇ ਦੇ ਜਨਮ ਦਿਨ ਮਨਾਉਣ ਨੂੰ ਆਪਣੇ ਮਾਲਕ ਦੀ ਪੂਜਾ ਨਹੀਂ ਕਿਹਾ ਜਾ ਸਕਦਾ, ਜਿਸ ਨੂੰ ਕਿਸੇ ਚੁਣਿਆ ਨਹੀ? ਜਿਹੜਾ ਕਿਸੇ ਨੂੰ ਜਵਾਬ ਦੇਹ ਵੀ ਨਹੀਂ ਹੈ ਤੇ ਜਿਸਨੂੰ ਕੋਈ ਹਟਾ ਵੀ ਨਹੀਂ ਸਕਦਾ। ਇਹ ਤਾਂ ਆਪਣੇ ਨੇਤਾ ਨੂੰ ਸ਼ਰਧਾ ਤੇ ਸਤਿਕਾਰ ਦਾ ਪਵਿੱਤਰ ਸਰੂਪ ਹੈ, ਜਿਸਨੇ ਅੱਗੇ ਹੋ ਕੇ, ਤੇ ਲੋਕਾਂ ਨੂੰ ਖਿੱਚ ਕੇ ਸਹੀ ਨਾਲ ਲਾਇਆ, ਜਿਸਨੇ ਉਨ੍ਹਾਂ ਦੇ ਫੈਸਲਿਆਂ ਨੂੰ ਹੀ ਅਮਲੀ ਰੰਗ ਦਿੱਤਾ ਤੇ ਕਿਸੇ ਵੀ ਤਰ੍ਹਾਂ ਆਪਣੇ ਆਦੇਸ਼ਾਂ ਨੂੰ ਕਿਸੇ ਉਪਰ ਚਲਾਕੀਆਂ ਨਾਲ ਯਾ ਸਖ਼ਤੀ ਨਾਲ ਨਹੀਂ ਥੋਪਿਆ।

ਏਥੇ ਸਾਰੇ ਜੋ ਇਕੱਠੇ ਹੋਏ ਹਨ, ਉਹ ਨਾਇਕ ਪੂਜਾ ਲਈ ਇਕੱਠੇ ਨਹੀਂ ਹੋਏ। ਇਹ ਤਾਂ ਮੌਕਾ ਹੈ ਕਿ ਅਸੀਂ ਰਾਨਾਡੇ ਦੇ ਰਾਜਨੀਤਕ ਫਲਸਫ਼ੇ ਨੂੰ ਯਾਦ ਕਰੀਏ। ਮੇਰੀ ਸੋਚ ਮੁਤਾਬਿਕ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਇਸਨੂੰ ਵਕਤ-ਬ-ਵਕਤ ਯਾਦ ਕਰੀਏ। ਇਹ ਇਸ ਲਈ ਕਿ ਉਨ੍ਹਾਂ ਦਾ ਫਲਸਫ਼ਾ ਬੇਖਟਕ ਠੋਸ ਹੈ, ਯਕੀਨਨ ਹੈ ਭਾਵੇਂ ਹੌਲੀ ਤੋਰ ਤੁਰਨ ਵਾਲਾ ਹੈ। ਭਾਵੇਂ ਉਹ ਚਮਕਦਾ ਨਾ ਵੀ ਹੋਵੇ ਇਹ ਫੇਰ ਵੀ ਸੋਨੇ ਤੋਂ ਘੱਟ ਨਹੀਂ ਹੈ। ਕੀ ਇਸ ਵਿੱਚ ਕਿਸੇ ਨੂੰ ਸ਼ੱਕ ਹੈ? ਜੇ ਹੈ ਤਾਂ ਉਨ੍ਹਾਂ ਨੂੰ ਵਿਚਾਰਨ ਦਿਓ, ਉਹ ਤੁੱਕ ਜੋ ਬਿਸਮਾਰਕ, ਬਾਲਫੌਰ ਤੇ ਮੋਰਲੇ ਨੇ ਉਚਾਰੀਆਂ ਸਨ। ਉਨ੍ਹਾਂ ਨੂੰ ਯਾਦ ਕਰੋ। ਜੋ ਜਰਮਨ ਨੀਤੀਵਾਨ ਹੈ, ਨੇ ਕਿਹਾ ਸੀ: "ਰਾਜਨੀਤੀ ਸੰਭਵਤਾ ਦੀ ਖੇਡ ਹੈ।"

ਵਾਲਟਰ ਬਾਜੇਟ ਦੀ ਇੰਗਲੈਂਡ ਦੇ ਸੰਵਿਧਾਨ ਤੇ ਲਿਖੀ ਇਕ ਪ੍ਰਸਿੱਧ ਪੁਸਤੱਕ ਦੇ ਮੁੱਖਬੰਦ ਦੇ ਸ਼ਬਦਾਂ ਵਿੱਚ ਬਾਲਫੋਰ ਨੇ ਕਿਹਾ ਹੈ:-

"ਜੇ ਅਸੀਂ ਉਹ ਠੋਸ ਗਹਿਰਾਈ ਲੱਭਣੀ ਹੋਵੇ, ਜਿਸਦਾ ਇਕ ਲੰਮੇ ਸਮੇਂ ਤੋਂ ਚਲਦਾ ਆਪਣਾ ਹੀ ਤਰੀਕਾ ਹੈ, ਜਿਸਨੇ ਹੌਲੀ ਹੌਲੀ ਮੱਧਕਾਲੀ ਬਾਦਸ਼ਾਹਾਂ ਦੀ ਬਾਦਸ਼ਾਹੀ ਅੱਜ ਦੇ ਆਧੁਨਿਕ ਗਣਤੰਤ੍ਰ ਵਿਚ ਬਦਲੀ, ਜਿਸ ਢੰਗ ਤਰੀਕੇ ਨਾਲ ਇੰਨਾ ਕੁਝ ਬਦਲ ਗਿਆ ਤੇ ਨੁਕਸਾਨ ਬਹੁਤ ਥੋੜਾ ਹੋਇਆ ਹੈ, ਸਾਨੂੰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਅਵਾਮ ਦੀ ਲਿਆਕਤ ਤੇ ਉਨ੍ਹਾਂ ਦੇ ਸਿਧਾਂਤਾਂ ਨਾਲੋਂ ਵੱਧ ਉਨ੍ਹਾਂ ਦੇ ਵਿਚਾਰ, ਸੁਭਾਅ ਤੇ ਚਰਿੱਤਰ ਨੂੰ ਜਾਣੀਏ। ਇਹ ਇੱਕ ਠੋਸ ਸੱਚਾਈ ਹੈ ਜਿਹੜੀ ਉਨ੍ਹਾਂ ਲੋਕਾਂ ਨੂੰ ਆਪਣੇ ਫਾਇਦੇ ਲਈ ਸਮਝਣੀ ਚਾਹੀਦੀ ਹੈ ਜਿਨ੍ਹਾਂ ਨੇ ਪਰਾਏ ਦੇਸ਼ਾਂ ਵਿੱਚ ਸੌ ਫੀਸਦੀ ਪ੍ਰਵਾਨਗੀ ਦੀ ਸਿਫ਼ਾਰਿਸ਼ ਕੀਤੀ ਹੈ। ਇਹੋ ਜਿਹਾ ਤਜ਼ਰਬਾ ਆਪਣੇ ਨਾਲ ਖਤਰਿਆਂ ਦਾ ਸੁਨੇਹਾ ਵੀ ਰੱਖਦਾ ਹੈ। ਸੰਵਿਧਾਨ ਤਾਂ ਛੇਤੀ ਹੀ ਨਕਲ ਕੀਤੇ ਜਾ ਸਕਦੇ ਹਨ, ਸੁਭਾਅ ਨਹੀਂ। ਜੇ ਕਿਧਰੇ ਅਜਿਹਾ ਹੋ ਜਾਵੇ ਕਿ ਉਧਾਰ ਸੰਵਿਧਾਨ ਤੇ ਦੇਸੀ ਵਿਚਾਰ ਸੁਭਾਅ ਇੱਕ ਦੂਜੇ ਨਾਲ ਮੇਲ ਖਾਣੋਂ ਰਹਿ ਜਾਣ ਤਾਂ ਇਸ ਜੋੜ ਦੇ ਬਹੁਤ ਭਿਆਨਕ ਨਤੀਜੇ ਨਿਕਲਣਗੇ। ਇਸ ਗੱਲ ਦੀ ਕੋਈ ਜ਼ਿਆਦਾ ਅਹਿਮੀਅਤ ਨਹੀਂ ਕਿ ਲੋਕਾਂ ਕੋਲ ਕੋਈ ਜ਼ਿਆਦਾ ਗੁਣ ਹਨ ਜਾਂ ਜੇ ਉਨ੍ਹਾਂ ਪਾਸ ਗੁਣ ਹਨ ਤਾਂ ਦੇਖਣਾ ਇਹ ਹੈ ਕਿ ਉਨ੍ਹਾਂ ਦੀ ਘਾਟ ਨਹੀਂ। ਕਿਹੜੇ ਨੁਕਤੇ ਹਨ ਜਿਨ੍ਹਾਂ ਦੀ ਵਿਸ਼ੇਸ਼ਤਾ ਤੇ ਜ਼ੋਰ ਦਿੱਤਾ ਜਾਵੇ।

ਜਿਸ ਨਾਲ ਅਹਿਮੀਅਤ ਬਣ ਸਕੇ, ਮਿਸਾਲ ਵਜੋਂ, ਜੇ ਉਨ੍ਹਾਂ ਪਾਸ ਇਤਨਾ ਜਿਗਰਾ ਹੀ ਨਹੀਂ ਹੈ ਕਿ ਉਹ ਆਪਣੇ ਲਈ ਕਿਸੇ ਹੋਰ ਪ੍ਰਤਿ ਅਟੁੱਟ ਵਫ਼ਾਦਾਰੀ ਦੇ ਸਕਣ ਯਾ ਹੋਰ ਨੂੰ ਹਮਦਰਦੀ ਪ੍ਰਦਾਨ ਕਰ ਸਕਣ; ਜੇ ਉਨ੍ਹਾਂ ਦਾ ਕੁਦਰਤੀ ਝੁਕਾਅ ਹੀ ਨਹੀਂ ਕਿ ਉਹ ਆਜ਼ਾਦੀ ਵੱਲ ਖਿਚੇ ਜਾਣ ਯਾ ਉਨ੍ਹਾਂ ਵਿੱਚ ਕਾਨੂੰਨ ਲਈ ਕੁਦਰਤੋਂ ਹੀ ਇੱਜ਼ਤ ਨਹੀਂ ਹੈ, ਜੇ ਉਨ੍ਹਾਂ ਵਿੱਚ ਕੁਦਰਤੀ ਹਾਸਾ-ਮਜ਼ਾਕ ਦਾ ਗੁਣ ਨਹੀਂ ਭਰਿਆ ਹੋਇਆ ਜਾਂ ਕਿ ਉਹ ਗ਼ਲਤ, ਧੋਖੇਬਾਜ਼ੀ ਦੀ ਖੇਡ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਰਖਦੇ, ਜੇ ਉਨ੍ਹਾਂ ਵਿਚ ਮਾਦਾ ਹੀ ਨਹੀਂ ਕਿ ਉਹ ਸਮਝੌਤੇ ਦਾ ਰਾਹ ਖੁੱਲ੍ਹਾ ਰੱਖਣ ਯਾ ਉਸ ਨੂੰ ਸਮਝਣ ਦੀ ਲੋੜ ਮਹਿਸੂਸ ਕਰਨ ਜੇ ਉਨ੍ਹਾਂ ਪਾਸ ਅੰਤਮ ਫੈਸਲੇ ਲਈ ਕੁਝ ਛੜੱਪੇ ਮਾਰਨਾਂ ਲਿਖਿਆ ਹੋਇਆ ਹੈ ਕਿ ਰਾਨਾਡੇ ਭਾਰਤ ਦੀ ਆਜ਼ਾਦੀ ਦੇ ਵਿਰੁੱਧ ਸਨ। ਸੰਖੇਪ ਵਿੱਚ ਕਿਹਾ ਜਾਵੇ ਤਾਂ ਰਾਨਾਡੇ ਤੇ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਉਹ ਭਾਰਤ ਦੀ ਆਜ਼ਾਦੀ ਦੇ ਵਿਰੁੱਧ ਸਨ। ਇਹ ਇਲਜ਼ਾਮ ਰਾਨਾਡੇ ਵਲੋਂ ਉਚਾਰੇ ਇਨ੍ਹਾਂ ਬਿਆਨਾਂ ਤੇ ਆਧਾਰਤ ਹਨ:

"ਇਹ ਆਸਾਨੀ ਨਾਲ ਤਾਂ ਨਹੀਂ ਮੰਨਿਆ ਜਾ ਸਕਦਾ ਕਿ ਰੱਬ ਦੀ ਦਰਗਾਹ ਵਿਚੋਂ ਲੱਖਾਂ ਕਰੋੜਾਂ ਉਹ ਲੋਕ ਸਦੀਆਂ ਪਹਿਲਾਂ ਭਾਰਤ ਆਣ ਵਸੇ ਜੋ ਹਮੇਸ਼ਾਂ ਹੀ ਵਿਦੇਸ਼ੀ ਅਸਰਾਂ ਤੋਂ ਬਚੇ ਨਾ ਰਹਿ ਸਕੇ। ਅੱਜੇ ਤੱਕ ਇਹ ਵਿਚਾਰਧਾਰਾ ਨਹੀਂ ਬਣੀ ਕਿ ਉਨ੍ਹਾਂ ਦਾ ਅੰਤ ਆ ਗਿਆ ਹੈ। ਇਸ ਲਈ ਲੋਕਾਂ ਦਾ ਚਰਿਤ੍ਰ ਤੇ ਤਾਕਤ ਦੋਵੇਂ ਲੋੜੀਂਦੇ ਹਨ। ਪਰ ਇਨ੍ਹਾਂ ਲੋੜਾਂ ਵਲੋਂ ਤਾਂ ਭਾਰਤੀ ਕੌਮਾਂ ਸਦਾ ਹੀ ਵਾਂਝੀਆਂ ਰਹੀਆਂ ਹਨ। ਇਕ ਚੀਜ਼ ਤਾਂ ਸਾਡੇ ਲਈ ਪੱਕੀ ਹੈ ਕਿ 500 ਸਾਲ ਬਾਅਦ ਮੁਸਲਮਾਨੀ ਰਾਜ ਚਲਾ ਗਿਆ ਤੇ ਆਪਣੀ ਜਗ੍ਹਾ ਪੰਜਾਬ ਤੇ ਮੱਧ ਦੱਖਣ ਭਾਰਤ ਵਿੱਚ ਉਥੋਂ ਦੀਆਂ ਕੌਮਾਂ ਨੂੰ ਦੁਬਾਰਾ ਰਾਜ ਭਾਗ ਲਈ ਰਾਹ ਖੋਲ੍ਹ ਗਿਆ। ਇਨ੍ਹਾਂ ਦੀ ਬੁਨਿਆਦ ਦੇ ਆਧਾਰ ਉਸ ਪਹਿਲੇ ਰਾਜਾਂ ਵੇਲੇ ਦੇ ਅਫ਼ਸਰਾਂ ਨਾਲੋਂ ਚੰਗੇ ਅਤੇ ਤੱਕੜੇ ਸਨ, ਜਿਹੜੇ ਮੁਸਲਮਾਨਾਂ ਦੀਆਂ ਜਿੱਤਾਂ ਤੋਂ ਪਹਿਲਾਂ ਸਨ।"

ਹਿੰਦੂ ਤੇ ਮੁਸਲਮਾਨ ਦੋਹਾਂ ਵਿੱਚ ਬਹੁਤ ਖਾਮੀਆਂ ਹਨ, ਕਿਉਂਕਿ ਕਾਇਦੇ ਲਈ ਪਿਆਰ ਤੇ ਹਕੂਮਤ ਲਈ ਨਿਯਮ ਲੋੜੀਂਦੇ ਹਨ। ਦੋਹਾਂ ਵਿੱਚ ਕਮੀਆਂ ਹਨ। ਇਹ ਆਜ਼ਾਦੀ ਨੂੰ ਪਿਆਰ ਨਹੀਂ ਕਰਦੇ। ਇਹ ਅਜੋਕੀ ਨਾਗਰਿਕ ਜ਼ਿੰਦਗੀ ਲਈ, ਜ਼ਰੂਰੀ ਗੁਣਾਂ ਦੀ ਪਾਲਣ ਨਹੀਂ ਕਰਦੇ। ਮਸ਼ੀਨੀਕਰਨ ਲਈ ਲਗਨ ਦੀ ਵੀ ਉਨ੍ਹਾਂ ਵਿਚ ਘਾਟ ਹੈ। ਵਿਗਿਆਨ ਦਾ ਪਿਆਰ ਤੇ ਉਸਦੀ ਖੋਜ ਦੀ ਲਗਨ ਤੇ ਜ਼ੋਰਦਾਰ ਖੋਜਾਂ ਤੇ ਲੱਭਤਾਂ ਲਈ ਲਗਾਉ ਦੀ ਘਾਟ ਪ੍ਰਤੱਖ ਹੈ। ਆਪਣੀਆਂ ਮੁਸ਼ਕਲਾਂ ਨੂੰ ਹੱਲ ਕਰ ਸਕਣਾ ਵੀ ਇਨ੍ਹਾਂ ਦੇ ਬੱਸ ਦਾ ਰੋਗ ਨਹੀਂ ਹੈ। ਔਰਤਾਂ ਦੀ ਕਦਰ ਇਨ੍ਹਾਂ ਨੂੰ ਕਰਨੀ ਵੀ ਨਹੀਂ ਆਉਂਦੀ। ਨਾ ਪੁਰਾਣੇ ਹਿੰਦੂ ਤੇ ਨਾ ਹੀ ਪੁਰਾਣੇ ਮੁਸਲਮਾਨਾਂ ਦੀਆਂ ਸਭਿਆਤਾਵਾਂ ਅਜਿਹੀਆਂ ਸਨ ਜਿਨ੍ਹਾਂ ਵਿਚ ਇਨ੍ਹਾਂ ਗੁਣਾਂ ਦੀ ਸਿਖਲਾਈ ਇਸ ਢੰਗ ਨਾਲ ਕੀਤੀ ਜਾਂਦੀ ਜਿਨ੍ਹਾਂ ਦੀ ਸਹਾਇਤਾ ਨਾਲ ਭਾਰਤ ਦੀਆਂ ਜ਼ਾਤਾਂ ਨੂੰ ਪੱਛਮੀ ਯੂਰਪ ਦੀਆਂ ਜ਼ਾਤਾਂ ਦੇ ਪੱਧਰ ਤੱਕ ਲਿਆਂਦਾ ਜਾ ਸਕਦਾ। ਇਸ ਲਈ ਵਿਦਿਆ ਦੇ ਕੰਮਾਂ ਵਿੱਚ ਨਵੀਂ ਸੇਧ ਆਉਣੀ ਜ਼ਰੂਰੀ ਹੈ। ਜੋ ਕਿ ਪਿਛਲੀ ਇਕ ਸਦੀ ਤੋਂ ਲਗਾਤਾਰ ਚਲੀ ਆ ਰਹੀ ਹੈ। ਜਿਸ ਦੇ ਨਤੀਜੇ ਸਾਡੇ ਸਭ ਦੇ ਸਾਹਮਣੇ ਹਨ।

ਇਨ੍ਹਾਂ ਬਿਆਨਾਂ ਤੇ ਸਰਸਰੀ ਨਜ਼ਰ ਮਾਰਦਿਆਂ ਵੀ ਕਾਫ਼ੀ ਹੱਦ ਤੱਕ ਇਹੋ ਗਿਆਨ ਹੁੰਦਾ

ਹੈ ਕਿ ਇਹ ਇਲਜ਼ਾਮ ਗ਼ਲਤ ਪੜ੍ਹਨ ਕਰਕੇ ਨਹੀਂ ਗਲਤ ਸਮਝਣ ਕਰਕੇ ਲਗਾਏ ਜਾਂਦੇ ਹਨ। ਬਿਆਨ ਤਾਂ ਸਾਫ ਤੇ ਸਾਦੇ ਅਤੇ ਕਿਸੇ ਵੀ ਤਰ੍ਹਾਂ ਇਹ ਸਾਬਤ ਨਹੀਂ ਕਰਦੇ ਕਿ ਰਾਨਾਡੇ ਭਾਰਤ ਦੀ ਆਜ਼ਾਦੀ ਦੇ ਵਿਰੋਧੀ ਸਨ। ਇਸ ਕਰਕੇ ਇਹ ਇਲਜ਼ਾਮ ਬੇ-ਬੁਨਿਆਦ ਤੇ ਝੂਠਾ ਹੈ।

ਰਾਨਾਡੇ ਦੇ ਇਹ ਬਿਆਨ ਉਨ੍ਹਾਂ ਦੀ ਸਵੈਮਾਨ ਤੋਂ ਕਿਤੇ ਵੱਧ ਉਨ੍ਹਾਂ ਦੀ ਸਿਆਣਪ ਹੈ ਤੇ ਤਿਆਗ ਦੇ ਪ੍ਰਤੀਕ ਹਨ। ਇਨ੍ਹਾਂ ਬਿਆਨਾਂ ਰਾਹੀਂ ਰਾਨਾਡੇ ਕੀ ਦਰਸਾਉਣਾ ਚਾਹੁੰਦੇ ਸਨ? ਜਿਥੋਂ ਤੱਕ ਮੈਂ ਸਮਝਿਆ ਹਾਂ, ਮੇਰੀ ਸੋਚ ਵਿੱਚ ਰਾਨਾਡੇ ਦੋ ਚੀਜ਼ਾਂ ਕਹਿਣਾ ਚਾਹੁੰਦੇ ਸਨ। ਪਹਿਲੀ ਚੀਜ਼ ਜੋ ਉਹ ਸਮਝਾਉਣਾ ਚਾਹੁੰਦੇ ਸੀ ਉਹ ਇਹ ਸੀ ਕਿ ਅੰਗਰੇਜ਼ੀ ਰਾਜ ਨੇ ਭਾਰਤ ਨੂੰ ਵਕਤ ਦਿੱਤਾ, ਮੌਕਾ ਦਿੱਤਾ ਤਾਂ ਕਿ ਉਹ ਆਪਣੇ ਆਪ ਨੂੰ ਦੁਬਾਰਾ ਬਣਾ ਸਕੇ, ਦੁਬਾਰਾ ਸਵਾਰ ਸਕੇ ਤੇ ਆਪਣੇ ਵਿਗੜੇ ਆਰਥਿਕ ਤੇ ਸਮਾਜਕ ਢਾਂਚੇ ਦੀ ਮੁਰੰਮਤ ਕਰ ਸਕੇ। ਜਦੋਂ ਉਹ ਆਜ਼ਾਦ ਹੋ ਜਾਵੇ ਆਪਣੇ ਆਪ ਨੂੰ ਇਸ ਕਦਰ ਤਕੜਾ ਕਰ ਲਵੇ ਕਿ ਉਹ ਵਿਦੇਸ਼ੀ ਹਮਲਿਆਂ ਦਾ ਸਾਹਮਣਾ ਕਰਨ ਦੀ ਹਿੰਮਤ ਕਰ ਸਕੇ। ਦੂਜੀ ਚੀਜ਼ ਜਿਹੜੀ ਰਾਨਾਡੇ ਦੱਸਣੀ ਚਾਹੁੰਦੇ ਸਨ ਉਹ ਸੀ ਆਪਣੇ ਆਪ ਨੂੰ ਅੰਗਰੇਜ਼ੀ ਹਕੂਮਤ ਵਿੱਚੋਂ ਉਦੋਂ ਤੱਕ ਨਾ ਕੱਢਣਾ ਜਦੋਂ ਤੱਕ ਭਾਰਤ ਇੱਕ ਚੰਗਾ ਤਕੜਾ ਦੇਸ਼ ਨਾ ਬਣ ਜਾਵੇ। ਜਦੋਂ ਤੱਕ ਹਰ ਵਿਚਾਰ, ਸੋਚ ਅਤੇ ਸਭ ਕੁਝ ਨੂੰ ਮਜ਼ਬੂਤੀ ਨਾਲ ਇਕੋ ਥਾਂ ਤੇ ਨਹੀਂ ਲਿਆਂਦਾ ਜਾਂਦਾ, ਤਦ ਤੱਕ ਆਜ਼ਾਦੀ ਦੇ ਨਾਮ ਥੱਲੇ ਤੋੜ-ਫੋੜ ਅਤੇ ਜਹਾਲਤ ਹੀ ਲਭੇਗੀ।

ਇਹ ਸੱਚਾਈਆਂ ਅੱਜ ਵਿਸ਼ੇਸ਼ ਕਿਵੇਂ ਬਣ ਗਈਆਂ ਹਨ? ਲੋਕੀਂ ਇਹ ਸਮਝਦੇ ਨਹੀਂ ਕਿ ਸਮਾਜਕ, ਆਰਥਕ ਤੇ ਸਿਆਸੀ ਸੰਘਰਸ਼ਾਂ ਦੇ ਸਚਾਰੂ ਸਮਾਧਾਨ ਵਿੱਚ ਸੁਰੱਖਿਆ ਦੀ ਕਿੰਨੀ ਵੱਡੀ ਭੂਮਿਕਾ ਹੁੰਦੀ ਹੈ। ਜਿਹੜਾ ਸਮਾਜ ਪ੍ਰਗਤੀ ਕਰਨਾ ਚਾਹੁੰਦਾ ਹੈ, ਉਸ ਵਿੱਚ ਇਸ ਤਰ੍ਹਾਂ ਦੇ ਸੰਘਰਸ਼ ਹੋਇਆ ਹੀ ਕਰਦੇ ਹਨ। ਸਵਰਗੀ ਪ੍ਰੋਫੈਸਰ ਮੈਟਲੈਂਡ ਨੂੰ ਕਿਸੇ ਸਵਾਲ ਕੀਤਾ ਸੀ ਕਿ ਇਹ ਦੱਸਿਆ ਜਾਵੇ ਕਿ ਈਸਾਈ ਸੰਸਥਾਵਾਂ ਵਲਾਇਤ ਵਿੱਚ ਵਧੀਆਂ-ਫੁੱਲੀਆਂ ਸਨ ਪਰ ਉਹ ਯੂਰਪ ਵਿੱਚ ਜੜ੍ਹਾਂ ਕਿਉਂ ਨਹੀਂ ਫੜ ਸਕੀਆਂ ਇਸ ਦਾ ਕੀ ਕਾਰਣ ਹੈ। ਉਨ੍ਹਾਂ ਨੇ ਜਵਾਬ ਦਿੱਤਾ ਕਿ ਇਸੇ ਗੱਲ ਤੋਂ ਹਿਫ਼ਾਜ਼ਤ ਦੀ ਕਦਰ-ਕੀਮਤ ਦਾ ਪਤਾ ਲਗਦਾ ਹੈ। ਉਨ੍ਹਾਂ ਹੋਰ ਇਹ ਵੀ ਦੱਸਿਆ ਕਿ ਇਹ ਇੰਗਲਿਸ਼ ਚੈਨਲ ਦੇ ਕਾਰਣ ਕਰਕੇ ਹੈ। ਇਸ ਜਵਾਬ ਰਾਹੀਂ ਉਨ੍ਹਾਂ ਇਹੋ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਇੰਗਲਿਸ਼ ਚੈਨਲ ਨੇ ਇੰਗਲੈਂਡ ਨੂੰ ਵਿਦੇਸ਼ੀ ਹਮਲਿਆਂ ਤੋਂ ਬਚਾਈ ਰਖਿਆ ਤੇ ਉਸ ਨੂੰ ਵਕਤ ਦਿੱਤਾ ਕਿ ਉਹ ਆਪਣੇ ਸਿਆਸੀ ਢਾਂਚੇ ਨੂੰ ਠੀਕ ਕਰਦੀ ਰਹੇ ਤੇ ਉਹ ਬਚੀ ਰਹੀ ਤੇ ਲੋਕ ਆਪਣੇ ਬਾਦਸ਼ਾਹ ਦੇ ਖਿਲਾਫ਼ ਆਜ਼ਾਦੀ ਤੇ ਬਰਾਬਰੀ ਲਈ ਲੜਦੇ ਰਹਿਣ। ਇਹ ਬਾਦਸ਼ਾਹ ਲਈ ਵੀ ਬਚਾ ਦਾ ਸਾਧਨ ਸੀ। ਉਨ੍ਹਾਂ ਨੇ ਇਸ ਤਰ੍ਹਾਂ ਆਪਣੇ ਲੋਕਾਂ ਨੂੰ ਨਿਵਾਜੀ ਰੱਖਿਆ। ਸੁਰੱਖਿਆ ਦੇ ਇਸ ਮਹੱਤਵ ਤੇ ਇਬਰਾਹਿਮ ਲਿੰਕਨ ਨੇ ਵੀ ਜ਼ੋਰ ਦਿੱਤਾ ਸੀ। ਅਮਰੀਕੀ ਰਾਜਨੀਤਕ ਸੰਸਥਾਵਾਂ ਕਿਉਂ ਬਣੀਆਂ ਰਹੀਆਂ, ਇਸ ਕਾਰਣ ਨੂੰ ਸਮਝਾਉਂਦੇ ਹੋਏ ਲਿੰਕਨ ਨੇ ਕਿਹਾ ਸੀ: ਜੇ ਸਾਰੇ ਯੂਰਪ, ਏਸ਼ੀਆ ਤੇ ਅਫਰੀਕਾ ਦੀਆਂ ਸਾਰੀਆਂ ਫੌਜਾਂ ਇਕੱਠੀਆਂ ਹੋ ਜਾਣ ਅਤੇ ਨੈਪੋਲੀਅਨ ਬੋਨਾਪਾਰਟ ਇਨ੍ਹਾਂ ਦਾ ਕਮਾਂਡਰ ਹੋਵੇ, ਫਿਰ ਵੀ ਇੰਨੀ ਤਾਕਤ ਨਹੀਂ ਰੱਖਦੇ ਕਿ ਉਹੀਉ ਵਿਚੋਂ ਪਾਣੀ ਦੀ ਇੱਕ ਬੂੰਦ ਵੀ ਪੀ ਨਹੀਂ ਸਕਦੀਆਂ। ਹੋਰ ਇਹ ਕਿ ਹਜ਼ਾਰਾਂ ਸਾਲ ਦਾ ਸੰਘਰਸ਼ ਕਰਕੇ ਵੀ ਉਹ ਬਲਿਊ ਰਿਜ ਨੂੰ ਪਾਰ ਨਹੀਂ ਕਰ

ਸਕਦੀਆਂ। ਇਸੇ ਕਰਕੇ ਇੱਥੇ ਲਿੰਕਨ ਸੁਰੱਖਿਆ ਦੀ ਹੋਂਦ ਅਤੇ ਉਸਦੀ ਲੋੜ ਦੀ ਵਿਸ਼ੇਸ਼ਤਾ ਤੇ ਜ਼ੋਰ ਦੇ ਰਹੇ ਹਨ। ਇਸ ਨਾਲ ਸਮਾਜ ਦਾ ਬਿਹਤਰ ਢਾਂਚਾ ਉਸਾਰਦਾ ਹੈ। ਭਾਰਤ, ਇੰਗਲੈਂਡ ਯਾ ਅਮਰੀਕਾ ਵਾਂਗੂ ਸੁਰੱਖਿਆ ਵੱਲੋਂ ਸੁਰਖਰੂ ਦੇਸ਼ ਨਹੀਂ ਹੈ। ਇਹ ਤਾਂ ਖੁਲ੍ਹੀਆਂ ਸੜਕਾਂ ਉੱਤੇ ਖਿੰਡਿਆ ਦੇਸ਼ ਹੈ, ਤੇ ਸੜਕਾਂ ਹਨ ਆਉਣੇ-ਜਾਣੇ ਵੱਡੇ ਰਾਹ, ਜੋ ਧਰਤੀ, ਪੌਣ ਪਾਣੀ ਸਭ ਲਈ ਖੁਲ੍ਹੇ ਹਨ। ਜਦੋਂ ਉਸਦੀ ਕੋਈ ਸੁਰੱਖਿਆ ਨਹੀਂ ਹੈ, ਨਾ ਧਰਤੀ ਤੇ, ਨਾ ਹਵਾ ਵਿੱਚ ਤੇ ਨਾ ਹੀ ਸਮੁੰਦਰ ਵਿੱਚ ਤਾਂ ਫਿਰ ਜੇ ਕੋਈ ਹਿਫ਼ਾਜ਼ਤ ਹੀ ਨਹੀਂ ਹੈ, ਡਰ ਹੀ ਰਹਿੰਦਾ ਹੈ ਕਿ ਉਹ ਉਸ ਵੇਲੇ ਟੁੱਟ ਜਾਵੇਗਾ ਜਦੋਂ ਕਿਸੇ ਬਾਹਰੋਂ ਦੇਸ਼ ਨੇ ਇਸ ਤੇ ਹਮਲਾ ਕਰ ਦਿੱਤਾ ਤਾਂ ਉਹ ਟੁੱਟ ਜਾਏਗਾ। ਪਰ ਜੇ ਕਿਧਰੇ ਉਹ ਆਪਣੇ ਅੰਦਰਲੇ ਢਾਂਚੇ ਨੂੰ ਠੀਕ ਕਰਦਾ ਹੈ ਤਾਂ ਭਾਰਤ ਦੀ ਸੁਰੱਖਿਆ ਲਈ ਆਸ ਬਣ ਸਕਦੀ ਹੈ, ਜਦੋਂ ਤੱਕ ਭਾਰਤ ਆਪਣੇ ਆਪ ਨੂੰ ਠੀਕ ਰਾਹ ਤੇ ਨਹੀਂ ਲੈ ਆਉਂਦਾ ਤਦ ਤੱਕ ਉਸ ਲਈ ਬਰਤਾਨਵੀ ਸਾਮਰਾਜ ਇਕ ਐਸੀ ਖੁਸ਼ਕ ਬੰਦਰਗਾਹ ਹੈ (ਨਿਰਜਲ ਗੋਦੀ) ਹੈ। ਕੌਣ ਕਹਿ ਸਕਦਾ ਹੈ ਕਿ ਰਾਨਾਡੇ ਹੁਸ਼ਿਆਰ ਨਹੀਂ ਸਨ। ਜਦੋਂ ਉਨ੍ਹਾਂ ਆਪਣੇ ਦੇਸ਼ ਵਾਸੀਆਂ ਨੂੰ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਹ ਸੁਰੱਖਿਆ ਦੀ ਜ਼ਰੂਰਤ ਨੂੰ ਸਹੀ ਤਰ੍ਹਾਂ ਸਮਝ ਲੈਣ ਉਨ੍ਹਾਂ ਕਿਹਾ ਕਿ ਭਾਰਤ ਨੂੰ ਸੁਰੱਖਿਆ ਦੀ ਬੇਹੱਦ ਲੋੜ ਹੈ ਜੋ ਸਿਰਫ਼ ਬਰਤਾਨਵੀ ਸਰਕਾਰ ਹੀ ਦੇ ਸਕਦੀ ਹੈ। ਇੱਕ ਪ੍ਰਾਧੀਨ ਰਾਸ਼ਟਰ ਇਕ ਪ੍ਰਬਲ ਰਾਸ਼ਟਰ ਦੇ ਬੰਧਨ ਤੋਂ ਆਪਣੇ ਆਪ ਨੂੰ ਛੁਡਾਉਣ ਅਤੇ ਆਜ਼ਾਦ ਸਿੱਧ ਕਰਨ ਲਈ ਉਹ ਖੁਦ ਤਤਪਰ ਰਹਿੰਦਾ ਹੈ। ਪਰ ਉਹ ਖੁਦ ਉਸ ਤੇ ਆਜ਼ਾਦੀ ਦਾ ਕੀ ਪ੍ਰਭਾਵ ਪਾਏਗਾ ਉਸ ਬਾਰੇ ਸ਼ਾਂਤ ਮਨ ਤੇ ਉਹ ਕਦੇ ਕਦੇ ਹੀ ਵਿਚਾਰ ਕਰਦਾ ਹੈ। ਇਸ ਸਬੰਧ ਵਿੱਚ ਵਿਚਾਰ ਕਰਨਾ ਬਹੁਤ ਹੀ ਮਹੱਤਵਪੂਰਨ ਹੈ। ਪਰ ਇਹ ਅਨੁਭਵ ਨਹੀਂ ਕੀਤਾ ਜਾ ਸਕਦਾ ਕਿ ਪ੍ਰਾਧੀਨ ਰਾਸ਼ਟਰ ਨੂੰ ਪ੍ਰਬਲ ਰਾਸ਼ਟਰ ਦੇ ਨਾਲ ਬੰਨ੍ਹਣ ਵਾਲੇ ਬੰਧਨ ਪ੍ਰਬਲ ਰਾਸ਼ਟਰ ਦੇ ਮੁਕਾਬਲੇ ਤੇ ਪ੍ਰਾਧੀਨ ਰਾਸ਼ਟਰ ਲਈ ਜ਼ਿਆਦਾ ਲੋੜੀਂਦੇ ਹਨ। ਇਹ ਗੁਲਾਮ ਰਾਸ਼ਟਰ ਦੀਆਂ ਅੰਦਰਲੀਆਂ ਪ੍ਰਸਥਿਤੀਆਂ ਤੇ ਨਿਰਭਰ ਹੁੰਦਾ ਹੈ। ਗੁਲਾਮ ਰਾਸ਼ਟਰ ਇੱਕ ਅਖੰਡ ਰਾਸ਼ਟਰ ਹੋ ਸਕਦਾ ਹੈ। ਗੁਲਾਮ ਰਾਸ਼ਟਰ ਦੇ ਕਈ ਖੰਡ ਹੋ ਸਕਦੇ ਹਨ। ਇਹ ਖੰਡ ਅਜਿਹੇ ਵੀ ਹੋ ਸਕਦੇ ਹਨ ਜੋ ਕਦੇ ਵੀ ਇੱਕ ਜੁੱਟ ਨਾ ਹੋਣ ਪਰੰਤੂ ਜੇ ਉਨ੍ਹਾਂ ਨੂੰ ਲੰਮੇਂ ਸਮੇਂ ਤੱਕ ਇਕ ਸਾਥ ਰੱਖ ਦਿੱਤਾ ਜਾਵੇ ਤਾਂ ਉਹ ਇੱਕ ਜੁੱਟ ਹੋ ਜਾਣਗੇ। ਗੁਲਾਮ ਰਾਸ਼ਟਰ ਦੇ ਬੰਧਨ ਤੋੜਨ ਨਾਲ ਜੋ ਪ੍ਰਭਾਵ ਪਵੇਗਾ ਉਹ ਉਸ ਦੇ ਅੰਦਰੂਨੀ ਹਾਲਾਤ ਤੇ ਨਿਰਭਰ ਕਰੇਗਾ। ਗੁਲਾਮ ਰਾਸ਼ਟਰ ਸਮੁੱਚੇ ਰੂਪ ਵਿੱਚ ਇਕ ਇਕਾਈ ਹੈ, ਉਸ ਦੁਆਰਾ ਬੰਧਨ ਤੋੜਨ ਨਾਲ ਸਭ ਅੱਛਾ ਹੀ ਅੱਛਾ ਹੋ ਸਕਦਾ ਹੈ। ਜਿਸ ਪ੍ਰਾਧੀਨ ਰਾਸ਼ਟਰ ਦੇ ਖੰਡ ਕਦੇ ਇੱਕ ਜੁੱਟ ਨਹੀਂ ਹੋ ਸਕਦੇ, ਉਸ ਦੁਆਰਾ ਬੰਧਨ ਤੋੜਨ ਦਾ ਚੰਗਾ ਜਾਂ ਮੰਦਾ ਕਿਸੇ ਵੀ ਤਰ੍ਹਾਂ ਦਾ ਸਿੱਟਾ ਨਹੀਂ ਨਿਕਲ ਸਕਦਾ। ਇਹ ਇਸ ਗੱਲ ਤੇ ਨਿਰਭਰ ਕਰਦਾ ਹੈ। ਇਸ ਨੂੰ ਕਿਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਰਿਹਾ ਹੈ ਪਰੰਤੂ ਤੀਜੇ ਪ੍ਰਕਾਰ ਦੇ ਮਾਮਲੇ ਵਿੱਚ ਨਿਸ਼ਚਤ ਰੂਪ ਵਿੱਚ ਖ਼ਤਰਾ ਹੈ। ਏਥੇ ਏਕੀਕਰਨ ਜ਼ਰੂਰੀ ਅਤੇ ਸੰਭਵ ਹੈ। ਉਥੇ ਸਮੇਂ ਤੋਂ ਪਹਿਲਾਂ ਬੰਧਨ ਨੂੰ ਤੋੜਨ ਨਾਲ ਨਿਸ਼ਚਤ ਰੂਪ ਵਿੱਚ ਤਕਸੀਮ ਹੋਵੇਗੀ। ਉਹ ਇਕ ਬੇਅਰਥ ਕਾਰਜ ਹੋਵੇਗਾ ਇਹ ਇਕ ਦੂਜਾ ਖ਼ਤਰਾ ਹੈ। ਜਿਸ ਪ੍ਰਤੀ ਰਾਨਾਡੇ ਆਪਣੇ ਦੇਸ਼ ਵਾਸ਼ੀਆਂ ਨੂੰ ਸੁਚੇਤ ਕਰਨਾ ਚਾਹੁੰਦੇ ਸਨ।

ਰਾਨਾਡੇ ਨੇ ਚੇਤਾਵਨੀ ਦੇ ਕੇ ਅਕਲ ਦਾ ਕੰਮ ਨਹੀਂ ਕੀਤਾ? ਜੇ ਵਿਅਕਤੀ ਇਸ

ਚੇਤਾਵਨੀ ਦੀ ਜ਼ਰੂਰਤ ਤੇ ਸ਼ੱਕ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਚੀਨ ਵੱਲ ਦੇਖਣਾ ਚਾਹੀਦਾ ਹੈ। 30 ਸਾਲ ਪਹਿਲਾਂ ਚੀਨ ਵਿੱਚ ਇਨਕਲਾਬ ਆਇਆ ਸੀ। ਕੀ ਚੀਨ ਦੇ ਲੋਕ ਉਖੜ ਗਏ ਹਨ? ਜੀ ਨਹੀਂ। ਲੋਕ ਅਜੇ ਤੱਕ ਪੁੱਛ ਰਹੇ ਹਨ ਕਿ ਚੀਨੀ ਇਨਕਲਾਬ ਦਾ ਚੱਕਰ ਕਦੋਂ ਮੁੱਕੇਗਾ? ਜੋ ਵਿਅਕਤੀ ਚੀਨ ਦੇ ਹਾਲਾਤ ਨੂੰ ਜਾਣਦੇ ਹਨ ਉਹ ਸਿਰਫ਼ ਇਹੀ ਕਹਿ ਸਕਦੇ ਹਨ ਕਿ "ਸ਼ਾਇਦ 100 ਸਾਲਾਂ ਤੱਕ"। ਕੀ ਚੀਨ ਨੂੰ ਸਥਾਈ ਸਰਕਾਰ ਲੱਭੀ, ਜਿਹੜੀ ਚੀਨੀਆਂ ਲਈ ਹੀ ਵਫ਼ਾਦਾਰ ਹੋਵੇ? ਇਸ ਤੋਂ ਤਾਂ ਉਹ ਕਾਫ਼ੀ ਪਰੇ ਹਨ। ਜੇ ਸੱਚ ਹੀ ਕਿਹਾ ਜਾਵੇ ਤਾਂ ਚੀਨ ਬਗਾਵਤ ਤੋਂ ਬਾਅਦ, ਇਹੋ ਕਿਹਾ ਜਾ ਸਕਦਾ ਹੈ ਕਿ, ਚੀਨ ਵਿੱਚ ਆਪਸੀ ਫੁੱਟ ਹੈ। ਅਸ਼ਾਂਤੀ ਹੈ ਤੇ ਇਹ ਉਸ ਹੱਦ ਤੋਂ ਵੀ ਕਿਤੇ ਵੱਧ ਹੋ ਗਈ ਹੈ ਜੋ ਕਦੇ ਚੀਨ ਵਿੱਚ ਰਹੀ ਹੋਵੇਗੀ। ਬਗਾਵਤਾਂ ਤਾਂ ਘਸਮਾਣ ਹੀ ਪਾਉਂਦੀਆਂ ਹਨ ਤੇ ਇਸ ਕਦਰ ਵਿਸ਼ਾਲ ਤੇ ਦੁਖਦਾਈ ਹਨ ਕਿ ਆਜ਼ਾਦੀ ਦਾ ਹੀ ਸਵਾਲ ਬੜਾ ਵੱਡਾ ਬਣ ਕੇ ਸਾਹਮਣੇ ਖੜ੍ਹਾ ਹੋ ਜਾਂਦਾ ਹੈ। ਕੁੱਝ ਕੁ ਭਾਰਤੀਆਂ ਨੂੰ ਵੀ ਪਤਾ ਹੋਵੇਗਾ ਕਿ ਇਹੋ ਜਿਹੇ ਹਾਲਾਤ ਵਿੱਚ ਜੋ ਬਗਾਵਤ ਤੋਂ ਬਾਅਦ ਪੈਦਾ ਹੋਏ ਚੀਨ ਦੀ ਆਜ਼ਾਦੀ ਕਿਵੇਂ ਬਰਕਰਾਰ ਰਹਿ ਸਕੀ, ਉਹ ਵੀ ਇਸ ਦੇ ਇਤਨੇ ਅਣਗਿਣਤ ਦੁਸ਼ਮਣਾਂ ਦੇ ਬਾਵਜੂਦ ਕਿ ਉਹ ਫ਼ੈਸਲਾ ਹੀ ਨਹੀਂ ਕਰ ਸਕੇ ਕਿ ਉਨ੍ਹਾਂ ਵਿਚੋਂ ਕਿਹੜਾ ਉਸਨੂੰ ਦਬੋਚੇ। ਚੀਨ ਦਾ ਵਿਦਰੋਹ ਇੱਕ ਬੜੀ ਵੱਡੀ ਗ਼ਲਤੀ ਸੀ। ਇਹੀ ਵਿਚਾਰ ਸੀਹ-ਕਾਈ ਦੇ ਸਨ। ਉਸਨੇ ਕਿਹਾ ਸੀ-

"ਮੈਨੂੰ ਸ਼ੱਕ ਹੈ ਕਿ ਚੀਨ ਦੇ ਲੋਕ ਇਸ ਵੇਲੇ ਗਣਤੰਤਰ ਲਈ ਤਿਆਰ ਵੀ ਹਨ ਯਾ ਨਹੀਂ" ਕੀ ਅੱਜ ਦੇ ਹਾਲਾਤ ਵਿੱਚ ਗਣਤੰਤਰ ਨੂੰ ਚੀਨ ਦੇ ਲੋਕ ਅਪਨਾ ਸਕਣਗੇ? ਇਹ ਵੀ ਸੁਪਨਾ ਹੈ ਕਿ ਆਪਣੇ ਹਾਲਾਤ ਬਹਾਲ ਕਰੇਗਾ ਤੇ ਸਥਿਰਤਾ ਵੀ ਬਹੁਤ ਜਲਦੀ ਆਵੇਗੀ। ਉਸਦਾ ਅੰਤ ਕਿਸੇ ਤਰ੍ਹਾਂ ਦੀ ਵੀ ਅਪਣਾਈ ਸਰਕਾਰ ਵੱਲੋਂ ਕੀਤਾ ਜਾ ਸਕੇਗਾ। ਭਾਵੇਂ ਉਹ ਲੋਕਾਂ ਦੀ ਦੈਵ ਤਾਕਤ ਤੋਂ ਨਾ ਉਪਜਿਆ ਹੋਵੇ ਤੇ ਅੱਜ ਦੇ ਚੀਨ ਦੇ ਹਾਲਾਤ ਉਸਨੂੰ ਗਵਾਰਾ ਨਾ ਕਰਦੇ ਹੋਣ। ਮੇਰਾ ਇਕੋ ਇਕ ਮੁੱਦਾ ਅੱਜ ਦੀ ਸਰਕਾਰ ਨੂੰ ਕਾਇਮ ਰੱਖਣ ਦਾ ਇਹੋ ਹੈ ਕਿ ਮੈਂ ਵਰਤਮਾਨ ਬਾਦਸ਼ਾਹਤ ਵਿੱਚ ਯਕੀਨ ਰੱਖਦਾ ਹਾਂ ਤੇ ਜੇ ਅਸੀਂ ਇਸ ਤਰ੍ਹਾਂ ਦੀ ਸਰਕਾਰ ਥਾਪ ਸਕੀਏ, ਤਾਂ ਇਹੋ ਜਿਹਾ ਹੋਰ ਕੋਈ ਇਕ ਆਦਮੀ ਵੀ ਨਹੀਂ ਹੋਵੇਗਾ ਜੋ ਇਸ ਦੀ ਥਾਂ ਲੈ ਸਕੇਗਾ, ਮੇਰਾ ਇਕੋ ਹੀ ਮਕਸਦ ਹੈ ਕਿ ਮੈਂ ਚੀਨ ਨੂੰ ਟੁੱਟਣ ਤੋਂ ਬਚਾ ਸਕਾਂ ਤੇਂ ਨਾਲ ਬਚਾ ਸਕਾਂ ਇਸ ਨੂੰ ਉਨ੍ਹਾਂ ਹਾਲਾਤ ਤੋਂ, ਜਿਹੜੇ ਇਸ ਦੇ ਸਿੱਟੇ ਵਜੋਂ ਸਨਮੁੱਖ ਆਉਣਗੇ। ਜਿਹੜੇ ਲੋਕ ਇਹ ਸੋਚਦੇ ਹਨ ਕਿ ਚੀਨ ਦੀ ਸਥਿਤੀ ਭਾਰਤ ਲਈ ਉਦਾਹਰਣ ਨਹੀਂ ਬਲਕਿ, ਇਕ ਚੇਤਾਵਨੀ ਦੇ ਬਰਾਬਰ ਹੋਣੀ ਚਾਹੀਦੀ ਹੈ, ਉਹ ਰਾਨਾਡੇ ਤੇ ਭਾਰਤ ਦੀ ਆਜ਼ਾਦੀ ਦਾ ਵਿਰੋਧ ਕਰਨ ਲਈ ਦੋਸ਼ ਲਾਉਣ ਦੀ ਥਾਂ ਇਸ ਗੱਲ ਤੇ ਪ੍ਰਸੰਨ ਹੋਣਗੇ ਕਿ ਰਾਨਾਡੇ ਪਾਸ ਵਕਤ ਤੋਂ ਪਹਿਲੇ ਹੋਣ ਵਾਲੀ ਕਮੇਟੀ ਦੀਆਂ ਬੁਰਾਈਆਂ ਦਾ ਪੂਰਵ-ਅਨੁਮਾਨ ਕਰਨ ਅਤੇ ਉਸੇ ਤਰ੍ਹਾਂ ਦੇ ਕਦਮ ਨਾ ਉਠਾਉਣ ਲਈ ਆਪਣੇ ਦੇਸ਼ ਵਾਸੀਆਂ ਨੂੰ ਚੇਤਾਵਨੀ ਦੇਣ ਦੀ ਸੂਝ ਸੀ।

## 10

ਭਾਵੀ ਪੀੜ੍ਹੀਆਂ, ਮਹਾਂਪੁਰਸ਼ਾਂ ਦੇ ਅੰਤਮ ਬਚਨਾਂ ਅਤੇ ਅੰਤਮ ਪਛਤਾਵਿਆਂ ਵਿੱਚ ਹਮੇਸ਼ਾਂ ਰੁੱਚੀ ਲੈਂਦੀਆਂ ਹਨ। ਮਹਾਨ ਪੁਰਖਾਂ ਦੇ ਅੰਤਮ ਬਚਨ ਇਸ ਲੋਕ ਬਾਰੇ ਉਨ੍ਹਾਂ ਦੇ ਅਨੁਭਵ

ਅਤੇ ਪ੍ਰਲੋਕ ਸਬੰਧੀ ਉਨ੍ਹਾਂ ਦੇ ਤਜ਼ਰਬਿਆਂ ਦੇ ਪ੍ਰਸੰਗ ਵਿੱਚ ਹਮੇਸ਼ਾਂ ਮਹੱਤਵਪੂਰਣ ਨਹੀਂ ਹੁੰਦੇ। ਉਦਾਹਰਣ ਵੱਜੋਂ ਸੁਕਰਾਤ ਦੇ ਅੰਤਮ ਵਿਚਾਰ ਇਹ ਸਨ ਕਿ ਉਨ੍ਹਾਂ ਨੇ ਕ੍ਰੀਟੋ ਨੂੰ ਬੁਲਾਕੇ ਇਹ ਕਿਹਾ "ਅਸੀਂ ਐਥਕਿਉਲਿਪੀਅਸ ਨੂੰ ਇਕ ਮੁਰਗੇ ਦੇ ਦੇਣਦਾਰ ਹਾਂ ਉਸ ਦਾ ਕਰਜ਼ਾ ਚੁਕਾਉਣਾ ਅਤੇ ਉਸਨੂੰ ਕਿਸੇ ਵੀ ਹਾਲਤ ਵਿੱਚ ਨਹੀਂ ਭੁਲਾਉਣਾ", ਪਰੰਤੂ ਮਹਾਨ ਪੁਰਖਾਂ ਦੇ ਅੰਤਮ ਪਛਤਾਵੇ ਹਮੇਸ਼ਾਂ ਮਹੱਤਵਪੂਰਣ ਹੁੰਦੇ ਹਨ ਅਤੇ ਉਹ ਮੰਨਣਯੋਗ ਹੁੰਦੇ ਹਨ। ਨੈਪੋਲੀਅਨ ਦੀ ਮਨੋਦਸ਼ਾਂ ਨੂੰ ਹੀ ਲੈ ਲਓ ਸੈਂਟਹੈਲੀਨਾ ਵਿੱਚ ਆਪਣੀ ਮੌਤ ਤੋਂ ਪਹਿਲਾਂ ਨੈਪੋਲੀਅਨ ਨੇ ਤਿੰਨ ਮਹੱਤਵਪੂਰਣ ਮੁੱਦਰਾਂ ਬਾਰੇ ਆਪਣੀ ਬੇਚੈਨੀ ਦਰਸਾਈ ਜੋ ਅਖ਼ੀਰ ਵਿੱਚ ਉਸ ਦਾ ਪਛਤਾਵਾ ਬਣੀ। ਉਹ ਇਸ ਪ੍ਰਕਾਰ ਸਨ:-

ਉਹ ਆਪਣੇ ਜੀਵਨ ਦੀ ਸਰਵਉੱਚ ਘੜੀ ਵਿੱਚ ਆਪਣੇ ਪ੍ਰਾਣ ਨਹੀਂ ਛੱਡ ਸਕਿਆ। ਉਸਨੇ ਬਿਸਤਰ ਛੌਡਿਆ, ਆਪਣੀ ਪੂਰਵ-ਦਿਸ਼ਾ ਵਿੱਚ ਵਿਜੇ ਪ੍ਰਾਪਤ ਕਰਨ ਦੀ ਮਹਤਤਾ ਦਾ ਤਿਆਗ ਕੀਤਾ। ਉਸ ਦਾ ਅੰਤਮ ਪਛਤਾਵਾ ਜੋ ਕਿਸੇ ਵੀ ਪੱਖੋਂ ਕਿਸੇ ਤੋਂ ਘੱਟ ਨਹੀਂ ਸੀ। ਉਹ ਸੀ ਵਾਟਰਲੂ ਵਿੱਚ ਉਸਦੀ ਹਾਰ। ਕੀ ਰਾਨਾਡੇ ਦੇ ਮਨ ਵਿੱਚ ਕੋਈ ਪਛਤਾਵਾ ਸੀ ਤਾਂ ਉਹ ਇਸ ਤਰ੍ਹਾਂ ਦੇ ਪਛਤਾਵੇ ਨਹੀਂ ਸਨ ਜਿਨ੍ਹਾਂ ਨੇ ਨੈਪੋਲੀਅਨ ਦੇ ਮਨ ਦਾ ਚੈਨ ਭੰਗ ਕਰ ਦਿੱਤਾ ਸੀ। ਰਾਨਾਡੇ ਸੇਵਾ ਲਈ ਜ਼ਿੰਦਾ ਰਹੇ ਨਾ ਕਿ ਪ੍ਰਸ਼ੰਸਾ ਲਈ। ਉਨ੍ਹਾਂ ਲਈ ਇਸ ਗੱਲ ਦਾ ਬਹੁਤ ਘੱਟ ਮਹੱਤਵ ਸੀ ਕਿ ਉਨ੍ਹਾਂ ਦੀ ਮੌਤ ਉਨ੍ਹਾਂ ਦੀ ਇੱਛਾ ਅਨੁਕੂਲ ਅਤੇ ਗੌਰਵਸ਼ਾਲੀ ਛਿੰਨਾ ਵਿੱਚ ਹੋਵੇ ਜਾਂ ਫਿਰ ਇਕ ਨਾ ਇਕ ਦੇ ਰੂਪ ਵਿੱਚ ਮਰੇ। ਇਕ ਵਿਜੇਤਾ ਜਾਂ ਸੁਆਮੀ ਦੇ ਰੂਪ ਵਿੱਚ ਮਰੇ ਜਾਂ ਫਿਰ ਇਕ ਸਾਧਾਰਣ ਵਿਅਕਤੀ ਵਾਂਗ ਮਾਮੂਲੀ ਸਰਦੀ ਜ਼ੁਕਾਮ ਨਾਲ ਮਰੇ। ਅਸਲ ਵਿੱਚ ਰਾਨਾਡੇ ਨੂੰ ਕੋਈ ਪਛਤਾਵਾ ਨਹੀਂ ਸੀ। ਉਨ੍ਹਾਂ ਦੀਆਂ ਜਿੱਥੋਂ ਤੱਕ ਲੜੀਵਾਰ ਜਾਣਕਾਰੀ ਹੈ, ਰਾਨਾਡੇ ਨੇ ਆਪਣੀ ਸੂਝ-ਬੂਝ ਨਾਲ ਕੋਈ ਵੀ ਐਸਾ ਕਦਮ ਨਹੀਂ ਚੁੱਕਿਆ ਜਾਂ ਕੰਮ ਨਹੀਂ ਕੀਤਾ, ਜਿਸ ਲਈ ਉਨ੍ਹਾਂ ਨੂੰ ਪਛਤਾਉਣਾ ਪਿਆ ਹੋਵੇ। ਉਹ ਖੁਸ਼ ਤੇ ਸ਼ਾਂਤ ਹੀ ਸਵਰਗ ਸਿਧਾਰੇ। ਏਥੇ ਸਵਾਲ ਉਠਦਾ ਹੈ ਕਿ ਜੇ ਰਾਨਾਡੇ ਅੱਜ ਮੁੜ ਕੇ ਜਿਉਂ ਪੈਣ ਤਾਂ ਕੀ ਪਛਤਾਉਂਣਗੇ? ਮੈਨੂੰ ਪੂਰਾ ਯਕੀਨ ਹੈ ਕਿ ਇਸ ਦਾ ਕਾਰਨ ਹੈ ਜਿਸ ਲਈ ਉਨ੍ਹਾਂ ਨੂੰ ਬਹੁਤ ਦੁੱਖ ਮਹਿਸੂਸ ਕਰਨਾ ਪਏਗਾ ਤੇ ਉਹ ਹੈ ਅੱਜ ਦੀ ਲਿਬਰਲ ਪਾਰਟੀ ਦੀ ਭਾਰਤ ਵਿੱਚ ਹੋਂਦ।

ਅੱਜ ਲਿਬਰਲ ਪਾਰਟੀ ਦੀ ਭਾਰਤ ਵਿੱਚ ਕੀ ਦਸ਼ਾ ਹੈ? ਲਿਬਰਲ ਪਾਰਟੀ ਤਾਂ ਬਲੀ ਚੜ੍ਹ ਗਈ। ਇਹ ਵੀ ਬਹੁਤ ਘਟੀਆ ਦਰਜੇ ਦਾ ਵਿਚਾਰ ਹੈ। ਲਿਬਰਲਜ਼ ਭਾਰਤ ਦੀ ਸਿਆਸਤ ਦੇ "ਅਪਮਾਨਿਤ" ਨੁਕਤੇ ਹਨ। ਨੌਰਟਨ ਦੀ ਬੋਲੀ ਵਰਤਦਿਆਂ, ਜੋ ਉਸ ਨੇ ਹੋਰ ਕਿਸੇ ਸਬੰਧ ਵਿੱਚ ਕਹੀ ਹੈ, ਉਨ੍ਹਾਂ ਨੂੰ ਜਨਤਾ ਨੇ ਸਵੀਕਾਰ ਨਹੀਂ ਕੀਤਾ, ਸਰਕਾਰ ਨੇ ਉਨ੍ਹਾਂ ਨੂੰ ਮਾਨਤਾ ਨਹੀਂ ਦਿੱਤੀ। ਉਨ੍ਹਾਂ ਪਾਸ ਦੋਹਾਂ ਦੇ ਗੁਣ ਤਾਂ ਸੀ ਨਹੀਂ, ਪਰ ਔਗੁਣ ਦੋਹਾਂ ਦੇ ਸੀ। ਇਕ ਵੇਲਾ ਸੀ ਜਦੋਂ ਲਿਬਰਲ ਪਾਰਟੀ ਕਾਂਗਰਸ ਦੇ ਮੁਕਾਬਲੇ ਵਿੱਚ ਖੜ੍ਹੀ ਸੀ। ਅੱਜ ਲਿਬਰਲ ਪਾਰਟੀ ਦਾ ਕਾਂਗਰਸ ਨਾਲ ਉਹੀ ਸਬੰਧ ਹੈ, ਜੋ ਇੱਕ ਕੁੱਤੇ ਦਾ ਮਾਲਕ ਨਾਲ ਹੁੰਦਾ ਹੈ। ਕਿਤੇ ਕਤਾਈਂ ਕੁੱਤਾ ਮਾਲਕ ਤੇ ਭੌਂਕ ਦਿੰਦਾ ਹੈ ਪਰ ਆਪਣੇ ਜੀਵਨ ਦੇ ਬਹੁਤੇ ਵਕਤ ਵਿੱਚ ਉਹ ਸੰਤੁਸ਼ਟ ਜਿਹਾ ਮਾਲਕ ਦੇ ਮਗਰ ਹੀ ਰਹਿੰਦਾ ਹੈ। ਲਿਬਰਲ ਪਾਰਟੀ ਅੱਜ ਹੋਰ ਕੀ ਹੈ, ਸਿਵਾਏ ਕਾਂਗਰਸ ਦੀ ਪੂੰਛ ਬਣੀ ਫਿਰਨ ਦੇ। ਕਈ ਪੁੱਛਦੇ ਹਨ ਕਿ ਕਿਉਂ ਨਹੀਂ ਲਿਬਰਲਜ਼ ਕਾਂਗਰਸ ਵਿੱਚ ਚਲੇ ਜਾਂਦੇ

ਕਿਉਂਕਿ ਉਨ੍ਹਾਂ ਦੀ ਆਪਣੀ ਹੋਂਦ ਤਾਂ ਬੇਕਾਰ ਹੋ ਗਈ ਹੈ। ਰਾਨਾਡੇ ਲਿਬਰਲ ਪਾਰਟੀ ਦੇ ਇਸ ਪਤਨ ਤੇ ਪਛਤਾਵਾ ਕਿਵੇਂ ਨਾ ਕਰਨ? ਕੋਈ ਵੀ ਭਾਰਤੀ ਇਸ ਪਛਤਾਵੇ ਵਿੱਚ ਕੀ ਸਹਾਇਤਾ ਕਰ ਸਕਦਾ ਹੈ?

ਬਿਲਰਲ ਪਾਰਟੀ ਦਾ ਪਤਨ ਲਿਬਰਲਜ਼ ਲਈ ਬੜਾ ਹੀ ਦੁੱਖਦਾਈ ਹੈ। ਪਰ ਇਹ ਤਾਂ ਅਸਲ ਵਿੱਚ ਸਾਰੇ ਦੇਸ਼ ਲਈ ਹੀ ਬੜਾ ਵੱਡਾ ਖ਼ਤਰਾ ਹੈ। ਇਕ ਲੋਕਾਂ ਦੀ ਆਪਣੀ ਸਰਕਾਰ ਲਈ, ਇੱਕ ਪਾਰਟੀ ਦੀ ਹੋਂਦ ਕਿੰਨੀ ਜ਼ਰੂਰੀ ਹੈ। ਕਿ ਇਹ ਸੋਚ ਲੈਣਾ ਕਿ ਪਾਰਟੀ ਬਗੈਰ ਸਰਕਾਰ ਚਲ ਸਕੇਗੀ, ਇਕ ਅਣਹੋਣੀ ਜਿਹੀ ਸਥਿਤੀ ਹੈ। ਜਿਵੇਂ ਇਕ ਮੰਨੇ-ਪ੍ਰਮੰਨੇ ਅਮਰੀਕਨ ਇਤਿਹਾਸਕਾਰ ਨੇ ਕਿਹਾ ਹੈ-

"ਇਹ ਸੋਚ ਲੈਣਾ ਆਸਾਨ ਹੈ ਕਿ ਸੰਵਿਧਾਨ ਦੇ ਗਠਜੋੜ ਦਾ ਇੱਕ ਹਿੱਸਾ ਨਿੱਖੜ ਕੇ ਢਹਿ ਢੇਰੀ ਹੋ ਗਿਆ, ਸੰਵਿਧਾਨ ਦੇ ਵਿਖਿਆਨ ਦਾ ਬਹੁਤ ਵੱਡਾ ਹਿੱਸਾ ਡੁੱਬ ਗਿਆ, ਪਰ ਇਹ ਖਿਆਲ ਕਰਨਾ ਕਿ ਸਿਆਸੀ ਗਠਬੰਧਨ ਬਗੈਰ ਗੁਜ਼ਾਰਾ ਚੱਲੇਗਾ, ਇਹ ਨਾ-ਮੁਮਕਿਨ ਹੈ ਕਿਉਂਕਿ ਇਹੀ ਤਾਂ ਸਾਡੀਆਂ ਜ਼ਰੂਰੀ ਸੰਸਥਾਵਾਂ ਹਨ।"

ਸਹੀ ਦੇਸ਼ ਦੇ ਰਾਜ ਦੀ ਵਾਗਡੋਰ ਸੰਭਾਲਣ ਦਾ ਹੰਭਲਾ ਮਾਰਨ ਤੇ ਉਹ ਵੀ ਅਵਾਮ ਦੀਆਂ ਵੋਟਾ ਲੈ ਕੇ ਉਹ ਵੀ ਬਿਨਾਂ ਕਿਸੇ ਰੋਕ-ਟੋਕ ਤੇ ਪਾਰਟੀ ਦੇ ਅਨੁਸ਼ਾਸ਼ਣ ਬਗੈਰ, ਉਵੇਂ ਹੀ ਹੈ ਜਿਵੇਂ ਜੇਮਜ਼ ਬਰੇਸ ਨੇ ਆਪਣੀ ਬੋਲੀ ਵਿੱਚ ਕਿਹਾ ਹੈ:-

"ਜਿਵੇਂ ਰੇਲ-ਬੋਰਡ ਦੇ ਬਰਾਬਰ ਦੇ ਹਿੱਸੇਦਾਰਾਂ ਦੀਆਂ ਵੋਟਾਂ ਰਾਹੀਂ, ਯਾਤਨਾ ਨਾਲ ਕੰਮ ਕਾਜ ਚਲਾ ਲੈਣਾ ਯਾ ਫੇਰ ਤਰਦੇ ਜਹਾਜ਼ ਲਈ ਯਾਤਰੂਆਂ ਦੀਆਂ ਵੋਟਾਂ ਲੈ ਕੇ ਜਹਾਜ਼ ਲਈ ਰਾਹ ਦੀ ਸੇਧ ਲੱਭਣੀ।"

ਇਹ ਤਾਂ ਕੋਈ ਵੀ ਨਹੀਂ ਕਹਿ ਸਕਦਾ ਕਿ ਅਵਾਮ ਦੀ ਮਾਨਤਾ ਪ੍ਰਾਪਤ ਸਰਕਾਰ ਲਈ ਪਾਰਟੀ ਉਸਦਾ ਅਟੁੱਟ ਅੰਗ ਹੈ। ਪਰ ਇਹ ਵੀ ਬਾਦਸ਼ਾਹ ਦੀ ਹੀ ਨਾ ਮੁਕਰਨ ਵਾਲੀ ਸਥਿਤੀ ਹੈ ਕਿ ਇੱਕ ਪਾਰਟੀ ਦਾ ਰਾਜ ਮਾਨਤਾ ਪ੍ਰਾਪਤ ਸਰਕਾਰ ਲਈ ਮਰਨ ਬਰਾਬਰ ਹੈ। ਸੱਚ ਇਹੀ ਹੈ ਕਿ ਇਸ ਤਰ੍ਹਾਂ ਤਾਂ ਅਵਾਮ ਦੀ ਸਰਕਾਰ ਰਾਹੀਂ ਨਹੀਂ ਰਹਿੰਦੀ। ਜਰਮਨੀ ਤੇ ਇਟਲੀ ਬੜੇ ਵੱਡੇ ਪ੍ਰਬਲ ਉਦਾਹਰਣ ਹਨ ਜੋ ਇਸ ਨੁਕਤੇ ਲਈ ਢੁੱਕਵੇਂ ਹਨ। ਇਹੋ ਜਹੀਆਂ ਪੂਰਨ ਅਧਿਕਾਰ ਪ੍ਰਾਪਤ ਸਰਕਾਰਾਂ ਤੋਂ ਖ਼ਤਰੇ ਦਾ ਸਬਕ ਸਿੱਖ ਲੈਣ ਦੀ ਥਾਂ ਅਸੀਂ ਉਨ੍ਹਾਂ ਦੇ ਹੀ ਉਦਾਹਰਣ ਲੈ ਕੇ ਉਨ੍ਹਾਂ ਦੀ ਨਕਲ ਕਰਨੀ ਸ਼ੁਰੂ ਕਰ ਦਿੱਤੀ ਹੈ। ਦੇਸ਼ ਦੀ ਅਖੰਡਤਾ ਨੂੰ ਸਨਮੁੱਖ ਰੱਖਕੇ, ਇਕ ਪਾਰਟੀ ਪ੍ਰਣਾਲੀ ਦਾ ਹੀ ਦੇਸ਼ ਲਈ ਨਾਅਰਾ ਦੇ ਰਹੇ ਹਾਂ। ਜਿਹੜੇ ਇਹ ਕਰ ਰਹੇ ਹਨ, ਉਹ ਇਸ ਪਾਸੇ ਧਿਆਨ ਹੀ ਨਹੀਂ ਦੇ ਰਹੇ ਕਿ ਇਸ ਤਰ੍ਹਾਂ ਹਰ ਸੰਭਵ ਤਰੀਕੇ ਨਾਲ ਤਾਨਾਸ਼ਾਹੀ ਹੋ ਸਕਦੀ ਹੈ, ਤੇ ਨਾਲ ਹੀ ਅਵਾਮ ਦੇ ਕੰਮਾਂ ਵਿੱਚ ਗਲਤ ਰਸਤੇ ਵੀ ਅਖ਼ਤਿਆਰ ਹੋ ਸਕਦੇ ਹਨ, ਜੋ ਕਿ ਇਕ ਪਾਰਟੀ ਸਰਕਾਰ ਵਿੱਚ ਆ ਜਾਣੇ ਲਾਜ਼ਮੀ ਹਨ। ਅਵਾਮ ਦੀ ਸਰਕਾਰ ਥਾਪ ਕੇ ਜਿਹੜੀ ਕਿ ਇਕੋ ਪਾਰਟੀ ਆਸਰੇ ਰਹਿ ਜਾਵੇ ਉਹ ਤਾਂ ਗਣਤੰਤਰ ਲਈ, ਤਾਨਾਸ਼ਾਹੀ ਢੰਗ ਹਰ ਹਾਲ ਪੈਦਾ ਕਰੇਗੀ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਇੱਕ ਪਾਰਟੀ ਸਰਕਾਰ, ਬਹੁਤਿਆਂ ਤੇ ਤਾਨਾਸ਼ਾਹੀ ਨਹੀਂ ਥੋਪ ਸਕੇਗੀ, ਉਹ ਤਾਂ ਥੋੜ੍ਹੀ ਕਹਾਵਤ ਹੀ ਬਣ ਕੇ ਰਹਿ ਜਾਵੇਗੀ ਤੇ ਸਿਰ ਦਰਦੀ ਹੀ ਹੋਵੇਗੀ। ਸਾਡੇ ਲਈ ਇਸਦਾ ਤਜਰਬਾ ਭਾਰਤ ਵਿੱਚ ਕਾਂਗਰਸ ਰਾਜ ਵਿੱਚ

ਹੋ ਚੁੱਕਾ ਹੈ। ਕੀ ਸਾਨੂੰ ਮਿਸਟਰ ਰਾਜਗੋਪਾਲਾਚਾਰੀ ਨੇ ਨਹੀਂ ਦੱਸਿਆ ਕਿ ਸ਼ਾਸਨ ਤੇ ਅਦਾਲਤੀ ਪ੍ਰਣਾਲੀ ਦੇ ਅਲੱਗ ਅਲੱਗ ਰਹਿਣ ਦੀ ਹੁਣ ਖਾਸ ਵਿਸ਼ੇਸ਼ਤਾ ਨਹੀਂ, ਜਿਹੜੀ ਬ੍ਰਿਟਿਸ਼ ਰਾਜ ਵਿਚ ਜ਼ਰੂਰੀ ਬਣੀ ਰਹੀ? ਕੀ ਇਹ ਤਾਨਾਸ਼ਾਹੀ ਦਾ ਖੂਨ ਚੂਸਣ ਦਾ ਸੁਆਵ ਨਹੀਂ ਦਰਸਾਉਂਦੀ? ਤਾਨਾਸ਼ਾਹੀ ਇਵੇਂ ਹੀ ਤਾਨਾਸ਼ਾਹੀ ਰਹਿਤ ਨਹੀਂ ਹੋ ਜਾਂਦੀ ਕਿ ਉਹ ਚੋਣਾਂ ਰਾਹੀ ਸਫਲ ਹੋਈ ਹੈ। ਨਾ ਹੀ ਤਾਨਾਸ਼ਾਹੀ ਨੂੰ ਇਸ ਲਈ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਜਿਹੜੇ ਤਾਨਾਸ਼ਾਹ ਹਨ, ਉਹ ਸਾਡੇ ਹੀ ਕਬੀਲੇ ਦੇ ਭਾਈ ਹਨ, ਚੋਣਾਂ ਦਾ ਮੁੱਦਾ ਬਣਾ ਕੇ ਹੀ ਇਹ ਗਰੰਟੀ ਨਹੀਂ ਹੋ ਜਾਂਦੀ ਕਿ ਤਾਨਾਸ਼ਾਹ ਰਹੇ। ਅਸਲੀ ਗਰੰਟੀ ਤਾਂ ਤਾਨਾਸ਼ਾਹੀ ਬਾਰੇ ਇਹ ਹੀ ਹੈ ਕਿ ਉਹ ਆਪਣੀ ਤਾਨਾਸ਼ਾਹੀ ਦੇ ਉਲਟ ਜਾ ਰਹੇ ਹਰ ਕਦਮ ਦਾ ਟਾਕਰਾ ਕਰਕੇ ਉਸਨੂੰ ਗੱਦੀਓਂ ਲਾਹ ਦੇਵੇ, ਉਸਨੂੰ ਨੀਵਾਂ ਰੋਲ ਕੇ ਰੱਖੇ ਤੇ ਉਸ ਦੇ ਉਪਰ ਦੀ ਉਸ ਦੇ ਹੀ ਉਲਟ ਰਹਿਣ ਵਾਲੀ ਪਾਰਟੀ ਉਸ ਤੋਂ ਉਪਰ ਚੁੱਕੇ। ਹਰ ਸਰਕਾਰ ਆਪਣੇ ਦਿੱਤੇ ਇਨਸਾਫ ਵਿੱਚ ਗ਼ਲਤੀ ਕਰ ਸਕਦੀ ਹੈ। ਪਰ ਕਈ ਮਾੜੀ ਸ਼ਾਸਨ ਪ੍ਰਣਾਲੀ ਤਹਿਤ ਆ ਸਕਦੇ ਹਨ। ਰਿਸ਼ਵਤ ਲੈਣ ਵਾਲੇ ਵੀ ਕੋਈ ਘੱਟ ਨਹੀਂ। ਬੇਇਨਸਾਫੀ ਆਦਮੀ ਨੂੰ ਦਬਾਈ ਰੱਖਣ ਦਾ ਸਿਲਸਿਲਾ ਤੇ ਬੇ-ਇਤਬਾਰ ਸਭ ਉਸੇ ਵਿੱਚ ਆਉਂਦੇ ਹਨ। ਕੋਈ ਸਰਕਾਰ ਟਿੱਪਣੀ ਤੋਂ ਬਗੈਰ ਨਹੀਂ ਹੋਣੀ ਚਾਹੀਦੀ। ਪਰ ਸਰਕਾਰ ਦੀ ਆਲੋਚਨਾ ਕੌਣ ਕਰ ਸਕਦਾ ਹੈ। ਇਕੱਲੇ-ਦੁਕੱਲੇ ਤੇ ਛੱਡ ਦਿੱਤਾ ਜਾਵੇ ਤਾਂ ਕੋਈ ਕਦੇ ਵੀ ਨਹੀਂ ਕਰੇਗਾ। ਸਰ ਟੋਬੀ ਆਪਣੇ ਪਿੱਛੇ ਇੱਕ ਸਲਾਹ ਛੱਡ ਗਏ ਨੇ ਕਿ "ਕਿਵੇਂ ਕਿਸੇ ਨੂੰ ਆਪਣੇ ਦੁਸ਼ਮਣਾਂ ਨਾਲ ਵਰਤਣਾ ਚਾਹੀਦਾ ਹੈ। ਉਨ੍ਹਾਂ ਕਿਹਾ: ਜਲਦੀ, ਉਨੀ ਹੀ ਜਲਦੀ ਜਿੰਨੀ ਜਲਦੀ ਉਸਨੂੰ ਦੇਖਦੇ ਹੋ, ਘਸੀਟੋ, ਤੇ ਜਿਵੇਂ ਤੁਸੀਂ ਘਸੀਟਦੇ ਹੋ, ਉਸ ਤੇ ਭਿਆਨਕ ਵਾਰ ਕਰੋ।" ਪਰ ਇਕੱਲੇ ਬੰਦੇ ਲਈ ਮੁਮਕਿਨ ਨਹੀਂ, ਜਿਹੜਾ ਚਾਹੇ ਕਿ ਉਹ ਸਰਕਾਰ ਦੇ ਸਾਹਮਣੇ ਉਸਦੇ ਖਿਲਾਫ਼ ਖੜ੍ਹਾ ਹੋ ਸਕੇ। ਇਕੱਲੇ ਇਕੱਲੇ ਬੰਦਿਆਂ ਲਈ ਸਫ਼ਲਤਾ ਤਾਂ ਲੈਣਾ ਬਹੁਤ ਔਖੀ ਗੱਲ ਹੈ। ਪਹਿਲੇ ਜਗ੍ਹਾ ਉਹੀ ਹੈ, ਬਰਾਇਸ ਅਨੁਸਾਰ, ਇਕ ਤਾਂ ਇਹ ਹੈ ਕਿ ਵਿਸ਼ਾਲ ਜਨ ਸਮੂਹ ਭਾਗਵਾਦੀ ਹੈ ਵਿਅਕਤੀਗਤ ਯਤਨ ਦੀ ਮਹੱਤਤਾ ਨਾਲ ਹੋਣ ਕਾਰਣ ਚੁੱਪ ਪ੍ਰਵਾਨਗੀ ਅਤੇ ਸੰਪੰਨ ਦੀ ਪਰਵਿਰਤੀ ਹੈ। ਉਹ ਆਪੇ ਨੂੰ ਬੇਸਹਾਰਾ ਸਮਝਦੇ ਹਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮਨੁੱਖ ਦੇ ਕਾਰਜਾਂ ਦਾ ਸੰਚਾਲਨ ਤਾਂ ਬੜੀਆਂ ਸ਼ਕਤੀਆਂ ਕਰਦੀਆਂ ਹਨ ਅਤੇ ਉਨ੍ਹਾਂ ਦੀਆਂ ਧਾਰਾਵਾਂ ਨੂੰ ਵਿਅਕਤੀ ਆਪਣੀਆਂ ਕੋਸ਼ਿਸਾਂ ਨਾਲ ਨਹੀਂ ਮੋੜ ਸਕਦਾ। ਦੂਜੇ ਬਹੁ-ਸੰਖਿਆ ਦੇ ਲੋਕਾਂ ਦੇ ਅਤਿਆਚਾਰ ਦੀ ਸੰਭਾਵਨਾ ਹੁੰਦੀ ਹੈ। ਉਨ੍ਹਾਂ ਵਿਅਕਤੀਆਂ ਦਾ ਜੋ ਬਹੁਮੱਤ ਦੇ ਪਿਛੇ ਨਹੀਂ ਚਲਦੇ, ਉਨ੍ਹਾਂ ਦਾ ਦਮਨ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਦੰਡ ਦਿੱਤਾ ਜਾਂਦਾ ਹੈ ਅਤੇ ਹੋਰ ਸਮਾਜਕ ਕਠਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਂਗਰਸ ਦੇ ਸ਼ਾਸਨ ਵਿੱਚ ਸਾਡੇ ਵਿੱਚੋਂ ਕੁਝ ਲੋਕਾਂ ਨੂੰ ਇਸ ਦਾ ਤਜਰਬਾ ਹੋ ਚੁੱਕਿਆ ਹੈ। ਤੀਜੇ ਸੀ.ਆਈ.ਡੀ. ਦਾ ਵੀ ਡਰ ਹੈ। ਗਿਸਟਾਪੋ ਅਤੇ ਹੋਰ ਸਾਰੇ ਸਾਧਨ ਆਲੋਚਕਾਂ ਤੇ ਨਿਗਰਾਨੀ ਰੱਖਣ ਅਤੇ ਉਨ੍ਹਾਂ ਨੂੰ ਸ਼ਾਂਤ ਕਰਨ ਲਈ ਮੌਜੂਦ ਹਨ।

ਕੀ ਉਦਾਰ ਦਲ (ਲਿਬਰਲ ਪਾਰਟੀ) ਦੇ ਸੰਗਠਨ ਦੀਆਂ ਕਮਜ਼ੋਰੀਆਂ ਨੂੰ ਪ੍ਰਗਟ ਕਰਨਾ ਅਧਿਕਾਰ ਵਿਰੁੱਧ ਹੋਵੇਗਾ?

ਪੇਂਡਲੈਂਟਨ ਹੇਰਿੰਗ ਨੇ ਆਪਣੀ ਪੁਸਤਕ "ਪਾਲਿਟਿਕਸ ਆਫ ਡੈਮੋਕਰੇਸੀ" ਵਿੱਚ ਇਹ

ਕਿਹਾ ਹੈ ਕਿ ਇਕ ਪਾਰਟੀ ਦਾ ਸੰਗਠਨ ਤਿੰਨ ਕੇਂਦਰਿਤ ਮੰਡਲਾਂ ਵਿੱਚ ਫੈਲਿਆ ਹੋਇਆ ਹੈ। ਕੇਂਦਰੀ ਮੰਡਲ ਗੁੱਟਤੰਤਰ ਦੀ ਪ੍ਰਤਿਨਿਧਤਾ ਕਰਦਾ ਹੈ। ਇਸ ਦਾ ਬਲ ਦੇ ਸੰਗਠਨ ਤੇ ਕੰਟਰੋਲ ਹੁੰਦਾ ਹੈ ਜਿਸ ਨੂੰ ਉੱਚ ਕਮਾਨ ਕਹਿੰਦੇ ਹਨ। ਉਨ੍ਹਾਂ ਨਾਲ ਉਨ੍ਹਾਂ ਦੇ ਕਾਰਜ ਕਰਤਾ ਜੁੜੇ ਹੁੰਦੇ ਹਨ। ਇਨ੍ਹਾਂ ਕਾਰਜ ਕਰਤਾਵਾਂ ਦਾ ਮੁੱਖ ਧੰਦਾ ਇਹ ਹੁੰਦਾ ਹੈ ਕਿ ਚਾਹੇ ਉਹ ਚਾਲੀ ਅਧਿਕਾਰੀਆਂ ਦੇ ਰੂਪ ਵਿੱਚ ਜਾਂ ਸਰਵਜਨਕ ਪਦ ਦੇ ਰੂਪ ਵਿੱਚ ਕੰਮ ਕਰਦੇ ਹਨ। ਪਾਰਟੀ ਸੰਗਠਨ ਦੇ ਮਾਧਿਅਮ ਰਾਹੀਂ ਭੇਟਾ ਕਰਦੇ ਹਨ। ਉਹ ਸਿਆਸਤਦਾਨ ਪੇਸ਼ਾਵਰ ਰਾਜਨੀਤੀਵਾਨ ਅਖਵਾਉਂਦੇ ਹਨ ਅਤੇ ਪਾਰਟੀ ਤੰਤਰ ਦੇ ਰੂਪ ਵਿੱਚ ਕੰਮ ਕਰਦੇ ਹਨ। ਇਸ ਆਂਤਰਿਕ ਮੰਡਲ, ਅਰਥਾਤ ਹਾਈ ਕਮਾਨ ਅਰਥਾਤ ਤੰਤਰ ਦੇ ਚਾਰੇ ਪਾਸੇ ਅਜਿਹੇ ਬਹੁਤ ਸਾਰੇ ਲੋਕਾਂ ਦਾ ਇਕ ਵੱਡਾ ਘੇਰਾ ਹੁੰਦਾ ਹੈ ਜੋ ਭਾਵਾਤਮਕ ਨਿਸ਼ਚੇ ਅਤੇ ਪਰੰਪਰਾ ਦੇ ਬੰਧਨਾਂ ਰਾਹੀਂ ਦਲ ਦੇ ਨਾਲ ਬੰਨੇ ਹੁੰਦੇ ਹਨ। ਉਹ ਦਲ ਦੁਆਰਾ ਐਲਾਨੇ ਗਏ ਸਿਧਾਂਤਾਂ ਦਾ ਆਦਰ ਕਰਦੇ ਹਨ। ਇਹ ਪਾਰਟੀ ਦੇ ਪੇਸ਼ਾਵਰ ਕਾਰਜ ਕਰਤਾਵਾਂ ਅਤੇ ਨੇਤਾਵਾਂ ਦੇ ਕਾਰਜਾਂ ਦੀ ਜ਼ਿੰਮੇਵਾਰੀ ਆਪਣੇ ਦਲ ਦੇ ਆਦਰਸ਼ਾਂ ਅਤੇ ਪ੍ਰਤੀਕਾਂ ਲਈ ਜ਼ਿਆਦਾ ਜਾਗਰੂਕ ਰਹਿੰਦੇ ਹਨ। ਇਹ ਦਲ ਦੇ ਆਦਰਸ਼ ਨੂੰ ਵੋਟ ਦਿੰਦੇ ਹਨ ਦਲ ਦੇ ਰਿਕਾਰਡ ਨੂੰ ਨਹੀਂ। ਇਸ ਦੂਸਰੇ ਮੰਡਲ ਦੇ ਬਾਹਰ ਲੋਕਾਂ ਦਾ ਉਹ ਵਿਸ਼ਾਲ ਜਨਸਮੂਹ ਹੁੰਦਾ ਹੈ, ਜੋ ਕਿਸੇ ਦਲ ਨਾਲ ਜੁੜਿਆ ਨਹੀਂ ਹੁੰਦਾ। ਇਹ ਲੋਕ ਥਾਲੀ ਦੇ ਬੈਂਗਣ ਵਰਗੇ ਹੁੰਦੇ ਹਨ। ਉਹ ਕਿਸੇ ਦਲ ਨਾਲ ਨਹੀਂ ਜੁੜਦੇ। ਇਸਦਾ ਕਾਰਨ ਇਹ ਹੈ ਕਿ ਉਹ ਜਾਂ ਤਾਂ ਮਨੋਰਥਹੀਨ ਹੁੰਦੇ ਹਨ, ਅਤੇ ਵਿਚਾਰਾਂ ਤੁੱਛ ਹੁੰਦੇ ਹਨ ਜਾਂ ਉਨ੍ਹਾਂ ਦੇ ਵਿਸ਼ੇਸ਼ ਹਿੱਤ ਹੁੰਦੇ ਹਨ ਜਿਨ੍ਹਾਂ ਦੀ ਮਿਲਾਵਟ ਕਿਸੇ ਵੀ ਮੰਚ ਤੋਂ ਨਹੀਂ ਹੁੰਦੀ। ਦੂਸਰਾ ਮੰਡਲ ਦੇ ਬਾਹਰ ਜੋ ਲੋਕ ਹੁੰਦੇ ਹਨ ਉਹ ਕਿਸੇ ਵੀ ਰਾਜਨੀਤਕ ਦਲ ਦਾ ਸਭ ਤੋਂ ਵੱਧ ਮਹੱਤਵਪੂਰਨ ਕਾਰਜ ਖੇਤਰ ਹੁੰਦੇ ਹਨ। ਇਹੀ ਉਹ ਪੁਰਸਕਾਰ ਹਨ ਜਿਸ ਨੂੰ ਪਾਰਟੀ ਨੇ ਪ੍ਰਾਪਤ ਕਰਨਾ ਹੁੰਦਾ ਹੈ। ਇਹ ਪੁਰਸਕਾਰ ਭਾਵ ਵਡਿਆਈਆਂ ਪ੍ਰਾਪਤ ਕਰਨ ਲਈ ਸਿਧਾਂਤਾਂ ਨੂੰ ਕਾਇਮ ਕਰਨਾ ਅਤੇ ਰਾਜਨੀਤੀ ਨੂੰ ਸੂਤਰਬੱਧ ਕਰਨਾ ਬਹੁਤ ਜ਼ਰੂਰੀ ਹੈ ਜੋ ਆਮ ਤੌਰ ਤੇ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਲੋਕਾਂ ਦੇ ਸਿਧਾਂਤਾਂ ਅਤੇ ਰਾਜਨੀਤੀ ਵਿੱਚ ਰੁਚੀ ਨਹੀਂ ਹੁੰਦੀ ਬਲਕਿ ਰੁਚੀ ਕੰਮਾਂ ਨੂੰ ਕਰਵਾਉਣ ਵਿੱਚ ਹੁੰਦੀ ਹੈ। ਇੱਕ ਦਲ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਸਾਂਝੇ ਯਤਨ ਕਰੇ। ਰਾਸ਼ਟਰਪਤੀ ਵੁਡਰੋ-ਵਿਲਸਨ ਨੇ ਕਿਹਾ ਹੈ ਕਿ ਬਹੁਮਤ ਸ਼ਾਸਨ ਵਾਲੇ ਸਵੈ-ਸ਼ਾਸਨ ਵਿੱਚ ਕੰਮਾਂ ਨੂੰ ਵਿਅਕਤੀਗਤ ਯਤਨਾਂ ਨਾਲ ਨਹੀਂ ਬਲਕਿ ਸੰਗਠਤ ਯਤਨਾਂ ਨਾਲ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇਖਣਾ ਇਹ ਹੈ ਕਿ ਸੰਯੁਕਤ ਯਤਨਾਂ ਲਈ ਕੀ ਜ਼ਰੂਰੀ ਹੁੰਦਾ ਹੈ? ਇਸ ਲਈ ਜ਼ਰੂਰੀ ਹੈ ਕਿ ਵਿਅਕਤੀਗਤ ਮੱਤ ਨੂੰ ਜਨਮਤ ਵਿੱਚ ਬਦਲਿਆ ਜਾਵੇ। ਫਿਰ ਕਿਸੇ ਪਾਰਟੀ ਦਾ ਮੁੱਖ ਕਰਤੱਵ ਇਹ ਹੋ ਜਾਂਦਾ ਹੈ ਕਿ ਜਨਮਤ ਦੇ ਇਸ ਸੰਗਠਨ ਨੂੰ ਕਿਸੇ ਸਿਧਾਂਤ ਵਿਸ਼ੇਸ਼ ਦਾ ਪ੍ਰਵਾਣ ਰੂਪ ਦੇਵੇ। ਸਿਧਾਂਤ ਰੂਪ ਵਿੱਚ ਰਾਜਨੀਤਕ ਦਲ ਜਨਮਤ ਦੇ ਪ੍ਰਗਟਾਵੇ ਅਤੇ ਕਾਰਜ ਪਾਲਣ ਦਾ ਮਾਧਿਅਮ ਹੁੰਦੇ ਹਨ। ਪਰੰਤੂ ਵਿਹਾਰ ਵਿੱਚ ਦਲ ਜਨਮਤ ਤਿਆਰ ਕਰਦੇ ਹਨ, ਉਸਦਾ ਮਾਰਗਦਰਸ਼ਨ ਕਰਦੇ ਹਨ, ਉਸਨੂੰ ਪ੍ਰਭਾਵਤ ਕਰਦੇ ਹਨ ਅਤੇ ਉਸਦਾ ਕੰਟਰੋਲ ਕਰਦੇ ਹਨ। ਅਸਲ ਵਿੱਚ ਇਹ ਦਲ ਦਾ ਮੁੱਖ ਕਾਰਜ ਹੁੰਦਾ ਹੈ। ਇਸ ਲਈ ਦਲ ਨੂੰ ਦੋ ਕਾਰਜ ਕਰਨੇ ਚਾਹੀਦੇ ਹਨ। ਪਹਿਲਾ ਕੰਮ ਇਹ ਹੈ ਕਿ ਉਸਨੂੰ ਜਨਤਾ ਦੇ ਨਾਲ ਆਪਣਾ ਸੰਪਰਕ ਰੱਖਣਾ ਚਾਹੀਦਾ

ਹੈ। ਇਹ ਜਨਤਾ ਦੇ ਵਿੱਚ ਜਾਵੇ ਅਤੇ ਉਸਨੂੰ ਆਪਣੇ ਸਿਧਾਂਤਾਂ, ਨੀਤੀਆਂ, ਵਿਚਾਰਾਂ ਅਤੇ ਉਮੀਦਵਾਰਾਂ ਦੇ ਸਬੰਧ ਵਿੱਚ ਜਾਣਕਾਰੀ ਦੇਵੇ। ਦੂਸਰਾ ਕੰਮ ਇਹ ਹੈ ਕਿ ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਾਲ ਜਾਂ ਆਪਣੀਆਂ ਗੱਲਾਂ ਦੇ ਹੱਕ ਵਿੱਚ ਪ੍ਰਚਾਰ ਕਰੇ। ਉਸਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਦੇ ਸਬੰਧ ਵਿੱਚ ਪੂਰੀ ਤਰ੍ਹਾਂ ਜਾਣਕਾਰੀ ਦੇ ਕੇ ਉਨ੍ਹਾਂ ਪ੍ਰਤੀ ਉਸਨੂੰ ਜਾਗਰੂਕ ਕਰੇ। ਫਿਰ ਦੁਬਾਰਾ ਬਰਾਈਸ ਦੇ ਸ਼ਬਦਾਂ ਵਿੱਚ "ਵੋਟਰਾਂ ਨੂੰ ਉਨ੍ਹਾਂ ਦੇ ਰਾਜਨੀਤਕ ਮਸਲਿਆਂ ਦੀ ਜਾਣਕਾਰੀ ਦਿਓ ਜਿਨ੍ਹਾਂ ਬਾਰੇ ਉਨ੍ਹਾਂ ਨੇ ਫੈਸਲਾ ਕਰਨਾ ਹੈ ਉਨ੍ਹਾਂ ਨੂੰ ਆਪਣੇ ਨੇਤਾਵਾਂ ਦੇ ਸਬੰਧ ਵਿੱਚ ਸੂਚਨਾ ਦਿਓ ਅਤੇ ਆਪਣੇ ਵਿਰੋਧੀਆਂ ਦੇ ਦੋਸ਼ਾਂ ਅਤੇ ਅਪਰਾਧਾਂ ਨੂੰ ਦੱਸੋ।" ਇਹ ਬੁਨਿਆਦੀ ਗੱਲਾਂ ਹਨ ਜਿਸ ਨਾਲ ਸਾਂਝੇ ਯਤਨ ਦਾ ਆਰੰਭ ਹੋ ਸਕਦਾ ਹੈ। ਜੋ ਦਲ ਸਾਂਝੇ ਯਤਨ ਕਰਨ ਵਿੱਚ ਫੇਲ ਹੁੰਦਾ ਹੈ ਉਸਨੂੰ ਖੁਦ ਨੂੰ ਦਲ ਕਹਿਣ ਦਾ ਕੋਈ ਅਧਿਕਾਰ ਨਹੀਂ ਹੁੰਦਾ।

ਉਦਾਰ ਦਲ ਇਕ ਸੰਗਠਤ ਰੂਪ ਵਿੱਚ ਇਨ੍ਹਾਂ ਵਿਚੋਂ ਕਿਹੜੇ ਕਾਰਜ ਕਰਦਾ ਹੈ। ਉਦਾਰ ਦਲ ਦੇ ਕੋਲ ਸਿਰਫ ਇਕ ਉਚ ਕਮਾਨ ਹੈ। ਉਸ ਦੇ ਕੋਲ ਕੋਈ ਤੰਤਰ ਨਾ ਹੋਣ ਕਾਰਨ ਉਹ ਕਮਾਨ ਕੇਵਲ ਇਕ ਪਰਛਾਂਵਾਂ ਮਾਤਰ ਹੈ। ਉਸ ਦਾ ਅਨੁਯਾਈ ਵਰਗ ਸਿਰਫ ਉਸ ਕੇਂਦਰਤ ਮੰਡਲ ਤੱਕ ਹੀ ਸੀਮਤ ਹੁੰਦਾ ਹੈ ਜਿਸ ਵਿੱਚ ਪਰੰਪਰਾ ਦੇ ਬੰਧਨਾਂ ਨਾਲ ਬੰਨੇ ਲੋਕ ਹੁੰਦੇ ਹਨ। ਨੇਤਾਵਾਂ ਦੇ ਕੋਲ ਅਜਿਹੇ ਹਿੱਤ ਨਹੀਂ ਹੁੰਦੇ ਜਿਸ ਵਿੱਚ ਉਹ ਲੋਕਾਂ ਦੇ ਅੰਦਰ ਭਾਵਾਤਮਕ ਨਿਸ਼ਠਾ ਪੈਦਾ ਕਰ ਸਕਣ। ਭੀੜ ਨੂੰ ਇਕੱਠਾ ਕਰਨ ਲਈ ਉਨ੍ਹਾਂ ਕੋਲ ਯੁੱਧ ਦਾ ਨਾਅਰਾ ਨਹੀਂ ਹੁੰਦਾ। ਉਦਾਰ ਦਲ ਦਾ ਜਨ ਸੰਪਰਕ ਵਿੱਚ ਵਿਸ਼ਵਾਸ ਨਹੀਂ ਹੈ। ਇਕ ਅਜਿਹੇ ਕਲ ਦੇ ਵਿਸ਼ੇ ਵਿੱਚ ਕਲਪਨਾ ਨਹੀਂ ਕੀਤੀ ਜਾ ਸਕਦੀ ਜੋ ਮੁੱਖ ਚੋਣ-ਧਾਰਾ ਤੋਂ ਬਿਲਕੁਲ ਅਲੱਗ ਅਲੱਗ ਹੋਣ ਅਤੇ ਧਰਮ ਪਰਿਵਰਤਨ ਵਿੱਚ ਵਿਸ਼ਵਾਸ ਨਹੀਂ ਕਰਦੇ। ਇਹ ਗੱਲ ਨਹੀਂ ਹੈ ਕਿ ਪ੍ਰਚਾਰ ਕਰਨ ਲਈ ਉਸ ਦੇ ਪਾਸ ਕੋਈ ਸਿਧਾਂਤ ਨਹੀਂ ਹੈ, ਲੇਕਿਨ ਹਿੰਦੂ ਧਰਮ ਦੀ ਸ਼ਾਖ ਉਹ ਧਰਮ-ਆਤਰਨ ਨਿਰਪੇਖ ਪੰਥ ਹੈ। ਸਿਧਾਂਤਾਂ ਅਤੇ ਨੀਤੀਆਂ ਨੂੰ ਸੂਤਰਬੱਧ ਕਰਨ ਵਿੱਚ ਉਨ੍ਹਾਂ ਦਾ ਵਿਸ਼ਵਾਸ ਹੈ। ਪਰੰਤੂ ਉਹ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਦਾ ਯਤਨ ਨਹੀਂ ਕਰਦੇ। ਪ੍ਰਚਾਰ ਅਤੇ ਸੰਗਠਨ ਯਤਨ ਉਦਾਰ ਹਲ ਲਈ ਵਰਜਿਤ ਹੈ। ਉਹ ਵਿਅਕਤੀਗਤ ਪੱਧਰ ਤੇ ਆਵਾਜ਼ ਉਠਾਉਂਦੇ ਹਨ। ਉਹ ਸਾਲਾਨਾ ਬੈਠਕਾਂ ਕਰਦੇ ਹਨ। ਜਦੋਂ ਕ੍ਰਿਪਸ ਵਰਗਾ ਕੋਈ ਵਿਅਕਤੀ ਆਉਂਦਾ ਹੈ ਜਾਂ ਜਦੋਂ ਵਾਇਸਰਾਇ ਵਲੋਂ ਮਹੱਤਵਪੂਰਨ ਵਿਅਕਤੀਆਂ ਨੂੰ ਬੁਲਾਵਾ ਭੇਜਿਆ ਜਾਂਦਾ ਹੈ ਤਾਂ ਉਹ ਬੁਲਾਵੇ ਲਈ ਭੱਜ-ਦੌੜ ਕਰਦੇ ਹਨ। ਉਨ੍ਹਾਂ ਦੀ ਰਾਜਨੀਤਕ ਸਰਗਰਮੀ ਦੀ ਇਹੀ ਸੀਮਾ ਹੈ।

ਜੇ ਉਦਾਰ ਦਲ ਦੀ ਬਦਨਾਮੀ ਹੋਈ ਹੈ ਤਾਂ ਕੀ ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਹੈ। ਉਦਾਰ ਦਲ ਇਸ ਸਭ ਤੋਂ ਮਹੱਤਵਪੂਰਨ ਤੱਥ ਨੂੰ ਭੁੱਲ ਗਿਆ ਹੈ ਕਿ ਕਿਸੇ ਵੀ ਉਦੇਸ਼ ਦੀ ਪੂਰਤੀ ਲਈ ਸੰਗਠਨ ਦਾ ਹੋਣਾ ਜ਼ਰੂਰੀ ਹੈ। ਅਤੇ ਖਾਸ ਰੂਪ ਵਿੱਚ ਰਾਜਨੀਤੀ ਵਿੱਚ ਤਾਂ ਬਹੁਤ ਹੀ ਜ਼ਰੂਰੀ ਹੈ। ਜਿੱਥੇ ਇਕ ਪ੍ਰਸਪਰ ਵਿਰੋਧੀ ਤੱਤਾਂ ਨੂੰ ਇਕ-ਵਿਹਾਰਕ ਸੂਤਰਤਾ ਵਿੱਚ ਬੰਨਣਾ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ।

ਭਾਰਤ ਵਿੱਚ ਉਦਾਰ ਦਲ ਦੀ ਅਸਫਲਤਾ ਲਈ ਕੌਣ ਜ਼ਿੰਮੇਵਾਰ ਹੈ ਸਾਨੂੰ ਇਸ ਗੱਲ ਨੂੰ ਕਹਿਣ ਵਿੱਚ ਬੜਾ ਅਫ਼ਸੋਸ ਹੁੰਦਾ ਹੈ ਅਤੇ ਮੇਰਾ ਵਿਚਾਰ ਹੈ ਕਿ ਇਸ ਨੂੰ ਸਾਨੂੰ ਸਵੀਕਾਰ

ਕਰਨਾ ਪਵੇਗਾ ਅਤੇ ਇਸ ਅਸਫਲਤਾ ਦੀ ਜ਼ਿੰਮੇਵਾਰੀ ਕਿਸੇ ਹੱਦ ਤੱਕ ਰਾਨਾਡੇ ਤੇ ਵੀ ਆਉਂਦੀ ਹੈ। ਰਾਨਾਡੇ ਦਾ ਸਬੰਧ ਵਿਸ਼ਿਸ਼ਟ ਵਰਗ ਨਾਲ ਸੀ। ਉਨ੍ਹਾਂ ਦਾ ਜਨਮ ਤੇ ਪਾਲਣ ਪੋਸ਼ਣ ਉਨ੍ਹਾਂ ਦੇ ਅੰਦਰ ਹੀ ਹੋਇਆ ਸੀ। ਉਹ ਕਦੇ ਵੀ ਜਨਤਾ ਦੇ ਆਦਮੀ ਨਹੀਂ ਬਣੇ। ਉਦਾਰ ਦਲ ਕੋਲ ਕੋਈ ਤੰਤਰ, ਮਸ਼ੀਨਰੀ ਨਹੀਂ ਹੈ। ਉਸ ਨਾਲ ਇਕ ਤੰਤਰ ਜਾਂ ਮਸ਼ੀਨਰੀ ਦਾ ਨਿਰਮਾਣ ਕਿਉਂ ਨਹੀਂ ਕੀਤਾ ਇਸ ਦਾ ਕਾਰਨ ਇਹ ਹੈ ਕਿ ਇਹ ਦਲ ਜਨ-ਸੰਪਰਕ ਦੀ ਘਾਟ ਕਰਕੇ ਰਾਨਾਡੇ ਦੁਆਰਾ ਛੱਡੀ ਗਈ ਪਰੰਪਰਾ ਦੀ ਨਕਲ ਕਰ ਰਿਹਾ ਹੈ। ਉਦਾਰ ਦਲ ਲਈ ਰਾਨਾਡੇ ਦੀ ਹੋਰ ਪਰੰਪਰਾ ਹੈ। ਅਤੇ ਉਸਦਾ ਸਬੰਧ ਸਿਧਾਂਤਾਂ ਅਤੇ ਨੀਤੀਆਂ ਦੀ ਪਰੇਰਨਾ ਸ਼ਕਤੀਆਂ ਨਾਲ ਜੂਝਦੇ ਵਿਸ਼ੇ ਵਿੱਚ ਹੈ। ਮੈਜ਼ਨੀ ਨੇ ਇਕ ਵਾਰ ਕਿਹਾ ਸੀ, "ਆਪ ਵਿਅਕਤੀ ਦੀ ਹੱਤਿਆ ਕਰ ਸਕਦੇ ਹੋ ਉਸ ਦੇ ਮਹਾਨ ਵਿਚਾਰਾਂ ਦੀ ਨਹੀਂ।" ਮੈਨੂੰ ਇਹ ਸਭ ਤੋਂ ਗ਼ਲਤ ਵਿਚਾਰ ਪ੍ਰਤੀਤ ਹੁੰਦਾ ਹੈ। ਮਨੁੱਖ ਨਸ਼ਤਰ ਹੁੰਦੇ ਹਨ। ਉਸੇ ਪ੍ਰਕਾਰ ਵਿਚਾਰ ਵੀ ਹੁੰਦੇ ਹਨ। ਇਹ ਵਿਚਾਰ ਗ਼ਲਤ ਹੈ ਕਿ ਵਿਚਾਰ ਆਪਣਾ ਵਾਧਾ ਖੁਦ ਕਰਦੇ ਹਨ ਜਿਸ ਪ੍ਰਕਾਰ ਪੌਦੇ ਨੂੰ ਪਾਣੀ ਦਿਓ ਤਾਂ ਉਹ ਵਧਦਾ ਹੈ ਏਸੇ ਤਰ੍ਹਾਂ ਵਿਚਾਰ ਨੂੰ ਪ੍ਰਚਾਰ ਚਾਹੀਦਾ ਹੈ। ਪ੍ਰਚਾਰ ਨਾਲ ਉਹ ਵੱਧਦਾ ਫੁੱਲਦਾ ਹੈ। ਅਜਿਹਾ ਨਾ ਹੋ ਜਾਣ ਤੇ ਉਹ ਦੋਨੋਂ ਮੁਰਝਾ ਜਾਂਦੇ ਹਨ।

ਰਾਨਾਡੇ, ਮੇਜ਼ਨੀ ਨਾਲ ਸਹਿਮਤ ਸਨ ਅਤੇ ਇਸ ਗੱਲ ਵਿੱਚ ਉਨ੍ਹਾਂ ਦਾ ਵਿਸ਼ਵਾਸ ਨਹੀਂ ਸੀ ਕਿ ਵਿਚਾਰ ਦੇ ਉਸਰਨ ਲਈ ਕਿਸਾਨ ਵਾਂਗ ਅੱਡੀ-ਚੋਟੀ ਦਾ ਪਸੀਨਾ ਡੋਲ੍ਹਣ ਦੀ ਲੋੜ ਹੈ। ਜੇਕਰ ਉਦਾਰ ਦਲ ਕੇਵਲ ਸਿਧਾਂਤ ਅਰਥਾਤ ਨੀਤੀ ਨਿਰਧਾਰਣ ਉੱਤੇ ਹੀ ਸੰਤੁਸ਼ਟ ਹੈ ਤਾਂ ਉਸ ਦੇ ਲਈ ਰਾਨਾਡੇ ਦੀ ਪਰੰਪਰਾ ਹੀ ਜ਼ਿੰਮੇਵਾਰ ਹੈ।

ਉਦਾਰਵਾਦੀਆਂ ਦਾ ਕੀ ਕਰਤੱਵ ਹੈ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਸਾਰੇ ਉਦਾਰਵਾਦੀ ਲੋਕ ਇਹੀ ਕਹਿਣਗੇ ਕਿ ਸਾਡਾ ਕਰਤੱਵ ਆਪਣੇ ਗੁਰੂ ਦੀ ਨਕਲ ਕਰਨਾ ਹੈ। ਸਚੇ ਸ਼ਰਧਾਲੂ ਚੇਲਿਆਂ ਦੇ ਸਮੂਹ ਦਾ ਹੋਰ ਕੀ ਦ੍ਰਿਸ਼ਟੀਕੋਣ ਹੋ ਸਕਦਾ ਹੈ? ਇਸ ਤੋਂ ਇਲਾਵਾ ਕੀ ਕੋਈ ਹੋਰ ਗੱਲ ਜ਼ਿਆਦਾ ਸ਼ੱਕ ਭਰੀ ਅਤੇ ਦਲੀਲ ਰਹਿਤ ਹੋ ਸਕਦੀ ਹੈ? ਇਸੇ ਦੇ ਦ੍ਰਿਸ਼ਟੀਕੋਣ ਦੇ ਦੋ ਅਰਥ ਮੰਨੇ ਜਾ ਸਕਦੇ ਹਨ ਇਕ ਇਹ ਹੈ ਕਿ ਇਕ ਮਹਾਨ ਵਿਅਕਤੀ ਆਪਣੇ ਚੇਲਿਆਂ ਤੇ ਆਪਣੇ ਸਿਧਾਂਤ ਥੋਪਦੇ ਹਨ, ਦੂਜੀ ਗੱਲ ਇਹ ਹੈ ਕਿ ਚੇਲਿਆਂ ਨੂੰ ਆਪਣੇ ਗੁਰੂ ਤੋਂ ਜ਼ਿਆਦਾ ਬੁੱਧੀਮਾਨ ਨਹੀਂ ਹੋਣਾ ਚਾਹੀਦਾ। ਪ੍ਰੰਤੂ ਇਹ ਦੋਵੇਂ ਗੱਲਾਂ ਹੀ ਗ਼ਲਤ ਹਨ। ਇਹ ਗੁਰੂ ਦੇ ਪ੍ਰਤੀ ਬੇਇਨਸਾਫੀ ਕਰਦੇ ਹਨ। ਕੋਈ ਵੀ ਮਹਾਂਪੁਰਖ ਅਸਲ ਵਿੱਚ ਆਪਣੇ ਸਿਧਾਂਤਾਂ ਜਾਂ ਅਨੁਭਵਾਂ ਨੂੰ ਆਪਣੇ ਚੇਲਿਆਂ ਤੇ ਥੋਪ ਕੇ ਉਨ੍ਹਾਂ ਨੂੰ ਗਿਠ-ਮੁਠੀਏ (ਪੰਗੂ) ਨਹੀਂ ਬਣਾਉਂਦਾ। ਮਹਾਂਪੁਰਖ ਆਪਣੇ ਚੇਲਿਆਂ ਤੇ ਆਪਣੇ ਸਿਧਾਂਤ ਨਹੀਂ ਥੋਪਦਾ। ਇਹ ਉਸ ਨੂੰ ਵਿਕਾਸ ਦਿੰਦਾ ਹੈ ਅਤੇ ਉਨ੍ਹਾਂ ਦੇ ਗੁਣਾਂ ਨੂੰ ਜਾਗਰਿਤ ਕਰਕੇ ਉਨ੍ਹਾਂ ਨੂੰ ਠੋਸ ਬਣਾਉਂਦਾ ਹੈ। ਚੇਲਾ ਆਪਣੇ ਗੁਰੂ ਤੋਂ ਸਿਰਫ ਮਾਰਗਦਰਸ਼ਨ ਪ੍ਰਾਪਤ ਕਰਦਾ ਹੈ। ਉਹ ਆਪਣੇ ਗੁਰੂ ਦੇ ਤਜ਼ਰਬਿਆਂ ਨੂੰ ਸਵੀਕਾਰ ਕਰਨ ਲਈ ਢਿੱਲ ਨਹੀਂ ਕਰਦਾ। ਆਪੇਦ ਗੁਰੂ ਦੇ ਸਿਧਾਂਤਾਂ ਜਾਂ ਅਨੁਭਵਾਂ ਨੂੰ ਮੰਨਣ ਤੋਂ ਇਨਕਾਰ ਨਹੀਂ ਕਰਦਾ। ਜਦੋਂ ਉਹ ਉਨ੍ਹਾਂ ਨੂੰ ਦੁਬਾਰਾ ਅਸਵੀਕਾਰ ਕਰੇ ਤਾਂ ਵੀ ਉਹ ਦਿਲੋਂ ਆਦਰ ਨਾਲ ਆਪਣੇ ਗੁਰੂ ਦੇ ਸਬੰਧ ਵਿੱਚ ਇਹ ਮੰਨਦਾ ਹੈ, "ਤੁਸਾਂ ਖੁਦ ਮੈਥੋਂ ਮੇਰੀ ਜਾਣ-ਪਹਿਚਾਣ ਕਰਵਾਈ ਹੈ, ਮੈਂ ਗਿਆਨ ਦਿੱਤਾ ਹੈ, ਇਸ ਲਈ ਮੈਂ ਆਪ

ਦਾ ਧੰਨਵਾਦੀ ਹਾਂ।" ਗੁਰੂ ਇਸ ਘੱਟ ਤੋਂ ਘੱਟ ਆਦਰ ਦਾ ਪਾਤਰ ਨਹੀਂ ਹੈ। ਅਤੇ ਚੇਲੇ ਇਸ ਤੋਂ ਵੱਧ ਆਦਰ ਲੈਣ ਲਈ ਬੰਧਨ ਵਿੱਚ ਨਹੀਂ ਹਨ।

ਹਾਂ, ਇਹ ਗੱਲ ਗੁਰੂ ਲਈ ਵੀ ਠੀਕ ਨਹੀਂ ਹੈ ਅਤੇ ਖੁਦ ਚੇਲੇ ਲਈ ਵੀ ਠੀਕ ਨਹੀਂ ਹੈ ਕਿ ਉਹ ਗੁਰੂ ਦੇ ਸਿਧਾਂਤਾਂ ਅਤੇ ਤਜਰਬਿਆਂ ਦੇ ਬੰਧਨ ਵਿੱਚ ਬੱਝਾ ਰਹਿ ਜਾਵੇ। ਉਸਦਾ ਕਰਤੱਵ ਸਿਧਾਂਤਾਂ ਨੂੰ ਜਾਣਨਾ ਹੈ ਅਤੇ ਜੇ ਉਨ੍ਹਾਂ ਦੀਆਂ ਕੀਮਤਾਂ ਅਤੇ ਉਨ੍ਹਾਂ ਦੀ ਸਾਰਥਿਕਤਾ ਤੇ ਉਸਦੀ ਤਸੱਲੀ ਹੋ ਜਾਂਦੀ ਹੈ ਤਾਂ ਉਸਦਾ ਪ੍ਰਚਾਰ-ਪ੍ਰਸਾਰ ਕਰ ਸਕਦਾ ਹੈ। ਇਹ ਹਰ ਗੁਰੂ ਦੀ ਇੱਛਾ ਹੁੰਦੀ ਹੈ। ਈਸਾ ਮਸੀਹ ਅਤੇ ਬੁੱਧ ਨੇ ਵੀ ਇਹੋ ਹੀ ਚਾਹਿਆ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਰਾਨਾਡੇ ਦੀ ਵੀ ਇਹੀ ਇੱਛਾ ਹੋਵੇਗੀ ਕਿ ਜੇ ਉਦਾਰਵਾਦੀਆਂ ਦਾ ਰਾਨਾਡੇ ਪ੍ਰਤੀ ਵਿਸ਼ਵਾਸ, ਪਿਆਰ ਅਤੇ ਆਦਰ ਹੈ ਤਾਂ ਉਨ੍ਹਾਂ ਦਾ ਪਰਮ ਕਰਤੱਵ ਦੇ ਨਾਲ ਨਾਲ ਉਨ੍ਹਾਂ ਦੇ ਗੁਣ-ਗਾਣ ਹੀ ਕਰਨਾ ਨਹੀਂ ਹੈ, ਬਲਕਿ ਰਾਨਾਡੇ ਦੇ ਵਿਚਾਰਾਂ ਅਤੇ ਸਿਧਾਂਤਾਂ ਨੂੰ ਫੈਲਾਉਣ ਲਈ ਉਨ੍ਹਾਂ ਨੂੰ ਸੰਗਠਤ ਕਰਨਾ ਵੀ ਹੈ।

ਇਸ ਗੱਲ ਦੀ ਕਿੰਨੀ ਆਸ਼ਾ ਹੈ ਕਿ ਉਦਾਰਵਾਦੀ ਕਰਤੱਵ ਨੂੰ ਪੂਰਾ ਕਰਨ ਲਈ ਅੱਗੇ ਆਉਣਗੇ। ਇਸ ਸਬੰਧ ਵਿੱਚ ਕੋਈ ਚੰਗੀ ਗੱਲ ਨਹੀਂ ਜਾਪਦੀ। ਪਿਛਲੀਆਂ ਚੋਣਾਂ ਵਿੱਚ ਉਦਾਰਵਾਦੀਆਂ ਨੇ ਵੀ ਇੱਕ ਸੀਟ ਲਈ ਵੀ ਚੋਣ ਨਹੀਂ ਲੜੀ। ਬਿਨਾਂ ਸ਼ੱਕ ਇਹ ਆਪਣੇ ਆਪ ਵਿੱਚ ਹੈਰਾਨੀ ਦੀ ਗੱਲ ਹੈ। ਪ੍ਰੰਤੂ ਇਹ ਗੱਲ ਖੁਦ ਹੀ ਪ੍ਰਭਾਵਹੀਨ ਹੋ ਜਾਂਦੀ ਹੈ, ਜਦ ਕੋਈ ਵਿਅਕਤੀ ਉਦਾਰ ਦਲ ਦੇ ਪ੍ਰਮੁੱਖ ਵਿਕਾਸ-ਸਤੰਭ ਮਾਨਯੋਗ ਸ੍ਰੀ ਨਿਵਾਸ ਸ਼ਾਸਤਰੀ ਦੇ ਇਸ ਐਲਾਨ ਨੂੰ ਯਾਦ ਕਰਦਾ ਹੈ ਕਿ ਉਹ ਕਾਂਗਰਸ ਦੀ ਸਫਲਤਾ ਲਈ ਕਾਮਨਾ ਕਰਦੇ ਹਨ। ਇਸ ਗੱਲ ਦੀ ਤੁੱਲਨਾ ਤਾਂ ਕੇਵਲ ਭੀਸ਼ਮ ਦੇ ਵਿਸ਼ਵਾਸਘਾਤ ਅਤੇ ਧਰੋਹੀ ਆਚਰਣ ਨਾਲ ਹੋ ਸਕਦੀ ਹੈ। ਇਹ ਮਾਲ ਭਾਂ ਕੌਰਵਾਂ ਨੂੰ ਉਡਾਉਂਦੇ ਹਨ ਪਰ ਉਨ੍ਹਾਂ ਦੇ ਦੁਸ਼ਮਣਾਂ ਅਰਥਾਤ ਪਾਂਡਵਾਂ ਦੀ ਸਫ਼ਲਤਾ ਦੇ ਨਾ ਕੇਵਲ ਗੀਤ ਗਾਉਂਦੇ ਹਨ ਬਲਕਿ ਉਨ੍ਹਾਂ ਲਈ ਜਾਨ ਵੀ ਵਾਰਦੇ ਸਨ। ਇਸ ਤੋਂ ਇਹ ਪਤਾ ਚਲਦਾ ਹੈ ਕਿ ਉਦਾਰਵਾਦੀਆਂ ਦਾ ਸ੍ਰੀ ਰਾਨਾਡੇ ਦੇ ਸਿਧਾਂਤਾਂ ਤੋਂ ਵਿਸ਼ਵਾਸ ਉਠ ਗਿਆ ਸੀ। ਜੇ ਉਦਾਰ ਦਲ ਦੀ ਸਿਹਤ ਦੀ ਇਹੀ ਹਾਲਤ ਹੈ ਤਾਂ ਉਹ ਚੰਗਾ ਹੀ ਹੋਏਗਾ ਕਿ ਇਹ ਦਲ ਮਰ ਮਿੱਟ ਜਾਵੇ। ਦੂਸਰੇ ਇਕ ਨਵੇਂ ਮਨੋਰਥਾਂ ਲਈ ਰਸਤਾ ਖੁਲ੍ਹੇਗਾ ਅਤੇ ਇਸ ਨੂੰ ਉਦਾਰਵਾਦੀਆਂ ਤੇ ਉਦਾਰਵਾਦਤਾ ਦੀ ਵਿਅਰਥ ਦੀ ਬੱਕ-ਬੱਕ ਦੀ ਨੀਰਸਤਾ ਤੋਂ ਛੁਟਕਾਰਾ ਮਿਲੇਗਾ। ਜੇ ਅਜਿਹਾ ਹੋ ਗਿਆ ਤਾਂ ਮਰਹੂਮ ਰਾਨਾਡੇ ਦੀ ਆਤਮਾ ਨੂੰ ਸ਼ਾਂਤੀ ਹੀ ਮਿਲੇਗੀ।

